# ਪੰਜਾਬੀ-ਗੋਸ਼ਟਾਂ ਦਾ ਸਾਹਿਤਕ, ਸਮਾਜਿਕ ਅਤੇ ਦਾਰਸ਼ਨਿਕ ਅਧਿਐਨ
## (ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦੇ ਸੰਦਰਭ ਵਿਚ)

# PUNJABI-GOSHTAN DA SAHITIK, SAMAJIK ATE DARSHNIK ADHYAN
## (GURU GRANTH SAHIB DI VICHARDHARA DE SANDARBH VICH)

**A THESIS**
**Submitted to the**
**FACULTY OF LANGUAGES**
**PANJAB UNIVERSITY, CHANDIGARH**
**for the Degree of**
**DOCTOR OF PHILOSOPHY**
**2014**

**PRITPAL KAUR**
**SCHOOL OF PANJABI STUDIES**
**PANJAB UNIVERSITY,**
**CHANDIGARH**

# ਤਤਕਰਾ


ਪੰਨਾ ਨੰਬਰ

ਭੂਮਿਕਾ: 1-6

ਅਧਿਆਇ ਪਹਿਲਾ : 7-96

**ਗੋਸ਼ਟਿ ਦਾ ਰੂਪਾਕਾਰ : ਸਿਧਾਂਤ ਅਤੇ ਭੇਦ**

- ਗੋਸ਼ਟਿ ਦੀ ਪਰਿਭਾਸ਼ਾ ਅਤੇ ਪਰੰਪਰਾ
- ਗੋਸ਼ਟਿ ਪਰੰਪਰਾ
- ਗੋਸ਼ਟਾਂ ਅਤੇ ਬਾਣੀ
- ਗੋਸ਼ਟਾਂ ਅਤੇ ਸਾਖੀ ਪਰੰਪਰਾ
- ਸਾਖੀ ਅਤੇ ਗੋਸ਼ਿਟ ਵਿਚ ਅੰਤਰ
- ਗੋਸ਼ਟਾਂ ਦੀ ਪ੍ਰਕਾਰ ਵੰਡ
- ਗੋਸ਼ਟਿ ਵਾਰਤਕ ਰੂਪ ਅਤੇ ਮੱਧਕਾਲੀ ਹੋਰ ਸਾਹਿਤਕ ਵਾਰਤਕ ਰੂਪ
- ਗੋਸ਼ਟਾਂ ਦਾ ਰਚਨ ਕਾਲ

ਅਧਿਆਇ ਦੂਜਾ : 97-200

**ਪੰਜਾਬੀ ਗੋਸ਼ਟਾਂ : ਵਿਭਿੰਨ ਸੰਦਰਭ ਤੇ ਸਰੋਕਾਰ**

- ਗਿਆਨ ਸ਼ਾਸਤਰੀ ਸੰਦਰਭ ਤੇ ਸਰੋਕਾਰ
- ਭਾਰਤੀ ਅਧਿਆਤਮਕਤਾ ਤੇ ਗੁਰਮਤਿ
- ਇਸਲਾਮੀ ਅਧਿਆਤਮਕਤਾ ਤੇ ਗੁਰਮਤਿ
- ਗੋਸ਼ਟਾਂ ਤੇ ਅਧਿਆਤਮਕ ਸੰਵਾਦ

ਅਧਿਆਇ ਤੀਜਾ : 201-249

**ਪੰਜਾਬੀ ਗੋਸ਼ਟਾਂ : ਸਾਹਿਤਕ ਸੰਦਰਭ ਤੇ ਸਰੋਕਾਰ**

- ਗੋਸ਼ਟਿ ਦਾ ਸਾਹਿਤਕ ਪ੍ਰਗਟਾਅ ਰੂਪ
- ਗੋਸ਼ਟਿ ਦਾ ਵਾਰਤਕ ਤੇ ਕਾਵਿਕ ਰੂਪ
- ਗੋਸ਼ਟਿ ਦਾ ਭਾਸ਼ਾਗਤ ਅਤੇ ਵਿਆਕਰਣਕ ਰੂਪ

ਅਧਿਆਇ ਚੌਥਾ : 250–315

**ਪੰਜਾਬੀ ਗੋਸ਼ਟਾਂ : ਦਾਰਸ਼ਨਿਕ ਸੰਦਰਭ ਤੇ ਸਰੋਕਾਰ**

- ਗੋਸ਼ਟਿ ਅਤੇ ਭਾਰਤੀ ਦਾਰਸ਼ਨਿਕ ਪਰੰਪਰਾ
- ਗੋਸ਼ਟਾਂ ਵਿਚ ਇਸਲਾਮੀ ਦਾਰਸ਼ਨਿਕ ਪਰੰਪਰਾ
- ਗੋਸ਼ਟਾਂ ਵਿਚ ਗੁਰਮਤਿ ਦਾਰਸ਼ਨਿਕ ਪਰੰਪਰਾ

**ਨਿਸ਼ਕਰਸ਼ :** 316–322

**ਪੁਸਤਕ ਸੂਚੀ :** 323–333

# ਭੂਮਿਕਾ

ਗੋਸ਼ਟਾਂ/ਜਨਮਸਾਖੀਆਂ' ਪੁਰਾਤਨ ਪੰਜਾਬੀ ਵਾਰਤਕ ਦਾ ਵਡਮੁੱਲਾ ਖਜ਼ਾਨਾ ਹਨ। ਪੁਰਾਤਨ ਪੰਜਾਬੀ ਵਾਰਤਕ ਦਾ ਵਿਸ਼ੇ ਖੇਤਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ਼ਖਸ਼ੀਅਤ ਅਤੇ ਸਮਾਜ ਪ੍ਰਤਿ ਉਨ੍ਹਾਂ ਦੇ ਯੋਗਦਾਨ ਦੇ ਇਰਧ-ਗਿਰਧ ਹੀ ਘੁੰਮਦਾ ਹੈ। ਪੰਜਾਬੀ ਦੇ ਹੀ ਨਹੀਂ ਸਗੋਂ ਹੋਰ ਭਾਰਤੀ ਭਾਸ਼ਾਵਾਂ ਦੇ ਪ੍ਰਸਿੱਧ ਵਿਦਵਾਨਾਂ ਨੇ ਇਸ ਪੰਰਪਰਾ ਦੇ ਚਿੰਤਨ ਵਿਚੋਂ ਬਹੁਤ ਸਾਰੇ ਗਿਆਨ ਰੂਪੀ ਬਹੁਮੁੱਲੇ ਵਿਚਾਰ ਪ੍ਰਾਪਤ ਕੀਤੇ ਹਨ ਅਤੇ ਸਾਰਥਿਕ ਸਿੱਟੇ ਕੱਢੇ ਹਨ। ਜਦੋਂ-ਜਦੋਂ ਵੀ ਇਸ ਧਰਤੀ 'ਤੇ ਦੰਭ, ਪਾਖੰਡ ਅਤੇ ਆਧਰਮ ਦਾ ਬੋਲ ਬਾਲਾ ਹੋਇਆ, ਉਦੋਂ-ਉਦੋਂ ਹੀ ਇਸ ਧਰਤੀ 'ਤੇ ਉਸ ਨੂੰ ਠੱਲ ਪਾਉਣ ਲਈ ਕਿਸੇ ਨਾ ਕਿਸੇ ਪੀਰ, ਫਕੀਰ, ਗੁਰੂ ਜਾਂ ਸਾਧ ਸੰਤ ਨੂੰ ਧਰਤੀ ਉਪਰ ਆਉਣਾ ਪਿਆ। ਉਨ੍ਹਾਂ ਆਪਣੀ ਗਿਆਨ-ਸ਼ਕਤੀ ਨਾਲ ਲੋਕਾਈ ਨੂੰ ਸਹੀ ਜੀਵਨ ਮਾਰਗ ਦਰਸਾਇਆ। ਗੁਰਬਾਣੀ ਦਾ ਫੁਰਮਾਨ ਹੈ 'ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰੱਖਦਾ ਆਇਆ ਰਾਮ ਰਾਜੇ'। ਗੁਰੂ ਨਾਨਕ ਦੇਵ ਜੀ ਦੇ ਸਮੇਂ ਬ੍ਰਾਹਮਣਵਾਦ ਨੇ ਲੋਕਾਈ ਨੂੰ ਪੂਰੀ ਤਰ੍ਹਾਂ ਗ੍ਰਸਿਆ ਹੋਇਆ ਸੀ ਅਤੇ ਧਰਮ ਦੇ ਪੈਰੋਕਾਰ ਵੀ ਇਨ੍ਹਾਂ ਦੇ ਜਾਲ ਵਿਚ ਪੂਰੀ ਤਰ੍ਹਾਂ ਗ੍ਰੱਸੇ ਹੋਏ ਸਨ। ਜਾਤ-ਪਾਤ, ਛੂਤ ਛਾਤ, ਕਰਮ ਕਾਂਡ, ਅੰਧ ਵਿਸ਼ਵਾਸ, ਵਹਿਮ-ਭਰਮ, ਰਿਧੀਆਂ-ਸਿਧੀਆਂ, ਰੀਤੀ ਰਿਵਾਜ਼ ਆਦਿ ਦਾ ਡੰਕਾ ਸਾਰੇ ਦੇਸ਼ ਵਿਚ ਚਲ ਰਿਹਾ ਸੀ। ਸਮੇਂ ਦੇ ਪੈਰੋਕਾਰ ਇਸ ਜੰਜਾਲ ਵਿਚ ਪੂਰੀ ਤਰ੍ਹਾਂ ਜਕੜੇ ਪਏ ਸਨ। ਗੁਰੂ ਨਾਨਕ ਦੇਵ ਜੀ ਨੇ ਅਜਿਹੇ ਨਿਜ਼ਾਮ ਨੂੰ ਠੱਲ ਪਾਉਣ ਲਈ ਇਕ ਕਾਰਜ਼ਸ਼ੀਲ ਭੂਮਿਕਾ ਨਿਭਾਈ ਅਤੇ ਬ੍ਰਾਹਮਣਵਾਦ ਵਿਰੁੱਧ ਆਵਾਜ਼ ਉਠਾਉਣ ਲਈ ਆਪਣਾ ਮਿਸ਼ਨ ਸ਼ੁਰੂ ਕੀਤਾ। ਗੁਰੂ ਸਾਹਿਬ ਨੇ ਅਜਿਹੇ ਮਿਸ਼ਨ ਲਈ ਕੋਈ ਹਿੰਸਕ ਲੜਾਈ ਨਹੀਂ ਲੜੀ ਸਗੋਂ ਆਪਣੀ ਤਰਕਸ਼ੀਲ ਬੌਧਿਕ ਚੇਤਨਾ ਸਦਕਾ, ਧਰਮ ਦੇ ਪੈਰੋਕਾਰਾਂ (ਸਿਧਾਂ, ਨਾਥਾਂ, ਜੋਗੀਆਂ, ਹਾਜੀਆਂ, ਕਾਜ਼ੀਆਂ, ਮੁਲਾਂ, ਮੁਲਾਣਿਆਂ) ਦੇ ਵਿਚਾਰਾਂ ਵਿਚ ਸੋਧ ਕਰਦਿਆਂ ਆਪਣਾ ਮੌਲਿਕ ਚਿੰਤਨ ਪੇਸ਼ ਕੀਤਾ।

ਗੁਰੂ ਸਾਹਿਬ ਨੇ ਸਮੇਂ ਦੀਆਂ ਪ੍ਰਚੱਲਿਤ ਗਲਤ ਸਮਾਜਿਕ ਕਦਰਾਂ-ਕੀਮਤਾਂ ਨੂੰ ਨਕਾਰਦਿਆਂ ਨਵੇਂ ਕਾਰਜ਼ਸ਼ੀਲ ਸਾਰਥਿਕ ਜੀਵਨ-ਮੁੱਲਾਂ ਦੀ ਜ਼ੋਰਦਾਰ ਸਫ਼ਲ ਵਕਾਲਤ ਕੀਤੀ। ਉਨ੍ਹਾਂ ਨੇ ਸਾਰੇ ਦੇਸ਼

ਦਾ ਰਟਨ ਕਰਕੇ ਲਗਪਗ ਸਾਰੀ ਲੋਕਾਈ ਨੂੰ ਸਾਰਥਕ ਸੇਧ ਦਿੱਤੀ। ਭਾਈ ਗੁਰਦਾਸ ਜੀ ਵੀ ਇਸ ਵਲ ਸੰਕੇਤ ਕਰਦੇ ਹਨ ਕਿ :

'ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।

ਚੜ੍ਹਿਆ ਸੋਧਣਿ ਧਰਤਿ ਲੁਕਾਈ'।

ਗੁਰੂ ਸਾਹਿਬ ਨੇ ਸਮੇਂ ਦੇ ਧਾਰਮਿਕ ਪੈਰੋਕਾਰਾਂ ਦੁਆਰਾ ਪ੍ਰਚਲਤ ਕਰਮ-ਕਾਂਡਾਂ ਬਾਰੇ ਤਰਕ ਦੇ ਆਧਾਰ 'ਤੇ ਵਿਚਾਰ-ਵਟਾਂਦਰੇ, ਵਾਰਤਾਲਾਪ ਜਾਂ ਸੰਵਾਦ ਰਾਹੀਂ ਨਕਾਰਿਆ ਅਤੇ ਉਨ੍ਹਾਂ ਦੁਆਰਾ ਦਿੱਤੇ ਵਿਚਾਰਾਂ ਨੂੰ ਆਪਣੀ ਤੀਖਣ ਅਤੇ ਤਰਕਸ਼ੀਲ ਬੌਧਿਕਤਾ ਰਾਹੀਂ ਆਪਣੇ ਮੌਲਿਕ ਵਿਚਾਰਾਂ ਨੂੰ ਸੱਚ ਦੀ ਕਸਵੱਟੀ ਤੇ ਨਿਖਾਰ ਕੇ ਸਪਸ਼ਟ ਕੀਤਾ। ਗੋਸ਼ਟਿਕਾਰਾਂ ਨੇ ਹਰ ਥਾਂ ਵਾਰਤਾਲਾਪ ਜਾਂ ਵਿਚਾਰ-ਵਟਾਂਦਰੇ ਪਿਛੋਂ ਗੁਰੂ ਸਾਹਿਬ ਦੀ ਵਿਚਾਰਧਾਰਕ ਅਤੇ ਸਿਧਾਂਤਕ ਜਿੱਤ ਦਰਸਾਈ ਹੈ। ਗੁਰੂ ਸਾਹਿਬ ਅਤੇ ਸਮੇਂ ਦੇ ਧਾਰਮਿਕ ਪੈਰੋਕਾਰਾਂ ਨਾਲ ਹੋਈ ਵਾਰਤਾਲਾਪ, ਸੰਵਾਦ, ਵਿਚਾਰ-ਵਟਾਂਦਰੇ ਨੂੰ ਹੀ ਗੋਸ਼ਟਿ ਦਾ ਨਾਮ ਦਿੱਤਾ ਗਿਆ ਹੈ।

ਗੋਸ਼ਟਿ ਸਾਹਿਤ ਪੁਰਾਤਨ ਪੰਜਾਬੀ ਸਾਹਿਤ ਦਾ ਹੀ ਅੰਗ ਹੈ ਤੇ ਪੰਜਾਬੀ ਗੋਸ਼ਟਿ ਪੰਰਪਰਾ, ਜਨਮਸਾਖੀਆਂ ਦੀ ਤਰ੍ਹਾਂ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਹੈ। ਗੋਸ਼ਟਿ ਸਾਹਿਤ ਦਾ ਕੋਈ ਵੱਖਰਾ ਰੂਪ ਪ੍ਰਾਪਤ ਨਹੀਂ ਹੁੰਦਾ ਸਗੋਂ ਇਹ ਜਨਮਸਾਖੀਆਂ ਦਾ ਹੀ ਅੰਗ ਬਣ ਕੇ ਸਾਕਾਰ ਹੋਈਆਂ ਹਨ। ਭਾਵੇਂ ਗੁਰੂ ਨਾਨਕ ਦੇਵ ਜੀ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਸੂਫੀਆਂ, ਭਗਤਾਂ, ਪੀਰਾਂ, ਫਕੀਰਾਂ ਅਤੇ ਹੋਰ ਗੁਰੂ ਸਾਹਿਬਾਨ ਦੀਆਂ 'ਗੋਸ਼ਟਾਂ' ਪ੍ਰਾਪਤ ਹਨ ਪਰੰਤੂ ਪੁਰਾਤਨ ਪੰਜਾਬੀ ਗੋਸ਼ਟਾਂ ਵਿਚ ਵਧੇਰੇ ਗੁਰੂ ਨਾਨਕ ਦੇਵ ਜੀ ਦੀਆਂ ਗੋਸ਼ਟਾਂ ਦੀ ਹੀ ਪ੍ਰਧਾਨਤਾ ਹੈ।

ਮੱਧਕਾਲੀ ਸਾਹਿਤ ਦੀ ਵੰਨਗੀ 'ਗੋਸ਼ਟਿ' ਸਾਹਿਤ ਦਾ ਅਧਿਐਨ ਕਰਦਿਆਂ ਮੇਰੀ ਉਤਸਕਤਾ ਗੁਰੂ ਸਾਹਿਬ ਦੁਆਰਾ ਸਮੇਂ ਦੇ ਪੈਰੋਕਾਰਾਂ ਨੂੰ, ਧਾਰਮਿਕ ਅਤੇ ਦਾਰਸ਼ਨਿਕ ਸੰਕਲਪਾਂ ਨੂੰ ਉਜਾਗਰ ਕਰਨ ਵਾਲੇ ਅਲਪ ਬਿਰਤਾਂਤਾਂ ਦੇ ਅਧਿਐਨ ਵਲ ਹੋਈ। ਗੁਰੂ ਸਾਹਿਬ ਦਾ ਵਿਚਾਰਧਾਰਾਈ ਦ੍ਰਿਸ਼ਟੀਕੋਣ, ਤੱਤਕਾਲੀਨ ਸਮਾਜਿਕ, ਇਤਿਹਾਸਕ ਅਤੇ ਦਾਰਸ਼ਨਿਕਤਾ ਭਰਪੂਰ ਸੰਵਾਦ ਰਚਾਉਂਦਾ ਹੋਇਆ, ਉਸ ਸਮੇਂ ਦੇ ਪਰਮਾਰਥੀ ਸਰੋਕਾਰਾਂ ਅਤੇ ਸੰਦਰਭਾਂ ਦੇ ਰੂਪ ਵਿਚ ਪੇਸ਼ ਹੋਇਆ ਹੈ। ਇਸ ਲਈ

ਮੇਰੇ ਸ਼ੋਧ-ਪ੍ਰਬੰਧ ਦਾ ਵਿਸ਼ਾ ਪੰਜਾਬੀ ਗੋਸ਼ਟਾਂ ਦਾ ਸਾਹਿਤਿਕ ਸਮਾਜਿਕ ਅਤੇ ਦਾਰਸ਼ਨਿਕ ਦ੍ਰਿਸ਼ਟੀ ਤੋਂ ਅਧਿਐਨ ਕਰਨਾ ਹੈ। ਇਨ੍ਹਾਂ ਗੋਸ਼ਟਾਂ ਦਾ ਥੀਮਿਕ ਸੰਗਠਨ ਅਧਿਆਤਮਕ ਅਤੇ ਧਾਰਮਿਕ ਚੇਤਨਾ ਨੂੰ ਉਜਾਗਰ ਕਰਦਾ ਹੈ ਅਤੇ ਨਾਨਕ ਚਿੰਤਨ ਦੀਆਂ ਕਾਵਿਕ ਪ੍ਰਵਚਨਾਂ ਨੂੰ ਸੰਰਚਨਾਤਮਕ ਜੁਗਤਾਂ ਰਾਹੀਂ ਸਿਰਜਦਾ ਹੈ। ਇਸ ਪ੍ਰਸੰਗ ਵਿਚ ਹੀ ਇਨ੍ਹਾਂ ਗੋਸ਼ਟਾਂ ਨੂੰ ਵਿਚਾਰਿਆ ਗਿਆ ਹੈ।

ਪੰਜਾਬੀ ਗੋਸ਼ਟਾਂ ਦਾ ਘੇਰਾ ਵਿਸ਼ਾਲ ਹੋਣ ਕਰਕੇ ਮੈਂ ਇਸ ਦੀ ਸੀਮਾ ਨੂੰ ਨਿਰਧਾਰਤ ਕੀਤਾ ਹੈ ਅਤੇ ਜਨਮਸਾਖੀਆਂ ਦੀਆਂ ਸ਼ਖਾਵਾਂ- ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ (ਭਾਈ ਵੀਰ ਸਿੰਘ), ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ (ਭਾਈ ਬਾਲਾ), ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ (ਭਾਈ ਮਨੀ ਸਿੰਘ) ਅਤੇ ਆਦਿ ਸਾਖੀਆਂ, ਜਨਮ ਪਤ੍ਰੀ ਬਾਬੇ ਨਾਨਕ ਜੀ ਕੀ (ਸੰਪਾ.) ਪਿਆਰ ਸਿੰਘ, ਵਿਚੋਂ ਹੀ ਗੋਸ਼ਟਾਂ ਨੂੰ ਨਿਖੇੜ ਕੇ, ਉਨ੍ਹਾਂ ਨੂੰ ਸਾਹਿਤਿਕ ਸਮਾਜਿਕ ਅਤੇ ਦਾਰਸ਼ਨਿਕ ਸੰਦਰਭ ਤੋਂ ਅਧਿਐਨ ਕਰਨ ਦੀ ਨਿਮਾਣੀ ਜਿਹੀ ਕੋਸ਼ਿਸ਼ ਕੀਤੀ ਹੈ। 'ਗੋਸ਼ਟਾਂ' ਸੁੰਤਤਰ ਰੂਪ ਵਿਚ ਪ੍ਰਾਪਤ ਨਾ ਹੋਣ ਸਦਕਾ ਇਹ ਜਨਮਸਾਖੀਆਂ ਵਿਚ ਹੀ ਰਲ ਗੱਡ ਹੋਈਆਂ ਮਿਲਦੀਆਂ ਹਨ। ਇਸ ਬਿਖੜੇ ਪੈਂਡੇ ਨੂੰ ਪਾਰ ਕਰਨਾ ਮੇਰੇ ਲਈ ਮੁਸ਼ਕਿਲ ਸੀ ਪਰ ਮੇਰੇ ਸਤਿਕਾਰਯੋਗ ਨਿਗਰਾਨ ਡਾ. ਮਲਕੀਤ ਸਿੰਘ ਬਾਜਵਾ ਜੀ ਦੀ ਵਿਦਵਤਾ ਪੂਰਣ ਰਹਿਨੁਮਾਈ ਅਤੇ ਉਨ੍ਹਾਂ ਦੁਆਰਾ ਦਿੱਤੇ ਹੌਸਲੇ ਅਤੇ ਉਤਸ਼ਾਹ ਨੇ ਮੈਨੂੰ ਇਸ ਕਾਰਜ ਪ੍ਰਤੀ ਪੂਰੀ ਲਗਨ ਅਤੇ ਮਿਹਨਤ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ।

ਹਥਲੇ ਸ਼ੋਧ-ਪ੍ਰਬੰਧ ਨੂੰ ਮੈਂ ਚਾਰ ਅਧਿਆਇਆਂ ਵਿਚ ਵੰਡਿਆਂ ਹੈ। ਪਹਿਲੇ ਅਧਿਆਏ ਵਿਚ ਗੋਸ਼ਟਾਂ ਦੇ ਸਿਧਾਂਤਕ ਪੱਖ ਉਤੇ ਚਰਚਾ ਕਰਦਿਆਂ ਵੱਖ-ਵੱਖ ਵਿਦਵਾਨਾਂ ਦੁਆਰਾ ਦਿੱਤੀਆਂ ਪਰਿਭਾਸ਼ਾਵਾਂ ਤੇ ਗੋਸ਼ਟਿ ਪੰਰਪਰਾ ਬਾਰੇ ਜਾਣਨ ਦੀ ਕੋਸ਼ਿਸ਼ ਕੀਤੀ ਗਈ ਹੈ। 'ਗੋਸ਼ਟਿ' ਅਤੇ 'ਸਾਖੀ' ਵਿਚ ਵੱਖਰਤਾ ਹੋਣ ਕਰਕੇ ਇਸ ਵਿਚਲੇ ਨਿਖੜੇ ਨੂੰ ਸਿਧ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਗੁਰੂ ਨਾਨਕ ਦੇਵ ਜੀ ਦਾ ਮੌਲਿਕ ਸਿਧਾਂਤ ਗੁਰਬਾਣੀ ਦੇ ਰੂਪ ਵਿਚ ਹੀ ਪੇਸ਼ ਹੋਇਆ ਹੈ। ਗੁਰਬਾਣੀ ਦੇ ਅਧਿਐਨ ਪੱਖੋਂ ਵੀ ਗੋਸ਼ਟਾਂ ਦਾ ਵਿਸ਼ੇਸ਼ ਮਹੱਤਵ ਹੈ। ਹਥਲੇ ਸ਼ੋਧ-ਪ੍ਰਬੰਧ ਵਿਚਲੀਆਂ ਗੋਸ਼ਟਾਂ ਨੂੰ ਗੁਰਮਤਿ ਵਿਚਾਰਧਾਰਾ ਅਨੁਸਾਰ ਹੀ ਵਿਚਾਰਿਆ ਗਿਆ ਹੈ।

ਗੁਰੂ ਸਾਹਿਬ ਦਾ ਮੌਲਿਕ ਸਿਧਾਂਤ ਗੋਸ਼ਟਾਂ ਰਾਹੀਂ ਵੀ ਉਜਾਗਰ ਹੁੰਦਾ ਹੈ। ਇਸ ਅਧਿਆਏ ਵਿਚ ਗੋਸ਼ਟਾਂ ਅਤੇ ਬਾਣੀ ਵਿਚਲੀ ਸਮਾਨਤਾ ਨੂੰ ਸਪਸ਼ਟ ਕਰਦਿਆਂ ਮੱਧਕਾਲੀ ਪੰਜਾਬੀ ਵਾਰਤਕ ਵਿਚ ਪ੍ਰਾਪਤ ਹੁੰਦੀਆਂ ਗੋਸ਼ਟਾਂ ਨੂੰ ਵਰਗੀਕ੍ਰਿਤ ਕੀਤਾ ਹੈ।

ਦੂਜੇ ਅਧਿਆਏ ਵਿਚ ਗਿਆਨ ਸ਼ਾਸਤਰ ਦੀ ਪ੍ਰਕਿਰਤੀ ਦਾ ਅਧਿਐਨ ਕਰਦਿਆਂ ਭਾਰਤੀ ਦਾਰਸ਼ਨਿਕ ਅਧਿਆਤਮਕਤਾ ਨੂੰ ਗੁਰਮਤਿ ਸਿਧਾਂਤ ਨਾਲ ਤੁਲਨਾਤਮਕ ਅਧਿਐਨ ਕੀਤਾ ਗਿਆ ਹੈ। ਇਸਲਾਮੀ ਅਧਿਆਤਮਕਤਾ ਅਤੇ ਗੁਰਮਤਿ ਸਿਧਾਂਤ ਦੀ ਤੁਲਨਾ ਕਰਦਿਆਂ ਗੁਰਮਤਿ ਸਿਧਾਂਤ ਦੇ ਮੂਲ ਸੰਦਰਭਾਂ ਅਤੇ ਸਰੋਕਾਰਾਂ, ਬ੍ਰਹਮ, ਜੀਵ, ਜਗਤ, ਮਾਇਆ, ਮੁਕਤੀ ਆਦਿ ਦੇ ਮੂਲ ਸਰੋਕਾਰਾਂ ਦੀ ਗੁਰਮਤਿ ਚਿੰਤਨ ਤੋਂ ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਨਾਨਕ-ਚਿੰਤਨ ਮਾਨਵਤਾ ਲਈ ਅਧਿਆਤਮਕ ਖਜ਼ਾਨਾ ਹੈ। ਗੁਰੂ ਸਾਹਿਬ ਦੁਆਰਾ ਸਮੇਂ ਦੇ ਪੈਰੋਕਾਰਾ ਨਾਲ ਰਚਾਇਆ ਅਧਿਆਤਮਕ ਸੰਵਾਦ ਅਤੇ ਇਹਨਾਂ ਸੰਵਾਦੀ ਪ੍ਰਵਚਨਾਂ ਤੋਂ ਨਿਕਲੇ ਸਾਰਥਿਕ ਸਿੱਟਿਆ ਨੂੰ ਅਧਿਆਤਮਕ ਦ੍ਰਿਸ਼ਟੀ ਤੋਂ ਹੀ ਪਰਖਣ ਦੀ ਕੋਸ਼ਿਸ਼ ਕੀਤੀ ਗਈ ਹੈ।

ਤੀਸਰੇ ਅਧਿਆਏ ਵਿਚ ਪੰਜਾਬੀ ਗੋਸ਼ਟਾਂ ਦਾ ਸਾਹਿਤਿਕ ਪੱਖ ਤੋਂ ਅਧਿਐਨ ਕਰਕੇ ਕੁਝ ਸਾਰਥਿਕ ਸਿੱਟੇ ਕੱਢੇ ਗਏ ਹਨ। ਗੋਸ਼ਟਾਂ ਵਿਚਲੀ ਸਾਹਿਤਕ ਮੱਹਤਤਾ ਨੂੰ ਦਰਸਾਉਂਦਿਆਂ, ਗੋਸ਼ਟਿ ਸਾਹਿਤ ਵਿਚ ਵਰਤੀ ਸ਼ੈਲੀ, ਬਿੰਬ-ਵਿਧਾਨ, ਭਾਸ਼ਾ ਸ਼ਬਦਾਵਲੀ, ਵਾਕ-ਵਿਉਂਤ, ਨਾਂਵ-ਪੜਨਾਂਵ ਆਦਿ ਨੂੰ ਸਾਹਿਤਕ ਪੱਖੋਂ ਹੀ ਵਿਚਾਰਿਆ ਗਿਆ ਹੈ।

ਸ਼ੋਧ-ਪ੍ਰਬੰਧ ਦੇ ਚੋਥੇ ਅਧਿਆਏ ਵਿਚ ਭਾਰਤੀ ਦਾਰਸ਼ਨਿਕ ਪਰੰਪਰਾ ਨੂੰ ਦਰਸਾਉਂਦਿਆਂ, ਗੋਸ਼ਟਾਂ ਵਿਚ ਪ੍ਰਾਪਤ ਇਸਲਾਮੀ ਦਾਰਸ਼ਨਿਕ ਪੰਰਪਰਾ ਨੂੰ ਵੀ ਅਧਿਐਨ ਗੋਚਰ ਕੀਤਾ ਹੈ। ਇਹਨਾਂ ਦੋਹਾਂ ਦਾਰਸ਼ਨਿਕ ਪੰਰਪਰਾਵਾਂ ਦੇ ਪ੍ਰਸੰਗ ਵਿਚ ਗੁਰਮਤਿ ਪੰਰਪਰਾ ਨੂੰ ਮੁੱਖ ਰੱਖਿਆ ਗਿਆ ਹੈ। ਗੁਰੂ ਨਾਨਕ ਦੇਵ ਜੀ ਦੀ ਸਮੇਂ ਦੇ ਪੈਰੋਕਾਰਾਂ ਨਾਲ ਵਿਚਾਰ- ਚਰਚਾ ਅਤੇ ਬਹਿਸ ਹੁੰਦੀ ਦਿਖਾਈ ਗਈ ਹੈ। ਪੰਜਾਬੀ ਵਾਰਤਕ ਵਿਚ ਤਰਕਵਾਦੀ ਸ਼ੈਲੀ ਗੋਸ਼ਟਾਂ ਦੇ ਮਾਧਿਅਮ ਰਾਹੀਂ ਹੀ ਆਈ ਹੈ। ਵਿਚਾਰਾਂ ਦਾ ਖੰਡਨ-ਮੰਡਨ ਗੋਸ਼ਟਾਂ ਵਿਚ ਵਿਆਖਿਆਤਮਕ ਸ਼ੈਲੀ ਨੂੰ ਤਿਆਗ ਕੇ ਤਰਕਸ਼ੀਲ ਅਤੇ ਬੌਧਿਕ ਸ਼ੈਲੀ ਨੂੰ ਜਨਮ ਦਿੰਦਾ ਹੈ। ਇਸ ਸੰਵਾਦ ਦੌਰਾਨ ਗੁਰੂ ਸਾਹਿਬ ਸਮੇਂ ਦੇ ਪੈਰੋਕਾਰਾਂ ਨੂੰ ਤਰਕਸ਼ੀਲ ਅਤੇ ਬੌਧਿਕ

ਦ੍ਰਿਸ਼ਟੀ ਸਦਕਾ ਆਪਣਾ ਦਾਰਸ਼ਨਿਕ ਸਿਧਾਂਤ ਦੇ ਕੇ ਉਨ੍ਹਾਂ ਦੇ ਹਰ ਸ਼ੰਕੇ ਦਾ ਨਿਵਾਰਣ ਕਰਦੇ ਨਜ਼ਰ ਆਉਂਦੇ ਹਨ। ਇਸ ਅਧਿਆਏ ਵਿਚਲੀਆਂ ਗੋਸ਼ਟਾਂ ਨੂੰ ਗੁਰਮਤਿ ਦਾਰਸ਼ਨਿਕ ਚਿੰਤਨ ਦੀ ਦ੍ਰਿਸ਼ਟੀ ਤੋਂ ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਸ਼ੋਧ-ਪ੍ਰਬੰਧ ਦੇ ਅੰਤ ਵਿਚ ਮੁਕੰਮਲ ਖੋਜ ਕਾਰਜ ਦੇ ਮੂਲ ਸਾਰ ਅਤੇ ਸਥਾਪਨਾਵਾਂ ਨੂੰ ਪੇਸ਼ ਕੀਤਾ ਹੈ। ਇਹ ਸਥਾਪਨਾਵਾਂ ਗੁਰੂ ਨਾਨਕ ਦੇਵ ਜੀ ਦੁਆਰਾ ਉਚਰਿਤ ਕਾਵਿਕ ਪ੍ਰਵਚਨਾਂ ਦੁਆਰਾ ਧਰਮ ਤੇ ਦਾਰਸ਼ਨਿਕ ਮਸਲਿਆਂ ਨੂੰ ਉਜਾਗਰ ਕਰਦੀਆਂ ਹਨ। ਅਖ਼ੀਰ ਵਿਚ ਸਹਾਇਕ ਪੁਸਤਕਾਂ ਅਤੇ ਉਨ੍ਹਾਂ ਦੇ ਲੇਖਕਾਂ ਦੀ ਸੂਚੀ ਦਰਜ਼ ਕੀਤੀ ਗਈ ਹੈ ਜਿਹੜੀ ਕਿਸੇ ਨਾ ਕਿਸੇ ਰੂਪ ਵਿਚ ਸ਼ੋਧ-ਪ੍ਰਬੰਧ ਨੂੰ ਨੇਪਰੇ ਚਾੜ੍ਹਨ ਵਿਚ ਸਹਾਈ ਹੋਈ ਹੈ। ਮੈਂ ਆਸ ਕਰਦੀ ਹਾਂ ਕਿ ਮੱਧਕਾਲੀ ਸਾਹਿਤ ਵਿਚ ਰੁਚੀ ਰੱਖਣ ਵਾਲੇ ਪਾਠਕਾਂ ਅਤੇ ਖੋਜਾਰਥੀਆਂ ਲਈ ਇਹ ਖੋਜ-ਕਾਰਜ ਸਾਰਥਿਕ ਭੂਮਿਕਾ ਨਿਭਾਵੇਗਾ।

ਮੈਂ ਸਭ ਤੋਂ ਪਹਿਲਾਂ ਉਸ ਅਕਾਲ ਪੁਰਖ ਦਾ ਕੋਟਿਨ-ਕੋਟ ਧੰਨਵਾਦ ਕਰਦੀ ਹਾਂ, ਜਿਸ ਦੀ ਬਖਸ਼ਿਸ਼ ਸਦਕਾ ਮੈਂ ਇਸ ਖੋਜ-ਕਾਰਜ ਨੂੰ ਸੰਪੰਨ ਕਰਨ ਵਿਚ ਕਾਮਯਾਬ ਹੋਈ ਹਾਂ।

ਮੈਂ ਆਪਣੇ ਸਤਿਕਾਰਯੋਗ ਨਿਗਰਾਨ ਡਾ. ਮਲਕੀਤ ਸਿੰਘ ਬਾਜਵਾ ਜੀ ਦੀ ਬਹੁਤ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਨੇ ਇਸ ਖੋਜ-ਕਾਰਜ ਦੀ ਰੂਪ ਰੇਖਾ ਉਲੀਕਣ ਤੋਂ ਲੈ ਕੇ ਅੰਤਿਮ ਛੋਹਾਂ ਦੇਣ ਤੱਕ ਮੈਨੂੰ ਸੁਯੋਗ ਅਗਵਾਈ ਅਤੇ ਮੁੱਲਵਾਨ ਨਿਰਦੇਸ਼ਨ ਦਿੱਤਾ ਹੈ। ਮੈਂ ਡਾ. ਸਾਹਿਬ ਦੇ ਸਹਿਣਸ਼ੀਲਤਾ ਵਾਲੇ ਸੁਭਾਅ ਅਤੇ ਅਪਣਤ ਭਰੇ ਵਰਤਾਉ ਬਾਰੇ ਸ਼ਬਦਾਂ ਵਿਚ ਬਿਆਨ ਨਹੀਂ ਕਰ ਸਕਦੀ।

ਡਾ. ਪਰਮਜੀਤ ਕੌਰ (ਸੰਤ ਦਰਬਾਰਾ ਸਿੰਘ ਕਾਲਜ ਲੋਪੋਂ) ਦੀ ਵੀ ਮੈਂ ਵਿਸ਼ੇਸ਼ ਤੌਰ ਤੇ ਧੰਨਵਾਦੀ ਹਾਂ ਜਿਨ੍ਹਾਂ ਨੇ ਮੇਰੀ ਦਿਲੀ ਇੱਛਾ (ਪੀ. ਐਚ. ਡੀ. ਦੀ ਡਿਗਰੀ) ਲਈ ਮੇਰੇ ਨਿਗਰਾਨ ਡਾ. ਮਲਕੀਤ ਸਿੰਘ ਬਾਜਵਾ ਨਾਲ ਸੰਪਰਕ ਕਰਵਾਇਆ।

ਇਸ ਦੇ ਨਾਲ ਹੀ ਮੈਂ ਕੁਝ ਹੋਰ ਵਿਦਵਾਨਾਂ ਦੀ ਜਿਹਨਾਂ ਵਿਚੋਂ ਡਾ. ਸੁਖਦੇਵ ਸਿੰਘ ਮੌਜੂਦਾ ਪ੍ਰੋਫ਼ੈਸਰ ਤੇ ਚੇਅਰਮੈਨ, ਪੰਜਾਬੀ ਅਧਿਐਨ ਸਕੂਲ, ਡਾ. ਗੁਰਪਾਲ ਸਿੰਘ ਸੰਧੂ (ਈਵਨਿੰਗ ਸੱਟਡੀਜ਼) ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਮੇਰੇ ਸਹਿ-ਕਰਮੀ ਡਾ. ਸੁਰਜੀਤ ਸਿੰਘ ਧਾਲੀਵਾਲ ਅਤੇ ਡਾ. ਰਾਮ

ਮੂਰਤੀ (ਅਰਜਨ ਦਾਸ ਕਾਲਜ, ਧਰਮਕੋਟ) ਦੀ ਵੀ ਦਿਲੋਂ ਅਭਾਰੀ ਹਾਂ ਜਿਨ੍ਹਾਂ ਨੇ ਸਮੇਂ-ਸਮੇਂ 'ਤੇ ਆਪਣੇ ਵੱਡਮੁਲੇ ਸੁਝਾਵਾਂ ਨਾਲ ਮੈਨੂੰ ਉਤਸ਼ਾਹਿਤ ਕਰਕੇ ਇਸ ਖੋਜ-ਕਾਰਜ ਲਈ ਸੇਧ ਦਿੰਦੇ ਰਹੇ।

ਮੈਂ ਏ. ਸੀ. ਜੋਸ਼ੀ ਲਾਇਬਰੇਰੀ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਰੈਫਰੈਂਸ ਲਾਇਬਰੇਰੀ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਜਾਬ ਯੂਨੀਵਰਸਿਟੀ ਐਕਸਟੈਨਸ਼ਨ ਲਾਇਬਰੇਰੀ, ਲੁਧਿਆਣਾ ਤੇ ਰੈਫਰੈਂਸ ਲਾਇਬਰੇਰੀ, ਪੰਜਾਬੀ ਸਾਹਿਤ ਅਕਾਦਮੀ, ਪੰਜਾਬੀ ਭਵਨ ਲੁਧਿਆਣਾ ਦੀ ਮੈਂ ਬਹੁਤ ਰਿਣੀ ਹਾਂ ਜਿਨ੍ਹਾਂ ਨੇ ਮੈਨੂੰ ਖੋਜ-ਕਾਰਜ ਲਈ ਲੋੜੀਂਦੀ ਸਮੱਗਰੀ ਮੁਹਈਆ ਕਰਵਾਈ ਹੈ।

ਉਹਨਾਂ ਸਾਰੇ ਬੁਧੀ-ਜੀਵੀਆਂ ਦੀ ਵੀ ਧੰਨਵਾਦੀ ਹਾਂ ਜਿਨ੍ਹਾਂ ਦੀਆਂ ਪੁਸਤਕਾਂ, ਖੋਜ-ਨਿਬੰਧਾਂ ਅਤੇ ਹੋਰ ਕਾਰਜ ਸਮੱਗਰੀ ਨੂੰ ਆਪਣੇ ਅਧਿਐਨ ਕਾਰਜ ਹਿੱਤ ਹਵਾਲਾ ਸਮੱਗਰੀ ਵਜੋਂ ਵਰਤਿਆ ਅਤੇ ਵਿਚਾਰਿਆ ਹੈ। ਮੈਂ ਜਗਤਾਰ ਸਿੰਘ ਦੀ ਵੀ ਧੰਨਵਾਦੀ ਹਾਂ ਜਿਹਨਾਂ ਨੇ ਮੇਰੇ ਸ਼ੋਧ-ਪ੍ਰਬੰਧ ਨੂੰ ਆਧੁਨਿਕ ਤਕਨੀਕ ਦੁਆਰਾ ਸੁੰਦਰ ਤੇ ਕਲਾਤਮਿਕ ਰੂਪ ਦਿੱਤਾ ਹੈ। ਉਪਰੋਕਤ ਸਤਿਕਾਰਯੋਗ ਸ਼ਖਸ਼ੀਅਤਾਂ ਤੋਂ ਬਿਨਾਂ ਮੈਂ ਆਪਣੇ ਜੀਵਨ ਸਾਥੀ ਸ. ਇੰਦ੍ਰਪ੍ਰੀਤ ਸਿੰਘ ਜੀ ਦੀ ਵੀ ਧੰਨਵਾਦੀ ਹਾਂ ਜਿਹਨਾਂ ਦੀ ਨਿੰਰਤਰ ਪ੍ਰੇਰਨਾ ਅਤੇ ਸਹਿਯੋਗ ਨੇ ਮੇਰੇ ਖੋਜ-ਕਾਰਜ ਦੇ ਸਫ਼ਰ ਨੂੰ ਅਸਾਨ ਬਣਾਇਆ ਅਤੇ ਮੇਰੇ ਉਤਸ਼ਾਹ ਨੂੰ ਕਦੇ ਡੋਲਣ ਨਹੀਂ ਦਿੱਤਾ। ਅਖ਼ੀਰ ਵਿਚ ਮੈਂ ਆਪਣੇ ਬੇਟੇ ਕੁਵੰਰ ਬ੍ਰਹਮ ਅਸੀਸ ਸਿੰਘ ਅਤੇ ਬੇਟੀ ਏਕਮ ਜੋਤ ਦੇ ਬੁਲੰਦ ਹੌਂਸਲਿਆਂ ਨੂੰ ਸਲਾਮ ਕਰਦੀ ਹਾਂ ਜਿਨ੍ਹਾਂ ਦਾ ਅਨਮੋਲ ਸਮਾਂ ਇਸ ਖੋਜ ਕਾਰਜ ਦੇ ਲੇਖੇ ਲਾਇਆ ਹੈ।

ਮਿਤੀ: 3. 3. 2014

(ਖ੍ਰਿਤਪਾਲ ਕੌਰ)

# ਅਧਿਆਇ ਪਹਿਲਾ

# ਗੋਸ਼ਟ ਦਾ ਰੂਪਾਕਾਰ : ਸਿਧਾਂਤ ਅਤੇ ਭੇਦ

## ਗੋਸ਼ਟਿ ਦੀ ਪਰਿਭਾਸ਼ਾ ਅਤੇ ਪਰੰਪਰਾ

ਪੁਰਾਤਨ ਪੰਜਾਬੀ ਸਾਹਿਤ ਦੀ ਵੰਨਗੀ 'ਗੋਸ਼ਟਿ' ਦਾ ਸਾਹਿਤਕ ਵਿਧਾਵਾਂ ਦੇ ਇਤਿਹਾਸ ਵਿਚ ਇਕ ਮਹੱਤਵਪੂਰਣ ਸਥਾਨ ਹੈ। ਤਰਕਮਈ ਢੰਗ ਨਾਲ ਦਾਰਸ਼ਨਿਕ ਅਤੇ ਅਧਿਆਤਮਕ ਵਿਚਾਰਾਂ ਨੂੰ ਪੇਸ਼ ਕਰਨ ਲਈ 'ਗੋਸ਼ਟਿ' ਬਾਕੀ ਵਿਧਾਵਾਂ ਦੇ ਮੁਕਾਬਲੇ ਇਕ ਉਪਯੁਕਤ (Apporopriate) ਵਿਧਾ ਹੈ। 'ਗੋਸ਼ਟਿ' ਇਕ ਤਰ੍ਹਾਂ ਦੀ ਸੰਵਾਦੀ ਵਿਧਾ ਹੈ। ਗੋਸ਼ਟਿ ਸ਼ਬਦ ਦੇ ਅਰਥ ਬਹਿਸ, ਚਰਚਾ ਸੰਵਾਦ ਜਾਂ ਵਾਰਤਾਲਾਪ ਆਦਿ ਹੁੰਦੇ ਹਨ। ਨਾਟਕੀ ਦ੍ਰਿਸ਼ਟੀ ਤੋਂ ਇਨ੍ਹਾਂ ਵਿਚਲੇ ਸੰਵਾਦਾਂ ਰਾਹੀਂ, ਬੋਲਣ ਵਾਲੇ ਦੇ ਵਿਅਕਤੀਤਵ ਦਾ ਪਰਿਚਯ ਮਿਲਦਾ ਹੈ ਅਤੇ ਮਨੋਵਿਗਿਆਨਿਕ ਢੰਗ ਨਾਲ ਪ੍ਰਸਤੁਤ ਕੀਤੇ ਗਏ ਇਹ ਸੰਵਾਦ ਧਾਰਮਿਕ ਹੁੰਦੇ ਹਨ। ਗੋਸ਼ਟਿ ਦਾ ਸ਼ਬਦੀ ਅਰਥ ਸਭਾ ਵਿਚਲੀ ਵਾਰਤਾਲਾਪ ਹੈ ਜੋ ਦੋ ਜਾਂ ਦੋ ਤੋਂ ਵੱਧ ਵਿਅਕਤੀਆਂ ਵਿਚਕਾਰ ਪ੍ਰਸ਼ਨ ਉਤਰ ਦੇ ਰੂਪ ਵਿਚ ਹੁੰਦੀ ਹੈ ਅਤੇ ਇਹ ਧਾਰਮਿਕ ਵਿਚਾਰਧਾਰਾ ਨਾਲ ਸਿੱਧੀ ਜੁੜੀ ਹੁੰਦੀ ਹੈ। ਗੋਸ਼ਟਿ ਵਿਚ ਦੋਵੇਂ ਧਿਰਾਂ ਬਹਿਸ ਵਿਚ ਬਰਾਬਰ ਦਾ ਹਿੱਸਾ ਨਹੀਂ ਲੈਂਦੀਆਂ, ਸਗੋਂ ਇਕ ਧਿਰ ਦੀ ਸ਼ਮੂਲੀਅਤ ਕੇਵਲ ਕੁੱਝ ਪ੍ਰਸ਼ਨ ਪੁੱਛਣ ਤੱਕ ਹੀ ਮਹਿਦੂਦ ਰਹਿੰਦੀ ਹੈ ਤੇ ਦੂਜੀ ਧਿਰ ਜੋ ਆਮ ਕਰਕੇ ਇਕ ਮਹਾਂ ਪੁਰਸ਼ ਦੀ ਹੁੰਦੀ ਹੈ, ਉਹ ਇਨ੍ਹਾਂ ਉਠਾਏ ਗਏ ਸ਼ੰਕਿਆਂ ਦੀ ਨਵਿਰਤੀ ਕਰਨ ਲਈ ਆਪਣੇ ਵਿਚਾਰ ਵਿਸਥਾਰ ਵਿਚ ਪੇਸ਼ ਕਰ ਦਿੰਦੀ ਹੈ। ਗੋਸ਼ਟਿ ਪਰੰਪਰਾ ਸੰਬੰਧੀ ਗੱਲ ਕਰਨ ਤੋਂ ਪਹਿਲਾਂ ਇਸ ਅਧਿਆਤਮਕ ਮੁਹਾਵਰੇ ਵਾਲੇ ਸਾਹਿਤਕ ਰੂਪ ਬਾਰੇ, ਵਿਭਿੰਨ ਵਿਦਵਾਨਾਂ ਦੇ ਵਿਚਾਰਾਂ ਤੋਂ ਜਾਣੂ ਹੋਣਾ ਲਾਹੇਵੰਦ ਹੋਵੇਗਾ। ਡਾ. ਰਤਨ ਸਿੰਘ ਜੱਗੀ ਅਨੁਸਾਰ :

> ਗੋਸ਼ਟਿ ਸ਼ਬਦ ਦਾ ਮੂਲ ਧਾਤੂ ਸੰਸਕ੍ਰਿਤ ਦਾ ਸ਼ਬਦ 'ਗੋਸ਼ਠ' ਤੋਂ ਹੈ, ਜਿਸ ਦਾ ਅਰਥ 'ਇਕਠਾ ਕਰਨਾ ਹੈ'।[1]

ਅੰਗਰੇਜ਼ੀ ਵਿਚ ਸਾਧਾਰਣ ਗੱਲਬਾਤ ਲਈ **Conversation** ਗੋਸ਼ਟਿ ਲਈ **Discussion** ਜਾਂ **Debates** ਸ਼ਬਦ ਵਰਤੇ ਜਾ ਸਕਦੇ ਹਨ। ਗੋਸ਼ਟਿ ਦਾ ਉਦੇਸ਼ ਰਹੱਸਮਈ ਅਤੇ ਦਾਰਸ਼ਨਿਕ ਵਿਚਾਰਾਂ ਨੂੰ ਤਰਕ ਅਤੇ ਦਲੀਲ ਦੀ ਕਸੱਵਟੀ ਉਪਰ ਵਿਚਾਰਨਾ ਅਤੇ ਜੀਵਨ ਦੇ ਅਸਲ ਮਰਮ ਨੂੰ ਸਮਝਣਾ ਹੁੰਦਾ ਹੈ। ਡਾ. ਗੋਬਿੰਦ ਨਾਥ ਰਾਜ ਗੁਰੂ ਨੇ ਆਪਣੀ ਪੁਸਤਕ **'ਗੋਸ਼ਟਿ ਗੁਰੂ ਮਿਹਰਵਾਨ'** ਵਿਚ ਪੁਰਾਣੇ ਗ੍ਰੰਥਾਂ ਦੇ ਹਵਾਲੇ ਦੇ ਕੇ ਗੋਸ਼ਟਿ ਸ਼ਬਦ ਦੇ ਨਿਕਾਸ ਸੰਬੰਧੀ ਆਪਣੇ ਵਿਚਾਰ ਪੇਸ਼ ਕੀਤੇ ਹਨ ਕਿ :

> 'ਗੋਸ਼ਠ' ਪ੍ਰਾਕ੍ਰਿਤ 'ਗੋਠੇ' 'ਮੁੱਢ ਵਿਚ ਗਊਆਂ ਬੰਨਣ ਦੇ ਵਾੜੇ ਨੂੰ ਕਹਿੰਦੇ ਸਨ, ਪਿੰਡਾ ਵਿਚ ਅੱਜ ਵੀ ਪਸ਼ੂਆਂ ਨੂੰ ਬੰਨਣ ਦੇ ਵਾੜੇ ਘਰਾਂ ਤੋਂ ਵੱਖਰੇ ਹਨ। ਸਮਾਂ ਪਾ ਕੇ ਇਹ ਵਾੜੇ ਨਵੇਕਲੇ ਮਿਲ ਬੈਠਣ, ਪ੍ਰੇਮ ਪਿਆਰ ਦੀਆਂ ਗੱਲ਼ਾਂ ਕਰਨ, ਚਰਚਾ ਕਰਨ ਅਤੇ ਸਹਿਜੇ-ਸਹਿਜੇ ਸਧਾਰਣ ਬੈਠਕ ਦਾ ਟਿਕਾਣਾ ਬਣਦੇ ਗਏ'।[2]

'ਗੋਸ਼ਟਿ' ਸ਼ਬਦ ਦੀ ਵਰਤੋਂ 'ਏਤਰੇਯ ਬ੍ਰਾਹਮਣ' ਵਿਚ ਵੀ ਹੋਈ ਮਿਲਦੀ ਹੈ। ਇਸ ਗੋਸ਼ਟਿ ਦਾ ਸੰਪਾਦਕ ਇਸ ਸ਼ਬਦ ਦੀ ਪੁਸ਼ਟੀ ਇਸ ਤਰ੍ਹਾਂ ਕਰਦਾ ਹੈ:

> ਇਸ ਯੁਗ ਮੇਂ ਪਸ਼ੂਊਂ ਕੋ ਏਕਤ੍ਰ ਕਰ ਕਿਸੀ ਏਕ ਓਥਾਨ ਪਰ ਸੁਰਕਸ਼ਯ ਕੀ ਦ੍ਰਿਸ਼ਟੀ ਸੇ ਰਾਤ ਬਿਤਾਨੀ ਪੜਤੀ ਥੀ। ਐਸੇ ਅਵਸਰੋਂ ਪਰ ਕਿਸੀ ਵ੍ਰਿਕਸ਼ ਦੇ ਨੀਚੇ ਬੈਠ ਕਰ ਗੋਪ ਗੋਪਿਯੋ ਕੇ ਬੀਚ ਗੱਪ 'ਗੋਸ਼ਠੀਆਂ' ਆਯੋਜਿਤ ਕੀ ਜਾਤੀ ਥੀ। ਧੀਰੇ ਧੀਰੇ ਵੇ ਸਥਾਨ ਸੰਗਠਿਤ ਹੋ ਕਰ ਨਿਵਾਸ ਕੇ ਸਥਾਈ ਸੱਥਲ ਬਣਤੇ ਗਏ। ਗਾਥਾ ਸਪਤਸ਼ਤੀ ਮੇਂ ਗੋਸ਼ਠੰ ਕਾ ਪ੍ਰਯੋਗ ਇਸ ਸੰਦਰਭ ਮੇਂ ਸਮਰਣੀਯ ਹੈ। ਇਸ ਤਰਾਂ 'ਗੋਸ਼ਟਿ' ਸ਼ਬਦ ਦੇ ਮੁਢਲੇ ਅਰਥ ਗਊਆਂ ਦੇ

> ਠਹਿਰਣ ਦੀ ਥਾਂ ਜਾਂ 'ਗਿਰਾਂ' ਹੀ ਸਨ ਜਿਥੇ ਚਰਵਾਹਿਆਂ ਨੂੰ ਰਾਤ ਇਕੱਠਿਆਂ ਬਿਤਾਉਣੀ ਪੈਂਦੀ ਸੀ ਤੇ ਗੋਪ-ਗੋਪੀਆਂ ਮਿਲਕੇ ਇਨ੍ਹਾਂ ਸਥਾਈ-ਨਿਵਾਸ ਸਥਾਨਾਂ ਤੇ ਰਾਤ ਕੱਟਦੇ ਤੇ ਆਪਸ ਵਿਚ ਗੋਪ-ਗੋਪੀਆਂ ਗੋਸ਼ਟੀਆਂ ਆਯੋਜਿਤ ਕਰਦੇ ਸਨ। ਗਾਥਾ ਸਪਤਸ਼ਤੀ ਵਿਚ 'ਗੋਟੰਠ' ਦੀ ਵਰਤੋਂ ਇਸੇ ਸੰਦਰਭ ਵਿਚ ਹੋਈ ਮਿਲਦੀ ਹੈ। ਸਿੰਧੀ ਭਾਸ਼ਾ ਦਾ 'ਗੋਠ' ਸ਼ਬਦ ਵੀ ਗਿਰਾਂ ਜਾਂ ਪਿੰਡ ਦੇ ਅਰਥ ਦਾ ਹੀ ਲਖਾਇਕ ਹੈ।[3]

ਡਾ. ਦੀਵਾਨ ਸਿੰਘ ਗੋਸ਼ਟਿ ਨੂੰ 'ਸੰਵਾਦ' ਮੰਨਦੇ ਹੋਏ ਆਖਦੇ ਹਨ, 'ਇਸ ਸਬਦ ਵਿਚੋਂ ਕਿਸੇ ਅਧਿਆਤਮਕ ਰਮਜ਼ ਜਾਂ ਪਰਮਾਰਥ ਦਾ ਆਸ਼ਾ ਪੂਰੇ ਨਾਟਕੀ ਜ਼ੋਰ ਨਾਲ ਉਘੜਦਾ ਹੈ'[4]। ਡਾ. ਮੋਹਨ ਸਿੰਘ ਦੀਵਾਨਾ ਅਨੁਸਾਰ,'ਗੋਸ਼ਟਾਂ ਕਲਪਿਤ ਤੇ ਮਨੋਵਿਗਿਆਨਕ ਸੰਵਾਦਾਂ ਦਾ ਵਿਸਥਾਰ ਹਨ ਜੋ ਸੰਤਾਂ, ਮਹਾਂਪੁਰਖਾਂ ਅਤੇ ਉਨ੍ਹਾਂ ਦੇ ਅਨੁਯਾਈਆਂ ਜਾਂ ਉਨ੍ਹਾਂ ਦੇ ਵਿਰੋਧੀਆਂ ਵਿਚਕਾਰ ਹੋਈਆਂ ਜੋ ਪੁਰਾਤਨ ਹੋਣ ਕਰਕੇ ਸੰਦੇਹਜਨਕ ਵੀ ਹਨ'।[5] ਡਾ. ਤਾਰਨ ਸਿੰਘ ਅਨੁਸਾਰ:

> ਬਾਣੀ ਦਾ ਸਤਰ ਅਨੁਭਵੀ ਤੇ ਅਗਾਧ ਹੋਣ ਕਰਕੇ ਜਨ ਸਾਧਾਰਣ ਦੀ ਸੁਗਮਤਾ ਲਈ ਮਹਾਂਪੁਰਸ਼ ਆਪ ਵੀ ਆਪਣੀ ਬਾਣੀ ਦੀ ਵਿਆਖਿਆ ਕਰਦੇ ਹਨ, ਸ਼ੰਕਾ ਨਵਿਰਤੀ ਕਰਦੇ ਹਨ, ਸੂਖਮਤਾ ਨੂੰ ਰੂਪਮਾਨ ਕਰਦੇ ਹਨ, ਰਹੱਸ ਨੂੰ ਖੋਲਣ ਦਾ ਯਤਨ ਕਰਦੇ ਹਨ। ਇਹ ਵਿਚਾਰ ਵਟਾਂਦਰਾ 'ਗੋਸ਼ਟੀ' ਅਖਵਾਉਂਦਾ ਹੈ।[6]

ਨਾਟਕ ਵਿਚ ਆਈ ਵਾਰਤਾਲਾਪ ਨੂੰ ਵੀ ਗੋਸ਼ਟੀ ਕਿਹਾ ਜਾਂਦਾ ਹੈ।[7] ਭਾਈ ਕਾਹਨ ਸਿੰਘ ਨਾਭਾ ਨੇ ਵੀ 'ਗੋਸ਼ਟਿ' ਸ਼ਬਦ ਦੇ ਅਰਥ ਸੰਸਕ੍ਰਿਤ ਦੇ ਗੋਸ਼ਠੀ ਤੋਂ ਸਭਾ, ਮਜਲਿਸ, ਇਕੱਠ, ਅਸੈਂਬਲੀ, ਪਰਿਵਾਰਕ-ਸਮੂਹ, ਮਿੱਤਰ-ਮੰਡਲੀ ਤੋਂ ਲਏ ਹਨ।[8]

ਕਥਾ ਕੋਸ਼ ਅਨੁਸਾਰ ਵਿਚਾਰ ਵਟਾਂਦਰੇ ਦੇ ਮਾਧਿਅਮ ਰਾਹੀਂ ਗਿਆਨ-ਅਰਜਨ ਲਈ ਜੋ ਸਭਿਆਚਾਰਕ ਬੈਠਕਾਂ ਹੁੰਦੀਆਂ ਸਨ ਉਨ੍ਹਾਂ ਨੂੰ ਗੋਸ਼ਟੀ ਸਮਾਵਯ ਕਿਹਾ ਜਾਂਦਾ ਸੀ। ਇਨ੍ਹਾਂ ਬੈਠਕਾਂ ਦਾ

ਵਿਸ਼ਾ ਕਲਾ, ਸੰਗੀਤ ਅਥਵਾ ਸਾਹਿਤ ਹੋਇਆ ਕਰਦਾ ਸੀ ਅਤੇ ਇਹਨਾਂ ਵਿਚ ਗੁਣੀ ਕਲਾਕਾਰਾਂ ਨੂੰ ਪੁਰਸਕ੍ਰਿਤ ਵੀ ਕੀਤਾ ਜਾਂਦਾ ਸੀ। ਮਰਾਠੀ ਵਿਚ ਗੋਸ਼ਟੀ ਦਾ ਪ੍ਰਯੋਗ ਕਾਨਾਫੂਸੀ ਜਾਂ ਰਹੱਸਮਈ ਵਾਰਤਾਲਾਪ ਲਈ ਕੀਤਾ ਗਿਆ ਹੈ। ਮੱਧਕਾਲੀਨ ਸੰਤਾਂ, ਭਗਤਾਂ ਅਤੇ ਜੋਗੀਆਂ ਦੀਆਂ ਸੰਵਾਦ ਮੂਲਕ ਰਚਨਾਵਾਂ ਨੂੰ ਵੀ ਗੋਸ਼ਟੀਆਂ ਕਿਹਾ ਜਾਂਦਾ ਹੈ।[੯]

'ਗੋਸ਼ਟਿ' ਸ਼ਬਦ ਦੇ ਨਿਕਾਸ ਤੇ ਵਿਕਾਸ ਨੂੰ ਵਧੇਰੇ ਚੰਗੀ ਤਰ੍ਹਾਂ ਸਮਝਣ ਲਈ ਹਿੰਦੀ ਸਾਹਿਤ ਕੋਸ਼ ਵਿਚ ਆਏ ਵਿਚਾਰਾਂ ਤੋਂ ਵੀ ਜਾਣੂ ਹੋਣਾ ਸਾਰਥਕ ਹੋਵੇਗਾ। ਇਸ ਕੋਸ਼ ਵਿਚ ਲਿਖਿਆ ਗਿਆ ਹੈ, 'ਸੰਤਾਂ ਦੀਆਂ ਰਚਨਾਵਾਂ ਵਿਚ ਕੁਝ ਅਜਿਹੇ ਪਦ ਅਤੇ ਪਦ-ਸਮੂਹ ਵੀ ਮਿਲਦੇ ਹਨ ਜਿਹਨਾਂ ਵਿਚ ਸੰਪ੍ਰਦਾਇਕ ਗੱਲਾਂ ਦਾ ਜ਼ਿਕਰ ਅਤੇ ਪੌਰਾਣਿਕ ਵਰਣਨਾਂ ਤੋਂ ਛੁਟ ਹੋਰ ਕੁਝ ਵੀ ਨਹੀਂ ਮਿਲਦਾ। ਅਜਿਹੀਆਂ ਕਿਰਤਾਂ ਦੇ ਨਾਮ ਆਮ ਤੌਰ ਤੇ 'ਗੋਸ਼ਠੀ', 'ਗੁਸ਼ਠੀ', 'ਸੰਵਾਦ', 'ਬੋਧ' ਜਿਹੇ ਸ਼ਬਦਾਂ ਨੂੰ ਅੰਤ ਵਿਚ ਜੋੜਿਆ ਗਿਆ ਹੈ'।[10]

ਡਾ. ਸੁਰਿੰਦਰ ਸਿੰਘ ਕੋਹਲੀ ਅਨੁਸਾਰ 'ਗੋਸ਼ਟਿ ਸਾਹਿਤ ਦੀ ਅਜਿਹੀ ਵਿਧਾ ਹੈ 'ਜਿਸ ਵਿਚ ਦੋ ਜਾਂ ਦੋ ਤੋਂ ਵਧ ਪੁਰਸ਼ ਗਿਆਨ ਪ੍ਰਾਪਤੀ ਲਈ ਦਾਰਸ਼ਨਿਕ ਗੁੰਝਲਾਂ ਖੋਲ੍ਹਣ ਅਤੇ ਰਹੱਸਮਈ ਅਨੁਭਵਾਂ ਨੂੰ ਸਾਂਝਿਆਂ ਕਰਨ ਲਈ ਵਿਚਾਰ ਵਟਾਂਦਰਾ ਕਰਦੇ ਹਨ। ਇਸ ਵਿਚਾਰ ਵਟਾਂਦਰੇ ਦਾ ਮੁੱਢਲਾ ਰੂਪ ਗੱਲਬਾਤ ਜਾਂ ਵਾਰਤਾਲਾਪ ਹੈ'[11] ਗੋਸ਼ਟਿ ਵਿਚਲੇ ਵਿਚਾਰਾਂ ਵਿਚ ਉਤੇਜਨਾ ਹੁੰਦੀ ਹੈ ਕਿਉਂਕਿ ਗੋਸ਼ਟਿਕਾਰ ਵਲੋਂ ਇਸ ਵਿਚ ਵਿਗਿਆਨਕ ਦ੍ਰਿਸ਼ਟੀਕੋਣ ਨੂੰ ਅਪਣਾਇਆ ਜਾਂਦਾ ਹੈ। ਇਸ ਲਈ ਇਹ ਗੱਲਬਾਤ ਸਾਧਾਰਣ ਨਾ ਹੋ ਕੇ ਤਰਕਮਈ ਅਤੇ ਦਲੀਲ ਯੁਕਤ ਢੰਗ ਨਾਲ ਪ੍ਰਗਟਾਈ ਜਾਂਦੀ ਹੈ।

'ਗੋਸ਼ਟਿ' ਵਿਚ ਪ੍ਰਸ਼ਨੋਤਰੀ ਢੰਗ ਨਾਲ ਕਿਸੇ 'ਮਸਲੇ' ਜਾਂ ਕੇਂਦਰੀ ਵਿਚਾਰ ਉਤੇ ਚਰਚਾ ਕੀਤੀ ਜਾਂਦੀ ਹੈ ਅਤੇ ਵਿਰੋਧੀ ਮਤਾਂ ਦੇ ਟਕਰਾ ਵਿਚੋਂ ਕੁਝ ਪਰਿਣਾਮ ਕੱਢੇ ਜਾਂਦੇ ਹਨ।[12] ਇਹ ਪ੍ਰਸ਼ਨੋਤਰੀ ਤਦ ਤਕ ਚਲਦੀ ਰਹਿੰਦੀ ਹੈ ਜਦ ਤਕ ਕੇਂਦਰੀ ਭਾਵ ਦਾ ਸਪਸ਼ਟੀਕਰਣ ਅਤੇ ਮੁੱਖ ਮਸਲੇ ਦਾ ਨਿਪਟਾਰਾ ਨਹੀਂ ਹੋ ਜਾਂਦਾ। ਪ੍ਰਸ਼ਨੋਤਰੀ ਦੀ ਲੜੀ ਨੂੰ ਨਿਰੰਤਰ ਕਾਇਮ ਰੱਖਣ ਲਈ ਹਰ ਪਹਿਲੇ ਉਤਰ ਵਿਚੋਂ ਦੂਜੇ ਪ੍ਰਸ਼ਨ ਦੀ ਨਿਕਾਸੀ ਹੁੰਦੀ ਹੈ। ਇਸੇ ਲਈ ਗੋਸ਼ਟਿ ਵਿਚ ਕੇਂਦਰੀ ਵਿਸ਼ਾ ਅਤੇ ਇਸਦੇ ਨਿਭਾ ਵਿਚ ਇਕਸੁਰਤਾ ਦੀ ਬਹੁਤ ਲੋੜ ਹੁੰਦੀ ਹੈ।[13]

ਗੋਸ਼ਟਿ ਦੀ ਮਹੱਤਤਾ ਬਾਰੇ ਗੁਰਬਾਣੀ ਵਿਚ ਵਿਦਮਾਨ ਵਿਚਾਰ ਵੀ ਅਤਿਅੰਤ ਸਾਰਥਿਕਤਾ ਦੇ ਧਾਰਨੀ ਹਨ:

(ੳ) ਗੋਸਟਿ ਗਿਆਨੁ ਨਾਮੁ ਸੁਣਿ ਉਧਰੇ ਜਿਨਿ ਜਿਨਿ ਦਰਸਨੁ ਪਾਇਆ॥[14]

(ਅ) ਗੋਸਟਿ ਭਈ ਸਾਧ ਕੈ ਸੰਗਮਿ ਕਾਮ ਕ੍ਰੋਧੁ ਲੋਭੁ ਮਾਰਿਆ॥[15]

ਉਪਰੋਕਤ ਬਾਣੀ ਪ੍ਰਵਚਨ ਅਨੁਸਾਰ ਗੋਸ਼ਟਿ ਦੀ ਪ੍ਰਕਿਰਤੀ ਮਨੁੱਖ ਨੂੰ ਅਧਿਆਤਮਕਤਾ ਨਾਲ ਜੋੜਦੀ ਹੈ ਅਤੇ ਗੋਸ਼ਟਿ ਸਾਧ ਦਾ ਸੰਗ ਕਰਾਉਂਦੀ ਹੋਈ ਮਨੁੱਖੀ ਵਿਕਾਰਾਂ ਦਾ ਨਾਸ਼ ਕਰਦੀ ਹੈ ਅਤੇ ਗੋਸ਼ਟਿ ਗਿਆਨ ਰੂਪੀ ਨਾਮ ਸੁਣਨ ਨਾਲ ਮਨੁੱਖ ਸਾਰਥਿਕ ਜੀਵਨ ਮਾਰਗ ਦੇ ਪੰਥ ਦਾ ਰਾਹੀ ਬਣਦਾ ਹੈ।

ਉਪਰੋਕਤ ਪਰਿਭਾਸ਼ਾਵਾਂ ਤੋਂ ਸਪਸ਼ਟ ਹੁੰਦਾ ਹੈ ਕਿ 'ਗੋਸ਼ਟਿ', 'ਗੋਸ਼ਟੀ', ਅਤੇ 'ਗੁਸ਼ਟ' ਸ਼ਬਦ 'ਗੋਸ਼ਠੀ' ਨਾਲ ਹੀ ਸੰਬਧਿਤ ਹਨ। ਹੌਲੀ ਹੌਲੀ ਸਾਹਿਤ ਖੇਤਰ ਵਿਚ ਗਿਆਨ ਚਰਚਾ ਵਾਲੀ ਰਚਨਾ ਨੂੰ ਗੋਸ਼ਟਿ ਕਿਹਾ ਜਾਣ ਲੱਗਾ। ਜਿਸ ਤੋਂ ਭਾਵ ਇਕੱਠ, ਮਿੱਤਰ-ਮੰਡਲੀ, ਸਭਾ ਮਜਲਿਸ, ਵਾਰਤਾਲਾਪ, ਅਤੇ ਬਾਤਚੀਤ ਤੋਂ ਹੈ। ਗੋਸ਼ਟਿ ਦਾ ਵਿਸ਼ਾ ਬੌਧਿਕਤਾ ਨਾਲ ਸੰਬੰਧ ਰੱਖਦਾ ਹੈ ਫਲਸਰੂਪ ਇਕ ਧਿਰ ਆਪਣੇ ਮੱਤ ਦਾ ਸਪੱਸ਼ਟੀਕਰਣ ਕਰਦੀ ਹੈ ਅਤੇ ਵਿਰੋਧੀ ਧਿਰ ਦੇ ਵਿਚਾਰਾਂ ਦਾ ਖੰਡਨ ਕੀਤਾ ਜਾਂਦਾ ਹੈ। ਵਾਰਤਾਲਾਪ ਦੁਆਰਾ ਉਸਾਰਿਆ ਗਿਆ ਸੰਵਾਦ ਇਕ ਨਿਸ਼ਚਿਤ ਪੱਧਰ ਦਾ ਹੁੰਦਾ ਹੈ। ਇਸ ਵਿਚ ਵਿਰੋਧੀ ਧਿਰ ਦੇ ਵਿਚਾਰਾਂ ਨੂੰ ਦਬਾਉਣ ਦੀ ਥਾਂ, ਤਰਕ, ਨਿਆਇ, ਦਲੀਲ ਆਦਿ ਦੁਆਰਾ ਸਪਸ਼ਟ ਕਰਕੇ ਵਿਰੋਧੀ ਧਿਰ ਨੂੰ ਸੰਤੁਸ਼ਟ ਕੀਤਾ ਜਾਂਦਾ ਹੈ। ਇਸ ਤਰ੍ਹਾਂ ਗੋਸ਼ਟਿ ਵਿਚ ਦਾਰਸ਼ਨਿਕ ਅਤੇ ਬੌਧਿਕ ਤੱਤ ਗੋਸ਼ਟਿ ਰੂਪੀ ਵਾਰਤਕ ਦੀ ਜਿੰਦ-ਜਾਨ ਹੁੰਦੇ ਹਨ। ਪਰੰਤੂ ਇਹ ਗੱਲ ਵੀ ਧਿਆਨ ਵਿਚ ਰੱਖਣੀ ਬਣਦੀ ਹੈ ਕਿ ਗੋਸ਼ਟਾਂ ਕੇਵਲ ਵਾਰਤਕ ਵਿਚ ਹੀ ਨਹੀਂ ਮਿਲਦੀਆਂ ਸਗੋਂ ਇਹ ਕਾਵਿ ਰੂਪ ਵੀ ਮਿਲਦੀਆਂ ਹਨ ਅਤੇ ਦੋਵੇਂ ਕਿਸਮ ਦੀਆਂ ਗੋਸ਼ਟਾਂ ਦਾ ਮੁਹਾਂਦਰਾ ਧਾਰਮਿਕ ਅਤੇ ਉਪਦੇਸ਼ਾਤਮਕ ਬਿਰਤੀ ਵਾਲਾ ਹੁੰਦਾ ਹੈ। ਇਹ ਗੋਸ਼ਟਾਂ ਮਹਾਂਪੁਰਸ਼ਾਂ ਨਾਲ ਸੰਬੰਧਿਤ ਹੋਣ ਕਰਕੇ ਸ਼ਰਧਾ ਭਾਵਨਾ ਅਧੀਨ ਰਚੀਆਂ ਗਈਆਂ ਹਨ ਸਿੱਟੇ ਵਜੋਂ ਇਨ੍ਹਾਂ ਵਿਚ ਸ਼ਰਧਾ ਭਾਵਨਾ ਦਾ ਅੰਸ਼ ਵਧੇਰੇ ਭਾਰੂ

ਹੁੰਦਾ ਹੈ। ਗੋਸ਼ਟਾਂ ਵਿਚ ਬਹੁਤੀਆਂ ਘਟਨਾਵਾਂ ਕਾਲਪਨਿਕ, ਤੇ ਮਿਥਿਹਾਸਿਕ ਹੁੰਦੀਆਂ ਹਨ। ਜਿਸ ਕਰਕੇ ਪਾਠਕਾਂ ਦੀ ਦਿਲਚਸਪੀ ਦਾ ਕਾਰਣ ਬਣਦੀਆਂ ਹਨ ਕਿਉਂਕਿ ਇਨ੍ਹਾਂ ਵਿਚਲੇ ਸ਼ਬਦ ਅਤੇ ਛੋਟੇ-ਛੋਟੇ ਵਾਕ ਸਰੋਦੀ ਪ੍ਰਭਾਵ ਪੈਦਾ ਕਰਦੇ ਹਨ।

ਗੋਸ਼ਟਿ ਵਿਚ ਭਾਗ ਲੈਣ ਵਾਲੀਆਂ ਧਿਰਾਂ ਦੀ ਸਥਿਤੀ ਨਾਟਕੀ ਪਾਤਰਾਂ ਵਾਲੀ ਹੁੰਦੀ ਹੈ। ਇਹਨਾਂ ਪਾਤਰਾਂ ਵਿਚ ਇਕ ਨਾਇਕ ਜਾਂ ਮੁੱਖ ਪਾਤਰ, ਗੁਰੂ ਜਾਂ ਸਾਧ-ਸੰਤ ਉਦੇ ਵਿਅਕਤਤ ਦਾ ਧਾਰਨੀ ਵਿਅਕਤੀ ਹੁੰਦਾ ਹੈ ਜਿਸ ਦੇ ਵਿਚਾਰਾਂ ਦੀ ਜਿੱਤ ਕਰਵਾਉਣੀ ਗੋਸ਼ਟਿ-ਲੇਖਕ ਦਾ ਮੁੱਖ ਮੰਤਵ ਹੁੰਦਾ ਹੈ। ਦੂਸਰੇ ਪਾਤਰ ਸਾਧਾਰਣ ਲੋਕ, ਜਗਿਆਸੂ ਜਾਂ ਸ਼ਿਸ਼ ਹੁੰਦੇ ਹਨ ਜਿਹਨਾਂ ਦੇ ਸ਼ੰਕਿਆਂ ਦੀ ਨਵਿਰਤੀ ਗੁਰੂ ਜਾਂ ਮੁੱਖ ਪਾਤਰ ਨੇ ਕਰਨੀ ਹੁੰਦੀ ਹੈ। ਅਜਿਹੀਆਂ ਗੋਸ਼ਟਾਂ ਵਿਚ ਵਿਚਾਰਾਂ ਦਾ ਟਕਰਾ ਹੁੰਦਾ ਹੈ ਪਰੰਤੂ ਅੰਤ ਵਿਚ ਵਿਸ਼ੇ ਦਾ ਸਪਸ਼ਟੀਕਰਣ ਹੋਣਾ ਜ਼ਰੂਰੀ ਹੁੰਦਾ ਹੈ। ਪੰਜਾਬੀ ਸਾਹਿਤ ਵਿਚ ਗੁਰੂ ਨਾਨਕ ਅਤੇ ਹੋਰ ਬਹੁਤ ਸਾਰੇ ਮਹਾਂਪੁਰਸ਼ਾਂ ਜਾਂ ਭਗਤਾਂ ਦੀਆਂ ਗੋਸ਼ਟਾਂ ਉਪਰੋਕਤ ਵਿਚਾਰਾਂ ਵਜੋਂ ਚੰਗੀਆਂ ਉਦਾਹਰਨਾਂ ਹਨ। ਇਹਨਾਂ ਗੋਸ਼ਟਾਂ ਵਿਚ ਸੰਬੰਧਿਤ ਧਿਰਾਂ ਵਿਚਕਾਰ ਗੂੜ੍ਹ ਦਾਰਸ਼ਨਿਕ ਵਾਦ-ਵਿਵਾਦ ਚਲਦਾ ਹੈ। ਫਲਸਰੂਪ ਇਨ੍ਹਾਂ ਗੋਸ਼ਟਾਂ ਵਿਚ ਨਾਟਕੀਅਤਾ, ਤਿੱਖਾਪਨ, ਨੋਕ-ਝੋਕ, ਟੁੰਬਵਾਂ ਅਤੇ ਕਾਟਵਾਂ ਵਿਚਾਰ ਵਟਾਂਦਰਾ ਚਲਦਾ ਹੈ।

ਵਾਦ-ਵਿਵਾਦ ਵਿਚ ਭਾਗ ਲੈਣ ਵਾਲੇ ਵਿਅਕਤੀ ਜ਼ਰੂਰੀ ਨਹੀਂ ਕਿ ਇਤਿਹਾਸਕ ਹੀ ਹੋਣ, ਸਗੋਂ ਇਹ ਧਿਰਾਂ ਮਿਥਿਹਾਸਕ ਵੀ ਹੋ ਸਕਦੀਆਂ ਹਨ। ਇਸ ਗੱਲ ਦੀ ਉੱਤਮ ਉਦਾਹਰਣ ਗੁਰੂ ਨਾਨਕ ਦੀ ਨਿਰੰਕਾਰ ਅਤੇ ਕਲਯੁਗ ਨਾਲ ਗੋਸ਼ਟਾਂ ਦੀ ਦਿੱਤੀ ਜਾ ਸਕਦੀ ਹੈ।

ਗੋਸ਼ਟਿ ਲਿਖਣ ਦੀ ਪਰੰਪਰਾ ਬਹੁਤ ਪੁਰਾਤਨ ਹੈ ਜਿਸ ਵਿਚ ਸੰਵਾਦ ਰੂਪ ਨੂੰ ਪ੍ਰਸ਼ਨ ਉਤਰ ਦੀ ਸ਼ੈਲੀ ਵਿਚ ਪ੍ਰਸਤੁਤ ਕੀਤਾ ਜਾਂਦਾ ਹੈ। ਇਨ੍ਹਾਂ ਵਿਚਲੇ ਪ੍ਰਸ਼ਨ ਅਤੇ ਮਹਾਂ-ਪੁਰਸ਼ਾਂ ਵਲੋਂ ਸੁਝਾਏ ਹੋਏ ਉਤਰ ਜਨ-ਸਧਾਰਣ ਲੋਕਾਂ ਨੂੰ ਸਹਿਜ ਹੀ ਸਮਝ ਆ ਜਾਇਆ ਕਰਦੇ ਸਨ ਅਤੇ ਇਨ੍ਹਾਂ ਦੀ ਸੁਰ ਸੰਵਾਦੀ ਹੋਣ ਕਰਕੇ, ਉਨ੍ਹਾਂ ਦੀ ਸਮਿਰਤੀ (ਯਾਦ) ਦਾ ਹਿੱਸਾ ਵੀ ਹੋ ਜਾਇਆ ਕਰਦੇ ਸਨ।

### ਗੋਸ਼ਟਿ ਪੰਰਪਰਾ

ਗੋਸ਼ਟਿ ਦਾ ਆਰੰਭ ਸਾਧਾਰਨ ਗੱਲਬਾਤ ਜਾਂ ਸੰਵਾਦ ਤੋਂ ਮੰਨਿਆਂ ਜਾ ਸਕਦਾ ਹੈ। ਸ਼ੁਰੂ ਤੋਂ ਹੀ ਮਨੁੱਖ ਇਹ ਸੋਚਦਾ ਆਇਆ ਹੈ ਕਿ ਇਹ ਜੀਵਨ ਕੀ ਹੈ? ਸੰਸਾਰ ਵਿਚ ਆਉਣ ਦਾ ਉਦੇਸ਼ ਕੀ ਹੈ? ਆਤਮਾ ਕੀ ਹੈ? ਪਰਮਾਤਮਾ ਕੀ ਹੈ ਜਾਂ ਜੀਵ-ਆਤਮਾ ਅਤੇ ਪਰਮਾਤਮਾ ਦਾ ਕੀ ਸੰਬੰਧ ਹੈ, ਆਦਿ ਕੁਝ ਅਜਿਹੇ ਪ੍ਰਸ਼ਨ ਹਨ ਜਿਹਨਾਂ ਬਾਰੇ ਮਨੁੱਖ ਆਦਿ ਕਾਲ ਤੋਂ ਸੋਚਦਾ ਰਿਹਾ ਹੈ। ਇਕ ਪਾਸੇ ਦਰਸ਼ਨ ਅਤੇ ਵਿਗਿਆਨ ਅਜਿਹੇ ਪ੍ਰਸ਼ਨਾਂ ਨੂੰ ਜਾਣਨ ਦਾ ਯਤਨ ਕਰਦਾ ਰਿਹਾ ਹੈ ਅਤੇ ਦੂਸਰੇ ਪਾਸੇ ਮਨੁੱਖ ਅਨੁਭਵੀ ਰੂਪ ਵਿਚ ਇਸ ਨੂੰ ਮਹਿਸੂਸ ਕਰਨ ਦਾ ਉਪਰਾਲਾ ਕਰਦਾ ਰਿਹਾ ਹੈ। ਦਰਸ਼ਨ ਸ਼ਾਸਤਰ ਵਿਚ ਤਰਕ ਰਾਹੀਂ ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਦੇਣ ਦਾ ਯਤਨ ਕੀਤਾ ਗਿਆ ਹੈ ਪਰੰਤੂ ਸੰਤ ਪੁਰਸ਼ਾਂ ਨੇ ਆਪਣੇ ਅਨੁਭਵੀ ਆਧਾਰ 'ਤੇ ਸਾਹਿਤ ਰਾਹੀਂ ਇਨ੍ਹਾਂ ਗੁੱਝੇ ਅਤੇ ਗੰਭੀਰ ਪ੍ਰਸ਼ਨਾਂ ਨੂੰ ਸੁਲਝਾਉਣ ਦਾ ਯਤਨ ਕੀਤਾ ਹੈ। ਸੰਸਾਰ ਭਰ ਦੇ ਸਾਹਿਤ ਦਾ ਆਰੰਭ ਅਜਿਹੀਆਂ ਵਿਚਾਰ-ਪ੍ਰਧਾਨ ਪੁਸਤਕਾਂ ਤੋਂ ਹੋਇਆ ਮੰਨਿਆਂ ਜਾ ਸਕਦਾ ਹੈ। ਇਨ੍ਹਾਂ ਪੁਸਤਕਾਂ ਵਿਚ ਜਨ ਸਾਧਾਰਨ ਦੇ ਸ਼ੰਕਿਆਂ ਦੀ ਨਵਿਰਤੀ ਕੀਤੀ ਜਾਂਦੀ ਸੀ, ਸੁਆਲ, ਜੁਆਬ ਦੇ ਰੂਪ ਵਿਚ ਵਿਰੋਧੀ ਮਤ ਦੇ ਨੁਕਤੇ ਨੂੰ ਵਿਚਾਰਿਆ ਜਾਂਦਾ ਸੀ। ਸਿਧਾਂਤ-ਵਿਵੇਚਨ ਅਤੇ ਸ਼ਿਸ਼ ਸਮਝਾਉਣੀ ਦਾ ਇਹ ਉੱਤਮ ਢੰਗ ਪੁਰਾਤਨ ਸਾਹਿਤ ਵਿਚ ਆਮ ਵਰਤਿਆ ਗਿਆ ਹੈ। ਇਸੇ ਕਰਕੇ ਗੋਸ਼ਟਾਂ ਦੀ ਪਰੰਪਰਾ ਪ੍ਰਾਚੀਨ ਮੰਨੀ ਗਈ ਹੈ।

ਅਧਿਆਤਮਕ ਜਾਂ ਦਾਰਸ਼ਨਿਕ ਦ੍ਰਿਸ਼ਟੀਕੋਣ ਦੀ ਸਥਾਪਨਾ ਪ੍ਰਾਚੀਨ ਪ੍ਰਚਲਿਤ ਪਰੰਪਰਾਵਾਂ ਦੇ ਵਿਰੋਧ ਜਾਂ ਉਸ ਦੇ ਨਵੀਨੀਕਰਣ ਦੇ ਰੂਪ ਵਿਚ ਹੁੰਦੀ ਹੈ। ਅਜਿਹੀ ਅਵਸਥਾ ਵਿਚ ਪ੍ਰਾਚੀਨ ਧਰਮ ਜਾਂ ਦਰਸ਼ਨ ਆਪਣੇ ਪਰੰਪਰਾਗਤ ਸਰੂਪ ਦੀ ਰੱਖਿਆ ਲਈ ਯਤਨ ਕਰਦੇ ਹਨ ਅਤੇ ਨਵਾਂ ਮਤ ਪੁਰਾਣੇ ਮਤਾਂ ਦੀਆਂ ਕਮਜ਼ੋਰੀਆਂ ਨੂੰ ਨੰਗਿਆਂ ਕਰਕੇ ਉਨ੍ਹਾਂ ਉਪਰ ਆਪਣੀ ਵਿਸ਼ੇਸਤਾ ਅਤੇ ਪ੍ਰਭੂਤਾ ਸਥਾਪਿਤ ਕਰਨ ਦਾ ਯਤਨ ਕਰਦਾ ਹੈ। 'ਭਾਰਤ ਵਿਚ ਗੋਸ਼ਟਾਂ ਦੀ ਪਰੰਪਰਾ ਉਪਨਿਸ਼ਦਾਂ ਤੋਂ ਸ਼ੁਰੂ ਹੁੰਦੀ ਹੈ। ਬੁਧ ਦੀਆਂ ਜਾਤਕਾਂ ਅਤੇ ਸ਼ੰਕਾਚਾਰੀਆਂ ਦੀਆਂ ਬੋਧੀ ਭਿਕਸ਼ੂਆਂ ਪ੍ਰਤੀ ਹੋਈਆਂ ਗੋਸ਼ਟਾਂ ਦਾ ਚਰਚਾ ਪ੍ਰਸਿੱਧ ਹੈ। ਇਸੇ ਪ੍ਰਕਾਰ 'ਗੀਤਾ ਗੋਸ਼ਟਿ' ਸੰਸਾਰ ਦੀ ਪ੍ਰਸਿੱਧ ਪੁਸਤਕ ਹੈ। ਸਾਮਵੇਦ, ਉਪਨਿਸ਼ਦ, ਤੇ ਗੀਤਾ ਪੁਰਾਣ ਆਦਿ ਸਭ ਗੋਸ਼ਟੀਆਂ ਹੀ ਹਨ'।[16]

ਪ੍ਰੋ. ਪਿਆਰਾ ਸਿੰਘ ਪਦਮ ਹੋਰਾਂ ਨੇ ਵੀ 'ਗੋਸ਼ਟਾਂ' ਦੀ ਪੁਰਾਤਨਤਾ ਬਾਰੇ ਇਸ ਤਰ੍ਹਾਂ ਵਿਚਾਰ ਪੇਸ਼ ਕੀਤੇ ਹਨ- ਕਿਸੇ ਮਸਲੇ ਉਤੇ ਵਾਦੀ-ਪ੍ਰਤਿਵਾਦੀ ਮਿਥਕੇ ਸ਼ੰਕਾਵਾਂ ਖੜ੍ਹੀਆਂ ਕੀਤੀਆਂ ਜਾਂਦੀਆਂ ਤੇ ਫਿਰ ਉਨ੍ਹਾਂ ਦਾ ਸਮਾਧਾਨ ਕੀਤਾ ਹੁੰਦਾ ਹੈ। ਸ਼ੰਕਾਵਾਦੀ ਉਹ ਸਵਾਲ ਉਠਾਉਂਦਾ ਹੈ ਜੋ ਵੀ ਆਮ ਤੌਰ ਤੇ ਉਸ ਬਾਰੇ ਉਠਾਏ ਜਾ ਸਕਦੇ ਹਨ ਤੇ ਆਚਾਰਯ ਉਨ੍ਹਾਂ ਸ਼ੰਕਾਵਾਂ ਨੂੰ ਦੂਰ ਕਰਕੇ ਆਪਣਾ ਮਤ ਸਪਸ਼ਟ ਤੇ ਨਿਰਦੋਸ਼ ਕਰਕੇ ਦੱਸਦਾ ਹੈ।[17]

ਸੰਸਕ੍ਰਿਤ ਵਿਚ ਇਹ ਪਰਪਾਟੀ ਵੇਦਾਂ ਦੀ ਰਚਨਾ ਦੇ ਸਮੇਂ ਤੋਂ ਹੀ ਸ਼ੁਰੂ ਹੋ ਗਈ ਸੀ। ਡਾ. ਤਾਰਨ ਸਿੰਘ ਨੇ ਗੋਸ਼ਟੀਆਂ ਦਾ ਆਰੰਭ 7000 ਪੂਰਬ ਈਸਵੀਂ ਤੋਂ ਮੰਨਿਆਂ ਹੈ। ਉਨ੍ਹਾਂ ਅਨੁਸਾਰ 'ਵੇਦਾਂ ਦੇ ਰਚਨਹਾਰ ਰਿਸ਼ੀ ਜੋ 7000 ਪੂਰਬ ਈਸਵੀਂ ਦੀਆਂ ਸਦੀਆਂ ਵਿਚ ਵਿਚਰਦੇ ਸਨ, ਉਪਨਿਸ਼ਦ ਦੇ ਕਰਤਾ ਰਿਸ਼ੀ ਵਿਆਸ (3000 ਪੂਰਬ ਈਸਵੀਂ) ਜੋ ਸਾਰੇ ਧਰਮ ਗ੍ਰੰਥਾਂ ਦੇ ਸੰਪਾਦਕ ਮੰਨੇ ਗਏ ਹਨ। ਕਾਨਫਿਊਸ਼ਿਸ (551 ਪੂਰਬ ਈਸਵੀਂ), ਜ਼ੋਰਾਸਟਰ ( 800 ਪੂਰਬ ਈਸਵੀਂ), ਬੁੱਧ (563 ਪੂਰਬ ਈਸਵੀਂ), ਮਹਾਵੀਰ ਵਰਧਨ (538 ਪੂਰਬ ਈਸਵੀਂ), ਸੁਕਰਾਤ, 470 ਪੂਰਬ ਈਸਵੀਂ), ਅਫਲਾਤੂਨ, (428 ਪੂਰਬ ਈਸਵੀ) ਈਸਾ ਜੀ, ਮੁਹੰਮਦ ਜੀ, ਸ਼ੰਕਰਾਚਾਰੀਆ, ਮਛੰਦਰ (ਗੋਰਖ ਨਾਥ ਦੇ ਗੁਰੂ 800 ਈਸਵੀਂ ), ਗੋਰਖ ਨਾਥ ਜੀ (940 ਈਸਵੀਂ) ਕਬੀਰ ਆਦਿ ਭਗਤ, ਸਿੱਖ ਗੁਰੂ ਸਾਹਿਬਾਨ ਅਤੇ ਪੀਰ ਫ਼ਕੀਰ ਸਾਰੇ ਹੀ ਗੋਸ਼ਟੀਆਂ ਕਰਦੇ ਰਹੇ ਹਨ।[18]

ਇਹਨਾਂ ਗੋਸ਼ਟੀਆਂ ਦਾ ਮੁੱਢਲਾ ਰੂਪ ਮੌਖਿਕ ਸੀ, ਸਮਾਂ ਬੀਤਣ ਨਾਲ ਇਹੀ ਗੋਸ਼ਟੀਆਂ ਲਿਖਤੀ ਰੂਪ ਧਾਰ ਗਈਆਂ। ਉਪਨਿਸ਼ਦਾਂ ਨੂੰ ਅਸੀਂ ਸਭ ਤੋਂ ਪਹਿਲੀਆਂ ਸ੍ਰੇਸ਼ਟ ਗੋਸ਼ਟਾਂ ਕਹਿ ਸਕਦੇ ਹਾਂ। ਇਨ੍ਹਾਂ ਵਿਚ ਦਾਰਸ਼ਨਿਕ ਵਿਸ਼ਿਆਂ ਦੇ ਚਿਤਰਣ ਲਈ ਕਲਪਿਤ ਪਾਤਰਾਂ ਜਾਂ ਦੇਵਤਿਆਂ ਵਿਚ ਗੋਸ਼ਟੀਆਂ ਕਰਵਾਈਆਂ ਗਈਆਂ ਹਨ। ਇਨ੍ਹਾਂ ਗੋਸ਼ਟੀਆਂ ਦਾ ਮੁੱਖ ਵਿਸ਼ਾ ਦਾਰਸ਼ਨਿਕਤਾ ਹੀ ਰਿਹਾ ਹੈ ਪਰ ਇਨ੍ਹਾਂ ਦਾਰਸ਼ਨਿਕ ਤੱਥਾਂ ਦੇ ਨਾਲ-ਨਾਲ ਕਰਮ-ਕਾਂਡ ਯਗ-ਹਵਨ, ਬਲੀ ਆਦਿ ਬਾਰੇ ਵੀ ਗੋਸ਼ਟੀਆਂ ਮਿਲਦੀਆਂ ਹਨ।[19] ਉਪਨਿਸ਼ਦਾਂ ਵਿਚ ਇਹਨਾਂ ਸੰਪ੍ਰਦਾਇਕ ਅਤੇ ਕਰਮ ਕਾਂਡੀ ਵਿਸ਼ਿਆਂ ਦਾ ਉਲੇਖ ਗੌਣ ਰੂਪ ਵਿਚ ਹੋਇਆ ਹੈ ਪਰ ਮੁੱਖ ਵਿਸ਼ਾ ਦਾਰਸ਼ਨਿਕ ਰਹੱਸਾਂ ਨੂੰ ਖੋਲ੍ਹਣਾ ਹੀ ਰਿਹਾ

ਹੈ।[20] ਉਪਨਿਸ਼ਦਾਂ ਦੀਆਂ ਗੋਸ਼ਟੀਆਂ ਵਿਚ ਭਾਗ ਲੈਣ ਵਾਲੇ ਪਾਤਰ ਐਤਰੇਅ, ਸਾਂਦਲੀਆਂ, ਸਤਯਕਾਮ, ਜਾਬਾਲਾ, ਉਦਾਲਕ, ਭਾਰਦਵ ਅਜਾਤ ਸ਼ਤਰੂ, ਯਾਗਯਵਲਕ, ਗਾਰਗੀ ਅਤੇ ਮੈਤ੍ਰੇਯ ਆਦਿ ਹਨ। ਇਹਨਾ ਤੋਂ ਛੁੱਟ ਇੰਦ੍ਰ, ਨਾਰਦ੍ਰ ਪਰਜਾਪਤੀ ਆਦਿ ਦੇਵਤਾ ਪਾਤਰ ਵੀ ਆਏ ਹਨ।[21]

ਭਗਵਤ ਗੀਤਾ ਇਕ ਹੋਰ ਗੋਸ਼ਟੀ ਹੈ ਜਿਸ ਵਿਚ ਕਰਮ ਦਾ ਸਿਧਾਂਤ ਉਘੜ ਕੇ ਸਾਹਮਣੇ ਆਇਆ ਹੈ। ਕਈ ਲੋਕਾਂ ਦਾ ਇਹ ਵਿਸ਼ਵਾਸ਼ ਹੈ ਕਿ ਇਹ ਇਕ ਇਤਿਹਾਸਕ ਘਟਨਾ ਹੈ ਜੋ ਮਹਾਂਭਾਰਤ ਦੇ ਯੁੱਧ ਨਾਲ ਸੰਬੰਧਿਤ ਹੈ, ਪਰ ਬਹੁਤੇ ਵਿਦਵਾਨ ਇਸ ਨੂੰ ਨਿਰੋਲ ਕਾਲਪਨਿਕ ਗੋਸ਼ਟੀ ਮੰਨਦੇ ਹਨ, ਜਿਸ ਵਿਚ ਭਾਗ ਲੈਣ ਵਾਲੇ ਸ਼੍ਰੀ ਕ੍ਰਿਸ਼ਣ ਅਤੇ ਅਰਜਨ ਹਨ।

ਮਹਾਤਮਾ ਬੁੱਧ ਦੇ ਜੀਵਨ ਅਤੇ ਬੋਧ ਦਰਸ਼ਨ ਨਾਲ ਸੰਬੰਧਤ ਅਨੇਕ ਗੋਸ਼ਟੀਆਂ ਮਿਲਦੀਆਂ ਹਨ। ਪਾਲੀ ਵਿਚ 'ਤ੍ਰਿਪਿਤਕਾ' ਇਹਨਾਂ ਗੋਸ਼ਟੀਆਂ ਦਾ ਹੀ ਸੰਗ੍ਰਹਿ ਹੈ। ਜੈਨੀਆਂ ਦੇ ਆਦਿ ਪੁਰਾਣ ਵਿਚ ਤੀਰਥੰਕਰ ਰਿਸ਼ਭਦੇਵ ਵਲੋਂ ਕਲਾ ਗੋਸ਼ਟੀ, ਪਦ ਗੋਸ਼ਟੀ, ਜਲਪ ਗੋਸ਼ਟੀ ਅਤੇ ਵਾਦਿਤ ਗੋਸ਼ਟੀ ਦਾ ਜ਼ਿਕਰ ਆਉਂਦਾ ਹੈ।[22]

ਸ਼ੰਕਰਾਚਾਰੀਆ ਦੇ ਸਮੇਂ ਗੋਸ਼ਟੀਆਂ ਕਰਨ ਅਤੇ ਲਿਖਣ ਦੀ ਪਰੰਪਰਾ ਬਹੁਤ ਪ੍ਰਫੁਲਤ ਹੋਈ। ਇਸ ਸਮੇਂ ਵਿਰੋਧੀ ਮਤਾਂ ਦਾ ਤਕਰਾਰ ਖ਼ੂਬ ਦੇਖਣ ਵਿਚ ਆਉਂਦਾ ਹੈ। ਇਸ ਲਈ ਗੋਸ਼ਟਾਂ ਨਿਰੋਲ ਸਿਧਾਂਤਕ ਹੋ ਗਈਆਂ। ਮੱਧਕਾਲ ਵਿਚ ਕਬੀਰ, ਰਵਿਦਾਸ, ਨਾਮਦੇਵ ਅਤੇ ਹੋਰ ਭਗਤ ਵੀ ਗੋਸ਼ਟੀਆਂ ਕਰਦੇ ਰਹੇ ਹਨ।

ਗੋਸ਼ਟੀਆਂ ਦੀ ਇਹ ਪਰੰਪਰਾ ਕੇਵਲ ਭਾਰਤੀ ਸਾਹਿਤ ਵਿਚ ਹੀ ਨਹੀਂ ਮਿਲਦੀ ਸਗੋਂ ਯੂਨਾਨੀ ਸਾਹਿਤ ਵਿਚ ਵੀ ਬਹੁਤ ਪੁਰਾਣੇ ਸਮੇਂ ਤੋਂ ਇਸਦੇ ਦਰਸ਼ਨ ਹੁੰਦੇ ਹਨ। ਉਥੇ ਗੋਸ਼ਟੀਆਂ ਲਈ 'ਡਾਇਲਾਗਜ਼' ਸ਼ਬਦ ਦੀ ਵਰਤੋਂ ਕੀਤੀ ਮਿਲਦੀ ਹੈ। ਸੁਕਰਾਤ ਦੇ ਬਚਨਾਂ ਨੂੰ ਅਫਲਾਤੂਨ ਨੇ ਇਕੱਠਾ ਕਰਕੇ ਗੋਸ਼ਟੀਆਂ ਦਾ ਰੂਪ ਦਿੱਤਾ। 'ਰਿਪਬਲਿਕ' ਸੰਸਾਰ ਪ੍ਰਸਿਧ ਗੋਸ਼ਟੀਆਂ ਦਾ ਸੰਗ੍ਰਹਿ ਹੈ। 'ਸਿੰਮਪੋਜ਼ੀਅਮ' ਵਿਚ ਪਲੈਟੋ ਅਤੇ ਸੁਕਰਾਤ ਦੀ ਗੱਲਬਾਤ ਦਰਜ ਹੈ। ਸਿਸਰੋ, ਟੈਸੀਤਸ, ਮੈਕੀਵਲੀ ਗੈਲੀਕੋ ਅਤੇ ਥਾਮਸ ਮੋਰ ਆਦਿ ਗੋਸ਼ਟੀਆਂ ਲਿਖਣ ਲਈ ਪ੍ਰਸਿੱਧ ਹਨ। ਵੀਹਵੀਂ ਸਦੀ ਦੇ ਆਰੰਭ ਵਿਚ ਇਹ ਗੋਸ਼ਟੀਆਂ ਵਾਦ ਅਤੇ ਪ੍ਰਤਿਵਾਦ ਦਾ ਰੂਪ ਧਾਰਣ ਕਰ ਗਈਆ।[23]

ਪੁਰਾਤਨ ਪੰਜਾਬੀ ਸਾਹਿਤ ਵਿਚ 'ਗੋਸ਼ਟਾਂ' ਦੀ ਪਰੰਪਰਾ ਅਧਿਆਤਮਕ ਅਤੇ ਰਹੱਸਮਈ ਭੇਦਾਂ ਨੂੰ ਵਿਚਾਰਨ ਲਈ ਆਮ ਪ੍ਰਚਲਿਤ ਸੀ। ਪੰਜਾਬੀ ਸਾਹਿਤ ਵਿਚ ਗੋਸ਼ਟਿ ਪਰੰਪਰਾ ਦਾ ਮੁੱਢ, ਮੂਲ ਰੂਪ ਵਿਚ ਸਿਧਾਂ, ਨਾਥਾਂ, ਜੋਗੀਆਂ ਅਤੇ ਭਗਤੀ ਲਹਿਰ ਦੇ ਮੋਢੀਆਂ ਤੋਂ ਸ਼ੁਰੂ ਹੁੰਦਾ ਹੈ। ਇਹਨਾਂ ਨੂੰ ਗੋਸ਼ਟਾਂ ਨਹੀਂ ਮੰਨਿਆਂ ਜਾਂਦਾ ਪ੍ਰੰਤੂ ਮੁੱਢਲੇ ਵਿਕਾਸ ਪੜਾ ਦੀਆਂ ਮੰਜ਼ਿਲਾਂ ਜ਼ਰੂਰ ਹਨ। ਇਸ ਸਮੇਂ ਦੀਆਂ ਪ੍ਰੱਸਿਧ ਗੋਸ਼ਟਾਂ ਗੋਰਖ ਦੱਤ ਗੋਸ਼ਟਿ, ਮਛੰਦਰ ਗੋਸ਼ਟਿ, ਮਹਾਦੇਵ ਗੋਰਖ ਗੋਸ਼ਟਿ, ਗੋਰਖ ਗਣੇਸ਼ ਗੋਸ਼ਟਿ, ਸ਼੍ਰੀ ਅਬਿਨਾਸੀ ਰਾਮਾਨੰਦ ਦੀ ਗੋਸ਼ਟਿ, ਆਦਿ ਪ੍ਰੱਸਿਧ ਹਨ। ਡਾ. ਬੜਥਵਾਲ ਨੇ 'ਗੋਰਖ ਬਾਣੀ ਵਿਚ' ਇਨ੍ਹਾਂ ਉਪਰੋਕਤ ਗੋਸ਼ਟਾਂ ਦਾ ਜ਼ਿਕਰ ਵੇਰਵੇ ਸਹਿਤ ਦਿੱਤਾ ਹੈ।[24]

ਇਨ੍ਹਾਂ ਸਾਹਿਤਕ ਗੋਸ਼ਟੀਆਂ ਨੂੰ ਲੋਕਾਂ ਵਿਚ ਮਾਨਤਾ ਪ੍ਰਾਪਤ ਹੋਣ ਕਰਕੇ ਇਹ ਬਹੁਤ ਪ੍ਰਚਲਿਤ ਹੋਈਆਂ। ਇਹਨਾਂ ਦਾ ਸਰੇਸ਼ਟ ਮਹੱਤਵ ਇਹ ਹੈ ਕਿ ਕਿਸੇ ਸਿਧਾਂਤ ਜਾਂ ਮਤ ਬਾਰੇ ਬੌਧਿਕ ਦ੍ਰਿਸ਼ਟੀ ਪਖੋਂ ਸੂਖਮ ਤੋਂ ਸੂਖਮ ਨੁਕਤਿਆਂ ਰਾਹੀਂ ਚੰਗੀ ਤਰ੍ਹਾਂ ਵਿਸ਼ਲੇਸ਼ਣ ਹੋ ਕੇ ਨਿਰਣਾ ਸਾਹਮਣੇ ਆ ਜਾਂਦਾ ਹੈ। ਅਜਿਹੇ ਬੌਧਿਕ ਨਿਰਣਿਆਂ ਨਾਲ ਜਗਿਆਸੂ ਨੂੰ ਵਧੇਰੇ ਮਾਨਸਿਕ ਸੰਤੁਸ਼ਟੀ ਮਿਲਦੀ ਹੈ। ਜਦੋਂ ਕੋਈ ਨਵਾਂ ਮਤ ਉਤਪੰਨ ਹੁੰਦਾ ਹੈ ਤਾਂ ਉਸ ਵਿਚਲੇ ਵਿਚਾਰਾਂ ਨੂੰ ਦਾਰਸ਼ਨਿਕਾਂ ਵਲੋਂ ਵੰਗਾਰਿਆਂ ਜਾਂਦਾ ਹੈ ਜਿਸ ਨਾਲ ਇਕ ਨਵਾਂ ਸੰਵਾਦ ਉਤਪੰਨ ਹੁੰਦਾ ਹੈ ਅਤੇ ਉਸ ਮਤ ਵਿਚਲੇ ਸਿਧਾਤਾਂ ਦੀ ਅਰਥ ਸੰਚਾਰਿਕਤਾ ਦਾ ਇਕ ਨਵਾਂ ਦੌਰ ਆਰੰਭ ਹੁੰਦਾ ਹੈ। ਪਰੰਪਰਾਵਾਦੀ ਸੋਚ ਵਾਲੇ ਆਪਣੇ ਧਾਰਮਿਕ ਮਤ ਨੂੰ ਹਰ ਹੀਲੇ ਸਹੀ ਸਿਧ ਕਰਕੇ ਆਪਣੀ ਵਿਚਾਰਧਾਰਾ ਦੀ ਵਕਾਲਤ ਕਰਦੇ ਹਨ। ਇਸ ਤੋਂ ਉਲਟ ਨਵੇਂ ਮਤ ਵਾਲੇ, ਪਰੰਪਰਾਵਾਦੀ ਸੋਚ ਨੂੰ ਨਕਾਰ ਕੇ, ਜਗਿਆਸੂਆਂ ਨੂੰ ਆਪਣੇ ਨਵੇਂ ਮਤ ਨੂੰ ਅਪਨਾਉਣ ਲਈ ਪ੍ਰੇਰਿਤ ਕਰਦੇ ਹਨ। ਇਸੇ ਦਵੰਦ 'ਚੋਂ ਹੀ ਕਈ ਨਵੇਂ ਵਿਚਾਰ ਉਭਰ ਕੇ ਸਾਹਮਣੇ ਆਉਂਦੇ ਹਨ। ਇਸ ਵਿਚਾਰ ਚਰਚਾ ਵਿਚੋਂ ਹੀ ਗੋਸ਼ਟਿ ਪਰੰਪਰਾ ਦਾ ਜਨਮ ਹੋਇਆ ਮੰਨਿਆ ਜਾ ਸਕਦਾ ਹੈ।

**ਗੋਸ਼ਟਾਂ ਅਤੇ ਬਾਣੀ**

ਗੋਸ਼ਟਾਂ ਬਾਰੇ ਅਸੀਂ ਪਹਿਲਾਂ ਵਿਚਾਰ ਕਰ ਆਏ ਹਾਂ ਸੰਖੇਪ ਸ਼ਬਦਾਂ ਵਿਚ ਗੋਸ਼ਟਿ ਵਿਚ ਪ੍ਰਸ਼ਨੋਤਰੀ ਢੰਗ ਨਾਲ ਕਿਸੇ ਇਕ ਮੁੱਖ ਦਾਰਸ਼ਨਿਕ ਮਸਲੇ 'ਤੇ ਵਿਚਾਰ-ਚਰਚਾ ਕਰਦਿਆਂ ਪਰਸਪਰ

ਵਿਰੋਧੀ ਮੱਤਾਂ ਦੇ ਟਕਰਾ ਵਿਚੋਂ ਇਕ ਮੁੱਖ ਸਿੱਟਾ ਕੱਢਿਆ ਜਾਂਦਾ ਹੈ। ਗੋਸ਼ਟਿ ਵਿਚ ਪ੍ਰਸ਼ਨੋਤਰੀ ਉਦੋਂ ਤੱਕ ਚਲਦੀ ਰਹਿੰਦੀ ਹੈ ਜਦੋਂ ਤੱਕ ਵਿਚਾਰ ਅਧੀਨ ਮਸਲੇ ਬਾਰੇ ਮੂਲ ਮੁੱਦੇ ਦਾ ਸਪਸ਼ਟੀਕਰਣ ਨਹੀਂ ਹੋ ਜਾਂਦਾ। ਗੋਸ਼ਟਾਂ ਵਿਚ ਪ੍ਰਸ਼ਨਾਂ ਉੱਤਰਾਂ ਦੀ ਲੜੀ ਲਗਾਤਾਰ ਚਲਦੀ ਰਹਿੰਦੀ ਹੈ, ਹਰ ਪਹਿਲੇ ਪ੍ਰਸ਼ਨ ਵਿਚੋਂ ਦੂਜਾ ਪ੍ਰਸ਼ਨ ਜਨਮ ਲੈਂਦਾ ਹੈ। ਇਸ ਤਰ੍ਹਾਂ ਗੋਸ਼ਟਿ ਵਿਚ ਇਕ ਕੇਂਦਰੀ ਮਸਲੇ ਜਾਂ ਕੇਂਦਰੀ ਵਿਸ਼ੇ ਅਤੇ ਉਸ ਦੇ ਨਿਭਾਅ ਵਿਚ ਇਕਸੁਰਤਾ ਬਣਾਉਣ ਦੀ ਲੋੜ ਹੁੰਦੀ ਹੈ। ਗੋਸ਼ਟਿ ਵਿਚ ਗੋਸ਼ਟਿ ਦੇ ਰਚਨਾਕਾਰ ਭਾਵੇਂ ਦਰਸ਼ਕਾਂ ਜਾਂ ਸਰੋਤਿਆਂ ਦੇ ਸਾਹਮਣੇ ਨਹੀਂ ਆਉਂਦੇ ਪਰ ਫਿਰ ਵੀ ਇਸ ਵਿਚ ਇਕ ਨਾਟਕੀ ਅੰਸ਼ ਜ਼ਰੂਰ ਵਿਦਮਾਨ ਹੁੰਦਾ ਹੈ ਅਤੇ ਭਾਗ ਲੈਣ ਵਾਲੇ ਪਾਤਰ ਹੀ ਪ੍ਰਮੁੱਖ ਹੁੰਦੇ ਹਨ। ਪਾਤਰ ਸਧਾਰਣ ਲੋਕ ਜਗਿਆਸੂ ਜਾਂ ਮੁੱਖ ਪਾਤਰ ਦੇ ਸ਼ਿਸ਼ ਜਾਂ ਚੇਲੇ ਹੁੰਦੇ ਹਨ ਜਿਨ੍ਹਾਂ ਦੇ ਸ਼ੰਕਿਆਂ ਦੀ ਨਵਿਰਤੀ ਮੁੱਖ ਪਾਤਰ ਨੇ ਭਾਵ ਮਹਾਂਪੁਰਸ਼ ਗੁਰੂ ਸਾਧ ਜਾਂ ਸੰਤ ਨੇ ਕਰਨੀ ਹੁੰਦੀ ਹੈ। ਗੋਸ਼ਟਾਂ ਵਿਚ ਜਿਹੜੇ ਪ੍ਰਸ਼ਨ ਕੀਤੇ ਜਾਂਦੇ ਹਨ, ਉਹ ਜਗਿਆਸੂਆਂ ਜਾਂ ਸ਼ਿਸ਼ਾਂ ਵਲੋਂ ਕੀਤੇ ਜਾਂਦੇ ਹਨ ਅਤੇ ਉਨ੍ਹਾਂ ਦੇ ਉੱਤਰ ਗੋਸ਼ਟਿ ਵਿਚਲੇ ਮੁੱਖ ਨਾਇਕ ਵਲੋਂ ਦਿੱਤੇ ਜਾਂਦੇ ਹਨ। ਗੋਸ਼ਟਾਂ ਵਿਚ ਵਿਚਾਰਾਂ ਦਾ ਟਕਰਾਅ ਨਹੀਂ ਹੁੰਦਾ ਜੇਕਰ ਕਿਤੇ ਟਕਰਾਅ ਨਜ਼ਰ ਆਉਂਦਾ ਹੀ ਹੈ ਤਾਂ ਉਸ ਤੋਂ ਬਾਅਦ ਵਿਸ਼ੇ ਦਾ ਸਪਸ਼ਟੀਕਰਣ ਹੋ ਜਾਂਦਾ ਹੈ ਅਤੇ ਸਾਰੇ ਪਾਤਰ ਮੁੱਖ ਪਾਤਰ ਅੱਗੇ ਸਿਰ ਝੁਕਾਉਂਦੇ ਮਹਿਸੂਸ ਹੁੰਦੇ ਹਨ। ਇਸ ਤਰ੍ਹਾਂ ਗੋਸ਼ਟਿ ਵਿਚਲਾ ਮੁੱਖ ਪਾਤਰ ਜੇਤੂ ਨਾਇਕ ਦਾ ਰੂਪ ਧਾਰਨ ਕਰਦਾ ਹੈ।

ਗੋਸ਼ਟਾਂ ਤੋਂ ਬਾਅਦ ਅਸੀਂ ਬਾਣੀ ਬਾਰੇ ਵਿਚਾਰ ਕਰਨੀ ਹੈ। ਬਾਣੀ ਤੋਂ ਭਾਵ ਇਥੇ ਗੁਰੂ ਸਾਹਿਬਾਨ ਦੇ ਮੁਖੋਂ ਉਚਾਰੀ ਅਤੇ ਇਲਾਹੀ ਆਨੰਦ ਪ੍ਰਦਾਨ ਕਰਨ ਵਾਲੀ ਗ੍ਰੰਥ ਸਾਹਿਬ ਵਿਚਲੀ ਗੁਰਬਾਣੀ ਤੋਂ ਹੈ। ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਗੁਰੂ ਅਰਜਨ ਦੇਵ ਜੀ ਨੇ 1604 ਈ. ਵਿਚ ਕੀਤੀ ਅਤੇ ਉਹਨਾਂ ਨੇ ਪੂਰਣ ਪਰਖਣ ਤੋਂ ਬਾਅਦ ਪ੍ਰਮਾਣਿਕ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਵਾਇਆ। ਹੱਥਲੇ ਸ਼ੋਧ-ਪ੍ਰਬੰਧ ਦੇ ਇਸ ਅਧਿਆਏ ਵਿਚ ਅਸੀਂ ਬਾਣੀ ਬਾਰੇ ਇਸ ਕਰਕੇ ਵਿਚਾਰ ਕਰ ਰਹੇ ਹਾਂ ਕਿਉਂਕਿ ਜਨਮਸਾਖੀਆਂ ਅਤੇ ਗੋਸ਼ਟਾਂ ਵਿਚ ਬਹੁਤ ਸਾਰੀ ਅਪ੍ਰਮਾਣਿਕ ਬਾਣੀ ਗੁਰੂ ਨਾਨਕ ਛਾਪ ਹੇਠ ਵਰਤੀ ਹੋਈ ਮਿਲਦੀ ਹੈ। 'ਸਤਿਗੁਰੂ ਬਿਨਾਂ ਹੋਰ ਕੱਚੀ ਹੈ ਬਾਣੀ' ਗੁਰਬਾਣੀ ਦੀ ਇਹ ਤੁਕ ਅਪ੍ਰਮਾਣਿਕ ਬਾਣੀ ਵਲ ਸਿੱਧਾ ਤੇ ਸਪਸ਼ਟ ਇਸ਼ਾਰਾ ਕਰਦੀ ਹੈ। ਗੁਰੂ ਰਾਮਦਾਸ ਜੀ ਦੀ

ਲਿਖੀ ਬਾਣੀ ਤੁਕਾਂ ਤੋਂ ਜਿਥੇ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਉਨ੍ਹਾਂ ਦੇ ਜੀਵਨ ਕਾਲ ਵਿਚ ਕੱਚੀ ਬਾਣੀ ਰਚੀ ਜਾ ਰਹੀ ਸੀ, ਉਥੇ ਉਨ੍ਹਾਂ ਨੇ ਗੁਰੂਆਂ ਦੁਆਰਾ ਰਚੀ ਬਾਣੀ ਨੂੰ ਪ੍ਰਮਾਣਿਕ ਬਾਣੀ ਕਿਹਾ ਹੈ ਜਿਵੇਂ-

ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ॥
ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ
ਸੇ ਕੂੜਿਆਰ ਕੂੜੇ ਝੜਿ ਪੜੀਐ॥[25]

ਉਪਰੋਕਤ ਤੁਕਾਂ ਦੇ ਆਧਾਰ 'ਤੇ ਉਸ ਵੇਲੇ ਗੁਰੂ ਵਿਅਕਤੀਆਂ ਦੀ ਰਚਨਾ ਤੋਂ ਇਲਾਵਾ ਹੋਰ ਝੂਠੀ ਰਚਨਾ ਨੂੰ ਗੁਰਬਾਣੀ ਨਹੀਂ ਮੰਨਿਆਂ ਜਾ ਸਕਦਾ ਸੀ। ਭਾਈ ਗੁਰਦਾਸ ਜੀ ਨੇ ਗੁਰੂ ਅਰਜਨ ਦੇਵ ਜੀ ਦੇ ਭਰਾ ਨੂੰ ਮੀਣੇ ਦੀ ਉਪਾਧੀ ਦਿੱਤੀ ਹੈ।

ਸਤਿਗੁਰ ਸਚਾ ਪਾਤਿਸਾਹੁ ਮੁਹੁ ਕਾਲੈ ਮੀਣਾ।[26]
ਮੀਣਾ ਹੋਆ ਪਿਰਥੀਆ ਕਰਿ ਕਰਿ ਤੋਂਢਕ ਬਰਲੁ ਚਲਾਇਆ। [27]

ਕੇਸਰ ਸਿੰਘ ਛਿੱਬਰ ਨੇ ਵੀ ਮੀਣਿਆ ਦੁਆਰਾ ਗੁਰਬਾਣੀ ਵਿਚ ਮਿਲਾਵਟ ਕਰਨ ਬਾਰੇ ਵਿਸਥਾਰ ਪੂਰਵਕ ਜ਼ਿਕਰ ਕੀਤਾ ਹੈ।

ਮਿਹਰਵਾਨ ਪੁਤ ਪ੍ਰਿਥੀਏ ਦਾ ਕਬੀਸਰੀ ਕਰੇ
ਪਾਰਸੀ ਹਿੰਦਵੀ ਸਹੰਸਕ੍ਰਿਤ ਨਾਲੇ ਗੁਰਮੁਖੀ ਪੜ੍ਹੇ।
ਤਿਨ ਭੀ ਬਾਣੀ ਬਹੁਤ ਬਣਾਈ। ਭੋਗ ਗੁਰੂ ਨਾਨਕ ਜੀ ਦਾ ਹੀ ਪਾਈ।
ਡੂਮ ਲਗੇ ਸਬਦ ਮੀਣਿਆਂ ਦੇ ਗਾਵਨਿ।
ਦੂਯਾ ਦਰਬਾਰ ਵਡਾ ਗੁਰਿਆਈ ਦਾ ਲਗੇ ਬਣਾਵਨਿ।
ਮੀਣਿਆਂ ਭੀ ਪੁਸਤਕੁ ਇਕ ਗ੍ਰੰਥ ਬਣਾਇਆ।
ਚਹੁੰ ਪਾਤਿਸਾਹੀਆਂ ਦੀ ਸਬਦ ਬਾਣੀ ਲਿਖ ਵਿਚਿ ਪਾਇਆ।[28]

ਉਪਰੋਕਤ ਤੋਂ ਕੱਚੀ ਬਾਣੀ ਅਤੇ ਗੁਰੂ-ਬਾਣੀ ਵਿਚ ਨਿਖੇੜਾ ਸਪਸ਼ਟ ਹੋ ਜਾਂਦਾ ਹੈ। ਗੁਰਬਾਣੀ ਦਾ ਨਿਖੇੜਾ ਕਰਨ ਲਈ ਅਤੇ ਵਿਭਿੰਨ ਸੰਤਾਂ ਅਤੇ ਭਗਤਾਂ ਦੀ ਬਾਣੀ ਨੂੰ ਇਕ ਥਾਂ ਇਕੱਠਾ ਕਰਨ ਦੀ ਲੋੜ ਨੇ ਗੁਰੂ ਅਰਜਨ ਦੇਵ ਜੀ ਤੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦਾ ਮਹਾਨ ਕਾਰਜ ਕਰਵਾਇਆ।

ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਵਿਚ ਕੇਵਲ ਇਕ ਹੀ ਗੋਸ਼ਟਿ 'ਸਿਧ ਗੋਸ਼ਟਿ' ਸਿਰਲੇਖ ਹੇਠ ਮਿਲਦੀ ਹੈ। ਇਹ ਗੋਸ਼ਟਿ ਗੁਰੂ ਨਾਨਕ ਦੇਵ ਜੀ ਦੀ ਅਤਿ ਮਹੱਤਵਪੂਰਣ ਬਾਣੀ ਰਚਨਾ ਹੈ। ਇਸ ਬਾਣੀ ਰਚਨਾ ਵਿਚ ਗੁਰੂ ਜੀ ਨੇ ਆਪਣੇ ਤੱਤਕਾਲੀ ਨਾਥ-ਜੋਗੀਆਂ ਨਾਲ ਸਮੇਂ-ਸਮੇਂ ਹੋਏ ਵਿਚਾਰ ਵਟਾਂਦਰਿਆਂ ਜਾਂ ਵਾਦ-ਸੰਵਾਦ ਨੂੰ ਅੰਕਿਤ ਕੀਤਾ ਹੈ।

ਗੁਰੂ ਨਾਨਕ ਦੇਵ ਜੀ ਦਾ ਮੁੱਖ ਮੰਤਵ ਕੇਵਲ ਤੱਤਕਾਲੀਨ, ਸਮਾਜਿਕ, ਧਾਰਮਿਕ ਤੇ ਰਾਜਨੀਤਿਕ ਦਸ਼ਾ ਦੀ ਅਧੋਗਤੀ ਦਾ ਚਿਤਰਣ ਹੀ ਉਘਾੜਨਾ ਨਹੀਂ ਸੀ ਸਗੋਂ ਉਹ ਸਮਾਜ ਦੇ ਮਨੁੱਖਤਾ ਪ੍ਰਤਿ ਨਾਂਹ-ਪੱਖੀ ਜਾਂ ਨਿਰਾਰਥਕ ਭਰੇ ਪੱਖ ਨੂੰ ਬਦਲਣਾ ਚਾਹੁੰਦੇ ਸਨ। ਉਹ ਆਪਣੀ ਬਾਣੀ ਰਚਨਾ ਰਾਹੀਂ ਸਮਾਜ ਸਾਹਮਣੇ ਆਦਰਸ਼ਕ ਕਦਰਾਂ-ਕੀਮਤਾਂ ਦਾ ਸਿਧਾਂਤ ਪੇਸ਼ ਕਰਕੇ, ਮਾਨਵਤਾ ਨੂੰ ਪਰਮੇਸ਼ਰ ਦੀ ਸੱਚੀ ਭਗਤੀ ਦੁਆਰਾ, ਮੁਕਤੀ ਦੇ ਰਾਹ 'ਤੇ ਤੋਰਨ ਦਾ ਸਫ਼ਲ ਉਪਰਾਲਾ ਕਰਦੇ ਹਨ। ਅਜਿਹੀ ਵਿਚਾਰਧਾਰਾ ਗੁਰੂ ਸਾਹਿਬ ਨੂੰ ਸਰਬ ਵਿਆਪਕ ਦ੍ਰਿਸ਼ਟੀ ਦੇ ਧਾਰਨੀ ਮਹਾਂਪੁਰਖ ਦਾ ਬਿੰਬ ਪ੍ਰਦਾਨ ਕਰਦੀ ਹੈ। ਗੁਰੂ ਸਾਹਿਬ ਦੀ ਸਮੁੱਚੀ ਬਾਣੀ ਰਚਨਾ ਵਿਚ ਅਜਿਹੀ ਵਿਸ਼ਵੀ-ਦ੍ਰਿਸ਼ਟੀ, ਜਿਸ ਦਾ ਸਾਰਥਿਕ ਅਤੇ ਤਾਰਕਿਕ ਵੇਗ ਆਪਣੇ ਆਦਰਸ਼ ਦੇ ਸਿਖਰ ਵਲ ਵਹਿੰਦਾ ਸਪਸ਼ਟ ਦੇਖਿਆ ਜਾ ਸਕਦਾ ਹੈ। ਸਿਧ ਗੋਸ਼ਟਿ ਬਾਣੀ ਰਚਨਾ ਵਿਚ ਉਨ੍ਹਾਂ ਨੇ ਉਸ ਸਮੇਂ ਦੇ ਸਿਧਾਂ/ਨਾਥਾਂ /ਜੋਗੀਆਂ ਦੁਆਰਾ ਪ੍ਰਚਲਿਤ ਜੋਗ-ਮੱਤ ਦੇ ਸੰਕਲਪਾਂ ਬਾਰੇ ਨਿਆਂ-ਭਰਪੂਰ ਪ੍ਰਵਚਨਾਂ ਨੂੰ ਸਿਰਜਿਆ ਹੈ।

ਮੱਧਕਾਲ ਵਿਚ ਗੁਰੂ ਸਾਹਿਬ ਦੇ ਵੇਲੇ ਪੰਜਾਬ ਅਤੇ ਸਾਰੇ ਭਾਰਤ ਵਿਚ ਸਿਧਾਂ/ ਨਾਥਾਂ/ਜੋਗੀਆਂ ਦਾ ਬੋਲਬਾਲਾ ਸੀ, ਇਹ ਸਮਾਜ ਨੂੰ ਅਗਵਾਈ ਦੀ ਥਾਂ ਸਮਾਜ 'ਤੇ ਵਾਧੂ ਭਾਰ ਸਨ।

ਇਹ ਆਪਣੇ ਹੱਥੀ ਕੰਮ ਕਾਰ ਨਹੀਂ ਸਨ ਕਰਦੇ ਸਗੋਂ ਆਪਣੀਆਂ ਰਿੱਧੀਆਂ ਸਿੱਧੀਆਂ ਅਤੇ ਕਰਾਮਾਤਾਂ ਦੇ ਆਧਾਰ ’ਤੇ ਆਮ ਲੋਕਾਈ ਨੂੰ ਲੁਟਦੇ ਸਨ। ਜਦੋਂ ਪੰਜਾਬ ’ਤੇ ਬਾਹਰੋਂ ਧਾੜਵੀ ਹਮਲੇ ਕਰ ਰਹੇ ਸਨ ਉਦੋਂ ਇਹ ਸਿਧ ਜੋਗੀ ਸਮਾਜ ਨੂੰ ਤਿਲਾਂਜਲੀ ਦੇ ਕੇ ਜੰਗਲਾਂ ਪਹਾੜਾ ਵਿਚ ਜਾ ਕੇ ਰਹਿਣ ਲਗ ਪਏ। ਭਾਈ ਗੁਰਦਾਸ ਜੀ ਨੇ ਉਸ ਵੇਲੇ ਦੀ ਦਸ਼ਾ ਨੂੰ ਇਉਂ ਚਿਤਰਿਆ ਹੈ:

ਸਿਧ ਛਪਿ ਬੈਠੇ ਪਰਬਤੀ
ਕਉਣੁ ਜਗਤਿ ਕਉ ਪਾਰਿ ਉਤਾਰਾ।[29]

ਗੁਰੂ ਸਾਹਿਬ ਨੇ ਤੱਤਕਾਲੀ ਸਮਾਜਿਕ ਦਸ਼ਾ ਨੂੰ ਬਹੁਤ ਹੀ ਘੋਖਵੀ ਨਜ਼ਰ ਨਾਲ ਵੇਖਿਆ ਅਤੇ ਇਨ੍ਹਾਂ ਸਮਾਜਿਕ ਬੇਤਰਤੀਬੀਆਂ ਨੂੰ ਗਿਆਨ ਮਈ ਪੱਧਰ ’ਤੇ ਠੀਕ ਕਰਨ ਲਈ ਜ਼ੋਰਦਾਰ ਉਪਰਾਲਾ ਕੀਤਾ। ਸਿਧ ਗੋਸ਼ਟਿ ਇਸੇ ਵਿਸ਼ੇ ਤੇ ਚਰਚਾ ਵਿਚ ਆਉਂਦੀ ਹੈ।

ਜੋਗ ਮਾਰਗ ਇਕ ਅਤਿ ਕਠਿਨ ਮਾਰਗ ਸੀ ਜਿਹੜਾ ਕਿ ਨਿੱਜ ਕੇਂਦਰਿਤ ਸੀ ਅਤੇ ਸਮਾਜਿਕ ਭਲਾਈ ਤੋਂ ਕੋਹਾਂ ਦੂਰ ਸੀ। ਗੁਰੂ ਸਾਹਿਬ ਨੇ ਸਿਧਾਂ/ਨਾਥਾਂ/ਜੋਗੀਆਂ ਨਾਲ ਸੰਵਾਦ ਰਚਾ ਕੇ ਉਨ੍ਹਾਂ ਨੂੰ ਨਾਮ ਮਾਰਗ ਦਾ ਰਸਤਾ ਦੱਸਿਆ ਜੋ ਸਹਿਜ ਅਤੇ ਸਰਲ ਸੀ, ਸਮਾਜਿਕ ਜ਼ਿੰਮੇਵਾਰੀਆਂ ਦੇ ਨਾਲ-ਨਾਲ ਇਸ ਮਾਰਗ ’ਤੇ ਚਲਦਿਆਂ ਸਮੂਹ ਪੱਧਰ ਤੇ ਜੀਵਨ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ। ਸਿਧ ਗੋਸ਼ਟਿ ਦੀਆਂ ਕੁਲ 73 ਪਉੜੀਆਂ ਹਨ। ਇਸ ਵਿਚਲੇ ਸੰਵਾਦਕ ਵਿਸ਼ੇ ਨੂੰ ਤਿੰਨ ਭਾਗਾਂ ਵਿਚ ਵੰਡਿਆਂ ਜਾ ਸਕਦਾ ਹੈ। ਪਉੜੀ 2 ਤੋਂ 25 ਤੱਕ ਪ੍ਰਸ਼ਨ ਉੱਤਰ ਹਨ, 26 ਤੋਂ 42 ਪਉੜੀ ਤੱਕ ਗੁਰੂ ਨਾਨਕ ਦੇਵ ਜੀ ਦੇ ਗਿਆਨਮਈ ਪ੍ਰਵਚਨ ਹਨ। ਕੋਈ ਪ੍ਰਸ਼ਨ ਨਹੀਂ ਸਗੋਂ ਗੁਰਮੁਖ ਦੀ ਮਹਿਮਾ ਦਾ ਗਿਆਨ ਹੈ। ਪਉੜੀ ਨੰ. 43 ਤੋਂ 71 ਤੱਕ ਫਿਰ ਪ੍ਰਸ਼ਨ ਉੱਤਰ ਚਲਦੇ ਹਨ ਅਤੇ ਗੰਭੀਰ ਸੰਵਾਦ ਚਰਚਾ ਚਲਦੀ ਹੈ। ਇਥੇ ਜੋਗ ਮੱਤ ਦੇ ਮੁਕਾਬਲੇ ਵਿਚ ਸ਼ਬਦ ਮੱਤ ’ਤੇ ਜ਼ੋਰ ਦਿੱਤਾ ਗਿਆ ਹੈ।

‘ਸਿਧ ਗੋਸ਼ਟਿ ਦੀ ਸੰਵਾਦੀ ਸ਼ੈਲੀ ਵੀ ਸਿਧਾਂ, ਨਾਥਾਂ, ਜੋਗੀਆਂ ਅਤੇ ਜਗਿਆਸੂਆਂ ਨੂੰ ਮੁਕਤੀ ਦਾ ਰਾਹ ਦਰਸਾਉਂਦੀ ਹੈ। ਇਹ ਸੰਵਾਦੀ ਸੁਰ ਵੀ ਜਗਿਆਸੂਆਂ ਨੂੰ ਨਿੱਝ ਤੋਂ ਉਪਰ ਉੱਠਣ ਲਈ ਪ੍ਰੇਰਦੀ ਹੈ ਅਤੇ ਸਮੂਹਿਕ ਮੁਕਤੀ ਦਾ ਰਾਹ ਦਰਸਾਉਂਦੀ ਹੈ’।[30]

ਸਿਧ ਗੋਸ਼ਟਿ ਵਿਚ ਸਿਧਾਂ ਨੇ ਗੁਰੂ ਨਾਨਕ ਨਾਲ ਸੰਵਾਦ ਰਚਾਉਂਦਿਆਂ ਹੋਇਆਂ ਭੌਤਿਕਤਾ ਅਤੇ ਪਰਾਭੌਤਿਕਤਾ ਬਾਰੇ ਇਸ ਤਰ੍ਹਾਂ ਸਵਾਲ ਕੀਤੇ ਹਨ:

ਕਵਨ ਤੁਮੇ ਕਿਆ ਨਾਉ ਤੁਮਾਰਾ
ਕਉਨੁ ਮਾਰਗੁ ਕਉਨੁ ਸੁਆਓ॥
ਸਾਚੁ ਕਹਉ ਅਰਦਾਸਿ ਹਮਾਰੀ ਹਉ ਸੰਤ ਜਨਾ ਬਲਿ ਜਾਓ॥
ਕਹ ਬੈਸਹੁ ਕਹ ਰਹੀਐ ਬਾਲੇ ਕਹ ਆਵਹੁ ਕਹ ਜਾਹੋ॥
ਨਾਨਕੁ ਬੋਲੈ ਸੁਣਿ ਬੈਰਾਗੀ ਕਿਆ ਤੁਮਾਰਾ ਰਾਹੋ॥੨॥[31]

ਤੁਸੀਂ ਕੌਣ ਹੋ? ਤੁਹਾਡਾ ਕੀ ਨਾਂ ਹੈ? ਤੁਹਾਡਾ ਧਾਰਮਿਕ ਮੱਤ ਕੀ ਹੈ? ਕਿਥੇ ਰਹਿੰਦੇ ਹੋ? ਕਿਥੋਂ ਆਏ ਹੋ? ਤੇਰਾ ਧਾਰਮਿਕ ਮਾਰਗ ਕੀ ਹੈ?

ਇਸ ਸੰਵਾਦ ਦੀ ਪਿੱਠ-ਭੂਮੀ ਵਿਚ ਨਾਥਾਂ/ਜੋਗੀਆਂ ਦੀ ਆਪਣੇ ਮੱਤ ਪ੍ਰਤੀ ਇਕ ਕਾਰਜਸ਼ੀਲ ਬੁਨਿਆਦੀ ਸੂਝ ਕਾਰਜਸ਼ੀਲ ਨਜ਼ਰ ਆਉਂਦੀ ਹੈ। ਇਸ ਸੰਵਾਦੀ ਸੁਰ ਵਿਚੋਂ ਨਾਥਾਂ/ਜੋਗੀਆਂ ਦੇ ਮਨਾਂ ਅੰਦਰ ਮਹਾਂ-ਗਿਆਨੀ ਹੋਣ ਦੀ ਹਉਮੈ ਵੀ ਦ੍ਰਿਸ਼ਟੀਗੋਚਰ ਹੋ ਰਹੀ ਹੈ। ਗੁਰੂ ਸਾਹਿਬ ਜੋਗੀਆਂ ਦੁਆਰਾ ਪੁਛੇ ਸਵਾਲਾਂ ਦਾ ਉੱਤਰ ਬਹੁਤ ਹੀ ਠੰਰਮੇ ਅਤੇ ਸਹਿਜ ਢੰਗ ਨਾਲ ਦਿੰਦੇ ਹਨ, ਅਧਿਆਤਮਕ ਚਿੰਤਨ ਉਪਰ ਉਨ੍ਹਾਂ ਦੀ ਮੌਲਿਕ ਪਕੜ, ਉਨ੍ਹਾਂ ਦੁਆਰਾ ਦਿੱਤੇ ਉੱਤਰਾਂ 'ਚੋਂ ਸਹਿਜੇ ਹੀ ਪਛਾਣੀ ਜਾ ਸਕਦੀ ਹੈ :

ਘਟਿ ਘਟਿ ਬੈਸਿ ਨਿਰੰਤਰਿ ਰਹੀਐ ਚਾਲਹਿ ਸਤਿਗੁਰ ਭਾਏ॥
ਸਹਜੇ ਆਏ ਹੁਕਮਿ ਸਿਧਾਏ ਨਾਨਕ ਸਦਾ ਰਜਾਏ॥
ਆਸਣਿ ਬੈਸਣਿ ਥਿਰੁ ਨਾਰਾਇਣੁ ਐਸੀ ਗੁਰਮਤਿ ਪਾਏ॥
ਗੁਰਮੁਖਿ ਬੂਝੈ ਆਪੁ ਪਛਾਣੈ ਸਚੇ ਸਚਿ ਸਮਾਏ॥੩॥[32]

ਸਤਿਗੁਰੂ ਦੇ ਭਾਣੇ ਵਿਚ ਚਲ ਕੇ ਸਦਾ ਉਸ ਵਿਚ ਸਮਾਏ ਰਹੀਦਾ ਹੈ ਤੇ ਉਸ ਪ੍ਰਭੂ ਵਿਚ ਜੁੜੇ ਰਹਿ ਸਕੀਦਾ ਹੈ, ਜੋ ਪ੍ਰਭੂ ਹਰ ਜੀਵ (ਹਰ ਹਿਰਦੇ) ਵਿਚ ਸਮਾਇਆ ਹੋਇਆ ਹੈ। ਪ੍ਰਮਾਤਮਾ ਪੈਗੰਬਰ

ਸਦੀਵੀਂ ਆਸਣ ਵਾਲਾ ਸਥਿਰ ਰਹਿਣ ਵਾਲਾ ਹੈ ਅਤੇ ਹਰ ਥਾਂ ਉਸ ਦਾ ਪਸਾਰਾ ਹੈ। ਇਹ ਮੱਤ ਮੈਂ ਆਪਣੇ ਗੁਰੂ ਤੋਂ ਲਈ ਹੈ।

ਗੁਰੂ ਸਾਹਿਬ ਨੇ ਸਹਿਜ ਭਰੇ ਲਹਿਜ਼ੇ ਵਿਚ ਰਹਿ ਕੇ ਸਿਧਾਂ ਨੂੰ ਆਪਣੀ ਸਹਿਜਤਾ ਭਰੀ ਵਿਚਾਰਧਾਰਾ ਰਾਹੀਂ ਜ਼ਿੰਦਗੀ ਦੇ ਵਿਚਾਰਾਂ ਨੂੰ ਸਹਿਜਤਾ ਵਿਚ ਪੇਸ਼ ਕੀਤਾ ਹੈ। ਇਹ ਨਾਥ ਜੋਗੀ ਮੂਲ ਸਭਿਆਚਾਰ ਨੂੰ ਛੱਡ ਕੇ ਇਕਾਂਤਕ-ਸਭਿਆਚਾਰ ਵਿਚ ਰਹਿੰਦੇ ਸਨ ਅਤੇ ਜੀਵਨ ਦੇ ਅਸਲ ਮਾਪ-ਦੰਡਾਂ ਤੋਂ ਦੂਰ ਹੋ ਕੇ ਭਟਕਣ ਦੇ ਰਾਹ ਵਿਚ ਪੈ ਗਏ ਸਨ। ਸਿਧ/ਨਾਥ /ਜੋਗੀ ਅਜਿਹੇ ਸਹਿਜਤਾ ਭਰਪੂਰ ਉੱਤਰ ਸੁਣ ਕੇ ਹੋਰ ਚਿੰਤਨਮਈ ਹੋ ਜਾਂਦੇ ਹਨ ਤੇ ਹੋਰ ਮਸਲਿਆਂ ’ਤੇ ਗੰਭੀਰ ਪ੍ਰਸ਼ਨ ਕਰਦੇ ਹਨ। ਜਿਵੇਂ- ਦੁਨੀਆਂ ਸਾਗਰ ਦੁਤਰ ਹੈ ਇਸ ਦੁਨੀਆਂ ਤੋਂ ਕਿਵੇਂ ਤਰਿਆ ਜਾ ਸਕਦਾ ਹੈ।[33]

ਗੁਰੂ ਸਾਹਿਬ ਇਸ ਪ੍ਰਸ਼ਨ ਵਿਚਲੇ ਸਵੈ-ਵਿਰੋਧ ਨੂੰ ਆਪਣੀ ਚਿੰਤਨਸ਼ੀਲ ਬੁੱਧੀ ਰਾਹੀਂ ਪਛਾਣ ਲੈਂਦੇ ਹਨ ਅਤੇ ਇਸ ਵਿਚਲੇ ਵਿਰੋਧਾਭਾਸ ਨੂੰ ਦ੍ਰਿਸ਼ਟੀਗੋਚਰ ਕਰਦੇ ਹੋਏ ਆਖਦੇ ਹਨ ਕਿ ਤੁਹਾਡੇ ਵਿਚਾਰ ਵਿਚ ਵਿਰੋਧਾਭਾਸ ਹੈ। ਆਪੇ ਤੁਸੀਂ ਕਹਿੰਦੇ ਹੋ-ਦੁਨੀਆਂ ਦੁਤਰ ਹੈ ਆਪ ਹੀ ਪੁੱਛਦੇ ਹੋ ਇਸ ਤੋਂ ਕਿਵੇਂ ਤਰਿਆ ਜਾ ਸਕਦਾ ਹੈ।[34] ਗੁਰੂ ਸਾਹਿਬ ਦੀ ਚਿੰਤਨਸ਼ੀਲ ਬੁੱਧੀ ਇਸ ਸੰਵਾਦੀ ਸੁਰ ਵਿਚਲੇ ਵਿਰੋਧਾਭਾਸ ਨੂੰ ਪਛਾਣਦੀ ਹੈ। ਇਹ ਅਜਿਹੀ ਪ੍ਰਸਥਿਤੀ ਹੈ ਜਿਸ ਵਿਚ ਮਨੁੱਖ ਕੁਝ ਨਕਾਰਨ ਅਤੇ ਸਵੀਕਾਰਨ ਦੇ ਦਵੰਦ ਵਿਚ ਹੈ। ਗੁਰੂ ਨਾਨਕ ਦੇਵ ਜੀ ਸਿਧਾਂ ਦੇ ਇਸ ਦਵੰਦ ਦਾ ਜਵਾਬ ਬੜੀ ਠਰੰਮੇ ਭਰੀ ਸ਼ਬਦਾਵਲੀ ਵਿਚ ਇਸ ਤਰ੍ਹਾਂ ਦਿੰਦੇ ਹਨ :

> ‘ਹੇ ਸਿੱਧੋ ਤੁਸੀ ਤਾਂ ਸੰਸਾਰ ਤਿਆਗ ਦਿੱਤਾ ਹੈ ਅਤੇ ਆਪਣੇ ਆਪ ਨੂੰ ਮੁਕਤ ਹੋਇਆ ਸਮਝੀ ਬੈਠੇ ਹੋ। ਪਰ ਸਾਡਾ ਮਤ ਹੈ ਕਿ ਸੰਸਾਰ ਵਿਚ ਰਹਿ ਕੇ ਤਿਆਗੀ ਬਣੀਏ। ਆਪਣੀ ਸੁਰਤਿ ਨੂੰ ਸ਼ਬਦ ਨਾਲ ਜੋੜ ਕੇ ਸੰਸਾਰ ਨੂੰ ਤਰਿਆ ਜਾਵੇ। ਜੇ ਨਾਮ ਮਨੁੱਖ ਦਾ ਆਸਰਾ ਬਣੇ ਤਾਂ ਇਹ ਚੰਚਲ ਮਨ ਆਪਣੇ ਅਸਲੀ ਘਰ ਵਿਚ ਟਿਕ ਜਾਂਦਾ ਹੈ’।[35]

ਗੁਰੂ ਨਾਨਕ ਦੇਵ ਜੀ ਮਾਨਵਤਾ ਨੂੰ ਇਕਹਰੀਆਂ ਸਮੱਸਿਆਵਾਂ ਨਾਲ ਘਿਰਿਆ ਨਹੀਂ ਵੇਖਦੇ ਸਗੋਂ ਕਈ ਸਮਾਜਿਕ ਅੰਤਰ-ਵਿਰੋਧਾਂ ਅਤੇ ਹੋਰ ਅਸਤਿਤਵੀ ਸਮੱਸਿਆਵਾਂ ਵਿਚ ਜਕੜਿਆ ਹੋਇਆ ਵੇਖਦੇ ਹਨ। ਉਹ ਇਸ ਵਿਵਾਦੀ ਸੁਰ ਦੀ ਸਮੱਸਿਆ ਦਾ ਹੱਲ ਵੀ ਦੱਸਦੇ ਹਨ ਕਿ ਸੰਸਾਰ ਤਿਆਗ ਵਿਚ ਨਹੀਂ ਸਗੋਂ ਸਮਾਜ ਵਿਚ ਰਹਿ ਕੇ, ਸ਼ਬਦ ਨਾਲ ਜੁੜ ਕੇ, ਸਮਾਜਿਕ ਸਮੱਸਿਆਵਾਂ 'ਤੇ ਕਾਬੂ ਪਾਇਆ ਜਾ ਸਕਦਾ ਹੈ।

ਗੋਰਖ ਦਾ ਚੇਲਾ ਲੋਹਾਰੀਪਾ, ਜੋਗ ਮੱਤ ਨੂੰ ਉਤੱਮ ਦੱਸਦਿਆਂ ਜੋਗੀਆਂ ਦੇ ਕਰਤਵਾਂ ਬਾਰੇ ਜਾਣੂ ਕਰਵਾਉਂਦਾ ਹੈ:

ਹਾਟੀ ਬਾਟੀ ਰਹਹਿ ਨਿਰਾਲੇ ਰੂਖਿ ਬਿਰਖਿ ਉਦਿਆਨੇ॥
ਕੰਦ ਮੂਲੁ ਅਹਾਰੋ ਖਾਈਐ ਅਉਧੂ ਬੋਲੈ ਗਿਆਨੇ॥
ਤੀਰਥਿ ਨਾਈਐ ਸੁਖੁ ਫਲੁ ਪਾਈਐ ਮੈਲੁ ਨ ਲਾਗੈ ਕਾਈ॥
ਗੋਰਖ ਪੂਤੁ ਲੋਹਾਰੀਪਾ ਬੋਲੈ ਜੋਗ ਜੁਗਤਿ ਬਿਧਿ ਸਾਈ॥੭॥[36]

ਨਾਥ/ਜੋਗੀ ਪਿੰਡਾਂ ਅਤੇ ਸਮਾਜਿਕ ਕਾਰ ਵਿਹਾਰਾਂ ਤੋਂ ਦੂਰ ਜੰਗਲਾਂ ਵਿਚ ਵਾਸਾ ਕਰਦੇ ਹਨ ਅਤੇ ਜੜੀਆਂ ਬੂਟੀਆਂ ਖਾ ਕੇ ਗੁਜ਼ਾਰਾ ਕਰਦੇ ਅਤੇ ਸੰਵਾਦਕ ਗਿਆਨ-ਚਰਚਾ ਕਰਦੇ ਹਨ। ਤੀਰਥਾਂ ਤੇ ਇਸ਼ਨਾਨ ਕਰਕੇ ਸੁਖ ਫਲ਼ ਪ੍ਰਾਪਤ ਕਰਦੇ ਹਨ। ਇੰਝ ਪਾਪਾਂ ਦੀ ਮੈਲ ਨਹੀਂ ਲੱਗਦੀ।

ਗੁਰੂ ਸਾਹਿਬ ਉਪਰੋਕਤ ਵਿਚਾਰਾਂ ਦਾ ਉੱਤਰ ਸਹਿਜਮਈ ਅਤੇ ਕਲਾਤਮਕ ਢੰਗ ਨਾਲ ਇਸ ਪ੍ਰਕਾਰ ਦਿੰਦੇ ਹਨ ਕਿ ਇਸ ਦੀ ਪ੍ਰਮਾਣਿਕਤਾ ਵਿਚੋਂ ਸਮਾਜਿਕ ਗਿਆਨ ਅਤੇ ਮਨ ਨੂੰ ਟਿਕਾਉਣ ਦੀ ਠੀਕ ਜੁਗਤੀ ਪ੍ਰਗਟ ਹੁੰਦੀ ਹੈ। ਗੁਰੂ ਸਾਹਿਬ ਦਾ ਵਿਚਾਰ ਹੈ :

ਹਾਟੀ ਬਾਟੀ ਨੀਦ ਨ ਆਵੈ ਪਰ ਘਰਿ ਚਿਤੁ ਨ ਡੋਲਾਈ॥
ਬਿਨੁ ਨਾਵੈ ਮਨੁ ਟੇਕ ਨ ਟਿਕਈ ਨਾਨਕ ਭੂਖ ਨ ਜਾਈ॥
ਹਾਟੁ ਪਟਣੁ ਘਰੁ ਗੁਰੂ ਦਿਖਾਇਆ ਸਹਜੇ ਸਚੁ ਵਾਪਾਰੋ॥
ਖੰਡਿਤ ਨਿਦ੍ਰਾ ਅਲਪ ਅਹਾਰੰ ਨਾਨਕ ਤਤੁ ਬੀਚਾਰੋ॥[37]

ਦੁਨੀਆਂ ਵਿਚ ਰਹਿੰਦਿਆਂ ਕੰਮ ਕਾਜ ਕਰਦਿਆਂ ਸਮਾਜਿਕ ਜੀਵਨ ਤੋਂ ਕਿਨਾਰਾ ਨਾ ਕਰੋ। ਪਰਾਏ ਧਨ ਅਤੇ ਪਰਾਈ ਇਸਤਰੀ ਵਲ ਚਿਤ ਨਾ ਡੁਲਾਉ। ਬਿਨਾਂ ਨਾਮ ਤੋਂ ਮਨ ਸਥਿਰ ਨਹੀਂ ਰਹਿੰਦਾ ਅਤੇ ਨਾ ਹੀ ਇਸ ਦੀ ਤ੍ਰਿਸ਼ਨਾ ਦੂਰ ਹੁੰਦੀ ਹੈ। ਥੋੜਾ ਸੌਣਾ, ਥੋੜਾ ਖਾਣਾ, ਸੰਤੋਖ ਅਤੇ ਸੰਜਮ ਨਾਲ ਦਿਨ ਗੁਜ਼ਾਰ ਕੇ ਰੱਬੀ- ਤੱਤ ਦਾ ਵਿਚਾਰ ਕੀਤਿਆਂ ਮੁਕਤੀ ਮਿਲ ਸਕਦੀ ਹੈ।

ਗੁਰੂ ਸਾਹਿਬ ਦਾ ਇਸ ਤਰ੍ਹਾਂ ਦਾ ਨਜ਼ਰੀਆਂ ਜੋਗੀਆਂ ਨੂੰ ਇਹ ਗਿਆਨ ਕਰਵਾਉਂਦਾ ਹੈ ਕਿ ਸਮਾਜਿਕ ਕਦਰਾਂ-ਕੀਮਤਾਂ ਨੂੰ ਭੁਲਾ ਕੇ ਸਮਾਜਿਕ ਗਿਆਨ ਨੂੰ ਅੱਖੋਂ ਪਰੋਖੇ ਕਰਕੇ, ਫਲ ਸੁੱਖ ਪ੍ਰਾਪਤ ਨਹੀਂ ਹੁੰਦਾ, ਸਗੋਂ ਗੁਰੂ ਸਾਹਿਬ ਇਨ੍ਹਾਂ ਸੰਕਲਪਾਂ ਨੂੰ ਤਿਆਗਣ ਦੀ ਬਜਾਏ ਅਪਨਾਉਣ ਦੀ ਪ੍ਰੋੜਤਾ ਕਰਦੇ ਹਨ। ਉਨ੍ਹਾਂ ਦਾ ਮੱਤ ਹੈ ਕਿ ਸਮਾਜ ਵਿਚ ਰਹਿੰਦਿਆਂ ਸਹਿਜ-ਰੂਪ ਵਿਚ ਨਾਮ ਸ਼ਬਦ ਦਾ ਆਸਰਾ ਲੈ ਕੇ, ਸਮਾਜਿਕ ਜੀਵਨ ਵਿਚ ਵੀ ਅਤੇ ਆਤਮਕ ਮਾਰਗ 'ਤੇ ਵੀ ਨਿਰੰਤਰ ਵਿਕਾਸ ਕੀਤਾ ਜਾ ਸਕਦਾ ਹੈ।

ਨਾਥ/ਜੋਗੀ ਗੁਰੂ ਨਾਨਕ ਦੇਵ ਜੀ ਨੂੰ ਜੋਗ ਮੱਤ ਦੀ ਮਹੱਤਤਾ ਦੱਸ ਕੇ ਉਨ੍ਹਾਂ ਨੂੰ ਜੋਗ ਧਾਰਨ ਕਰਨ ਲਈ ਪ੍ਰੇਰਿਤ ਕਰਦੇ ਹਨ :

ਦਰਸਨੁ ਭੇਖ ਕਰਹੁ ਜੋਗਿੰਦ੍ਰਾ ਮੁੰਦ੍ਰਾ ਝੋਲੀ ਖਿੰਥਾ॥
ਬਾਰਹ ਅੰਤਰਿ ਏਕੁ ਸਰੇਵਹੁ ਖਟੁ ਦਰਸਨ ਇਕ ਪੰਥਾ॥
ਇਨ ਬਿਧਿ ਮਨੁ ਸਮਝਾਈਐ ਪੁਰਖਾ ਬਾਹੁੜਿ ਚੋਟ ਨਾ ਖਾਈਐ॥
ਨਾਨਕੁ ਬੋਲੈ ਗੁਰਮੁਖਿ ਬੂਝੈ ਜੋਗ ਜੁਗਤਿ ਇਵ ਪਾਈਐ॥੯॥[38]

ਉਪਰੋਕਤ ਵਿਚਾਰ ਦੇ ਉੱਤਰ ਪ੍ਰਤਿ ਵਿਚ ਗੁਰੂ ਸਾਹਿਬ ਜੋਗੀਆਂ ਦੇ ਇਸ ਮੱਤ ਨੂੰ ਨਕਾਰਨ ਦੀ ਬਜਾਇ ਸਹਿਜ ਰੂਪ ਵਿਚ ਸ਼ਾਬਦਿਕ ਕਲਾਤਮਕਤਾ ਰਾਹੀਂ ਆਪਣੇ ਸਿਧਾਂਤ ਦਾ ਇਸ ਤਰ੍ਹਾਂ ਨਿਰੂਪਣ ਕਰਦੇ ਹਨ :

ਅੰਤਰਿ ਸਬਦੁ ਨਿਰੰਤਰਿ ਮੁਦ੍ਰਾ ਹਉਮੈ ਮਮਤਾ ਦੂਰਿ ਕਰੀ॥
ਕਾਮੁ ਕ੍ਰੋਧੁ ਅਹੰਕਾਰੁ ਨਿਵਾਰੈ ਗੁਰ ਕੈ ਸਬਦਿ ਸੁ ਸਮਝ ਪਰੀ॥

ਖਿੰਥਾ ਝੋਲੀ ਭਰਿਪੁਰਿ ਰਹਿਆ, ਨਾਨਕ ਤਾਰੈ ਏਕੁ ਹਰੀ॥

ਸਾਚਾ ਸਾਹਿਬੁ ਸਾਚੀ ਨਾਈ ਪਰਖੈ ਗੁਰ ਕੀ ਬਾਤ ਖਰੀ॥[39]

ਗੁਰੂ ਸਾਹਿਬ ਦਾ ਮਿਸ਼ਨ ਸਮਾਜ ਤੋਂ ਭੱਜੇ ਹੋਏ ਇਨ੍ਹਾਂ ਨਾਥਾਂ/ਜੋਗੀਆਂ ਵਿਚ ਮੁੜ ਤੋਂ ਆਤਮ ਵਿਸ਼ਵਾਸ ਤੇ ਨੈਤਿਕ ਸੰਤੁਲਨ ਪੈਦਾ ਕਰਨਾ ਸੀ। ਗੁਰੂ ਸਾਹਿਬ ਦਾ ਇਹ ਮਿਸ਼ਨ ਹੈਨਰੀ ਜੇਮਜ਼ ਦੀ ਪੁਸਤਕ 'The Wings of the Dove' ਵਿਚਲੇ ਵਿਚਾਰਾਂ ਜਿਵੇਂ ਉਦਾਰਤਾ ਭਰੇ ਸੰਤ ਸੰਭਾਵੀ ਕੰਮ, ਕਿਵੇਂ ਪਹਿਲਾਂ ਤੋਂ ਸਵਾਰਥੀ ਲੋਕਾਂ ਵਿਚ ਦੁਬਾਰਾ ਤੋਂ ਆਤਮ ਵਿਸ਼ਵਾਸ ਅਤੇ ਨੈਤਿਕ-ਸੰਤੁਲਨ ਪੈਦਾ ਕਰ ਦਿੰਦੇ ਹਨ।[40] ਦੇ ਸਮਭਾਵੀ ਵਿਚਾਰਾਂ ਵਾਲਾ ਮਿਸ਼ਨ ਸੀ।

ਗੁਰੂ ਨਾਨਕ ਦੇਵ ਜੀ ਨੇ ਜੋਗੀਆਂ ਨਾਲ ਵਿਚਾਰ ਚਰਚਾ ਕਰਦਿਆਂ ਯੋਗ-ਸ਼ਬਦਾਵਲੀ ਦੀ ਵਰਤੋਂ ਕੀਤੀ ਹੈ, ਉਨ੍ਹਾਂ ਨੇ ਸਮਕਾਲੀਨ ਧਾਰਮਿਕ-ਸਮਾਜਿਕ ਸਥਾਪਿਤ ਕਦਰਾਂ-ਕੀਮਤਾਂ ਵਿਚ ਬਹੁਤ ਸਾਰਿਆਂ ਨੂੰ ਨਕਾਰਿਆਂ ਅਤੇ ਜੋਗੀਆਂ ਵਲੋਂ ਉਠਾਏ ਪਰਾਭੌਤਿਕ ਸਿਧਾਤਾਂ ਬਾਰੇ ਸਵਾਲਾਂ ਦੇ ਉੱਤਰ ਇਸ ਤਰ੍ਹਾਂ ਦਿੱਤੇ ਹਨ :

ਆਦਿ ਕਉ ਕਵਨੁ ਬੀਚਾਰੁ ਕਥੀਅਲੇ ਸੁੰਨ ਕਹਾ ਘਰ ਵਾਸੋ॥

ਗਿਆਨ ਕੀ ਮੁਦ੍ਰਾ ਕਵਨ ਕਥੀਅਲੇ ਘਟਿ ਘਟਿ ਕਵਨ ਨਿਵਾਸੋ॥[41]

ਸਿਧ ਗੁਰੂ ਨਾਨਕ ਨੂੰ ਪ੍ਰਸ਼ਨ ਪੁਛਦੇ ਹਨ ਕਿ ਇਸ ਸੰਸਾਰ ਦੇ ਆਦਿ ਬਾਰੇ ਤੁਸੀਂ ਆਪਣਾ ਮੱਤ ਪ੍ਰਗਟ ਕਰੋ। ਉਸ ਵੇਲੇ ਬ੍ਰਹਮ ਦਾ ਵਾਸਾ ਕਿਥੇ ਸੀ? ਗਿਆਨ ਦੀ ਪ੍ਰਾਪਤੀ ਕਿਹੜੀ ਮੁਦ੍ਰਾ ਵਿਚ ਹੈ? ਘਟਿ ਘਟਿ ਜਾਂ ਅੰਤਹਕਰਣ ਵਿਚ ਕੌਣ ਵਿਆਪਕ ਹੈ।

ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ ਸੁੰਨ ਨਿਰੰਤਰਿ ਵਾਸੁ ਲੀਆ॥

ਅਕਲਪਤ ਮੁਦ੍ਰਾ ਗੁਰ ਗਿਆਨੁ ਬੀਚਾਰੀਅਲੇ ਘਟਿ ਘਟਿ ਸਾਚਾ ਸਰਬ ਜੀਆ॥[42]

ਗੁਰੂ ਸਾਹਿਬ ਦੇ ਵਿਚਾਰ ਸੰਜਮ ਭਰਪੂਰ ਹਨ ਉਨ੍ਹਾਂ ਦਾ ਵਿਚਾਰ ਹੈ ਕਿ ਬ੍ਰਹਮ ਉਸ ਵੇਲੇ ਵੀ ਹਰ ਥਾਂ ਵਿਆਪਕ ਸੀ ਜਦੋਂ ਇਥੇ ਸੁੰਨ ਦਾ ਆਲਮ ਸੀ ਭਾਵ ਪ੍ਰਕਿਰਤੀ ਵੀ ਹੋਂਦ ਵਿਚ ਨਹੀਂ ਸੀ ਆਈ। ਪ੍ਰਮਾਤਮਾ ਕਣ-ਕਣ ਵਿਚ ਵਸਿਆ ਹੋਇਆ ਹੈ। ਮਨ ਨੂੰ ਇਕਾਗਰ ਕਰਨ ਦੇ ਨਾਲ ਇਹ

ਕਲਪਨਾ ਰਹਿਤ ਹੋ ਜਾਂਦਾ ਹੈ। ਇਸ ਅਵਸਥਾ ’ਤੇ ਪਹੁੰਚ ਕੇ ਜੀਵ ਨੂੰ ਅਸਲ ਗਿਆਨ ਪ੍ਰਾਪਤ ਹੁੰਦਾ ਹੈ। ਇਸ ਸੰਵਾਦ ਵਿਚੋਂ ਪਾਠਕ/ਸ੍ਰੋਤੇ ਨੂੰ ਜੋਗ-ਸੰਸਾਰ ਤੇ ਗੁਰਬਾਣੀ ਸੰਸਾਰ ਦੇ ਨਿਸ਼ਾਨ ਦ੍ਰਿਸ਼ਟੀਗੋਚਰ ਹੁੰਦੇ ਹਨ। ਇਹਨਾਂ ਨਿਸ਼ਾਨਾਂ ਵਿਚੋਂ ਗੁਰਬਾਣੀ ਸੰਸਾਰ ਦਾ ਸਹਿਜ ਨਿਸ਼ਾਨ ਜਾਂ ਸਹਿਜ ਯੋਗ ਵਧੇਰੇ ਪ੍ਰਭਾਵਿਤ ਕਰਦਾ ਹੈ। ਸਿਧ-ਗੋਸ਼ਟਿ ਦੇ ਪਾਠ ਤੋਂ ਇੰਝ ਮਹਿਸੂਸ ਹੁੰਦਾ ਹੈ ਕਿ ਇਹ ਨਾਥ/ਜੋਗੀ ਇਸ ਪ੍ਰੇਰਣਾ ਨੂੰ ਕਬੂਲ ਕਰਦੇ ਜਾਪਦੇ ਹਨ ਅਤੇ ਗੁਰੂ ਸਾਹਿਬ ਵਲੋਂ ਦਿੱਤੇ ਸਵਾਲਾਂ ਦੇ ਉੱਤਰ ਉਨ੍ਹਾਂ ਨੂੰ ਅਤਿ ਦਾ ਪ੍ਰਭਾਵਿਤ ਵੀ ਕਰਦੇ ਹਨ। ਜੋਗ ਸੰਸਾਰ ਵਿਚ ਜੋਗੀ ਸਾਂਖਯ ਮਤ ਅਨੁਸਾਰ, ਪੁਰਸ਼ ਨੂੰ ਅਨਾਦੀ ਮੰਨਦੇ ਹਨ।[43] ਜੋਗੀ ਇਸ ਸੰਬੰਧੀ ਗੁਰੂ ਨਾਨਕ ਜੀ ਦੇ ਵਿਚਾਰ ਜਾਣਨ ਲਈ ਪ੍ਰਸ਼ਨ ਕਰਦੇ ਹਨ:

> ਕਹਾ ਤੇ ਆਵੈ ਕਹਾ ਇਹੁ ਜਾਵੈ ਕਹਾ ਇਹੁ ਰਹੈ ਸਮਾਈ॥
> ਏਸੁ ਸਬਦ ਕਉ ਜੋ ਅਰਥਾਵੈ ਤਿਸ ਗੁਰ ਤਿਲੁ ਨ ਤਮਾਈ॥
> ਕਿਉ ਤਤੈ ਅਵਿਗਤੈ ਪਾਵੈ ਗੁਰਮੁਖਿ ਲਗੈ ਪਿਆਰੋ॥
> ਆਪੇ ਸੁਰਤਾ ਆਪੇ ਕਰਤਾ ਕਹੁ ਨਾਨਕ ਬੀਚਾਰੋ॥[44]

ਇਹ ਜੀਵ ਕਿਥੋਂ ਆਉਂਦਾ ਹੈ ਤੇ ਕਿਥੇ ਜਾਂਦਾ ਹੈ ? ਇਸ ਬਚਨ ਦਾ ਜੋ ਅਰਥ ਦੱਸੇ ਉਹ ਤ੍ਰਿਸ਼ਨਾ-ਰਹਿਤ ਗੁਰੂ ਹੈ। ਇਕ ਤਰ੍ਹਾਂ ਨਿਰਗੁਣ ਤੱਤ ਦੀ ਪ੍ਰਾਪਤੀ ਹੋਵੇ ? ਗੁਰੂ ਸ਼ਬਦ ਨਾਲ ਪ੍ਰੇਮ ਕਿਸ ਤਰ੍ਹਾਂ ਉਪਜੇ? ਉਹ ਆਪ ਹੀ ਕਰਤਾ ਹੈ ਆਪ ਹੀ ਜਾਨਣਹਾਰ ਹੈ। ਹੇ ਨਾਨਕ ਇਨ੍ਹਾਂ ਵਿਚਾਰਾਂ ਤੇ ਚਾਨਣਾ ਪਾਉ। ਇਸ ਸੰਬੰਧੀ ਗੁਰੂ ਸਾਹਿਬ ਦਾ ਸੰਖੇਪ, ਪ੍ਰਭਾਵਸ਼ਾਲੀ ਤੇ ਤਰਕਮਈ ਉਤੱਰ ਇਸ ਪ੍ਰਕਾਰ ਹੈ:

> ਹੁਕਮੇ ਆਵੈ ਹੁਕਮੇ ਜਾਵੈ ਹੁਕਮੇ ਰਹੈ ਸਮਾਈ॥
> ਪੂਰੇ ਗੁਰ ਤੇ ਸਾਚੁ ਕਮਾਵੈ ਗਤਿ ਮਿਤਿ ਸਬਦੇ ਪਾਈ॥[45]

ਅਰਥਾਤ ਮਨੁੱਖ ਹੁਕਮ ਅਨੁਸਾਰ ਹੀ ਜਨਮ ਲੈਂਦਾ ਹੈ, ਹੁਕਮ ਅਨੁਸਾਰ ਹੀ ਚਲਾ ਜਾਂਦਾ ਹੈ। ਹੁਕਮ ਨਾਲ ਹੀ ਉਸ ਵਿਚ ਸਮਾ ਕੇ ਟਿਕ ਜਾਂਦਾ ਹੈ। ਉਸ ਨਿਰੰਕਾਰ ਦੀ ਗਤੀ ਤੇ ਮਿਣਤੀ ਦਾ ਸ਼ਬਦ ਤੋਂ ਪਤਾ ਲਗਦਾ ਹੈ।

ਸਿਧਾਂ ਦੀ ਸ਼ਬਦਾਵਲੀ ਵਿਚ ਇਕ ਹੋਰ ਵਿਚਾਰ 'ਸੁੰਨ' ਸ਼ਬਦ ਦਾ ਹੈ ਜੋ ਸਿਧ ਗੋਸ਼ਟਿ ਵਿਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਸਿਧ ਗੋਸ਼ਟਿ ਦੀ ਪਉੜੀ 51-52 ਵਿਚ ਇਸ ਸ਼ਬਦ ਬਾਰੇ ਪ੍ਰਸ਼ਨ ਉੱਤਰ ਆਏ ਹਨ ਗੁਰਬਾਣੀ ਵਿਚ ਸ਼ਬਦ 'ਸੁੰਨ ਸਮਾਧਿ' ਵੀ ਆਇਆ ਹੈ ਜਿਸ ਦਾ ਭਾਵ ਉਸ ਸਮਾਧੀ ਤੋਂ ਹੈ ਜਿਸ ਵਿਚ ਮਨ ਫੁਰਨਿਆਂ ਤੋਂ ਰਹਿਤ ਹੋਵੇ। ਗੁਰੂ ਸਾਹਿਬ ਦਾ ਇਸ ਪ੍ਰਤੀ ਦ੍ਰਿਸ਼ਟੀਕੋਣ ਇਸ ਤਰ੍ਹਾਂ ਹੈ :

ਅੰਤਰਿ ਸੁੰਨੰ ਬਾਹਰਿ ਸੁੰਨੰ ਤ੍ਰਿਭਵਣ ਸੁੰਨ ਮਸੁੰਨੰ॥
ਚਉਥੇ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪੁ ਨਾ ਪੁੰਨੰ॥
ਘਟਿ ਘਟਿ ਸੁੰਨ ਕਾ ਜਾਣੈ ਭੇਉ॥
ਆਦਿ ਪੁਰਖੁ ਨਿਰੰਜਨ ਦੇਉ॥[46]

ਗੁਰੂ ਨਾਨਕ ਦੇਵ ਜੀ ਜੋਗੀਆਂ ਨੂੰ ਆਖਦੇ ਹਨ ਕਿ ਤੁਸੀਂ ਆਖਦੇ ਹੋ ਅੰਦਰ ਵੀ ਸੁੰਨ ਹੈ, ਬਾਹਰ ਵੀ ਸੁੰਨ ਹੈ। ਤਿੰਨਾਂ ਲੋਕਾਂ ਵਿਚ ਸੁੰਨ ਹੀ ਸੁੰਨ ਹੈ ਜੋ ਮਨੁੱਖ ਤੁਰੀਯਾ ਅਵਸਥਾ ਦੇ ਸੁੰਨ ਨੂੰ ਜਾਣਦਾ ਹੈ ਉਹ ਪਾਪ ਪੁੰਨ ਤੋਂ ਅਲੋਪ ਹੋ ਜਾਂਦਾ ਹੈ। ਜੋ ਮਨੁੱਖ ਸਾਰੇ ਘਟਾਂ ਵਿਚ ਵਰਤ ਰਹੀ ਸੁੰਨ ਦਾ ਭੇਦ ਸਮਝ ਲੈਂਦਾ ਹੈ ਉਹ ਮਾਇਆ ਰਹਿਤ, ਪ੍ਰਕਾਸ਼ ਸਰੂਪ ਆਦਿ ਪੁਰਖ ਦਾ ਰੂਪ ਹੈ। ਗੁਰੂ ਸਾਹਿਬ ਇਸ ਮਤ ਨੂੰ ਹੋਰ ਸਪਸ਼ਟ ਕਰਦਿਆਂ ਆਖਦੇ ਹਨ ਕਿ :

ਜੋ ਜਨੁ ਨਾਮ ਨਿਰੰਜਨ ਰਾਤਾ॥
ਨਾਨਕ ਸੋਈ ਪੁਰਖੁ ਬਿਧਾਤਾ॥[47]

ਅਰਥਾਤ ਜੋ ਮਨੁੱਖ ਨਿਰੰਜਨ ਨਾਮ ਵਿਚ ਲੱਗਾ ਹੋਇਆ ਹੈ, ਉਹ ਬਿਧਾਤਾ ਪੁਰਖ ਦਾ ਰੂਪ ਹੈ ਭਾਵ ਇਹ ਕਿ ਸੁੰਨ ਦਾ ਧਿਆਨ ਕਰਕੇ ਸੁੰਨ ਦਾ ਰੂਪ ਹੋ ਸਕਦਾ ਹੈ। ਗੁਰੂ ਸਾਹਿਬ ਦੀ ਜੋਗੀਆਂ ਨਾਲ ਉਪਰੋਕਤ ਸੰਬਾਦਕਤਾ ਵਿਚੋਂ ਵੀ ਨਵੀਆਂ ਭਾਵਾਤਮਕ ਦਾਰਸ਼ਨਿਕ ਵਿਆਖਿਆਵਾਂ ਜੋ ਸਮਕਾਲੀਨ ਜੋਗੀਆਂ ਲਈ ਨਵੀਆਂ ਸਨ, ਦ੍ਰਿਸ਼ਟੀਗੋਚਰ ਹੁੰਦੀਆਂ ਹਨ :

ਸੁੰਨੋ ਸੁੰਨੁ ਕਹੈ ਸਭੁ ਕੋਈ।। ਅਨਹਤ ਸੁੰਨੁ ਕਹਾ ਤੇ ਹੋਈ।।

ਅਨਹਤੁ ਸੁੰਨਿ ਰਤੇ ਸੇ ਕੈਸੇ।। ਜਿਸ ਤੇ ਉਪਜੇ ਤਿਸ ਹੀ ਜੈਸੇ।।[48]

ਗੁਰੂ ਸਾਹਿਬ ਦੇ ਇਸ ਸਵਾਲ ਤੋਂ ਜਾਣੂ ਹੋਣ ਲਈ ਹੱਠ-ਯੋਗੀਆਂ ਦੀ ਉਸ ਮਾਨਤਾ ਨੂੰ ਜਾਣਨਾ ਜ਼ਰੂਰੀ ਹੈ ਜਿਸ ਅਨੁਸਾਰ ਉਹ ਮੰਨਦੇ ਹਨ ਕਿ ਜਦੋਂ ਪ੍ਰਾਣ ਹਿਰਦੇ ਵਿਚ ਅਨਹਤ-ਚਕ੍ਰ ਵਿਚ ਹੁੰਦੇ, ਬ੍ਰਹਮ ਗ੍ਰੰਥੀ ਨੂੰ ਵਿੰਨ੍ਹ ਕੇ ਅਗਾਂਹਾਂ ਲੰਘਦੇ ਹਨ ਤਾਂ ਗਹਿਣਿਆਂ ਦੀ ਛਣਕਾਰ ਵਰਗੀ ਮਿੱਠੀ ਮਿੱਠੀ ਅਵਾਜ਼ ਸੁਣਦੀ ਹੈ। ਉਹ ਪਹਿਲਾਂ ਸ਼ੂਨਯ ਹਿਰਦੇ ਵਿਚ ਮੰਨਦੇ ਹਨ। ਇਸੇ ਤਰ੍ਹਾਂ ਜਦੋਂ ਵਿਸ਼ੁੱਧੀ ਚਕ੍ਰ ਨੂੰ ਲੰਘ ਕੇ ਪ੍ਰਾਣ, ਵਿਸ਼ਨੂੰ ਗ੍ਰੰਥੀ ਨੂੰ ਵਿਨੰ੍ਹਦੇ ਹਨ ਅਤੇ ਸੰਘ ਦੇ ਅਤੀ- ਸ਼ੂਨਯ ਵਿਚ ਪੁਜਦੇ ਹਨ ਤਾਂ ਭੇਰੀ ਦੀ ਅਵਾਜ਼ ਸੁਣਦੀ ਹੈ। ਜਦੋਂ ਪ੍ਰਾਣ ਭਰਵੱਟਿਆਂ ਦੇ ਵਿਚਕਾਰ ਆਗਿਆ ਚਕ੍ਰ ਲੰਘ ਕੇ ਰੁਦ੍ਰ ਗ੍ਰੰਥੀ ਨੂੰ ਵਿੰਨ੍ਹਦੇ ਹਨ ਤਾਂ ਇਕ ਪ੍ਰਕਾਰ ਦੇ ਢੋਲ ਦੀ ਅਵਾਜ਼ ਸੁਣਦੀ ਹੈ। ਫਿਰ ਜਦੋਂ ਪ੍ਰਾਣ ਦੇਵ-ਸਥਾਨ ਵਿਚ ਅਪੜਦੇ ਹਨ ਤਾਂ ਵੀਣਾ ਦੀ ਅਵਾਜ਼ ਆਉਂਦੀ ਹੈ। ਸੰਘ ਵਿਚ ਅਤੀ- ਸੂਨਯ ਹੈ ਅਤੇ ਭਰਵੱਟਿਆਂ ਵਿਚਕਾਰ ਮਹਾਂਸੂਨਯ ਹੈ। ਜਦੋਂ ਚਿਤ ਧੇਯ ਨਾਲ ਇਕ ਚਿਤ ਹੋ ਜਾਂਦਾ ਹੈ ਤਾਂ ਜੋਗੀ ਈਸ਼ਵਰ ਉਤਪੱਤੀ ਤੇ ਸੰਘਾਰ ਕਰਤਾ ਹੋ ਜਾਂਦਾ ਹੈ।[49]

ਗੁਰੂ ਨਾਨਕ ਦੇਵ ਜੀ ਜੋਗੀਆਂ ਨੂੰ ਪੁਛਦੇ ਹਨ ਤੁਸੀਂ ਸਾਰੇ ਹਿਰਦੇ ਸੰਘ ਅਤੇ ਭਰਵੱਟਿਆਂ ਦੇ ਵਿਚਕਾਰ ਸ਼ੂਨਯ, ਅਤੀ-ਸੂਨਯ ਅਤੇ ਮਹਾਂ-ਸੂਨਯ ਦਾ ਅਸਥਾਨ ਦਸਦੇ ਹੋ, ਨਾਲੇ ਉਥੇ ਅਨਹਤ ਸ਼ਬਦ ਸੁਣਦੇ ਹੋ ਅਤੇ ਕਹਿੰਦੇ ਹੋ ਕਿ ਸੁਣਨ ਵਾਲਾ ਈਸ਼ਵਰ ਦੀਆਂ ਕਲਾਵਾਂ ਪ੍ਰਾਪਤ ਕਰ ਲੈਂਦਾ ਹੈ। ਇਹ ਦੱਸੋ ਕਿ ਸ਼ੂਨਯ ਵਿਚੋਂ ਸ਼ਬਦ ਕਿਵੇਂ ਪੈਦਾ ਹੋ ਸਕਦਾ ਹੈ? ਗੁਰੂ ਸਾਹਿਬ ਇਸ ਮਤ ਪ੍ਰਤੀ ਆਪਣਾ ਸਿਧਾਂਤ ਇਸ ਪ੍ਰਕਾਰ ਦੱਸਦੇ ਹਨ :

ਓਇ ਜਨਮਿ ਨ ਮਰਹਿ ਨ ਆਵਹਿ ਜਾਹਿ।।

ਨਾਨਕ ਗੁਰਮੁਖਿ ਮਨੁ ਸਮਝਾਹਿ।।[50]

ਜੋ ਗੁਰੂ-ਸ਼ਬਦ ਦੁਆਰਾ ਮਨ ਨੂੰ ਸਮਝਾ ਕੇ ਉਸ ਦਾ ਅਗਿਆਨ ਦੂਰ ਕਰ ਦਿੰਦੇ ਹਨ, ਉਹ ਨਾ ਜੰਮਦੇ ਹਨ, ਨਾ ਮਰਦੇ ਹਨ ਤੇ ਨਾ ਹੀ ਆਵਾਗਮਨ ਵਿਚ ਭਟਕਦੇ ਹਨ।

ਉਪਰੋਕਤ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਸਾਹਿਬ ਅਤੇ ਸਿਧਾਂ ਦੇ ਸਾਧਨਾ ਅਤੇ ਤਰੀਕਿਆਂ ਵਿਚ ਅੰਤਾਂ ਦਾ ਫਰਕ ਸੀ। ਸਿਧਾਂ ਦਾ ਵਿਚਾਰ ਸੀ ਕਿ ਸੰਸਾਰਕ ਜੀਵਨ ਗੁਜ਼ਾਰਦਿਆਂ ਭਾਵ ਗ੍ਰਿਹਸਥ ਜੀਵਨ ਵਿਚ ਰਹਿ ਕੇ ਕਾਰ-ਵਿਹਾਰ ਕਰਦਿਆਂ ਜੋਗ ਨਹੀਂ ਸਾਧਿਆ ਜਾ ਸਕਦਾ। ਇਸ ਲਈ ਨਾਥ/ਜੋਗੀ/ਸਿਧ ਪਹਾੜਾਂ ਦੀਆਂ ਗੁਫਾਵਾਂ ਵਰਗੀਆਂ ਇਕਾਂਤਮਈ ਥਾਵਾਂ ਤੇ ਜੋਗ-ਸਾਧਨਾ ਕਰਨੀ ਉਚਿਤ ਸਮਝਦੇ ਸਨ। ਪਰੰਤੂ ਇਸ ਤੋਂ ਉਲਟ ਗੁਰੂ ਸਾਹਿਬ ਦੀ ਤਾਰਕਿਕ ਸੋਚ ਇਹ ਦਰਸਾਉਂਦੀ ਹੈ ਕਿ :

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥
ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ॥
ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕੁ ਤਾ ਕਾ ਦਾਸੋ॥[51]

ਗੁਰੂ ਨਾਨਕ ਦੇਵ ਜੀ ਜੋਗੀਆਂ ਨੂੰ ਤਰਕਮਈ ਸ਼ਬਦਾਵਲੀ, ਕਮਲ ਤੇ ਮੁਰਗਾਬੀ ਦੀ ਉਦਾਹਰਣ ਦੇ ਕੇ ਇਹ ਸਮਝਾਉਂਦੇ ਹਨ ਕਿ ਇਸੇ ਤਰ੍ਹਾਂ ਸੰਸਾਰ ਵਿਚ ਵਿਚਰਦੀ ਹੋਈ ਆਤਮਾ, ਸੰਸਾਰਕ ਧੰਦਿਆਂ ਤੋਂ ਨਿਰਲੇਪ ਰਹਿ ਕੇ, ਸੁਰਤਿ ਸ਼ਬਦ ਦੇ ਸਹਾਰੇ ਭਵ-ਸਾਗਰ ਨੂੰ ਤਰ ਜਾਂਦੀ ਹੈ। ਸਾਰੀਆਂ ਆਸ਼ਾਵਾ ਉਸ ਦੇ ਮਨ ਵਿਚੋਂ ਨਿਕਲ ਜਾਂਦੀਆਂ ਹਨ, ਜੋ ਆਪ ਪਰਮਾਤਮਾ ਦੀ ਅਗੋਚਰਤਾ (ਜੋ ਇੰਦ੍ਰੀਆਂ ਦਾ ਵਿਸ਼ਾ ਨਹੀਂ) ਨੂੰ ਅਨੁਭਵ ਕਰ ਲਵੇ ਅਤੇ ਦੂਜਿਆਂ ਨੂੰ ਅਨੁਭਵ ਕਰਵਾ ਸਕੇ ਨਾਨਕ ਉਸ ਦਾ ਦਾਸ ਹੈ। ਇਸ ਤਰ੍ਹਾਂ ਸਮਕਾਲੀਨ ਅਵਸਥਾ ਤੇ ਇਨ੍ਹਾਂ ਜੋਗੀਆਂ/ਨਾਥਾਂ ਦੀ ਵਿਚਾਰਧਾਰਾ ਦੇ ਉਲਟ ਗੁਰੂ ਨਾਨਕ ਦੇਵ ਜੀ ਦੀ ਇਹ ਸੋਚ ਪ੍ਰਮਾਣਿਕ ਅਧਿਆਤਮਕ ਮਾਰਗ ਦੀ ਲਖਾਇਕ ਹੈ ਜੋ ਤਤਕਾਲੀ ਪ੍ਰਸਥਿਤੀਆਂ ਵਿਚ ਇਕ ਨਵੀਂ ਵਿਚਾਰਧਾਰਾ ਤੇ ਨਵੀਂ ਸੋਚ ਨੂੰ ਜਨਮ ਦੇਂਦੀ ਮਾਲੂਮ ਹੁੰਦੀ ਹੈ।

ਜੋਗੀ ਹੋਰ ਉਤਸੁਕਤਾ ਨਾਲ ਗੁਰੂ ਸਾਹਿਬ ਤੋਂ 'ਸ਼ਬਦ' ਦੇ ਮਹੱਤਵ ਜਾਂ ਉਸ ਬਾਰੇ ਸਪਸ਼ਟੀਕਰਣ ਲਈ ਸਵਾਲ ਪੁੱਛਦੇ ਹਨ :-

ਸੁ ਸਬਦ ਕਾ ਕਹਾ ਵਾਸੁ ਕਥੀਅਲੇ ਜਿਤੁ ਤਰੀਐ ਭਵਜਲੁ ਸੰਸਾਰੋ॥

ਤ੍ਰੈ ਸਤ ਅੰਗੁਲ ਵਾਈ ਕਹੀਐ ਤਿਸੁ ਕਹੁ ਕਵਨੁ ਅਧਾਰੋ॥

ਬੋਲੈ ਖੇਲੈ ਅਸਥਿਰੁ ਹੋਵੈ ਕਿਉ ਕਰਿ ਅਲਖੁ ਲਖਾਏ॥[52]

ਉਸ ਸ਼ਬਦ ਦਾ ਜਿਸ ਵਿਚ ਮਨ ਜੋੜ ਕੇ ਸੰਸਾਰ-ਸ਼ਾਗਰ ਤਰ ਜਾਈਏ, ਕਿਥੇ ਵਾਸਾ ਹੈ? ਦਸ ਉਂਗਲ ਸਵਾਸ ਜਦੋਂ ਬਾਹਰ ਜਾਂਦਾ ਹੈ, ਦੱਸੋ ਉਸ ਦਾ ਆਧਾਰ ਕਿਹੜਾ ਹੈ? ਜਿਹੜਾ ਮਨ ਇਧਰ ਉਧਰ ਖੇਲਦਾ ਹੈ (ਭਟਕਦਾ ਹੈ) ਉਹ ਮਨ ਕਿਸ ਤਰ੍ਹਾਂ ਟਿਕ ਜਾਏ ਤੇ ਅਲਖ ਪਰਮਾਤਮਾ ਨੂੰ ਜਾਣ ਲਏ? ਗੁਰੂ ਸਾਹਿਬ ਆਪਣੇ ਸਹਿਜ -ਮਾਰਗ ਰਾਹੀਂ ਉਪਰੋਕਤ ਸਵਾਲਾਂ ਦਾ ਉੱਤਰ ਇਸ ਤਰ੍ਹਾਂ ਦਿੰਦੇ ਹਨ :

ਸੁ ਸਬਦ ਕਉ ਨਿਰੰਤਰਿ ਵਾਸੁ ਅਲਖੰ ਜਹ ਦੇਖਾ ਤਹ ਸੋਈ॥

ਪਵਨ ਕਾ ਵਾਸਾ ਸੁੰਨ ਨਿਵਾਸਾ ਅਕਲ ਕਲਾ ਧਰ ਸੋਈ॥

ਨਦਰਿ ਕਰੇ ਸਬਦੁ ਘਟ ਮਹਿ ਵਸੈ ਵਿਚਹੁ ਭਰਮੁ ਗਵਾਏ॥

ਤਨੁ ਮਨੁ ਨਿਰਮਲੁ ਨਿਰਮਲ ਬਾਣੀ ਨਾਮੁੋ ਮੰਨਿ ਵਸਾਏ॥

ਸਬਦਿ ਗੁਰੂ ਭਵਸਾਗਰੁ ਤਰੀਐ ਇਤ ਉਤ ਏਕੋ ਜਾਣੈ॥

ਚਿਹਨੁ ਵਰਨੁ ਨਹੀ ਛਾਇਆ ਮਾਇਆ ਨਾਨਕ ਸਬਦੁ ਪਛਾਣੈ॥[53]

ਉਹ ਸ਼ਬਦ (ਨਿਰੰਤਰ) ਬਿਨਾਂ ਵਿੱਥ ਤੋਂ ਹਰ ਥਾਂ ਵਿਆਪਕ ਹੈ। ਪਰ ਉਹ ਲਿਖਿਆ ਨਹੀਂ ਜਾਂਦਾ। ਫਿਰ ਵੀ ਮੈਂ ਜਿਧਰ ਵੇਖਦਾ ਹਾਂ ਉਹੋ ਦਿਸਦਾ ਹੈ। ਜਿਸ ਤਰ੍ਹਾਂ ਹਵਾ ਹਰ ਥਾਂ ਭਰਪੂਰ (ਮੌਜੂਦ) ਹੈ ਇਸ ਤਰ੍ਹਾਂ ਸੁੰਨ (ਪਰਮਾਤਮਾ ਦੀ ਮੌਜੂਦਗੀ) ਹਰ ਥਾਂ ਹੈ।

ਪਰਮਾਤਮਾ ਦੀ ਮਿਹਰ ਹੋਵੇ ਤਾਂ ਸ਼ਬਦ (ਨਾਮ) ਅੰਤਰ-ਆਤਮਾ ਵਿਚ ਵਸਦਾ ਹੈ ਅਤੇ ਮਨ ਵਿਚੋਂ ਸਾਰੇ ਭਰਮ ਦੂਰ ਹੋ ਜਾਂਦੇ ਹਨ। ਜਦੋਂ ਸ਼ਬਦ (ਨਾਮ) ਮਨ ਵਿਚ ਵਸ ਜਾਂਦਾ ਹੈ ਤਾਂ ਤਨ ਤੇ ਮਨ ਪਵਿੱਤਰ ਹੋ ਜਾਂਦੇ ਹਨ। ਜੋ ਗੁਰੂ ਦੇ ਸ਼ਬਦ ਨੂੰ ਬੁੱਝ ਕੇ ਇਥੇ ਅਤੇ ਅੱਗੇ ਇਕੋ ਕਰਕੇ ਜਾਣਦਾ ਹੈ ਉਹ ਸੰਸਾਰ-ਸਾਗਰ ਨੂੰ ਤਰ ਜਾਂਦਾ ਹੈ।

ਉਸ (ਪਰਮਾਤਮਾ) ਦਾ ਨਾ ਕੋਈ ਚਿੰਨ੍ਹ ਹੈ, ਨਾ ਰੰਗ ਹੈ, ਜਿਸ ਉਤੇ ਮਾਇਆ ਦਾ ਪਰਛਾਵਾ ਨਹੀਂ ਉਸ ਨੂੰ ਸ਼ਬਦ (ਨਾਮ) ਦੇ ਰੂਪ ਵਿਚ (ਨਾਨਕ) ਪਛਾਣ ਲੈਂਦਾ ਹੈ।

ਉਪਰੋਕਤ ਸਵਾਲਾਂ ਦੇ ਸੰਦਰਭ ਵਿਚ ਜੋਗੀਆਂ ਦੇ ਮਨਾਂ ਵਿਚ ਹੋਰ ਸਵਾਲ ਉਠਦੇ ਹਨ :

ਕਵਣ ਮੂਲੁ ਕਵਣ ਮਤਿ ਵੇਲਾ॥

ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ॥

ਕਵਣ ਕਥਾ ਲੇ ਰਹਹੁ ਨਿਰਾਲੇ॥

ਬੋਲੈ ਨਾਨਕੁ ਸੁਣਹੁ ਤੁਮ ਬਾਲੇ॥

ਏਸੁ ਕਥਾ ਕਾ ਦੇਇ ਬੀਚਾਰੁ॥

ਭਵਜਲੁ ਸਬਦਿ ਲੰਘਾਵਣਹਾਰੁ॥[54]

ਜੀਵਨ ਦਾ ਆਰੰਭ ਕਿਥੋਂ ਹੁੰਦਾ ਹੈ? ਹੁਣ ਕਿਹੜੇ ਧਰਮ ਦਾ ਵੇਲਾ ਹੈ? ਉਹ ਕਿਹੜਾ ਗੁਰੂ ਹੈ ਜਿਸ ਦੇ ਤੁਸੀਂ ਚੇਲੇ ਹੋ? ਤੁਸੀਂ ਕਿਸ ਦਾ ਜ਼ਿਕਰ ਅੰਦਰ ਵਸਾ ਕੇ, ਜਗਤ ਤੋਂ ਅਲੇਪ ਰਹਿੰਦੇ ਹੋ? ਸ਼ਬਦ ਸੰਸਾਰ ਤੋਂ ਕਿਵੇਂ ਪਾਰ ਲੰਘਾਉਂਦਾ ਹੈ? ਇਸ ਹਾਲ ਨੂੰ ਸਮਝਾ ਦਿਓ।

ਗੁਰੂ ਨਾਨਕ ਦੇਵ ਜੀ ਤਰਕਮਈ ਵਿਚਾਰਧਾਰਾ ਅਤੇ ਆਪਣੇ ਅਧਿਆਤਮਕ ਅਨੁਭਵ ਅਨੁਸਾਰ ਉੱਤਰ ਦਿੰਦੇ ਹਨ :

ਪਵਨ ਅਰੰਭੁ ਸਤਿਗੁਰ ਮਤਿ ਵੇਲਾ॥

ਸਬਦੁ ਗੁਰੂ ਸੁਰਤਿ ਧੁਨਿ ਚੇਲਾ॥

ਅਕਥ ਕਥਾ ਲੇ ਰਹਉ ਨਿਰਾਲਾ॥

ਨਾਨਕ ਜੁਗਿ ਜੁਗਿ ਗੁਰ ਗੋਪਾਲਾ॥

ਏਕੁ ਸਬਦੁ ਜਿਤੁ ਕਥਾ ਵੀਚਾਰੀ॥

ਗੁਰਮੁਖਿ ਹਉਮੈ ਅਗਨਿ ਨਿਵਾਰੀ॥[55]

ਸਵਾਸਾਂ ਤੋਂ ਜੀਵਨ ਦਾ ਆਰੰਭ ਹੁੰਦਾ ਹੈ। ਸਤਿਗੁਰ ਦੇ ਦੱਸੇ ਧਰਮ ਦਾ ਸਮਾਂ ਹੈ। ਸ਼ਬਦ ਗੁਰੂ ਹੈ ਸ਼ਬਦ ਦੀ ਧੁਨੀ ਵਿਚ ਸੁਰਤਿ ਟਿਕਾਈ ਮੈਂ ਉਸਦਾ ਚੇਲਾ ਹਾਂ। ਪਰਮਾਤਮਾ ਦਾ ਸਿਮਰਨ ਮਨ ਵਿਚ ਧਾਰ ਕੇ ਮੈਂ ਸੰਸਾਰ ਤੋਂ ਅਲੇਪ ਰਹਿੰਦਾ ਹਾਂ।

ਜੁਗੋ ਜੁਗ ਪਰਮਾਤਮਾ (ਗੋਪਾਲਾ) ਹੀ ਗੁਰੂ ਹੈ। ਜਿਸ ਨੇ ਇਕ ਨਾਮ ਦੀ ਕਥਾ ਦਾ ਵਿਚਾਰ ਕੀਤਾ। ਗੁਰੂ ਦੇ ਸ਼ਬਦ ਨੇ ਉਸ ਦੀ ਹਉਮੈਂ ਦੀ ਅੱਗ ਬੁਝਾ ਦਿੱਤੀ ਅਰਥਾਤ ਸ਼ਬਦ ਦੇ ਸਹਾਰੇ ਹਉਮੈਂ ਦੀ ਅੱਗ ਨੂੰ ਬੁਝਾ ਕੇ ਇਸ ਸੰਸਾਰ ਨੂੰ ਪਾਰ ਕਰ ਲਈਦਾ ਹੈ।

ਉਪਰੋਕਤ ਕਥਨਾਂ ਤੋਂ ਸਿੱਧ ਹੁੰਦਾ ਹੈ ਕਿ ਜੋਗੀਆਂ/ਨਾਥਾਂ ਦੇ ਪ੍ਰਸ਼ਨ ਕਾਫ਼ੀ ਜਟਿਲ ਜਾਪਦੇ ਹਨ, ਪਰੰਤੂ ਗੁਰੂ ਨਾਨਕ ਦੇਵ ਜੀ ਜਿਸ ਬੌਧਿਕਤਾ ਭਰਪੂਰ, ਆਪਣੇ ਸਮਾਜਿਕ ਅਨੁਭਵ ਅਧਾਰਿਤ ਸ਼ਬਦਾ ਰਾਹੀਂ, ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਦਿੰਦੇ ਹਨ ਉਹ ਇਤਨੇ ਸਹਿਜ ਅਤੇ ਤਰਕਮਈ ਹਨ ਕਿ ਇਨ੍ਹਾਂ ਉੱਤਰਾਂ ਦੀ ਸੱਚਾਈ ਨੂੰ ਮੰਨਣ ਤੋਂ ਇਲਾਵਾਂ ਨਾਥਾਂ/ਜੋਗੀਆਂ ਕੋਲ ਹੋਰ ਕੋਈ ਚਾਰਾ ਨਹੀਂ ਸੀ। ਗੁਰੂ ਸਾਹਿਬ ਨੇ ਦੇਹ-ਧਾਰੀ ਗੁਰੂ ਦੀ ਪਰੰਪਰਾ ਨੂੰ ਨਕਾਰ ਕੇ ਸ਼ਬਦ ਗੁਰੂ ਦੇ ਲੜ ਲਗਣ ਦੀ ਗੱਲ ਕਹੀ ਜੋ ਤੱਤਕਾਲੀਨ ਪ੍ਰਸਥਿਤੀਆਂ ਵਿਚ ਬਹੁਤ ਵੱਡਾ ਪਰਿਵਰਤਨ ਸੀ। ਗੁਰੂ ਜੀ ਦੀ ਇਹ ਸਮਾਜਿਕ -ਅਨੁਭਵ ਅਧਾਰਿਤ ਵਿਵੇਕਸ਼ੀਲ ਸੋਚ ਸੀ।

ਗੁਰੂ ਸਾਹਿਬ ਦੁਆਰਾ ਦਿੱਤੀ 'ਸ਼ਬਦ' ਦੀ ਧਾਰਨਾ ਉਨ੍ਹਾਂ ਦੇ ਸਮਾਜਿਕ- ਅਨੁਭਵ 'ਤੇ ਅਧਾਰਿਤ ਸੀ। ਗੁਰੂ ਸਾਹਿਬ ਨੇ ਇਹ ਜਾਣ ਲਿਆ ਸੀ ਕਿ ਇਹ ਲੋਕ ਆਪਣੇ ਭੇਖ ਦਾ ਖਟਿਆ ਜਾਂ ਰਿਧੀਆਂ, ਸਿਧੀਆਂ ਤੇ ਚਮਤਕਾਰਾਂ ਦਾ ਖਟਿਆ ਖਾਂਦੇ ਹਨ। ਉਹ ਭੋਲੇ-ਭਾਲੇ ਲੋਕਾਂ ਨੂੰ ਆਪਣੇ ਜਾਲ ਵਿਚ ਫਸਾ ਕੇ ਉਨ੍ਹਾਂ ਦੇ ਗੁਰੂ ਬਣ ਬੈਠਦੇ ਹਨ। ਗੁਰੂ ਸਾਹਿਬ ਦਾ 'ਸ਼ਬਦ' ਗੁਰੂ ਨੂੰ ਗੁਰੂ ਮੰਨਣਾ ਲੋਕ ਹਿਤਕਾਰੀ ਸੀ। ਇਹ ਇਕ ਨਿਵੇਕਲਾ ਤੇ ਸੰਸਥਾਵਾਂ ਦਾ ਸੰਗਠਨਾਤਮਕ ਰਾਹ ਸੀ। ਕਿਉਂਕਿ ਦੇਹਧਾਰੀ ਸਰਬ-ਪ੍ਰਵਾਨ ਨਹੀਂ ਹੋ ਸਕਦਾ ਜਦੋਂ ਕਿ ਅਨੁਭਵੀ ਪਰਮਾਰਥਕ-ਗਿਆਨ (ਸ਼ਬਦ ਗੁਰੂ) ਇਨ੍ਹਾਂ ਕਮੀਆਂ ਤੇ ਊਣਤਾਈਆਂ ਤੋਂ ਉਪਰ ਹੁੰਦਾ ਹੈ। ਮੱਧਕਾਲੀ ਸਮਾਜ ਵਿਚ ਅਖੌਤੀ (ਨਾਥਾਂ/ਜੋਗੀਆਂ-ਗੁਰੂ ਗੋਰਖ ਨਾਥ, ਗੁਰੂ ਮਛੰਦਰ ਨਾਥ ਆਦਿ) ਗੁਰੂਆਂ ਨੇ ਗਲਬਾ ਪਾਇਆ ਹੋਇਆ ਸੀ। ਗੁਰੂ ਸਾਹਿਬ ਦੀ ਤਰਕਵਾਦੀ ਸੋਚ ਨੇ, ਅਮਲੀ ਜਾਂ ਅਭਿਆਸੀ ਤੌਰ 'ਤੇ ਇਹ ਅਨੁਭਵ ਕਰ ਲਿਆ ਸੀ, ਕਿ 'ਸ਼ਬਦ' ਗੁਰੂ ਦੀ ਧਾਰਨਾ ਨੇ ਵਿਅਕਤੀ ਪੂਜਾ ਤੋਂ ਬਾਅਦ ਪੈਦਾ ਹੋਣ ਵਾਲੀਆਂ ਸਮਾਜਿਕ-ਗੁੰਝਲਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਸਿਧਾਂ/ਨਾਥਾਂ ਦੁਆਰਾ ਪੁੱਛੇ ਗਏ ਸਵਾਲਾਂ

ਦੇ ਉੱਤਰ ਵਿਚ, ਗੁਰੂ ਸਾਹਿਬ ਦੀ ਇਹ ਅਤਿ ਡੂੰਘੀ ਗਹਿਰ-ਗੰਭੀਰ, ਸੋਚੀ-ਸਮਝੀ ਪੂਰਵ ਨਿਸ਼ਚਿਤ ਧਾਰਨਾ ਸੀ। ਉਨ੍ਹਾਂ ਨੇ ਸਿਧਾਂ ਦੀ ਇਸ ਧਾਰਨਾ ਨੂੰ ਚੰਗੀ ਤਰ੍ਹਾਂ ਭਾਂਪ ਲਿਆ ਸੀ ਅਤੇ ਉਨ੍ਹਾਂ ਨੇ ਤਰਕਵਾਦੀ ਢੰਗ ਨਾਲ ਨਾਥਾਂ ਨੂੰ ਸਮਝਾਇਆ ਕਿ 'ਸ਼ਬਦ' ਦੇ ਸਹਾਰੇ 'ਹਉਮੈਂ' ਦੀ ਅੱਗ ਨੂੰ ਬੁਝਾ ਕੇ ਇਸ ਸੰਸਾਰ-ਸਾਗਰ ਤੋਂ ਤਰਿਆ ਜਾ ਸਕਦਾ ਹੈ।

'ਸ਼ਬਦ' ਨੂੰ ਗੁਰਬਾਣੀ ਸੱਚ ਕਰਾਰ ਦਿੰਦੀ ਹੈ। ਸਰਗੁਣ ਨਿਰਗੁਣ ਸੁੰਨ ਸਮਾਧੀ ਆਪਿ। ਅਰਥਾਤ ਸਰਗੁਣ-ਨਿਰਗੁਣ ਅਵਸਥਾਵਾਂ ਵਿਚ ਹਸਤੀ (ਸ਼ਬਦ) ਇਕੋ ਹੀ ਹੈ। ਇਹ ਸੱਚ ਸਾਰੀਆਂ ਅਵਸਥਾਵਾਂ ਵਿਚੋਂ ਇਕੋ ਹੀ ਹੈ, ਜਿਸਨੇ ਹਉਮੈਂ ਅਤੇ ਦਵੈਤ-ਭਾਵ ਨੂੰ ਨਾਸ ਕਰ ਦਿੱਤਾ ਹੈ। ਜੋ ਜੋਗੀ ਗੁਰਬਾਣੀ ਦਾ ਗਿਆਨ ਪ੍ਰਾਪਤ ਕਰਦਾ ਹੈ ਉਸਦਾ ਹਿਰਦੇ-ਰੂਪੀ ਕੰਵਲ ਖਿੜ ਜਾਂਦਾ ਹੈ। ਜੋਗੀ ਇਸ ਵਿਸ਼ੇ 'ਤੇ ਹੋਰ ਪ੍ਰਸ਼ਨ ਪੁੱਛਦੇ ਹਨ :

ਜਾ ਇਹੁ ਹਿਰਦਾ ਦੇਹ ਨ ਹੋਤੀ ਤਉ ਮਨੁ ਕੈਠੈ ਰਹਤਾ॥
ਨਾਭਿ ਕਮਲ ਅਸਥੰਭੁ ਨ ਹੋਤੋ ਤਾ ਪਵਨੁ ਕਵਨ ਘਰਿ ਸਹਤਾ॥
ਰੂਪੁ ਨ ਹੋਤੋ ਰੇਖ ਨ ਕਾਈ ਤਾ ਸਬਦਿ ਕਹਾ ਲਿਵ ਲਾਈ॥
ਰਕਤੁ ਬਿੰਦੁ ਕੀ ਮੜੀ ਨ ਹੋਤੀ ਮਿਤਿ ਕੀਮਤਿ ਨਹੀ ਪਾਈ॥
ਵਰਨੁ ਭੇਖੁ ਅਸਰੂਪੁ ਨ ਜਾਪੀ ਕਿਉ ਕਰਿ ਜਾਪਸਿ ਸਾਚਾ॥[56]

ਜਦੋਂ ਇਹ ਸਰੀਰ ਅਤੇ ਹਿਰਦਾ ਨਹੀਂ ਸੀ ਤਾਂ ਮਨ ਦਾ ਵਾਸਾ ਕਿਥੇ ਸੀ ? ਜੇ ਧੁਨੀ ਦੇ ਕਮਲ ਦੀ ਰੋਕ ਨਾ ਹੁੰਦੀ ਤਾਂ ਸਵਾਸ ਕਿੱਥੇ ਟਿਕਦੇ? ਜਿਸਦਾ ਨਾਂ ਰੂਪ ਹੈ ਨਾਂ ਰੇਖ ਹੈ ਉਸ ਵਿਚ ਸ਼ਬਦ ਰਾਹੀਂ ਲਿਵ ਕਿਵੇਂ ਲੱਗੇ? ਜੇ ਸਰੀਰ (ਮਾਤਾ ਪਿਤਾ ਦੇ ਸਹਿਯੋਗ ਨਾਲ) ਨਾ ਹੁੰਦਾ ਤਾਂ ਉਸ ਦਾ ਮਾਪ ਹੋ ਸਕਣਾ ਸੀ। ਫਿਰ ਜਿਸਦਾ ਨਾ ਰੰਗ ਹੈ, ਨਾ ਕੋਈ ਉਸ ਦਾ ਸਰੂਪ ਹੈ, ਫਿਰ ਉਸ ਨੂੰ ਮਹਿਸੂਸ ਕਿਵੇਂ ਕਰੀਏ?

ਗੁਰੂ ਸਾਹਿਬ ਪਿਛਲੇ ਸਵਾਲ ਦਾ ਉੱਤਰ ਪਹਿਲਾਂ ਦਿੰਦੇ ਹਨ:

ਨਾਨਕ ਨਾਮਿ ਰਤੇ ਬੈਰਾਗੀ ਇਬ ਤਬ ਸਾਚੋ ਸਾਚਾ॥[57]

ਨਾਮ (ਸ਼ਬਦ) ਵਿਚ ਰੰਗੇ ਹੋਏ ਜੋ ਹਨ, ਉਹ ਬੈਰਾਗੀ ਹਨ ਅਤੇ ਉਹ ਇਥੇ-ਉਥੇ ਉਸ ਸੱਚੇ ਦੀ ਹੋਂਦ ਅਨੁਭਵ ਕਰਦੇ ਹਨ।

ਜੋਗੀਆਂ ਦੁਆਰਾ ਪੁੱਛੇ ਗਏ ਉਪਰੋਕਤ ਪ੍ਰਸ਼ਨ ਗੁਰੂ ਸਾਹਿਬ ਸਹਿਜ-ਭਾਵ ਇਸ ਤਰ੍ਹਾਂ ਦਿੰਦੇ ਹਨ :

ਹਿਰਦਾ ਦੇਹ ਨ ਹੋਤੀ ਅਉਧੂ ਤਉ ਮਨੁ ਸੁੰਨਿ ਰਹੈ ਬੈਰਾਗੀ॥
ਨਾਭਿ ਕਮਲੁ ਅਸਥੰਭੁ ਨ ਹੋਤੋ ਤਾ ਨਿਜ ਘਰਿ ਬਸਤਉ ਪਵਨੁ ਅਨਰਾਗੀ॥
ਰੂਪੁ ਨ ਰੇਖਿਆ ਜਾਤਿ ਨ ਹੋਤੀ ਤਉ ਅਕੁਲੀਣਿ ਰਹਤਉ ਸਬਦੁ ਸੁ ਸਾਰੁ॥
ਗਉਨੁ ਗਗਨੁ ਜਬ ਤਬਹਿ ਨ ਹੋਤਉ ਤ੍ਰਿਭਵਣ ਜੋਤਿ ਆਪੇ ਨਿਰੰਕਾਰੁ॥
ਵਰਨੁ ਭੇਖੁ ਅਸਰੂਪੁ ਸੁ ਏਕੋ ਏਕੋ ਸਬਦ ਵਿਡਾਣੀ॥[58]

ਜਦੋਂ ਹਿਰਦਾ (ਅਨੁਭਵ ਤੇ ਚਿੰਤਨ ਦਾ ਘਰ) ਅਤੇ ਸਰੀਰ ਨਹੀਂ ਸੀ ਤਾਂ ਬੇਲਾਗ ਮਨ ਪਰਮਾਤਮਾ (ਸੁੰਨ) ਵਿਚ ਹੀ ਵਾਸ ਕਰਦਾ ਸੀ।

ਜਦੋਂ ਧੁਨੀ ਦੇ ਕਮਲ ਦੀ ਰੋਕ ਨਹੀਂ ਸੀ ਤਾਂ ਇਹ ਪ੍ਰਾਣ (ਪਵਨ) ਆਪਣੇ ਸਰੂਪ, ਆਪਣੇ ਤਤ ਵਿਚ ਵਸਦੇ ਸਨ।

ਜਦੋਂ ਰੂਪ-ਰੇਖਾ ਅਤੇ ਵਰਣ ਨਹੀਂ ਸੀ ਤਾਂ ਸਾਰ-ਰੂਪ ਵਿਚ ਸ਼ਬਦ, ਪਰਮਾਤਮਾ (ਅਕੁਲੀਣਿ-ਕੁਲ ਰਹਿਤ) ਵਿਚ ਰਹਿੰਦਾ ਸੀ।

ਜਦੋਂ ਧਰਤੀ ਆਕਾਸ਼ ਅਤੇ ਕਾਲ ਨਹੀਂ ਸੀ ਤਾਂ ਅਕਾਰ ਰਹਿਤ ਨਿਰੰਕਾਰ ਸਰਬ ਵਿਆਪਕ ਸੀ। ਉਸ ਦਾ ਵਰਣ, ਭੇਖ ਅਤੇ ਸਰੂਪ ਇਕੋ ਹੈ ਅਤੇ ਉਹ ਇਕ (ਅਸਚਰਜ-ਜਨਕ) ਸ਼ਬਦ ਹੈ। ਉਸ ਸੱਚ ਦੀ ਪ੍ਰਾਪਤੀ ਤੋਂ ਬਿਨਾਂ ਕੋਈ ਸੁੱਚਾ ਨਹੀਂ ਹੋ ਸਕਦਾ ਪਰੰਤੂ ਇਹ ਕਹਾਣੀ ਕਥਨ ਤੋਂ ਬਾਹਰ ਹੈ।

ਸਿਧਾਂ ਦੁਆਰਾ ਪੁੱਛੇ ਗਏ ਸਵਾਲਾਂ ਦੀ ਪਿੱਠ-ਭੂਮੀ ਵਿਚੋਂ ਉਨ੍ਹਾਂ ਦੀ ਮੈਂ (Self) ਜਾਂ ਹਉਮੈਂ ਝਲਕਦੀ ਨਜ਼ਰ ਆਉਂਦੀ ਹੈ ਪਰੰਤੂ ਗੁਰੂ ਨਾਨਕ ਦੇਵ ਜੀ ਇਕ ਅਧਿਆਤਮਕ ਹਸਤੀ ਦੇ ਤੌਰ 'ਤੇ ਵਿਚਰਦੇ ਹੋਏ, ਉਨ੍ਹਾਂ ਦੁਆਰਾ ਦਿੱਤੇ ਗਏ ਜਵਾਬ, ਜੋਗੀਆਂ ਦੇ ਹਿਰਦੇ ਨੂੰ ਟੁੰਬਦੇ ਹੋਏ ਨਜ਼ਰ ਆਉਂਦੇ

ਹਨ। ਅਜਿਹੀ ਸਥਿਤੀ ਨੂੰ ਵਾਚਦਿਆਂ ਇਕ ਪੱਛਮੀ ਵਿਦਵਾਨ ਨੇ ਇਸ ਬਾਰੇ ਆਪਣੀ ਰਾਏ ਇਸ ਤਰ੍ਹਾਂ ਦਿੱਤੀ ਹੈ :

'ਮੈਂ (ਨਿੱਜ) ਦਾ ਸੰਕਲਪ ਸਾਡੇ ਨਿੱਜੀ ਵਿਸ਼ਵਾਸਾਂ ਦੇ ਅੰਤਹਕਰਣ ਦੇ ਨੇੜੇ ਹੀ ਨਹੀਂ ਸਗੋਂ ਇਹ ਉੱਤਰ-ਆਧੁਨਿਕਤਾ ਵਿਚਾਰ ਪਵਿੱਤਰ ਦਿਲ ਦੇ ਅੰਤਹਕਰਣ ਤੱਕ ਪਹੁੰਚ ਵੀ ਰਖਦਾ ਹੈ। ਇਹੀ ਨੁਕਤਾ ਹੈ ਜਿਸ ਰਾਹੀਂ ਸਪਸ਼ਟ ਹੋ ਜਾਂਦਾ ਹੈ ਕਿ ਉੱਤਰ-ਆਧਨਿਕਤਾਵਾਦੀ ਬੁਧੀਮਾਨ ਅਤੇ ਉਹ ਜਿਹੜੇ ਸਦੀਆਂ ਤੋਂ ਅਧਿਆਤਮਕ ਸਿਖਿਆ ਰਾਹੀਂ ਗੁਜ਼ਰ ਰਹੇ ਹਨ, ਉਹਨਾਂ ਵਿਚਕਾਰ ਇਕ ਮਜ਼ਬੂਤ ਸਮਰੂਪਤਾ ਸਥਾਪਿਤ ਹੋ ਜਾਂਦੀ ਹੈ'।[59]

ਗੁਰੂ ਸਾਹਿਬ ਨੇ ਆਪਣੇ ਅਧਿਆਤਮਕ ਅਨੁਭਵ ਰਾਹੀਂ ਤਰਕਵਾਦੀ ਸੋਚ ਨੂੰ ਅਪਣਾਉਂਦਿਆਂ ਜੋਗੀਆਂ ਨੂੰ 'ਸ਼ਬਦ' ਗੁਰੂ ਦਾ ਸਹਿਜ ਮਾਰਗ ਦੱਸਿਆ ਹੈ। ਗੁਰੂ ਸਾਹਿਬ ਦਾ 'ਸ਼ਬਦ ਗੁਰੂ' ਦਾ ਸਿਧਾਂਤ ਜੋਗੀਆਂ ਨੂੰ ਉਨ੍ਹਾਂ ਦੁਆਰਾ ਪੁੱਛੇ ਗਏ ਸਵਾਲਾਂ ਪ੍ਰਤਿ ਸੰਤੁਸ਼ਟ ਹੀ ਨਹੀਂ ਕਰਦਾ ਸਗੋਂ ਇਹ ਸਿਧਾਂਤ ਉਨ੍ਹਾਂ ਦੇ ਹਿਰਦੇ ਨੂੰ ਟੁੰਬਦਾ ਵੀ ਨਜ਼ਰ ਆਉਂਦਾ ਹੈ ਤੇ ਉਹ ਗੁਰੂ ਸਾਹਿਬ ਦੀ ਵਿਚਾਰਧਾਰਾ ਅੱਗੇ ਸਿਰ ਝੁਕਾਉਂਦੇ ਹੋਏ ; ਇਸ ਸ੍ਰਿਸ਼ਟੀ ਬਾਰੇ ਜਾਂ ਪਰਾ ਭੌਤਿਕਤਾ ਬਾਰੇ ਹੋਰ ਸਪਸ਼ਟ ਹੋਣ ਲਈ ਸਵਾਲ ਪੱਛਦੇ ਹਨ :

ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ ਕਿਤੁ ਕਿਤੁ ਦੁਖਿ ਬਿਨਸਿ ਜਾਈ।।

ਗੁਰੂ ਸਾਹਿਬ ਵੀ ਇਸ ਪ੍ਰਸ਼ਨ ਦਾ ਇੰਝ ਉੱਤਰ ਦਿੰਦੇ ਹਨ :

ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ।।[60]

ਉਪਰੋਕਤ ਵਿਵੇਚਨ ਤੋਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਸਿਧ ਗੋਸ਼ਟਿ ਬਾਣੀ ਵਿਚ ਗੁਰੂ ਨਾਨਕ ਦੇਵ ਜੀ ਨੇ ਸਿਧਾਂ, ਨਾਥਾਂ ਅਤੇ ਜੋਗੀਆਂ ਨਾਲ ਹੋਇਆਂ ਵਿਚਾਰ ਵਟਾਂਦਰਾ ਅਭਿਵਿਅਕਤ ਕੀਤਾ ਹੈ। ਸਿਧਾਂ ਦੇ ਵਿਚਾਰ ਦੇ ਟਾਕਰੇ ਉਹ ਆਪਣੇ ਅਧਿਆਤਮਕ ਅਨੁਭਵ ਦੇ ਆਧਾਰ 'ਤੇ ਆਪਣੀ ਵਿਚਾਰਧਾਰਾ ਨੂੰ ਸਥਾਪਿਤ ਕਰਦੇ ਹਨ। ਸਿਧਾਂ/ਜੋਗੀਆਂ ਦੁਆਰਾ ਉਠਾਏ ਗਏ ਮੂਲ ਤੇ ਬੁਨਿਆਦੀ ਦਾਰਸ਼ਨਿਕ ਪ੍ਰਸ਼ਨਾਂ ਦਾ ਉੱਤਰ ਉਹ ਆਪਣੀ ਅਧਿਆਤਮਕ ਬਲ ਉੱਤੇ ਇਕ ਅਜਿਹੀ

ਦਾਰਸ਼ਨਿਕ ਵਿਚਾਰਧਾਰਾ ਰਾਹੀਂ ਦਿੰਦੇ ਹਨ ਜਿਸ ਵਿਚ ਉਨ੍ਹਾਂ ਦਾ ਮੌਲਿਕ ਸਿਧਾਂਤ ਉਭਰਦਾ ਹੈ ਜਿਸ ਅਨੁਸਾਰ ਗੁਰਮਤਿ ਵਿਚਾਰਧਾਰਾ ਵਿਚ ਸ਼ਬਦ ਮਾਰਗ ਇਕ ਸਥਾਈ ਹਿੱਸਾ ਹੈ। ਜੋ ਨਾਥਾਂ ਜੋਗੀਆਂ ਦੇ ਸਮਾਜ ਤੋਂ ਭਾਂਜਵਾਦੀ ਰੁਚੀ ਅਤੇ ਉਨ੍ਹਾਂ ਦੀ ਸਮਾਜਿਕ ਦ੍ਰਿਸ਼ਟੀ ਨੂੰ ਹੀ ਨਹੀਂ ਸਗੋਂ ਉਨ੍ਹਾਂ ਦੀ ਪੂਰਣ ਸੋਚ ਪ੍ਰਕ੍ਰਿਆ ਨੂੰ ਬਦਲਣ ਵਿਚ ਸਹਾਈ ਹੁੰਦਾ ਹੈ। ਉਨ੍ਹਾਂ ਦੀ ਵਿਚਾਰਧਾਰਾ ਦਾ ਇਹ ਸਦੀਵੀਂ ਅਕਸ ਬਣ ਗਿਆ ਹੈ ਇਸ ਸਦੀਵੀਂ ਅਕਸ ਦਾ ਪ੍ਰਤੀਬਿੰਬ 'ਸਿਧ ਗੋਸ਼ਟਿ' ਬਾਣੀ ਵਿਚੋਂ ਉਭਰਦਾ ਹੋਇਆ ਸਪਸ਼ਟ ਨਜ਼ਰ ਆਉਂਦਾ ਹੈ।

ਗੁਰੂ ਗ੍ਰੰਥ ਸਾਹਿਬ ਵਿਚਲੀ ਇਕੋ ਇਕ ਗੋਸ਼ਟਿ ਗੁਰਮਤਿ ਵਿਚਾਰਧਾਰਾ ਨੂੰ ਸਪਸ਼ਟ ਕਰਦੀ ਨਜ਼ਰ ਆਉਂਦੀ ਹੈ। ਜਿਹੜੀਆਂ ਗੋਸ਼ਟਾਂ ਜਨਮਸਾਖੀ ਪਰੰਪਰਾ ਵਿਚ ਆਈਆਂ ਹਨ, ਹੱਥਲੇ ਸ਼ੋਧ-ਪ੍ਰਬੰਧ ਵਿਚ ਅਸੀਂ ਉਨ੍ਹਾਂ ਨੂੰ ਗੁਰਮਤਿ ਵਿਚਾਰਧਾਰਾ ਦੇ ਅੰਤਰਗਤ ਹੀ ਵਿਚਾਰਨ ਦੀ ਕੋਸ਼ਿਸ਼ ਕਰਾਂਗੇ ਅਤੇ ਜਿਥੇ ਕਿਤੇ ਇਸ ਵਿਚਾਰਧਾਰਾ ਦੀ ਉਲੰਘਣਾ ਨਜ਼ਰ ਆਵੇਗੀ ਉਸ ਬਾਰੇ ਇਸੇ ਵਿਚਾਰਧਾਰਾ ਦੇ ਅੰਤਰਗਤ ਹੀ ਆਪਣੀ ਰਾਇ ਦੇਣ ਦੀ ਕੋਸ਼ਿਸ ਕੀਤੀ ਜਾਵੇਗੀ।

**ਗੋਸ਼ਟਾਂ ਅਤੇ ਸਾਖੀ ਪਰੰਪਰਾ**

ਮਹਾਂਪੁਰਸ਼ਾਂ ਦੇ ਜੀਵਨ ਅੰਕਿਤ ਕਰਨ ਦੀ ਪਰੰਪਰਾ ਭਾਰਤੀ ਸਾਹਿਤ ਵਿਚ ਬਹੁਤ ਪੁਰਾਣੀ ਹੈ। ਇਹ ਮੁੱਢ ਮਹਾਂਭਾਰਤ ਅਤੇ ਰਮਾਇਣ ਤੋਂ ਮੰਨਿਆਂ ਜਾ ਸਕਦਾ ਹੈ। ਸੰਸਕ੍ਰਿਤ ਵਿਚ ਮਹਾਤਮਾ ਬੁੱਧ ਨਾਲ ਸੰਬੰਧਿਤ 'ਅਵਦਾਨ ਸ਼ਤਕ', ਜਾਤਕ ਕਥਾਵਾਂ ਅਤੇ 'ਲਲਿਤ ਵਿਸਤਾਰ ਵੀ ਇਸੇ ਕੋਟੀ ਦੀਆਂ ਸਾਹਿੱਤਕ ਕ੍ਰਿਤਾਂ ਮੰਨੀਆਂ ਜਾਂਦੀਆਂ ਹਨ। 'ਅਵਦਾਨ ਸ਼ਤਕ' ਬੁੱਧ ਦੇ ਜੀਵਨ ਨਾਲ ਸੰਬੰਧਿਤ ਸੌ ਘਟਨਾਵਾਂ ਦਾ ਸੰਗ੍ਰਹਿ ਹੈ। ਵਿਦਵਾਨਾਂ ਨੇ ਇਸ ਦੀ ਰਚਨਾ ਪਹਿਲੀ ਸਦੀ ਤੱਕ ਹੋ ਚੁੱਕੀ ਮੰਨੀ ਹੈ। ਇਸ ਵਿਚ ਪ੍ਰਸੰਗ ਤਾਂ ਇਕ ਪੈਟਰਨ ਵਿਚ ਬੱਝੇ ਮਿਲਦੇ ਹਨ ਪਰ ਬੁੱਧ ਜੀਵਨੀ ਦਾ ਇਤਿਹਾਸਕ ਕ੍ਰਮ ਨਹੀਂ। 'ਲਲਿਤ ਵਿਸਤਾਰ' ਵਿਚ ਮਹਾਤਮਾ ਬੁੱਧ ਦਾ ਮੁੱਢ ਤੋਂ ਲੈ ਕੇ ਉਸ ਦੇ ਗਿਆਨ ਪ੍ਰਾਪਤ ਕਰ ਲੈਣ ਤਕ ਦਾ ਜੀਵਨ ਬਿਰਤਾਂਤ ਦਰਜ਼ ਹੈ। ਇਸ ਦਾ ਰਚਨਾ-ਕਾਲ ਦੂਜੀ ਈਸਵੀਂ ਮੰਨਿਆਂ ਜਾਂਦਾ ਹੈ।[61]

ਜਨਮਸਾਖੀਆਂ ਵਿਚ ਕੇਵਲ ਗੁਰੂ ਸਾਹਿਬਾਨ ਦੀਆਂ ਸਾਖੀਆਂ ਹੀ ਅੰਕਿਤ ਨਹੀਂ ਸਗੋਂ ਹੋਰ ਵੀ ਬਹੁਤ ਸਾਰੇ ਪੈਗੰਬਰਾਂ, ਵਲੀਆਂ, ਸੂਫ਼ੀਆਂ, ਤੇ ਸੰਤਾਂ ਦੀਆਂ ਸਾਖੀਆਂ ਵੀ ਬੁੱਧ ਧਰਮ ਦੀ 'ਅਵਦਾਨ' ਪਰੰਪਰਾ ਤੋਂ ਪ੍ਰਭਾਵਿਤ ਜਾਪਦੀਆਂ ਹਨ। ਸਿਖਆਰਥੀ ਦਾ ਪ੍ਰਮੁੱਖ ਅਤੇ ਸਾਰੋਪਿਤ ਕਰਤੱਵ ਹੁੰਦਾ ਹੈ ਕਿ ਉਹ ਆਪਣੀ ਸਾਧਨਾ ਗੁਰੂ ਦੇ ਪ੍ਰਵਚਨਾਂ ਅਤੇ ਉਪਕਾਰਾਂ ਤੋਂ ਲੋਕਾਂ ਨੂੰ ਪਰਿਚਿਤ ਕਰਾਏ। ਚੇਲੇ ਦੀ ਐਸੀ ਬਲਵਾਨ ਪ੍ਰਵਿਰਤੀ ਨੇ ਜਨਮਸਾਖੀ ਸਾਹਿਤ ਨੂੰ ਜਨਮ ਦਿੱਤਾ।[62]

ਮੁਸਲਮਾਨ ਪੀਰਾਂ ਫ਼ਕੀਰਾਂ ਤੇ ਸੂਫ਼ੀ ਦਰਵੇਸ਼ਾਂ ਨਾਲ ਸੰਬੰਧਿਤ ਗੋਸ਼ਟਾਂ/ਸਾਖੀਆਂ, ਪੰਜਾਬੀ ਸਾਹਿਤ ਵਿਚ ਕਾਫੀ ਮਾਤਰਾ ਵਿਚ ਉਪਲਬਧ ਹਨ, ਅਜਿਹੇ ਸਾਹਿਤ ਨੂੰ ਅਪਣਾਉਂਦਿਆ ਇਨ੍ਹਾਂ ਲਈ ਅਰਬੀ, ਫਾਰਸੀ ਦੇ ਮੂਲ ਸ਼ਬਦ ਹੀ ਅਪਨਾ ਲਏ ਗਏ ਹਨ ਜਿਵੇਂ- 'ਮਸਲੇ ਸ਼ੇਖ ਫਰੀਦ ਕੇ', 'ਸੁਖਨ ਸਾਂਈ ਲੋਕਾਂ ਦੇ' ਆਦਿ। ਮਹਾਨ ਆਗੂਆ ਦੀਆਂ ਜੀਵਨ ਘਟਨਾਵਾਂ ਲਈ ਜੋ ਸ਼ਬਦ ਅਰਬੀ, ਫਾਰਸੀ ਲਈ ਪ੍ਰਚਲਿਤ ਹਨ ਉਨ੍ਹਾਂ ਵਿਚੋਂ ਵਧੇਰੇ ਪ੍ਰਸਿੱਧ 'ਹਦੀਸ' 'ਰਵਾਇਤ' 'ਮਲਫੂਜ਼' 'ਸੁਖਨ' ਅਤੇ 'ਮਸਲਾ' ਹਨ। ਹਦੀਸ ਦਾ ਸ਼ਾਬਦਿਕ ਅਰਥ 'ਸੰਰਚਨਾ' 'ਗੱਲਬਾਤ' ਆਦਿ ਹਨ।[63]

'ਰਵਾਇਤ' ਦੇ ਅਰਥ ਵੀ 'ਕਥਾ ਪ੍ਰਸੰਗ' ਤੋਂ ਹੀ ਲਏ ਗਏ ਹਨ।[64] ਤੀਸਰਾ ਵਿਸ਼ੇਸ਼ ਫਾਰਸੀ ਦਾ ਪਦ 'ਮਲਫੂਜ਼' ਵੀ ਮੁਸਲਮਾਨ ਸੰਤਾਂ, ਦਰਵੇਸ਼ਾ, ਪੀਰਾਂ, ਫਕੀਰਾਂ ਦੇ ਮੁਖਾਰਬਿੰਦ ਤੋਂ ਉਚਾਰੀਆਂ ਗੱਲ੍ਹਾਂ ਕਰਕੇ ਪ੍ਰੱਸਿਧ ਹੈ। ਪੰਜਾਬੀ ਸਾਹਿਤ ਵਿਚ ਇਸ ਦਾ ਤਤਸਮ ਰੂਪ ਨਹੀਂ ਮਿਲਦਾ ਸਗੋਂ ਇਸ ਦੀ ਥਾਂ 'ਸੁਖਨ' ਸ਼ਬਦ ਵਰਤਿਆਂ ਜਾਂਦਾ ਹੈ ਅਤੇ 'ਸੁਖਨ' ਦੇ ਅਰਥ ਵੀ ਗੱਲਬਾਤ ਹਨ। ਇਸ ਤਰ੍ਹਾਂ ਸਾਖੀ/ਜਨਮਸਾਖੀ ਸ਼ਬਦ ਕੇਵਲ ਗੁਰੂ ਸਾਹਿਬਾਨ ਦੀਆਂ ਜੀਵਨੀਆਂ ਲਿਖਣ ਲਈ ਹੀ ਨਹੀਂ ਵਰਤਿਆ ਗਿਆ ਸਗੋਂ ਮੁਸਲਮਾਨ ਸੰਤਾਂ ਪੀਰਾਂ ਫਕੀਰਾਂ ਦਰਵੇਸ਼ਾ, ਦੀਆਂ ਜੀਵਨੀਆਂ ਲਿਖਣ ਲਈ ਵੀ ਵਰਤਿਆ ਗਿਆ ਹੈ।

ਯੂਰਪੀਨ ਸਾਹਿਤਕਾਰਾਂ ਨੇ ਮਹਾਂਪੁਰਸ਼ਾਂ ਦੇ ਅਜਿਹੇ ਭਾਵਨਾਮੂਲਕ ਜੀਵਨ ਸਾਹਿਤ ਨੂੰ 'ਹੈਗਿਓਗ੍ਰਾਫਿਕ ਲਿਟਰੇਚਰ' ਦੀ ਕੋਟੀ ਵਿਚ ਰੱਖਣਾ ਵਧੇਰੇ ਪਸੰਦ ਕੀਤਾ ਹੈ ਜੋ ਇਸ ਨੂੰ ਜੀਵਨੀ ਸਾਹਿਤ ਨਾਲੋਂ ਨਿਖੇੜਨ ਵਿਚ ਸਹਾਈ ਹੁੰਦੇ ਹਨ। ਡਾ. ਮੈਕਲੋਡ ਦਾ ਕਥਨ ਹੈ ਕਿ: ਜਨਮ ਸਾਖੀਆਂ

ਗੁਰੂ ਨਾਨਕ ਦੇ ਮਹਾਂਪੁਰਖੀ ਗੁਣਾ ਨੂੰ ਪੇਸ਼ ਕਰਦੀਆਂ ਹਨ। ਹਰ ਜਨਮਸਾਖੀ ਉਨ੍ਹਾਂ ਦੇ ਜੀਵਨ ਨਾਲ ਸੰਬੰਧਿਤ ਅੱਲਗ-ਅੱਲਗ ਘਟਨਾਵਾਂ ਦੇ ਅਧਿਆਇ ਨੂੰ ਪ੍ਰਸਤੁਤ ਕਰਦੀ ਹੈ। ਇਨ੍ਹਾਂ ਨੂੰ ਜਨਮਸਾਖੀਆਂ ਤੇ ਗੋਸ਼ਟਾਂ ਦਾ ਨਾਂ ਦਿੱਤਾ ਜਾਂਦਾ ਹੈ।[65]

ਚੈਂਬਰਜ਼ ਡਿਕਸ਼ਨਰੀ ਵਿਚ Hagi ਦੇ ਅਰਥ Saints ਅਥਵਾ 'ਪਾਵਨ', 'ਪਵਿੱਤਰ' ਜਾਂ ਸੰਤ ਮਹਾਤਮਾ ਦਰਸਾਏ ਗਏ ਹਨ। ਗ੍ਰਾਫਿ ਦਾ ਅਰਥ ਆਰਟਿਨਿੰਗ ਅਥਵਾ ਚਿਤ੍ਰਣਾ ਲਿਆ ਗਿਆ ਹੈ। ਇਹ 'ਹੈਗਿਓ' ਜਾਂ ਹੈਜਿਓ ਸ਼ਬਦ ਯੂਨਾਨੀ ਭਾਸ਼ਾ ਨਾਲ ਸੰਬੰਧਿਤ ਹੈ। ਇਸ ਤਰ੍ਹਾਂ 'ਹੈਗਿਓਗ੍ਰਾਫਿਕ' ਸਾਹਿਤ ਉਸ ਨੂੰ ਆਖਦੇ ਹਨ ਜਿਸ ਵਿਚ ਪਾਵਨ ਹਸਤੀਆਂ, ਸੰਤਾਂ, ਮਹਾਤਮਾ ਦਾ ਜੀਵਨ ਅੰਕਿਤ ਹੋਵੇ। ਇਸ ਪਰੰਪਰਾ ਅਧੀਨ ਪੰਜਾਬੀ ਸਾਹਿਤ ਨੇ ਅਜਿਹੇ ਸਾਹਿਤ ਦੇ ਪ੍ਰਗਟਾਉ ਲਈ 'ਸਾਖੀ', 'ਗੋਸ਼ਟਿ', 'ਜਨਮਪਤ੍ਰੀ' ਅਤੇ 'ਕਥਾ' ਆਦਿ ਸ਼ਬਦ ਚੁਣੇ ਹਨ। ਇਨ੍ਹਾਂ ਸ਼ਬਦਾਂ ਦਾ ਸਭ ਤੋਂ ਪਹਿਲਾਂ ਪ੍ਰਯੋਗ ਗੁਰੂ ਨਾਨਕ ਦੇਵ ਜੀ ਦੇ ਜੀਵਨ ਚਿਤਰਣ ਲਈ ਵਧੇਰੇ ਹੋਇਆ ਹੈ। ਇਨ੍ਹਾਂ ਸਾਖੀਆਂ ਬਾਰੇ ਖੁਸ਼ਵੰਤ ਸਿੰਘ[66] ਦੇ ਵਿਚਾਰ ਹਨ : ਜਨਮਸਾਖੀ ਦਾ ਸ਼ਾਬਦਿਕ ਅਰਥ 'ਜਨਮ ਕਹਾਣੀ' ਹੈ। ਹਰ ਇਕ ਸਾਖੀ ਆਮ ਤੌਰ ਤੇ ਇਕਲੌਤੀ ਘਟਨਾ ਨੂੰ ਪ੍ਰਸਤੁਤ ਕਰਦੀ ਹੈ। ਬਹੁਤ ਸਾਰੀਆਂ ਸਾਖੀਆਂ ਇਤਿਹਾਸਕ-ਕ੍ਰਮ ਵਿਚ ਜਾਂ ਯੋਜਨਾ ਬੱਧ ਢੰਗ ਨਾਲ ਜੋੜੀਆਂ ਗਈਆਂ ਹਨ। ਇਨ੍ਹਾਂ ਵਿਚ ਸਾਹਿਤਿਕਤਾ ਬਹੁਤ ਥੋੜੀ ਹੈ ਕਿਉਂਕਿ ਅਰਧ-ਪੜ੍ਹੇ ਸ਼ਿਸ਼ਾ ਦੁਆਰਾ, ਅਨਪੜ੍ਹ ਲੋਕਾਂ ਲਈ ਲਿਖੀਆਂ ਗਈਆਂ ਹਨ।

ਸਾਖੀ/ਜਨਮਸਾਖੀ ਦਾ ਮੁਢਲਾ ਤੱਤ ਜੀਵਨ ਬਿਰਤਾਂਤ ਹੈ ਅਤੇ ਇਸਦਾ ਸੰਬੰਧ ਵਿਅਕਤੀ ਵਿਸ਼ੇਸ਼ ਨਾਲ ਹੁੰਦਾ ਹੈ। ਇਸੇ ਲਈ ਇਸ ਨੂੰ ਜੀਵਨੀ ਸਾਹਿਤ ਵੀ ਕਿਹਾ ਗਿਆ ਹੈ। ਭਾਈ ਕਾਹਨ ਸਿੰਘ ਨੇ 'ਜਨਮ ਸਾਖੀ' ਦੇ ਅਰਥ 'ਜੀਵਨ ਵ੍ਰਿਤਾਂਤ' (Biography) ਕੀਤੇ ਹਨ।[67]

ਡਾ. ਮੈਕਲੋਡ ਇਹਨਾਂ ਨੂੰ 'Testimony' ਦੇ ਅੰਤਰਗਤ ਰੱਖਣਾ ਪਸੰਦ ਕਰਦੇ ਹਨ।[68] ਸਾਖੀ ਅਤੇ ਜਨਮ ਸਾਖੀ ਸਮਾਨਆਰਥਕ ਸ਼ਬਦ ਕਹੇ ਜਾ ਸਕਦੇ ਹਨ ਪਰ ਇਨ੍ਹਾਂ ਵਿਚਲਾਂ ਅੰਤਰ ਇਸ ਤਰ੍ਹਾਂ ਸਪਸ਼ਟ ਕੀਤਾ ਜਾ ਸਕਦਾ ਹੈ ਕਿ ਸਾਖੀ ਜਿਥੇ ਜੀਵਨ ਦੀ ਕਿਸੇ ਘਟਨਾ ਜਾਂ ਉਸ ਦੇ ਕਿਸੇ ਥੋੜੇ ਜਿਹੇ

ਹਿੱਸੇ ਦਾ ਬਿਰਤਾਂਤ ਹੈ, ਉਥੇ ਜਨਮਸਾਖੀ ਸੰਤ ਪੁਰਸ਼ ਦੇ ਪੂਰੇ ਜੀਵਨ ਦਾ ਲੜੀਵਾਰ ਗਿਆਨ ਹੈ। ਜਨਮਸਾਖੀਆਂ ਵਿਚ ਬਹੁਤ ਸਾਰੀਆਂ ਸਾਖੀਆਂ ਸ਼ਾਮਿਲ ਹੁੰਦੀਆਂ ਹਨ ਅਤੇ ਇਹ ਸਾਰੀਆਂ ਸਾਖੀਆਂ ਮਿਲਕੇ ਨਾਇਕ ਅਥਵਾ ਗੁਰੂ ਜਾਂ ਦਰਵੇਸ਼ ਪੁਰਸ਼ ਦਾ ਜੀਵਨ ਉਸਾਰਦੀਆਂ ਹਨ।

'ਜਨਮਸਾਖੀ' ਸ਼ਬਦ ਤੋਂ ਭਾਵ ਕੇਵਲ 'ਜਨਮ ਦੀ ਗਵਾਹੀ' ਹੈ ਪਰ ਅਸਲ ਵਿਚ ਇਸ ਦਾ ਭਾਵ ਜੀਵਨ ਬਿਰਤਾਂਤ ਤੋਂ ਲਿਆ ਜਾਂਦਾ ਹੈ। ਡਬਲਿਊ. ਐਚ. ਮੈਕਲੋਡ ਦੇ ਕਥਨ ਅਨੁਸਾਰਃ ਦੋ ਸ਼ਬਦਾਂ ਦੇ ਜੋੜ ਤੋਂ ਬਣੇ ਸ਼ਬਦ 'ਜਨਮ ਸਾਖੀ' ਦਾ ਅਸਲ ਭਾਵ ਜਨਮ ਦੇ ਪ੍ਰਮਾਣ ਤੋਂ ਹੈ ਜਾਂ ਖੁਲ੍ਹੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਇਹ ਇਕ ਵਿਸ਼ੇਸ਼ ਵਿਅਕਤੀ ਦਾ ਜੀਵਨ ਬਿਰਤਾਂਤ ਹੁੰਦੀ ਹੈ।[69] ਸਾਖੀ/ਜਨਮਸਾਖੀ-ਸਾਹਿਤ ਵਿਚ ਜੀਵਨੀ-ਸਾਹਿਤ ਵਾਲੀ ਯਥਾਰਥਕਤਾ ਅਤੇ ਵਿਗਿਆਨਕ ਦ੍ਰਿਸ਼ਟੀਕੋਣ ਨਹੀਂ ਹੁੰਦਾ। ਵਾਸਤਵ ਵਿਚ ਸਾਖੀਆਂ/ਜਨਮਸਾਖੀਆਂ ਨਾਇਕ ਦੇ ਜੀਵਨ ਦੇ ਯਥਾਰਥ ਨੂੰ ਨਹੀਂ ਚਿਤਰਦੀਆਂ ਸਗੋਂ ਉਸ ਜੀਵਨ ਨੂੰ ਚਿਤਰਦੀਆਂ ਹਨ ਜੋ ਉਨ੍ਹਾਂ ਦੇ ਸ਼ਰਧਾਲੂ ਉਹਨਾਂ ਸੰਬੰਧੀ ਕਲਪਿਤ ਕਰਦੇ ਹਨ। ਇਸ ਤਰ੍ਹਾਂ ਇਨ੍ਹਾਂ ਵਿਚ ਇਤਿਹਾਸ ਵਰਗੀ ਸਚਾਈ ਨਹੀਂ ਹੁੰਦੀ ਸਗੋਂ ਸ਼ਰਧਾਲੂਆਂ ਦੇ ਮਨ ਦੀਆਂ ਭਾਵਨਾਵਾਂ ਅਨੁਕੂਲ ਸਚਾਈ ਹੁੰਦੀ ਹੈ।[70]

ਇਸ ਲਈ ਇਨ੍ਹਾਂ ਨੂੰ ਜੀਵਨੀਆਂ ਨਾਲੋਂ ਸੰਤ ਗਾਥਾਵਾਂ ਕਹਿਣਾ ਵਧੇਰੇ ਉਚਿਤ ਹੋਵੇਗਾ। ਦਰਵੇਸ਼ ਜਾਂ ਪਾਵਨ ਹਸਤੀਆਂ ਦੇ ਜੀਵਨ ਅੰਕਿਤ ਕਰਨ ਲਈ ਪੁਰਾਤਨ ਗ੍ਰੰਥਾਂ ਵਿਚ ਇਕ ਹੋਰ ਸ਼ਬਦ 'ਕਥਾ' ਵੀ ਵਰਤਿਆ ਗਿਆ ਹੈ। ਪੁਰਾਣ, ਮਹਾਂਭਾਰਤ, ਅਤੇ ਰਮਾਇਣ ਵਿਚ ਅੰਕਿਤ ਜੀਵਨੀਆਂ ਕਥਾ ਮੰਨੀਆਂ ਜਾਂਦੀਆਂ ਹਨ। ਇਸ ਸ਼ਬਦ ਦੀ ਵਿਉਂਤਪਤੀ ਸੰਸਕ੍ਰਿਤ ਦੇ ਸ਼ਬਦ 'ਕਥਨ' ਤੋਂ ਹੋਈ ਮੰਨੀ ਜਾਂਦੀ ਹੈ। ਜਿਸ ਦਾ ਅਰਥ ਹੈ ਬਾਤ, ਪ੍ਰਸੰਗ, ਬਿਆਨ ਵਯਾਖਯਾ ਆਦਿ।[71] ਇਸੇ ਤਰ੍ਹਾਂ 'ਕਥਾ' ਸ਼ਬਦ ਤੋਂ ਇਲਾਵਾ ਹੋਰ ਸ਼ਬਦ 'ਪਤ੍ਰੀ' ਵੀ ਮਹਾਂਪੁਰਸ਼ਾਂ ਦੀਆਂ ਜੀਵਨ ਘਟਨਾਵਾਂ ਅੰਕਿਤ ਕਰਨ ਲਈ ਵਰਤਿਆ ਜਾਂਦਾ ਹੈ ਜਿਸ ਦੇ ਅਰਥ ਹਨ 'ਉਹ ਪਤ੍ਰ ਜਿਸ ਉਪਰ ਕਿਸੇ ਦੇ ਜਨਮ ਸਮੇਂ ਦੇ ਦਿਨ, ਤਿਥਿ, ਸਾਲ ਯੋਗ, ਕਰਣ, ਨਛਤ੍ਰ, ਰਾਸਿ ਅਤੇ ਗ੍ਰਹਿਆ ਦੀ ਸ਼ੁਭ ਅਸ਼ੁਭ ਦਸ਼ਾ ਦਾ ਨਿਰਣਾ ਲਿਖਿਆ ਹੋਵੇ, ਭਾਵ ਜਨਮ ਕੁੰਡਲੀ ਦੇ ਨਿਰਣੇ ਦਾ ਚਿਠਾ'[72] ਇਸ ਤਰ੍ਹਾਂ ਸਮੇਂ ਦੇ ਗੁਜ਼ਰਨ ਨਾਲ

ਜਨਮਪਤ੍ਰੀ ਵੀ ਸਾਖੀਕਾਰਾਂ ਦੀ ਨਜ਼ਰ ਪ੍ਰਵਾਨ ਚੜ੍ਹੀ ਅਤੇ ਸਾਖੀਕਾਰਾਂ ਨੇ 'ਜਨਮਪਤ੍ਰੀ ਬਾਬੇ ਨਾਨਕ ਜੀ ਕੀ' ਦੀ ਰਚਨਾ ਕੀਤੀ

ਮੱਧਕਾਲ ਵਿਚ ਗੁਰੂ ਸਾਹਿਬਾਨ ਦੇ ਸਮੇਂ ਜਾਂ ਥੋੜ੍ਹਾ ਸਮਾਂ ਪਿਛੋਂ ਜਨਮ ਸਾਖੀਆਂ ਅਤੇ ਗੋਸ਼ਟਾਂ ਦਾ ਜਨਮ ਹੋਇਆ। ਪੰਜਾਬੀ ਦੀਆਂ ਬਹੁਤ ਸਾਰੀਆਂ ਗੋਸ਼ਟਾਂ ਇਸੇ ਕਾਲ ਦੀਆਂ ਲਿਖਤਾਂ ਹਨ। ਗੁਰੂ ਹਰਗੋਬਿੰਦ ਸਾਹਿਬ ਦੇ ਸਮੇਂ ਗੋਸ਼ਟਿ ਪਰੰਪਰਾ ਨੇ ਵਧੇਰੇ ਜ਼ੋਰ ਫੜਿਆ ਅਤੇ ਸਭ ਤੋਂ ਵੱਧ ਗੋਸ਼ਟਿ ਰਚਨਾ ਇਸ ਸਮੇਂ ਮਿਹਰਬਾਨ ਸੰਪਰਦਾ ਨੇ ਕੀਤੀ। ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਅਨੇਕਾਂ ਗੋਸ਼ਟਾਂ ਇਸ ਸਮੇਂ ਦੀਆਂ ਕਿਰਤਾਂ ਹਨ। ਜਿਵੇਂ: ਕਲਿਯੁਗ ਨਾਲ ਗੋਸ਼ਟਿ, ਕਾਰੂੰ ਨਾਲ ਗੋਸ਼ਟਿ, ਬੁਢਣ ਨਾਲ ਗੋਸ਼ਟਿ, ਬਾਬਾ ਲਾਲ ਨਾਲ ਗੋਸ਼ਟਿ, ਕਬੀਰ, ਨਾਮਦੇਵ, ਜਨਕ ਆਦਿ ਬਾਰੇ ਗੋਸ਼ਟਾਂ ਇਸ ਸਮੇਂ ਦੀਆਂ ਰਚਨਾਵਾਂ ਹਨ।

ਗੋਸ਼ਟਿ ਪਰੰਪਰਾ ਦਾ ਆਰੰਭ ਸਾਖੀਆਂ ਦੇ ਨਾਲ ਹੀ ਹੋ ਗਿਆ ਸੀ। ਜੇਕਰ ਇਹ ਕਹਿ ਲਿਆ ਜਾਵੇ ਕਿ ਗੋਸ਼ਟਾਂ ਅਤੇ ਸਾਖੀਆਂ ਪੁਰਾਤਨ ਜਨਮ ਸਾਖੀਆਂ ਦਾ ਮਿਲ ਗੋਭਾ ਹਨ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ, ਕਿਉਂਕਿ ਗੋਸ਼ਟਿ ਸਾਹਿਤ ਅਤੇ ਜਨਮਸਾਖੀ ਸਾਹਿਤ, ਨਾਲੋ-ਨਾਲ ਹੀ ਵਧਿਆ ਫੁਲਿਆ ਹੈ। ਜਨਮਸਾਖੀ ਸਾਹਿਤ ਬਾਰੇ ਬਹੁਤ ਸਾਰੇ ਵਿਦਵਾਨਾਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ ਕਿ 'ਜਨਮਸਾਖੀ' ਸ਼ਬਦ 'ਜਨਮ' ਅਤੇ 'ਸਾਖੀ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ। 'ਜਨਮ' ਸ਼ਬਦ ਦੇ ਮੂਲ ਅਰਥ ਪੈਦਾਇਸ਼ ਜਾਂ ਉਤਪਤੀ ਹਨ ਪਰੰਤੂ ਜਨਮਸਾਖੀ ਵਿਚ 'ਜਨਮ' ਸ਼ਬਦ ਸਮੁੱਚੀ ਜ਼ਿੰਦਗੀ ਦਾ ਸੂਚਕ ਹੈ। ਸਾਹਿਤ ਕੋਸ਼ ਅਨੁਸਾਰ ਜਨਮ ਸ਼ਬਦ ਦਾ ਇਥੇ ਅਰਥ 'ਜਨਮ' ਨਹੀਂ ਸਗੋਂ 'ਜੀਵਨ' ਹੈ ਕਿਉਂਕਿ ਜਨਮਸਾਖੀ ਵਿਚ ਨਾਇਕ ਦੇ ਜਨਮ ਬਿਰਤਾਂਤ ਹੀ ਨਹੀਂ ਸਗੋਂ ਸਮੁੱਚੇ ਜੀਵਨ ਦੀਆਂ ਚੋਣਵੀਆਂ ਘਟਨਾਵਾਂ ਦਾ ਵਰਣਨ ਹੁੰਦਾ ਹੈ।[73]

'ਸਾਖੀ' ਸ਼ਬਦ ਜੋ ਸੰਸਕਿਤ ਦੇ ਸ਼ਬਦ 'ਸਾਕਸ਼ੀ' ਦਾ ਰੂਪਾਂਤਰ ਹੈ, ਤੋਂ ਭਾਵ 'ਗਵਾਹ' ਅਤੇ ਸਾਧੂ ਸੰਤਾਂ ਦੇ ਪਦ ਆਦਿ ਤੋਂ ਲਿਆਂ ਜਾਂਦਾ ਹੈ।[74] ਭਾਈ ਕਾਨ੍ਹ ਸਿੰਘ ਨਾਭਾ 'ਸਾਖੀ' ਦੇ ਅਰਥ 'ਇਤਿਹਾਸ ਅਥਵਾ ਕਥਾ, ਜੋ ਅੱਖੀ ਡਿੱਠੀ ਕਹੀ ਗਈ ਹੋਵੇ, ਕਰਦੇ ਹਨ।[75] ਸਾਖੀਆਂ ਦੀ ਰਚਨਾ ਮਹਾਂਪੁਰਸ਼ਾਂ ਦੇ ਜੀਵਨ ਨਾਲ ਜੁੜੀਆਂ ਘਟਨਾਵਾਂ ਨੂੰ ਸੁਣ ਕੇ ਵੀ ਹੁੰਦੀ ਹੈ।

ਭਾਈ ਕਾਨ੍ਹ ਸਿੰਘ ਨਾਭਾ ਨੇ 'ਜਨਮਸਾਖੀ' ਸ਼ਬਦ ਤੋਂ ਭਾਵ 'ਜੀਵਨ ਬਿਰਤਾਂਤ' ਲਿਆ ਹੈ।[76] ਇਸ ਪ੍ਰਕਾਰ ਜਨਮਸਾਖੀ ਉਹ ਸਾਹਿਤ ਰੂਪ ਹੈ ਜਿਸ ਵਿਚ ਉੱਚੇ ਸੁੱਚੇ ਅਧਿਆਤਮਕ ਜੀਵਨ ਵਾਲੇ ਮਹਾਂਪੁਰਸ਼ ਦਾ ਜੀਵਨ ਬਿਰਤਾਂਤ ਹੋਵੇ ਅਥਵਾ ਉਸ ਦੇ ਜੀਵਨ ਦੀਆਂ ਪ੍ਰਮੁੱਖ ਘਟਨਾਵਾਂ ਉਸ ਦੇ ਬਚਨਾਂ ਨਾਲ ਜੋੜ ਕੇ ਲਿਖੀਆਂ ਗਈਆਂ ਹੋਣ। ਪੰਜਾਬੀ ਸਾਹਿਤ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਜਨਮਸਾਖੀਆਂ ਹੀ ਸਭ ਤੋਂ ਪਹਿਲਾਂ ਰਚੀਆਂ ਗਈਆਂ ਹਨ। ਡਾ. ਸੁਰਿੰਦਰ ਸਿੰਘ ਕੋਹਲੀ ਸਾਖੀ ਦੇ ਅਰਥ ਇਸ ਪ੍ਰਕਾਰ ਕਰਦੇ ਹਨ– ਇਹ ਸ਼ਬਦ 'ਸਾਖੀ' ਸਕੁਸਯ ਤੋਂ ਬਣਿਆ ਹੈ ਜਿਸ ਦੇ ਅਰਥ ਸ਼ਹਾਦਤ ਜਾਂ ਗਵਾਹੀ ਹਨ।[77] ਹਿੰਦੀ ਵਿਦਵਾਨਾਂ ਨੇ ਸਾਖੀ ਦਾ ਅਰਥ ਪ੍ਰਤੱਖ ਗਿਆਨ ਦੱਸਿਆ ਹੈ। ਇਹ ਉਹ ਪ੍ਰਤੱਖ ਗਿਆਨ ਹੈ ਜੋ ਗੁਰੂ ਆਪਣੇ ਨਿਜੀ ਅਨੁਭਵ ਤੋਂ ਆਪਣੇ ਸ਼ਿਸ਼ ਨੂੰ ਦਿੰਦਾ ਹੈ। ਹਿੰਦੀ ਸਾਹਿਤ ਕੋਸ਼ ਅਨੁਸਾਰ – 'ਸਤਯ ਕੀ ਸਾਕਸ਼ੀ ਦੇਤਾ ਹੂਆ ਗੁਰੂ ਜੀਵਨ ਕੇ ਤਤਵ ਗਿਆਨ ਕੀ ਸਿਕਸ਼ਾ ਸ਼ਿਸ਼ਯੋ ਕੋ ਦੇਤਾ ਹੈ'।[78]

ਇਸ ਤਰ੍ਹਾਂ ਸਾਖੀ ਮੂਲ ਰੂਪ ਵਿਚ ਮਹਾਨ ਦਰਵੇਸ਼ ਪੁਰਸ਼ਾਂ ਦੇ ਜੀਵਨ ਦੀ ਉਹ ਅਖੀ ਡਿੱਠੀ ਕਹਾਣੀ ਹੈ ਜੋ ਸੱਚ ਦੀ ਗਵਾਹੀ ਦੇਣ ਲਈ, ਗੁਰੂ ਦੇ ਜੀਵਨ ਨੂੰ ਗਵਾਹ ਬਣਾਉਂਦੀ ਹੈ ਅਤੇ ਸ਼ਿਸ਼ ਦੇ ਮਨ ਨੂੰ ਗਿਆਨ ਰੂਪੀ ਚਿਰਾਗ ਨਾਲ ਰੋਸ਼ਨ ਕਰਦੀ ਹੈ। ਡਾ. ਸਰਨਾਮ ਸਿੰਘ ਨੇ 'ਸਾਖੀ' ਸ਼ਬਦ ਨੂੰ ਇਸ ਤਰ੍ਹਾਂ ਪਰਭਾਸ਼ਿਤ ਕੀਤਾ ਹੈ –ਸਾਖੀ ਮੂਲ ਰੂਪ ਵਿਚ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ ਜੋ 'ਸਾਕਸ਼ੀ' ਜਾਂ ਸਾਕਸ਼ਯ ਤੋਂ ਉਤਪੰਨ ਹੋਇਆ ਹੈ। ਸਾਕਸ਼ੀ ਤੋਂ ਸਖੀ ਅਤੇ ਫਿਰ ਸਾਖੀ ਬਣਿਆ ਹੈ ਜਿਸ ਦਾ ਭਾਵ 'ਗਵਾਹ' ਅਤੇ ਸਾਕਸ਼ਯ ਤੋਂ 'ਸਾਖਿ' ਅਤੇ ਫਿਰ ਸਾਖੀ ਬਣਿਆ ਜਿਸ ਤੋਂ ਭਾਵ 'ਗਵਾਹੀ' ਹੈ।[79] ਸ. ਖੁਸ਼ਵੰਤ ਸਿੰਘ ਜਨਮ ਸਾਖੀ ਤੋਂ ਭਾਵ ਜਨਮ ਕਹਾਣੀ ਲੈਂਦੇ ਹਨ।[80]

ਮੋਹਨ ਸਿੰਘ ਦੀਵਾਨਾ ਅਨੁਸਾਰ, 'ਇਹ ਨਾਂ (ਜਨਮਸਾਖੀ) ਅਜੀਬ ਹੈ ਜਾਂ ਇਉਂ ਕਹੋ ਅਦਭੁਤ ਹੈ। ਇਹ ਗੁਰੂ ਨਾਨਕ ਸਾਹਿਬ ਦੇ ਕੇਵਲ ਜਨਮ ਦੀ ਸਾਖੀ ਜਾਂ ਵਾਰਤਾ ਨਹੀਂ ਸਗੋਂ ਸਾਰੇ ਜੀਵਨ ਦੀ ਵਾਰਤਾ ਹੈ। ਸਦੀਵਤਾ ਦੇ ਪੱਖ ਤੋਂ ਇਹ ਜੀਵਨ ਇਕ ਅਲਪਕਾਲੀ ਜੀਵਨ ਹੈ ਤੇ ਅਗੰਮੀ ਪੁਰਸ਼ ਦਾ ਜੀਵਨ ਹੀ ਉਸਦੀ ਪੂਰਨ ਸਚਾਈ ਹੁੰਦਾ ਹੈ, 'ਮੌਤ ਜਾਂ ਕਾਲ ਤਾਂ ਉਸਨੂੰ ਪੋਂਹਦਾ ਹੀ ਨਹੀਂ। ਇਸ ਲਈ ਉਸ ਦਾ ਜਨਮ ਉਸ ਦੇ ਜੀਵਨ ਦਾ ਪ੍ਰਤੀਕ ਹੈ।'[81]

ਜਨਮ ਸਾਖੀ ਸਾਹਿਤ ਬਾਰੇ ਡਾ. ਹਰਭਜਨ ਸਿੰਘ ਦਾ ਵਿਚਾਰ ਵੀ ਕਾਫੀ ਮਹੱਤਵਪੂਰਣ ਜਾਪਦਾ ਹੈ। ਉਹਨਾਂ ਅਨੁਸਾਰ - ਗੁਰੂ ਨਾਨਕ ਦੀ ਦਿਬਤਾ ਦੋ ਰੂੜੀਆਂ ਰਾਹੀਂ ਪੇਸ਼ ਹੁੰਦੀ ਹੈ। ਉਹ ਜਾਂ ਤਾਂ ਪਰਾ-ਪ੍ਰਕਿਰਤਿਕ ਕਰਾਮਾਤਾਂ ਰਾਹੀਂ ਆਪਣਾ ਪ੍ਰਭਾਵ ਸਿਰਜਦੇ ਹਨ ਅਤੇ ਜਾਂ ਬਾਣੀ ਉਚਾਰਣ ਰਾਹੀਂ।[82] ਸਾਖੀ/ਜਨਮਸਾਖੀ -ਸਾਹਿਤ ਨਿਰੋਲ ਇਤਿਹਾਸ ਵੀ ਨਹੀਂ ਭਾਵੇ ਇਹਦੇ ਨਾਲ 'ਅੱਖੀ ਡਿਠੇ' ਹੋਣ ਦੀ ਸ਼ਰਤ ਲਾਗੂ ਹੁੰਦੀ ਹੈ। ਸੰਤ ਗਥਾਵਾਂ ਨੂੰ ਡਾ. ਤਾਰਨ ਸਿੰਘ ਨੇ ਪਵਿਤਰ ਇਤਿਹਾਸ ਅਤੇ ਪਵਿਤਰ ਸਾਹਿਤ ਮੰਨਿਆਂ ਹੈ ਕਿਉਂਕਿ ਵਿਸ਼ੇ, ਲਿਖਣ ਢੰਗ, ਮੰਤਵ ਅਤੇ ਭਾਵ-ਭਾਵਨਾਵਾਂ ਕਰਕੇ ਇਹ ਰਾਜਸੀ ਇਤਿਹਾਸ ਤੋਂ ਵਿਭਿੰਨ ਹੁੰਦਾ ਹੈ। ਕਿਉਂਕਿ ਇਸ ਦਾ ਮੂਲ ਰੂਪ ਸਮੇਂ, ਸਥਾਨ ਅਤੇ ਕਾਰਣ-ਕਾਰਜ ਦੀ ਕੈਦ ਤੋਂ ਮੁਕਤ ਹੁੰਦਾ ਹੈ।[83]

ਸਾਖੀ/ਜਨਮਸਾਖੀ-ਸਾਹਿਤ ਦਾ ਜਿਥੇ ਮੁੱਢਲਾ ਤੱਤ ਜੀਵਨ ਬਿਰਤਾਂਤ ਹੈ ਉਥੇ ਦੂਜਾ ਵਿਸ਼ੇਸ਼ ਤੱਤ 'ਤੱਤ-ਗਿਆਨ' ਹੈ। ਸੰਸਾਰ ਦੇ ਸਾਰੇ ਆਸਤਕ ਧਰਮਾਂ ਦਾ ਇਹ ਵਿਸ਼ਵਾਸ਼ ਰਿਹਾ ਹੈ ਕਿ ਜਦੋਂ ਵੀ ਸੰਸਾਰ ਤੇ ਧਰਮ ਦਾ ਪਤਨ ਜਾਂ ਅਧਰਮ, ਕੂੜ ਕੁਸੱਤ, ਅਨਿਆਂ ਤੇ ਜ਼ੁਲਮ-ਜਬਰ ਦਾ ਵਾਧਾ ਹੁੰਦਾ ਹੈ ਤਾਂ ਸੰਸਾਰ ਦੇ ਉਧਾਰ ਲਈ ਪਰਮਾਤਮਾ ਕਿਸੇ ਸ਼ਕਤੀ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ। ਭਾਵੇਂ ਇਹ ਗਿਆਨ ਮੂਲ ਰੂਪ ਵਿਚ ਨਿਰੋਲ ਦਰਸ਼ਨ ਅਤੇ ਬੌਧਿਕ ਵਿਚਾਰ ਹੁੰਦਾ ਹੈ ਪਰ ਇਸ ਨੂੰ ਆਮ ਲੋਕਾਂ ਲਈ ਗ੍ਰਹਿਣ-ਯੋਗ ਬਨਾਉਣ ਲਈ ਸਾਖੀਆਂ ਵਿਚ ਨਾਇਕ ਦੇ ਜੀਵਨ ਨੂੰ ਇਸ ਪ੍ਰਕਾਰ ਆਦਰਸ਼ਕ ਬਣਾਇਆ ਜਾਂਦਾ ਹੈ ਕਿ ਉਹ ਉਸ ਸਾਰੇ ਗਿਆਨ ਦਾ ਪ੍ਰਤੀਕ ਬਣ ਜਾਂਦਾ ਹੈ। ਅਜਿਹਾ ਕਰਨ ਕਰਕੇ ਸਾਖੀਆਂ ਵਿਚ ਆਦਰਸ਼ਵਾਦ, ਸ਼ਰਧਾ, ਵਿਚਿਤਰਤਾ, ਅਦਭੁਤਤਾ, ਕਲਪਨਾ ਅਤੇ ਵੀਰ-ਸ਼ਰਧਾ ਜਿਹੇ ਭਾਵ ਆ ਜਾਂਦੇ ਹਨ। ਇਉਂ ਸਾਖੀ ਸਾਹਿਤ ਵਿਚ ਗਿਆਨ, ਨਿਰੋਲ ਗਿਆਨ-ਚਰਚਾ ਨਹੀਂ ਸਗੋਂ ਇਹ ਗਿਆਨ 'ਸਾਕਾਰ' ਰੂਪ ਵਿਚ 'ਪਰਮ ਮਨੁੱਖ, ਦੀ ਸਖਸ਼ੀਅਤ ਦੇ ਆਕਾਰ ਅਤੇ ਪ੍ਰਭਾਵ ਵਿਚੋਂ ਪ੍ਰਗਟ ਹੁੰਦਾ ਹੈ।

ਡਾ. ਵਣਜਾਰਾ ਬੇਦੀ ਵੀ ਸਾਖੀ ਨੂੰ ਲੋਕਧਾਰਾ ਨਾਲ ਜੋੜਦੇ ਹਨ, 'ਸਾਖੀ ਕਿਸੇ ਸਾਧ, ਗੁਰੂ ਵਿਅਕਤੀ ਆਦਿ ਦੇ ਜੀਵਨ ਦੇ ਲੋਕ ਸੱਚ ਦਾ ਬਿਰਤਾਂਤ ਹੈ, ਜਿਹੜਾ ਪਰੰਪਰਾ ਦੀ ਧਾਰਾ ਵਿਚ ਵਹਿੰਦਾ ਪੀੜ੍ਹੀਉ-ਪੀੜ੍ਹੀ ਅੱਗੇ ਤੁਰਦਾ ਜਾਂਦਾ ਹੈ।[84]

ਗੁਰੂ ਨਾਨਕ ਦੇਵ ਜੀ ਨੇ ਵੀ ਸਾਖੀ ਦੇ ਅਰਥ ਗਵਾਹੀ ਅਤੇ ਸਿੱਖਿਆ ਤੋਂ ਲਏ ਹਨ। ਉਨ੍ਹਾਂ ਦੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਤੋਂ ਇਸ ਗੱਲ ਦੀ ਪ੍ਰਮਾਣਿਕਤਾ ਵੇਖੀ ਜਾ ਸਕਦੀ ਹੈ:

1. ਪਾਪੁ ਪੁੰਨੁ ਦੁਇ ਸਾਖੀ ਪਾਸਿ॥ ੨॥[85]

2. ਚਤੁਰ ਦਸ ਹਾਟ ਦੀਵੇ ਦੁਇ ਸਾਖੀ॥[86]

3. ਸੁਰਤਿ ਸਬਦੁ ਸਾਖੀ ਮੇਰੀ ਸਿੰਙੀ ਬਾਜੈ ਲੋਕੁ ਸੁਣੇ॥ [87]

ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਵੀ ਇਸ ਦੇ ਅਰਥ ਕਥਾ, ਕਹਾਣੀ ਜਾਂ ਪ੍ਰਸੰਗ ਵਾਲੇ ਮਿਲਦੇ ਹਨ :

1. ਸੁਣਿ ਸਾਖੀ ਮਨ ਜਪਿ ਪਿਆਰ॥
   ਅਜਾਮਲ ਉਧਰਿਆ ਕਹਿ ਏਕ ਬਾਰ॥[88]

2. ਪਤਿ ਪਰਮੇਸਰੁ ਗਤਿ ਨਾਰਾਇਣੁ ਧਨੁ ਗੁਪਾਲ ਗੁਣ ਸਾਖੀ॥ [89]

ਇਨ੍ਹਾਂ ਪਰਿਭਾਸ਼ਾਵਾਂ ਨੂੰ ਮੁੱਖ ਰੱਖਦਿਆਂ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਸਾਖੀ ਸਾਹਿਤ ਦਾ ਸੰਬੰਧ ਕਿਸੇ ਮਹਾਂਪੁਰਸ਼ ਜਾਂ ਆਗੂ ਨਾਲ ਹੁੰਦਾ ਹੈ। ਇਹ ਵਾਸਤਵ ਵਿਚ ਹੰਢਾਏ ਹੋਏ ਜੀਵਨ ਦਾ ਚਿਤਰਣ ਕਰਦੀ ਹੈ। ਇਸ ਵਿਚ ਇਤਿਹਾਸ ਵਰਗੀ ਸਚਾਈ ਹੁੰਦੀ ਹੈ। ਇਹ ਨ ਕੇਵਲ ਮਹਾਂਪੁਰਸ਼ਾਂ ਜਾਂ ਆਗੂਆਂ ਦੇ ਜੀਵਨ ਦੀਆਂ ਵਾਸਤਵਿਕ ਘਟਨਾਵਾਂ ਨੂੰ ਹੀ ਬਿਆਨ ਨਹੀਂ ਕਰਦੀ ਹੈ ਸਗੋਂ ਉਸ ਦੇ ਵਿਅਕਤਿਤਵ ਨੂੰ ਗੁਣ ਔਗੁਣਾਂ ਸਮੇਤ ਪੁਨਰ-ਰੂਪ ਪ੍ਰਦਾਨ ਕਰਦੀ ਹੈ। ਸਾਖੀ/ਜਨਮਸਾਖੀ/ਸੰਤਗਾਥਾ ਵਿਚ ਇਹ ਵੀ ਸਪਸ਼ਟ ਹੈ ਕਿ ਜਨਮਸਾਖੀਆਂ/ਸਾਖੀਆਂ/ਸੰਤ ਗਥਾਵਾਂ ਵਿਚ ਕੇਵਲ ਜੀਵਨ ਦਾ ਸਿੱਧਾ-ਪੱਧਰਾ ਬਿਆਨ ਨਹੀਂ ਹੁੰਦਾ ਸਗੋਂ 'ਅਧਿਆਤਮ ਗਿਆਨ, ਦੀ ਭਾਲ ਇਹਨਾਂ ਦਾ ਮੁਖ ਤੱਤ ਹੁੰਦਾ ਹੈ। ਜਿਸ ਤਰ੍ਹਾਂ ਪ੍ਰਤਿਸ਼ਟ ਆਤਮਾ ਦੇ ਸੰਸਾਰ-ਗਮਨ ਦਾ ਅਸਲ ਉਦੇਸ਼ ਇਸ ਸੰਸਾਰ ਦਾ ਉਧਾਰ ਹੁੰਦਾ ਹੈ, ਉਸੇ ਤਰ੍ਹਾਂ ਸੰਤ ਗਥਾਵਾਂ ਦਾ ਅਸਲ ਉਦੇਸ਼ ਧਰਮ ਅਤੇ ਉਸ ਵਿਚੋਂ ਉਤਪੰਨ ਹੁੰਦੇ ਗਿਆਨ ਨੂੰ ਸੁਰਖਿਅਤ ਰੱਖਣਾ ਹੁੰਦਾ ਹੈ। ਇਸ ਤਰ੍ਹਾਂ ਅਸੀਂ ਸਾਖੀ/ਜਨਮਸਾਖੀ/ਸੰਤ ਗਾਥਾ-ਸਾਹਿਤ ਵਿਚ ਦੋ ਤੱਤ ਮੰਨ ਸਕਦੇ ਹਾਂ, 'ਜੀਵਨ ਬਿਰਤਾਂਤ' ਅਤੇ ਤੱਤ-ਗਿਆਨ। ਸਾਖੀ-ਸਾਹਿਤ ਦਾ ਮੁੱਖ ਸੰਬੰਧ

ਜੀਵਨ ਬਿਰਤਾਂਤ ਨਾਲ ਹੈ, ਇਸ ਵਿਚ ਤੱਤ-ਗਿਆਨ ਗੌਣ ਹੈ। ਪਰ ਗੋਸ਼ਟਿ ਸਾਹਿਤ ਵਿਚ ਤੱਤ-ਗਿਆਨ ਮੁਖ ਹੈ ਅਤੇ ਜੀਵਨ ਬਿਰਤਾਂਤ ਗੌਣ ਹੈ।

**ਸਾਖੀ ਅਤੇ ਗੋਸ਼ਟਿ ਵਿਚ ਅੰਤਰ**

ਸਾਖੀ ਅਤੇ ਗੋਸ਼ਟਿ ਵਿਚ ਸਭ ਤੋਂ ਵੱਡੀ ਸਾਂਝ ਪਾਤਰਾਂ ਦੀ ਹੈ। ਗੋਸ਼ਟਿ ਵਿਚ ਘੱਟ ਤੋਂ ਘੱਟ ਸਿਆਣਾ ਆਦਮੀ ਜਾਂ ਕਿਸੇ ਸੰਪਰਦਾਇ ਦਾ ਮੋਢੀ ਜ਼ਰੂਰ ਹੁੰਦਾ ਹੈ ਪਰੰਤੂ ਸਾਖੀ ਵਿਚ ਇਹ ਜ਼ਰੂਰੀ ਨਹੀਂ ਹੁੰਦਾ। ਸਾਹਿਤਕ ਦ੍ਰਿਸ਼ਟੀਕੋਣ ਤੋਂ ਜੇ ਵਿਚਾਰ ਕਰੀਏ ਤਾਂ ਸਾਖੀ ਵਿਚ ਕਹਾਣੀ ਰਸ ਹੁੰਦਾ ਹੈ, ਸੁਹਜ ਸਵਾਦ ਵੀ, ਪਰ ਗੋਸ਼ਟੀ ਦੀ ਰੌਚਕਤਾ ਅਧਿਆਤਮਕ ਤੇ ਦਿਮਾਗੀ ਕਿਸਮ ਦੀ ਹੁੰਦੀ ਹੈ। ਜਿਥੇ ਗੋਸ਼ਟਿ ਮਨ ਨੂੰ ਤ੍ਰਿਪਤ ਕਰਦੀ ਹੈ, ਉਥੇ ਸਾਖੀ ਭਾਵਾਂ ਨੂੰ ਤ੍ਰਿਪਤ ਕਰਦੀ ਹੈ। ਸਾਖੀਆਂ/ਜਨਮਸਾਖੀਆਂ ਵਿਚ ਸੰਤਾਂ ਮਹਾਤਮਾ ਦੇ ਜੀਵਨ ਕੌਤਕ, ਲੀਲਾਵਾਂ ਅਤੇ ਕਰਤੱਵਾਂ ਦਾ ਬਿਆਨ ਹੁੰਦਾ ਹੈ, ਉਥੇ ਗੋਸ਼ਟਿ ਵਿਚ ਦਰਸ਼ਨ ਮਤ ਜਾਂ ਸਿਧਾਂਤਾਂ ਦੀ ਚਰਚਾ ਹੁੰਦੀ ਹੈ।

ਗੋਸ਼ਟਿ ਅਤੇ ਸਾਖੀ ਵਿਚ ਨਾਇਕ, ਗੁਰੂ, ਸੰਤ ਜਾਂ ਪਰਮ-ਆਤਮਾ ਪ੍ਰਤੀ, ਸ਼ਰਧਾ ਭਾਵਾਂ ਦੀ ਸਮਾਨਤਾ ਹੁੰਦੀ ਹੈ। ਸਾਖੀ ਸਾਹਿਤ ਵਿਚ ਵੀ ਮੁਖ ਨਾਇਕ ਪਵਿੱਤਰ, ਪਾਵਨ ਅਤੇ ਮਹਾਨ ਹਸਤੀ ਹੁੰਦੀ ਹੈ ਅਤੇ ਗੋਸ਼ਟਿ ਵਿਚ ਗਿਆਨ ਚਰਚਾ ਕਰਦਿਆਂ, ਮਹਾਨ ਹਸਤੀ ਇਕ ਜੇਤੂ ਦੇ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦੀ ਹੈ ਅਤੇ ਵਿਰੋਧੀ ਸੁਰ ਦੇ ਪਾਤਰ ਉਸਦੇ ਦਰਸ਼ਨ ਅਤੇ ਗਿਆਨ ਅੱਗੇ ਹਾਰ ਜਾਂਦੇ ਹਨ। ਪਹਿਲੇ ਵਿਚ ਵਿਅਕਤੀ ਦੀ ਸ਼ਖਸ਼ੀਅਤ ਦਾ ਆਕਾਰ ਅਤੇ ਪਸਾਰਾ ਉੱਚਾ ਹੁੰਦਾ ਹੈ ਅਤੇ ਦੂਜੇ ਵਿਚ ਵਿਅਕਤੀ ਗੌਣ ਹੈ ਤੇ ਉਸਦੇ ਦਰਸ਼ਨ ਅਤੇ ਸਿਧਾਂਤਾਂ ਦਾ ਸੁਰ ਬਲਵਾਨ ਹੈ। ਪਹਿਲੇ ਵਿਚ 'ਆਦਰਸ਼' ਸਾਕਾਰ ਰੂਪ ਵਿਚ ਸਾਹਮਣੇ ਆਉਂਦਾ ਹੈ ਅਤੇ ਦੂਜੇ ਵਿਚ ਆਦਰਸ਼ ਦੀ ਸੋਝੀ ਕਰਾਉਣ ਦਾ ਹੀ ਜਤਨ ਹੁੰਦਾ ਹੈ।

ਸਾਖੀ ਅਤੇ ਗੋਸ਼ਟਿ ਦੇ ਨਿਭਾ ਵਿਚ ਵੀ ਢੇਰ ਅੰਤਰ ਹੈ। ਸਾਖੀ ਨੂੰ ਮਾਨਣ ਲਈ ਅਰਸਤੂ ਦੇ ਸਿਧਾਂਤ ਅਰਥਾਤ 'ਸ਼ੰਕੇ ਤੇ ਤਿਆਗ' ਦੀ ਲੋੜ ਹੈ। ਪਰਮ ਆਤਮਾ ਜੋ ਹੈ ਉਸੇ ਤਰ੍ਹਾਂ ਹੀ ਹੈ, ਉਸ ਦੀਆਂ ਲੀਲਾਵਾਂ, ਕੌਤਕ ਅਤੇ ਕਰਤਵ ਨਿਸ਼ਚਿਤ ਹਨ। ਅਸੰਭਵ ਕੁਝ ਵੀ ਨਹੀਂ, ਸ਼ੰਕੇ ਦੀ ਗੁੰਜਾਇਸ਼

ਨਹੀਂ, ਨਾਇਕ ਸੰਪੂਰਣ ਹੈ ਅਤੇ ਸਰਬ ਕਲਾ ਸੰਪੂਰਣ। ਪਰ ਗੋਸ਼ਟਿ ਵਿਚ ਅਜਿਹਾ ਨਹੀਂ ਹੁੰਦਾ। ਉਸ ਵਿਚ ਸਿਧਾਂਤਾਂ ਅਤੇ ਦਾਰਸ਼ਨਿਕ ਵਿਚਾਰਾਂ ਦੀ ਚਰਚਾ ਹੁੰਦੀ ਹੈ ਜਿਸ ਵਿਚੋਂ ਨਾਇਕ ਨੇ ਆਪਣੀ ਮਾਨਤਾ ਵਾਲੇ ਵਿਚਾਰਾਂ ਨੂੰ ਪ੍ਰਬਲ ਦਿਖਾਉਣਾ ਹੁੰਦਾ ਹੈ। ਇਸ ਲਈ ਜ਼ਰੂਰੀ ਹੈ ਕਿ ਹਰ ਇਕ ਦੇ ਸ਼ੰਕੇ ਨਵਿਰਤ ਕੀਤੇ ਜਾਣ, ਤਾਂ ਹੀ ਵਿਚਾਰਾਂ ਦੀ ਸੱਚਾਈ ਦ੍ਰਿੜ ਹੋ ਸਕੇਗੀ। ਗੋਸ਼ਟਿ ਸਾਹਿਤ ਵਿਚ 'ਨਿਸ਼ਚਿਤ' ਕੁਝ ਵੀ ਨਹੀਂ, ਸਗੋਂ ਵਾਦੀ-ਪ੍ਰਤਿਵਾਦੀ ਢੰਗ ਨਾਲ ਸ਼ੰਕਾਵਾਂ ਦਾ ਖੰਡਨ ਕਰਕੇ ਸਿਧਾਂਤ ਨੂੰ ਨਿਸ਼ਚਿਤ ਕਰਨਾ ਹੁੰਦਾ ਹੈ।

ਸ਼ੈਲੀ ਦੇ ਪੱਖ ਤੋਂ ਵੀ ਇਨ੍ਹਾਂ ਦੋਹਾਂ ਵਿਚ ਅੰਤਰ ਹੈ। ਜਿਥੇ ਸਾਖੀਆਂ ਦੀ ਸ਼ੈਲੀ ਵਰਣਨਾਤਮਕ ਹੈ ਉਥੇ ਗੋਸ਼ਟਿ ਦੀ ਸ਼ੈਲੀ ਕਟਾਖਸ਼ ਭਰੀ, ਦਲੀਲ ਯੁਕਤ, ਸਿਧਾਂਤਕ, ਸੰਜਮਮਈ, ਸੰਖੇਪ ਅਤੇ ਤਰਕਵਾਦੀ ਹੁੰਦੀ ਹੈ। ਕਈ ਥਾਵਾਂ ਤੇ ਇਹ ਨਿਰੋਲ ਵਾਦ-ਵਿਵਾਦ ਦਾ ਰੂਪ ਧਾਰਣ ਕਰ ਲੈਂਦੀ ਹੈ। ਇਸ ਸ਼ੈਲੀ ਨੂੰ ਪ੍ਰਸ਼ਨੋਤਰੀ ਸ਼ੈਲੀ ਵੀ ਕਿਹਾ ਜਾ ਸਕਦਾ ਹੈ।

ਵਿਸ਼ੇ ਦੇ ਪੱਖ ਤੋਂ ਜਿਥੇ ਸਾਖੀਆਂ ਕੇਵਲ 'ਪਵਿੱਤਰ' ਜਾਂ 'ਪਾਵਨ' ਹਸਤੀਆਂ ਦਾ ਹੀ ਬਿਆਨ ਹਨ ਅਤੇ ਇਸ ਵਿਚ ਇਹਨਾਂ ਪਵਿੱਤਰ ਹਸਤੀਆਂ ਦੇ ਜੀਵਨ ਚਰਿੱਤਰ ਉਪਰ ਹੀ ਝਾਤ ਪਵਾਈ ਜਾਂਦੀ ਹੈ, ਉਥੇ ਗੋਸ਼ਟਿ-ਸਾਹਿਤ ਵਿਚ ਇਹ ਮਹਾਂਪੁਰਖ ਕਿਸੇ ਮਸਲੇ ਜਾਂ ਵਿਸ਼ੇ 'ਤੇ ਬਹਿਸ ਕਰਕੇ, ਉਸ ਦਾ ਨਿਪਟਾਰਾ ਕਰਦੇ ਨਜ਼ਰ ਆਉਂਦੇ ਹਨ। ਸਾਖੀਆਂ ਅਤੇ ਗੋਸ਼ਟਿ ਸਾਹਿਤ ਵਿਸ਼ੇ ਦੇ ਪੱਖੋਂ ਵਿਸ਼ਾਲ ਹਨ। ਧਰਮ, ਦਰਸ਼ਨ, ਫਲਸਫ਼ਾ ਅਤੇ ਰਹੱਸਵਾਦੀ ਵਿਚਾਰਾਂ ਤੋਂ ਛੁਟ ਸਾਹਿਤ, ਸੰਗੀਤ, ਕਲਾ, ਵਿਗਿਆਨ, ਚਕਿਤਸਾ ਆਦਿ ਕਈ ਵਿਸ਼ੇ ਗੋਸ਼ਟਿ ਦੇ ਘੇਰੇ ਵਿਚ ਆ ਗਏ ਹਨ। ਇਸ ਤਰ੍ਹਾਂ ਗੋਸ਼ਟਿ ਸਾਹਿਤ ਵਿਚ ਵਿਸ਼ਿਆਂ ਦੀ ਵਿਸ਼ਾਲਤਾ ਅਤੇ ਅਸੀਮਤਾ ਹੈ।

ਗੋਸ਼ਟਾਂ ਅਤੇ ਸਾਖੀਆਂ ਵਿਚ ਇਕ ਹੋਰ ਸਾਂਝ ਉਪਦੇਸ਼ਾਤਮਕਤਾ ਦੀ ਮੰਨੀ ਗਈ ਹੈ। ਕਿਉਂ ਜੋ ਹਰ ਸਾਖੀ ਵਿਚ ਕਿਸੇ ਨਾ ਕਿਸੇ ਸਿੱਖਿਆ ਨੂੰ ਪੇਸ਼ ਕੀਤਾ ਗਿਆ ਹੈ। ਗੋਸ਼ਟਾਂ ਵਿਚ ਵੀ ਜਦੋਂ ਗੁਰੂ ਜੀ ਕਿਸੇ ਸ਼ੰਕੇ ਦਾ ਨਿਵਾਰਣ ਕਰਦੇ ਨਜ਼ਰ ਆਉਂਦੇ ਹਨ ਤਾਂ ਉਸ ਵਿਚ ਇਕ ਤਰ੍ਹਾਂ ਦਾ ਉਪਦੇਸ਼ ਹੀ ਹੁੰਦਾ ਹੈ। ਇਸ ਤਰ੍ਹਾਂ ਗੋਸ਼ਟਿ-ਸਾਹਿਤ, ਸਾਖੀ ਸਾਹਿਤ ਦੇ ਨਾਲ ਹੀ ਵਧਿਆ-ਫੁਲਿਆ ਹੈ ਅਤੇ ਸਾਖੀ

ਸਾਹਿਤ ਦਾ ਹੀ ਪ੍ਰਫੁਲਿਤ ਰੂਪ ਹੈ, ਪਰ ਫਿਰ ਵੀ ਇਨ੍ਹਾਂ ਵਿਚਲੀ ਭਿੰਨਤਾ ਨੂੰ ਸਪਸ਼ਟ ਤੌਰ ਤੇ ਦੇਖਿਆ ਜਾ ਸਕਦਾ ਹੈ। ਸਾਖੀ ਦਾ ਸੰਬਧ ਜੀਵਨ ਦੀਆਂ ਘਟਨਾਵਾਂ ਨਾਲ ਹੋਣ ਕਰਕੇ, ਇਸ ਵਿਚ ਬਿਰਤਾਂਤ ਪ੍ਰਧਾਨ ਹੁੰਦਾ ਹੈ ਜਦਕਿ ਗੋਸ਼ਟਾਂ ਵਿਚ ਨਾਇਕ ਦੀ ਬੌਧਿਕ ਕਲਾ ਨੂੰ ਨਿਖਾਰਿਆ ਜਾਂਦਾ ਹੈ ਅਤੇ ਬੌਧਿਕ ਦ੍ਰਿਸ਼ਟੀਕੋਣ ਤੋਂ ਸੂਖਮ ਤੋਂ ਸੂਖਮ ਨੁਕਤਿਆਂ ਦਾ ਚੰਗੀ ਤਰ੍ਹਾਂ ਵਿਸ਼ਲੇਸ਼ਣ ਕੀਤਾ ਜਾਂਦਾ ਹੈ ਅਤੇ ਕੋਈ ਨਿਰਣਾ ਜਾਂ ਨਿਸ਼ਕਰਸ਼ ਸਾਹਮਣੇ ਆਉਣ ਤੇ ਜਗਿਆਸੂ ਨੂੰ ਮਾਨਸਿਕ ਸੰਤੁਸ਼ਟੀ ਮਿਲਦੀ ਹੈ। ਕਿਸੇ ਨਵੇਂ ਮੱਤ ਦੇ ਉਭਰਨ ਸਮੇਂ ਵਿਚਾਰਾਂ ਨੂੰ ਵੰਗਾਰ ਮਿਲਦੀ ਹੈ। ਜਿਥੇ ਪੁਰਾਣੇ ਮੱਤ ਵਾਲੇ ਆਪਣੇ ਮੱਤ ਦੇ ਸਿਧਾਂਤਾਂ ਨੂੰ ਸਹੀ ਸਿੱਧ ਕਰਨ ਦੇ ਉਪਾਉ ਸੋਚ ਕੇ ਤੇ ਉਸ ਨੂੰ ਬਚਾਉਣ ਦੀ ਹਰ ਸੰਭਵ ਕੋਸ਼ਿਸ਼ ਕਰਦੇ ਹਨ ਉਥੇ ਨਵੇਂ ਮੱਤ ਵਾਲੇ ਪੁਰਾਣੇ ਮੱਤ ਦੀਆਂ ਊਣਤਾਈਆਂ ਦੱਸ ਕੇ ਜਾਂ ਇਨ੍ਹਾਂ ਦਾ ਪ੍ਰਚਾਰ ਕਰ ਕੇ ਜਗਿਆਸੂਆਂ ਨੂੰ ਆਪਣੇ ਮੱਤ ਵਲ ਪ੍ਰੇਰਿਤ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਸੇ ਕਸ਼ਮਕਸ਼ ਵਿਚੋਂ ਹੀ ਕਈ ਨਵੇਂ ਵਿਚਾਰ ਉਭਰ ਕੇ ਸਾਹਮਣੇ ਆ ਜਾਂਦੇ ਹਨ। ਇਹ ਹੀ ਗੋਸ਼ਟਿ ਸਾਹਿਤ ਦੀ ਪ੍ਰਾਪਤੀ ਹੈ।

**ਗੋਸ਼ਟਾਂ ਦੀ ਪ੍ਰਕਾਰ ਵੰਡ**

ਡਾ. ਮੋਹਨ ਸਿੰਘ ਦੀ ਖੋਜ ਅਨੁਸਾਰ ਜੋਗੀਆਂ ਦੇ ਵੇਲੇ ਤੋਂ ਅਪਭ੍ਰੰਸ਼ ਵਿਚ ਗੋਸ਼ਟਾਂ ਲਿਖੀਆਂ ਜਾਣੀਆਂ ਸ਼ੁਰੂ ਹੋਈਆਂ। ਇਨ੍ਹਾਂ ਗੋਸ਼ਟਾਂ ਦੀ ਗਿਣਤੀ ਬੇਸ਼ੁਮਾਰ ਸੀ, ਪਰ 'ਗੋਰਖ ਗੋਸ਼ਟਿ' ਅਤੇ 'ਮਛੰਦਰ ਗੋਸ਼ਟਿ' ਨੂੰ ਉਹ ਪ੍ਰਮਾਣਿਕ ਮੰਨਦੇ ਹਨ। ਇਹ ਦੋਵੇਂ ਕਾਵਿ-ਗੋਸ਼ਟਾਂ ਹਨ। ਪੰਜਾਬੀ ਵਿਚ ਵੀ ਜੋਗੀਆਂ ਸੰਬੰਧੀ 'ਕਾਵਿ ਗੋਸ਼ਟਾਂ' ਮਿਲਦੀਆਂ ਹਨ। ਜਿਵੇਂ-'ਗੋਸ਼ਿਟ ਗੋਰਖ ਤਥਾ ਖਿੰਥੜੇ ਦੀ' 'ਗੋਸ਼ਟਿ ਸ੍ਰੀ ਗੋਪੀ ਚੰਦ ਕੀ', 'ਆਦਿ ਕਥਾ ਰਾਜੇ ਭਰਥਰੀ ਕੀ', 'ਗੋਸਟਿ ਸ਼੍ਰੀ ਗੋਰਖ ਬਿਆਸ ਕੀ' 'ਗੋਸ਼ਟਿ ਆਤਮੈ ਪਰਮਾਤਮੈ ਕੀ', 'ਗੋਸ਼ਟਿ ਗੋਰਖ ਗੁਸਾਂਈ ਕੀ', 'ਗੋਸਟਿ ਸ਼੍ਰੀ ਗੋਰਖ ਨਾਥ ਕੀ', 'ਗਣੇਸ਼ ਗੋਰਖ ਗੋਸ਼ਟਿ' ਆਦਿ। ਇਹ ਗੋਸ਼ਟਾਂ ਕਾਵਿ- ਰੂਪ ਵਿਚ ਮਿਲਦੀਆਂ ਹਨ। ਜੋਗੀਆਂ ਸੰਬੰਧੀ ਮਿਲਦੀਆਂ ਵਾਰਤਕ-ਗੋਸ਼ਟਾਂ ਦਾ ਬਹੁਤ ਵੱਡਾ ਸੰਗ੍ਰਹਿ ਹੱਥ-ਲਿਖਤ ਨੰ. 359 ਭਾਸ਼ਾ ਵਿਭਾਗ ਲਾਇਬ੍ਰੇਰੀ ਪਟਿਆਲਾ ਵਿਚ ਪਿਆ ਹੈ। ਇਸ ਵਿਚ ਹੇਠ ਲਿਖੀਆਂ ਗੋਸ਼ਟਾਂ ਦਰਜ਼ ਹਨ।

1) ਗੋਸ਼ਟਿ ਸ਼੍ਰੀ ਗੋਰਖ ਨਾਥ।

2) ਗੋਸ਼ਟਿ ਸ਼੍ਰੀ ਗੋਰਖ ਬਿਆਸ।

3) ਗੋਸ਼ਟਿ (ਕਥਾ) ਆਦਿ ਪੂਰਬਲੀ ਬਿਆਸ ਗੁਸਾਈਂ ਜਨਮੇਜੇ ਸਾਥ ਕੀਤੀ।

4) ਆਦਿ ਕਥਾ ਰਾਜੇ ਭਰਥਰੀ ਕੀ।

ਇਸ ਪੋਥੀ ਤੋਂ ਬਿਨਾਂ 'ਗੋਸ਼ਟਿ ਗੋਰਖ ਭਰਥਰੀ' ਹੱਥ ਲਿਖਤ ਨੰ.678 , ਸੈ. ਪ. ਲਾ. ਪਟਿਆਲਾ, 'ਆਦਿ ਕਥਾ ਰਾਜੇ ਭਰਥਰੀ ਕੀ'ਹੱਥ ਲਿਖਤ ਨੰ. 675, ਪੰਜਾਬ ਆਰਕਾਈਵਜ਼ ਪਟਿਆਲਾ, ਅਤੇ 'ਕਥਾ ਰਾਜੇ ਭਰਥਰੀ' ਹੱਥ ਲਿਖਤ ਨੰ. 350, ਭਾ. ਵਿ. ਪਟਿਆਲਾ ਵਿਚ ਮਿਲਦੀਆਂ ਗੋਸ਼ਟਾਂ ਉਪਰੋਕਤ ਪੋਥੀ ਵਿਚ ਮਿਲਦੀਆਂ ਗੋਸ਼ਟਾਂ ਦੀਆਂ ਪ੍ਰਤਿਲਿਪੀਆਂ ਹਨ।

ਇਨ੍ਹਾਂ ਗੋਸ਼ਟਾਂ ਤੋਂ ਬਿਨਾਂ 'ਗੋਸ਼ਟਿ ਗਣੇਸ਼ ਗੋਰਖ' 'ਗੋਰਖ ਸੰਬਾਦ ਦਵਾਦਸ ਮਾਤ੍ਰਾ ਕਾ ਝਗੜਾ' ਅਤੇ ਪ੍ਰਮਾਰਥ ਮਾਰਕੰਡੇ ਪੁਰਾਣ ਗੋਸ਼ਟਿ ਪਿਤਾ ਕੇ ਸਾਥ ਹੋਈ' ਆਦਿ ਗੋਸ਼ਟਾਂ ਮਿਲਦੀਆਂ ਹਨ।

ਇਨ੍ਹਾਂ ਸਾਰੀਆਂ ਗੋਸ਼ਟਾਂ ਵਿਚ ਜੋਗ ਮਤ ਦੇ ਵਿਚਾਰਾਂ ਨੂੰ ਵਿਸ਼ਾ ਬਣਾਇਆ ਗਿਆ ਹੈ। ਇਨ੍ਹਾਂ ਗੋਸ਼ਟਾਂ ਦਾ ਰਚਨ-ਕਾਲ ਅਨਿਸ਼ਚਿਤ ਹੋਣ ਕਰਕੇ, ਇਹ ਕਹਿਣਾ ਕਠਿਨ ਹੈ ਕਿ ਪੰਜਾਬੀ ਵਾਰਤਕ ਵਿਚ ਜੋਗੀਆਂ ਸੰਬੰਧੀ ਗੋਸ਼ਟਾਂ ਲਿਖਣ ਦੀ ਪਰੰਪਰਾ ਕਦੋਂ ਚਲੀ, ਪਰ ਇਨ੍ਹਾਂ ਵਾਰਤਕ ਗੋਸ਼ਟਾਂ ਉਪਰ ਅਪਭ੍ਰੰਸ਼ ਦਾ ਪ੍ਰਭਾਵ ਇਨ੍ਹਾਂ ਦੇ ਬਹੁਤ ਪੁਰਾਣੀਆਂ ਲਿਖਤਾਂ ਹੋਣ ਦਾ ਸੂਚਕ ਹੈ। ਡਾ. ਤਰਲੋਚਨ ਸਿੰਘ ਬੇਦੀ ਪੰਜਾਬੀ ਵਾਰਤਕ ਵਿਚ ਗੋਸ਼ਟਿ ਪਰੰਪਰਾ ਦਾ ਆਰੰਭ 'ਏਕਾਦਸ਼ੀ ਮਹਾਤਮ' ਨਾਲ ਤੇਰ੍ਹਵੀਂ-ਚੌਦਵੀਂ ਸਦੀ ਵਿਚ ਮੰਨਦੇ ਹਨ। 'ਏਕਾਦਸ਼ੀ ਮਹਾਤਮ' ਦੇ ਹੱਥ ਲਿਖਤ ਖਰੜੇ ਨੂੰ ਲਿਪੀ ਦੇ ਪੱਖ ਤੋਂ ਪ੍ਰੋ. ਜਗਨ ਨਾਥ ਨੇ ਅਤੇ ਬੋਲੀ ਦੇ ਪੱਖ ਤੋਂ ਭਾਸ਼ਾ ਵਿਗਿਆਨੀ ਡਾ. ਸੁਧੇਸਵਰ ਵਰਮਾ ਨੇ ਵੀਂ ਤੇਰ੍ਹਵੀਂ-ਚੌਦਵੀਂ ਸਦੀ ਦੀ ਰਚਨਾ ਹੀ ਮੰਨਿਆਂ ਹੈ।[੭੦]

ਵਿਸ਼ੇ ਦੇ ਪੱਖ ਤੋਂ 'ਏਕਾਦਸ਼ੀ ਮਹਾਤਮ' ਵਿਚ ਸ਼੍ਰੀ ਕ੍ਰਿਸ਼ਨ ਜੀ ਦੇ ਅਰਜਨ ਅਤੇ ਯੁਧਿਸ਼ਟਰ ਨਾਲ ਅਤੇ ਬ੍ਰਹਮਾ ਜੀ ਦੇ ਨਾਰਦ ਮੁਨੀ ਆਦਿ ਰਾਹੀਂ ਸਾਡੇ ਭਾਰਤੀ ਇਤਿਹਾਸ-ਮਿਥਿਹਾਸ ਵਿਚੋਂ ਵਖ-ਵਖ ਵਾਰਤਾਵਾਂ ਸੁਣਾ ਕੇ ਵਖ-ਵਖ ਏਕਾਦਸ਼ੀਆਂ ਮਨਾਉਣ ਦੇ ਮਹਾਤਮ ਦੱਸੇ ਹੋਏ ਹਨ। ਇਹ

ਵਾਰਤਾਵਾਂ ਸਤਿਯੁਗ, ਦੁਆਪਰ, ਤ੍ਰੇਤਾ ਆਦਿ ਯੁਗਾਂ ਵਿਚੋਂ ਲਈਆਂ ਗਈਆਂ ਹਨ, ਜਿਵੇਂ ਸਤਿਯੁਗ ਵਿਚ ਹੋਏ ਮੁਰਸ ਦੇਵਤਾ, ਤ੍ਰੇਤਾ ਯੁਗ ਵਿਚ ਹੋਏ ਮਹਿਖਾਵਤ, ਦੁਆਪਰ ਯੁਗ ਵਿਚ ਹੋਏ ਰਾਜਾ ਦਸ਼ਰਥ ਦੇ ਪੁੱਤਰ ਸ਼੍ਰੀ ਰਾਮ ਚੰਦਰ ਦੀਆਂ ਵਾਰਤਾਵਾਂ ਆਦਿ ਵਿਚ ਗੋਸ਼ਟੀ ਦਾ ਪ੍ਰਯੋਗ ਕੀਤਾ ਹੋਇਆ ਹੈ।[91] ਸਤਾਰਵੀਂ ਸਦੀ ਦੀ ਗੋਸ਼ਟਿ 'ਗੋਸ਼ਟਿ ਸ਼੍ਰੀ ਕ੍ਰਿਸ਼ਨ ਜੀ ਕੀ ਅਰ ਊਧੋ ਕੀ'[92] ਜਿਸ ਵਿਚ ਸ਼੍ਰੀ ਕ੍ਰਿਸ਼ਨ ਜੀ ਊਧੋ ਦੇ ਸ਼ੰਕਿਆ ਦਾ ਸਮਾਧਾਨ ਕਰਦੇ ਹਨ। ਸਤਾਰਵੀਂ ਸਦੀ ਦੀ ਇਕ ਹੋਰ ਗੋਸ਼ਟਿ ਸ਼੍ਰੀ ਰਾਮ ਚੰਦਰ ਅਤੇ ਲਛੱਮਣ ਜੀ ਕੀ ਮਿਲਦੀ ਹੈ ਇਹ ਗੋਸ਼ਟਿ ਇਨ੍ਹਾਂ ਦੋਹਾਂ (ਰਾਮ ਅਤੇ ਲੱਛਮਣ) ਪਾਤਰਾਂ ਵਿਚਕਾਰ ਹੁੰਦੀ ਹੈ। ਲੱਛਮਣ, ਰਾਮ ਚੰਦਰ ਜੀ ਤੋਂ ਮੁਕਤੀ-ਮਾਰਗ ਬਾਰੇ ਪੁਛਦੇ ਹਨ ਜਿਸ ਰਾਹੀਂ ਸੰਸਾਰੀ ਮਾਇਆ ਤੋਂ ਵੈਰਾਗ ਪੈਦਾ ਹੋਵੇ ਇਸ ਗੋਸ਼ਟਿ ਵਿਚ ਰਾਮ ਚੰਦਰ ਜੀ ਮੁਕਤੀ ਮਾਰਗ ਦੀ ਵਿਆਖਿਆ ਕਰਦੇ ਹੋਏ ਮਾਇਆ ਦੇ ਬੰਧਨਾਂ ਤੋਂ ਛੁਟਕਾਰਾ ਪਾਉਣ ਦੇ ਸਾਧਨ ਦੱਸਦੇ ਹਨ।

ਗੋਸ਼ਟਿ 'ਗਰਭ ਗੀਤਾ' ਵੀ ਇਸੇ ਪ੍ਰਕਾਰ ਦੀ ਹੈ। ਬੋਲੀ ਅਤੇ ਸ਼ੈਲੀ ਦੇ ਪੱਖ ਤੋਂ ਇਹ ਗੋਸ਼ਟਿ 1700 ਸਦੀ ਈਸਵੀਂ ਤੋਂ ਪਿਛੋਂ ਦੀ ਜਾਪਦੀ ਹੈ। ਇਸ ਗੋਸ਼ਟਿ ਵਿਚ ਸ਼੍ਰੀ ਕ੍ਰਿਸ਼ਨ ਅਤੇ ਅਰਜਨ ਮੁੱਖ ਪਾਤਰ ਹਨ। ਅਰਜਨ ਦੇ ਪ੍ਰਸ਼ਨਾਂ ਦੇ ਉੱਤਰ ਵਜੋਂ ਇਸ ਗੋਸ਼ਟਿ ਵਿਚ ਮਨੁੱਖ ਦੇ ਗਰਭ ਵਿਚ ਆਉਣ ਦੇ ਕਾਰਣ ਅਤੇ ਆਵਾਗਵਣ ਤੋਂ ਛੁਟਕਾਰਾ ਪਾਉਣ ਦੇ ਸਾਧਨਾਂ ਦਾ ਵਰਣਨ ਮਿਲਦਾ ਹੈ। ਦੂਜੇ ਸ਼ਬਦਾਂ ਵਿਚ ਇਹ ਗੋਸ਼ਟਿ ਮੁਕਤੀ-ਪ੍ਰਾਪਤੀ ਸੰਬੰਧੀ ਹੈ। ਮੁਕਤੀ-ਪ੍ਰਾਪਤੀ ਸੰਬੰਧੀ ਚਰਚਾ ਕਰਦਿਆਂ ਧਰਮ, ਅਧਰਮ, ਪਾਪ, ਪੁੰਨ ਸੰਬੰਧੀ ਚਰਚਾ ਕੀਤੀ ਗਈ ਹੈ।

ਇਸੇ ਗੋਸ਼ਟਿ ਨਾਲ ਸੰਬੰਧਿਤ ਇਕ ਹੋਰ ਗੋਸ਼ਟਿ 'ਸਾਰ ਗੀਤਾ' ਹੈ। ਪਰ ਇਸ ਨੂੰ ਕਈ ਪੋਥੀਆਂ ਵਿਚ 'ਗੀਤਾ ਸਾਰ ਵੀ ਲਿਖਿਆ ਗਿਆ ਹੈ। ਇਸ ਗੋਸ਼ਟਿ ਵਿਚ ਭਾਗ ਲੈਣ ਵਾਲੇ ਪਾਤਰ ਸ਼੍ਰੀ ਕ੍ਰਿਸ਼ਨ ਅਤੇ ਅਰਜਨ ਹਨ। ਇਸ ਗੋਸ਼ਟਿ ਵਿਚ ਬ੍ਰਹਮ ਦੇ ਸਰੂਪ ਦੀ ਵਿਆਖਿਆ ਕੀਤੀ ਗਈ ਹੈ। ਇਸ ਵਿਚ ਅਰਜਨ ਭਗਵਾਨ ਸ਼੍ਰੀ ਕ੍ਰਿਸ਼ਨ ਨੂੰ ਕਹਿੰਦਾ ਹੈ ਕਿ 'ਓਅੰਕਾਰ ਦਾ ਮਹਾਤਮ ਅਰ ਰੂਪ ਅਰ ਅਸਥਾਨ ਸੁਨਣੇ ਕੀ ਮੇਰੀ ਬਾਂਛਾ ਹੈ'। ਭਗਵਾਨ ਸ਼੍ਰੀ ਕ੍ਰਿਸ਼ਨ, ਅਰਜਨ ਦੇ ਇਸ ਪ੍ਰਸ਼ਨ ਦੇ ਉੱਤਰ ਵਿਚ ਜੋ ਵਿਆਖਿਆ ਕਰਦੇ ਹਨ ਉਸ ਨੂੰ ਸਾਰ ਗੀਤਾ ਕਿਹਾ ਹੈ। ਇਸ ਗੋਸ਼ਟਿ ਵਿਚ ਦੱਸਿਆ ਗਿਆ ਹੈ ਕਿ

ਬ੍ਰਹਮ ਵਿਦਿਆ ਨੂੰ ਪੜ੍ਹਨ, ਸੁਨਣ ਅਤੇ ਜਪਣ ਨਾਲ ਮਨੁੱਖ ਪਰਮਪਦ ਨੂੰ ਪ੍ਰਾਪਤ ਕਰਦਾ ਹੈ। ਇਸ ਗੋਸ਼ਟਿ ਦੀਆਂ ਕਈ ਪ੍ਰਤੀਲਿਪੀਆਂ ਮਿਲਦੀਆਂ ਹਨ। ਗਰਭ ਗੀਤਾ, ਰਾਮ ਗੀਤਾ, ਸਾਰ ਗੀਤਾ ਆਦਿ ਸਭਨਾਂ ਗੋਸ਼ਟਾਂ ਦਾ ਸੰਬੰਧ ਭਾਰਤ ਦੀਆਂ ਦਾਰਸ਼ਨਿਕ ਪੁਸਤਕਾਂ ਨਾਲ ਹੈ।[93]

ਇਹ ਤਾਂ ਸਪਸ਼ਟ ਹੈ ਕਿ ਗੋਸ਼ਟਾਂ ਸਾਹਿਤ ਰੂਪ ਦੀ ਘਾੜਤ ਮੱਧਕਾਲੀ ਭਾਵ ਪੁਰਾਤਨ ਹੈ। ਡਾ. ਪਿਆਰ ਸਿੰਘ ਇਸ ਦੀ ਪੁਰਾਤਨਤਾ ਬਾਰੇ ਲਿਖਦੇ ਹਨ :

> ਪ੍ਰਾਚੀਨ ਪੰਜਾਬੀ ਸਾਹਿਤ ਵਿਚ ਗੋਸ਼ਟਾਂ ਵਿਸ਼ੇਸ਼ ਸਥਾਨ ਰੱਖਦੀਆਂ ਹਨ। ਇਨ੍ਹਾਂ ਰਾਹੀਂ ਨਾਇਕ ਦੇ ਜੀਵਨ ਦੀਆਂ ਘਟਨਾਵਾਂ ਅਤੇ ਉਸ ਦੇ ਵਿਚਾਰ ਵਾਰਤਾਲਾਪ ਰਾਹੀਂ ਜਾਂ ਬਿਰਤਾਂਤ ਦੋਹਾਂ ਦੁਆਰਾ ਪ੍ਰਸਤੁਤ ਕੀਤੇ ਜਾਂਦੇ ਰਹੇ ਹਨ। ਅਸਲ ਵਿਚ ਇਹ ਇਕ ਬੜਾ ਲੋਕ ਪ੍ਰਿਯ ਸਾਹਿਤ ਰੂਪ ਰਿਹਾ ਹੈ ਜਿਸਨੂੰ ਸਾਡੇ ਬਜ਼ੁਰਗ ਬੜੇ ਚਾਉ ਨਾਲ ਵਰਤਦੇ ਤੇ ਪੜ੍ਹਦੇ ਸਨ। ਦਾਰਸ਼ਨਿਕ ਰਹੱਸਵਾਦੀ ਵਿਸ਼ਿਆਂ ਨੂੰ ਉਘਾੜਨ ਲਈ ਇਹ ਸਾਹਿਤ- ਭੇਦ ਖਾਸ ਤੌਰ ਤੇ ਬੜਾ ਢੁਕਦਾ ਹੈ। ਡੂੰਘੇ ਵਿਚਾਰ ਟੋਟੇ-ਟੋਟੇ ਹੋ ਕੇ ਉਘੜ ਆਉਂਦੇ ਹਨ ਤੇ ਲਿਖਤ ਰੁੱਖੀ ਹੋਣੋਂ ਵੀਂ ਬਚੀ ਰਹਿੰਦੀ ਹੈ।[94]

ਉਪਰੋਕਤ ਚਰਚਾ ਦੇ ਅਧਾਰ ’ਤੇ ਅਸੀਂ ਇਹ ਫੈਸਲਾ ਕਰ ਸਕਦੇ ਹਾਂ ਕਿ ਭਾਰਤੀ ਇਤਿਹਾਸ-ਮਿਥਿਹਾਸ ਅਤੇ ਦਰਸ਼ਨ ਨਾਲ ਸੰਬੰਧਿਤ ਗੋਸ਼ਟਾਂ ਦੀ ਪਰੰਪਰਾ ਬਹੁਤ ਪੁਰਾਣੀ ਹੈ। ਗੋਸ਼ਟਿ ਪਰੰਪਰਾ ਦੀ ਅਗਲੀ ਸ਼੍ਰੇਣੀ ਗੁਰੂ ਨਾਨਕ ਦੇਵ ਜੀ ਦੀਆਂ ਗੋਸ਼ਟਾਂ ਨਾਲ ਸੰਬੰਧਿਤ ਹੈ। ਇਹ ਪਰੰਪਰਾ ਬਹੁਤ ਨਿਗੱਰ ਅਤੇ ਮਹੱਤਵਪੂਰਣ ਹੈ। ਇਸ ਪਰੰਪਰਾ ਨਾਲ ਸੰਬੰਧਿਤ ਕਾਵਿ-ਗੋਸ਼ਟਾਂ ਅਤੇ ਵਾਰਤਕ-ਗੋਸ਼ਟਾਂ ਦੋਵੇਂ ਕਿਸਮ ਦੀਆਂ ਪ੍ਰਾਪਤ ਹਨ। ਕੁਝ ਗੋਸ਼ਟਾਂ ਅਜਿਹੀਆਂ ਵੀ ਹਨ ਜਿਨ੍ਹਾਂ ਵਿਚ ਵਾਰਤਕ ਅਤੇ ਕਵਿਤਾ ਰਲਗਡ ਹੈ। ਇਨ੍ਹਾਂ ਗੋਸ਼ਟਾਂ ਦਾ ਆਧਾਰ ਗੁਰੂ ਨਾਨਕ ਦੇਵ ਜੀ ਦਾ ਜੀਵਨ ਹੈ।

ਪੰਜਾਬੀ ਸਾਹਿਤ ਵਿਚ ਗੁਰੂ ਗ੍ਰੰਥ ਸਾਹਿਬ ਵਿਚਲੀ ਪਹਿਲੀ ਕਾਵਿ ਗੋਸ਼ਟਿ ‘ਸਿਧ ਗੋਸ਼ਟਿ’ ਹੈ ਜੋ ਗੁਰੂ ਨਾਨਕ ਦੇਵ ਜੀ ਦੀ ਆਪਣੀ ਰਚਨਾ ਹੈ। ਬਹੁਤ ਸਾਰੇ ਵਿਦਵਾਨਾਂ ਨੇ ਗੋਸ਼ਟਾਂ ਦਾ ਆਰੰਭ ਇਸ

ਤੋਂ ਹੀ ਮੰਨਿਆਂ ਹੈ। ਇਹ ਰਾਮਕਲੀ ਰਾਗ ਦੇ ਅੰਤਰਗਤ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਹੈ। ਇਸ ਗੋਸ਼ਟਿ ਵਿਚ 73 ਸ਼ਬਦ/ ਸਲੋਕ ਹਨ। ਇਹ ਗੋਸ਼ਟਿ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਸ਼ਿਵਰਾਤਰੀ ਦੇ ਮੇਲੇ 'ਤੇ ਅਚਲ ਵਟਾਲੇ ਵਿਖੇ ਸਿਧਾਂ ਨਾਲ ਹੋਈ-

'ਮੇਲਾ ਸੁਣ ਸਿਵਰਾਤ ਦਾ, ਬਾਬਾ ਅਚਲ ਵਟਾਲੇ ਆਈ।

ਦਰਸਨੁ ਵੇਖਣਿ ਕਾਰਨੇ ਸਗਲੀ ਉਲਟਿ ਪਈ ਲੋਕਾਈ'।[95]

ਭਾਈ ਬਾਲੇ ਵਾਲੀ ਜਨਮਸਾਖੀ ਅਨੁਸਾਰ ਇਹ ਗੋਸ਼ਟਿ ਸੁਮੇਰ ਪਰਬਤ 'ਤੇ ਹੋਈ ਹੈ। ਇਸ ਗੋਸ਼ਟਿ ਵਿਚ ਸਿਧ ਗੁਰੂ ਨਾਨਕ ਨੂੰ ਉਹਨਾਂ ਦੇ ਨਵੇਂ ਮਤ ਬਾਰੇ ਪ੍ਰਸ਼ਨ ਪੁਛਦੇ ਹਨ ਅਤੇ ਗੁਰੂ ਨਾਨਕ ਉੱਤਰ ਦਿੰਦੇ ਹਨ। ਇਸ ਗੋਸ਼ਟਿ ਵਿਚ ਜੋਗੀਆਂ ਨਾਲ ਬਹਿਸ ਦਰਸਾਈ ਗਈ ਹੈ। 'ਗੁਰੂ ਸਾਹਿਬ ਦੇ ਜ਼ਮਾਨੇ ਵਿਚ ਲੋਕਾਂ 'ਤੇ ਜੋਗ ਮਤ ਦਾ ਕਾਫੀ ਪ੍ਰਭਾਵ ਸੀ। ਪਤੰਜਲੀ ਦੇ ਯੋਗ ਸ਼ਾਸਤਰ ਨੇ ਸਿਧਾਂਤ ਅਤੇ ਗੋਰਖ ਨਾਥ ਦੇ ਹਠ ਤਪ ਨੇ ਇਸ ਨੂੰ ਇਕ ਸੰਪਰਦਾਇ ਦਾ ਰੂਪ ਦੇ ਦਿੱਤਾ ਸੀ। ਭਾਵੇਂ ਹਿੰਦੁਸਤਾਨ ਦੇ ਪੁਰਾਣੇ ਦਰਸ਼ਨ ਵਿਚ ਆਤਮਕ ਕਲਿਆਣ ਲਈ ਤਿਆਗ ਉਤੇ ਬੜਾ ਜ਼ੋਰ ਦਿੱਤਾ ਗਿਆ ਹੈ ਪਰ ਜੋਗੀਆਂ ਦਾ ਪੰਥ ਸੰਸਾਰ ਤਿਆਗ ਨੂੰ ਪਹਿਲੀ ਤੇ ਲਾਜ਼ਮੀ ਗਲ ਮੰਨਦਾ ਹੈ। ਦੂਸਰਾ, ਉਹ ਲੋਕਾਂ ਨੂੰ ਕਰਾਮਾਤਾਂ ਦੇ ਚਮਕਾਰੇ ਦਿਖਾ ਕੇ ਮਗਰ ਲਾਉਣ ਵਿਚ ਆਪਣਾ ਕਮਾਲ ਸਮਝਦੇ ਸਨ ਅਤੇ ਇਸ ਆਧਾਰ 'ਤੇ ਉਹ ਲੋਕਾਂ ਤੋਂ ਮਾਇਆ ਜਾਂ ਵਸਤੂਆਂ ਪ੍ਰਾਪਤ ਕਰਦੇ ਸਨ। ਇਹ ਦੋਵੇਂ ਗੱਲਾਂ ਸਮਾਜਿਕ ਜੀਵਨ ਲਈ ਹਾਂ-ਪੱਖੀ ਸਨ। ਇਸ ਲਈ ਗੁਰੂ ਸਾਹਿਬ ਨੇ ਜੋਗ ਮਤ ਦੀਆਂ ਮੋਟੀਆਂ-ਮੋਟੀਆਂ ਮਨੌਤਾਂ ਦੀ ਖੂਬ ਪਰਖ ਪੜਤਾਲ ਕੀਤੀ ਤੇ ਉਨ੍ਹਾਂ ਦੀ ਇਸ ਬਾਰੇ ਸਿਧਾਂ ਨਾਲ ਅਚਲ ਵਟਾਲੇ ਅਤੇ ਸੁਮੇਰ ਪਰਬਤ 'ਤੇ ਚਰਚਾ ਹੋਈ। ਸਿਧਾਂ ਨਾਲ ਹੋਈ ਬਹਿਸ ਅਤੇ ਸਵਾਲ-ਜਵਾਬ ਨੂੰ ਹੀ ਗੁਰੂ ਜੀ ਨੇ ਸਿਧ ਗੋਸ਼ਟਿ ਰਚਨਾ ਵਿਚ ਕਲਮ ਬੰਦ ਕੀਤਾ ਹੈ।

'ਸਿਧ ਗੋਸ਼ਟਿ' ਤੋਂ ਇਲਾਵਾਂ 'ਪ੍ਰਾਣ ਸੰਗਲੀ' ਵਿਚ ਤਿੰਨ ਸਿਧ ਗੋਸ਼ਟਾਂ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਕੀਤੀਆਂ ਜਾਂਦੀਆਂ ਹਨ। ਪਰ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਵੇਲੇ ਗੁਰੂ ਅਰਜਨ ਦੇਵ ਜੀ ਵਲੋਂ ਇਨ੍ਹਾਂ ਗੋਸ਼ਟਾਂ ਦਾ ਸੰਕਲਿਤ ਨਾ ਕੀਤਾ ਜਾਣਾ ਇਸ ਗੱਲ ਦਾ ਪ੍ਰਮਾਣ ਹੈ ਕਿ

ਇਹ ਸਿਧ ਗੋਸ਼ਟਾਂ ਗੁਰੂ ਨਾਨਕ ਦੀ ਰਚਨਾ ਨਹੀਂ ਸਗੋਂ ਹੋਰ ਲੇਖਕਾਂ ਦੀ ਕੱਚੀ ਬਾਣੀ ਹੈ ਅਤੇ ਸਮੇਂ-ਸਮੇਂ ’ਤੇ ਇਨ੍ਹਾਂ ਦੇ ਰੂਪ ਵਿਚ ਅਦਲਾ ਬਦਲੀ ਹੁੰਦੀ ਰਹੀ ਹੈ। ਇਹ ਗੋਸ਼ਟਾਂ ਇਸ ਪ੍ਰਕਾਰ ਹਨ-

1) ਸਿਧ ਗੋਸ਼ਟਿ।

2) ਸਿਧ ਗੋਸ਼ਟਿ, ਰਾਗ ਰਾਮਕਲੀ ਮਹਲਾ 1, ਜੋਗ ਚਾਲ।

3) ਰਾਗ ਰਾਮਕਲੀ ਸਿਧ ਗੋਸ਼ਟਿ ਮਹਲਾ 1। ਇਹ ਗੋਸ਼ਟਿ ਜੋਗੀ ਮਛੰਦਰ ਨਾਥ ਦੇ ਨਾਲ ਹੋਈ। ਇਸ ਵਿਚ ਕੁਲ ਸ਼ਬਦ-ਸਲੋਕ 38 ਹਨ।

ਉਪਰੋਕਤ ਤੋਂ ਇਲਾਵਾਂ ‘ਪ੍ਰਾਣ ਸੰਗਲੀ’ ਵਿਚ ਹੇਠ ਲਿਖੀਆਂ ਗੋਸ਼ਟਾਂ ਵੀ ਉਪਲਬਧ ਹਨ : ਨਿਰਬਾਣ ਯੋਗ ਸਿਧ ਗੋਸ਼ਟਿ, ਰਾਗ ਰਾਮਕਲੀ ਮਹਲਾ 1। ਇਸ ਵਿਚ ਕੁਲ 29 ਸ਼ਬਦ-ਸਲੋਕ ਹਨ। ਬ੍ਰਹਮ ਯੋਗ ਸਿਧ ਗੋਸ਼ਟਿ ਰਾਗ ਕਲਿਆਣ ਮਹਲਾ 1।

ਉਪਰੋਕਤ ਕਾਵਿ-ਗੋਸ਼ਟਾਂ ਹਨ ਪਰੰਤੂ ਇਉਂ ਜਾਪਦਾ ਹੈ ਕਿ ਇਹ ਕਾਵਿ ਗੋਸ਼ਟਾਂ ਸਿਧ ਗੋਸ਼ਟਿ ਤੋਂ ਪ੍ਰਭਾਵਿਤ ਹੋ ਕੇ ਹੋਰ ਲੇਖਕਾਂ ਨੇ ਲਿਖੀਆਂ ਹੋਣਗੀਆਂ। ਇਹ ਗੱਲ ਵੀ ਨਿਸ਼ਚੈ ਨਾਲ ਕਹੀ ਜਾ ਸਕਦੀ ਹੈ ਕਿ ਪੰਜਾਬੀ ਵਾਰਤਕ-ਗੋਸ਼ਟਾਂ ਦੀ ਪਰੰਪਰਾ ਉਸਾਰੀ ਵੀ ਪੰਜਾਬੀ ਦੀਆਂ ਕਾਵਿ ਗੋਸ਼ਟਾਂ ਦੇ ਅਧਾਰ ’ਤੇ ਹੋਈ ਹੈ।

ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਉਪਰੋਕਤ ਗੋਸ਼ਟਾਂ ਤੋਂ ਇਲਾਵਾਂ ਹੋਰ ਵੀ ਕਈ ਗੋਸ਼ਟਾਂ ਜੋੜੀਆਂ ਜਾਂਦੀਆਂ ਹਨ। ਇਨ੍ਹਾਂ ਵਿਚੋਂ ਸਭ ਤੋਂ ਪ੍ਰਮੁੱਖ ਹੈ ‘ਮਕੇ ਮਦੀਨੇ ਦੀ ਗੋਸ਼ਟਿ’, ਜਿਸ ਨੂੰ ‘ਪਾਕ ਨਾਮਾ’ ਵੀ ਕਿਹਾ ਜਾਂਦਾ ਹੈ। ਇਹ ਗੋਸ਼ਟਿ ਕਵਿਤਾ ਅਤੇ ਵਾਰਤਕ ਦਾ ਮਿਲ ਗੋਭਾ ਹੈ। ਇਸ ਵਿਚ ਦੋ ਗੋਸ਼ਟਾਂ ਇਕੱਠੀਆਂ ਹਨ-ਪਹਿਲੀ ਮੱਕੇ ਦੀ ਅਤੇ ਦੂਜੀ ਮਦੀਨੇ ਦੀ। ਇਨ੍ਹਾਂ ਗੋਸ਼ਟਾਂ ਤੋਂ ਗੁਰੂ ਨਾਨਕ ਦੇਵ ਜੀ ਦੇ ਅਰਬ ਦੇਸ਼ਾਂ ਦੇ ਰਟਨ ਦੀ ਸੂਚਨਾ ਮਿਲਦੀ ਹੈ। ਇਨ੍ਹਾਂ ਗੋਸ਼ਟਾਂ ਵਿਚ ਮੁਸਲਮਾਨੀ ਧਰਮ ਦੇ ਅਸੂਲਾਂ ਦੀ ਵਾਸਤਵਿਕਤਾ ਨੂੰ ਉਜਾਗਰ ਕੀਤਾ ਗਿਆ ਹੈ। ਇਸ ਵਿਚ ਭਾਗ ਲੈਣ ਵਾਲੇ ਮੁੱਲਾਂ ਜੀਵਨ ਕਾਜ਼ੀ, ਰੁਕਨ ਦੀਨ, ਸ਼ਾਹ ਸ਼ਰਫ, ਇਮਾਮ ਕਰੀਮੁਦੀਨ, ਪੀਰ ਬਹਾਉਲਦੀਨ, ਗਉਸ, ਪੀਰ ਜਲਾਲੁਦੀਨ ਅਤੇ ਹੋਰ ਹਾਜ਼ੀ ਸਨ। ਇਹ ਸਾਰੇ ਆਪਣੇ ਮਨ ਵਿਚ ਉਠਦੇ ਸ਼ੰਕਿਆਂ ਦੀ ਨਵਿਰਤੀ

ਲਈ ਗੁਰੂ ਨਾਨਕ ਸਾਹਿਬ ਤੋਂ ਪ੍ਰਸ਼ਨ ਪੁਛਦੇ ਹਨ। ਇਨ੍ਹਾਂ ਪ੍ਰਸ਼ਨਾਂ ਦੇ ਉਤਰਾਂ ਨੂੰ ਹੀ 'ਪਾਕ ਨਾਮਾ' ਅਤੇ 'ਹਾਜ਼ਰ ਨਾਮਾ' ਕਿਹਾ ਗਿਆ ਹੈ। ਇਹ ਗੋਸ਼ਟਿ ਗੁਰੂ ਨਾਨਕ ਸਾਹਿਬ ਦੀ ਆਪਣੀ ਰਚਨਾ ਨਹੀਂ ਸਗੋਂ ਇਉਂ ਜਾਪਦਾ ਹੈ ਕਿ ਗੁਰੂ ਨਾਨਕ ਸਾਹਿਬ ਦੀ ਅਰਬ ਯਾਤਰਾ ਨੂੰ ਕਿਸੇ ਮੁਸਲਮਾਨ ਫਕੀਰ ਨੇ ਕਾਨੀਬੰਦ ਕੀਤੀ ਹੋਵੇ ਪਰੰਤੂ ਬਾਅਦ ਵਿਚ ਇਹ ਗੁਰੂ ਨਾਨਕ ਦੇ ਨਾਮ ਨਾਲ ਜੋੜ ਕੇ ਪ੍ਰਚਲਤ ਕਰ ਦਿੱਤੀ ਹੋਵੇ।

ਇਸੇ ਪਰੰਪਰਾ ਨਾਲ ਸੰਬੰਧਿਤ ਹੋਰ ਗੋਸ਼ਟਾਂ 'ਪੁਰਾਤਨ ਜਨਮਸਾਖੀ' ਵਿਚ ਵੀਂ ਦਰਜ਼ ਹਨ ਜਿਵੇਂ-

1) ਗੋਸ਼ਟਿ ਸ਼ੇਖ ਸ਼ਰਫ ਨਾਲ
2) ਨਾਨਕ ਅਤੇ ਸਿਧਾਂ ਨਾਲ ਗੋਸ਼ਟਿ
3) ਗੋਸ਼ੀਟ ਸ਼ੇਖ ਫਰੀਦ ਨਾਲ
4) ਸ਼ੇਖ ਬ੍ਰਹਮ ਨਾਲ ਗੋਸ਼ਟਿ
5) ਗੋਸ਼ਟਿ ਮੀਆਂ ਮੀਠਾ ਨਾਲ
6) ਸਿਧਾਂ ਨਾਲ ਗੋਸ਼ਟਿ
7) ਸੁਮੇਰ ਤੇ ਅਚਲ ਪਰ ਸਿਧ ਗੋਸ਼ਟਿ
8) ਸਿਧਾਂ ਨਾਲ ਗੋਸ਼ਟਿ ਗੋਰਖ ਹਟੜੀ [96]

ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਸੰਪਾਦਿਤ ਡਾ. ਪਿਆਰ ਸਿੰਘ (ਮੂਲ ਖਰੜਾ ਹੱਥ ਲਿਖਤ ਨੰ. ਬੀ-40, ਇੰਡੀਆ ਆਫਿਸ ਲਾਇਬ੍ਰੇਰੀ, ਲੰਡਨ) ਵਿਚ ਨਿਮਨ ਲਿਖਤ ਗੋਸ਼ਟਾਂ ਦਰਜ਼ ਹਨ-

1) ਗੋਸ਼ਟਿ ਵੈਦ ਨਾਲ
2) ਕਾਜ਼ੀ ਨਾਲ ਗੋਸ਼ਟਿ
3) ਗੋਸ਼ਟਿ ਮਾਤਾ ਪਿਤਾ ਨਾਲ
4) ਗੋਸ਼ਟਿ ਅਬਦੁਲ ਰਹਮਾਨ ਨਾਲ (ਤਥਾ ਮੀਆਂ ਮੀਠਾ ਨਾਲ)

5) ਗੋਸ਼ਟਿ ਸ਼ਾਹ ਰੁਕਨਦੀਂ ਪੋਤੇ ਬਹਾਵਦੀ ਨਾਲ

6) ਗੋਸ਼ਟਿ ਬਾਬਾ ਰਤਨ ਹਾਜੀ ਨਾਲ

7) ਗੋਸ਼ਟਿ ਸ਼ੇਖ ਬ੍ਰਹਮ ਨਾਲ

8) ਸਿਧ ਗੋਸ਼ਟਿ (ਸੁਮੇਰ ਪਰਬਤ ਤੇ ਹੋਈ)

9) ਗੋਸ਼ਟਿ ਅਜਿਤੈ ਰੰਧਾਵੈ ਨਾਲ

10) ਬਾਬਾ ਅਚਲ ਵਟਾਲੇ ਗਇਆ (ਸਿਧਾਂ ਨਾਲ ਗੋਸ਼ਟਿ)

11) ਗੋਸ਼ਟਿ ਰਾਜੇ ਸ਼ਿਵਨਾਭ ਸਾਥਿ ਹੋਈ

12) ਗੋਸ਼ਟਿ ਸ਼ੇਖ ਸ਼ਰਫ ਨਾਲ (ਬਗਦਾਦ)

13) ਗੋਸ਼ਿਟ ਅੰਗਦ ਨਾਲ [97]

ਪ੍ਰਾਚੀਨ ਜਨਮਸਾਖੀ, ਸੰਪਾਦਿਤ 'ਸੇਵਾ ਸਿੰਘ ਸੇਵਕ' ਵਿਚ ਹੇਠ ਲਿਖੀਆਂ ਗੋਸ਼ਟਾਂ ਦਾ ਜ਼ਿਕਰ ਆਇਆ ਹੈ-

1) ਸ਼੍ਰੀ ਨਿਰੰਕਾਰ ਨਾਲ ਗੋਸ਼ਟਿ

2) ਸ਼ੇਖ ਫਰੀਦ ਨਾਲ ਗੋਸ਼ਟਿ

3) ਗੋਸ਼ਟਿ ਮੀਏਂ ਮਿੱਠੇ ਨਾਲ

4) ਗੋਸ਼ਟਿ ਸਿਧਾਂ ਨਾਲ

5) ਗੋਸ਼ਟਿ ਰਤਨ ਹਾਜੀ ਨਾਲ

6) ਸਿਧਾਂ ਨਾਲ ਗੋਸ਼ਿਟ

7) ਮੱਕੇ ਦੀ ਗੋਸ਼ਟਿ[98]

ਜਨਮਸਾਖੀ ਭਾਈ ਬਾਲਾ ਵਿਚ ਵੀ ਬਹੁਤ ਸਾਰੀਆਂ ਸਾਖੀਆਂ ਗੋਸ਼ਟਿ ਸ਼ੈਲੀ ਵਿਚ ਲਿਖੀਆਂ ਮਿਲਦੀਆਂ ਹਨ ਇਹ ਇਸ ਪ੍ਰਕਾਰ ਹਨ-

1) ਗੋਸ਼ਟਿ ਕਲ ਬਲਾਇ ਤਥਾ ਨਾਰਦ ਨਾਲ ਹੋਈ।

2) ਸੁਧ੍ਰ ਸੈਨ ਤਥਾ ਇੰਦ੍ਰ ਸੈਨ ਕੀ ਤਥਾ ਝੰਡੇ ਬਾਡੀ ਨਾਲ ਹੋਈ ਗੋਸ਼ਟਿ।

3) ਦੇਵਲੂਤ ਤਥਾ ਹੋਰਨਾਂ ਨਾਲ ਗੋਸ਼ਟਿ ਹੋਈ।

4) ਰਾਜੇ ਤੀਖਸੈਨ ਤਥਾ ਬਨਮਾਣੂਆਂ ਨਾਲ ਗੋਸ਼ਟਿ ਹੋਈ।

5) ਮੱਕੇ ਦੀ ਗੋਸ਼ਟਿ ਮੁਜਾਵਰਾਂ ਤਥਾ ਮਰਦਾਨੇ ਦੀ ਹੋਈ।

6) ਆਗੇ ਮਦੀਨੇ ਦੀ ਗੋਸ਼ਟਿ ਮੁਲਾਂ ਜੀਵਨ ਨਾਲ ਹੋਈ।

7) ਸੁਖਚੈਨ ਰਖੀ-ਸਰ ਨਾਲ ਗੋਸ਼ਟਿ ਹੋਈ।

8) ਗੋਸ਼ਟਿ ਕਾਬਲ ਵਿਚ ਮਾਨਚੰਦ ਨਾਲ ਹੋਈ।

9) ਗੋਸ਼ਟਿ ਬਾਲ ਗੁੰਦਾਈ ਜੋਗੇਸਰ ਨਾਲ ਹੋਈ।[99]

'ਪੁਰਾਤਨ ਜਨਮਸਾਖੀ', 'ਪ੍ਰਾਚੀਨ ਜਨਮਸਾਖੀ' ਅਤੇ 'ਜਨਮਸਾਖੀ ਭਾਈ ਬਾਲਾ' ਵਿਚ ਆਈਆਂ ਗੋਸ਼ਟਾਂ ਆਪਣੇ ਮੁਢੱਲੇ ਰੂਪ ਵਾਲੀਆਂ ਗੋਸ਼ਟਾਂ ਹਨ। ਇਨ੍ਹਾਂ ਦੇ ਅਧਾਰ 'ਤੇ ਬਾਅਦ ਵਿਚ ਬਹੁਤ ਸਾਰੀਆਂ ਗੋਸ਼ਟਾਂ ਦੀ ਰਚਨਾ ਹੋਈ।

ਇਸੇ ਪਰੰਪਰਾ ਨਾਲ ਸੰਬੰਧਿਤ ਵਾਰਤਕ ਗੋਸ਼ਟਾਂ ਦੀ ਇਕ ਹੋਰ ਲੜੀ ਮਿਹਰਬਾਨ ਜੀ ਦੀਆਂ ਗੋਸ਼ਟਾਂ ਦੀ ਹੈ। ਇਹ ਗੋਸ਼ਟਾਂ, ਸਾਖੀਆਂ, ਪਰਮਾਰਥਾਂ ਦਾ ਮਿਲਗੋਭਾ ਰੂਪ ਹਨ। ਇਨ੍ਹਾਂ ਬਾਰੇ ਡਾ. ਮੋਹਨ ਸਿੰਘ ਦੀਵਾਨਾ ਦਾ ਵਿਚਾਰ ਹੈ :

> '1651 ਈ. ਵਿਚ ਮਿਹਰਬਾਨ ਜੀ ਨੇ ਸਚਖੰਡ ਨਾਂ ਦੀ ਜੀਵਨੀ ਗੁਰੂ ਨਾਨਕ ਦੇਵ ਜੀ ਦੀ ਤਿਆਰ ਕਰਵਾਈ ਘੋਖਣ ਅਤੇ ਮਿਲਾਣ ਨਾਲ ਪਤਾ ਲਗਦਾ ਹੈ ਕਿ ਇਹ ਸਾਖੀਆਂ ਉਨ੍ਹਾਂ ਆਪ ਨਹੀਂ ਰਚੀਆਂ। ਮੂਲੋਂ ਉਹ ਪਹਿਲਾਂ ਹੀ ਰਚੀਆਂ ਜਾ ਚੁਕੀਆਂ ਸਨ। ਮਿਹਰਬਾਨ ਜੀ ਨੇ ਉਨ੍ਹਾਂ ਨੂੰ ਥੋੜਾ ਬਹੁਤ ਬਦਲਿਆ, ਕੁਝ ਸਾਖੀਆਂ ਦਿਆਂ ਅੰਗਾਂ ਨੂੰ। ਅਸਲ ਵਿਚ ਇਹ ਜਤਨ ਸੀ ਸਭ ਸਾਖੀਆਂ, ਗੋਸ਼ਟਾਂ, ਪਰਮਾਰਥਾਂ ਨੂੰ ਇਕੱਠਿਆਂ ਕਰਨ ਦਾ'।[100]

ਜੇ ਡਾ. ਮੋਹਨ ਸਿੰਘ ਦੀਵਾਨਾ ਦੇ ਉਪਰੋਕਤ ਵਿਚਾਰਾਂ ਦੀ ਵਿਆਖਿਆਂ ਡਬਲਿਊ. ਐਚ. ਮੈਕਲੋਡ ਦੇ ਵਿਚਾਰਾਂ ਨਾਲ ਕਰੀਏ ਤਾਂ ਅਸੀਂ ਮਿਹਰਬਾਨ ਦੀਆਂ ਰਚਨਾਵਾਂ ਸੰਬੰਧੀ ਕਿਸੇ ਨਿਰਣਾ ਜਨਕ ਸਿੱਟੇ ਤੇ ਪਹੁੰਚ ਸਕਦੇ ਹਾਂ। ਡਬਲਿਊ. ਐਚ ਮੈਕਲੋਡ ਦੇ ਵਿਚਾਰ ਅਨੁਸਾਰ ਜਨਮਸਾਖੀ ਵਿਚ ਬਹੁਤਾ ਜ਼ੋਰ 'ਘਟਨਾਵਾਂ' ਦੇ 'ਬਿਰਤਾਂਤ' ਤੇ ਹੁੰਦਾ ਹੈ ਅਤੇ ਗੋਸ਼ਟਿ ਵਿਚ ਵਿਚਾਰਾਂ ਦੀ ਵਿਆਖਿਆ ਤੇ। ਇਸ ਲਈ 'ਗੋਸ਼ਟਿ' 'ਜਨਮਸਾਖੀ' ਦਾ ਪਿਛਲੇਰਾ ਰੂਪ ਨਹੀਂ ਕਹੀ ਜਾ ਸਕਦੀ।[101]

ਮਿਹਰਬਾਨ ਜੀ ਦੀਆਂ 575 ਗੋਸ਼ਟਾਂ (ਗੁਰੂ ਨਾਨਕ ਦੇਵ ਜੀ ਸੰਬੰਧੀ ) ਹੋਣ ਦੀ ਸੂਚਨਾ ਮਿਲਦੀ ਹੈ। ਇਹ 575 ਗੋਸ਼ਟਾਂ ਛੇ ਪੋਥੀਆਂ ਵਿਚ ਦਰਜ ਦਸੀਆਂ ਜਾਂਦੀਆਂ ਹਨ ਜਿਨ੍ਹਾਂ ਵਿਚੋਂ ਕੇਵਲ ਤਿੰਨ ਪੋਥੀਆਂ ਹੀ ਪ੍ਰਾਪਤ ਹਨ ਤੇ ਬਾਕੀ ਦੀਆਂ ਤਿੰਨ ਅਪ੍ਰਾਪਤ ਹਨ ਇਨ੍ਹਾਂ ਪੋਥੀਆਂ ਦਾ ਵੇਰਵਾ ਇਸ ਪ੍ਰਕਾਰ ਹੈ –

1) ਪੋਥੀ ਸਚਖੰਡ – 167 ਗੋਸ਼ਟੀਆਂ, ਪ੍ਰਾਪਤ– 153, ਅਪ੍ਰਾਪਤ–14
2) ਪੋਥੀ ਹਰਿ ਜੀ– 61 ਗੋਸ਼ਟੀਆਂ, ਪ੍ਰਾਪਤ– 61
3) ਪੋਥੀ ਚਤਰਰਭੁਜ– 74 ਗੋਸ਼ਟੀਆਂ, ਪ੍ਰਾਪਤ 74
4) ਕੇਸੋ ਰਾਇ ਪੋਥੀ – 83 ਗੋਸ਼ਟੀਆਂ
5) ਅਭੈ ਪਦ ਪੋਥੀ – 105 ਗੋਸ਼ਟੀਆਂ
6) ਪ੍ਰੇਮ ਪਦ ਪੋਥੀ – 84 ਗੋਸ਼ਟੀਆਂ

ਇਨ੍ਹਾਂ ਛੇ ਪੋਥੀਆਂ ਵਿਚੋਂ ਪਹਿਲੀਆਂ ਤਿੰਨ ਹੀ ਪ੍ਰਾਪਤ ਹੋਈਆਂ ਹਨ। ਇਹ ਤਿੰਨ ਪੋਥੀਆਂ ਹੱਥ ਲਿਖਤ ਨੰ. 427, ਖਾਲਸਾ ਕਾਲਜ, ਅੰਮ੍ਰਿਤਸਰ ਦੀ ਲਾਇਬ੍ਰੇਰੀ ਵਿਚ ਮੌਜੂਦ ਹਨ ਅਤੇ ਇਸੇ ਤੋਂ ਉਤਾਰਾ ਕਰਕੇ 'ਪੋਥੀ ਸਚਖੰਡ' ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, 'ਸੈਂਚੀ ਪਹਿਲੀ' ਅਤੇ 'ਪੋਥੀ ਹਰਿ ਜੀ ਤੇ ਪੋਥੀ ਚਤਰਭੁਜ' ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਸੈਂਚੀ ਦੂਜੀ 'ਪੋਥੀ ਸਚਖੰਡ' ਵਿਚ 153 ਗੋਸ਼ਟਾਂ ਹਨ ਅਤੇ ਦੂਜੀ ਸੈਂਚੀ ਅਰਥਾਤ 'ਪੋਥੀ ਹਰਿ ਜੀ ਤੇ ਚਤਰਭੁਜ' ਵਿਚ 62+77 = 136 ਗੋਸ਼ਟਾਂ ਹਨ। ਇੰਜ ਕੁਲ 153 + 136 = 289 ਗੋਸ਼ਟਾਂ ਪ੍ਰਾਪਤ ਹਨ।[102]

ਡਾ. ਕ੍ਰਿਪਾਲ ਸਿੰਘ ਨੇ ਪਾਠ ਦੀ ਸੁਵਿਧਾ ਲਈ ਇਸ ਨੂੰ ਦੋ ਭਾਗਾਂ ਵਿਚ ਵੰਡ ਦਿੱਤਾ ਹੈ। ਪਹਿਲੀ ਪੁਸਤਕ ਜੋ 'ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ' 'ਸਚ ਖੰਡ ਪੋਥੀ' ਕਰਕੇ ਪ੍ਰਸਿੱਧ ਹੈ, ਦੀਆਂ ਅੰਤਲੀਆਂ ਤੁਕਾਂ-'ਸਚਖੰਡ ਪੋਥੀ ਲਿਖੀ ਸੰਮਤਿ 1885 ਮਿਤੀ ਚੇਤ ਸੁਦੀ ਪੰਚਮੀ ਨੋ ਸੁਕਰਿਵਾਰ ਸਚ ਖੰਡ ਪੋਥੀ ਦਾ ਭੋਗ ਪਾਇਆ, ਸੰਪੂਰਣ ਹੋਈ॥ ਏਹ ਪੋਥੀ ਸਚ ਖੰਡ ਇਕ ਸਉ ਤਿਵੰਜਹ॥ 153 ਗੋਸ਼ਟੀ ਹੈਨ। ਇਕ ਸਉ ਸਤਾਹਟਿ ਗੋਸ਼ਟੀ, ਚੋਦਹ ਗੋਸ਼ਟੀ ਘਾਟੈ ਹੈਨਿ'[103] ਤੋਂ ਪਤਾ ਲਗਦਾ ਹੈ ਕਿ ਇਸ ਦੀਆਂ 14 ਗੋਸ਼ਟਾਂ ਸਮੇਂ ਦੀ ਗਰਦਸ਼ ਵਿਚ ਅਲੋਪ ਹੋ ਗਈਆਂ ਹਨ। ਮਿਹਰਬਾਨ ਦੇ ਦਿਲ ਵਿਚ ਗੁਰੂ ਨਾਨਕ ਦੇਵ ਜੀ ਤੇ ਗੁਰਬਾਣੀ ਲਈ ਅਪਾਰ ਸ਼ਰਧਾ ਸੀ। ਉਹ ਜਪੁਜੀ ਸਾਹਿਬ ਦਾ ਪਾਠ ਖੜਾ ਹੋ ਕੇ ਕਰਿਆ ਕਰਦੇ ਸਨ ਤੇ ਭੋਗ ਪੈਣ ਤੇ ਲੰਮੇ ਪੈ ਕੇ ਗੁਰਬਾਣੀ ਦੀ ਪੋਥੀ ਨੂੰ ਡੰਡਉਤ ਕਰਿਆ ਕਰਦੇ ਸਨ। ਆਪ ਦਿਨ ਵਿਚ 'ਜਪੁਜੀ ਸਾਹਿਬ' ਦੇ 21 ਪਾਠ ਕਰਿਆ ਕਰਦੇ ਸਨ ਅਤੇ ਹਰ ਪਾਠ ਦੀ ਸਮਾਪਤੀ ਮਗਰੋਂ ਗੁਰਬਾਣੀ ਨੂੰ ਡੰਡਉਤ ਕਰਿਆ ਕਰਦੇ ਸਨ।[104] ਇਸ ਤੋਂ ਬਿਨਾਂ ਮਿਹਰਬਾਨ ਜੀ ਨੇ ਗੁਰੂ ਅੰਗਦ ਅਤੇ ਗੁਰੂ ਅਮਰਦਾਸ ਜੀ ਦੀਆਂ ਗੋਸ਼ਟਾਂ ਵੀ ਲਿਖੀਆਂ ਹਨ। ਗੁਰੂ ਸਾਹਿਬਾਨ ਬਾਰੇ ਮਿਹਰਬਾਨ ਤੋਂ ਪਿਛੋਂ ਮਿਲਦੀਆਂ ਬਹੁਤ ਸਾਰੀਆਂ ਗੋਸ਼ਟਾਂ ਮਿਹਰਬਾਨ ਦੀਆਂ ਗੋਸ਼ਟਾਂ ਦੇ ਅਧਾਰ 'ਤੇ ਹੀ ਉਸਾਰੀਆਂ ਗਈਆਂ ਹਨ।

ਮਿਹਰਬਾਨ ਜੀ ਦੀਆਂ ਰਚਨਾਵਾਂ ਵਿਚੋਂ 'ਗੋਸ਼ਟਿ ਰਾਜੇ ਜਨਕ ਕੀ' 'ਗੋਸ਼ਟਿ ਰਾਮਜਨਾਂ ਨਾਲ ਹੋਈ', 'ਗ਼ੋਸ਼ਟਿ ਸੁਖਦੇਉ ਭਗਤ ਦੀ', 'ਗੋਸ਼ਟਿ ਅਜੀਤੈ ਰੰਧਾਵੈ ਦੀ', 'ਗੋਸ਼ਟਿ ਨਿਰੰਕਾਰ ਨਾਲ', 'ਗੋਸ਼ਟਿ ਮਕੇ ਮਦੀਨੇ ਦੀ' ਆਦਿ ਸੁਤੰਤਰ ਰੂਪ ਵਿਚ ਲਿਖੀਆਂ ਹੋਈਆਂ ਮਿਲਦੀਆਂ ਹਨ। 'ਗੋਸ਼ਟਿ ਰਾਜੇ ਜਨਕ ਦੀ' ਵਿਚ ਗੁਰੂ ਨਾਨਕ ਦੇਵ ਜੀ ਨੂੰ ਰਾਜੇ ਜਨਕ ਦਾ ਅਵਤਾਰ ਕਿਹਾ ਗਿਆ ਹੈ ਜੋ ਰਾਜ-ਯੋਗ ਦਾ ਮਾਲਕ ਹੈ। ਨਿਰੰਕਾਰ ਨਾਲ ਗੋਸ਼ਟਿ ਅਤੇ ਰਾਜੇ ਜਨਕ ਦੀ ਗੋਸ਼ਟਿ ਨੂੰ ਮਿਹਰਬਾਨ ਜੀ ਨੇ ਮਿਥਿਹਾਸਕ ਅਤੇ ਕਾਲਪਨਿਕ ਪੁਠ ਚਾੜ੍ਹੀ ਹੈ।

'ਗੋਸ਼ਟਿ ਨਿਰੰਕਾਰ ਨਾਲ' ਵਿਚ ਗੁਰੂ ਨਾਨਕ ਦੇਵ ਜੀ ਨੂੰ ਨਿਰੰਕਾਰ ਤੋਂ ਬ੍ਰਹਮ-ਗਿਆਨ ਦੀ ਪ੍ਰਾਪਤੀ ਕਰਦਿਆਂ ਦਿਖਾਇਆ ਗਿਆ ਹੈ। ਬਹੁਤ ਸਾਰੀਆਂ ਗੋਸ਼ਟਾਂ ਕਰਤਾਰਪੁਰ ਵਿਚ 'ਰਾਮ ਜਨਾ

ਨਾਲ' ਜਾਂ ਗੋਬਿੰਦ ਲੋਕਾਂ ਨਾਲ' ਹੁੰਦੀਆਂ ਦਿਖਾਈਆਂ ਹਨ ਜਿਹਨਾਂ ਵਿਚ ਗੁਰੂ ਨਾਨਕ ਦੇਵ ਜੀ ਦੁਖ ਸੁਖ ਮਾਇਆ, ਮੁਕਤੀ, ਲੋਭ, ਮੋਹ ਅਹੰਕਾਰ ਤ੍ਰਿਸ਼ਨਾ ਆਦਿ ਸੰਬੰਧੀ ਵਿਚਾਰਾਂ ਨੂੰ ਸਪਸ਼ਟ ਕਰਦੇ ਹਨ। ਸਾਧਾਰਣ ਲੋਕ ਇਨ੍ਹਾਂ ਵਿਸ਼ਿਆਂ ਬਾਰੇ ਪ੍ਰਸ਼ਨ ਕਰਦੇ ਹਨ ਅਤੇ ਗੁਰੂ ਨਾਨਕ ਦੇਵ ਜੀ ਉਨ੍ਹਾਂ ਨੂੰ ਨਾਮ ਸਿਮਰਨ ਦਾ ਉਪਦੇਸ਼ ਦਿੰਦੇ ਹਨ।

ਇਸ ਤੋਂ ਇਲਾਵਾ ਭਗਤਾਂ ਦੀਆਂ ਗੋਸ਼ਟਾਂ ਦੀ ਪਰੰਪਰਾ ਵੀ ਮਿਲਦੀ ਹੈ। ਪੰਜਾਬੀ ਵਾਰਤਕ ਵਿਚ ਇਸ ਦਾ ਆਰੰਭ ਵੀ ਮਿਹਰਬਾਨ ਦੁਆਰਾ ਹੀ ਹੋਇਆ ਹੈ ਅਤੇ ਇਹ ਵੀ ਪ੍ਰਤੱਖ ਰੂਪ ਵਿਚ ਸਪਸ਼ਟ ਹੈ ਕਿ ਮਿਹਰਬਾਨ ਜੀ ਨੇ ਸਭ ਤੋਂ ਪਹਿਲਾਂ ਕਬੀਰ ਜੀ ਦੀਆਂ ਗੋਸ਼ਟਾਂ ਲਿਖੀਆਂ, ਫਿਰ ਹੋਰ ਭਗਤਾਂ ਦੀਆਂ। ਹਰਿ ਜੀ ਰਚਿਤ ਗੋਸ਼ਟਾਂ ਮਿਹਰਬਾਨ ਜੀ ਦੀ 42 ਵੀਂ ਗੋਸ਼ਟਿ ਵਿਚ ਹਰਿ ਜੀ ਕਹਿੰਦੇ ਹਨ :

> ਸਭਨਾਂ ਦੀਆਂ ਗੋਸ਼ਟੀ ਗੁਰੂ ਸਾਹਿਬਾਨ ਹੋਦੇ ਹੀ ਹੋਈਆਂ ਥੀਆਂ ਅਰ ਨੰਗਲ ਸਹਰੁ ਸਾਡੇ ਧਉਲੇ ਵਿਚਿ, ਚਉਬਾਰੇ ਕੇ ਉਪਰਿ ਗੋਸ਼ਟੀ ਕਾ ਆਰੰਭ ਹੋਇਆ ਥਾ। ਤਦ ਆਦਿ ਹੀ ਕਬੀਰ ਗੁਸਾਈ ਕੀਆਂ ਗੋਸ਼ਟਾਂ ਭਈਆਂ, ਤਿਸੁ ਪੀਛੇ ਅਉਰੁ ਸਭੁ ਗੋਸ਼ਟੀ ਹੋਈਆਂ। ਬਾਣੀ ਕਰ ਅਰਥੁ ਬਾਬੇ ਨਾਨਕ ਜੀ ਕੇ ਬਚਨਿ ਕਰਿ ਕਰਿ ਹੋਇਆ।[105]

ਇਸ ਟੂਕ ਤੋਂ ਸਿੱਧ ਹੁੰਦਾ ਹੈ ਕਿ ਪਹਿਲਾਂ ਕਬੀਰ ਜੀ ਦੀਆਂ ਗੋਸ਼ਟਾਂ ਲਿਖੀਆਂ ਗਈਆਂ। ਇਹ ਗੋਸ਼ਟਾਂ ਵੀਂ 'ਪੋਥੀ ਸਚਖੰਡ ਦੀ ਤਰ੍ਹਾਂ ਹੀ ਜਨਮਸਾਖੀ ਅਤੇ ਗੋਸ਼ਟਿ ਦਾ ਮਿਲਗੋਭਾ ਰੂਪ ਹਨ। ਕਬੀਰ ਜੀ ਨਾਲ ਸੰਬੰਧਿਤ ਗੋਸ਼ਟਾਂ ਦੀਆਂ ਕਈ ਪ੍ਰਤੀਲਿਪੀਆਂ ਮਿਲਦੀਆਂ ਹਨ ਜਿਨ੍ਹਾਂ ਵਿਚ ਗੋਸ਼ਟਾਂ ਦੀ ਗਿਣਤੀ ਵੱਖਰੀ-ਵੱਖਰੀ ਹੈ। ਬਹੁਤ ਸਾਰੀਆਂ ਪੋਥੀਆਂ ਵਿਚ ਅਜਿਹੀਆਂ ਗੋਸ਼ਟਾਂ ਨੂੰ 'ਕਥਾਵਾਂ' ਵੀ ਕਿਹਾ ਗਿਆ ਹੈ। ਪਰ ਬਹੁਤ ਸਾਰੀਆਂ ਅਜਿਹੀਆਂ ਹੱਥ-ਲਿਖਤਾਂ ਵੀ ਮਿਲਦੀਆਂ ਹਨ ਜਿਨ੍ਹਾਂ ਵਿਚ ਇਨ੍ਹਾਂ ਸਾਰੀਆਂ ਰਚਨਾਵਾਂ ਨੂੰ 'ਗੋਸ਼ਟਿ' ਕਿਹਾ ਗਿਆ ਹੈ। ਇਨ੍ਹਾਂ ਸਾਰੀਆਂ ਪੋਥੀਆਂ ਵਿਚ ਸਾਖੀਆਂ ਅਤੇ ਗੋਸ਼ਟਾਂ ਰਲਗਡ ਹਨ। ਇਨ੍ਹਾਂ ਵਿਚੋਂ ਕੁਝ ਨਿਰੋਲ ਗੋਸ਼ਟਾਂ ਹਨ ਜੋ ਉਸ ਸਮੇਂ ਦੇ ਪੰਡਿਤਾਂ, ਕਾਜ਼ੀਆਂ, ਜੋਗੀਆਂ, ਸਿਧਾਂ ਅਤੇ ਵਿਦਵਾਨਾਂ ਦੀਆਂ ਕਬੀਰ ਜੀ ਨਾਲ ਗੋਸ਼ਟਾਂ ਹੁੰਦੀਆਂ ਦਿਖਾਈਆਂ

ਗਈਆਂ ਹਨ। ਇਨ੍ਹਾਂ ਗੋਸ਼ਟਾਂ ਵਿਚ ਜ਼ਾਤ-ਪਾਤ ਦੇ ਬੰਧਨਾਂ ਦੀ ਨਿਖੇਧੀ, ਉੱਚੀਆਂ ਜ਼ਾਤਾ ਵਾਲਿਆਂ ਬ੍ਰਾਹਮਣਾਂ ਅਤੇ ਸਯੱਦਾਂ ਆਦਿ ਦੇ ਫੋਕੇ ਹੰਕਾਰ ਦਾ ਤ੍ਰਿਸਕਾਰ ਅਤੇ ਇਸ ਦੇ ਟਾਕਰੇ ਤੇ ਭਗਤੀ ਭਾਵਨਾਂ ਦੀ ਉੱਚਤਾ ਨੂੰ ਦਰਸਾਇਆ ਗਿਆ ਹੈ। ਸ਼ਾਇਦ ਇਸ ਦਾ ਕਾਰਨ ਇਹ ਹੈ ਕਿ ਕਬੀਰ ਜੀ ਨੂੰ ਆਪ ਬਹੁਤ ਵਾਰੀ ਉੱਚੀਆਂ ਜ਼ਾਤਾ ਦੀ ਵਿਰੋਧਤਾ ਦਾ ਸ਼ਿਕਾਰ ਹੋਣਾ ਪਿਆ ਸੀ। ਇਹ ਸੁਰ ਉਨ੍ਹਾਂ ਦੀ ਬਾਣੀ ਵਿਚ ਵੀ ਉਜਾਗਰ ਹੁੰਦੀ ਹੈ।

ਕਬੀਰ ਜੀ ਨਾਲ ਸੰਬੰਧਿਤ ਬਹੁਤ ਸਾਰੀਆਂ ਗੋਸ਼ਟਾਂ ਤੋਂ ਛੁਟ ਹੋਰ ਭਗਤਾਂ ਨਾਲ ਸੰਬੰਧਿਤ ਗੋਸ਼ਟਾਂ ਵੀ ਮਿਲਦੀਆਂ ਹਨ, ਜਿਵੇਂ:

1) ਗੋਸ਼ਟਿ ਸਧਨੇ ਗੁਸਾਂਈ ਕੀ
2) ਗੋਸ਼ਟਿ ਧੰਨੇ ਕੇ ਜਨਮਿ ਕੀ ਚਾਲੀ
3) ਗੋਸ਼ਟਿ ਕਾਨੇ ਭਗਤਿ ਕੀ (ਪਹਿਲੀ)
4) ਗੋਸ਼ਟਿ ਕਾਨੇ ਭਗਤ ਕੀ
5) ਕਥਾ ਸ਼੍ਰੀ ਗੁਸਾਂਈ ਨਾਮਦੇਉ ਕੀ
6) ਗੋਸ਼ਟਿ ਸ਼੍ਰੀ ਗੁਸਾਂਈ ਕਬੀਰ ਕੀ
7) ਕਥਾ ਗੁਸਾਂਈ ਰਵਿਦਾਸ ਕੀ
8) ਗੁਸਟਿ ਗੁਸਾਂਈ ਧੰਨੇ ਕੀ
9) ਗੁਸਟਿ ਬੈਣੀ ਭਗਤ ਕੀ
10) ਗੋਸ਼ਟਿ ਸ਼੍ਰੀ ਨਾਮੇ ਤ੍ਰਿਲੋਚਨ ਕੀ।[106]

ਇਹ ਸਾਰੀਆਂ ਗੋਸ਼ਟਾਂ ਵੀ ਕਬੀਰ ਦੀਆਂ ਗੋਸ਼ਟਾਂ ਦੀ ਤਰ੍ਹਾਂ ਕਥਾਵਾਂ ਅਤੇ ਗੋਸ਼ਟਾਂ ਦਾ ਮਿਲਗੋਭਾ-ਰੂਪ ਹਨ। ਇਨ੍ਹਾਂ ਗੋਸ਼ਟਾਂ ਦਾ ਮੁੱਖ ਉਦੇਸ਼ ਭਗਤੀ ਭਾਵਨਾ ਦੀ ਪ੍ਰਮੁਖਤਾ ਨੂੰ ਦਰਸਾਉਣਾ ਹੈ।

ਇਹਨਾਂ ਭਗਤਾਂ ਦੀਆਂ ਗੋਸ਼ਟਾਂ ਦੀ ਲੜੀ ਵਿਚ ਮਿਹਰਬਾਨ ਜੀ ਸੰਬੰਧੀ ਮਿਲਦੀਆਂ ਗੋਸ਼ਟਾਂ ਸ਼ਾਮਿਲ ਹਨ। ਇਹ ਗੋਸ਼ਟਾਂ ਹਰਿ ਜੀ ਦੁਆਰਾ ਰਚਿਤ ਹਨ ਇਹ ਗੋਸ਼ਟਾਂ ਵੀ ਜਨਮਸਾਖੀ ਅਤੇ ਗੋਸ਼ਟਿ ਦਾ ਮਿਲਗੋਭਾ-ਰੂਪ ਹਨ। ਇਸ ਰਚਨਾ ਵਿਚ ਜਿਥੇ ਜਨਮਸਾਖੀਆਂ ਦੀ ਤਰ੍ਹਾਂ ਮਿਹਰਬਾਨ ਜੀ ਦਾ ਜੀਵਨ-ਬਿਰਤਾਂਤ ਮਿਲਦਾ ਹੈ ਉਥੇ ਉਹਨਾਂ ਦੀਆਂ ਆਪਣੇ ਸ਼ਿਸ਼ਾਂ ਨਾਲ ਹੋਈਆਂ ਗੋਸ਼ਟਾਂ, ਮਾਇਆ, ਮੁਕਤੀ, ਨਾਮ, ਸਿਮਰਨ, ਭਗਤੀ, ਜੀਵ, ਜਗਤ ਆਦਿ ਦਾਰਸ਼ਨਿਕ ਵਿਸ਼ਿਆਂ ਸੰਬੰਧੀ ਵੀ ਮਿਲਦੀਆਂ ਹਨ। ਇਹ ਰਚਨਾਵਾਂ ਹਰਿ ਜੀ ਦੀ ਆਪਣੀ ਲਿਖਤ ਹੋਣ ਕਰਕੇ ਮਿਹਰਬਾਨ ਜੀ ਦੀਆਂ ਸਾਹਿਤਕ ਕਿਰਤਾਂ ਸੰਬੰਧੀ ਤੇ ਉਹਨਾਂ ਦੁਆਰਾ ਰਚਿਤ ਵਾਰਤਕ-ਗੋਸ਼ਟਾਂ ਸੰਬੰਧੀ ਜਾਣਕਾਰੀ ਵੀ ਦਿੰਦੀਆਂ ਹਨ। ਇਸ ਲਈ ਇਤਿਹਾਸਕ ਦ੍ਰਿਸ਼ਟੀ ਤੋਂ ਇਹ ਵਾਰਤਕ-ਗੋਸ਼ਟਾਂ ਵਿਸ਼ੇਸ਼ ਮਹੱਤਵ ਰਖੱਦੀਆਂ ਹਨ।

'ਗੋਸ਼ਟਿ ਮਿਹਰਵਾਨ ਜੀ' ਵਿਚ ਹਰਿ ਜੀ ਨੇ ਮਿਹਰਵਾਨ ਜੀ ਨੂੰ ਭਗਤ ਸੁਖਦੇਉ ਦਾ ਅਵਤਾਰ ਮੰਨਿਆਂ ਹੈ। ਦਰਅਸਲ ਮਿਹਰਬਾਨ ਸੰਪ੍ਰਦਾਇ ਨਾਲ ਸੰਬੰਧਿਤ ਗੋਸ਼ਟਾਂ ਵਿਚ ਕਈ ਮਿਥਿਹਾਸਕ ਪਿਛੋਕੜ ਅਤੇ ਹਵਾਲੇ ਦਿੱਤੇ ਹੋਏ ਮਿਲਦੇ ਹਨ, ਜਿਵੇਂ-ਗੁਰੂ ਨਾਨਕ ਆਪਣੇ ਪੂਰਬਲੇ ਜਨਮ ਵਿਚ ਰਾਜਾ ਜਨਕ ਸਨ, ਕਬੀਰ ਜੀ ਆਪਣੇ ਪੂਰਬਲੇ ਜਨਮ ਵਿਚ ਬ੍ਰਹਮ ਸਨ ਅਤੇ ਇਸੇ ਤਰ੍ਹਾਂ ਹੀ ਸੋਢੀ ਮਿਹਰਬਾਨ ਜੀ ਪੂਰਬਲੇ-ਜਨਮ ਵਿਚ ਭਗਤ ਸੁਖਦੇਉ ਸਨ, ਜਿਹਨਾਂ ਨੂੰ ਨਿਰੰਕਾਰ ਨੇ ਗੁਰੂ ਨਾਨਕ ਦੇ ਕਹਿਣ ਤੇ ਬਾਣੀ ਦੀ ਵਿਆਖਿਆਂ ਕਰਨ ਲਈ ਜਗਤ ਤੇ ਭੇਜਿਆ।[107]

ਬਾਬਾ ਲਾਲ ਦੀਆਂ ਗੋਸ਼ਟਾਂ ਪੰਜਾਬੀ ਵਾਰਤਕ-ਗੋਸ਼ਟਾਂ ਦੀ ਇਕ ਹੋਰ ਕੜੀ ਹੈ। ਇਹਨਾਂ ਗੋਸ਼ਟਾਂ ਨੂੰ ਕਈ ਆਲੋਚਕਾਂ ਨੇ ਗੁਰੂ ਨਾਨਕ ਨਾਲ ਹੋਈਆਂ ਮੰਨਿਆਂ ਹੈ।[108] ਸ਼ਾਇਦ ਇਸ ਦਾ ਵੱਡਾ ਕਾਰਣ ਇਹ ਹੈ ਕਿ ਬਹੁਤ ਸਾਰੀਆਂ ਪੁਰਾਤਨ ਹੱਥ ਲਿਖਤਾਂ ਵਿਚ 'ਗੋਸ਼ਟਿ ਗੁਰੂ ਬਾਬੇ ਨਾਨਕ ਜੀ ਕੀ' ਬਾਬੇ ਲਾਲ ਨਾਲ ਹੋਈ ਹੈ। ਸ਼ਮਸ਼ੇਰ ਸਿੰਘ ਅਸ਼ੋਕ ਨੇ ਤਾਂ ਇਥੋਂ ਤੱਕ ਕਿਹਾ ਹੈ ਕਿ ਬਾਬਾ ਲਾਲ ਵਾਲੀ ਗੋਸ਼ਟਿ, ਜਨਮਸਾਖੀਆਂ ਦਾ ਭਾਗ ਇਸ ਲਈ ਨਹੀਂ ਬਣ ਸਕੀ, ਕਿਉਂਕਿ ਇਹ ਇਕ ਵੱਖਰੀ ਤਰ੍ਹਾਂ ਦੀ ਗੋਸ਼ਟਿ ਹੈ, ਜਿਸ ਵਿਚ ਗੁਰੂ ਨਾਨਕ ਦੇਵ ਜੀ ਪ੍ਰਸ਼ਨ ਪੁੱਛਦੇ ਹਨ ਅਤੇ ਬਾਬਾ ਲਾਲ ਉੱਤਰ ਦਿੰਦੇ

ਹਨ। ਪਰ ਅਸਲ ਵਿਚ ਇਹ ਗੋਸ਼ਟਾਂ ਬਾਬਾ ਲਾਲ ਅਤੇ ਦਾਰਾ ਸ਼ਿਕੋਹ ਦੇ ਵਿਚਾਲੇ ਹੋਈਆਂ। ਡਾ. ਮੋਹਨ ਸਿੰਘ ਦੀਵਾਨਾ ਅਨੁਸਾਰ ਇਹ ਪ੍ਰਸ਼ਨ ਦਾਰਾ ਸ਼ਿਕੋਹ ਨੇ ਬਾਬਾ ਲਾਲ ਪਾਸੋਂ ਪੁਛੇ ਅਤੇ ਬਾਬਾ ਲਾਲ ਦੇ ਉਤਰ ਮੁਨਸ਼ੀ ਚੰਦਰ ਭਾਨ ਨੇ ਦਾਰਾ ਸ਼ਿਕੋਹ ਨੂੰ ਸੁਣਾਏ।[109] ਇਸ ਗੋਸ਼ਟਿ ਵਿਚ 'ਫਕੀਰ' ਅਤੇ 'ਫਕੀਰੀ' ਦੇ ਲੱਛਣਾਂ ਬਾਰੇ ਵਿਚਾਰ-ਚਰਚਾ ਕੀਤੀ ਗਈ ਹੈ। ਇਸ ਕੇਂਦਰੀ ਵਿਸ਼ੇ ਦੇ ਦੁਆਲੇ ਹੀ ਸਾਰੀ ਪ੍ਰਸ਼ਨੋਤਰੀ ਨੂੰ ਉਸਾਰਿਆ ਗਿਆ ਹੈ ਅਤੇ ਸਿੱਟੇ ਵਜੋਂ ਇਕ ਬੱਝਵਾਂ ਪ੍ਰਭਾਵ ਉਜਾਗਰ ਕੀਤਾ ਗਿਆ ਹੈ। ਇਸ ਪ੍ਰਸ਼ਨੋਤਰੀ ਵਿਚ ਪ੍ਰਸ਼ਨ ਕਰਨ ਅਤੇ ਉਤਰ ਦੇਣ ਵਾਲੇ ਪਾਤਰਾਂ ਦੇ ਨਾਮ ਹੀ ਨਹੀਂ ਦਿੱਤੇ ਗਏ ਸਗੋਂ ਕੇਵਲ ਪ੍ਰਸ਼ਨ ਹਨ ਅਤੇ ਸਿੱਧੇ ਉਨ੍ਹਾਂ ਦੇ ਉਤਰ ਦਿੱਤੇ ਗਏ ਹਨ। ਪਰ ਫਿਰ ਵੀਂ ਬਾਬਾ ਲਾਲ ਅਤੇ ਦਾਰਾ ਸ਼ਿਕੋਹ ਨੂੰ ਇਸ ਗੋਸ਼ਟਿ ਦੇ ਪਾਤਰ ਮੰਨਣ ਵਿਚ ਸਾਨੂੰ ਕੋਈ ਸੰਕੋਚ ਨਹੀਂ। ਇਸ ਗੋਸ਼ਟਿ ਦੀਆਂ ਬਹੁਤ ਸਾਰੀਆਂ ਪ੍ਰਤੀ-ਲਿਪੀਆਂ ਮਿਲਦੀਆਂ ਹਨ।

ਸਤਾਰਵੀਂ ਸਦੀ ਵਿਚ ਕੁਝ ਹੋਰ ਫੁਟਕਲ ਗੋਸ਼ਟਾਂ ਵੀ ਮਿਲਦੀਆਂ ਹਨ ਜਿਵੇਂ- 'ਗੋਸ਼ਟਿ ਫਕੀਰੀ ਕੀ', 'ਗੋਸ਼ਟਿ ਮਾਰਫਤ ਕੀ', 'ਗੋਸ਼ਟਿ ਡਾਖਣੀ ਪੀਰ ਮੁਰੀਦ ਕੀ' ਆਦਿ। 'ਗੋਸ਼ਟਿ ਫਕੀਰੀ ਕੀ' ਅਤੇ 'ਗੋਸ਼ਟਿ ਮਾਰਫਤ ਕੀ' ਦਾਰਸ਼ਨਿਕ ਵਿਚਾਰਾਂ 'ਤੇ ਅਧਾਰਿਤ ਹਨ। 'ਗੋਸ਼ਟਿ ਡਾਖਣੀ ਪੀਰ ਮੁਰੀਦ ਕੀ' ਵਿਚ ਮੁਸਲਮਾਨ ਸੂਫੀ ਫਕੀਰ ਨਾਇਕ ਹੈ। ਇਹ ਗੋਸ਼ਟਿ ਜੋਗੀਆਂ ਦੀਆਂ ਗੋਸ਼ਟਾਂ ਨਾਲ ਮਿਲਦੀ ਜੁਲਦੀ ਹੈ। ਇਸ ਵਿਚ ਕਥਾ ਅਤੇ ਗੋਸ਼ਟਿ ਦਾ ਮਿਲਗੋਭਾ ਹੈ। ਇਹ ਗੋਸ਼ਟਿ ਪੰਜਾਬੀ ਵਿਚ ਇਕ ਵੱਖਰੀ ਭਾਂਤ ਦੀ ਗੋਸ਼ਟਿ ਹੈ। ਉਂਜ ਮੁਸਲਮਾਨ ਪੀਰਾਂ, ਫਕੀਰਾਂ, ਸੂਫੀਆਂ ਅਤੇ ਪੈਗੰਬਰਾਂ ਨਾਲ ਸੰਬੰਧਿਤ ਬਹੁਤ ਸਾਰੇ ਮਸਲੇ ਪੰਜਾਬੀ ਵਿਚ ਮਿਲਦੇ ਹਨ। ਇਨ੍ਹਾਂ ਮਸਲਿਆਂ ਨੂੰ ਕਈਆਂ ਨੇ ਗੋਸ਼ਟਾਂ ਮੰਨਿਆਂ ਹੈ। ਭਾਸ਼ਾ ਵਿਭਾਗ ਵਲੋਂ ਪ੍ਰਕਾਸ਼ਿਤ ਪੁਸਤਕ 'ਗੋਸ਼ਟੀਆਂ' ਵਿਚ ਵੀ ਇਹ ਮਸਲੇ ਦਰਜ ਹਨ ਪਰ ਇਨ੍ਹਾਂ ਮਸਲਿਆਂ ਨੂੰ ਅਸੀਂ ਗੋਸ਼ਟਿ ਨਹੀਂ ਮੰਨਦੇ ਇਸ ਲਈ ਇਨ੍ਹਾਂ ਦੀ ਚਰਚਾ ਕਰਨੀ ਅਯੋਗ ਹੋਵੇਗੀ।

'ਵਿਵੇਕ ਸਾਰ' ਜਾਂ 'ਭਾਈ ਅਡਣ ਦਇਆ ਰਾਮ ਪ੍ਰਸ਼ਨੋਤਰੀ' ਇਕ ਹੋਰ ਅਜਿਹੀ ਗੋਸ਼ਟਿ ਹੈ ਜਿਸ ਨੂੰ ਡਾ. ਪਿਆਰ ਸਿੰਘ ਨੇ ਅਠਾਰਵੀਂ ਸਦੀ ਦੇ ਪਿਛਲੇ ਅੱਧ ਦੀ ਰਚਨਾ ਮੰਨਿਆਂ ਹੈ।[110] ਇਸ ਗੋਸ਼ਟਿ ਵਿਚ ਵੇਦਾਂਤ ਦੇ ਗੂੜ੍ਹ ਦਾਰਸ਼ਨਿਕ ਮਸਲਿਆਂ ਨੂੰ ਵਿਸ਼ਾ ਬਣਾਇਆ ਗਿਆ ਹੈ।

ਪ੍ਰੋ. ਪ੍ਰੀਤਮ ਸਿੰਘ ਨੇ ਮੌਲਾਨਾ ਹਮੀਦ ਸ਼ਾਇਰ ਕਲੰਦਰ ਦੀ ਕ੍ਰਿਤ ਖ਼ੈਰੁਲ-ਮਜਾਲਿਸ ਦਾ ਪੰਜਾਬੀ ਅਨੁਵਾਦ ਕੀਤਾ ਹੈ ਜਿਸ ਵਿਚ ਬਾਬਾ ਫਰੀਦ ਦੇ ਜੀਵਨ ਨਾਲ ਸੰਬੰਧਿਤ ਗਿਆਰਾ ਗੋਸ਼ਟਾਂ ਦਾ ਵੇਰਵਾ ਮਿਲਦਾ ਹੈ। ਸਾਡੇ ਖੋਜ-ਪ੍ਰਬੰਧ ਦਾ ਵਿਸ਼ਾ-ਖੇਤਰ ਗੁਰੂ ਨਾਨਕ ਨਾਲ ਸੰਬੰਧਿਤ ਗੋਸ਼ਟਾਂ ਨਾਲ ਹੈ ਇਸ ਲਈ ਇਹਨਾਂ ਗੋ੍ਸ਼ਟਾਂ ਨੂੰ ਇਸ ਵਿਚ ਸ਼ਾਮਿਲ ਨਹੀਂ ਕੀਤਾ ਗਿਆ।[111]

ਉਪਰੋਕਤ ਅਧਿਐਨ ਦੇ ਆਧਾਰ 'ਤੇ ਅਸੀਂ ਇਹ ਮੰਨਦੇ ਹਾਂ ਕਿ ਗੋਸ਼ਟਿ ਪਰੰਪਰਾ ਦਾ ਘੇਰਾ ਬਹੁਤ ਵਿਸ਼ਾਲ ਹੈ ਜਿਸ ਦੇ ਅੰਤਰਗਤ ਬਹੁਤ ਸਾਰੀਆਂ ਗੋਸ਼ਟਾਂ ਸ਼ਾਮਿਲ ਹਨ। ਕੇਵਲ ਗੁਰੂ ਸਾਹਿਬਾਨ ਨਾਲ ਸੰਬੰਧਿਤ ਗੋਸ਼ਟਾਂ ਹੀ ਨਹੀਂ ਮਿਲਦੀਆਂ ਸਗੋਂ ਨਾਥ ਜੋਗੀਆਂ, ਭਗਤਾਂ, ਸੂਫੀ ਫਕੀਰਾਂ, ਅਤੇ ਹੋਰ ਫਿਰਕਿਆਂ ਨਾਲ ਸੰਬੰਧਿਤ ਗੋਸ਼ਟਾਂ ਵੀ ਮਿਲਦੀਆਂ ਹਨ ਜਿਨ੍ਹਾਂ ਬਾਰੇ ਅਸੀਂ ਉਪਰੋਕਤ ਵਿਚਾਰ-ਚਰਚਾ ਕਰ ਆਏ ਹਾਂ। ਅਸੀਂ ਆਪਣੇ ਖੋਜ ਕਾਰਜ ਦੀ ਸੀਮਾ ਨਿਰਧਾਰਤ ਕਰਨ ਲਈ ਹੇਠ ਲਿਖੀਆਂ ਜਨਮ-ਸਾਖੀਆਂ ਵਿਚਲੀਆਂ ਗੋਸ਼ਟਾਂ ਨੂੰ ਹੀ ਆਧਾਰ ਬਣਾਂਵਾਂਗੇ।

**ਪੁਰਾਤਨ ਜਨਮਸਾਖੀ ਸ੍ਰੀ ਗੁਰੁ ਨਾਨਕ ਦੇਵ ਜੀ (ਭਾਈ ਮਨੀ ਸਿੰਘ ਜੀ ) ਵਿਚਲੀਆਂ ਗੋਸ਼ਟਾਂ :**

ਸ਼ੇਖ ਬ੍ਰਹਮ ਨਾਲ ਗੋਸ਼ਟਿ, ਰਾਇ ਬੁਲਾਰ ਨਾਲ ਗੋਸ਼ਟਿ, ਹਨੀਫੇ ਨਾਲ ਗੋਸ਼ਟਿ, ਸਿਧਾਂ ਨਾਲ ਗੋਸ਼ਟਿ, ਜਪਜੀ ਗੋਸ਼ਟਿ, ਹਾਜੀਆਂ ਨਾਲ ਗੋਸ਼ਟਿ, ਕਾਰੂੰ ਨਾਲ ਗੋਸ਼ਟਿ, ਅੱਚਲ ਸ਼ਿਵਰਾਤਰੀ ਦੇ ਮੇਲੇ ਉਤੇ ਸਿਧਾਂ ਨਾਲ ਗੋਸ਼ਟਿ, ਪਾਕਪਟਨ ਸ਼ੇਖ ਬ੍ਰਹਮ ਨਾਲ ਗੋਸ਼ਟਿ, ਅਜਿਤੇ ਰੰਧਾਵੇ ਨਾਲ ਗੋਸ਼ਟਿ।

**ਪੁਰਾਤਨ ਜਨਮਸਾਖੀ ਸ੍ਰੀ ਗੁਰੁ ਨਾਨਕ ਦੇਵ ਜੀ (ਭਾਈ ਬਾਲਾ ਜੀ) ਵਿਚਲੀਆਂ ਗੋਸ਼ਟਾਂ :**

ਗੋਸ਼ਟਿ ਕਲ ਬੁਲਾਇ ਤਥਾ ਨਾਰਦ ਨਾਲ, ਸੁਰਦ ਸੈਨ ਤਥਾ ਇੰਦ੍ਰ ਸੈਨ ਤਥਾ ਬਾਡੀ ਨਾਲ ਹੁਈ ਗੋਸ਼ਟਿ, ਦੇਵਲੂਤ ਤਥਾ ਹੋਰਨਾਂ ਨਾਲ ਗੋਸ਼ਟਿ, ਤੀਖਨ ਸੈਨ ਤਥਾ ਬਣਮਾਣੂਆ ਨਾਲ ਗੋਸ਼ਟਿ, ਮੱਕੇ ਦੀ ਗੋਸ਼ਟਿ, ਮਦੀਨੇ ਦੀ ਗੋਸ਼ਟਿ, ਸੁਖਚੈਨ ਰਖੀਸਿਰ ਨਾਲ ਗੋਸ਼ਟਿ, ਕਾਬਲ ਵਿਚ ਮਾਨਚੰਦ ਨਾਲ ਗੋਸ਼ਟਿ, ਬਾਲ ਗੁਦਾਈ ਜੋਗੇਸਰ ਨਾਲ ਗੋਸ਼ਟਿ ਆਦਿ।

**ਪੁਰਾਤਨ ਜਨਮਸਾਖੀ ਸ੍ਰੀ ਗੁਰੁ ਨਾਨਕ ਦੇਵ ਜੀ (ਭਾਈ ਵੀਰ ਸਿੰਘ) ਵਿਚਲੀਆਂ ਗੋਸ਼ਟਾਂ:**

ਸ਼ੇਖ ਸ਼ਰਫ ਨਾਲ ਗੋਸ਼ਟਿ, ਨਾਨਕ ਮਤੇ ਸਿਧਾਂ ਨਾਲ ਗੋਸ਼ਟਿ, ਸ਼ੇਖ ਫਰੀਦ ਨਾਲ ਗੋਸ਼ਟਿ, ਸ਼ੇਖ ਬ੍ਰਹਮ ਨਾਲ ਗੋਸ਼ਟਿ, ਮੀਆਂ ਮਿੱਠਾਂ ਨਾਲ ਗੋਸ਼ਟਿ, ਸਿਧਾਂ ਨਾਲ ਗੋਸ਼ਟਿ, ਸੁਮੇਰ ਤੇ ਅਚਲ ਪਰ ਸਿਧ ਗੋਸ਼ਟਿ, ਗੋਸ਼ਟਿ ਗੋਰਖ ਹੱਟੜੀ ਆਦਿ।

**ਪਿਆਰ ਸਿੰਘ (ਸੰਪਾਦਕ) ਆਦਿ ਸਾਖੀਆਂ-ਜਨਮ ਪਤ੍ਰੀ ਬਾਬੇ ਨਾਨਕ ਜੀ ਕੀ (ਸ਼ੰਭੂ ਨਾਥ ਵਾਲੀ) ਵਿਚਲੀਆਂ ਗੋਸ਼ਟਾਂ :**

ਪਾਂਧੇ ਨਾਲ ਗੋਸ਼ਟਿ, ਗੋਸ਼ਟਿ ਵੈਦ ਨਾਲ, ਕਲਿਜੁਗ ਨਾਲ ਗੋਸ਼ਟਿ, ਸਿਧ ਗੋਸ਼ਟਿ ਸੁਮੇਰ ਪਰਬਤ ਤੇ ਹੋਈ, ਸੇਖ ਬ੍ਰਹਮ ਨਾਲ ਗੋਸ਼ਟਿ, ਗੋਸ਼ਟਿ ਸਿਧਾਂ ਨਾਲ-ਅਚਲ ਵਟਾਲੇ, ਸਿਧਾਂ ਨਾਲ ਗੋਸ਼ਟਿ/ਜਪੁ ਅਵਤਰਣ ਆਦਿ।

2Si2.1
Pj58 2f

**ਗੋਸ਼ਟ ਵਾਰਤਕ ਰੂਪ ਅਤੇ ਮੱਧਕਾਲੀ ਹੋਰ ਸਾਹਿਤਕ ਵਾਰਤਕ ਰੂਪ :**

ਸੋਲਵੀਂ ਅਤੇ ਸਤਾਰਵੀਂ ਸਦੀ ਵਿਚ ਗੋਸ਼ਟਾਂ ਅਤੇ ਜਨਮ ਸਾਖੀਆਂ ਤੋਂ ਇਲਾਵਾਂ ਪੰਜਾਬੀ ਵਾਰਤਕ ਹੋਰ ਵੀ ਕਈ ਵੰਨਗੀਆਂ ਵਿਚ ਉਪਲਬਧ ਹੈ ਜਿਵੇਂ ਪਰਚੀ, ਬਚਨ, ਟੀਕੇ ਜਾਂ ਪਰਮਾਰਥ, ਹੁਕਮਨਾਮੇ, ਰਹਿਤਨਾਮੇ, ਅਨੁਵਾਦ, ਸਾਰ, ਕਥਾ ਅਤੇ, ਉਥਾਨਿਕਾਵਾਂ ਆਦਿ। ਇਹ ਵਾਰਤਕ ਰੂਪ ਜੀਵਨੀ ਸਾਹਿਤ ਦਾ ਇਕ ਵਡਮੁੱਲਾ ਖਜ਼ਾਨਾ ਹਨ। ਮੱਧਕਾਲੀਨ ਵਾਰਤਕ ਦੀਆਂ ਇਨ੍ਹਾਂ ਵੰਨਗੀਆਂ ਦਾ ਆਧਾਰ ਸੰਬੰਧਿਤ ਮਹਾਂਪੁਰਸ਼ ਨੂੰ ਜਾਂ ਨਾਇਕ ਨੂੰ ਵਡਿਆਉਣਾ ਰਿਹਾ ਹੈ। ਇਸ ਤਰ੍ਹਾਂ ਵਾਰਤਕ ਦੀਆਂ ਇਨ੍ਹਾਂ ਵੰਨਗੀਆਂ ਦਾ ਮੂਲ ਆਧਾਰ ਜਾਂ ਬੁਨਿਆਦ ਇਕੋ ਹੀ ਹੈ। ਅਸਲ ਵਿਚ ਇਹ ਸਮੱਗਰੀ ਪੰਜਾਬ ਦੇ ਅਧਿਆਤਮਕ ਜੀਵਨ ਦਾ ਇਕ ਅੰਗ ਬਣ ਗਈਆਂ ਹਨ ਇਸ ਸੰਦਰਭ ਵਿਚ ਡਾ. ਕਰਨੈਲ ਸਿੰਘ ਥਿੰਦ ਨੇ ਲਿਖਿਆ ਹੈ 'ਰਿਸ਼ੀਆਂ ਮੁਨੀਆਂ ਅਤੇ ਭਗਤਾਂ ਦੀਆਂ ਕਥਾਵਾਂ ਨੂੰ ਪਾਵਨ ਸਮਝ ਕੇ ਇਹ ਮੰਨਿਆਂ ਜਾਂਦਾ ਹੈ ਕਿ ਜਿਸ ਹਿਰਦੇ ਵਿਚ ਇਨ੍ਹਾਂ ਕਥਾਵਾਂ ਦਾ ਵਾਸਾ ਹੈ, ਉਸ ਦੀ ਸਾਰੀ ਮੈਲ ਦੂਰ ਹੋ ਕੇ ਉਸ ਦੀ ਆਤਮਾ ਸ਼ੁਧ ਤੇ ਸਥਿਰ ਹੋ ਜਾਂਦੀ ਹੈ।[112] ਆਪਣੇ ਸ਼ੋਧ ਪ੍ਰਬੰਧ ਦੇ ਵਿਸ਼ੇ ਖੇਤਰ ਨੂੰ ਸਪਸ਼ਟ ਕਰਨ ਲਈ ਇਨ੍ਹਾਂ ਉਪਰੋਕਤ ਵਾਰਤਕ ਰੂਪਾਂ ਦਾ ਸੰਖੇਪ ਅਧਿਐਨ ਕਰਨਾ ਲਾਹੇਵੰਦ ਹੋਵੇਗਾ।

693422

**ਪਰਚੀ** : ਪਰਚੀ ਜੀਵਨੀ ਦੇ ਅਰਥਾਂ ਦਾ ਲਖਾਇਕ ਸ਼ਬਦ ਹੈ ਜੋ ਸੰਸਕ੍ਰਿਤ ਦੇ 'ਪਰਿਚਯ' ਤੋਂ ਬਣਿਆ ਹੈ। ਪਰਿਚਯ ਤੋਂ ਭਾਵ ਅਜਿਹੀ ਸਥਿਤੀ ਜਿਸ ਵਿਚ ਦੋ ਵਿਅਕਤੀ ਇਕ ਦੂਸਰੇ ਨੂੰ ਪ੍ਰਤੱਖ ਮਿਲਣੀ ਦੇ ਆਧਾਰ ਤੇ ਜਾਣਦੇ ਪਹਿਚਾਣਦੇ ਹੋਣ [113] ਜਾਂ ਕਿਸੇ ਵਿਅਕਤੀ ਦੇ ਨਾਮ, ਧਾਮ, ਗੁਣ, ਕਰਮ ਆਦਿ

ਨਾਲ ਸੰਬੰਧ ਰੱਖਣ ਵਾਲੀਆਂ ਸਭ ਜਾਂ ਕੁਝ ਗੱਲਾਂ ਜੋ ਕਿਸੇ ਨੂੰ ਦੱਸੀਆਂ ਜਾਣ,[114] ਨੂੰ ਪਰਚੀ ਦੀ ਸੰਗਿਆ ਦਿੱਤੀ ਜਾਂਦੀ ਹੈ। ਡਾ. ਪਿਆਰ ਸਿੰਘ ਨੇ ਵੀ ਪਰਚੀ ਦੇ ਅਰਥ ਜਾਣ-ਪਛਾਣ, ਨਿਕਟਤਾ ਜਾਂ ਮਿੱਤਰਤਾ ਦੇ ਹੀ ਲਏ ਹਨ।[115]

ਇਸ ਤਰ੍ਹਾਂ ਪਰਚੀ ਤੋਂ ਭਾਵ ਅਜਿਹੀਆਂ ਰਚਨਾਵਾਂ ਤੋਂ ਹੈ, ਜਿਸ ਵਿਚ ਕਿਸੇ ਵਿਅਕਤੀ ਵਿਸ਼ੇਸ਼ ਦੇ ਨਾਮ, ਤੇ ਉਸ ਦੀ ਵਿਚਾਰਧਾਰਾ ਬਾਰੇ ਜਾਣ ਪਛਾਣ ਕਰਵਾਈ ਜਾਂਦੀ ਹੈ ਜਾਂ ਕਿਸੇ ਵਿਅਕਤੀ ਵਿਸ਼ੇਸ਼ ਦੇ ਸਮੁੱਚੇ ਜੀਵਨ ਬਾਰੇ ਦੱਸਿਆ ਜਾਵੇ, ਉਹ ਪਰਚੀ ਸਾਹਿਤ ਹੈ। ਪਰਚੀ ਸਾਹਿਤ ਵਿਚ ਜਨਮ ਸਾਖੀਆਂ ਵਾਲੇ ਬਹੁਤ ਸਾਰੇ ਗੁਣ ਮੌਜੂਦ ਹਨ। ਇਹ ਸੰਤ ਗਾਥਾ ਦਾ ਹੀ ਇਕ ਨਮੂਨਾ ਹੈ ਜਿਵੇਂ ਗੁਰੂ ਸਾਹਿਬਾਨ ਦੇ ਜੀਵਨ ਬਿਰਤਾਂਤ ਲਈ ਸਾਖੀ ਜਾਂ ਜਨਮਸਾਖੀ ਸ਼ਬਦ ਦੀ ਵਰਤੋਂ ਹੋਈ ਹੈ ਉਥੇ ਭਗਤਾਂ ਦੇ ਜੀਵਨ ਬਿਰਤਾਂਤ ਲਈ 'ਪਰਚੀ' ਸ਼ਬਦ ਦੀ ਵਰਤੋਂ ਹੋਈ ਹੈ-ਜਿਵੇਂ ਪਰਚੀ ਭਾਈ ਘਨਈਆਂ ਜੀ, ਪਰਚੀ ਭਾਈ ਸੇਵਾ ਰਾਮ, ਪਰਚੀ ਭਗਤ ਕਬੀਰ, ਪਰਚੀ ਦਾਦੂ ਦਿਆਲ, ਪਰਚੀ ਰਾਇਬਾ ਜੀ ਕੀ, ਪਰਚੀ ਅਵੈਸ ਕਰਨੀ ਜੀ ਕੀ, ਪਰਚੀ ਮਨਸੂਰਿ ਜੀ ਕੀ, ਪਰਚੀ ਫੁਜ਼ੈਲ ਸਾਂਈ ਜੀ ਕੀ, ਪਰਚੀ ਭਾਈ ਅੱਡਣ ਜੀ ਕੀ ਆਦਿ।[116] 'ਪਰਚੀ' ਜਨਮਸਾਖੀ ਦੀ ਤਰ੍ਹਾਂ ਜੀਵਨੀ ਬਿਰਤਾਂਤੀ ਸਾਹਿਤ ਹੈ ਅਤੇ ਇਸ ਦਾ 'ਗੋਸ਼ਟਿ ਸਾਹਿਤ' ਅਤੇ ਸਾਖੀ/ਜਨਮਸਾਖੀ ਦੀ ਤਰ੍ਹਾਂ ਹੀ ਵਖਰੇਵਾਂ ਹੈ। ਜਿਸਦਾ ਮੁੱਖ ਉਦੇਸ਼ ਵਿਅਕਤੀ ਵਿਸ਼ੇਸ਼ ਦੇ ਜੀਵਨ, ਵਿਚਾਰਾਂ, ਗੁਣਾਂ ਜਾਂ ਕਰਮਾਂ ਦੀ ਜਾਣਕਾਰੀ ਦੇਣਾ ਹੈ। ਇਹ ਸਾਰੀ ਜਾਣਕਾਰੀ ਜੀਵਨ ਬਿਰਤਾਂਤ ਵਿਚ ਸੁਤੇ ਸਿਧ ਹੀ ਮਿਲ ਜਾਂਦੀ ਹੈ ਅਤੇ ਲੇਖਕ ਨੂੰ ਇਸ ਗੱਲ ਦੀ ਚਿੰਤਾ ਨਹੀਂ ਹੁੰਦੀ ਕਿ ਉਸਦੇ ਪ੍ਰਗਟਾਏ ਵਿਚਾਰਾਂ ਨਾਲ ਪਾਠਕ ਸਹਿਮਤ ਹੈ ਜਾਂ ਨਹੀਂ। ਇਸ ਦੇ ਉਲਟ ਗੋਸ਼ਟਿ ਵਿਚ ਵਧੇਰੇ ਜ਼ੋਰ ਵਿਚਾਰਾਂ 'ਤੇ ਹੁੰਦਾ ਹੈ, ਵਿਅਕਤੀ ਤੇ ਨਹੀਂ। ਪਰਚੀ ਨੂੰ ਅਸੀਂ ਬਿਰਤਾਂਤਕ ਵਿਧੀ ਕਹਿ ਸਕਦੇ ਹਾਂ ਜਦੋਂ ਕਿ ਗੋਸ਼ਟਾਂ ਵਿਚ ਸੰਵਾਦਕ ਵਿਧੀ ਅਪਣਾਈ ਜਾਂਦੀ ਹੈ। ਗੋਸ਼ਟਾਂ ਵਿਚ ਜੋ ਵਿਚਾਰ ਚਰਚਾ ਚਲ ਰਹੀ ਹੁੰਦੀ ਹੈ ਉਸ ਵਿਚ ਇਕ ਮਤ ਦਾ ਖੰਡਨ ਜਾਂ ਮੰਡਨ ਹੁੰਦਾ ਹੈ ਅਤੇ ਆਖ਼ੀਰ ਵਿਚ ਇਕ ਵਿਸ਼ੇਸ਼ ਪਾਤਰ ਦੇ ਵਿਚਾਰਾਂ ਨੂੰ ਦਲੀਲ ਯੁਕਤ ਢੰਗ ਦੇ ਆਧਾਰ 'ਤੇ ਸਵੀਕਾਰ ਕਰ ਲਿਆ ਜਾਂਦਾ ਹੈ।

ਇਨ੍ਹਾਂ ਉਪਰੋਕਤ ਵਿਚਾਰਾਂ ਦੇ ਆਧਾਰ ’ਤੇ ਪਰਚੀ ਸਾਹਿਤ ਤੇ ਗੋਸ਼ਟਿ ਸਾਹਿਤ ਵਿਚਲੇ ਵਖਰੇਵੇਂ ਨੂੰ ਸਹਿਜੇ ਹੀ ਸਮਝਿਆ ਜਾ ਸਕਦਾ ਹੈ। ਪਰਚੀ ਸਾਹਿਤ ਨੂੰ ਇਕ ਲੇਖਕ ਕਿਸੇ ਵਿਸ਼ੇਸ਼ ਵਿਅਕਤੀ ਜਾਂ ਭਗਤ ਦੇ ਜੀਵਨ ਸੰਬੰਧੀ ਪਾਠਕਾਂ ਲਈ ਲਿਖ ਰਿਹਾ ਹੁੰਦਾ ਹੈ, ਇਸ ਤੋਂ ਉਲਟ ਗੋਸ਼ਟਾਂ ਵਿਚ ਇਉਂ ਮਹਿਸੂਸ ਹੁੰਦਾ ਹੈ ਕਿ ਇਕ ਵਿਸ਼ੇਸ਼ ਪਾਤਰ ਨਾਲ ਕੁਝ ਹੋਰ ਪਾਤਰ (ਇਕ ਤੋਂ ਵੱਧ) ਕਿਸੇ ਖਾਸ ਫਲਸਫ਼ੇ ਉਤੇ ਵਿਚਾਰ ਵਟਾਂਦਰਾ ਕਰ ਰਹੇ ਹੁੰਦੇ ਹਨ ਅਤੇ ਜਿੱਤ ਉਸੇ ਵਿਸ਼ੇਸ਼ ਵਿਅਕਤੀ ਦੀ ਹੁੰਦੀ ਦਰਸਾਈ ਜਾਂਦੀ ਹੈ।

**ਪਰਮਾਰਥ/ਟੀਕਾ**: ਪਰਮਾਰਥ ਦੇ ਕੋਸ਼ਾਰਥ ਅਰਥ ਹਨ ਪਰਮ ਉਤਮ ਪਦਾਰਥ, ਸਾਰ ਵਸਤੂ, ਆਤਮ-ਵਿਦਿਆ, ਮੋਖ-ਮੁਕਤਿ, ਵਾਕ ਦਾ ਭਾਵਾਰਥ, ਸਿਧਾਂਤ, ਨਿਚੋੜ[117] ਆਦਿ। ਗੁਰੂ ਨਾਨਕ ਸਹਿਬ ਜਾਂ ਉਹਨਾਂ ਤੋਂ ਪਿਛਲੇ ਗੁਰੂ ਸਾਹਿਬਾਨਾਂ ਦੇ ਉਪਦੇਸ਼ਾਂ, ਸਿੱਖਿਆਵਾਂ, ਤੇ ਦਾਰਸ਼ਨਿਕ ਵਿਚਾਰਾਂ ਆਦਿ ਨੂੰ ਸਮਝਣ ਤੇ ਸਮਝਾਣ ਦੀ ਲੋੜ ਅਨੁਭਵ ਕੀਤੀ ਗਈ ਤਾਂ ਪੰਜਾਬੀ ਵਾਰਤਕ ਦਾ ਰੂਪ ਟੀਕਾ/ਪਰਮਾਰਥ ਪ੍ਰਚਲਿਤ ਹੋਏ। ਇਸ ਤਰ੍ਹਾਂ ਪਰਮਾਰਥ ਕਿਸੇ ਰਚਨਾ ਦੀ ਵਿਆਖਿਆ ਹੈ। ਪਰਮਾਰਥ ਦੀ ਰਚਨਾ ਦਾ ਕੇਂਦਰੀ ਧੁਰਾ ਅਧਿਆਤਮਕ ਅਤੇ ਰਹੱਸਵਾਦ ’ਤੇ ਆਧਾਰਿਤ ਹੁੰਦਾ ਹੈ। ਇਸ ਦਾ ਉਦੇਸ਼ ਇਸ ਵਿਚਲੇ ਗਿਆਨ ਨੂੰ ਜਨ ਸਧਾਰਣ ਤੱਕ ਪਹੁੰਚਾਉਣ ਲਈ ਪਰਮਾਰਥ ਦੀ ਰਚਨਾ ਕਰਨਾ ਹੈ। ਡਾ. ਤਾਰਨ ਸਿੰਘ ਇਸ ਬਾਰੇ ਵਿਚਾਰ ਪੇਸ਼ ਕਰਦੇ ਹਨ ਕਿ ਸੰਸਾਰ ਦੇ ਉਧਾਰ ਲਈ ਅਤੇ ਜੀਵ ਆਤਮਾ ਨੂੰ ਮੋਹ-ਮਾਇਆ ਅਤੇ ਦੁੱਖ-ਭੁੱਖ ਤੋਂ ਮੋਖਸ਼ ਦਿਵਾਉਣ ਲਈ ਸਮੇਂ ਸਮੇਂ ਪ੍ਰਤਿਸ਼ਟ ਆਤਮਾਵਾਂ ਸੰਸਾਰ ’ਤੇ ਜਨਮ ਲੈਂਦੀਆਂ ਹਨ। ਇਹ ਆਤਮਾਵਾਂ ਆਪਣੇ ਵਿਚਾਰਾਂ ਦਾ ਪ੍ਰਚਾਰ ਅਤੇ ਪ੍ਰਸਾਰਾ ਕਰਦੀਆਂ ਹਨ ਜਾਂ ਵਿਰੋਧੀਆਂ ਨਾਲ ਸੰਵਾਦ ਰਚਾਉਂਦੀਆਂ ਹਨ ਤਾਂ ਸੁਤੇ ਸਿੱਧ ਹੀ ਬਾਣੀ ਦਾ ਆਵੇਸ਼ ਹੁੰਦਾ ਹੈ। ‘ਮਹਾਨ ਆਤਮਾ ਦੇ ਬਚਨ, ਸਬਦ, ਬਾਣੀ ਹੀ ਤ੍ਰੈਕਾਲਾ-ਤੀਤ, ਗੁਰੂ ਚਾਨਣ ਰੂਪ ਤੋਂ ਨਿਬੜਦੇ ਹਨ।[118] ਗੁਰੂ ਦੇ ਇਹ ਬਚਨ ਹੀ ‘ਧੁਰ ਕੀ ਬਾਣੀ’ ਤੇ ਸਦੀਵਤਾ ਦੇ ਧਾਰਣੀ ਹੁੰਦੇ ਹਨ, ਪਰ ਇਹ ਬਾਣੀ ਉਚ-ਆਤਮਕ ਅਨੁਭਵ ਵਾਲੀ ਹੋਣ ਕਰਕੇ ਸਾਧਾਰਣ ਲੋਕਾਂ ਦੀ ਸੂਝ-ਬੂਝ ਤੋਂ ਉਚੇਰੀ ਹੁੰਦੀ ਹੈ। ਇਸ ਬਾਣੀ ਦੇ ਅਨੁਭਵੀ ਰਹੱਸਾਂ ਨੂੰ ਖੋਲ੍ਹਣਾ ਹੀ ਪਰਮਾਰਥਾਂ ਦਾ ਉਦੇਸ਼ ਹੁੰਦਾ ਹੈ।

ਇਸ ਤਰ੍ਹਾਂ ਪਰਮਾਰਥ ਅਧਿਆਤਮਕ, ਦਾਰਸ਼ਨਿਕ, ਰਹੱਸਾਤਮਕ ਅਨੁਭਵ ਵਾਲੀਆਂ ਰਚਨਾਵਾਂ ਦੀ ਬਿਰਤਾਂਤਕ ਵਿਆਖਿਆ ਕਿਸੇ ਵਿਸ਼ੇਸ਼ ਮਹਾਂਪੁਰਸ਼ ਦੁਆਰਾ ਕੀਤੀ ਜਾਂਦੀ ਹੈ। ਇਨ੍ਹਾਂ ਪਰਮਾਰਥਾਂ ਨੂੰ 'ਪਵਿਤਰ ਸਾਹਿਤ' ਦਾ ਅੰਗ ਮੰਨਿਆਂ ਜਾ ਸਕਦਾ ਹੈ।

ਪਰਮਾਰਥਕਾਰ ਇਕ ਵਿਸ਼ਾਲ ਅਨੁਭਵੀ ਅਤੇ ਗਿਆਨਵਾਨ ਵਿਅਕਤੀ ਹੁੰਦਾ ਹੈ ਜਿਸ ਨੂੰ ਬਾਣੀ ਵਿਚ ਆਏ ਹਰ ਸ਼ਬਦ ਦੇ 'ਸ਼ਬਦਾਰਥ, ਸ਼ਾਸਤ੍ਰਾਰਥ, ਭਾਵਾਰਥ, ਸਾਹਿਤਾਰਥ ਅਤੇ ਇਤਿਹਾਸਕ ਸੰਦਰਭ, ਆਦਿ ਬਾਰੇ ਜਾਣਕਾਰੀ ਹੋਣੀ ਚਾਹੀਦੀ ਹੈ। ਪਰਮਾਰਥ ਦੀ ਵਿਆਖਿਆਂ ਕਰਨ ਵੇਲੇ ਪਰਮਾਰਥਕਾਰ ਨੂੰ ਬਹੁਤ ਸਾਰੀਆਂ ਗੱਲਾਂ ਦਾ ਧਿਆਨ ਰੱਖਣਾ ਪੈਂਦਾ ਹੈ।

ਪਰਮਾਰਥਕਾਰ ਨੂੰ ਸਭ ਤੋਂ ਪਹਿਲਾਂ ਜਿਸ ਬਾਣੀ ਦੇ ਉਹ ਪਰਮਾਰਥ ਕਰ ਰਿਹਾ ਹੈ, ਉਸ ਬਾਣੀ ਦੀ ਪੂਰਨ ਸੋਝੀ ਹੋਣੀ ਚਾਹੀਦੀ ਹੈ। ਪਰਮਾਰਥਕਾਰ ਨੂੰ ਆਪਣੇ ਵਲੋਂ ਬਾਣੀ ਵਿਚ ਕੋਈ ਵੀ ਵਿਚਾਰ ਨਹੀਂ ਰਲਾਉਣੇ ਚਾਹੀਦੇ ਸਗੋਂ ਬਾਣੀ ਜਿਸ ਫਲਸਫ਼ੇ ਬਾਰੇ ਦਿਸ਼ਾ ਨਿਰਦੇਸ਼ ਦੇ ਰਹੀ ਹੋਵੇ, ਪਰਮਾਰਥਕਾਰ ਨੂੰ ਉਸ ਫਲਸਫ਼ੇ ਬਾਰੇ ਹੀ ਲੋਕ-ਅਗਵਾਈ ਕਰਨੀ ਚਾਹੀਦੀ ਹੈ। ਭਾਵ ਪਰਮਾਰਥ ਵਿਚ ਬਾਣੀ ਦੇ ਕੇਂਦਰੀ ਨੁਕਤੇ ਨੂੰ ਜ਼ਰੂਰ ਵਿਚਾਰਿਆ ਜਾਵੇ ਅਤੇ ਬਾਣੀ-ਤੁਕਾਂ ਵਿਚਲੇ ਵਿਚਾਰਾਂ ਦੀ ਸੁਤੰਤਰ ਰੂਪ ਵਿਚ ਵਿਆਖਿਆ ਕਰਦਿਆਂ ਹੋਇਆਂ ਵੀ ਇਸ ਨੂੰ ਕੇਂਦਰੀ ਨੁਕਤੇ ਤੋਂ ਵੀ ਵੱਖ ਨਾ ਹੋਣ ਦਿੱਤਾ ਜਾਏ।

ਗੁਰਬਾਣੀ ਵਿਚ ਆਏ ਬਿੰਬ, ਚਿੰਨ੍ਹ ਅਤੇ ਸੰਕੇਤਾਂ ਦੇ ਅਰਥਾਂ ਦੀ ਪੂਰਨ ਜਾਣਕਾਰੀ ਵੀ ਪਰਮਾਰਥਕਾਰ ਨੂੰ ਹੋਣੀ ਜ਼ਰੂਰੀ ਹੈ ਤਾਂ ਕਿ 'ਕਰਤਾ ਨੂੰ ਆਪਣੇ ਦੇਸ਼ ਦੇ ਸਾਰੇ ਇਤਿਹਾਸ, ਮਿਥਿਹਾਸ, ਗ੍ਰੰਥਾਂ, ਸ਼ਾਸਤ੍ਰਾਂ, ਪੁਰਾਣਾਂ, ਸਾਹਿਤ, ਫਲਸਫ਼ੇ, ਦਰਸ਼ਨ, ਧਰਮਾਂ, ਰਹੱਸਵਾਦੀ ਪਰੰਪਰਾਵਾਂ (ਸੰਕੇਤ. ਚਿੰਨ, ਅੰਲਕਾਰ) ਦਾ ਪੂਰਾ ਗਿਆਨ ਹੋਵੇ।[119] ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਪਰਮਾਰਥ ਕਿਸੇ ਮਹਾਨ ਰਚਨਾ ਦੀ ਵਿਆਖਿਆ ਹੁੰਦੇ ਹਨ ਜਿਸ ਦਾ ਧੁਰਾ ਰਹੱਸਵਾਦ ਅਤੇ ਅਧਿਆਤਮਕਤਾ 'ਤੇ ਆਧਾਰਿਤ ਹੁੰਦਾ ਹੈ।

ਪਰਮਾਰਥ ਵਿਚਲੀ ਗੁੰਝਲ ਨੂੰ ਵੇਖਦਿਆਂ ਹੋਇਆਂ ਇਹ ਪ੍ਰਤੱਖ ਹੁੰਦਾ ਹੈ ਕਿ ਗੋਸ਼ਟਿ ਅਤੇ ਪਰਮਾਰਥ ਸਾਹਿਤ ਰੂਪ ਵਿਚ ਵੀ ਪ੍ਰਤੱਖ ਭੇਦ ਹੈ, ਜਿਵੇਂ ਗੋਸ਼ਟਿ ਵਿਚ ਕਿਸੇ ਵਿਚਾਰ ਦੀ ਪ੍ਰਧਾਨਤਾ ਹੁੰਦੀ ਹੈ, ਜਿਸ ਨੂੰ ਸਪਸ਼ਟ ਕਰਨ ਲਈ ਕਿਸੇ ਗੱਲਬਾਤ ਜਾਂ ਵਿਚਾਰ ਵਟਾਂਦਰੇ ਦਾ ਸਹਾਰਾ ਲਿਆ ਹੁੰਦਾ ਹੈ। ਵਿਚਾਰ ਚਰਚਾ ਦੇ ਦੌਰਾਨ ਕਿਸੇ ਮਤ ਨੂੰ ਸਪਸ਼ਟ ਕਰਨ ਲਈਂ ਬਾਣੀ ਦੀਆਂ ਤੁਕਾਂ ਵੀ ਵਰਤ ਲਈਆਂ ਜਾਂਦੀਆਂ ਹਨ। ਬਾਣੀ ਦੀਆਂ ਇਹ ਤੁਕਾਂ ਜ਼ਰੂਰੀ ਨਹੀਂ ਕਿ ਇਕੋ ਹੀ ਬਾਣੀਕਾਰ ਦੀਆਂ ਹੋਣ।

ਪਰਮਾਰਥ ਵਾਰਤਕ ਕਿਰਤ ਹੁੰਦੀ ਹੈ। ਕਈ ਵਾਰ ਕਾਵਿ-ਰਚਨਾ ਵਿਚ ਵਿਚਾਰ ਜਟਿਲ, ਰਹੱਸਵਾਦੀ, ਸੁਝਾਊ, ਸੰਖੇਪ, ਅਤੇ ਕਿਤੇ ਕਿਤੇ ਸੰਕੇਤ ਮਾਤਰ ਹੁੰਦੇ ਹਨ। ਇਸ ਲਈ ਬਾਣੀ ਪੜ੍ਹਦਿਆਂ ਸਧਾਰਣ ਲੋਕਾਂ ਦੀ ਪਕੜ ਵਿਚ ਨਾ ਆਉਣ ਵਾਲੇ ਗੂੜ੍ਹ, ਅਨੁਭਵੀ, ਦਾਰਸ਼ਨਿਕ ਅਤੇ ਰਹੱਸਵਾਦੀ ਵਿਚਾਰਾਂ ਨੂੰ ਸਪਸ਼ਟ ਕਰਨ ਲਈਂ ਪਰਮਾਰਥ ਰਚਨਾ ਦੀ ਲੋੜ ਪੈਂਦੀ ਹੈ। ਇਸ ਲਈ ਪਰਮਾਰਥ ਕੇਵਲ ਵਾਰਤਕ ਜਾਂ ਸਧਾਰਣ ਲੋਕਾਂ ਦੀ ਬੋਲ ਚਾਲ ਵਿਚ ਹੀ ਲਿਖੇ ਹੁੰਦੇ ਹਨ ਤਾਂ ਜੋ ਵਿਚਾਰ ਵਧੇਰੇ ਸਰਲ ਅਤੇ ਗ੍ਰਹਿਣ ਯੋਗ ਹੋ ਜਾਣ।

ਇਸਦੇ ਉਲਟ ਗੋਸ਼ਟਿ ਵਾਰਤਕ ਰਚਨਾ ਵੀ ਹੈ ਅਤੇ ਕਾਵਿ ਰਚਨਾ ਵੀ। ਗੋਸ਼ਟਿ ਸਾਹਿਤ ਦਾ ਅਧਿਐਨ ਕਰਦਿਆਂ ਪਤਾ ਲਗਦਾ ਹੈ ਕਿ ਵਾਰਤਕ ਵਿਚ ਗੋਸ਼ਟਿ ਸਾਹਿਤ ਬਹੁਤ ਪਿਛੋਂ ਹੋਂਦ ਵਿਚ ਆਇਆ ਹੈ। ਪਹਿਲੋਂ ਪਹਿਲ ਗੋਸ਼ਟਾਂ ਕੇਵਲ ਕਵਿਤਾ ਵਿਚ ਹੀ ਰਚੀਆਂ ਜਾਂਦੀਆਂ ਸਨ। ਇਹ ਕਾਵਿ ਗੋਸ਼ਟਾਂ ਵੀ ਪਰਮਾਰਥ ਦਾ ਵਿਸ਼ਾ ਬਣਦੀਆਂ ਰਹੀਆਂ ਹਨ। ਗੁਰੂ ਗ੍ਰੰਥ ਸਾਹਿਬ ਵਿਚਲੀ, ਗੁਰੂ ਨਾਨਕ ਦੇਵ ਜੀ ਦੀ 'ਸਿਧ ਗੋਸ਼ਟਿ' ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ। ਸਿਧ ਗੋਸ਼ਟਿ ਦੇ ਪਰਮਾਰਥ ਵੀ ਮਿਲਦੇ ਹਨ ਅਤੇ ਸਿਧ ਗੋਸ਼ਟਿ ਦੇ ਵਿਚਾਰਾਂ ਦੇ ਆਧਾਰ 'ਤੇ ਬਹੁਤ ਸਾਰੇ ਵਾਰਤਕ ਲੇਖਕਾਂ ਨੇ, ਗੁਰੂ ਨਾਨਕ ਅਤੇ ਜੋਗੀਆਂ ਵਿਚ ਹੁੰਦੀਆਂ ਕਈ ਕਲਪਿਤ ਵਾਰਤਕ ਗੋਸ਼ਟਾਂ ਦੀ ਚਰਚਾ ਵੀ ਕੀਤੀ ਹੈ ਜਿਵੇਂ ਪ੍ਰਾਣ ਸੰਗਲੀ ਵਿਚਲੀਆਂ ਕੁਝ ਗੋਸ਼ਟਾਂ-'ਆਤਮੇ ਪਰਮਾਤਮੇ ਦੀ ਗੋਸ਼ਟਿ', 'ਧਿਆਉ ਬਿਹੰਗਮ ਨਿਰੰਕਾਰ ਕੀ ਕਥਾ', ਅਤੇ 'ਗੋਸ਼ਟਿ ਜਨਕ ਭਗਤਿ ਕੀ' ਆਦਿ ਸ਼ਾਮਿਲ ਹਨ।

ਗੁਰੂ ਨਾਨਕ ਕਾਲ ਦੀ ਵਾਰਤਕ ਵਿਚ ਮਿਹਰਬਾਨ ਸੰਪ੍ਰਦਾਇ ਨੇ ਗੋਸ਼ਟਾਂ ਲਿਖਣ ਦੀ ਪਰੰਪਰਾ ਚਲਾਈ ਅਤੇ ਆਪਣੇ ਮਤ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਉਹਨਾਂ ਨੇ ਗੋਸ਼ਟਿ ਸਾਹਿਤ ਰੂਪ ਨੂੰ ਹੀ ਮਾਧਿਅਮ ਬਣਾਇਆ। ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਲਗਭਗ ਸਾਰੀਆਂ ਲੰਮੀਆਂ ਬਾਣੀਆਂ ਅਤੇ ਬਹੁਤ ਸਾਰੇ ਸ਼ਬਦ ਸਲੋਕਾਂ ਦੇ ਪਰਮਾਰਥ ਵੀ ਲਿਖੇ ਜਿਹਨਾਂ ਨੂੰ ਗੋਸ਼ਟੀਆਂ ਦਾ ਨਾਮ ਦਿੱਤਾ ਗਿਆ, ਕਿਉਂਕਿ ਇਹ ਪਰਮਾਰਥ ਗੋਸ਼ਟਿ ਸ਼ੈਲੀ ਵਿਚ ਹੀ ਰਚੇ ਗਏ ਹਨ। ਬਹੁਤ ਥਾਈਂ ਗੁਰੂ ਨਾਨਕ ਦੇਵ ਜੀ ਨੂੰ ਜੋਗੀਆਂ/ਜਗਿਆਸੂਆਂ ਨਾਲ ਜਾਂ ਨਿਰੰਕਾਰ ਨਾਲ ਸੰਵਾਦ ਕਰਦੇ ਦਿਖਾਇਆ ਗਿਆ ਹੈ। ਇਸ ਸੰਵਾਦ ਵਿਚੋਂ ਬਾਣੀ ਦਾ ਆਵੇਸ਼ ਹੁੰਦਾ ਦਰਸਾਇਆ ਗਿਆ ਹੈ। ਜਪੁਜੀ ਦੇ ਪਰਮਾਰਥ ਦੇ ਆਰੰਭ ਵਿਚ ਜਪੁਜੀ ਦੀ ਰਚਨਾ ਬਾਰੇ ਇਕ ਪਿਛੋਕੜ ਉਸਾਰਿਆ ਗਿਆ ਹੈ ਜਿਸ ਵਿਚ ਗੁਰੂ ਨਾਨਕ ਦੇਵ ਨੂੰ ਨਿਰੰਕਾਰ ਦੀ ਦਰਗਾਹ ਵਿਚ ਜਾਂਦਿਆਂ ਦਰਸਾਇਆ ਗਿਆ ਹੈ ਅਤੇ ਉਥੋਂ ਸੰਸਾਰ-ਉਧਾਰ ਲਈਂ ਨਿਰੰਕਾਰ ਆਪ ਗੁਰੂ ਸਾਹਿਬ ਨੂੰ 'ਜਪੁ' ਲਿਖਣ ਦੀ ਪ੍ਰੇਰਣਾ ਦਿੰਦੇ ਦਰਸਾਏ ਗਏ ਹਨ।[120]

ਉਪਰੋਕਤ ਦੇ ਆਧਾਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਬਹੁਤ ਸਾਰੇ ਪਰਮਾਰਥ ਗੋਸ਼ਟਿ ਸ਼ੈਲੀ ਵਿਚ ਰਚੇ ਗਏ ਹਨ। ਜਗਿਆਸੂਆਂ ਵਲੋਂ ਬਾਰ-ਬਾਰ ਵਿਚਾਰਾਂ ਦੀ ਸਪਸ਼ਟਤਾ ਲਈ ਪੁਛੇ ਗਏ ਪ੍ਰਸ਼ਨ ਇਹਨਾਂ ਪਰਮਾਰਥਾਂ ਦੀ ਕੜੀ ਬਣਦੇ ਚਲੇ ਜਾਂਦੇ ਹਨ। ਇਥੇ ਗੋਸ਼ਟਿ ਅਤੇ ਪਰਮਾਰਥ ਦੀ ਤੁਲਨਾ ਕਰਨੀ ਤਾਂ ਜ਼ਰੂਰੀ ਸਮਝੀ ਗਈ ਹੈ ਤਾਂ ਜੋ ਗੋਸ਼ਟਿ ਸਾਹਿਤ ਰੂਪ ਦੀ ਵਿਸ਼ੇਸ਼ਤਾ ਨਿਖੜ ਕੇ ਸਾਹਮਣੇ ਆ ਜਾਵੇ। ਭਾਵੇਂ ਬਹੁਤ ਸਾਰੇ ਪਰਮਾਰਥ ਗੋਸ਼ਟਿ ਸ਼ੈਲੀ ਵਿਚ ਲਿਖੇ ਗਏ ਹਨ ਪਰੰਤੂ ਫਿਰ ਵੀ ਇਹ, ਨਿਰੋਲ਼ ਗੋਸ਼ਟਿ ਤੋਂ ਭਿੰਨਤਾ ਰੱਖਦੇ ਹਨ।

**ਸੁਖਨ/ਬਚਨ** : ਸੁਖਨ ਅਰਬੀ ਮੂਲਕ ਸ਼ਬਦ ਹੈ ਜਿਸਦੇ ਅਰਥ ਹਨ ਗੱਲਬਾਤ।[121] ਬਚਨ ਅਥਵਾ ਵਚਨ ਤੋਂ 'ਵਾਣੀ' ਹੈ।[122] ਬਚਨ ਅਤੇ ਸੁਖਨ ਸਮਾਨ-ਆਰਥਕ ਸ਼ਬਦ ਹਨ ਅਤੇ ਦੋਹਾਂ ਦਾ ਆਧਾਰ ਨੈਤਿਕ, ਅਧਿਆਤਮਕ, ਸਦਾਚਾਰਕ ਅਤੇ ਅਧਿਆਤਮਕ ਕਥਨ ਹਨ। ਇਨ੍ਹਾਂ ਦੋਹਾਂ ਵਿਚ ਕਿਸੇ ਮਹਾਨ ਅਧਿਆਤਮਕ, ਰਹੱਸਵਾਦੀ ਅਤੇ ਅਨੁਭਵੀ ਪੁਰਸ਼ ਦੇ ਬਚਨਾਂ ਤੋਂ ਆਤਮ-ਸੱਚ ਦਾ ਉਦੈ

ਹੁੰਦਾ ਪ੍ਰਤੀਤ ਹੁੰਦਾ ਹੈ। ਪ੍ਰਕਿਰਤੀ ਵਜੋਂ ਇਹ ਦੋਵੇ ਸ਼ਬਦ ਉਪਦੇਸ਼ਾਤਮਕ ਅਤੇ ਧਰਮ-ਮੂਲਕ ਰਚਨਾਵਾਂ ਹਨ। ਬਚਨ ਅਤੇ ਸੁਖਨ ਮੂਲ ਰੂਪ ਵਿਚ ਵਾਰਤਾਲਾਪ ਹੀ ਹੁੰਦੇ ਹਨ, ਜਿਨ੍ਹਾਂ ਦਾ ਮੁਖ ਉਦੇਸ਼ ਗੱਲਬਾਤ ਜਾਂ ਬਿਰਤਾਂਤ ਰਾਹੀਂ ਕਿਸੇ ਰਹੱਸ ਦਾ ਉਦੈ ਕਰਨਾ ਜਾਂ ਨੈਤਿਕ ਅਤੇ ਸਦਾਚਾਰਕ ਕਦਰਾਂ-ਕੀਮਤਾਂ ਨੂੰ ਉਜਾਗਰ ਕਰਨਾ ਹੁੰਦਾ ਹੈ। ਇਹ ਬਚਨ ਸਾਧੂ-ਸੰਤ, ਪੀਰ, ਫਕੀਰਾਂ ਦੇ ਮੂੰਹੋਂ ਬੋਲੇ ਪ੍ਰਵਚਨ ਹੁੰਦੇ ਹਨ ਅਤੇ ਇਹ ਬਚਨ ਸਾਧਾਰਣ ਜਗਿਆਸੂ ਲਈ ਆਦੇਸ਼-ਰੂਪ ਜਾਂ ਮੰਨਣ ਯੋਗ ਹੁੰਦੇ ਹਨ। ਇਨ੍ਹਾਂ ਬਚਨਾਂ ਦੀ 'ਸਚਾਈ' ਤੇ ਜਗਿਆਸੂ ਵਲੋਂ ਕੋਈ ਕਿੰਤੂ-ਪ੍ਰੰਤੂ ਨਹੀਂ ਕੀਤਾ ਜਾਂਦਾ।

ਸੁਖਨ/ਬਚਨ ਦੀ ਸ਼ੈਲੀ ਸਾਧਾਰਣ ਤੌਰ ਤੇ ਬਿਰਤਾਂਤਿਕ ਅਤੇ ਵਿਆਖਿਆਤਮਕ ਹੁੰਦੀ ਹੈ, ਜਿਸ ਵਿਚ ਪੀਰ-ਫਕੀਰ ਆਪਣੇ ਵਿਚਾਰਾਂ ਦਾ ਸਪਸ਼ਟੀਕਰਣ ਕਰਦੇ ਹਨ। ਇਹਨਾਂ ਵਿਚ ਵੀ ਗੋਸ਼ਟਿ ਵਾਂਗ ਸ਼ੰਕਿਆਂ ਦੀ ਨਵਿਰਤੀ ਕੀਤੀ ਜਾਂਦੀ ਹੈ। ਜਗਿਆਸੂ ਆਪਣੀ ਸਮੱਸਿਆ ਪ੍ਰਸ਼ਨ ਰੂਪ ਵਿਚ ਗੁਰੂ ਅੱਗੇ ਰੱਖਦਾ ਹੈ ਅਤੇ ਗੁਰੂ, ਪੀਰ, ਫਕੀਰ ਇਸ ਪ੍ਰਸ਼ਨ ਦਾ ਸਮਾਧਾਨ ਉੱਤਰ ਰਾਹੀਂ ਕਰਦਾ ਹੈ। ਗੁਰੂ ਦੁਆਰਾ ਦਿੱਤਾ ਗਿਆ ਉੱਤਰ ਹੀ ਜਗਿਆਸੂ ਲਈ ਅੰਤਿਮ ਸੱਚ ਹੁੰਦਾ ਹੈ। ਉਸ ਦਿੱਤੇ ਗਏ ਉੱਤਰ ਤੇ ਜਗਿਆਸੂ ਕੋਈ ਕਿੰਤੂ ਪ੍ਰੰਤੂ ਨਹੀਂ ਕਰਦਾ। ਇਨ੍ਹਾਂ ਵਿਚ ਵਿਚਾਰ ਸੁਤੰਤਰ ਰੂਪ ਵਿਚ ਆਉਂਦੇ ਹਨ ਜਿਥੇ ਇਕ ਵਿਚਾਰ ਖਤਮ ਹੁੰਦਾ ਹੈ ਉਥੇ ਹੀ 'ਅਉਰ ਬਚਨ ਏਹੁ ਹੈ' ਕਹਿ ਕੇ ਹੋਰ ਵਿਚਾਰ ਦੀ ਵਿਆਖਿਆ ਸ਼ੁਰੂ ਹੋ ਜਾਂਦੀ ਹੈ। ਜਿਵੇਂ ਸੁਖਨ ਸਾਈ ਲੋਕਾਂ ਦੇ ਅਤੇ ਵਚਨ ਗੋਵਿੰਦ ਲੋਕਾਂ ਦੇ ਮਿਲਦੇ ਹਨ।

ਵੇਖਣ ਨੂੰ ਬਚਨ/ਸੁਖਨ ਲਿਖਤਾਂ ਵਿਚੋਂ ਗੋਸ਼ਟੀ ਸਾਹਿਤ ਰੂਪ ਦਾ ਭੁਲੇਖਾ ਜਾਂ ਸ਼ੰਕਾ ਪੈਦਾ ਹੋ ਸਕਦਾ ਹੈ ਪਰੰਤੂ ਇਨ੍ਹਾਂ ਦੋਹਾਂ ਵਿਚ ਕਾਫੀ ਫਰਕ ਹੈ। ਗੋਸ਼ਟਿ ਵਿਚ ਜਗਿਆਸੂਆਂ ਵਲੋਂ ਪ੍ਰਸ਼ਨ ਰੱਖੇ ਜਾਂਦੇ ਹਨ ਅਤੇ ਇਨ੍ਹਾਂ ਸ਼ੰਕਿਆਂ ਦੀ ਨਵਿਰਤੀ ਗੁਰੂ ਦੁਆਰਾ ਕੀਤੀ ਜਾਂਦੀ ਹੈ। ਗੋਸ਼ਟਿ ਵਿਚ ਗੁਰੂ ਵਲੋਂ ਦਿੱਤੇ ਗਏ ਉਤਰ 'ਤੇ ਬਹਿਸ ਜਾਂ ਚਰਚਾ ਹੋ ਸਕਦੀ ਹੈ। ਬਚਨ/ਸੁਖਨ ਦੀ 'ਸੱਚਿਆਰਤਾ' ਬਾਰੇ ਜਗਿਆਸੂ ਵਲੋਂ ਕੋਈ ਕਿੰਤੂ ਪ੍ਰੰਤੂ ਨਾ ਕਰਕੇ ਇਹ ਜਗਿਆਸੂ ਲਈ ਆਦੇਸ਼-ਰੂਪ ਹੀ ਹੁੰਦੇ ਹਨ। ਬਚਨ/ਸੁਖਨ ਵਿਚਾਰ ਦੇ ਪੱਖ ਤੋਂ ਚੀਰ ਫਾੜ ਨਹੀਂ ਕਰਦੇ ਅਤੇ ਸਾਧਾਰਣ ਵਿਆਖਿਆ ਤੱਕ ਹੀ ਸੀਮਤ ਰਹਿੰਦੇ ਹਨ।

'ਅਕਵਾਲ' ਵਿਚ ਕੇਵਲ ਬਚਨ ਦਰਜ ਹੁੰਦੇ ਹਨ ਪਰ 'ਮਲਫੂਜ਼ਾਤ' ਵਿਚ ਕੋਈ ਘਟਨਾ ਜਾਂ ਕਰਾਮਾਤਾਂ ਦੇ ਨਾਲ ਉਪਦੇਸ਼ ਵੀ ਹੁੰਦਾ ਹੈ। 'ਸੁਖਨ' ਜਾਂ 'ਬਚਨ'-ਸਾਹਿਤ ਦੇ ਵਿਸ਼ੇ ਤੇ ਰੂਪਕ ਪੱਖ ਬਾਰੇ ਡਾ. ਜਗਜੀਤ ਸਿੰਘ ਦੇ ਵਿਚਾਰ ਬਹੁਤ ਮਹੱਤਵਪੂਰਨ ਹੈ। ਉਨ੍ਹਾਂ ਦਾ ਕਹਿਣਾ ਹੈ ਕਿ: 'ਸੁਖਨ ਰਹੱਸਵਾਦੀ ਅਨੁਭਵ ਨੂੰ ਸਰਲ ਤੇ ਸੌਖੇ ਸ਼ਬਦਾਂ ਵਿਚ ਪ੍ਰਗਟ ਕਰਨ ਵਾਲਾ ਇਕ ਸਾਹਿਤਿਕ ਰੂਪ ਹੈ। ਇਸ ਵਿਚ ਗਲਪ ਦਾ ਅੰਸ਼ ਵੀ ਹੁੰਦਾ ਹੈ। ਸੂਫੀ ਫਕੀਰਾਂ ਦੇ ਅਨੁਭਵ ਇਸ ਤਰ੍ਹਾਂ ਲਿਖਣ ਦਾ ਰਿਵਾਜ ਸੀ'।[123]

ਉਪਰੋਕਤ ਵਿਚਾਰਾਂ ਦੇ ਆਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਬਚਨ/ਸੁਖਨ ਇਕ ਪ੍ਰਕਾਰ ਦੀ ਖਾਸ ਵਿਚਾਰਧਾਰਾ ਹੈ, ਜੋ ਕਿਸੇ ਮਹਾਨ ਸੰਤ, ਪੀਰ, ਫਕੀਰ ਦੁਆਰਾ ਜਗਿਆਸੂਆਂ ਵਲ ਸੇਧਤ ਹੁੰਦੀ ਹੈ। ਜਿਸ ਪ੍ਰਤੀ ਜਗਿਆਸੂ ਜਾਂ ਸ਼ਿਸ਼ ਕੋਈ ਕਿੰਤੂ-ਪ੍ਰੰਤੂ ਨਹੀਂ ਕਰਦਾ, ਪਰ ਗੋਸ਼ਟਿ ਵਿਚ ਅਜਿਹਾ ਨਹੀਂ ਹੁੰਦਾ ਹੈ। ਜਿਥੇ ਗੋਸ਼ਟਿ ਵਿਚ ਲੰਮੀ ਪ੍ਰਸ਼ਨੋਤਰੀ ਹੁੰਦੀ ਹੈ ਅਤੇ ਕਿਸੇ ਮਸਲੇ ਨੂੰ ਲੈ ਕੇ ਨਾਇਕ ਵਲੋਂ ਉਸਦੇ ਸ਼ੰਕਿਆਂ ਦੀ ਨਵਿਰਤੀ ਕੀਤੀ ਜਾਂਦੀ ਹੈ ਉਥੇ ਬਚਨ ਜਾ ਸੁਖਨ ਆਮ ਲੋਕਾਂ ਨਾਲ ਕੀਤੀ ਗੱਲਬਾਤ ਹੁੰਦੀ ਹੈ ਅਤੇ ਇਸ ਗੱਲਬਾਤ ਦੌਰਾਨ ਕਿਸੇ ਮਸਲੇ ਨੂੰ ਨਹੀਂ ਵਿਚਾਰਿਆਂ ਹੁੰਦਾ। ਬਚਨ/ਸੁਖਨ ਵਿਚ ਨਾਇਕ ਦੇ ਮੁਖ ਵਿਚੋਂ ਉਚਾਰਣ ਕੀਤੇ ਬਚਨਾਂ ਨੂੰ ਨੈਤਿਕ ਬਚਨ ਮੰਨਿਆਂ ਜਾਂਦਾ ਹੈ। ਜਦਕਿ ਗੋਸ਼ਟਿ ਵਿਚ ਵਿਰੋਧੀ ਧਿਰ ਵਲੋਂ ਬਾਰ- ਬਾਰ ਪ੍ਰਸ਼ਨ ਉਠਾਏ ਜਾਂਦੇ ਹਨ, ਜਿਸ ਨਾਲ ਗੋਸ਼ਟਿ ਤਰਕਵਾਦੀ ਅਤੇ ਵਾਦ-ਵਿਵਾਦੀ ਜ਼ਿਆਦਾ ਹੁੰਦੀ ਹੈ।

**ਮਸਲੇ** : ਮਸਲਾ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਭਾਵ ਵਿਚਾਰਨ ਯੋਗ ਗੱਲ ਹੈ। 'ਮਸਲਾ' ਦੇ ਸ਼ਾਬਦਿਕ ਅਰਥ ਭਾਈ ਕਾਨ੍ਹ ਸਿੰਘ ਨਾਭਾ ਨੇ 'ਵਿਚਾਰ ਯੋਗ ਬਾਤ', 'ਧਰਮ ਦੀ ਬਾਤ ਜੋ ਵਿਚਾਰ ਯੋਗ ਹੋਵੇ' [124] ਤੋਂ ਲਏ ਹਨ। ਡਾ. ਸੋਹਿੰਦਰ ਸਿੰਘ ਬੇਦੀ ਅਨੁਸਾਰ ਮਸਲੇ ਵਿਚ ਕਿਸੇ ਉਪਦੇਸ਼, ਸਕੰਲਪ, ਨੈਤਿਕ ਵਿਚਾਰ, ਅਕੀਦੇ ਦੀ ਵਿਆਖਿਆ ਬਿਰਤਾਂਤ ਦੁਆਰਾ ਕੀਤੀ ਗਈ ਹੁੰਦੀ ਹੈ।[125] ਇਸਲਾਮ ਦੇ ਪੀਰਾਂ ਫਕੀਰਾਂ ਜਾਂ ਪੈਗੰਬਰਾਂ ਦੇ ਧਾਰਮਿਕ ਜੀਵਨ ਨਾਲ ਸੰਬੰਧਿਤ ਵਾਰਤਕ ਰਚਨਾਵਾਂ ਵਿਚ ਅਧਿਆਤਮਕ, ਧਾਰਮਿਕ ਨੈਤਿਕ ਜਾਂ ਸਦਾਚਾਰਿਕ ਆਦਿ ਦੀ ਸਿੱਖਿਆ ਦਿੱਤੀ ਹੁੰਦੀ ਹੈ। ਇਹ

ਵਾਰਤਾਵਾਂ ਹੀ ਮਸਲਿਆਂ ਦਾ ਬੀਜ ਰੂਪ ਧਾਰਨ ਕਰਦੀਆਂ ਹਨ। ਮਸਲੇ ਸ਼ੇਖ ਫਰੀਦ ਕੇ, ਜਿਨ੍ਹਾਂ ਵਿਚ ਫਰੀਦ ਨਾਲ ਸੰਬੰਧਿਤ ਧਾਰਮਿਕ ਵਿਚਾਰਾਂ ਨੂੰ ਅਭਿਵਿਅਕਤ ਕੀਤਾ ਗਿਆ ਹੈ। ਮਸਲੇ ਹਜ਼ਰਤ ਰਸੂਲ ਕੇ, ਜਿਸ ਵਿਚ 44 ਮਸਲੇ ਦਰਸਾਏ ਗਏ ਹਨ। ਇਹ ਦੋਵੇ ਲਿਖਤਾਂ ਮਿਹਰਬਾਨ ਸੰਪਰਦਾ ਨਾਲ ਸੰਬੰਧਿਤ ਮੰਨੀਆਂ ਜਾਂਦੀਆਂ ਹਨ।[126]

ਭਾਸ਼ਾ ਵਿਭਾਗ ਵਲੋਂ ਪ੍ਰਕਾਸ਼ਿਤ ਪੁਸਤਕ 'ਗੋਸ਼ਟੀਆਂ' ਵਿਚ ਮਸਲੇ ਵੀ ਸ਼ਾਮਿਲ ਕੀਤੇ ਗਏ ਹਨ ਜਿਵੇਂ 'ਮਸਲਾ ਮੂਸੇ ਪੈਕੰਬਰ ਕਾ' ਅਤੇ 'ਮਸਲਾ ਹਸਨ ਹੁਸੈਨ ਕਾ'। ਜਿਸ ਤੋਂ ਇਹ ਭੁਲੇਖਾ ਪੈਂਦਾ ਹੈ ਕਿ ਮਸਲੇ ਵੀ ਗੋਸ਼ਟੀਆਂ ਹਨ ਪਰ ਸਾਨੂੰ ਇਥੇ ਇਨ੍ਹਾਂ ਨੂੰ ਸਪਸ਼ਟ ਕਰ ਦੇਣਾ ਚਾਹੀਦਾ ਹੈ ਕਿ ਮੁਸਲਮਾਨੀ ਧਰਮ ਵਿਚ 'ਮਸਲਾ' ਅੜਾਉਣੀ ਜਾਂ ਗੁਝੰਲ ਦੇ ਅਰਥਾਂ ਵਿਚ ਵਰਤਿਆ ਗਿਆ ਹੈ।[127] ਇਤਿਹਾਸ ਅਤੇ ਧਰਮ-ਸਿਧਾਂਤਾ ਸੰਬੰਧੀ ਪੈਦਾ ਹੋਈ ਗੁੰਝਲ ਅਤੇ ਉਸਦਾ ਸਮਾਧਾਨ ਜਿਸ ਸਾਹਿਤ ਰੂਪ ਵਿਚ ਬਿਆਨ ਕੀਤਾ ਗਿਆ ਹੋਵੇ ਉਸ ਨੂੰ 'ਮਸਲਾ' ਕਿਹਾ ਜਾਂਦਾ ਹੈ। ਇਸਲਾਮੀ ਸਾਹਿਤ ਵਿਚ ਇਸਲਾਮ ਧਰਮ ਦੀ ਵਿਆਖਿਆ ਨਾਲ ਸੰਬੰਧਿਤ ਲਿਖਤਾਂ ਮਸਲਿਆਂ ਦੇ ਰੂਪ ਵਿਚ ਵਧੇਰੇ ਮਿਲਦੀਆਂ ਹਨ। ਇਸ ਤਰ੍ਹਾਂ ਇਸਲਾਮੀ ਸਾਹਿਤ ਵਿਚ ਮਸਲੇ 'ਦੀਨ' ਦੀਆਂ ਗੁੰਝਲਾਂ ਨੂੰ ਸੁਲਝਾਉਣ ਦਾ ਯਤਨ ਕਰਦੇ ਹਨ। ਜਿਸ ਤਰ੍ਹਾਂ ਸਿੱਖ ਗੁਰੂਆਂ ਦੇ ਜੀਵਨ ਲਈ 'ਸਾਖੀ' ਅਤੇ ਭਗਤਾਂ ਦੀਆਂ ਜੀਵਨੀਆਂ ਲਈ 'ਪਰਚੀ' ਅਤੇ ਹਿੰਦੂ ਮੱਤ ਦੇ ਸੰਪਰਦਾਇ ਸਾਹਿਤ ਲਈ 'ਕਥਾ' ਸ਼ਬਦ ਦੀ ਵਰਤੋਂ ਕਰਦੇ ਹਾਂ ਉਸੇ ਤਰ੍ਹਾਂ ਮੁਸਲਮਾਨੀ ਕਥਾਵਾਂ ਲਈ 'ਮਸਲਾ' ਸ਼ਬਦ ਦੀ ਵਰਤੋਂ ਹੋਈ ਮਿਲਦੀ ਹੈ।

'ਮਸਲਿਆਂ' ਦਾ ਅਸਲ ਉਦੇਸ਼ ਸਾਖੀ ਦੀ ਤਰ੍ਹਾਂ ਹੀ ਕਿਸੇ ਬੁਨਿਆਦੀ ਸਿਧਾਂਤ ਨੂੰ ਸਿੱਧ ਕਰਨਾ ਹੁੰਦਾ ਹੈ ਪਰ ਇਸ ਸਿਧਾਂਤ ਨੂੰ ਸਿੱਧ ਕਰਨ ਲਈ 'ਗੋਸ਼ਟਿ' ਦੀ ਤਰ੍ਹਾਂ, ਤਰਕ ਤੇ ਵਾਦ-ਵਿਵਾਦ ਦਾ ਸਹਾਰਾ ਨਹੀਂ ਲਿਆ ਜਾਂਦਾ ਸਗੋਂ ਕਿਸੇ ਪੀਰ ਪੈਗੰਬਰ ਜਾਂ ਮਹਾਂ ਪੁਰਸ਼ ਦੇ ਸਤ-ਕਰਮਾਂ ਦੇ ਬਿਰਤਾਂਤ ਦੁਆਰਾ ਕਿਸੇ ਸਿਧਾਂਤ ਦੀ ਵਿਆਖਿਆ ਕੀਤੀ ਜਾਂਦੀ ਹੈ।[128] ਮਸਲਿਆਂ ਦੀ ਸ਼ੈਲੀ ਸਾਖੀਆਂ ਦੀ ਤਰ੍ਹਾਂ ਹੀ ਬ੍ਰਿਤਾਂਤਕ ਹੁੰਦੀ ਹੈ ਪਰ ਗੋਸ਼ਟਿ ਦੀ ਸ਼ੈਲੀ ਤਰਕਵਾਦੀ ਅਤੇ ਗੁੰਝਲਦਾਰ ਹੁੰਦੀ ਹੈ। ਵਿਸ਼ੇ ਅਤੇ ਨਿਭਾਅ ਪੱਖ ਤੋਂ ਵੀ ਅਸੀਂ ਮਸਲਿਆਂ ਨੂੰ ਗੋਸ਼ਟਾਂ ਨਹੀਂ ਕਹਿ ਸਕਦੇ। ਇਸ ਤਰ੍ਹਾਂ 'ਮਸਲਾ'

'ਗੋਸ਼ਟਿ' ਦੀ ਤਰ੍ਹਾਂ ਹੁੰਦਿਆਂ ਹੋਇਆ ਵੀ ਪੰਜਾਬੀ ਸਾਹਿਤ ਵਿਚ ਵਿੱਲਖਣ ਸਥਾਨ ਰੱਖਦਾ ਹੈ। ਪੰਜਾਬੀ ਵਿਚ ਹੱਥ ਲਿਖਤਾਂ ਦੇ ਰੂਪ ਵਿਚ ਬਹੁਤ ਸਾਰੇ ਮਸਲੇ ਮਿਲਦੇ ਹਨ ਜਿਵੇਂ ਮਸਲਾ ਆਦਮ ਸਫੀ ਦਾ [129] ਮਸਲਾ ਮੂਸੇ ਪੈਗੰਬਰ ਦਾ, ਮਸਲਾ ਹਸਨ ਹੁਸੈਨ ਦਾ, ਮਸਲੇ ਸ਼ੇਖ ਫਰੀਦ ਅਤੇ ਮਸਲੇ ਹਜ਼ਰਤ ਰਸੂਲ ਦੇ[130]

**ਅਨੁਵਾਦ** : ਮੱਧਕਾਲੀਨ ਪੰਜਾਬੀ ਸਾਹਿਤ ਵਿਚ 'ਸਾਖੀਆਂ', 'ਗੋਸ਼ਟਾਂ', 'ਪਰਚੀਆਂ', ਅਤੇ 'ਬਚਨਾਂ' ਆਦਿ ਮੌਲਿਕ ਸਾਹਿਤ-ਰੂਪਾਂ ਤੋਂ ਬਿਨਾਂ ਇਸ ਦਾ ਭੰਡਾਰ 'ਅਨੁਵਾਦ' ਅਤੇ ਲਿਪੀਅੰਤ੍ਰਿਤ ਕਿਰਤਾਂ ਨਾਲ ਵੀ ਭਰਪੂਰ ਹੈ। ਅਕਬਰ ਦੇ ਸ਼ਾਸਨਕਾਲ ਵੇਲੇ ਧਾਰਮਿਕ ਵਿਚਾਰਾਂ ਦੇ ਆਦਾਨ ਪ੍ਰਦਾਨ ਲਈ ਬਹੁਤ ਸਾਰੀਆਂ ਸੰਸਕ੍ਰਿਤ ਪੁਸਤਕਾਂ ਦੇ ਫਾਰਸੀ ਵਿਚ ਅਤੇ ਫਾਰਸੀ ਦੀਆਂ ਅਧਿਆਤਮਕ ਵਿਚਾਰ ਵਾਲੀਆਂ ਮਹਾਨ ਰਚਨਾਵਾਂ ਦੇ ਅਨੁਵਾਦ ਮੂਲ ਭਾਸ਼ਾ ਤੋਂ ਖੇਤਰੀ ਲੋਕ ਭਾਸ਼ਾ ਵਿਚ ਹੋਣੇ ਆਰੰਭ ਹੋਏ। ਇਸ ਪਰੰਪਰਾ ਤਹਿਤ ਭਾਰਤੀ ਤੇ ਸਾਮੀ ਦੋਹਾਂ ਸੰਸਕ੍ਰਿਤੀਆਂ ਦੇ ਅਨੁਵਾਦ ਗੁਰਮੁਖੀ ਲਿਪੀ ਵਿਚ ਮਿਲਦੇ ਹਨ ਜਿਵੇਂ- ਸਿੰਗਾਸਨ ਬਤੀਸੀ, ਯੋਗ ਵਸ਼ਿਸ਼ਟ, ਗਿਆਨ ਪ੍ਰਬੋਧ ਉਦੇ ਚੰਦ ਦੇ ਨਾਟਕ, (ਇਸ ਦਾ ਪੰਜਾਬੀ ਅਨੁਵਾਦ ਅਮਰ ਸ਼ਹੀਦ ਭਾਈ ਮਨੀ ਸਿੰਘ ਜੀ ਦੁਆਰਾ ਰਚਿਤ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਪੰਨਾ 124-156 ਤੱਕ ਉਪਲਬਧ ਹੈ), ਪਾਰਸ ਭਾਗ ਸੁਮਤਿ ਪ੍ਰਕਾਸ਼, ਆਦਿ। ਇਨ੍ਹਾਂ 'ਅਨੁਵਾਦਾਂ' ਦਾ ਕਾਰਨ ਸ਼ਾਇਦ ਪੰਜਾਬੀਆਂ ਲਈ ਇਕ ਨਵਾਂ ਜੀਵਨ, ਨਵੀਂ ਸੋਚ, ਨਵਾਂ ਪੰਥ, ਤਿਆਰ ਕਰਨ ਦੀ ਲੋਚਾ ਸੀ।

**ਸਾਰ** : ਸਾਰ ਸ਼ਬਦ ਸੰਸਕ੍ਰਿਤ ਦਾ ਹੈ ਅਤੇ ਅੰਗਰੇਜ਼ੀ ਵਿਚ ਇਸਦਾ ਸਮਾਨਾਰਥਕ ਸ਼ਬਦ (Quintessence) ਹੈ। ਇਸ ਦਾ ਅਰਥ ਹੈ : ਤੱਤ ਜਾਂ ਨਿਚੋੜ। ਇਹ ਰਚਨਾ ਦੇ ਮੁਖ ਭਾਵ ਜਾਂ ਕੇਂਦਰੀ ਨੁਕਤੇ ਨੂੰ ਪ੍ਰਗਟ ਕਰਦਾ ਹੈ। ਇਸ ਲਈ ਇਹ ਸੰਖੇਪ ਅਤੇ ਸੰਜਮ ਭਰਪੂਰ ਹੁੰਦਾ ਹੈ। ਪੁਰਾਤਨ ਪੰਜਾਬੀ ਵਾਰਤਕ ਵਿਚ ਗੋਰਖ ਸਾਰ, ਗੀਤਾ ਸਾਰ, ਬਿਬੇਕ ਸਾਰ ਆਦਿ ਲਿਖਤਾਂ ਮਿਲਦੀਆਂ ਹਨ। ਬਿਬੇਕ ਸਾਰ ਪ੍ਰਸ਼ਨੋਤਰੀ ਦੇ ਰੂਪ ਵਿਚ ਹੈ।[131] ਬਿਬੇਕ ਸਾਰ ਦੀ ਉਦਾਹਰਣ ਇਸ ਤਰ੍ਹਾਂ ਹੈ :

ਪ੍ਰਸ਼ਨ : ਸਾਹਿਬ ਤਾਂ ਹਾਜਰੁ ਨਾਜਰੁ ਹੈ। ਅਰਥਾਤ ਡੇਖਣ ਵਾਲਾ ਹੈ। ਹਰਿ ਵਕਤ ਅਤੇ ਸਭ ਹਾਲ ਵਿਚਿ। ਅਰਦਾਸ ਇਸ ਜੀਅ ਦੀ ਕਿਸੇ ਵਾਸਤੇ ਕਬੂਲਿ ਨਹੀਂ ਪਾਉਂਦੀ।

ਉੱਤਰ : ਇਸ ਵਾਸਤੇ ਜੋ ਦਿਲੋਂ ਜੇਹੀ ਕਰੇਂਦਾ ਦ੍ਰਿਸ਼ਟਾਂਤ ਜਿਵੇਂ ਨੀਂਗਰ ਨਿਕੜੇ ਖੇਡਣ ਬੈਠਦੇ ਹੈਨਿ। ਅਗੇ ਮਾਈਆਂ ਆਥਣੇ ਦੇ ਵਕਤ ਕਤਣ ਜੁੜਿ ਕਠੀਆਂ ਮਿਲ ਬੈਠਦੀਆਂ ਹੈਨਿ। ਪਰ ਮਾਈਆਂ ਕੁਝ ਨਹੀਂ ਬੁਲੇਂਦੀਆਂ ਪਰ ਜਿਸ ਵੇਲੇ ਡੁਖਾਵਣਾ ਥੈ ਨੀਂਗਰ ਦੇ ਕੋਲ੍ਹੂੰ ਹਿਕ ਨੀਂਗਰ ਚਿਚਲਾਂਦਾ ਹੈ, ਤਾਂ ਮਾਤਾ ਨੂੰ ਜੁ ਬਿਸਿ ਪਹੁਚਦੀ ਹੈ ਅਤੇ ਕਹਿੰਦੀ ਹੈ ਜੋ ਕੈਂ ਮਾਰਿਆ ਮੈਂਡੇ ਨੀਂਗਰ ਤਾਈਂ। ਤਡਾਂ ਦਿਲਾਸਾਂ ਅਤੇ ਪਿਆਰ ਨਾਲਿ ਨੀਂਗਰ ਆਪਣੇ ਦੇ ਕਰੇਂਦੀ ਹੈ। ਇਸ ਦਾ ਉਤਰ ਬਿਆ ਭੀ ਹੈ। ਵਿਚਿ ਸਾਖ ਦੇ ਆਏ ਸਾਂਈ ਕਹਿਆ ਹੈ। ਜੋ ਇਸ ਨੂੰ ਤਾਂ ਮੈਂ ਡੁਖ ਡੇ ਕੇ ਵਿਚ ਅਰਦਾਸ ਦੇ ਆਂਦੇ ਮੈਂ ਇਸ ਨੂੰ ਕਿਉਂ ਕਰਿ ਅਰਦਾਸ ਕੰਨੂੰ ਦੂਰ ਕਰਾਂ ਇਸ ਵਾਸਤੇ ਨਹੀਂ ਸੁਣੇਦੇ। ਅਤੇ ਭੀ ਸਾਖ ਆਈ ਹੈ। ਏ ਬੰਦੇ ਮੈਨੂੰ ਉਨ੍ਹਾਂ ਦੁਖ ਕਾਂਨੂੰ ਨਸਦਾ ਹੀ। ਜੇਹਰੇ ਦੁਖ ਤੈਨੂੰ ਮੈ ਕੋਲਿ ਆਨਦੇ ਹੈਨਿ। ਉਨ੍ਹਾਂ ਸੁਖਾਂ ਕੋਲ੍ਹੂੰ ਨਸੁ ਜੇਹਰੇ ਸੁਖ ਮੈਂ ਕੋਲ੍ਹੂੰ ਤੈਨੂੰ ਦੂਰ ਕਰੇਂਦੇ ਹੈਨਿ।[132]

ਬਬੇਕ ਸਾਰ ਦੇ ਆਰੰਭ ਵਿਚ ਮੰਗਲਾਚਾਰਨ ਅਤੇ ਸੰਤ ਉਸਤਤੀ ਹੈ, ਇਸ ਦਾ ਵਿਸ਼ਾ ਅਧਿਆਤਮਕ ਚਿੰਤਨ ਵਾਲਾ ਹੈ ਪਰਮਾਤਮਾ, ਜੀਵ ਜਗਤ, ਗੁਰੂ, ਸਦਾਚਾਰ, ਸਾਧ ਸੰਗਤ, ਅਤੇ ਮਨ ਨੂੰ ਕਾਬੂ ਵਿਚ ਰੱਖਣ ਦੇ ਤੌਰ ਤਰੀਕੇ ਰੱਖਣ ਦੇ ਆਦਿ ਵਿਸ਼ਿਆਂ ਤੇ ਵਿਚਾਰ-ਚਰਚਾ ਕੀਤੀ ਗਈ ਹੈ। ਇਸ ਤਰ੍ਹਾਂ ਵਿਸ਼ੇ ਦੇ ਸਰੂਪ ਕਾਰਣ ਇਸ ਦੀ ਸ਼ੈਲੀ ਉਪਦੇਸ਼ਾਤਮਕ, ਗੰਭੀਰ ਅਤੇ ਦਾਰਸ਼ਨਿਕ ਹੈ। ਇਸ ਰਚਨਾ ਨੂੰ ਵੀ ਪੰਜਾਬੀ ਵਾਰਤਕ ਦੀ ਗੋਸ਼ਟਿ ਪਰੰਪਰਾ ਦਾ ਇਕ ਸਰਬ ਉੱਤਮ ਨਮੂਨਾ ਮੰਨਿਆਂ ਜਾ ਸਕਦਾ ਹੈ।

**ਉਥਾਨਿਕਾਵਾਂ**: ਪੁਰਾਤਨ ਪੰਜਾਬੀ ਵਾਰਤਕ ਦੀ ਇਸ ਵੰਨਗੀ ਦਾ ਸੰਬੰਧ ਗੁਰਬਾਣੀ ਨਾਲ ਹੈ। ਇਹ ਪਰਮਾਰਥਾਂ ਜਾਂ ਟੀਕਿਆਂ ਤੋਂ ਵਖ ਕਿਸਮ ਦੀ ਰਚਨਾ-ਵਿਧਾ ਹੈ। ਇਸ ਵਿਚ ਉਸ ਪਿਛੋਕੜ ਨੂੰ ਚਿਤਰਿਆ ਜਾਂਦਾ ਹੈ ਜਿਸ ਵਿਚ ਕਿਸੇ ਖਾਸ ਬਾਣੀ ਜਾਂ ਸ਼ਬਦ ਦਾ ਗੁਰੂ ਸਾਹਿਬ ਨੇ ਉੱਚਾਰਣ ਕੀਤਾ ਹੋਵੇ। ਇਹ ਉਥਾਨਿਕਾਵਾਂ ਗੁਰਬਾਣੀ ਦੇ ਸ਼ਬਦਾਂ ਦੀ ਵਿਅਖਿਆ ਕਰਨ ਸਮੇਂ ਭੂਮਿਕਾ ਦੇ ਤੌਰ ਤੇ

ਵਰਤੀਆਂ ਜਾਣ ਲੱਗੀਆਂ। ਇਨ੍ਹਾਂ ਰਾਹੀਂ ਇਕ ਤਾਂ ਸ਼ਬਦਾਂ ਦੇ ਉਚਾਰਨ ਸਮੇਂ ਦਾ ਗਿਆਨ ਮਿਲਦਾ ਹੈ, ਦੂਜੇ ਇਹ ਵੀ ਪਤਾ ਲੱਗਦਾ ਹੈ ਕਿ ਇਹ ਸ਼ਬਦ ਕਿਸ ਪ੍ਰਥਾਇ ਲਈ ਉਚਾਰਨ ਕੀਤੇ ਗਏ ਹਨ। ਇਸ ਵੰਨਗੀ ਦਾ ਜਨਮ ਵੀ ਜਨਮਸਾਖੀ ਸਾਹਿਤ ਤੋਂ ਹੁੰਦਾ ਹੈ।

ਜਨਮ ਸਾਖੀਆਂ ਦਾ ਜੇ ਧਿਆਨ ਪੂਰਵਕ ਅਧਿਐਨ ਕਰੀਏ ਤਾਂ ਬਹੁਤ ਸਾਰੀਆਂ ਸਾਖੀਆਂ ਸ਼ਬਦਾਂ ਦੀਆਂ ਉਥਾਨਿਕਾਵਾਂ (Settings) ਹੀ ਪ੍ਰਤੀਤ ਹੁੰਦੀਆਂ ਹਨ। ਪਰੰਤੂ ਉਥੇ ਸਾਰੀਆਂ ਉਥਾਨਿਕਾਵਾਂ ਜਨਮਸਾਖੀ-ਕ੍ਰਮ ਵਿਚ ਆਈਆਂ ਹਨ, ਇਸ ਲਈ ਉਨ੍ਹਾਂ ਨੂੰ ਸਾਖੀਆਂ ਕਹਿਣਾ ਉਚਿਤ ਹੋਵੇਗਾ। ਅਠਾਰਵੀਂ ਸਦੀ ਵਿਚ ਜਨਮ ਸਾਖੀਆਂ ਵਾਲੀ ਸਾਰਣੀ ਤੋਂ ਹਟ ਕੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨਾਲ ਸੰਬੰਧਿਤ ਕੁਝ ਕੁ ਉਥਾਨਿਕਾਵਾਂ ਉਪਲਬਧ ਹਨ, ਜਿਨ੍ਹਾਂ ਦਾ ਅਜੇ ਪ੍ਰਕਾਸ਼ਨ ਨਹੀਂ ਹੋਇਆ। ਇਨ੍ਹਾਂ ਵਿਚ ਇਕ ਭਾਸ਼ਾ ਵਿਭਾਗ ਦੀ ਲਾਇਬ੍ਰੇਰੀ ਵਿਚ, ਦੂਜੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਲਾਇਬ੍ਰੇਰੀ ਵਿਚ ਅਤੇ ਤੀਜੀ ਪ੍ਰੋ. ਨਰੂਲਾ ਪਾਸ ਸੁਰਖਿਅਤ ਹੈ[133] ਭਾਈ ਮਨੀ ਸਿੰਘ ਜੀ ਦੁਆਰਾ ਰਚਿਤ ਜਨਮਸਾਖੀ, ਸ੍ਰੀ ਗੁਰੂ ਨਾਨਕ ਦੇਵ ਜੀ ਵਿਚ, ਭਾਈ ਗੁਰਦਾਸ ਦੁਆਰਾ ਰਚਿਤ ਪਹਿਲੀ ਵਾਰ ਦੀਆਂ ਪਉੜੀਆਂ ਅਤੇ ਕੁਝ ਹੋਰ ਸ਼ਬਦ ਦੀ ਰਚਨਾ ਬਾਰੇ, ਭਾਈ ਮਨੀ ਸਿੰਘ ਨੇ ਇਨ੍ਹਾਂ ਦੇ ਪਿਛੋਕੜ ਬਾਰੇ ਦੱਸਦਿਆਂ ਜੋ ਉਨ੍ਹਾਂ ਦੀ ਵਿਆਖਿਆਂ ਕੀਤੀ ਗਈ ਹੈ ਉਸ ਨੂੰ ਵੀ ਉਥਾਨਿਕਾਵਾਂ ਦੀ ਸ਼੍ਰੇਣੀ ਵਿਚ ਰੱਖਿਆ ਜਾ ਸਕਦਾ ਹੈ।

**ਕਥਾ** : ਜਨਮ ਸਾਖੀਆਂ, ਸਾਖੀਆਂ, ਗੋਸ਼ਟਾਂ ਤੋਂ ਛੁਟ ਮੱਧਕਾਲੀਨ ਪੰਜਾਬੀ ਵਾਰਤਕ ਵਿਚ ਕਥਾ ਦੀ ਪ੍ਰੰਪਰਾ ਮਿਲਦੀ ਹੈ। ਇਹ ਕਥਾਵਾਂ ਇਤਿਹਾਸਕ ਜਾਂ ਮਿਥਿਹਾਸਕ ਹਨ। ਕੁਝ ਕਥਾਵਾਂ ਇਸ ਤਰ੍ਹਾਂ ਪ੍ਰਾਪਤ ਹਨ ਜਿਵੇਂ ਨਿਰੰਕਾਰ ਅਤੇ ਬਿਹੰਗਮ ਕੀ ਕਥਾ, ਨਾਸਕ੍ਰੇਤ ਕੀ ਕਥਾ, ਕਥਾ ਸ੍ਰੀ ਗੋਰਖ ਨਾਥ, ਕਥਾ ਰਾਜਾ ਭਰਥਰੀ, ਕਥਾ ਗੋਪੀ ਚੰਦ, ਕਥਾ ਆਦਿ ਨਿਰੰਜਨ ਪੁਰਖ ਕੀ, ਕਥਾ ਆਦਿ ਰਾਮਾਯਣ ਕੀ, ਕਥਾ ਊਧੋ ਕੀ, ਕਥਾ ਸਿੰਘ ਗਊ ਕੀ ਆਦਿ।[134]

**ਹੁਕਮਨਾਮੇ** : ਹੁਕਮਨਾਮਾ ਫਾਰਸੀ ਮੂਲ ਦਾ ਸ਼ਬਦ ਹੈ ਜਿਸ ਨੂੰ ਪੰਜਾਬੀ ਭਾਸ਼ਾ ਨੇ ਇਸੇ ਰੂਪ ਵਿਚ ਅਪਣਾ ਲਿਆ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ 'ਹੁਕਮਨਾਮੇ' ਦੇ ਸ਼ਬਦੀ ਅਰਥ ਹਨ, 'ਆਗਿਆ

ਪਤ੍ਰ, ਸ਼ਾਹੀ ਫ਼ੁਰਮਾਨ, ਸਤਿਗੁਰੂ ਦਾ ਆਗਿਆ ਪਤ੍ਰ'।[135] ਸ. ਰੂਪ ਸਿੰਘ ਅਨੁਸਾਰ 'ਹੁਕਮਨਾਮਾ' ਸ਼ਬਦ 'ਹੁਕਮ' ਤੇ 'ਨਾਮਾ' ਦਾ ਸੁਮੇਲ ਹੈ। 'ਹੁਕਮ' ਦੇ ਅਰਥ- ਅਗਿਆ, ਫ਼ੁਰਮਾਨ, ਫਤਵਾ, ਪਰਵਾਨਾ, ਅਮਰ, ਸ਼ਬਦ, ਸੂਤ ਆਦਿ ਕੀਤੇ ਮਿਲਦੇ ਹਨ ਅਤੇ ਨਾਮਾ ਦਾ ਅਰਥ ਹੈ-ਨਾਮਹ, ਖਤ, ਪੱਤਰ, ਚਿੱਠੀ; ਲਿਖਿਆ ਹੋਇਆ ਕਾਗਜ਼। ਇਸ ਤਰ੍ਹਾਂ 'ਹੁਕਮਨਾਮਾ' ਲਿਖਿਆ ਹੋਇਆ ਉਹ ਕਾਗਜ਼ ਹੈ, ਜਿਸ ਤੇ 'ਹੁਕਮ' ਲਿਖਿਆ ਹੋਵੇ। ਆਮ ਬੋਲ ਚਾਲ ਦੀ ਭਾਸ਼ਾ ਵਿਚ ਕਹਿ ਸਕਦੇ ਹਾਂ ਕਿ ਹੁਕਮਨਾਮਾ ਉਹ ਲਿਖਤੀ ਆਦੇਸ਼ ਹੈ ਜਿਸ ਨੂੰ ਮੰਨਣਾ ਜ਼ਰੂਰੀ ਹੈ, ਜੋ ਟਾਲਿਆ ਨਾ ਜਾ ਸਕੇ ਜਾਂ ਹੁਕਮ, ਜਿਸ ਦੇ ਲਿਖਤੀ ਸਰੂਪ ਨੂੰ ਨਜ਼ਰ-ਅੰਦਾਜ਼ ਨਾ ਕੀਤਾ ਜਾ ਸਕੇ।[136] ਪ੍ਰੋ. ਹਰਬੰਸ ਸਿੰਘ, 'ਦਾ ਇਨਸਾਈਕਲੋਪੀਡੀਆ ਆਫ ਸਿੱਖਇਜ਼ਮ' ਵਿਚ ਵੀ ਹੁਕਮਨਾਮੇ ਦੇ ਅਜਿਹੇ ਹੀ ਅਰਥਾਂ ਦਾ ਲਖਾਇਕ ਹੈ। ਉਨ੍ਹਾਂ ਅਨੁਸਾਰ 'ਹੁਕਮਨਾਮਾ' ਫਾਰਸੀ ਦੇ ਦੋ ਸ਼ਬਦਾਂ ਦਾ ਸੰਯੁਕਤ ਹੈ, 'ਹੁਕਮ' ਭਾਵ ਆਗਿਆ ਅਤੇ 'ਨਾਮਾ' ਭਾਵ ਪੱਤਰ[137] ਜੋ ਸਿੱਖੀ ਰਵਾਇਤਾਂ ਅਨੁਸਾਰ ਗੁਰੂ ਸਾਹਿਬਾਨ ਵਲੋਂ ਦੇਸ਼ ਦੇ ਵੱਖ-ਵੱਖ ਭਾਗਾਂ ਦੇ ਸਿੱਖਾਂ ਜਾਂ ਸੰਗਤਾਂ ਪ੍ਰਤੀ ਲਿਖੇ ਗਏ ਹੋਣ। ਇਨ੍ਹਾਂ ਅਰਥਾਂ ਤੋਂ ਸਪਸ਼ਟ ਹੈ ਕਿ ਸਤਿਗੁਰਾਂ ਦਾ ਅਜਿਹਾ ਆਗਿਆ ਪੱਤਰ ਹੈ ਜੋ ਕਿਸੇ ਖਾਸ ਵਿਅਕਤੀ ਜਾਂ ਕਿਸੇ ਖਾਸ ਇਲਾਕੇ ਦੀ ਸੰਗਤ ਦੇ ਨਾਮ ਲਿਖਿਆ ਹੁੰਦਾ ਸੀ ਜਿਸ ਦੁਆਰਾ ਕੋਈ ਖਾਸ ਸੂਚਨਾ, ਉਪਦੇਸ਼ ਜਾਂ ਹੁਕਮ ਭੇਜਿਆ ਜਾਂਦਾ ਸੀ।

ਹੁਕਮਨਾਮਿਆਂ ਦਾ ਇਤਿਹਾਸ ਭਾਵੇਂ ਕਈ ਸਦੀਆਂ ਪੁਰਾਣਾ ਹੈ ਪਰੰਤੂ ਫਿਰ ਵੀ ਆਮ ਲੋਕਾਂ ਲਈ 'ਹੁਕਮਨਾਮਾ' ਉਹ ਹੀ ਹੁੰਦਾ ਹੈ ਜੋ ਹਰ ਅਰਦਾਸ ਤੋਂ ਬਾਅਦ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼/ਸੰਤੋਖਣ ਵੇਲੇ ਲਿਆ ਜਾਂਦਾ ਹੈ। ਇਸ ਮਤ ਬਾਰੇ ਸ. ਰੂਪ ਸਿੰਘ ਦਾ ਕਹਿਣਾ ਹੈ ਕਿ 'ਅਜ ਕਲ੍ਹ ਕੁਝ ਵਿਦਵਾਨ ਵਿਚਾਰ ਪ੍ਰਗਟ ਕਰ ਰਹੇ ਹਨ ਕਿ 'ਹੁਕਮਨਾਮਾ' ਕੇਵਲ ਗੁਰੂ ਗ੍ਰੰਥ ਸਾਹਿਬ ਜੀ ਦਾ ਹੀ ਹੋ ਸਕਦਾ ਹੈ। ਇਹ ਠੀਕ ਹੈ ਕਿ ਸਿੱਖ ਵਿਚਾਰਧਾਰਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕਰਨ ਜਾਂ ਦੀਵਾਨ ਦੀ ਸਮਾਪਤੀ ਉਪਰੰਤ ਜੋ ਵਾਕ ਲਿਆ ਜਾਂਦਾ ਹੈ ਉਸ ਨੂੰ ਹੁਕਮ ਕਿਹਾ ਜਾਂਦਾ ਹੈ। 'ਇਸ ਸ਼ਬਦ ਨੂੰ ਸਿੱਖ ਸੰਗਤ ਸਤਿਗੁਰ ਦਾ 'ਹੁਕਮ' ਮੰਨ ਕੇ ਅੰਗੀਕਾਰ ਕਰਦੀ ਹੈ। ਇਸੇ ਸੰਦਰਭ ਵਿਚ ਆਪ

ਲਿਖਦੇ ਹਨ ਕਿ, 'ਗੁਰੂ ਸਾਹਿਬਾਨ ਤੇ ਗੁਰੂ ਪੰਥ ਵਲੋਂ ਸਮੇਂ ਸਮੇਂ ਜਾਰੀ ਕੀਤੇ ਹੁਕਮਨਾਮਿਆਂ ਨੂੰ ਮਿਲਾਉਣਾ ਜਾਂ ਤੁਲਣਾ ਕਰਨੀ, ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਹੈ।[138]

ਅਠਾਰਵੀ ਸਦੀ ਦੇ ਸਮੇਂ ਦੌਰਾਨ ਸਿੱਖਾਂ ਨੂੰ ਜਿਸ ਔਖੇ ਤੇ ਬਿਖੜੇ ਹਾਲਾਤ ਵਿਚੋਂ ਦੀ ਲੰਘਣਾ ਪਿਆ, ਅਜਿਹੇ ਜੋਖਮ ਦੇ ਸਮੇਂ ਵਿਚ ਗੁਰੂ ਸਾਹਿਬਾਨ ਦੀਆਂ ਦੁਰਲਭ ਵਸਤਾਂ ਜਿਵੇਂ ਕਿ ਹੁਕਮਨਾਮੇ, ਸ਼ਸਤਰ, ਲਿਖਤਾਂ ਅਤੇ ਯਾਦਗਾਰਾਂ ਨੂੰ ਸੰਭਾਲਨ ਦਾ ਕੰਮ ਬਹੁਤ ਕਠਨ ਸੀ। ਪਰ ਫਿਰ ਵੀ ਸਿੱਖਾਂ ਦੇ ਮਨਾਂ ਵਿਚ ਗੁਰੂ ਸਾਹਿਬਾਨ ਪ੍ਰਤੀ ਪਿਆਰ ਤੇ ਸਤਿਕਾਰ ਦੀ ਭਾਵਨਾ ਸਦਕਾ ਜਿੰਨਾ ਹੋ ਸਕਿਆ ਇਨ੍ਹਾਂ ਦੁਰਲਭ ਵਸਤਾਂ ਨੂੰ ਬਚਾ ਲਿਆ ਹੈ। ਭਾਵੇਂ ਕਿ ਸਮੇਂ ਦੇ ਬਦਲਣ ਨਾਲ, ਮਾੜਾ ਸਿੱਟਾ ਇਹ ਵੀ ਸਾਹਮਣੇ ਆਇਆ ਕਿ ਕੁਝ ਸੁਆਰਥੀ, ਸ਼ਰਾਰਤੀ ਅਤੇ ਪਾਖੰਡੀ ਲੋਕਾਂ ਨੇ ਨਕਲੀ ਯਾਦਗਾਰਾਂ ਅਤੇ ਹੁਕਮਨਾਮੇ ਪ੍ਰਚਲਿਤ ਕਰਕੇ ਸ਼ਰਧਾਵਾਨ ਸਿੱਖਾਂ ਪਾਸੋਂ ਭੇਟਾ ਇਕੱਤਰ ਕਰਨੀ ਆਰੰਭ ਕਰ ਦਿੱਤੀ। ਸਮੇ ਦੀ ਗਰਦਸ਼ ਅਤੇ ਸਮੇਂ ਦੇ ਇਤਿਹਾਸ ਦੀ ਅਣਹੋਂਦ ਕਾਰਨ ਇਨ੍ਹਾਂ ਵਿਚ ਨਿਖੇੜਾ ਕਰਨਾ ਅਸੰਭਵ ਜਾਪਦਾ ਹੈ, ਜੇਕਰ ਅਜਿਹੇ ਉਪਰਾਲੇ ਕੀਤੇ ਵੀ ਗਏ ਹਨ ਤਾਂ ਕੁਝ ਸ਼ਰਧਾਲੂਆਂ ਦੀ ਅੰਨੀ ਸ਼ਰਧਾ ਕਾਰਨ ਉਨ੍ਹਾਂ ਦੀ ਨਰਾਜ਼ਗੀ ਦਾ ਸਾਹਮਣਾ ਵੀ ਕਰਨਾ ਪਿਆ। ਇਸ ਗੱਲ ਦਾ ਤਾਜ਼ਾ ਪ੍ਰਮਾਣ ਹਜ਼ੂਰ ਸਾਹਿਬ (ਨਾਂਦੇੜ) ਵਿਖੇ ਨਿਭਾਈ ਜਾ ਰਹੀ ਮਰਯਾਦਾ ਤੋਂ ਸਪਸ਼ਟ ਹੋ ਜਾਂਦਾ ਹੈ।

ਇਸ ਤਰ੍ਹਾਂ ਮੱਧਕਾਲੀਨ ਪੰਜਾਬੀ ਸਾਹਿਤ ਵਿਚ ਗੋਸ਼ਟਾਂ ਤੋਂ ਇਲਾਵਾਂ ਹੋਰ ਵੀ ਬਹੁਤ ਸਾਰੀਆਂ ਵਾਰਤਕ ਵੰਨਗੀਆਂ ਮਿਲਦੀਆਂ ਹਨ ਜੋ ਉਸ ਸਮੇਂ ਦੇ ਸਾਹਿਤ ਨੂੰ ਸਮਝਣ ਵਿਚ ਵਧੇਰੇ ਸਹਾਈ ਹੁੰਦੀਆਂ ਹਨ। ਇਨ੍ਹਾਂ ਵਾਰਤਕ ਰੂਪਾਂ ਦਾ ਜਨਮ 16 ਵੀਂ ਸਦੀ ਦੇ ਆਖ਼ੀਰ ਤੋਂ ਲੈ ਕੇ ਅਠਾਰਵੀਂ ਸਦੀ ਤਕ ਫੈਲਿਆਂ ਹੋਇਆ ਹੈ। ਇਸ ਸਮੇ ਦੌਰਾਨ ਪੰਜਾਬੀ ਵਾਰਤਕ ਦੀਆਂ ਉਪਰੋਕਤ ਵਿਚਾਰੀਆਂ, ਅਨੇਕਾਂ ਵਾਰਤਕ ਵੰਨਗੀਆਂ ਸਾਹਮਣੇ ਆਉਂਦੀਆਂ ਹਨ। ਇਨ੍ਹਾਂ ਸਾਰੀਆਂ ਵਾਰਤਕ ਵੰਨਗੀਆਂ ਦਾ ਮੁੱਖ ਆਧਾਰ ਜਨਮ ਸਾਖੀਆਂ 'ਤੇ ਅਧਾਰਿਤ ਹੈ। ਇਹ ਵੰਨਗੀਆਂ ਮੁੱਖ ਤੌਰ ਤੇ 'ਭਾਈ ਬਾਲੇ ਵਾਲੀ ਜਨਮਸਾਖੀ', 'ਪੁਰਾਤਨ ਜਨਮਸਾਖੀ' ਅਤੇ 'ਭਾਈ ਮਨੀ ਸਿੰਘ ਜੀ ਵਾਲੀ ਜਨਮਸਾਖੀ' ਤੇ ਅਧਾਰਿਤ ਹਨ, ਅਸਲ ਵਿਚ ਇਹ ਵਾਰਤਕ ਵੰਨਗੀਆਂ ਉਚੇ ਅਧਿਆਤਮਿਕ, ਅਨੁਭਵ ਵਾਲੇ ਮਹਾਂਪੁਰਸ਼ਾਂ ਦਾ

ਅਜਿਹਾ ਜੀਵਨ ਬਿਰਤਾਂਤ ਹੈ, ਜਿਸ ਵਿਚ ਉਨ੍ਹਾਂ ਦੇ ਜੀਵਨ ਵਿਚ ਵਾਪਰੀਆਂ ਘਟਨਾਵਾਂ, ਉਨ੍ਹਾਂ ਦੇ ਬਚਨਾਂ ਅਤੇ ਸਿੱਖਿਆਂ ਨਾਲ ਜੁੜ ਕੇ ਪੇਸ਼ ਹੁੰਦੀਆਂ ਹਨ। ਇਨ੍ਹਾਂ ਸਾਰੀਆਂ ਵਾਰਤਕ ਵੰਨਗੀਆਂ ਵਿਚ ਅਧਿਆਤਮਿਕ ਮਨੋ ਬਿਰਤੀ ਪ੍ਰਬਲ ਹੈ। ਸ਼ਰਧਾਲੂਆਂ ਨੇ ਨਾ ਕੇਵਲ ਇਨ੍ਹਾਂ ਨਾਇਕਾ ਜਾਂ ਮਹਾਂ ਪੁਰਸ਼ਾਂ ਦੇ ਜੀਵਨ ਚਰਿੱਤਰ ਹੀ ਪ੍ਰਸਤੁਤ ਕੀਤੇ ਹਨ ਸਗੋਂ ਕਲਾਤਮਿਕ ਵਾਰਤਕ ਵਿਚ ਤੱਤਕਾਲੀਨ ਯੁੱਗ ਦੀਆਂ ਪ੍ਰਸਥਿਤੀਆਂ ਨੂੰ ਵੀ ਪ੍ਰਤੀਬਿੰਬਤ ਕੀਤਾ ਹੈ।

**ਗੋਸ਼ਟਾਂ ਦਾ ਰਚਨ ਕਾਲ** : ਮੱਧਕਾਲੀ ਸਾਹਿਤ ਦੀਆਂ ਵਾਰਤਕ ਵੰਨਗੀਆਂ ਬਾਰੇ ਇਸ ਸੱਮਸਿਆ ਨੂੰ ਵਿਚਾਰਨਾ ਮੁਨਾਸਿਬ ਹੋਵੇਗਾ ਕਿ ਇਹ 'ਗੋਸ਼ਟਾਂ' ਕਦੋਂ ਅਤੇ ਕਿਵੇਂ ਰਚੀਆਂ ਗਈਆਂ। ਕਿਉਂਕਿ ਗੋਸ਼ਟਾਂ ਦੇ ਰਚਨਕਾਲ ਬਾਰੇ ਬਹੁਤ ਸਾਰੇ ਵਿਦਵਾਨਾਂ ਵਿਚ ਆਪਸੀ ਮਤਭੇਦ ਹਨ। ਇਸ ਦਾ ਮੁੱਖ ਕਾਰਨ ਇਹ ਹੈ ਕਿ ਬਹੁਤ ਸਾਰੀ ਮੱਧਕਾਲੀਨ ਸਾਹਿਤਕ ਰਚਨਾਵਾਂ ਵਿਚ ਰਚਨਾਕਾਰ ਨੇ ਆਪਣਾ ਨਾਂ, ਥਾਂ, ਅਤੇ ਹੋਰ ਵੇਰਵਾ ਨਹੀਂ ਦਿੱਤਾ ਹੁੰਦਾ, ਜਿਸ ਕਾਰਨ ਇਨ੍ਹਾਂ ਦੇ ਰਚਨਕਾਲ ਦਾ ਨਿਰਣਾ ਲੈਣਾ ਔਖਾ ਹੋ ਜਾਂਦਾ ਹੈ। 'ਜਨਮਸਾਖੀ' ਸਾਹਿਤ ਬਾਰੇ ਵੀ ਬਹੁਤ ਸਾਰੇ ਵਿਦਵਾਨਾਂ ਵਿਚ ਮਤ ਭੇਦ ਹਨ। ਜਿਵੇਂ ਭਾਈ ਬਾਲੇ ਵਾਲੀ ਜਨਮਸਾਖੀ ਦੇ ਸ਼ੁਰੂ ਵਿਚ ਇਸ ਤਰ੍ਹਾਂ ਦੇ ਵਿਚਾਰ ਮਿਲਦੇ ਹਨ :

> 'ਸੰਮਤ 1582 ਪਦਰਾਂ ਸੈ ਬਯਾਸੀ ਵੈਸਾਖ ਸੁਦੀ, ਪੋਥੀ ਲਿਖੀ ਪੈੜੇ ਮੋਖੇ ਸੁਲਤਾਨ ਪੁਰ ਦੇ ਖਤਰੇਟੇ, ਗੁਰੂ ਅੰਗਦ ਜੀ ਲਿਖਾਈ ਪੈੜੇ ਲਿਖੀ ਮੁਖਸਤ ਬਾਲੇ ਸੰਧੂ ਜਟੇਟੇ ਕੀ।

ਬਹੁਤ ਸਾਰੇ ਵਿਦਵਾਨ ਇਸ ਜਨਮਸਾਖੀ ਨੂੰ ਪਹਿਲੀ ਜਨਮ ਸਾਖੀ ਮੰਨਦੇ ਹਨ ਪਰ ਕੁਝ ਵਿਦਵਾਨਾਂ ਦੀ ਰਾਇ ਹੈ ਕਿ ਬਾਲਾ ਇਕ ਕਪੋਲ ਕਲਪਨਾ ਹੈ ਅਤੇ ਇਹ ਜਨਮਸਾਖੀ 1712 ਈਸਵੀਂ ਤੋਂ ਪਿਛੋਂ ਦੀ ਰਚਨਾ ਹੈ, ਭਾਵ ਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ ਦੀ।[139]

ਡਾ. ਪਿਆਰ ਸਿੰਘ ਦਾ ਵਿਚਾਰ ਇਹ ਹੈ ਕਿ, 'ਪੰਜਾਬੀ ਗੱਦ ਲੇਖਕ (ਵਿਸ਼ੇਸ਼ ਕਰਕੇ ਜਨਮਸਾਖੀਆਂ ਦਾ ਲੇਖਕ) ਪਹਿਲੀਆਂ ਮਿਲਦੀਆਂ ਰਚਨਾਵਾਂ ਵਿਚ ਬਹੁਤ ਸਾਰੀ ਅਦਲਾ-ਬਦਲੀ

ਕਰ ਲੈਂਦੇ ਹਨ ਅਤੇ ਕਈ ਪ੍ਰਸੰਗ ਸ਼ਰਧਾ ਭਾਵਨਾ ਅਧੀਨ ਹੋਰ ਜੋੜ ਲੈਂਦੇ ਹਨ। ਅਜਿਹਾ ਕਰਨਾ ਕੋਈ ਸਾਹਿਤਕ ਚੋਰੀ ਜਾਂ ਹੇਰਾ ਫੇਰੀ ਨਹੀਂ ਸਮਝੀ ਜਾਂਦੀ ਸੀ ਸਗੋਂ ਇਹ ਸਭ ਸ਼ਰਧਾ ਭਾਵਨਾ ਅਧੀਨ ਕੀਤਾ ਜਾਂਦਾ ਸੀ।[140] ਇਹੀ ਕਾਰਣ ਹੈ ਕਿ ਸਾਨੂੰ ਰਚਨਾਕਾਲ ਦੇ ਸਹੀ ਨਿਰਣੈ ਦਾ ਅਨੁਮਾਨ ਲਗਾਉਣਾ ਔਖਾ ਹੁੰਦਾ ਹੈ। ਇਸ ਗੱਲ ਵਿਚ ਵੀ ਕਠਿਨਾਈ ਆਉਂਦੀ ਹੈ ਕਿ ਇਨ੍ਹਾਂ ਵਿਚ ਕਿਹੜੇ-ਕਿਹੜੇ ਸਮੇਂ ਤੋਂ ਰਲਾ ਪੈਂਦਾ ਗਿਆ ਪਰੰਤੂ ਫਿਰ ਵੀ ਅਸੀਂ ਇਸ ਮੱਧਕਾਲੀ ਸਾਹਿਤ ਖਾਸ ਕਰਕੇ 'ਗੋਸ਼ਟਾਂ' ਅਤੇ 'ਜਨਮਸਾਖੀ' ਸਾਹਿਤ ਅਤੇ ਤੱਤਕਾਲੀ ਇਤਿਹਾਸਕ ਤੱਥਾਂ ਦੇ ਆਧਾਰ 'ਤੇ ਇਨ੍ਹਾਂ ਦੇ ਰਚਨਕਾਲ ਦਾ ਪਤਾ ਕਰਨ ਦਾ ਉਪਰਾਲਾ ਕਰਦੇ ਹਾਂ। ਪੰਜਾਬੀ ਵਾਰਤਕ ਦੀ ਗੋਸ਼ਟਿ ਪਰੰਪਰਾ ਦਾ ਆਰੰਭ ਨਾਥ ਜੋਗੀਆਂ ਦੀਆਂ ਗੋਸ਼ਟਾਂ ਤੋਂ ਸ਼ੁਰੂ ਹੁੰਦਾ ਹੈ। ਇਹ ਗੋਸ਼ਟਾਂ ਅਪਭ੍ਰੰਸ਼ ਵਿਚ ਮਿਲਦੀਆਂ ਹਨ। ਡਾ. ਮੋਹਨ ਸਿੰਘ ਦੀ ਖੋਜ ਅਨੁਸਾਰ ਇਨ੍ਹਾਂ ਗੋਸ਼ਟਾਂ ਦੀ ਗਿਣਤੀ ਬੇਸ਼ੁਮਾਰ ਸੀ ਪਰੰਤੂ 'ਗੋਰਖ ਗੋਸ਼ਟਿ' ਅਤੇ 'ਰਤਨ ਮਛੰਦਰ ਗੋਸ਼ਟਿ' ਨੂੰ ਉਹ ਪ੍ਰਮਾਣਿਕ ਮੰਨਦੇ ਹਨ।[141]

ਪੰਜਾਬੀ ਵਾਰਤਕ ਦੀ ਗੋਸ਼ਟਿ ਪਰੰਪਰਾ ਦਾ ਦੂਜਾ ਆਧਾਰ ਡਾ. ਤ੍ਰਿਲੋਚਨ ਸਿੰਘ ਬੇਦੀ ਹਨ, ਜਿਨ੍ਹਾਂ ਦੀ ਖੋਜ ਦਾ ਆਧਾਰ ਇਕਾਦਸ਼ੀ ਮਹਾਤਮ ਤੋਂ ਮੰਨਿਆਂ ਜਾ ਸਕਦਾ ਹੈ। ਇਹ ਰਚਨਾ ਤੇਰਵੀਂ-ਚੋਦਵੀਂ ਸਦੀ ਦੀ ਮੰਨੀ ਗਈ ਹੈ, ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ ਤੇਰਵੀਂ-ਚੋਦਵੀਂ ਸਦੀ ਵਿਚ ਪੰਜਾਬੀ ਵਾਰਤਕ ਵਿਚ ਗੋਸ਼ਟਿ ਪਰੰਪਰਾ ਦਾ ਆਰੰਭ ਹੋ ਚੁਕਿਆ ਸੀ। ਪੰਜਾਬੀ ਗੋਸ਼ਟਾਂ ਦੀ ਤੀਜੀ ਪਰੰਪਰਾ ਦਾ ਸੰਬੰਧ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਜਨਮ ਸਾਖੀਆਂ ਤੋਂ ਮੰਨਿਆਂ ਜਾ ਸਕਦਾ ਹੈ ਪਰੰਤੂ ਇਨ੍ਹਾਂ ਗੋਸ਼ਟਾਂ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਸਿਧ ਗੋਸ਼ਟਿ ਵੀ ਮੌਜੂਦ ਹੈ।

ਮੱਧਕਾਲੀ ਪੰਜਾਬੀ ਸਾਹਿਤ ਵਿਚ ਮਿਲਦੀਆਂ ਗੋਸ਼ਟਾਂ ਦੇ ਜਿੰਨੇ ਹੱਥ ਲਿਖਤ ਨਮੂਨੇ ਮਿਲਦੇ ਹਨ ਉਹ ਸਾਰੇ ਸੋਲਵੀਂ ਸਦੀ ਦੇ ਅੰਤ ਜਾਂ ਸਤਾਰਵੀਂ ਸਦੀ ਦੇ ਹਨ। ਗੁਰੂ ਕਾਲ ਦਾ ਇਹ ਸਮਾਂ ਜਨਮ ਸਾਖੀਆਂ ਅਤੇ ਗੋਸ਼ਟਾਂ ਲਈ ਸੁਨਿਹਰੀ ਸਮਾਂ ਸੀ। ਇਸ ਲਈ ਪੰਜਾਬੀ ਦੇ ਬਹੁਤ ਸਾਰੇ ਵਿਦਵਾਨ 'ਗੋਸ਼ਟਾਂ' ਜਾਂ ਜਨਮਸਾਖੀਆਂ' ਦਾ ਆਰੰਭ ਸੋਲਵੀਂ ਸਦੀ ਦੇ ਅਖਰੀਲੇ ਦਹਾਕਿਆਂ ਜਾਂ ਸਤਾਰਵੀਂ ਸਦੀ

ਦੇ ਸ਼ੁਰੂ ਦੀ ਰਚਨਾ ਮੰਨਦੇ ਹਨ। ਪ੍ਰੋ. ਪੂਰਨ ਸਿੰਘ ਦੇ ਇਸ ਬਾਰੇ ਵਿਚਾਰ ਬਹੁਤ ਸਾਰਥਕ ਹੋਏ ਹਨ– 'ਪੰਜਾਬੀ ਦਾ ਸਾਹਿਤਯ ਗੁਰੂ ਨਾਨਕ ਦੇਵ ਜੀ ਦੇ ਮੰਦਰਾਂ ਦੇ ਆਲੇ ਦੁਆਲੇ ਬ੍ਰਿਛਾਂ ਦੀ ਛਾਵਾਂ ਵਿਚ ਪਲਿਆਂ। ਨਸਰ ਉਨ੍ਹਾਂ ਲੋਕਾਂ ਨੇ ਪਹਿਲੀ ਵਾਰ ਲਿਖੀ ਜਿਹਨਾਂ ਦੇ ਹੋਠ ਗੁਰੂ ਸਾਹਿਬ ਦੇ ਪਿਆਰ ਅੰਮ੍ਰਿਤ ਨਾਲ ਸਿੰਚੇ ਗੁਲਾਬ ਦੀਆਂ ਪੱਤੀਆਂ ਵਾਂਗ ਸਿਫਤ ਸਮੀਰ ਨਾਲ ਹਿਲਦੇ ਸਨ'।[142]

ਉਪਰੋਕਤ ਚਰਚਾ ਉਪਰੰਤ ਅਸੀਂ ਭਾਸ਼ਾ ਵਿਭਾਗ ਪਟਿਆਲਾ ਦੁਆਰਾ ਪ੍ਰਕਾਸ਼ਿਤ ਪੁਸਤਕ 'ਗੋਸ਼ਟੀਆਂ' ਦੇ ਆਧਾਰ 'ਤੇ ਪੰਜਾਬੀ ਗੋਸ਼ਟੀਆਂ ਦੇ ਰਚਨਕਾਲ ਬਾਰੇ ਕੁਝ ਹੋਰ ਚਰਚਾ ਕਰਦੇ ਹਾਂ। ਉਪਰੋਕਤ ਪੁਸਤਕ 'ਗੋਸ਼ਟੀਆਂ' ਵਿਚ ਹੇਠ ਲਿਖੀਆਂ ਜੋਗੀਆਂ ਨਾਲ ਸੰਬੰਧਿਤ ਗੋਸ਼ਟਾਂ ਦਰਜ਼ ਹਨ। ਜੋਗੀਆਂ ਨਾਲ ਸੰਬੰਧਿਤ ਗੋਸ਼ਟਾਂ ਜੋ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਦੁਆਰਾ ਪ੍ਰਕਾਸ਼ਿਤ ਪੁਸਤਕ 'ਗੋਸ਼ਟੀਆਂ' ਵਿਚ ਦਰਜ਼ ਹਨ ਜਿਵੇਂ

1. ਗੋਸ਼ਟਿ ਗੋਰਖ ਨਾਥ ਤਥਾ ਖਿੰਥੜੇ ਕੀ (ਪੰਨਾ 1)
2. ਗੋਸ਼ਟਿ ਸ੍ਰੀ ਗੋਪੀਚੰਦ ਕੀ (ਪੰਨਾ 22)
3. ਆਦਿ ਕਥਾ ਰਾਜੇ ਭਰਥਰੀ ਕੀ (ਪੰਨਾ 29)
4. ਗੋਸ਼ਟਿ ਸ਼੍ਰੀ ਗੋਰਖ ਬਿਆਸ ਕੀ (ਪੰਨਾ 55)
5. ਗੋਸ਼ਟਿ ਆਤਮੈ ਪ੍ਰਮਾਤਮੈ ਕੀ ( ਪੰਨਾ 59)
6. ਗੋਸ਼ਟਿ ਗੋਰਖ ਗੁਸਾਈ ਕੀ (ਪੰਨਾ 64)
7. ਗਣੇਸ਼ ਗੋਰਖ ਗੋਸ਼ਟਿ (ਪੰਨਾ 68 )

ਇਨ੍ਹਾਂ ਗੋਸ਼ਟਾਂ ਨੂੰ ਡਾ.ਪਿਆਰ ਸਿੰਘ ਨੇ 17 ਵੀ ਸਦੀ ਦੀ ਰਚਨਾ ਮੰਨਿਆਂ ਹੈ।[143] ਅਤੇ ਲਿਖਣ-ਢੰਗ ਮਿਹਰਬਾਨ ਜੀ ਦੀਆਂ ਰਚਨਾਵਾਂ ਨਾਲ ਮਿਲਦਾ ਦਸਿਆ ਹੈ।[144] ਜੋਗੀਆਂ ਨਾਲ ਸੰਬੰਧਿਤ ਗੋਸ਼ਟਾਂ ਦਾ ਰਚਨਹਾਰ ਅਸੀਂ ਮਿਹਰਬਾਨ ਨੂੰ ਨਹੀਂ ਮੰਨ ਸਕਦੇ ਕਿਉਂਕਿ ਇਨ੍ਹਾਂ ਨਾਲ ਸੰਬੰਧਿਤ ਗੋਸ਼ਟਾਂ ਆਪਣੇ ਮੁਢਲੇ ਰੂਪ ਵਿਚ ਹੀ ਮੌਜੂਦ ਸਨ। ਪਿਆਰਾ ਸਿੰਘ ਪਦਮ ਦਾ ਵਿਚਾਰ ਇਸ ਗੱਲ਼ ਦੀ ਪੁਸ਼ਟੀ ਇਸ ਤਰ੍ਹਾਂ ਕਰਦਾ ਹੈ, 'ਦਰਅਸਲ ਪਹਿਲੇ ਪਹਿਲ ਸਿਧਾਂ ਨਾਥਾਂ ਦੇ ਸੰਵਾਦ ਮਿਲਦੇ ਸਨ ਜਿਹਨਾਂ ਨੂੰ

ਗੋਸ਼ਟਿ ਕਿਹਾ ਜਾਂਦਾ ਸੀ। ਇਨ੍ਹਾਂ ਵਿਚ ਸਿਧਾਂਤਕ ਨੁਕਤਿਆਂ ਤੋਂ ਇਲਾਵਾਂ ਹੋਰ ਕੋਈ ਵਿਸਥਾਰ ਘਟ ਹੀ ਹੁੰਦਾ ਸੀ। ਪਰੰਤੂ ਪਿਛੋਂ ਜਾ ਕੇ ਗੋਸ਼ਟਾਂ ਵਿਚ ਪ੍ਰਸੰਗਾਂ ਦੇ ਵਿਸਥਾਰ ਵੀ ਪਾਏ ਜਾਣ ਲਗ ਪਏ।[145]

ਡਾ. ਮੋਹਨ ਸਿੰਘ ਦੀਵਾਨਾ ਅਨੁਸਾਰ ਪ੍ਰਾਣ ਸੰਗਲੀ ਗੁਰੂ ਨਾਨਕ ਦੇਵ ਜੀ ਦੀ ਰਚਨਾ ਹੈ।[146] ਸੰਤ ਸੰਪੂਰਣ ਸਿੰਘ ਦਾ ਵੀ ਇਹ ਹੀ ਮਤ ਹੈ। ਜੇ ਇਸ ਮਤ ਨੂੰ ਸਵੀਕਾਰ ਕਰ ਲਿਆ ਜਾਵੇ ਤਾਂ ਪ੍ਰਾਣ ਸੰਗਲੀ 1604 ਈ. ਤੋਂ ਪਹਿਲਾਂ ਦੀ ਰਚਨਾ ਹੋ ਨਿਬੜਦੀ ਹੈ। ਗੁਰੂ ਨਾਨਕ ਦੇਵ ਜੀ ਦੇ ਸੰਗਲਾ ਦੀਪ ਜਾਣ ਦਾ ਸਮਾਂ 1570 ਬਿਕ੍ਰਮੀ ਅਰਥਾਤ 1513 ਈ. ਮੰਨਿਆ ਗਿਆ ਹੈ।[147]

ਸੰਤ ਸੰਪੂਰਣ ਸਿੰਘ ਦੇ ਕਥਨ ਅਨੁਸਾਰ ‘ਜਬ ਸ੍ਰੀ ਪ੍ਰਾਣ ਸੰਗਲੀ ਕਾ ਉਚਾਰ ਅਰ ਸੰਗਰਹਿ ਪੂਰਣ ਰੂਪ ਮੇਂ ਤਿਆਰ ਹੋ ਲੀਆ ਤੋਂ ਉਸ ਸਮੇਂ ਸੰਮਤ ਬਿਕਰਮੀ 1574 ਕਾ ਆਰੰਭ ਹੋ ਚੁਕਾ ਥਾ।[148] ਜੇ ਸੰਤ ਸੰਪੂਰਣ ਸਿਘ ਦੇ ਇਨ੍ਹਾਂ ਵਿਚਾਰਾਂ ਨੂੰ ਸਹੀ ਮੰਨ ਲਿਆ ਜਾਵੇ ਤਾਂ ਪ੍ਰਾਣ ਸੰਗਲੀ 1513 ਈ. ਤੋਂ 1517 ਈ. ਤਕ ਦੀ ਰਚਨਾ ਮੰਨੀ ਜਾ ਸਕਦੀ ਹੈ। ਇਹ ਵਿਚਾਰ ਉਨ੍ਹਾਂ ਲੋਕਾਂ ਦਾ ਹੈ ਜੋ ਪ੍ਰਾਣ ਸੰਗਲੀ ਨੂੰ ਗੁਰੂ ਨਾਨਕ ਦੇਵ ਜੀ ਦੀ ਕ੍ਰਿਤ ਮੰਨਦੇ ਹਨ।

ਇਸ ਤਰ੍ਹਾਂ ਡਾ. ਰਤਨ ਸਿੰਘ ਜੱਗੀ ਪ੍ਰਾਣ ਸੰਗਲੀ ਨੂੰ ਗੁਰੂ ਹਰਗੋਬਿੰਦ ਜੀ ਤੋਂ ਪਿਛੋਂ ਦੀ ਰਚਨਾ ਮੰਨਦੇ ਹਨ। ਉਨ੍ਹਾਂ ਅਨੁਸਾਰ ਪ੍ਰਾਣ ਸੰਗਲੀ ਦਾ ਗੁਰੂ ਅਰਜਨ ਦੇਵ ਜੀ ਦੁਆਰਾ ਮੰਗਵਾਇਆ ਜਾਣਾ ਇਕ ਕਲਪਨਾ ਵੀ ਹੋ ਸਕਦਾ ਹੈ। ਇਹ ਪ੍ਰਾਣ ਸੰਗਲੀ ਗੁਰੂ ਹਰਿ ਰਾਇ ਜੀ ਦੇ ਸਮੇਂ ਦੀ ਸਿੱਧ ਹੁੰਦੀ ਹੈ।[149] ਪਰੰਤੂ ਡਾ. ਸਾਹਿਬ ਆਪ ਵੀ ਇਹ ਗੱਲ ਮੰਨਦੇ ਹਨ ਕਿ ਪ੍ਰਾਣ ਸੰਗਲੀ ਵਿਚ ਵਾਧੇ ਹੁੰਦੇ ਰਹੇ ਹਨ ਅਤੇ ਇਕ ਹੋਰ ਮਤ ਵੀ ਉਨ੍ਹਾਂ ਦੇ ਇਸ ਮਤ ਨੂੰ ਅਸਵੀਕਾਰ ਕਰਦਾ ਹੈ ਕਿ ਪ੍ਰਾਣ ਸੰਗਲੀ ਦੇ ਲਿਖੇ ਜਾਣ ਦਾ ਜ਼ਿਕਰ ਪੁਰਾਤਨ ਜਨਮਸਾਖੀ ਵਿਚ ਵੀ ਆਇਆ ਹੈ:

> ‘ਤਿਤ ਮਹਿਲ ਗੁਹਜੀ ਬਾਣੀ ਪਰਗਾਸ ਹੋਈ। ਸ੍ਰੀ ਸਤਿਗੁਰੂ ਪ੍ਰਸਾਦਿ।। ਲਿਖਤੰ ਪ੍ਰਾਣ ਸੰਗਲੀ, ਸੁਨ ਮਹਲ ਕੀ ਕਥਾ, ਨਿਰੰਕਾਰ ਕਾ ਧਿਆਨੁ, ਗੁਹਜੀ ਬਾਣੀ, ਬਾਬੇ ਕਾ ਬੋਲਣਾ: ਪ੍ਰਾਨ ਪਿੰਡ ਕਾ ਮਾਥੰਤ, ਤਦਹੁੰ ਬਾਬਾ ਪਉਣੁ ਅਹਾਰ ਕਰਦਾ ਥਾ। ਸਮੁੰਦ੍ਰ ਕੇ ਪਾਰਿ ਹੋਈ। ਸਿੰਘਲਾਦੀਪ ਰਾਜੇ

ਸਿਉਨਾਭ ਕੀ ਧਰਤੀ ਹੋਈ। ਤਦਹੁੰ ਨਾਲ ਸੈਦੋ ਅਤੈ ਸੀਹੋਂ ਥੇ ਸਿਖ, ਤਬ ਪ੍ਰਾਣ ਸੰਗਲੀ ਹੋਈ।[150]

ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਹੇਠ ਲਿਖੀਆਂ ਸਾਖੀਆਂ ਹੀ ਪ੍ਰਮੁਖ ਮੰਨੀਆਂ ਗਈਆਂ ਹਨ–1 ਭਾਈ ਬਾਲੇ ਵਾਲੀ ਜਨਮਸਾਖੀ, 2 ਪੁਰਾਤਨ ਜਨਮਸਾਖੀ, 3 ਸ਼ੰਭੂ ਨਾਥ ਵਾਲੀ ਜਨਮ ਪਤ੍ਰੀ ਜਾਂ ਆਦਿ ਸਾਖੀਆਂ, 4 ਮਿਹਰਬਾਨ ਵਾਲੀ ਜਨਮਸਾਖੀ, 5 ਭਾਈ ਮਨੀ ਸਿੰਘ ਵਾਲੀ ਜਨਮ ਸਾਖੀ। ਪੁਰਾਤਨ ਜਨਮਸਾਖੀ ਦੇ ਰਚੇ ਜਾਣ ਦਾ ਸਮਾਂ ਭਾਈ ਵੀਰ ਸਿੰਘ ਅਤੇ ਕਰਮ ਸਿੰਘ ਹਿਸਟੋਰੀਅਨ ਅਨੁਸਾਰ 1635 ਈ. ਹੈ।[151] ਡਾ. ਪਿਆਰ ਸਿੰਘ ਅਤੇ ਭਾਈ ਵੀਰ ਸਿੰਘ ਆਦਿ ਦਾ ਇਹ ਕਹਿਣਾ ਹੈ ਕਿ ਪੁਰਾਤਨ ਜਨਮਸਾਖੀ, ਜਿਸ ਦੇ ਹੋਰ ਨਾਂ 'ਕੋਲਬਰੁਕ ਵਾਲੀ ਜਨਮਸਾਖੀ', 'ਡੇਹਰਾਦੂਨ ਵਾਲੀ ਜਨਮਸਾਖੀ', ਅਤੇ ਵਲਾਇਤ ਵਾਲੀ ਜਨਮਸਾਖੀ ਵੀ ਹਨ ਇਹ ਸਾਖੀਆਂ ਆਪਣੀਆਂ ਅੰਦਰਲੀਆਂ ਗਵਾਹੀਆਂ ਅਨੁਸਾਰ ਕਿਸੇ ਪਹਿਲੀ ਪੋਥੀ ਦਾ ਉਤਾਰਾ ਸਿੱਧ ਹੁੰਦੀ ਹੈ।[152] ਪਰ ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਇਹ 1635 ਈ. ਵਾਲੀ ਪੋਥੀ ਅਸਲ ਪੋਥੀ ਹੈ ਜਾਂ ਕਿਸੇ ਉਤਾਰੇ ਦੀ ਨਕਲ ਹੈ। ਇਸ ਬਾਰੇ ਡਾ. ਪਿਆਰ ਸਿੰਘ ਦਾ ਕਹਿਣਾ ਹੈ ਕਿ ਇਹ ਅਸਲ ਪੋਥੀ ਦਾ ਸਮਾਂ ਨਹੀਂ ਕਿਉਂਕਿ ਜੇ ਇਹ 'ਜੁਗਾਵਲੀ' ਅਸਲ ਪੋਥੀ ਦਾ ਭਾਗ ਹੁੰਦੀ ਤਾਂ ਇਸ ਪੋਥੀ ਦੇ ਹੋਰ ਉਤਾਰਿਆਂ ਵਿਚ ਵੀ ਇਸ ਦਾ ਜ਼ਿਕਰ ਆਉਂਦਾ।[153] ਇਸ ਤਰ੍ਹਾਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਪੁਰਾਤਨ ਜਨਮਸਾਖੀ 1635 ਈ. ਤੋਂ ਪਹਿਲਾਂ ਦੀ ਕਿਸੇ ਪੋਥੀ ਦਾ ਉਤਾਰਾ ਪ੍ਰਤੀਤ ਹੁੰਦੀ ਹੈ।

ਜਨਮਸਾਖੀਆਂ ਦੇ ਆਧਾਰ 'ਤੇ ਮਿਲਦੀਆਂ ਗੋਸ਼ਟਾਂ ਤੋਂ ਇਲਾਵਾਂ ਸੁਤੰਤਰ ਰੂਪ ਵਿਚ ਵੀ ਦੋ ਗੋਸ਼ਟਾਂ ਮਿਲਦੀਆਂ ਹਨ – 'ਮੱਕੇ ਮਦੀਨੇ ਦੀ ਗੋਸ਼ਟਿ' ਅਤੇ 'ਅਜਿਤੇ ਰੰਧਾਵੇ ਦੀ ਗੋਸ਼ਟਿ'। ਮੱਕੇ ਅਤੇ ਮਦੀਨੇ ਦੀ ਗੋਸ਼ਟ ਤੋਂ ਇੰਝ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਇਹ ਇਕ ਹੀ ਗੋਸ਼ਟਿ ਹੋਵੇ ਪਰ ਅਸਲ ਵਿਚ ਇਹ ਗੋਸ਼ਟਿ ਦੋ ਹਿੱਸਿਆਂ ਵਿਚ ਪ੍ਰਾਪਤ ਹੈ। ਇਹ ਗੋਸ਼ਟਿ ਕਾਵਿ ਅਤੇ ਵਾਰਤਕ ਦਾ ਮਿਲ ਗੋਭਾ ਹੈ। ਇਸ ਗੋਸ਼ਟਿ ਨੂੰ 'ਪਾਕਨਾਮਾ' ਵੀ ਕਿਹਾ ਜਾਂਦਾ ਹੈ। ਇਸ ਗੋਸ਼ਟਿ ਵਿਚ ਗੁਰੂ ਨਾਨਕ ਦੇਵ ਜੀ ਦੀ ਅਰਬ ਦੇਸ਼ ਦੀ ਯਾਤਰਾ ਅਤੇ ਮੱਕੇ ਮਦੀਨੇ ਦਾ ਹਾਲ ਅੰਕਿਤ ਹੈ। ਪਹਿਲੇ ਹਿੱਸੇ ਭਾਵ (ਮੱਕੇ ਦੀ

ਗੋਸ਼ਟਿ) ਦਾ ਸੰਬੰਧ ਮੱਕੇ ਨਾਲ ਹੈ ਜਿਸ ਵਿਚ ਮੱਕੇ ਦੀ ਯਾਤਰਾ ਕਰਨ ਸਮੇਂ ਦੀਆਂ ਘਟਨਾਵਾਂ ਅਤੇ ਕਾਜ਼ੀਆਂ ਨਾਲ ਰਚੇ ਗਏ ਬਹਿਸ, ਵਾਰਤਾਲਾਪਾਂ ਨੂੰ ਕਲਮਬੱਧ ਕੀਤਾ ਗਿਆ ਹੈ। ਦੂਜੇ ਹਿੱਸੇ (ਮਦੀਨੇ ਦੀ ਗੋਸ਼ਟਿ) ਵਿਚ ਮਦੀਨੇ ਦੀ ਯਾਤਰਾ ਸ਼ਾਮਿਲ ਹੈ ਜਿਸ ਵਿਚ 'ਨਸੀਹਤ ਨਾਮਾ' ਉਚਾਰੇ ਜਾਣ ਦੀ ਘਟਨਾ ਦਰਸਾਈ ਗਈ ਹੈ। ਇਹ ਦੋਵੇਂ ਗੋਸ਼ਟਾਂ ਇਕ ਦੂਜੇ ਦੀਆਂ ਪੂਰਕ ਹਨ। ਇਸ ਗੋਸ਼ਟਿ ਦੇ ਰਚਨਾਕਾਰ ਅਤੇ ਰਚਨ-ਕਾਲ ਦੋਵੇਂ ਹੀ ਸੰਦੇਹਜਨਕ ਹਨ। ਆਮ ਤੌਰ ਤੇ ਵਿਦਵਾਨ ਇਸ ਨੂੰ ਸਤਾਰਵੀਂ ਸਦੀ ਦੀ ਰਚਨਾ ਮੰਨਦੇ ਹਨ ਪਰੰਤੂ ਇਸ ਬਾਰੇ ਕੋਈ ਵੀ ਪੋਥੀ ਵਿਚੋਂ ਅੰਦਰਲੀ ਗਵਾਹੀ ਨਹੀਂ ਮਿਲਦੀ। ਇਸ ਦੇ ਰਚਨਾ ਕਾਲ ਬਾਰੇ ਅਸੀਂ ਤਿੰਨ ਗੱਲਾਂ ਨੂੰ ਆਧਾਰ ਬਣਾ ਸਕਦੇ ਹਾਂ।

1. ਪੁਰਾਤਨ ਜਨਮਸਾਖੀ
2. ਭਾਈ ਗੁਰਦਾਸ ਜੀ ਦੀ ਪਹਿਲੀ ਵਾਰ
3. ਭਾਈ ਮਨੀ ਸਿੰਘ ਦੀ ਪੁਰਾਤਨ ਜਨਮਸਾਖੀ (ਗੁਰੂ ਨਾਨਕ ਦੇਵ ਜੀ)

ਗੁਰੂ ਨਾਨਕ ਦੇਵ ਜੀ ਦੇ ਮੱਕੇ ਜਾਣ ਦੀ ਗਵਾਹੀ ਅਤੇ ਉਥੇ ਵਾਪਰੀ ਘਟਨਾ ਦਾ ਵਿਵਰਣ ਪੁਰਾਤਨ ਜਨਮਸਾਖੀ ਵਿਚ ਮਿਲਦਾ ਹੈ ਅਤੇ ਗੁਰੂ ਨਾਨਕ ਸਾਹਿਬ ਦੀਆਂ ਗੋਸ਼ਟਾਂ ਵੀ ਸਭ ਤੋਂ ਪਹਿਲਾਂ ਇਸੇ ਜਨਮਸਾਖੀ ਵਿਚ ਮਿਲਦੀਆਂ ਹਨ। ਇਸ ਪੋਥੀ ਦੀਆਂ ਪੁਰਾਤਨ ਹੱਥ ਲਿਖਤਾਂ ਬਾਰੇ ਅਸੀਂ ਪਿਛੇ ਵਿਚਾਰ ਕਰ ਆਏ ਹਾਂ। ਇਹ ਰਚਨਾਵਾਂ 1635 ਈ. ਦੇ ਕਰੀਬ ਲਿਖੀਆਂ ਗਈਆਂ ਹਨ। ਗੁਰੂ ਨਾਨਕ ਦੀ ਮੱਕੇ ਮਦੀਨੇ ਦੀ ਯਾਤਰਾ ਬਾਰੇ ਦੂਜੀ ਗਵਾਹੀ ਭਾਈ ਗੁਰਦਾਸ ਦੀ ਪਹਿਲੀ ਵਾਰ ਦੀਆਂ 32 ਤੋਂ 37 ਪਉੜੀਆਂ ਵਿਚ ਵਰਨਣ ਮਿਲਦਾ ਹੈ ਜਿਵੇਂ-

> ਗੜ ਬਗਦਾਦੁ ਨਿਵਾਇ ਕੈ ਮਕਾ ਮਦੀਨਾ ਸਭੇ ਨਿਵਾਇਆ।
> ਸਿਧ ਚਉਰਾਸੀਹ ਮੰਡਲੀ ਖਟਿ ਦਰਸਨਿ ਪਾਖੰਡਿ ਜਿਣਾਇਆ।[154]

ਗੁਰੂ ਨਾਨਕ ਦੇਵ ਜੀ ਦੀ ਮੱਕੇ ਦੀ ਯਾਤਰਾ ਨਾਲ ਸੰਬੰਧਿਤ ਇਸ ਗੋਸ਼ਟਿ ਦਾ ਸਾਰਾ ਘਟਨਾ-ਕ੍ਰਮ ਮਿਲਦਾ-ਜੁਲਦਾ ਹੈ। ਇਸ ਤੋਂ ਸਪਸ਼ਟ ਇਹ ਹੁੰਦਾ ਹੈ ਕਿ ਇਹ ਗੋਸ਼ਟਿ ਭਾਈ ਗੁਰਦਾਸ ਦੀ ਪਹਿਲੀ ਵਾਰ ਪ੍ਰਚਲਿਤ ਹੋਣ ਤੋਂ ਬਾਅਦ ਲਿਖੀ ਗਈ। ਭਾਈ ਗੁਰਦਾਸ ਜੀ ਦੀ ਇਹ ਵਾਰ ਗੁਰੂ

ਹਰਗੋਬਿੰਦ ਸਾਹਿਬ ਜੀ ਦੇ ਗੁਰਗੱਦੀ ਬੈਠਣ ਭਾਵ 1606 ਈ. ਤੋਂ ਕਾਫੀ ਬਾਅਦ ਦੀ ਰਚਨਾ ਸਿੱਧ ਹੁੰਦੀ ਹੈ। ਇਨ੍ਹਾਂ ਤੱਥਾਂ ਦੇ ਆਧਾਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਵਿਚਾਰ ਅਧੀਨ ਗੋਸ਼ਟਿ ਸਤਾਰਵੀਂ ਸਦੀ ਦੇ ਅੰਤ ਦੀ ਰਚਨਾ ਹੈ।

ਭਾਈ ਮਨੀ ਸਿੰਘ ਜੀ ਦੇ ਨਾਂ ਨਾਲ ਸੰਬੰਧਿਤ ਜਨਮਸਾਖੀ ( ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ) ਜਿਸ ਦਾ ਰਚਨਾ ਕਾਲ ਅਠਾਰਵੀਂ ਸਦੀ ਦੇ ਦੂਜੇ ਤੀਜੇ ਦਹਾਕੇ ਵਿਚ ਮੰਨਿਆਂ ਜਾ ਸਕਦਾ ਹੈ। ਇਸ ਤਰ੍ਹਾਂ ਭਾਈ ਮਨੀ ਸਿੰਘ ਜੀ ਦੀ ਰਚਨਾ ਤੋਂ ਪੂਰਵਵਰਤੀ ਰਚਨਾ ਜਾਂ ਸਤਾਰਵੀਂ ਸਦੀ ਦੇ ਉਤਰਾਅਰਧ ਵਿਚ ਲਿਖੀ ਗਈ ਪ੍ਰਤੀਤ ਹੁੰਦੀ ਹੈ।

ਅਜਿਤੇ ਰੰਧਾਵੇ ਦੀ ਗੋਸ਼ਟਿ ਵੀ ਜਨਮਸਾਖੀਆਂ ਤੋਂ ਬਾਹਰ ਸੁਤੰਤਰ ਰੂਪ ਵਿਚ ਲਿਖੀ ਮਿਲਦੀ ਹੈ। ਇਸ ਗੋਸ਼ਟਿ ਦਾ ਸੰਬੰਧ ਵੀ ਗੁਰੂ ਨਾਨਕ ਦੇਵ ਜੀ ਦੁਆਰਾ ਉਨ੍ਹਾਂ ਦੇ ਅਨੰਨ ਭਗਤ ਰੰਧਾਵੇ ਨੂੰ ਗਿਆਨ ਉਪਦੇਸ਼ ਦੇਣ ਨਾਲ ਹੈ। 'ਭਾਈ ਅਜਿਤਾ ਸ੍ਰੀ ਕਰਤਾਰਪੁਰ (ਡੇਰਾ ਬਾਬਾ ਨਾਨਕ) ਦੇ ਨੇੜੇ ਪਿੰਡ ਪਖੋਕੇ, ਜ਼ਿਲਾ ਗੁਰਦਾਸਪੁਰ ਦਾ ਰੰਧਾਵਾ ਚੋਧਰੀ ਸੀ।[155] ਚਾਰ ਉਦਾਸੀਆਂ ਉਪਰੰਤ ਜਦੋਂ ਗੁਰੂ ਸਾਹਿਬ ਨੇ ਕਰਤਾਰਪੁਰ ਵਸਾਇਆ ਤਾਂ ਅਜਿਤਾ ਗੁਰੂ ਜੀ ਦਾ ਸ਼ਰਧਾਲੂ ਬਣਿਆ। ਇੰਞ ਗੁਰੂ ਸਾਹਿਬ ਨੇ ਕਰਤਾਰਪੁਰ ਆਪਣੇ ਪਿਛਲੇਰੇ ਸਮੇਂ ਵਿਚ ਵਸਾਇਆ ਅਤੇ ਅਜਿਤੇ ਦਾ ਵੀ ਗੁਰੂ ਸਾਹਿਬ ਨੂੰ ਮਿਲਣਾ ਪਿਛਲੇਰੀ ਘਟਨਾ ਆਖੀ ਜਾ ਸਕਦੀ ਹੈ। 'ਗੋਸ਼ਟਿ ਅਜੀਤੇ ਰੰਧਾਵੇ' ਦਾ ਬੀਜ-ਰੂਪ ਵੀ ਇਸੇ ਸਮੇਂ ਵਿਚ ਹੋਇਆ ਹੋ ਸਕਦਾ ਹੈ। ਇਹ ਗੋਸ਼ਟਿ ਸਭ ਤੋਂ ਪਹਿਲਾਂ ਕਦੋਂ ਲਿਖੀ ਗਈ ਇਸ ਦਾ ਲ਼ਿਖਤੀ ਪ੍ਰਮਾਣ ਵੀ ਪ੍ਰਾਪਤ ਨਹੀਂ ਹੈ।

ਪੁਰਾਤਨ ਜਨਮਸਾਖੀ ਨੂੰ ਵਾਚਦਿਆਂ ਪਤਾ ਲੱਗਦਾ ਹੈ ਕਿ ਅਜਿਤੇ ਰੰਧਾਵੇ ਦੀ ਗੋਸ਼ਟਿ ਇਸ ਜਨਮ ਸਾਖੀ ਵਿਚ ਨਹੀਂ ਮਿਲਦੀ ਅਤੇ ਨਾ ਹੀ ਮਿਹਰਬਾਨ ਜੀ ਰਚਿਤ ਤਿੰਨਾਂ ਪੋਥੀਆਂ ਵਿਚ ਦਰਜ ਹੈ। 'ਪੋਥੀ ਸਚਖੰਡ' ਦੇ ਲਿਖੇ ਜਾਣ ਦਾ ਕੋਈ ਸੰਕੇਤ ਨਹੀਂ ਮਿਲਦਾ ਪਰ 'ਪੋਥੀ ਹਰਿ ਜੀ' ਅਤੇ 'ਪੋਥੀ ਚਤਰਭੁਜ' ਦੇ ਲਿਖੇ ਜਾਣ ਦਾ ਸਮਾਂ ਕ੍ਰਮਵਾਰ ਸੰਮਤ 1707 ਅਰਥਾਤ1650 ਈ. ਅਤੇ ਸੰਮਤ 1708 ਅਰਥਾਤ 1651 ਈ. ਲਿਖਿਆ ਮਿਲਦਾ ਹੈ।[156] ਇਨ੍ਹਾਂ ਪੋਥੀਆਂ ਵਿਚ ਅਜਿਤੇ ਰੰਧਾਵੇ ਨਾਲ

ਸੰਬੰਧਿਤ ਗੋਸ਼ਟਿ ਨਾ ਮਿਲਣ ਤੋਂ ਸਪਸ਼ਟ ਹੁੰਦਾ ਹੈ ਕਿ 1651 ਈ. ਤਕ ਅਜਿਤੇ ਰੰਧਾਵੇ ਦੀ ਕੋਈ ਗੋਸ਼ਟਿ ਨਹੀਂ ਲਿਖੀ ਗਈ। ਪਰ ਸ਼ੈਲੀ ਦੇ ਪੱਖ ਤੋਂ ਇਹ ਗੋਸ਼ਟਿ ਮਿਹਰਬਾਨ ਸੰਪਰਦਾਇ ਦੀ ਹੀ ਰਚਨਾ ਜਾਪਦੀ ਹੈ।

ਪ੍ਰਾਪਤ ਜਨਮਸਾਖੀਆਂ ਵਿਚੋਂ 'ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਸੰਪਾਦਕ ਡਾ. ਪਿਆਰ ਸਿੰਘ, ਵਿਚ ਦਰਜ ਇਹ ਗੋਸ਼ਟਿ ਮਿਲਦੀ ਹੈ।[157] ਪ੍ਰਾਚੀਨ ਸਾਖੀ, ਸੰਪਾਦਕ ਸੇਵਾ ਸਿੰਘ ਸੇਵਕ[158] ਅਤੇ ਜਨਮਸਾਖੀ ਭਾਈ ਬਾਲਾ, ਸੰਪਾਦਕ ਡਾ. ਸੁਰਿੰਦਰ ਸਿੰਘ ਕੋਹਲੀ, ਵਿਚ ਅਜਿਤੇ ਰੰਧਾਵੇ ਨਾਲ ਸੰਬੰਧਿਤ ਸਾਖੀਆਂ ਤਾਂ ਪ੍ਰਾਪਤ ਹਨ, ਪਰੰਤੂ ਗੋਸ਼ਟਾਂ ਨਹੀਂ।[159]

ਡਾ. ਪਿਆਰ ਸਿੰਘ, ਗੋਸ਼ਟਿ 'ਅਜਿਤੇ ਰੰਧਾਵੇ' ਦੀ ਪ੍ਰਾਚੀਨਤਾ ਉਪਰ ਵਿਚਾਰ ਕਰਦੇ ਹੋਏ ਆਖਦੇ ਹਨ ਕਿ 'ਗੋਸ਼ਟਿ ਅਜਿਤੇ ਰੰਧਾਵੇ ਨਾਲ' ਇਸ ਨਾਂ ਹੇਠ ਮਿਲਦੀਆਂ ਹੋਰਨਾਂ ਗੋਸ਼ਟਾਂ ਦਾ ਮੁਢਲਾਂ ਰੂਪ ਹੈ। ਪਰੰਤੂ ਇਸ ਵਿਚ ਵੀ ਭਾਈ ਬਾਲਾ ਵਿਦਮਾਨ ਨਹੀਂ ਹੈ, ਭਾਵੇਂ ਭਾਈ ਬਾਲਾ ਵਾਲੀ ਜਨਮਸਾਖੀ ਵਿਚ ਅਜਿਤੇ ਰੰਧਾਵੇ ਦੀਆਂ ਸਾਖੀਆਂ ਆਮ ਦੇਖਣ ਵਿਚ ਆਈਆਂ ਹਨ ਪਰ ਡਾ. ਪਿਆਰ ਸਿੰਘ ਅਨੁਸਾਰ-ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਇਹ ਵੀ ਭਾਈ ਬਾਲਾ ਵਾਲੀ ਪਰੰਪਰਾ ਤੋਂ ਸੁਤੰਤਰ ਰੂਪ ਵਿਚ ਵਿਕਸਿਤ ਹੋਈ ਤੇ ਭਾਈ ਬਾਲਾ ਵਾਲੀ ਜਨਮਸਾਖੀ ਦੇ ਲੇਖਕ ਨੇ ਇਸ ਨੂੰ ਉਥੋਂ ਲਿਆ ਕੇ ਪਾ ਲਿਆ।[160]

ਡਾ. ਸਾਹਿਬ ਦੇ ਉਪਰੋਕਤ ਵਿਚਾਰਾਂ ਤੋਂ ਇਹ ਕਿਹਾ ਜਾ ਸਕਦਾ ਹੈ ਕਿ 'ਗੋਸ਼ਟਿ ਅਜਿਤੇ ਰੰਧਾਵੇ ਨਾਲ' ਪੁਰਾਤਨ ਜਨਮਸਾਖੀ ਤੋਂ ਕੁਝ ਚਿਰ ਪਿਛੋਂ ਲਿਖੀ ਗਈ। (ਪੁਰਾਤਨ ਜਨਮਸਾਖੀ ਦੇ ਰਚਨਕਾਲ ਦਾ ਨਿਰਣਾ ਕਰਦਿਆਂ ਅਸੀਂ ਇਹ ਕਹਿ ਸਕਦੇ ਹਾਂ ਕਿ ਇਹ 1635 ਈ. ਤੋਂ ਪਹਿਲਾਂ ਮਿਲਦੀ ਕਿਸੇ ਹੋਰ ਹਥ-ਲਿਖਤ ਦਾ ਉਤਾਰਾ ਹੈ) ਇਸ ਤਰ੍ਹਾਂ ਗੋਸ਼ਟਿ ਦੇ ਰਚੇ ਜਾਣ ਦਾ ਸਮਾਂ 16 ਵੀਂ ਸਦੀ ਦਾ ਅੱਧ ਜਾਂ ਸਤਾਰਵੀਂ ਸਦੀ ਦਾ ਮੁੱਢਲਾ ਦਹਾਕਾ ਮੰਨਿਆਂ ਜਾਂਦਾ ਹੈ। ਇਸ ਗੋਸ਼ਟਿ ਵਿਚਲੇ ਵਿਚਾਰ ਗੁਰਮਤਿ ਨਾਲ ਮੇਲ ਨਹੀਂ ਖਾਂਦੇ ਅਤੇ ਗੁਰਮਤਿ ਨਾਲ ਕਾਫੀ ਵਿਰੋਧਤਾ ਦ੍ਰਿਸ਼ਟੀਗੋਚਰ ਹੁੰਦੀ ਹੈ।

'ਬਾਬੇ ਲਾਲ ਦੀਆਂ ਗੋਸ਼ਟਾਂ' ਵੀ ਰਚਨਕਾਲ ਦੀ ਦ੍ਰਿਸ਼ਟੀ ਤੋਂ ਵਾਦ-ਵਿਵਾਦ ਦਾ ਵਿਸ਼ਾ ਬਣੀਆਂ ਹਨ। ਇਨ੍ਹਾਂ ਬਾਰੇ ਵੀ ਵਿਦਵਾਨਾਂ ਦੀਆਂ ਦੋ ਰਾਵਾਂ ਹਨ। ਪਹਿਲੀ ਰਾਇ ਅਨੁਸਾਰ ਇਨ੍ਹਾਂ ਗੋਸ਼ਟਾਂ ਨੂੰ ਗੁਰੂ ਨਾਨਕ ਅਤੇ ਬਾਬੇ ਲਾਲ ਵਿਚਾਲੇ ਹੋਈਆਂ ਮੰਨਦੇ ਹਨ। ਦੂਜੀ ਰਾਇ ਅਨੁਸਾਰ ਇਨ੍ਹਾਂ ਗੋਸ਼ਟਾਂ ਨੂੰ ਦਾਰਾ ਸ਼ਿਕੋਹ ਅਤੇ ਬਾਬੇ ਲਾਲ ਵਿਚਕਾਰ ਹੋਈਆਂ ਮੰਨਦੇ ਹਨ। ਪਰ ਇਨ੍ਹਾਂ ਦੋਨਾਂ ਗੋਸ਼ਟਾਂ ਦੇ ਰਚਨਕਾਲ ਵਿਚਕਾਰ ਸੌ ਸਾਲ ਦਾ ਅੰਤਰ ਹੈ। ਬਾਬੇ ਲਾਲ ਦਾ ਜਨਮ 1412 ਬਿਕਰਮੀ, ਸ਼ਹਿਰ ਕਸੂਰ (ਅਜਕਲ ਪਾਕਿਸਤਾਨ) ਵਿਚ ਹੋਇਆ।[161] ਉਨ੍ਹਾਂ ਦਾ ਦਿਹਾਂਤ 1712 ਬਿਕਰਮੀ ਵਿਚ ਹੋਇਆਂ। ਇਸ ਦੇ ਮੁਤਾਬਿਕ ਬਾਬਾ ਲਾਲ ਦੀ ਉਮਰ 300 ਸਾਲ ਬਣਦੀ ਹੈ।[162] ਏਨੀ ਉਮਰ ਨੂੰ ਦੇਖਿਦਆਂ ਹੋਇਆ ਗੁਰੂ ਨਾਨਕ ਦੇਵ ਜੀ ਦਾ ਬਾਬਾ ਲਾਲ ਨਾਲ ਮੇਲ ਸੰਭਵ ਹੈ ਪਰੰਤੂ ਇਸ ਗੱਲ ਦੀ ਪੁਸ਼ਟੀ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਸਾਖੀਆਂ, ਜਨਮ-ਸਾਖੀਆਂ ਅਤੇ ਗੋਸ਼ਟਾਂ ਤੋਂ ਨਹੀਂ ਹੁੰਦੀ ਕਿਉਂਕਿ ਕਿਸੇ ਵੀ ਸਾਖੀਕਾਰ ਨੇ ਆਪ ਦੀਆਂ ਸਾਖੀਆਂ ਵਿਚ ਇਸ ਘਟਨਾ ਦਾ ਜ਼ਿਕਰ ਨਹੀਂ ਕੀਤਾ ਹੈ। ਸ਼ਮਸ਼ੇਰ ਸਿੰਘ ਅਸ਼ੋਕ ਦਾ ਕਥਨ ਹੈ ਕਿ 'ਗੋਸ਼ਟਿ ਗੁਰੂ ਬਾਬੇ ਜੀ ਦੀ ਬਾਬਾ ਲਾਲ ਨਾਲ' ਆਮ ਗੋਸ਼ਟਾਂ ਨਾਲੋਂ ਕਾਫੀ ਫਰਕ ਰਖਦੀ ਹੈ। ਉਹ ਇਸ ਲਈ ਕਿਉਂਕਿ ਇਕ ਤਾਂ ਗੋਸ਼ਟਿ ਛੰਦਾ ਬੰਦੀ ਦੀ ਥਾਵੇਂ ਨਿਰੋਲ ਪੰਜਾਬੀ ਗਦ ਵਿਚ ਹੈ ਅਤੇ ਦੂਜਾ ਇਸ ਵਿਚ ਸਾਰੇ ਪ੍ਰਸ਼ਨ ਗੁਰੂ ਸਾਹਿਬ ਵਲੋਂ ਕੀਤੇ ਗਏ ਹਨ ਤੇ ਉਨ੍ਹਾਂ ਦੇ ਉਤਰ ਬਾਬਾ ਲਾਲ ਜੀ ਨੇ ਵੈਸ਼ਣਵ ਸੰਪ੍ਰਦਾਇ ਦੇ ਵਿਚਾਰਾਂ ਦੇ ਮੁਤਾਬਿਕ ਦਿੱਤੇ ਹਨ, ਜਿਸ ਕਾਰਣ ਇਕ ਦੋ ਥਾਵਾਂ ਤੇ ਅਹਿੰਸਾਵਾਦ ਦਾ ਪ੍ਰਚਾਰ ਵੀ ਆ ਗਿਆ ਹੈ। ਤੀਸਰੀ ਗੱਲ ਇਹ ਹੈ ਕਿ ਇਸ ਗੋਸ਼ਟਿ ਦਾ ਲਿਖਣ ਢੰਗ ਵੀ ਹੋਰਨਾਂ ਗੋਸ਼ਟਾਂ ਨਾਲੋਂ ਇਕ ਦਮ ਵੱਖਰਾ ਹੈ। ਇਸੇ ਕਾਰਣ ਇਹ ਗੋਸ਼ਟਿ ਕਿਸੇ ਜਨਮਸਾਖੀ ਦਾ ਅੰਗ ਨਹੀਂ ਬਣ ਸਕੀ।[163]

ਇਤਿਹਾਸਕ ਗਵਾਹੀਆਂ ਤੋਂ ਇਸ ਗੱਲ ਦਾ ਪਤਾ ਲਗਦਾ ਹੈ ਕਿ ਦਾਰਾ ਸ਼ਿਕੋਹ ਮੁਸਲਮਾਨ ਹੁੰਦਿਆਂ ਹੋਇਆਂ ਵੀ ਭਾਰਤੀ ਦਰਸ਼ਨ ਦਾ ਉਪਾਸ਼ਕ ਸੀ ਜਿਸ ਨੇ ਬਹੁਤ ਸਾਰੇ ਉਪਨਿਸ਼ਦਾਂ ਦਾ ਅਨੁਵਾਦ ਫਾਰਸੀ ਭਾਸ਼ਾ ਵਿਚ ਕਰਵਾਇਆ ਤੇ ਉਸਦੀ ਆਪਣੀ ਕਿਤਾਬ 'ਹਸਨਤ-ਉਲ-ਆਰਿਫੀਨ' ਵਿਚ ਬਾਬਾ ਲਾਲ ਦੀ ਉਸਤਤੀ ਕੀਤੀ ਮਿਲਦੀ ਹੈ ਜਿਵੇਂ 'ਬਾਬਾ ਲਾਲ

ਜੀ ਇਕ ਆਰੂੜ ਜੋਗੀ ਹਨ। ਇਨ੍ਹਾਂ ਵਰਗਾ ਪ੍ਰਭਾਵਸ਼ਾਲੀ ਤੇ ਉਚ ਕੋਟੀ ਦਾ ਮਹਾਤਮਾ ਮੈਂ ਹਿੰਦੂਆਂ ਵਿਚ ਕੋਈ ਦੂਸਰਾ ਨਹੀਂ ਵੇਖਿਆ।[164]

ਇਸ ਤਰ੍ਹਾਂ ਸਪਸ਼ਟ ਹੈ ਕਿ ਦਾਰਾ ਸ਼ਿਕੋਹ ਬਾਬਾ ਲਾਲ ਦੇ ਸ਼ਰਧਾਲੂਆਂ ਵਿਚੋਂ ਸਨ ਅਤੇ ਇਸ ਨੂੰ ਦਾਰਾ ਸ਼ਿਕੋਹ ਦਾ ਰੂਹਾਨੀ ਗੁਰੂ ਵੀ ਮੰਨਿਆਂ ਜਾਂਦਾ ਹੈ।[165] ਇਹ ਗੋਸ਼ਟਾਂ ਦਾਰਾ ਸ਼ਿਕੋਹ ਨਾਲ ਹੀ ਹੋਈਆਂ ਹੋਣਗੀਆਂ। ਇਸ ਮਤ ਨਾਲ ਸਹਿਮਤ ਡਾ. ਮੋਹਨ ਸਿੰਘ ਦੀਵਾਨਾ,[166] ਡਾ. ਸੁਰਿੰਦਰ ਸਿੰਘ ਕੋਹਲੀ,[167] ਡਾ. ਪਿਆਰ ਸਿੰਘ [168] ਅਤੇ ਪਿਆਰਾ ਸਿੰਘ ਪਦਮ ਦੇ ਨਾਮ ਲਏ ਜਾ ਸਕਦੇ ਹਨ।[169]

ਡਾ. ਮੋਹਨ ਸਿੰਘ ਦੀਵਾਨਾ ਦਾ ਕਥਨ ਹੈ ਕਿ ਦਾਰਾ ਸ਼ਿਕੋਹ 'ਸ਼ਾਹ ਜਹਾਨ' ਦਾ ਪੁਤਰ ਸੀ ਜਿਸਨੇ 1627 ਈ. ਤੋਂ 1658 ਈ. ਤਕ ਰਾਜ ਕੀਤਾ। ਡਾ. ਮੋਹਨ ਸਿੰਘ ਦੀਵਾਨਾ ਅਨੁਸਾਰ ਦਾਰਾ ਸ਼ਿਕੋਹ ਹੀ ਬਾਬਾ ਲਾਲ ਨੂੰ ਮੁਣਸ਼ੀ ਚੰਦਰ ਭਾਨ ਦੇ ਘਰ ਲਾਹੌਰ ਵਿਚ ਮਿਲਿਆਂ ਸੀ। ਮੁਣਸ਼ੀ ਚੰਦਰ ਭਾਨ ਨੇ ਦੋ ਭਾਸ਼ੀਏ ਦਾ ਕੰਮ ਕੀਤਾ ਉਹ ਦਾਰਾ ਸ਼ਿਕੋਹ ਦੇ ਸਵਾਲ ਤਰਜਮਾ ਕਰਕੇ ਬਾਬਾ ਲਾਲ ਜੀ ਨੂੰ ਸੁਣਾਇਆ ਕਰਦੇ ਸਨ ਤੇ ਬਾਬਾ ਲਾਲ ਜੀ ਉਨ੍ਹਾਂ ਨੂੰ ਪੰਜਾਬੀ ਵਿਚ ਉਤਰ ਦਿੰਦੇ ਸਨ। ਇਹੋ ਸਵਾਲ ਜਵਾਬ ਹੀ ਮੁਣਸ਼ੀ ਚੰਦਰ ਭਾਨ ਨੇ ਲਿਖ ਲਏ।[170] ਇਨਾਂ ਗਵਾਹੀਆਂ ਦੇ ਆਧਾਰ 'ਤੇ ਹੀ ਇਨ੍ਹਾਂ ਗੋਸ਼ਟਾਂ ਦਾ ਰਚਨਕਾਲ 1627 ਤੋਂ 1658 ਦੇ ਵਿਚਕਾਰ ਦੀ ਰਚਨਾ ਮੰਨ ਸਕਦੇ ਹਾਂ।

ਇਸ ਤਰ੍ਹਾਂ ਉਪਰੋਕਤ ਚਰਚਾ ਦੇ ਆਧਾਰ ਤੇ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਮੱਧਕਾਲੀਨ ਵਾਰਤਕ ਦੀ ਵੰਨਗੀ 'ਗੋਸ਼ਟਾਂ' ਦਾ ਰਚਨਕਾਲ 17 ਵੀ ਸਦੀ ਮੰਨਿਆਂ ਜਾ ਸਕਦਾ ਹੈ। ਇਸ ਸਮੇਂ ਦੌਰਾਨ ਜੋਗੀਆਂ ਨਾਲ ਸੰਬੰਧਿਤ ਗੋਸ਼ਟਾਂ, ਭਗਤਾਂ ਨਾਲ ਸੰਬੰਧਿਤ ਗੋਸ਼ਟਾਂ, ਗੁਰੂ ਨਾਨਕ ਦੇਵ ਅਤੇ ਬਾਕੀ ਗੁਰੂ ਸਾਹਿਬਾਨ ਨਾਲ ਸੰਬੰਧਿਤ ਗੋਸ਼ਟਾਂ ਬਹੁ ਗਿਣਤੀ ਵਿਚ ਰਚੀਆਂ ਗਈਆਂ ਹਨ। ਉਪਰੋਕਤ ਅਧਿਐਨ ਤੋਂ ਸਪਸ਼ਟ ਹੈ ਕਿ 'ਸਿਧ ਗੋਸ਼ਟਿ' ਵਿਚ ਗੁਰੂ ਨਾਨਕ ਦੇ ਸਮੇਂ ਸਮੇਂ 'ਤੇ ਸਿਧਾਂ/ਨਾਥਾਂ ਨਾਲ ਹੋਇਆ ਵਿਚਾਰ-ਵਟਾਂਦਰਾਂ ਅੰਕਿਤ ਕੀਤਾ ਹੈ। ਸਿਧਾਂ/ਨਾਥਾਂ ਦੇ ਹਰ ਗੰਭੀਰ ਸਵਾਲ ਦੇ ਉੱਤਰ ਗੁਰੂ ਸਾਹਿਬ ਨੇ ਆਪਣੀ ਵਿਚਾਰਧਾਰਾ ਦੇ ਆਧਾਰ 'ਤੇ ਪੂਰੀ ਸਾਰਥਕਤਾ ਅਤੇ ਕਾਰਜਸ਼ੀਲ ਭਾਸ਼ਾ ਰਾਹੀਂ ਦਿੱਤੇ। ਸਿਧਾਂ ਦੁਆਰਾ ਅਤਿਅੰਤ ਬੁਨਿਆਦੀ ਅਤੇ ਦਾਰਸ਼ਨਿਕ ਪ੍ਰਸ਼ਨ

ਉਠਾਏ ਅਤੇ ਗੁਰੂ ਨਾਨਕ ਨੇ ਇਹਨਾਂ ਦੇ ਉੱਤਰ ਆਪਣੀ ਉੱਤਰ-ਆਧੁਨਿਕ ਸੋਚ, ਸਾਰਥਿਕ ਵਿਚਾਰਧਾਰਾ ਰਾਹੀਂ ਦਿੱਤੇ। ਗੁਰੂ ਨਾਨਕ ਦੀ ਇਸ ਵਿਚਾਰਧਾਰਾ ਵਿਚ ਦਾਰਸ਼ਨਿਕ ਚੇਤਨਤਾ ਦਾ ਬਿਰਤਾਂਤ ਹੈ ਜੋ ਗੁਰਮਤਿ ਵਿਚਾਰਧਾਰਾ ਨਾਲ ਅੰਤਰ ਸੰਬੰਧਿਤ ਹੈ। ਗੁਰੂ ਨਾਨਕ ਦੀ ਇਹ ਚੇਤਨਤਾ ਜੋਗੀਆਂ/ਨਾਥਾਂ ਦੇ ਸਮਾਜ ਪ੍ਰਤਿ ਭਾਂਜਵਾਦੀ ਵਿਚਾਰਾਂ ਅਤੇ ਸਮਾਜ ਪ੍ਰਤਿ ਉਹਨਾਂ ਦਾ ਨਜ਼ਰੀਆਂ ਜਾਂ ਵਿਵਹਾਰ-ਪ੍ਰਕ੍ਰਿਆ ਨੂੰ ਬਦਲਣ ਵਿਚ ਸਹਾਇਕ ਸਿੱਧ ਹੁੰਦਾ ਹੈ।

# ਹਵਾਲੇ ਅਤੇ ਟਿਪਣੀਆਂ

1. ਡਾ. ਰਤਨ ਸਿੰਘ ਜੱਗੀ, ***ਵਿਚਾਰਧਾਰਾ***, ਪੰਨਾ 28
2. ਡਾ. ਗੋਵਿੰਦ ਨਾਥ ਰਾਜ ਗੁਰੂ, ***ਗੋਸ਼ਟਿ ਗੁਰੂ ਮਿਹਰਵਾਨ***, ਪੰਨਾ 126-27.
3. ***ਹਿੰਦੀ ਵਿਸ਼ਵਕੋਸ਼***, ਭਾਗ ਚੋਥਾ, ਪੰਨਾ 44
4. ਡਾ. ਦੀਵਾਨ ਸਿੰਘ, ***ਪੂਰਬੋਕਤ***, ਪੰਨਾ 57
5. Dr. Mohan Singh Diwana Says- "Ghoshts are elaborate imaginary, psychological dialogues, between the saints and their followers or opponents, mostly anachronical and apocryphal." ***History and Punjabi literature***, second edition, p,50
6 ਡਾ. ਤਾਰਨ ਸਿੰਘ, ***ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਪੋਥੀ ਪਹਿਲੀ, ਖਾਲਸਾ ਕਾਲਜ, ਅੰਮ੍ਰਿਤਸਰ, 'ਗੋਸ਼ਟੀਆਂ ਦੀ ਪ੍ਰੰਪਰਾ' ਨਾਮੀ ਲੇਖ, ਪੰਨਾ 33
7. ਕਾਨਸਾਇਜ਼ ਸੰਸਕ੍ਰਿਤ, ***ਇੰਗਲਿਸ਼ ਡਿਕਸ਼ਨਰੀ***, ਵਿਦਿਆਧਰ ਵਾਮਨ, ਸ਼ਿਵਰਾਮ ਆਪਟੇ, ਪੰਨਾ 400
8. ਭਾਈ ਕਾਨ੍ਹ ਸਿੰਘ ਨਾਭਾ, ***ਮਹਾਨ ਕੋਸ਼***, ਪੰਨਾ 427
9. ***ਹਿੰਦੀ ਵਿਸ਼ਵ ਕੋਸ਼***, ਭਾਗ ਚੋਥਾ, ਪੰਨਾ 44
10. ***ਹਿੰਦੀ ਸਾਹਿਤ ਕੋਸ਼***, ਦੂਜਾ ਸੰਸਕਰਣ, ਪੰਨਾ 852
11. ਡਾ. ਸੁਰਿੰਦਰ ਸਿੰਘ ਕੋਹਲੀ, ***ਪੁਰਾਤਨ ਪੰਜਾਬੀ ਵਾਰਤਕ***, ਪੰਨਾ 18
12. Dialogue - in its widest sense, is the recorded conversation of two or more person, As a literary form it is a careful organized exposition by means of invented conversation of contrasting philosophical positions or intectual attitudes. (***ਐਨਸਾਈਕਲੋਪੀਡੀਆ ਬ੍ਰਿਟੈਨੀਕਾ***, ਭਾਗ ਸਤ ਪੰਨਾ 314)

13. Dialogue – As a literary form it demands unity or subject, style and sense of form which are never or only very rarely ingredients or ordinary conversation (***ਕੈਂਸਲਜ਼ ਐਨਸਾਈਕਲੋਪੀਡੀਆ ਬ੍ਰਿਟੈਨਿਕਾ ਆਫ ਲਿਟ੍ਰੇਚਰ*** ਭਾਗ ਇਕ, ਪੰਨਾ 151)
14. ***ਸ੍ਰੀ ਗੁਰੂ ਗ੍ਰੰਥ ਸਾਹਿਬ,*** ਪੰਨਾ 615
15. ਉਹੀ, ਪੰਨਾ 674
16. ਡਾ. ਮੋਹਨ ਸਿੰਘ ਦੀਵਾਨਾ, ***ਪੰਜਾਬੀ ਅਦਬ ਦੀ ਮੁਖਤਸਰ ਤਾਰੀਖ,*** ਪੰਨਾ 251-52
17. ਪਿਆਰਾ ਸਿੰਘ ਪਦਮ, ***ਪੰਜਾਬੀ ਸਾਹਿਤ ਦੀ ਰੂਪ ਰੇਖਾ***, ਪੰਨਾ 251
18. ਡਾ. ਤਾਰਨ ਸਿੰਘ, ***ਜਨਮਸਾਖੀ ਗੁਰੂ ਨਾਨਕ ਦੇਵ ਜੀ***, ਪੋਥੀ ਪਹਿਲੀ, ਖਾਲਸਾ ਕਾਲਜ ਅੰਮ੍ਰਿਤਸਰ ਵਿਚ 'ਗੋਸ਼ਟੀਆਂ ਦੀ ਪ੍ਰੰਪਰਾ ਨਾਮੀ ਲੇਖ' ਪੰਨਾ 33
19. ***ਪੈਰਾਬਲਜ਼ ਐਂਡ ਡਾਇਲਗਜ਼ ਫ੍ਰਾਮ ਦ ਉਪਨਿਸਦਜ਼,*** ਸੁਆਮੀ ਸਤਯਾ ਪ੍ਰਕਾਸ਼ ਸਰਸਵਤੀ, ਪੰਨਾ 132-34
20. ਉਹੀ, ਪੰਨਾ 9
21. ਡਾ. ਤਾਰਨ ਸਿੰਘ, ***ਜਨਮਸਾਖੀ ਗੁਰੂ ਨਾਨਕ ਦੇਵ ਜੀ***, ਪੋਥੀ ਪਹਿਲੀ, ਖਾਲਸਾ ਕਾਲਜ ਅੰਮ੍ਰਿਤਸਰ ਵਿਚ, 'ਗੋਸ਼ਟੀਆਂ ਦੀ ਪ੍ਰੰਪਰਾ ਨਾਮੀ ਲੇਖ', ਪੰਨਾ 34
22. ***ਹਿੰਦੀ ਵਿਸ਼ਵ ਕੋਸ਼***, ਭਾਗ ਚੋਥਾ, ਪੰਨਾ 44
23. ***ਦੀ ਅਮੈਰੀਕਨ ਪੀਪਲਜ਼ ਐਨਸਾਈਕਲੋਪੀਡੀਆ***, ਭਾਗ 6
24. ਡਾ.ਬੜਥਵਾਲ, ***ਗੋਰਖ ਬਾਣੀ***, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ,
25. ***ਸ੍ਰੀ ਗੁਰੂ ਗ੍ਰੰਥ ਸਾਹਿਬ,*** ਮ. 4 ਪੰਨਾ 304
26. ***ਵਾਰਾਂ ਭਾਈ ਗੁਰਦਾਸ,*** ਵਾਰ 36, ਪਉੜੀ 1, ਪੰਨਾ 381
27. ਉਹੀ, ਵਾਰ 26, ਪਉੜੀ 33, ਪੰਨਾ 293.
28. ਪਰਖ, 1972, ***ਕੇਸਰ ਸਿੰਘ ਛਿੱਬਰ ਬੰਸਾਵਲੀਨਾਮਾ ਦਸਾ ਪਾਤਸ਼ਾਹੀਆ ਕਾ***, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਪੰਨਾ 50

29. ***ਵਾਰਾਂ ਭਾਈ ਗੁਰਦਾਸ,*** ਵਾਰ ਪਹਿਲੀ, ਪਉੜੀ 29, ਪੰਨਾ 15

30. ਡਾ. ਸੁਖਵਿੰਦਰ ਕੌਰ ਬਾਜਵਾ, ***ਉਤਰ ਆਧੁਨਿਕਤਾਵਾਦ ਅਤੇ ਗੁਰਬਾਣੀ***, ਪੰਨਾ 84

31. ***ਗੁਰੂ ਗ੍ਰੰਥ ਸਾਹਿਬ***, ਪੰਨਾ 938

32. ਉਹੀ, ਪੰਨਾ 938

33. ਉਹੀ, ਪੰਨਾ 938

34. ਉਹੀ, ਪੰਨਾ 938

35. ਉਹੀ, ਪੰਨਾ 938

36. ਉਹੀ, ਪੰਨਾ 938

37. ਉਹੀ, ਪੰਨਾ 939

38. ਉਹੀ, ਪੰਨਾ 939

39. ਉਹੀ, ਪੰਨਾ 939

40. "Saintly acts of generivisty may restore a kind of moral equilibrium to moral interaction by generating selflessness in others who were previously motivated by self interest" Adita wyschogrod, ***Saints and Post Modernism***, p. 59

41. ***ਗੁਰੂ ਗ੍ਰੰਥ ਸਾਹਿਬ***, ਪੰਨਾ 940

42. ਉਹੀ, ਪੰਨਾ 940

43. ਭਾਈ ਜੋਧ ਸਿੰਘ, ***ਸਿੱਧ ਗੋਸਟਿ ਇਕ ਅਧਿਐਨ***, ਪੰਨਾ 15

44. ***ਗੁਰੂ ਗ੍ਰੰਥ ਸਾਹਿਬ***, ਪੰਨਾ 940

45. ਉਹੀ, ਪੰਨਾ 940

46. ਉਹੀ, ਪੰਨਾ 943

47. ਉਹੀ, ਪੰਨਾ 943

48. ਉਹੀ, ਪੰਨਾ 943

49. ਭਾਈ ਜੋਧ ਸਿੰਘ, ***ਸਿੱਧ ਗੋਸਟਿ ਇਕ ਅਧਿਐਨ***, ਪੰਨਾ 17

50. ***ਗੁਰੂ ਗ੍ਰੰਥ ਸਾਹਿਬ***, ਪੰਨਾ 943

51. ਉਹੀ, ਪੰਨਾ 938

52. ਉਹੀ, ਪੰਨਾ 944

53. ਉਹੀ, ਪੰਨਾ 944

54. ਉਹੀ, ਪੰਨਾ 942-43

55. ਉਹੀ, ਪੰਨਾ 943

56. ਉਹੀ, ਪੰਨਾ 945

57. ਉਹੀ, ਪੰਨਾ 945

58. ਉਹੀ, ਪੰਨਾ 945-46

59. "The concept of the self is not only close to the core of our personal belief, it also approaches the one the secret heart of Post Modernism thought.it is the point at which it become the ideas of postmodernism intellectuals and those that have been running throught spiritual teachings for contracts." Walter Truett Anderson (ed.) ***The Fontana Post Modernism,*** p.218

60. ***ਗੁਰੂ ਗ੍ਰੰਥ ਸਾਹਿਬ***, ਪੰਨਾ 946

61. ਡਾ. ਪਿਆਰ ਸਿੰਘ, ***ਗੁਰੂ ਨਾਨਕ ਸੰਬੰਧੀ ਤਿੰਨ ਖੋਜ ਪੱਤਰ,*** ਪੰਨਾ 2-3

62 ਡਾ. ਰਤਨ ਸਿੰਘ ਜੱਗੀ, ***ਪੂਰਬੋਕਤ***, ਪੰਨਾ 67

63 ਉਧਰਿਤ, ਜਸਬੀਰ ਸਿੰਘ ਸਾਬਰ, ਗਿਆਨ ਰਤਨਾਵਲੀ, ***ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਸੰਪਾਦਨ ਅਤੇ ਪਾਠ- ਆਲੋਚਨ***, ਪੰਨਾ 20

64 ਉਹੀ, ਪੰਨਾ 20

65. The Janam Sakhis are hagiographic accounts of the life of Guru Nanak, each consisting of a series of separate incidents, of chapters, entitled sakhis or ghosht (***Guru Nanak and Sikh Religion***,p. 8)

66. Janam Sakhi literary means a birth story.Each Sakhis usually Deals With a single incident. A number of Sakhis are normally put together in chronological or well planned. There is very little literary quality in these compositions. Indeed it has been said that they were written by semi literate scribers for the benefit of an wholly illiterate people. (Khushwant Singh, A History of the Sikhs, vol. 1, p.299)

67. ਭਾਈ ਕਾਨ੍ਹ ਸਿੰਘ ਨਾਭਾ, ***ਮਹਾਨ ਕੋਸ਼***, ਪੰਨਾ 504

68. ***Early Sikh Tradition***, p. 11

69. "The Composite term 'Janam Sakhi' means literally 'birth evidence' or more loosely evidence of a particular persons's life.
ਡਬਲਿਊ ਐਚ ਮੈਕਲੌਡ, ਜਨਮਸਾਖੀ ਗੁਰੂ ਨਾਨਕ ਦੇਵ ਜੀ, ਸੈਂਚੀ ਦੂਜੀ, ਖਾਲਸਾ ਕਾਲਜ, ਅੰਮ੍ਰਿਤਸਰ ਵਿਚ ***'ਦ ਮਿਹਰਬਾਨ ਜਨਮਸਾਖੀ'*** ਨਾਮੀ ਰਚਿਤ ਲੇਖ, ਪੰਨਾ 11

70. ਡਾ. ਪਿਆਰ ਸਿੰਘ (ਸੰਪਾ), ***ਜਨਮਪਤ੍ਰੀ ਬਾਬੇ ਨਾਨਕ ਜੀ ਕੀ***, ਪੰਨਾ 92

71. ਭਾਈ ਕਾਨ੍ਹ ਸਿੰਘ ਨਾਭਾ, ***ਮਹਾਨ ਕੋਸ਼***, ਪੰਨਾ 219

72. ਉਹੀ, ਪੰਨਾ 377

73. ਡਾ. ਰਤਨ ਸਿੰਘ ਜੱਗੀ, (ਸੰਪਾ), ***ਸਾਹਿਤ ਕੋਸ਼ ਪਰਿਭਾਸ਼ਕ ਸ਼ਬਦਾਵਲੀ***, ਪੰਨਾ 529

74. ਨਗੇਂਦਰ ਨਾਥ ਵਸੁ (ਸੰਪਾ), ***ਹਿੰਦੀ ਵਿਸ਼ਵਕੋਸ਼***, ਪੰਨਾ 737

75. ਭਾਈ ਕਾਨ੍ਹ ਸਿੰਘ ਨਾਭਾ, ***ਮਹਾਨ ਕੋਸ਼***, ਪੰਨਾ 135

76. ਉਹੀ, ਪੰਨਾ 377

77. ਡਾ. ਸੁਰਿੰਦਰ ਸਿੰਘ ਕੋਹਲੀ (ਸੰਪਾ), ***ਪੰਜਾਬੀ ਸਾਹਿਤ ਕੋਸ਼***, ਪੰਨਾ 413

78. ***ਹਿੰਦੀ ਸਾਹਿਤ ਕੋਸ਼***, ਪੰਨਾ 599

79. ਡਾ. ਸਰਨਾਮ ਸਿੰਘ, ***ਕਬੀਰ: ਵਿਅਕਤਿਤਵ ਕ੍ਰਿਤਿਤਵ ਏਵੰ ਸਿਧਾਂਤ***, ਪੰਨਾ 577

80. ***A History of the Sikhs***, vol. 1, p.299

81. ਡਾ. ਦੀਵਾਨ ਸਿੰਘ, ***ਜਨਮਸਾਖੀ ਗੁਰੂ ਨਾਨਕ ਦੇਵ ਜੀ***, ਸੈਂਚੀ ਦੂਜੀ, ਖਾਲਸਾ ਕਾਲਜ, ਅੰਮ੍ਰਿਤਸਰ, ਵਿਚ 'ਜਨਮਸਾਖੀ ਮਿਹਰਬਾਨ ਇਕ ਮੁਲਾਂਕਣ ਨਾਮੀ' ਲੇਖ, ਪੰਨਾ 55

82. ਡਾ. ਹਰਭਜਨ ਸਿੰਘ, ***ਮੁੱਲ ਤੇ ਮੁਲਾਂਕਣ***, ਪੰਨਾ 52-53

83 ਡਾ.ਤਾਰਨ ਸਿੰਘ, ***ਜਨਮਸਾਖੀ ਗੁਰੂ ਨਾਨਕ ਦੇਵ ਜੀ***, ਸੈਂਚੀ ਪਹਿਲੀ, ਖਾਲਸਾ ਕਾਲਜ ਅੰਮ੍ਰਿਤਸਰ ਵਿਚ 'ਗੋਸਟੀਆਂ ਦੀ ਪ੍ਰੰਪਰਾ' ਨਾਮੀ ਲੇਖ, ਪੰਨਾ 32

84. ਡਾ. ਵਣਜਾਰਾ ਬੇਦੀ, ***ਮੱਧਕਾਲੀ ਪੰਜਾਬੀ ਕਥਾ ਰੂਪ ਤੇ ਪਰੰਪਰਾ***, ਪੰਨਾ 77

85. ***ਸ੍ਰੀ ਗੁਰੂ ਗ੍ਰੰਥ ਸਾਹਿਬ***, ਪੰਨਾ 351

86. ੳਹੀ, ਪੰਨਾ 1039

87. ਉਹੀ, ਪੰਨਾ 877

88. ਉਹੀ, ਪੰਨਾ 1192

89. ਉਹੀ, ਪੰਨਾ 677

90. ਡਾ. ਤਰਲੋਚਨ ਸਿੰਘ ਬੇਦੀ, ***ਪੰਜਾਬੀ ਵਾਰਤਕ ਦਾ ਆਲੋਚਨਾਤਮਕ ਅਧਿਐਨ***, ਪੰਨਾ 21

91. ਉਹੀ, ਪੰਨਾ 26

92. ਉਧਰਿਤ, ***ਖੋਜ ਪਤ੍ਰਿਕਾ***, ਪੁਰਾਤਨ ਵਾਰਤਕ ਵਿਸ਼ੇਸ਼ ਅੰਕ, ਡਾ. ਗੁਰਦੀਪ ਕੌਰ ਦਾ ਲੇਖ, ਪੁਰਾਤਨ ਪੰਜਾਬੀ ਵਾਰਤਕ ਵਿਚ ਗੋਸ਼ਟਿ ਪਰੰਪਰਾ, ਪੰਨਾ 321

93. ਉਹੀ, ਪੰਨਾ 320

94. ਡਾ. ਪਿਆਰ ਸਿੰਘ, 'ਗੱਦ ਸਾਹਿਤ', ***ਪੰਜਾਬੀ ਸਾਹਿਤ ਦਾ ਇਤਿਹਾਸ,*** ਪੰਨਾ 743

95. ***ਵਾਰਾਂ ਭਾਈ ਗੁਰਦਾਸ,*** ਵਾਰ ਪਹਿਲੀ, ਕਮੇਟੀ, ਪੰਨਾ 20

96. ਭਾਈ ਵੀਰ ਸਿੰਘ, ***ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ*** (ਸੰਪਾ.), ਪੰਨਾ 22-104

97. ਡਾ. ਪਿਆਰ ਸਿੰਘ (ਸੰਪਾ), ***ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਪੰਨਾ 37-133

98. ਸੇਵਾ ਸਿੰਘ ਸੇਵਕ (ਸੰਪਾ), ***ਪ੍ਰਾਚੀਨ ਜਨਮਸਾਖੀ***, ਪੰਨਾ 40-262

99. ਡਾ. ਸੁਰਿੰਦਰ ਸਿੰਘ ਕੋਹਲੀ (ਸੰਪਾ), ***ਜਨਮਸਾਖੀ ਭਾਈ ਬਾਲਾ***, ਪੰਨਾ 166-279

100. ਡਾ. ਮੋਹਨ ਸਿੰਘ ਦੀਵਾਨਾ, ***ਪੰਜਾਬੀ ਸਾਹਿਤ ਦੀ ਇਤਿਹਾਸ ਰੇਖਾ***, ਪੰਨਾ 170

101. ਡਬਲਿਊ ਐਚ ਮੈਕਲੋਡ, ***ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਸੈਂਚੀ ਦੂਜੀ, ਵਿਚ ਲੇਖ 'ਦ ਮਿਹਰਬਾਨ ਜਨਮਸਾਖੀ', ਪੰਨਾ 3

102. ਉਧਰਿਤ, ***ਖੋਜ ਪਤ੍ਰਿਕਾ***, ਪੁਰਾਤਨ ਵਿਸ਼ੇਸ਼ ਅੰਕ, ਵਿਚ ਲੇਖ ਡਾ. ਗੁਰਦੀਪ ਕੌਰ ਕਿਰਨ, 'ਪੰਜਾਬੀ ਵਾਰਤਕ ਵਿਚ ਗੋਸ਼ਟਿ ਪਰੰਪਰਾ', ਪੰਨਾ 326

103. ਡਾ. ਕਿਰਪਾਲ ਸਿੰਘ, (ਸੰਪਾ.), ***ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਪੰਨਾ 519

104. ਉਹੀ, ਪੰਨਾ 5

105. ਉਧਰਿਤ, ***ਖੋਜ ਪਤ੍ਰਿਕਾ***, ਪੁਰਾਤਨ ਵਿਸ਼ੇਸ ਅੰਕ, ਵਿਚ ਲੇਖ ਡਾ. ਗੁਰਦੀਪ ਕੌਰ ਕਿਰਨ, 'ਪੁਰਾਤਨ ਪੰਜਾਬੀ ਵਾਰਤਕ ਵਿਚ ਗੋਸ਼ਟਿ ਪਰੰਪਰਾ' ਪੰਨਾ 327

106. ਉਹੀ, ਪੰਨਾ 327

107. ਡਾ. ਗੋਵਿੰਦ ਨਾਥ ਰਾਜਗੁਰੂ, ***ਗੋਸ਼ਟਿ ਗੁਰੂ ਮਿਹਰਵਾਨ*** (ਹਿੰਦੀ), ਪੰਨਾ 171-72

108. ਸ਼ਮਸ਼ੇਰ ਸਿੰਘ ਅਸ਼ੋਕ, ***ਸ਼ੀ ਗੁਰੂ ਨਾਨਕ ਦੇਵ ਜੀ ਦੀਆਂ ਗੋਸ਼ਟਾਂ*** (ਖੋਜ ਪੱਤਰ).

109. ਡਾ. ਮੋਹਨ ਸਿੰਘ ਦੀਵਾਨਾ, ***ਪੰਜਾਬੀ ਸਾਹਿਤ ਦੀ ਇਤਿਹਾਸ ਰੇਖਾ***, ਪੰਨਾ 171

110. ***ਪੰਜਾਬੀ ਸਾਹਿਤ ਦਾ ਇਤਿਹਾਸ,*** ਭਾਗ ਪਹਿਲਾ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਪੰਨਾ 718

111. ਪ੍ਰੋ. ਪ੍ਰੀਤਮ ਸਿੰਘ, ***ਸ੍ਰੇਸ਼ਟ ਗੋਸ਼ਟਾਂ*** (ਅਨੁ.)

112. ਡਾ. ਕਰਨੈਲ ਸਿੰਘ ਥਿੰਦ, ***ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ***, ਪੰਨਾ 62

113. ***ਮਾਨਕ ਹਿੰਦੀ ਕੋਸ਼***, ਭਾਗ ਤੀਜਾ, ਪੰਨਾ 414

114. ਉਹੀ, ਪੰਨਾ 414

115. ***A Critical Study of Punjabi Prose in the Twentieth Centsury***, p. 68

116. ***ਹਿੰਦੀ ਵਿਸ਼ਵ ਕੋਸ਼***, ਭਾਗ ਚੋਥਾ, ਪੰਨਾ 307

117. ਭਾਈ ਕਾਨ੍ਹ ਸਿੰਘ ਨਾਭਾ, ***ਮਹਾਨ ਕੋਸ਼***, ਪੰਨਾ 748

118. ਡਾ. ਤਾਰਨ ਸਿੰਘ, ***ਜਨਮਸਾਖੀ ਗੁਰੂ ਨਾਨਕ ਦੇਵ ਜੀ***, ਸੈਂਚੀ ਪਹਿਲੀ, ਖਾਲਸਾ ਕਾਲਜ ਅੰਮ੍ਰਿਤਸਰ ਵਿਚ 'ਗੋਸ਼ਟੀਆਂ ਦੀ ਪ੍ਰੰਪਰਾ', ਪੰਨਾ 33

119. ਡਾ. ਤਾਰਨ ਸਿੰਘ, ***ਜਨਮਸਾਖੀ ਗੁਰੂ ਨਾਨਕ ਦੇਵ ਜੀ ਦੀ***, ਪੋਥੀ ਪਹਿਲੀ, ਖਾਲਸਾ ਕਾਲਜ ਅੰਮ੍ਰਿਤਸਰ ਵਿਚ 'ਗੁਰਬਾਣੀ ਪਰਮਾਰਥ' ਨਾਮੀ ਲੇਖ, ਪੰਨਾ 97

120. ਹੱਥ ਲਿਖਤ ਨੰ. 1193, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਪੰਨਾ 1-8

121. ਭਾਈ ਕਾਨ੍ਹ ਸਿੰਘ ਨਾਭਾ, ***ਮਹਾਨ ਕੋਸ਼***, ਪੰਨਾ 208

122. ਉਹੀ, ਪੰਨਾ 832

123. ਡਾ. ਜਗਜੀਤ ਸਿੰਘ, ***ਜਨਮਸਾਖੀ ਗੁਰੂ ਨਾਨਕ ਦੇਵ ਜੀ ਦਾ ਤਾਰਕਿਕ ਅਧਿਐਨ***, ਪੰਨਾ 54

124. ਭਾਈ ਕਾਨ੍ਹ ਸਿੰਘ ਨਾਭਾ, ***ਮਹਾਨ ਕੋਸ਼***, ਪੰਨਾ 931

125. ਸ.ਸ. ਵਣਜਾਰਾ ਬੇਦੀ, ***ਮੱਧਕਾਲੀਨ ਪੰਜਾਬੀ ਕਥਾ ਰੂਪ ਤੇ ਪ੍ਰੰਪਰਾ***, ਪੰਨਾ 82

126. ਡਾ. ਮਲਕੀਅਤ ਸਿੰਘ, ***ਮੱਧਕਾਲ ਦੀ ਪੰਜਾਬੀ ਵਾਰਤਕ ਸਰੂਪ, ਵਿਕਾਸ ਤੇ ਭਾਸ਼ਾ***, ਪੰਨਾ 62

127. ਡਾ. ਗੁਰਦੀਪ ਕੌਰ, ***ਪੁਰਾਤਨ /ਮਧਕਾਲੀਨ ਪੰਜਾਬੀ ਵਾਰਤਕ ਦਾ ਆਲੋਚਨਾਤਮਕ ਅਧਿਅਨ***, ਪੰਨਾ 23

128. ਸ.ਸ. ਵਣਜਾਰਾ ਬੇਦੀ, ***ਮੱਧਕਾਲੀਨ ਪੰਜਾਬੀ ਕਥਾ ਰੂਪ ਤੇ ਪ੍ਰੰਪਰਾ***, ਪੰਨਾ 82

129. ਹ. ਲਿ. ਨੰ. 359, ਭਾਸ਼ਾ ਵਿਭਾਗ, ਪਟਿਆਲਾ.

130. ਹ. ਲਿ ਨੰ.1339 ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

131. ਡਾ. ਸੁਰਿੰਦਰ ਸਿੰਘ ਕੋਹਲੀ, ***ਪੁਰਾਤਨ ਪੰਜਾਬੀ ਵਾਰਤਕ, ਸਰੂਪ ਸਿਧਾਂਤ ਤੇ ਵਿਕਾਸ***, ਪੰਨਾ 201

132. ਉਹੀ, ਪੰਨਾ 201

133. ਡਾ.ਰਤਨ ਸਿੰਘ ਜੱਗੀ, ***ਪੁਰਾਤਨ ਪੰਜਾਬੀ ਵਾਰਤਕ, ਵਿਕਾਸ ਅਤੇ ਵਿਸ਼ਲੇਸ਼ਣ***, ਪੰਨਾ 327

134. ਡਾ. ਸੁਰਿੰਦਰ ਸਿੰਘ ਕੋਹਲੀ, ***ਪੁਰਾਤਨ ਪੰਜਾਬੀ ਵਾਰਤਕ***, ਪੰਨਾ 79

135. ਭਾਈ ਕਾਨ੍ਹ ਸਿੰਘ ਨਾਭਾ, ***ਗੁਰ ਸ਼ਬਦ ਰਤਨਾਕਰ-ਮਹਾਨ ਕੋਸ਼***, ਪੰਨਾ-278

136. ਸ.ਰੂਪ ਸਿੰਘ, ***ਹੁਕਮਨਾਮੇ ਆਦੇਸ਼ ਸੰਦੇਸ਼ ਸ੍ਰੀ ਅਕਾਲ ਤਖਤ ਸਾਹਿਬ***, ਪੰਨਾ 42

137. ਸ. ਹਰਬੰਸ ਸਿੰਘ, ***ਦਾ ਇਨਸਾਈਕਲੋਪੀਡੀਆ ਆਫ ਸਿੱਖਇਜ਼ਮ***, ਪੰਨਾ 289

138. ਸ. ਰੂਪ ਸਿੰਘ, ***ਹੁਕਮਨਾਮੇ ਆਦੇਸ਼ ਸੰਦੇਸ਼ੜਸ੍ਰੀ ਅਕਾਲ ਤਖ਼ਤ ਸਾਹਿਬ***, ਪੰਨਾ 43

139. ਕਰਮ ਸਿੰਘ ਹਿਸਟੋਰੀਅਨ, ***ਕੱਤਕ ਕਿ ਵਿਸਾਖ***, ਪੰਨਾ 240-41

140. ਡਾ. ਪਿਆਰ ਸਿੰਘ, ***ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਪੰਨਾ 7-8

141. ***ਖੋਜ ਪਤ੍ਰਿਕਾ***, ਪੁਰਾਤਨ ਵਾਰਤਕ ਵਿਸ਼ੇਸ਼ ਅੰਕ, ਮੁੱਖ ਸੰਪਾਦਕ ਡਾ. ਰਤਨ ਸਿੰਘ ਜੱਗੀ, ਪੰਨਾ 319

142. ਪ੍ਰੋ. ਪੂਰਨ ਸਿੰਘ, ***ਖੁਲੇ ਲੇਖ***, ਪੰਨਾ 182

143. Dr. Piyar, ***A Critical Survey of Panjabi Prose in Seventeenth Century***, p. 149

144. ਡਾ. ਪਿਆਰ ਸਿੰਘ, ***ਪੰਜਾਬੀ ਸਾਹਿਤ ਦਾ ਇਤਿਹਾਸ***, ਪੰਨਾ 746

145. ਪਿਆਰਾ ਸਿੰਘ ਪਦਮ, ***ਪੰਜਾਬੀ ਸਾਹਿਤ ਦੀ ਰੂਪ ਰੇਖਾ***, ਪੰਨਾ 244

146. ਡਾ. ਮੋਹਨ ਸਿੰਘ ਦੀਵਾਨਾ, ***ਹਿਸਟਰੀ ਆਫ ਪੰਜਾਬੀ ਲਿਟਰੇਚਰ***, ਪੰਨਾ30

147. ਡਾ. ਸੁਰਿੰਦਰ ਸਿੰਘ ਕੋਹਲੀ, ***ਪੰਜਾਬੀ ਸਾਹਿਤ ਦਾ ਇਤਿਹਾਸ***, ਪੰਨਾ 176

148. ***ਪ੍ਰਾਣ ਸੰਗਲੀ***, (ਹਿੰਦੀ) ਪੰਨਾ 833

149. ***ਖੋਜ ਪਤ੍ਰਿਕਾ***, 1967-68 , ਪੰਨਾ 83

150. ਭਾਈ ਵੀਰ ਸਿੰਘ, ***ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, (ਸੰਪਾ.) ਪੰਨਾ 167-68

151 ਉਹੀ, ਪੰਨਾ 116

152. ਉਹੀ ਪੰਨਾ 116

153. ਡਾ. ਪਿਆਰ ਸਿੰਘ, ***ਪੰਜਾਬੀ ਸਾਹਿਤ ਦਾ ਇਤਿਹਾਸ,*** ਪੰਨਾ 695

154. ***ਵਾਰਾਂ ਭਾਈ ਗੁਰਦਾਸ,*** ਸ਼੍ਰੋ. ਗੁ. ਪ੍ਰਬੰਧਕ ਕਮੇਟੀ, ਪਉੜੀ 37, ਪੰਨਾ 19

155. ***ਪੰਜਾਬੀ ਸਾਹਿਤ ਦਾ ਇਤਿਹਾਸ,*** ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਪੰਨਾ 396

156. ਉਹੀ, ਸੈਂਚੀ ਪਹਿਲੀ, ਪੰਨਾ 8

157. ਡਾ. ਪਿਆਰ ਸਿੰਘ B 40, ***ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, (ਸੰਪਾ.) ਪੰਨਾ 100

158. ਸੇਵਾ ਸਿੰਘ ਸੇਵਕ, ***ਪ੍ਰਾਚੀਨ ਜਨਮਸਾਖੀ***, (ਸੰਪਾ.), ਪੰਨਾ 255

159. ਡਾ. ਸੁਰਿੰਦਰ ਸਿੰਘ ਕੋਹਲੀ, ***ਜਨਮਸਾਖੀ ਭਾਈ ਬਾਲਾ***, (ਸੰਪਾ.), ਪੰਨਾ 275-285

160. ਡਾ. ਪਿਆਰ ਸਿੰਘ, ***ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, (ਸੰਪਾ.) ਪੰਨਾ 15

161. ***ਖੋਜ ਪਤ੍ਰਿਕਾ***, ਮਈ, 1970, ਪੰਨਾ 62.

162. ਉਹੀ, ਪੰਨਾ 65

163. ਸ਼ਮਸ਼ੇਰ ਸਿੰਘ ਅਸ਼ੋਕ, ***ਗੁਰੂ ਨਾਨਕ ਦੇਵ ਜੀ ਦੀਆਂ ਗੋਸ਼ਟਾਂ***,

164 ***ਖੋਜ ਪਤ੍ਰਿਕਾ***, ਮਈ 1970, ਪੰਨਾ 62

165. ਡਾ. ਕੁਲਵੰਤ ਸਿੰਘ, ***ਮੱਕੇ ਮਦੀਨੇ ਦੀ ਗੋਸ਼ਟਿ*** , ਪੰਨਾ 5

166. ਡਾ. ਮੋਹਨ ਸਿੰਘ ਦੀਵਾਨਾ, ***ਪੰਜਾਬੀ ਸਾਹਿਤ ਦੀ ਇਤਿਹਾਸ ਰੇਖਾ***, ਪੰਨਾ 171

167. ਡਾ. ਸੁਰਿੰਦਰ ਸਿੰਘ ਕੋਹਲੀ, **ਪੁਰਾਤਨ ਪੰਜਾਬੀ ਵਾਰਤਕ**, (ਸੰਪਾ.), ਪੰਨਾ 18

168. ਡਾ. ਪਿਆਰ ਸਿੰਘ, **ਪੰਜਾਬੀ ਸਾਹਿਤ ਦਾ ਇਤਿਹਾਸ,** ਭਾਗ ਦੂਜਾ, ਪੰਨਾ 746

169. ਪਿਆਰਾ ਸਿੰਘ ਪਦਮ, **ਪੰਜਾਬੀ ਸਾਹਿਤ ਦੀ ਰੂਪ ਰੇਖਾ**, ਪੰਨਾ 256

170. ਡਾ. ਮੋਹਨ ਸਿੰਘ ਦੀਵਾਨਾ, **ਪੰਜਾਬੀ ਸਾਹਿਤ ਦੀ ਇਤਿਹਾਸ ਰੇਖਾ**, ਪੰਨਾ 171

# ਅਧਿਆਇ ਦੂਜਾ

# ਪੰਜਾਬੀ ਗੋਸ਼ਟਾਂ : ਵਿਭਿੰਨ ਸੰਦਰਭ ਤੇ ਸਰੋਕਾਰ

ਮੱਧਕਾਲੀ ਗੋਸ਼ਟਿ/ਸਾਖੀ ਸਾਹਿਤ ਪੰਜਾਬੀ ਸਾਹਿਤ ਦੇ ਖੇਤਰ ਵਿਚ ਮਹੱਤਵਪੂਰਨ ਸਥਾਨ ਰੱਖਦਾ ਹੈ। ਇਹਨਾਂ ਵਿਚ ਸ਼ਰਧਾਲੂਆਂ ਨੇ ਨਾ ਕੇਵਲ, ਆਪਣੇ ਨਾਇਕਾਂ ਦੇ ਜੀਵਨ ਚਰਿੱਤਰ ਵੀ ਪ੍ਰਸਤੁਤ ਕੀਤੇ ਸਗੋਂ ਕਲਾਤਮਕ ਕਾਵਿ/ਵਾਰਤਕ ਵਿਚ ਤਤਕਾਲੀਨ ਯੁਗ ਦੀਆਂ ਪ੍ਰਸਥਿਤੀਆਂ ਨੂੰ ਵੀ ਪ੍ਰਤਿਬਿੰਬਤ ਕੀਤਾ ਹੈ। ਗੁਰੂ ਨਾਨਕ ਦੇ ਸਮੇਂ ਭਾਰਤੀ ਸਮਾਜ, ਦੋ ਮੁੱਖ ਫਿਰਕਿਆਂ, ਹਿੰਦੂ ਤੇ ਮੁਸਲਮਾਨ ਵਿਚ ਵੰਡਿਆਂ ਹੋਇਆ ਸੀ। ਮੁਸਲਮਾਨਾਂ ਵਿਚ ਖਾਨ, ਮਲਕ, ਸਈਅਦ, ਅਮੀਰ ਅਤੇ ਆਮ ਮੁਸਲਮਾਨ ਸ਼ਾਮਿਲ ਸਨ। ਹਿੰਦੂ ਚਾਰ ਵਰਗਾਂ ਵਿਚ ਵੰਡੇ ਹੋਏ ਸਨਃ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ। ਹਿੰਦੂਆਂ ਦੀ ਇਕ ਹੋਰ ਵੰਡ ਸੀ-ਵੈਰਾਗੀ, ਵੈਸ਼ਨਵ, ਉਦਾਸੀ ਆਦਿ। ਨਾਥ ਜੋਗੀਆਂ ਵਿਚ ਵੀ ਅਜਿਹੀਆਂ ਸੰਪਰਦਾਵਾਂ ਸਨ ਜਿਵੇਂ ਗੋਰਖ ਨਾਥ ਅਵਧੂਤ ਸਨ, ਚਰਪਟ ਪਾਖੰਡੀ ਯੋਗੀ ਸਨ, ਭਰਥਰੀ ਵੈਰਾਗੀ ਸਨ ਆਦਿ। ਇਹਨਾਂ ਤੋਂ ਇਲਾਵਾਂ ਭਾਰਤੀ ਸਮਾਜ ਵਿਚ ਜੈਨੀ (ਸਰੇਵੜੇ) ਅਤੇ ਬੋਧੀ (ਭਿਕਸ਼ੂ) ਆਦਿ ਵੀ ਸਨ। ਗੁਰੂ ਨਾਨਕ ਨੇ ਭਾਰਤੀ ਸਮਾਜ ਵਿਚ ਇਕ ਨਵੇਂ ਮੱਤ ਗੁਰਮਤਿ ਦਾ ਮੁੱਢ ਬੰਨਿਆ ਅਤੇ ਸਮੇਂ ਦੇ ਪੈਰੋਕਾਰਾਂ ਨਾਲ ਵਿਚਾਰ-ਵਟਾਂਦਰਾਂ ਕੀਤਾ। ਗੋਸ਼ਟਿ/ਸਾਖੀ ਸਾਹਿਤ ਦੀ ਡੂੰਘੀ ਘੋਖ ਜਾਂ ਵਿਸ਼ਲੇਸ਼ਣ ਤੋਂ ਸਪਸ਼ਟ ਹੁੰਦਾ ਹੈ ਕਿ ਇਸ ਸਾਹਿਤ ਦੀ ਮੁੱਖ ਮਨੋਬ੍ਰਿਤੀ ਅਧਿਆਤਮਕ ਸੀ। ਇਹ ਮਨੋਬ੍ਰਿਤੀ ਪਦਾਰਥਕ, ਨੈਤਿਕ ਅਤੇ ਬੌਧਿਕ ਮੰਜ਼ਿਲਾਂ ਤਹਿ ਕਰਦੀ ਹੋਈ ਅਧਿਆਤਮਕ ਨਿਸ਼ਾਨੇ ਵਲ ਵਧਦੀ ਹੈ। ਇਹ ਅਧਿਆਤਮਕ ਸੋਚ, ਜੀਵਨ ਦੇ ਦੁਨਿਆਵੀ ਪੜਾਵਾਂ ਉਤੇ ਧਾਰਮਿਕ ਫਲਸਫ਼ੇ ਨੂੰ ਵੀ ਸਮਝਣ ਵਲ ਰੁਚਿਤ ਹੈ। ਇਸ ਗੋਸ਼ਟਿ/ਸਾਖੀ ਸਾਹਿਤ ਦੀ ਇਕ ਬ੍ਰਿਤੀ ਇਹ ਵੀ ਹੈ ਕਿ ਮਾਨਵ-ਜਾਤੀ ਦੇ ਅਨੇਕ ਰੂਪਾਂ ਵਿਚ ਵਿਤਕਰਾਂ ਨਹੀਂ ਕਰਦੀ ਸਗੋਂ ਇਕ ਸਾਂਝੀ ਸੋਚ ਤੇ ਸਰਬ ਸਾਂਝੇ ਅਧਿਆਤਮਕ ਅਤੇ ਗਿਆਨ ਸ਼ਾਸਤਰੀ ਪ੍ਰਸੰਗਾਂ ਵਲ ਰੁਚਿਤ ਹੈ। ਖੋਜ-ਪ੍ਰਬੰਧ ਦੇ ਇਸ

ਅਧਿਆਇ ਵਿਚ ਗੋਸ਼ਟਾਂ ਦੇ ਵਿਭਿੰਨ ਸੰਦਰਭਾਂ ਅਤੇ ਸਰੋਕਾਰਾਂ ਨੂੰ ਅਸੀਂ ਹੇਠ ਲਿਖੇ ਨੁਕਤਿਆਂ ਤੋਂ ਵਿਚਾਰਨ ਦੀ ਕੋਸ਼ਿਸ਼ ਕਰਾਂਗੇ।

(ੳ) ਗਿਆਨ ਸ਼ਾਸਤਰੀ ਸੰਦਰਭ ਤੇ ਸਰੋਕਾਰ

(ਅ) ਭਾਰਤੀ ਅਧਿਆਤਮਕਤਾ ਅਤੇ ਗੁਰਮਤਿ

(ੲ) ਇਸਲਾਮੀ ਅਧਿਆਤਮਕਤਾ ਅਤੇ ਗੁਰਮਤਿ

(ਸ) ਗੋਸ਼ਟਾਂ ਅਤੇ ਅਧਿਆਤਮਕ ਸੰਵਾਦ

## (ੳ) ਗਿਆਨ ਸ਼ਾਸਤਰੀ ਸੰਦਰਭ ਤੇ ਸਰੋਕਾਰ:

ਗਿਆਨ ਦਾ ਸੰਬੰਧ ਮਨੁੱਖ ਦੀ ਚੇਤਨਾ ਨਾਲ ਹੈ। ਆਦਿ ਕਾਲ ਤੋਂ ਹੀ ਮਨੁੱਖ ਇਸ ਜੀਵਨ ਨੂੰ ਚੰਗੇਰਾ ਤੇ ਸੁੱਖਾਂ ਭਰਿਆਂ ਬਣਾਉਣ ਲਈ ਯਤਨਸ਼ੀਲ ਰਿਹਾ। ਜਦੋਂ ਤੋਂ ਸ੍ਰਿਸ਼ਟੀ ਦੀ ਉਤਪਤੀ ਹੋਈ ਹੈ ਉਦੋਂ ਤੋਂ ਹੀ ਗਿਆਨ ਦੇ ਮਹੱਤਵ ਦੀ ਸਥਾਪਨਾ ਹੋਣੀ ਸ਼ੁਰੂ ਹੋ ਗਈ ਤੇ ਮਨੁੱਖ ਨੇ ਅਜਿਹੇ ਗਿਆਨ ਦੀ ਭਾਲ ਕਰਨੀ ਸ਼ੁਰੂ ਕਰ ਦਿੱਤੀ ਜਿਸ ਨਾਲ ਪ੍ਰਕਿਰਤੀ ਦੀਆਂ ਮਾਨਵ ਵਿਰੋਧੀ ਸ਼ਕਤੀਆਂ ਉਪਰ ਨਿੰਯਤਰਣ ਕਰਕੇ ਉਹ ਆਪਣੇ ਆਪ ਨੂੰ ਇਸ ਬ੍ਰਹਿਮੰਡ ਦਾ ਸਰਵੋਤਮ, ਸਮਰੱਥ ਤੇ ਸ਼ਕਤੀਸ਼ਾਲੀ ਜੀਵ ਹੋਣ ਦਾ ਮਾਣ ਹਾਸਿਲ ਕਰ ਸਕੇ। ਆਦਿ ਕਾਲ ਵਿਚ ਜਦੋਂ ਮਨੁੱਖ ਪਸ਼ੂਆਂ ਵਰਗਾ ਜੰਗਲੀ ਜੀਵਨ ਜਿਉਂ ਰਿਹਾ ਸੀ ਤਾਂ ਉਸ ਨੂੰ ਇਹ ਗਿਆਨ ਨਹੀਂ ਸੀ ਕਿ ਇਸ ਪ੍ਰਕਿਰਤੀ ਦੀਆਂ ਸ਼ਕਤੀਆਂ ਨੂੰ ਆਪਣੇ ਹੱਕ ਵਿਚ ਕਿਸ ਤਰ੍ਹਾਂ ਵਰਤਣਾ ਹੈ। ਮਨੁੱਖੀ ਜਾਂ ਸਮਾਜਿਕ ਵਿਕਾਸ ਨਾਲ ਗਿਆਨ ਦਾ ਵੀ ਵਿਕਾਸ ਹੋਣਾ ਸ਼ੁਰੂ ਹੋਇਆ। ਗਿਆਨ ਆਪਣੇ ਆਪ ਵਿਚ ਵਿਸ਼ਾਲ ਅਰਥਾਂ ਦਾ ਧਾਰਨੀ ਹੈ। ਸਾਹਿਤ ਵਿਚ ਬਹੁਤ ਲੰਮੇ ਸਮੇਂ ਤੋਂ ਗਿਆਨ ਬਾਰੇ ਚਰਚਾ ਚਲੀ ਆ ਰਹੀ ਹੈ। ਗਿਆਨ ਦੇ ਸਿਧਾਂਤ ਲਈ ਅੰਗਰੇਜ਼ੀ ਵਿਚ Epistemology ਸ਼ਬਦ ਵਰਤਿਆ ਗਿਆ ਹੈ। ਇਹ ਸ਼ਬਦ ਯੂਨਾਨੀ ਭਾਸ਼ਾ ਦੇ Episteme ਮੂਲ ਤੋਂ ਲਿਆ ਗਿਆ ਹੈ, ਜਿਸ ਦਾ ਅਰਥ 'ਗਿਆਨ' ਹੈ। Epistemology Episteme+logy ਦੋ ਸ਼ਬਦਾਂ ਦਾ ਸੁਮੇਲ ਹੈ। Episteme ਸ਼ਬਦ ਤੋਂ ਭਾਵ ਗਿਆਨ ਜਾਂ ਸਿਆਣਪ

ਭਰਿਆ ਕਥਨ ਹੈ ਅਤੇ logy ਤੋਂ ਭਾਵ ਤਰਕਸ਼ੀਲ ਜਾਂ ਵਿਗਿਆਨਕ ਅਧਿਐਨ ਹੈ।[1] ਇਸ ਤਰ੍ਹਾਂ ਗਿਆਨ ਮੀਮਾਂਸਾ ਗਿਆਨ ਦੇ ਵਿਧੀ-ਪੂਰਬਕ ਅਧਿਐਨ ਨਾਲ ਜੁੜੀ ਹੋਈ ਹੈ, ਅਰਥਾਤ ਗਿਆਨ ਮੀਮਾਂਸਾ ਜਾਂ ਗਿਆਨ ਦਾ ਸਿਧਾਂਤ ਦਰਸ਼ਨ-ਸ਼ਾਸਤਰ ਦੀ ਉਹ ਸ਼ਾਖਾ ਹੈ ਜੋ ਗਿਆਨ ਦੇ ਸਰੂਪ ਦੇ ਘੇਰੇ ਨਾਲ, ਇਸ ਦੀਆਂ ਪੂਰਵ ਮਨੌਤਾਂ ਤੇ ਆਧਾਰਸ਼ਿਲਾ ਨਾਲ ਅਤੇ ਗਿਆਨ ਪ੍ਰਾਪਤੀ ਦੇ ਦਾਅਵਿਆਂ ਦੀ ਵਿਆਪਕ ਭਰੋਸੇਮੰਦੀ ਨਾਲ ਸੰਬੰਧਿਤ ਹੈ।[2] ਗਿਆਨ ਮਨੁੱਖ ਨੂੰ ਉੱਤਮ ਅਤੇ ਉਚੱਤਮ ਬਣਾਉਣ ਦਾ ਉਪਰਾਲਾ ਹੈ ਜੋ ਗਿਆਨ ਨਾਲ ਸੰਬੰਧਿਤ ਸਮੱਸਿਆਵਾਂ ਦਾ ਵਿਧੀ ਪੂਰਵਕ ਤੇ ਵਿਸਤਾਰ ਸਹਿਤ ਵਿਸ਼ਲੇਸ਼ਣ ਕਰਦਾ ਹੈ। ਪੱਛਮੀ ਵਿਦਵਾਨਾਂ ਨੇ ਵੀ 'ਗਿਆਨ' ਸ਼ਬਦ ਦੇ ਅਰਥ ਜਾਣਕਾਰੀ ਜਾਂ ਗ੍ਰਹਿਣ ਕੀਤੀ ਹੋਈ ਸੂਝ ਕੀਤੇ ਹਨ। ਫਿਲਾਸਫੀ ਦੇ ਇਕ ਸ਼ਬਦ ਕੋਸ਼ ਅਨੁਸਾਰ 'ਗਿਆਨ' ਦਾ ਅਰਥ 'ਸੰਬੰਧਾ' ਤੇ ਜੋੜਾ ਦੀ ਜਾਣਕਾਰੀ ਅਤੇ ਬੁਝਿਆ ਹੋਇਆ ਸੱਚ ਹੈ।[3] ਪੱਛਮੀ ਦਾਰਸ਼ਨਿਕ ਸ਼ਾਖਾ ਜਿਥੇ ਗਿਆਨ-ਮੀਮਾਂਸਾ ਅਖਵਾਉਂਦੀ ਹੈ, ਉਥੇ ਭਾਰਤੀ ਦਰਸ਼ਨ ਪ੍ਰਣਾਲੀ ਵਿਚ ਇਸ ਲਈ ਗਿਆਨ- ਸਾਧਨਾ ਹੀ ਵਧੇਰੇ ਪ੍ਰਚਲਿਤ ਹੋਇਆ ਹੈ।

ਅਸੀਂ ਇਹ ਜਾਣਦੇ ਹਾਂ ਕਿ ਦਰਸ਼ਨ ਸ਼ਾਸਤਰ ਦੀ ਮੁੱਖ ਸਮੱਸਿਆਂ ਪੂਰਣ ਗਿਆਨ ਪ੍ਰਾਪਤ ਕਰਕੇ ਉਸ ਨੂੰ ਇਕ ਵਿਸ਼ਵ ਦ੍ਰਿਸ਼ਟੀ ਕੋਣ ਦੀ ਸਵੀਕਾਰਤਾ ਵਿਚ ਸੰਗਠਿਤ ਕਰਨਾ ਹੈ। ਗਿਆਨ ਦਾ ਖੇਤਰ ਅਸੀਮ ਹੈ ਪਰੰਤੂ ਜਿਸ ਗਿਆਨ ਦੀ ਅਸੀਂ ਗੱਲ ਕਰ ਰਹੇ ਹਾਂ ਉਸ ਦੀ ਗਿਆਨ ਸੀਮਾ ਨੂੰ ਨਿਰਧਾਰਤ ਕਰ ਲੈਣਾ ਲਾਹੇਵੰਦ ਹੋਵੇਗਾ। ਵਿਚਾਰਵਾਨ ਮਨੁੱਖ ਜਾਂ ਪ੍ਰਤਿਭਾਸ਼ਾਲੀ ਮਹਾਨ ਪੁਰਸ਼ ਇਕ ਸਮੱਸਿਆਂ ਬਾਰੇ ਸ਼ੁਰੂ ਤੋਂ ਹੀ ਸੋਚਦਾ ਰਿਹਾ ਹੈ ਕਿ ਮਨੁੱਖ ਕੀ ਹੈ? ਇਹ ਕਿਥੋਂ ਆਇਆ ਹੈ? ਮੌਤ ਤੋਂ ਬਾਅਦ ਕੀ ਹੁੰਦਾ ਹੈ? ਮਨੁੱਖ ਨੇ ਕਿਸ ਨੂੰ ਪੈਦਾ ਕੀਤਾ ਹੈ ? ਸ੍ਰਿਸ਼ਟੀ ਜਾਂ ਬ੍ਰਹਿਮੰਡ ਕੀ ਹੈ? ਮਾਇਆ ਤੇ ਉਸ ਦਾ ਸਰੂਪ ਕੀ ਹੈ ਆਦਿ। ਹੋਰ ਬਹੁਤ ਸਾਰੇ ਜੀਵਨ ਨਾਲ ਸੰਬੰਧਿਤ ਸਵਾਲ ਹਨ ਜਿਨ੍ਹਾਂ ਬਾਰੇ ਮਨੁੱਖ ਸ਼ੁਰੂ ਤੋਂ ਸੋਚਦਾ ਆਇਆ ਹੈ।

ਉਪਰੋਕਤ ਪ੍ਰਸ਼ਨਾਂ ਦੇ ਉੱਤਰ ਗਿਆਨ ਦੇ ਆਧਾਰ 'ਤੇ ਹੀ ਦਿੱਤੇ ਜਾ ਸਕਦੇ ਹਨ। ਇਹ ਗਿਆਨ ਕੀ ਹੈ ਅਤੇ ਇਸ ਨੂੰ ਕਿਵੇਂ ਪ੍ਰਾਪਤ ਕੀਤਾ ਜਾ ਸਕਦਾ ਹੈ ਇਸ ਪ੍ਰਸ਼ਨ ਬਾਰੇ ਵੀ ਦੁਨੀਆਂ ਦੇ

ਵੱਖੋ-ਵੱਖਰੇ ਧਾਰਮਿਕ ਆਗੂਆ ਨੇ ਆਪੋ ਆਪਣੇ ਵਿਚਾਰ ਪੇਸ਼ ਕੀਤੇ ਹਨ। ਇਸ ਵਿਚਾਰਧਾਰਾ ਦੇ ਆਧਾਰ ਤੇ ਪੱਛਮੀ ਤੇ ਭਾਰਤੀ ਦਰਸ਼ਨ ਸ਼ਾਸਤਰ ਅਨੁਸਾਰ ਇਨ੍ਹਾਂ ਬਾਰੇ ਵਿਚਾਰ ਕਰਦੇ ਹਾਂ। ਸਪਸ਼ਟ ਹੈ ਕਿ ਗਿਆਨ ਪ੍ਰਾਕ੍ਰਿਤਕ, ਬੌਧਿਕ, ਯਥਾਰਥ ਅਤੇ ਅਧਿਆਤਮਕ ਨੂੰ ਸਮਝਣ ਦਾ ਉਪਰਾਲਾ ਹੈ।

ਭਾਰਤੀ ਵਿਚਾਰਧਾਰਾ ਵਿਚ ਗਿਆਨ ਦਾ ਸੰਕਲਪ ਵਧੇਰੇ ਵਿਸ਼ਾਲ ਤੇ ਵਿਆਪਕ ਹੈ। ਸ਼੍ਰੀ ਅਰਬਿੰਦੋ ਅਨੁਸਾਰ ਗਿਆਨ ਅਜਿਹੀ ਅਨੁਭਵ ਸ਼ਕਤੀ ਹੈ, ਜਿਹੜੀ ਬੁੱਧੀ ਦੀ ਸੀਮਾ ਤੋਂ ਮੁਕਤ ਹੋ ਕੇ ਸਮੁੱਚ ਨੂੰ ਆਤਮਾ ਦੀ ਦ੍ਰਿਸ਼ਟੀ ਨਾਲ ਦੇਖਦੀ ਹੈ ਅਤੇ ਹਕੀਕਤ ਨਾਲ ਜੁੜ ਕੇ ਪ੍ਰਾਪਤ ਕੀਤੀ ਜਾਂਦੀ ਹੈ।[4] ਇਸ ਤਰ੍ਹਾਂ ਗਿਆਨ ਕੇਵਲ ਫਲਸਫ਼ਾ ਨਹੀਂ, ਇਹ ਤਾਂ ਅੰਦਰ ਦੀ ਨਜ਼ਰ ਨਾਲ ਵੇਖਿਆ ਸੱਚ ਹੈ ਇਹ (ਅਧਿਆਤਮਕ ਗਿਆਨ) ਪ੍ਰਾਪਤ ਨਹੀਂ ਕੀਤਾ ਜਾਂਦਾ ਸਗੋਂ ਅੰਦਰੋਂ ਪੈਦਾ ਹੁੰਦਾ ਹੈ। ਅੰਦਰੋਂ ਪ੍ਰਕਾਸ਼ਮਾਨ ਹੋਣ ਕਰਕੇ ਇਸ ਨੂੰ ਦ੍ਰਿਸ਼ਟੀ ਆਖਿਆ ਜਾਂਦਾ ਹੈ ਅਤੇ ਅਧਿਆਤਮਕ ਚੇਤਨਾ ਦਾ ਦਰਜਾ ਦਿੱਤਾ ਗਿਆ ਹੈ।[5]

ਉਪਰੋਕਤ ਵਿਚਾਰੇ ਅਤਿ ਸੂਖਮ ਸਵਾਲਾਂ ਦਾ ਜਵਾਬ ਕਿਵੇਂ ਤੇ ਕਿਥੋਂ ਪ੍ਰਾਪਤ ਕੀਤਾ ਜਾ ਸਕਦਾ ਹੈ ਜਾਂ ਉਹ ਗਿਆਨ ਦਾ ਕਿਹੜਾ ਸੋਮਾ ਹੈ ਜਿਥੋਂ ਇਸ ਬਾਰੇ ਇਹ ਗਿਆਨ ਹਾਸਿਲ ਕੀਤਾ ਜਾ ਸਕੇ। ਪੱਛਮੀ ਵਿਦਵਾਨਾਂ ਨੇ ਗਿਆਨ ਵਿਗਿਆਨ ਦੇ ਤਿੰਨ ਸਿਧਾਂਤ ਦਿੱਤੇ ਹਨ :

1. ਅਨੁਭਵਵਾਦ (Empricism)
2. ਬੁੱਧੀਵਾਦ (Rationalism)
3. ਸਹਿਜ ਗਿਆਨਵਾਦ (Intuitionism)

**ਅਨੁਭਵਵਾਦ** : ਇਹ ਸਪਸ਼ਟ ਹੈ ਕਿ ਅਨੁਭਵਵਾਦ ਜਾਂ ਇੰਦ੍ਰੀ ਅਨੁਭਵ ਗਿਆਨ ਦਾ ਇਕ ਵੱਡਾ ਸੋਮਾ ਹੈ ਜਿਸ ਤੋਂ ਕੋਈ ਦਾਰਸ਼ਨਿਕ ਇਨਕਾਰ ਨਹੀਂ ਕਰ ਸਕਦਾ, ਪਰੰਤੂ ਇਸ ਦਾ ਅਰਥ ਇਹ ਵੀ ਨਹੀਂ ਕਿ ਕੇਵਲ ਇਸ ਨੂੰ ਹੀ ਗਿਆਨ ਦਾ ਇਕੋ ਇਕ ਸੋਮਾ ਮੰਨ ਲਿਆ ਜਾਵੇ। ਇੰਦ੍ਰੀ ਅਨੁਭਵ, ਪੱਖਪਾਤੀ ਅਤੇ ਮਨੋ ਵਿਰੋਧ ਪੂਰਕ ਹੋ ਸਕਦਾ ਹੈ ਕਿਉਂਕਿ ਹਰ ਇਕ ਵਿਅਕਤੀ ਹਰੇਕ ਵਸਤੂ ਬਾਰੇ ਆਪਣੀ ਧਾਰਨਾ ਜਾਂ ਮਨੋ ਬਿਰਤੀ ਅਨੁਸਾਰ ਦੇਖਦਾ ਹੈ। ਇਸ ਲਈ ਅਨੁਭਵਵਾਦ ਨੂੰ ਗਿਆਨ ਦਾ ਇਕ ਪਰਮਾਣਿਕ ਸੋਮਾ ਨਹੀਂ ਮੰਨਿਆਂ ਜਾ ਸਕਦਾ।

**ਬੁੱਧੀਵਾਦ** : ਬੁੱਧੀ ਦਾ ਕੰਮ ਵਿਚਾਰਨਾ ਜਾਂ ਕਿਸੇ ਇਕ ਸਿੱਟੇ 'ਤੇ ਪਹੁੰਚਣਾ ਹੁੰਦਾ ਹੈ। ਇਸ ਨੂੰ ਦਲੀਲ ਵੀ ਕਿਹਾ ਜਾਂਦਾ ਹੈ। ਵਿਚਾਰਨਾ ਜਾਂ ਦਲੀਲ ਦੇਣਾ ਸ਼ੁਧ ਰੂਪ ਵਿਚ ਮਾਨਸਿਕ ਕਿਰਿਆ ਹੈ। ਬੁੱਧੀ ਨਿਰਸੰਦੇਹ ਸਚਾਈ ਅਤੇ ਨਵੇਂ ਗਿਆਨ ਪ੍ਰਾਪਤ ਕਰਦੀ ਹੈ ਪਰੰਤੂ ਜਦੋਂ ਬੁੱਧੀਵਾਦੀ ਇਹ ਦਾਅਵਾ ਕਰਦੇ ਹਨ ਕਿ ਬੁਧੀ ਇੰਦ੍ਰੀ ਅਨੁਭਵ ਤੋਂ ਬਗੈਰ ਸ਼ੁਧ ਗਿਆਨ ਪ੍ਰਾਪਤ ਕਰਨ ਵਿਚ ਅਸਮਰਥ ਹੈ ਤਾਂ ਇਥੇ ਵੀ ਅਨੁਭਵਵਾਦ ਵਾਲੀ ਸਥਿਤੀ ਆ ਜਾਦੀ ਹੈ ਅਤੇ ਇਸ ਨੂੰ ਵੀ ਸ਼ੁਧ ਗਿਆਨ ਦਾ ਸੋਮਾ ਨਹੀਂ ਮੰਨ ਸਕਦੇ।

**ਸਹਿਜ ਗਿਆਨਵਾਦ** : ਸਹਿਜ ਗਿਆਨ ਜਾਂ ਅੰਤਰ ਗਿਆਨ ਨੂੰ ਵੀ ਗਿਆਨ ਦਾ ਇਕ ਸੋਮਾ ਮੰਨਿਆਂ ਜਾਂਦਾ ਹੈ। ਕਈ ਵਾਰ ਅਸੀਂ ਕਿਸੇ ਸੱਚ ਨੂੰ ਆਪਣੇ ਮਨ ਵਿਚ ਵਸਾ ਲੈਂਦੇ ਹਾਂ, ਉਸ ਬਾਰੇ ਕੋਈ ਦਲੀਲ ਨਹੀਂ ਦਿੰਦੇ ਅਤੇ ਨਾ ਹੀ ਉਸ ਦੀ ਦਲੀਲ ਦੇ ਅਧਾਰ 'ਤੇ ਵਿਆਖਿਆ ਕਰਦੇ ਹਾਂ। ਅਜਿਹੇ ਗਿਆਨ ਦੀ ਸਚਾਈ ਦਾ ਇਕ ਹੀ ਸਬੂਤ ਹੈ ਕਿ ਅਸੀਂ ਉਸ ਦੀ ਨਿਸ਼ਚਿਤਤਾ ਅਤੇ ਸ਼ੁੱਧਤਤਾ ਵਿਚ ਪੂਰਨ ਵਿਸ਼ਵਾਸ ਕਰਦੇ ਹਾਂ ਅਤੇ ਕਹਿੰਦੇ ਹਾਂ ਕਿ ਇਹ ਕਦੀ ਝੂਠ ਨਹੀਂ ਹੋ ਸਕਦਾ।

ਗਿਆਨ ਦੇ ਸੋਮਿਆਂ ਦੇ ਸੰਬੰਧ ਵਿਚ ਅਸੀਂ ਕਹਿ ਸਕਦੇ ਹਾਂ ਕਿ ਹਰ ਇਕ ਸੋਮੇ ਬਾਰੇ ਨਿਸ਼ਚਿਤਤਾ ਨਾਲ ਕੁਝ ਵੀ ਨਹੀਂ ਕਿਹਾ ਜਾ ਸਕਦਾ। ਦਰਸ਼ਨ ਸ਼ਾਸਤਰ ਇਨ੍ਹਾਂ ਸੋਮਿਆ ਦੇ ਗੁਣਾਂ ਨੂੰ ਧਾਰਨ ਕਰਕੇ ਅਤੇ ਔਗੁਣਾਂ ਨੂੰ ਵਿਸਾਰ ਕੇ, ਗਿਆਨ ਦੀ ਪ੍ਰੀਖਿਆਂ ਉਪਰੰਤ ਉਸ ਨੂੰ ਸੰਪੂਰਣ ਗਿਆਨ ਦੀ ਪ੍ਰਣਾਲੀ ਵਿਚ ਸੰਗਠਿਤ ਕਰਦਾ ਹੈ।

ਆਮ ਤੌਰ ਤੇ ਭਾਰਤੀ ਦਰਸ਼ਨ ਵਿਚ ਗਿਆਨ ਦੇ ਛੇ ਪ੍ਰਮਾਣ ਮੰਨੇ ਗਏ ਹਨ।[6] ਪਰੰਤੂ ਇਨ੍ਹਾਂ ਵਿਚੋਂ ਤਿੰਨ ਹੀ ਪ੍ਰਮੁੱਖ ਮੰਨੇ ਗਏ ਹਨ–

1. ਪ੍ਰਤੱਖ
2. ਅਨੁਮਾਨ
3. ਸ਼ਬਦ

1. **ਪ੍ਰਤੱਖ**: ਪ੍ਰਤੱਖ ਤੋਂ ਭਾਵ ਅੱਖਾਂ ਜਾਂ ਗਿਆਨ ਇੰਦਰੀਆਂ ਦੁਆਰਾ ਅਨੁਭਵ ਕੀਤੇ ਗਿਆਨ ਨੂੰ ਪ੍ਰਤੱਖ ਕਿਹਾ ਜਾਂਦਾ ਹੈ। ਪਰ ਹਰ ਵਿਅਕਤੀ ਵਿਅਕਤੀਗਤ ਪੱਧਰ ਤੇ ਸਾਰਾ ਗਿਆਨ ਪ੍ਰਤੱਖ ਤੌਰ ਤੇ ਪ੍ਰਾਪਤ ਨਹੀਂ ਕਰ ਸਕਦਾ, ਕਿਉਂਕਿ ਕਈ ਵਾਰ ਕੋਈ ਵਸਤੂ ਜੋ ਸਾਨੂੰ ਅਸਲੀਅਤ ਵਿਚ ਦਿਖਾਈ ਦਿੰਦੀ ਹੈ, ਉਹ ਉਸੇ ਤਰ੍ਹਾਂ ਨਹੀਂ ਹੁੰਦੀ ਜਿਵੇਂ ਉਹ ਦਿਖਾਈ ਦੇ ਰਹੀ ਹੈ। ਪਰ ਜੇ ਕਿਸੇ ਵਸਤੂ ਬਾਰੇ ਸ਼ੰਕਾ ਜ਼ਾਹਿਰ ਹੋਵੇ ਤਾਂ ਅਸੀਂ ਉਸ ਵਸਤੂ ਨੂੰ ਤਰਕ ਜਾਂ ਪ੍ਰਮਾਣ ਦੀ ਕਸਵੱਟੀ ’ਤੇ ਹੀ ਪਰਖ ਸਕਦੇ ਹਾਂ।

2. **ਅਨੁਮਾਨ**: ਪ੍ਰਤੱਖ ਤੋਂ ਪਿਛੋਂ ਅਨੁਮਾਨ ਆਉਂਦਾ ਹੈ। ਅਨੁਮਾਨ ਵਿਚ ਪ੍ਰਤੱਖ ਅਤੇ ਪੂਰਵ ਅਨੁਭਵ ਦੀ ਯਾਦ ਵਜੋਂ ਦੋ ਪੱਖ ਕੰਮ ਕਰਦੇ ਹਨ। ਪੂਰਵ ਅਨੁਭਵ ਵੀ ਪ੍ਰਤੱਖ ਰਾਹੀਂ ਪਹਿਲਾਂ ਹਾਸਿਲ ਕੀਤੇ ਗਿਆਨ ’ਤੇ ਹੀ ਆਧਾਰਿਤ ਹੁੰਦਾ ਹੈ, ਜਿਵੇਂ ਕਿਸੇ ਕਮਰੇ ਵਿਚੋਂ ਧੂੰਆਂ ਨਿਕਲਣ ਤੇ, ਸਹਿਜੇ ਹੀ ਅੱਗ ਲੱਗਣ ਦਾ ਅਨੁਮਾਨ ਲਗਾਇਆ ਜਾ ਸਕਦਾ ਹੈ।

3. **ਸ਼ਬਦ**: ਸ਼ਬਦ ਗਿਆਨ ਨੂੰ ਦੂਸਰੇ ਵਿਅਕਤੀਆਂ ਦੇ ਵਿਚਾਰਾਂ ਅਤੇ ਵਿਗਿਆਨਾਂ ਤੋਂ ਵੀ ਪ੍ਰਾਪਤ ਕਰ ਸਕਦੇ ਹਾਂ। ਭਾਰਤੀ ਦਰਸ਼ਨ, ਸ਼ਬਦ-ਗਿਆਨ ਨੂੰ ਬਹੁਤ ਮਹੱਤਤਾ ਦਿੰਦਾ ਹੈ। ਅਸੀਂ ਇਸ ਸੰਸਾਰ ਵਿਚ ਕਿਸੇ ਦੀ ਹੋਂਦ ਦਾ ਪਤਾ ਉਸਦੀ ਸ਼ਬਦ ਰਚਨਾ ਤੋਂ ਲਗਾ ਸਕਦੇ ਹਾਂ, ਜਿਵੇਂ- ਅਸੀਂ ਸੁਕਰਾਤ ਨੂੰ ਉਸ ਦੀ ਰਚਨਾ ਕਰਕੇ ਹੀ ਜਾਣਦੇ ਹਾਂ। ਪਰ ਸ਼ਬਦ ਰਚਨਾ ਵੀ ਅੰਤਿਮ ਪ੍ਰਮਾਣ ਨਹੀਂ ਹਨ ਕਿਉਂਕਿ ਸ਼ਬਦ/ਪੁਸਤਕਾਂ/ਭਾਸ਼ਾ ਆਦਿ ਗਿਆਨ ਪ੍ਰਾਪਤ ਕਰਨ ਦੇ ਸੋਮੇ ਹਨ। ਵਿਹਾਰਕ ਪੱਧਰ ’ਤੇ ਗਿਆਨ ਪ੍ਰਾਪਤ ਕਰਨ ਲਈ ਇਨ੍ਹਾਂ ਦਾ ਸਹਾਰਾ ਲੈਣਾ ਪੈਂਦਾ ਹੈ। ਜੇ ਗੈਲੀਲੀਉ, ਬਾਈਬਲ ਦੀਆਂ ਗੱਲਾਂ ਨੂੰ ਸੱਚ ਮੰਨ ਲੈਂਦਾ ਤਾਂ ਉਹ ਕਦੇ ਵੀ ਨਵੀਆਂ ਖੋਜਾਂ ਨਾ ਕਰ ਸਕਦਾ। ਅਸਲ ਵਿਚ ਅਤੀਤ ਬਾਰੇ ਗਿਆਨ ਪ੍ਰਾਪਤ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੀ ਸ਼ਬਦ ਗਿਆਨ ਹੈ। ਆਪਣੇ ਗਿਆਨ ਦਾ ਬਹੁਤ ਸਾਰਾ ਹਿੱਸਾ ਅਸੀਂ ਸ਼ਬਦ ਦੁਆਰਾ ਹੀ ਪ੍ਰਾਪਤ ਕਰਦੇ ਹਾਂ। ਗੁਰਮਿਤ ਦਰਸ਼ਨ ਵਿਚ ਸ਼ਬਦ ਨੂੰ ਗੁਰੂ ਮੰਨਿਆਂ ਗਿਆ ਹੈ ਇਸ ਬਾਰੇ ਡਾ. ਮਲਕੀਤ ਸਿੰਘ ਬਾਜਵਾ ਦੇ ਵਿਚਾਰ ਹੋਰ ਸਪਸ਼ਟਤਾ ਦੇ ਧਾਰਣੀ ਹਨ :

'ਗੁਰੂ ਗ੍ਰੰਥ ਸਾਹਿਬ ਵਿਚ 'ਸ਼ਬਦ ਗੁਰੂ' ਦੇ ਰੂਪ ਵਿਚ ਸੰਪੂਰਨ ਲੋਕ-ਰਹਿਨੁਮਾਈ ਕਰਦਾ ਹੈ। ਗੁਰੂ ਸਾਹਿਬ ਦਾ ਗ੍ਰੰਥ ਨੂੰ 'ਗੁਰੂ' ਦੀ ਪਦਵੀ ਦੇਣ ਦਾ ਮਕਸਦ ਲੋਕ-ਹਿਤਕਾਰੀ ਸੀ, ਕਿਉਂਕਿ ਦੇਹਧਾਰੀ ਵਿਅਕਤੀ ਸਰਬ ਨੂੰ ਪ੍ਰਵਾਨ ਨਹੀਂ ਹੋ ਸਕਦਾ। ਦੇਹਧਾਰੀ ਉਪਭੋਗਤਾ ਅਧੀਨ ਹੋਣ ਕਰਕੇ ਸਦਾ ਸਥਿਰ ਤੇ ਅਡੋਲ ਵੀ ਨਹੀਂ ਹੋ ਸਕਦਾ ਜਦੋਂ ਕਿ ਅਨੁਭਵੀ ਪਰਮਾਰਥਕ-ਗਿਆਨ (ਸ਼ਬਦ ਗੁਰੂ) ਇਨ੍ਹਾਂ ਕਮੀਆਂ ਤੇ ਊਣਤਾਈਆਂ ਤੋਂ ਉੱਪਰ ਹੁੰਦਾ ਹੈ'।[7]

ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਗੁਰੂ ਨਾਨਕ ਦੀ ਰਚਨਾ ਸਿਧ ਗੋਸ਼ਟਿ ਵਿਚੋਂ ਵੀ ਸ਼ਬਦ ਗੁਰੂ ਦੇ ਸਿਧਾਂਤ ਨੂੰ ਸਪਸ਼ਟ ਕੀਤਾ ਜਾ ਸਕਦਾ ਹੈ। ਜਦੋਂ ਗੁਰੂ ਨਾਨਕ ਸਾਹਿਬ ਤੋਂ ਸਿਧਾਂ ਨੇ ਪੁਛਿਆਂ ਕਿ 'ਕਵਨ ਗੁਰੂ ਕਿਸ ਕਾ ਤੂੰ ਚੇਲਾ' ਤਾਂ ਗੁਰੂ ਨਾਨਕ ਦੇਵ ਨੇ ਭੱਵਿਖਵਾਦੀ ਸੋਚ ਤਹਿਤ ਦੇਹਧਾਰੀ ਗੁਰੂ ਤੋਂ ਸਪਸ਼ਟ ਇਨਕਾਰ ਕਰਦਿਆਂ ਜਵਾਬ ਦਿੱਤਾ:

ਸਬਦੁ ਗੁਰੂ ਸੁਰਤਿ ਧੁਨਿ ਚੇਲਾ॥[8]

ਉਪਰੋਕਤ ਚਰਚਾ ਦੇ ਫਲਸਰੂਪ 'ਗਿਆਨ' ਅਜਿਹਾ ਵਿਆਪਕ ਵਿਸ਼ਾ ਹੈ ਜਿਸ ਬਾਰੇ ਪੱਛਮੀ ਅਤੇ ਪੂਰਬੀ ਸਾਹਿਤ ਵਿਚ ਲੰਬੇ ਸਮੇਂ ਤੋਂ ਗਿਆਨ ਬਾਰੇ ਸੰਵਾਦ ਚਲਿਆ ਆ ਰਿਹਾ ਹੈ। ਪੱਛਮੀ ਦਾਰਸ਼ਨਿਕ ਸ਼ਾਖਾ ਜੋ Epistemology (ਗਿਆਨ ਮੀਮਾਸਾਂ) ਅਖਵਾਉਂਦੀ ਹੈ। ਡਿਕਸ਼ਨਰੀ ਆਫ ਫਿਲਾਸਫੀ ਅਨੁਸਾਰ: ਫਿਲਾਸਫੀ ਦੀ ਉਹ ਸ਼ਾਖਾ ਹੈ ਜਿਹੜੀ ਗਿਆਨ ਦੀ ਉਤਪਤੀ, ਸਰੂਪ ਅਤੇ ਸਾਧਨਾ ਬਾਰੇ ਖੋਜ ਕਰਦੀ ਹੈ, ਗਿਆਨ ਮੀਮਾਸਾਂ ਅਖਵਾਉਂਦੀ ਹੈ। ਸਪਸ਼ਟ ਹੈ ਕਿ ਪ੍ਰਕਿਰਤੀ, ਦੁਨਿਆਵੀ, ਯਥਾਰਥ ਅਤੇ ਅਧਿਆਤਮਕਤਾ ਨੂੰ ਸਮਝਣ ਦਾ ਉਪਰਾਲਾ ਹੈ।

### ਭਾਰਤੀ ਅਧਿਆਤਮਕਤਾ ਅਤੇ ਗੁਰਮਤਿ :

ਭਾਰਤੀ ਦਾਰਸ਼ਨਿਕ ਪਰੰਪਰਾ ਅਧਿਆਤਮਕਵਾਦੀ ਹੋਣ ਕਰਕੇ ਵਿਚਾਰਾਂ ਤੇ ਸਿਧਾਂਤਾਂ ਦੀ ਉਪਭੋਗਤਾ ਦਾ ਪੱਖ ਪੂਰਦੀ ਹੈ। ਇਸ ਦਾ ਸੰਬੰਧ ਮਨੁੱਖ ਦੇ ਆਤਮਿਕ ਕਲਿਆਣ ਨਾਲ ਹੋਣ ਕਰਕੇ, ਇਹ ਮਾਨਵਵਾਦੀ ਪ੍ਰਭਾਵ ਦੀ ਲਖਾਇਕ ਹੈ। ਇਸ ਦੇ ਸਰੋਕਾਰ ਆਤਮਾ ਤੇ ਪਰਮਾਤਮਾ, ਕਰਮ

ਸਿਧਾਂਤ, ਆਵਾਗੌਣ, ਮੁਕਤੀ ਮਾਰਗ ਤੇ ਪਰਮ ਆਨੰਦ ਦੀ ਪ੍ਰਾਪਤੀ ਹਨ। ਭਾਰਤੀ ਪਰੰਪਰਾ ਵਿਚ ਗਿਆਨ ਦੇ ਵਾਸਤਵਿਕ ਉਦੇਸ਼ ਨੂੰ ਹਮੇਸ਼ਾ ਹੀ ਯਾਦ ਰੱਖਿਆ ਜਾਂਦਾ ਹੈ। ਭਾਰਤੀ ਦਾਰਸ਼ਨਿਕਤਾ ਦਾ ਆਰੰਭ ਵੇਦਾਂ ਵਿਚੋਂ ਹੋਇਆ ਹੈ। ਇਸ ਦੀ ਨੀਂਹ ਉਪਨਿਸ਼ਦਾਂ ਦੇ ਰਿਸ਼ੀਆਂ ਤੋਂ ਤੁਰੀ ਸੀ, ਜਿਨ੍ਹਾਂ ਨੇ ਅਧਿਆਤਮਕ ਅਨੁਭਵ ਦੀਆਂ ਡੂੰਘਾਈਆਂ ਤੋਂ ਰਹੱਸਮਈ ਉਕਤੀਆਂ ਉਚਾਰੀਆਂ ਸਨ। ਉਮੇਸ਼ ਮਿਸ਼ਰ ਦਾ ਕਹਿਣਾ ਹੈ ਕਿ 'ਦਰਸ਼ਨ' ਸ਼ਬਦ ਦਾ ਅਰਥ ਅੰਤਰ ਦ੍ਰਿਸ਼ਟੀ ਹੈ। ਇਹ ਉਹ ਅਧਿਆਤਮਕ ਪ੍ਰਤੱਖ ਅਨੁਭਵ ਹੈ ਜਿਸ ਵਿਚ ਕਿਸੇ ਸੱਚਾਈ ਦਾ ਸੰਪੂਰਨ ਤਤਕਾਲੀਨ ਗਿਆਨ ਪ੍ਰਾਪਤ ਹੁੰਦਾ ਹੈ।[੯]

ਅਧਿਆਤਮਕਤਾ ਕੀ ਹੈ? ਇਸ ਸਵਾਲ ਦਾ ਉੱਤਰ ਲੱਭਣ ਲਈ ਸਾਨੂੰ ਅਧਿਆਤਮਕਤਾ ਦੀ ਪਰਿਭਾਸ਼ਾ ਬਾਰੇ ਜਾਣਨਾ ਹੋਵੇਗਾ। Wicky pedia ਵਿਚ ਅਧਿਆਤਮਕਤਾ ਬਾਰੇ ਬਹੁਤ ਜ਼ਿਆਦਾ ਪਰਿਭਾਸ਼ਾਵਾਂ ਦਿੱਤੀਆਂ ਹੋਈਆਂ ਮਿਲਦੀਆਂ ਹਨ। ਹੱਥਲੇ ਸ਼ੋਧ-ਪ੍ਰਬੰਧ ਦੇ ਇਸ ਅਧਿਆਏ ਵਿਚ ਆਪਣੇ ਵਿਸ਼ੇ ਮੁਤਾਬਿਕ ਕੁਝ ਪਰਿਭਾਸ਼ਾਵਾਂ ਨੂੰ ਕੋਡ ਕੀਤਾ ਹੈ ਜਿਹੜੀਆਂ ਇਸ ਤਰ੍ਹਾਂ ਹਨ:

1. ਅਧਿਆਤਮਕਤਾ ਪਰਾ-ਭੌਤਿਕ ਨੂੰ ਸੰਕੇਤ ਕਰਦੀ ਹੈ।
2. ਅਧਿਆਤਮਕਤਾ ਇਕ ਆਤਮਿਕ ਅੰਦਰੂਨੀ ਕ੍ਰਿਆ ਹੈ ਜਿਸ ਰਾਹੀਂ ਮਨੁੱਖ ਆਪਣੀ ਅਸਲ ਹੋਂਦ ਬਾਰੇ ਜਾਣਨਾ ਚਾਹੁੰਦਾ ਹੈ।
3. ਅਧਿਆਤਮਕਤਾ ਵਿਚ ਅਥਾਹ ਡੂੰਘੀਆਂ ਕੀਮਤਾਂ ਅਤੇ ਉਨ੍ਹਾਂ ਦੇ ਅਰਥ ਹਨ ਜਿਨ੍ਹਾਂ ਦੁਆਰਾ ਲੋਕ ਆਪਣਾ ਜੀਵਨ ਬਸਰ ਕਰਦੇ ਹਨ।
4. ਅਧਿਆਤਮਕਤਾ ਵਿਵਹਾਰ, ਭਗਤੀ, ਅਰਦਾਸ ਜਾਂ ਅੰਦਰੂਨੀ ਵਰਤਾਰਾ ਹੈ ਜਿਸ ਰਾਹੀਂ ਮਨੁੱਖ ਆਪਣੇ ਅੰਦਰੂਨੀ ਜੀਵਨ ਨੂੰ ਉਸਾਰਨਾ ਚਾਹੁੰਦਾ ਹੈ।

ਅਧਿਆਤਮਕ ਅਨੁਭਵ ਅੰਤਮ ਸਚ ਨਾਲ, ਮਨੁੱਖਤਾ ਨਾਲ, ਪ੍ਰਕ੍ਰਿਤੀ ਨਾਲ ਜਾਂ ਬ੍ਰਹਿਮੰਡ ਨਾਲ ਆਪਣਾ ਸੰਬੰਧ ਜੋੜ ਕੇ ਇਕ ਪੂਰਣ ਸਵੈ ਨੂੰ ਸਥਾਪਿਤ ਕਰਦਾ ਹੈ।

ਦਰਸ਼ਨ ਸ਼ਾਸਤਰੀਆਂ ਨੇ ਅਧਿਆਤਮਕਤਾ ਨੂੰ ਦਰਸ਼ਨ ਨਾਲ ਜੋੜਿਆ ਹੈ। ਭਾਰਤੀ ਅਧਿਆਤਮਕ ਪਰੰਪਰਾ ਅਨੁਸਾਰ ਸੱਚਾ ਦਾਰਸ਼ਨਿਕ ਉਹ ਹੈ ਜਿਹੜਾ ਅੰਤਰ ਧਿਆਨ ਹੋ ਕੇ ਸਮੁੱਚੇ

ਤੱਤ ਦਾ ਪ੍ਰਤੱਖ ਅਨੁਭਵ ਕਰਕੇ ਜੀਵਨ ਦੀਆਂ ਸਚਾਈਆਂ ਨੂੰ ਪ੍ਰਗਟਾਵੇ।[10]

ਅਸਲ ਵਿਚ ਦਰਸ਼ਨ, ਅਧਿਆਤਮਵਾਦ ਅਤੇ ਰਹੱਸਵਾਦ ਇਨ੍ਹਾਂ ਤਿੰਨਾਂ ਦਾ ਹੀ ਆਪਸ ਵਿਚ ਬਹੁਤ ਗੂੜ੍ਹਾ ਅਤੇ ਅਨਿਖੜਵਾਂ ਸੰਬੰਧ ਹੈ ਇਸ ਗੱਲ ਨੂੰ ਸੌਖੇ ਸ਼ਬਦਾਂ ਵਿਚ ਇਸ ਤਰ੍ਹਾਂ ਕਹਿ ਸਕਦੇ ਹਾਂ ਕਿ ਰਹੱਸਵਾਦ ਦਾ ਸੰਬੰਧ ਅਧਿਆਤਮਵਾਦ ਨਾਲ ਹੈ ਅਤੇ ਅਧਿਆਤਮਵਾਦ ਦਰਸ਼ਨ ਦਾ ਮੁੱਢਲਾ ਰੂਪ ਹੈ। ਦਰਸ਼ਨ ਦਾ ਮੁਢਲਾ ਰੂਪ ਧਰਮ ਵਿਚ ਸਮਾਇਆ ਹੋਇਆ ਹੈ। ਭਾਰਤੀ ਦਰਸ਼ਨ ਸ਼ਾਸਤਰ ਦਾ ਸਰੂਪ ਨਿਸ਼ਚਿਤ ਤੌਰ ਤੇ ਅਧਿਆਤਮਕ ਹੀ ਹੈ। ਭਾਰਤੀ ਜੀਵਨ ਵਿਚ ਅਧਿਆਤਮਕ ਉਦੇਸ਼ ਦੀ ਪ੍ਰਭੂਤਾ ਹੈ। ਭਾਰਤੀ ਦਰਸ਼ਨ ਦੀ ਰੁਚੀ ਮਨੁੱਖੀ ਚੇਤਨਤਾ ਵਿਚ ਹੈ। ਇਸ ਦਾ ਨਿਕਾਸ ਜੀਵਨ ਵਿਚੋਂ ਹੀ ਹੁੰਦਾ ਹੈ ਅਤੇ ਸਾਰੀਆਂ ਵਿਚਾਰਧਾਰਾਵਾਂ ਵਿਚੋਂ ਗੁਜ਼ਰਨ ਉਪਰੰਤ ਮੁੜ ਜੀਵਨ ਵਿਚ ਹੀ ਪ੍ਰਵੇਸ਼ ਕਰਦਾ ਹੈ।

ਧਰਮ ਦੀਆਂ ਸੱਮਸਿਆਵਾਂ ਦਾਰਸ਼ਨਿਕ ਭਾਵਨਾਵਾਂ ਨੂੰ ਟੁੰਬਦੀਆਂ ਹਨ। ਰੱਬੀ ਸ਼ਕਤੀ ਦਾ ਸਰੂਪ ਜੀਵਨ ਦਾ ਅੰਤ ਅਤੇ ਵਿਅਕਤੀ ਦੇ ਪਰਮ ਆਤਮਾ ਨਾਲ ਸੰਬੰਧ ਇਨ੍ਹਾਂ ਸਾਰੇ ਪ੍ਰਸ਼ਨਾਂ ਨੂੰ ਭਾਰਤੀ ਚਿੰਤਕਾਂ ਨੇ ਪਰੰਪਰਾਗਤ ਤੌਰ ਤੇ ਵਿਚਾਰਿਆ ਹੈ। ਜਿਹੜੇ ਲੋਕ ਜੀਵਨ ਅਤੇ ਸਿਧਾਂਤ ਵਿਚਕਾਰ ਸੱਚੇ ਸੰਬੰਧ ਨੂੰ ਮਹਿਸੂਸ ਕਰਦੇ ਹਨ, ਉਨ੍ਹਾਂ ਲਈ ਦਰਸ਼ਨ ਇਕ ਜੀਵਨ ਜਾਂਚ ਅਤੇ ਅਧਿਆਤਮਕ ਅਨੁਭਵ ਦਾ ਸਾਧਨ ਬਣ ਜਾਂਦਾ ਹੈ।

ਭਾਰਤ ਦੀ ਵੇਦਾਂਤਿਕ ਪਰੰਪਰਾ ਵਿਚ ਅਧਿਆਤਮਕ ਜੀਵਨ ਨੂੰ ਦਰਸਾਉਂਦਿਆ, ਆਤਮ ਗਿਆਨ ਨੂੰ ਸਰਵ ਉੱਚ ਗਿਆਨ ਮੰਨਿਆਂ ਹੈ ਕਿਉਂਕਿ ਭਾਰਤੀ ਵਿਸ਼ਵਾਸ ਅਨੁਸਾਰ ਆਤਮ ਗਿਆਨ ਨਾਲ ਸਮੁੱਚਾ ਗਿਆਨ ਪ੍ਰਾਪਤ ਹੋ ਜਾਂਦਾ ਹੈ। ਵੈਦਿਕ ਰਿਸ਼ੀ ਕੁਦਰਤ ਨਾਲ ਅਤਿ ਨੇੜੇ ਦਾ ਸੰਯੋਗ ਬਣਾਉਂਦੇ ਅਤੇ ਕੁਦਰਤ ਵਿਚੋਂ ਹੀ ਕਾਦਰ ਦੇ ਦਰਸ਼ਨ ਕਰਦੇ ਪ੍ਰਤੀਤ ਹੁੰਦੇ ਹਨ। ਵੇਦ ਉਪਾਸਨਾ ਉਸਤਤਿ ਤੇ ਪ੍ਰਾਰਥਨਾ ਨੂੰ ਮੁੱਖ ਮੰਨਦੇ ਹਨ। ਬ੍ਰਹਮਾ ਨਾਲ ਵੀ ਇਸੇ ਆਸਰੇ ਸੰਬੰਧ ਬਣਾਏ ਜਾ ਸਕਦੇ ਹਨ। ਵੈਦਿਕ ਰਿਸ਼ੀਆਂ ਨੇ ਆਪਣੇ ਆਤਮਕ ਅਨੁਭਵ ਦੇ ਆਧਾਰ 'ਤੇ ਮੰਤ੍ਰ ਉਚਾਰੇ ਹਨ ਜੋ ਬ੍ਰਹਮਾ ਦੀ ਰਹੱਸਮਈ ਸਥਿਤੀ ਦਾ ਉਲੇਖ ਕਰਦੇ ਹਨ। ਵੇਦ ਅਧਿਆਤਮਕ ਅਤੇ ਏਕ ਈਸ਼ਵਰਵਾਦੀ ਹਨ।

ਇਸ ਤਰ੍ਹਾਂ ਵੇਦਾਂ ਵਿਚ ਆਤਮਕ/ਸੰਸਾਰਕ ਤੇ ਇਸ ਤੋਂ ਵੀ ਬਾਅਦ ਦੇ ਸੁੱਖ ਦਾ ਸਾਧਨ ਕਰਮ ਕਾਂਡੀ ਹੈ। ਬਹੁਦੇਵ, ਇਕ ਦੇਵ ਤੇ ਬਾਅਦ ਵਿਚ ਇਕ ਈਸ਼ਵਰ ਦੀ ਪੂਜਾ ਪ੍ਰਭਾਵਮਈ ਸਾਧਨ ਹਨ। ਵੈਦਿਕ ਰਹੱਸਵਾਦ ਤੋਂ ਬਾਅਦ ਆਰੀਆ ਨੇ ਗਿਆਨ ਦੇ ਖੇਤਰ ਵਿਚ ਪ੍ਰਵੇਸ਼ ਕੀਤਾ ਅਤੇ ਇਸ ਸਮੇਂ ਉਪਨਿਸ਼ਦਾਂ ਦੀ ਰਚਨਾ ਹੋਈ। ਉਪਨਿਸ਼ਦਾਂ ਦਾ ਮੂਲ ਵਿਸ਼ਾ ਆਤਮਾ ਜਾਂ ਬ੍ਰਹਮ ਦੇ ਰਹੱਸਵਾਦੀ ਗਿਆਨ ਦੀ ਪ੍ਰਾਪਤੀ ਹੈ। 'ਉਪਨਿਸ਼ਦ' ਦੇ ਸ਼ਾਬਦਿਕ ਅਰਥਾਂ ਵਿਚ 'ਉਪ' ਦਾ ਅਰਥ ਹੈ-ਨਿਕਟ ਜਾਂ ਕੋਲ। 'ਨਿ' ਦਾ ਅਰਥ ਹੈ ਸ਼ਰਧਾ ਪੂਰਵਕ ਅਤੇ 'ਸਦ' ਦਾ ਅਰਥ ਸ਼ਰਧਾ ਪੂਰਵਕ, ਭਾਵ ਇਕਾਂਤ ਵਿਚ ਬੈਠ ਕੇ ਜੋ ਉਪਦੇਸ਼ ਲੈਂਦੇ ਸਨ ਉਨ੍ਹਾਂ ਨੂੰ ਉਪਨਿਸ਼ਦ ਕਿਹਾ ਜਾਂਦਾ ਸੀ। ਹਿੰਦੂ ਧਰਮ ਦੇ ਸੰਪੂਰਨ ਸਾਹਿਤ ਦਾ ਆਧਾਰ ਵੇਦ ਹਨ।[11] ਉਪਨਿਸ਼ਦਾਂ ਦੀ ਰਚਨਾ ਵੀ ਵੇਦਾਂ ਤੋਂ ਬਾਅਦ ਅਤੇ ਵੇਦਾਂ 'ਤੇ ਆਧਾਰਿਤ ਹੈ। ਅਜਿਹੇ ਗਿਆਨ ਨੂੰ ਪ੍ਰਾਪਤ ਕਰਨ ਨਾਲ ਸਤਿ ਦਾ ਨਿਰਦੇਸ਼ਨ ਹੁੰਦਾ ਹੈ ਅਤੇ ਅਗਿਆਨਤਾ ਦਾ ਨਾਸ਼ ਹੁੰਦਾ ਹੈ। ਅਧਿਆਤਮਕ ਸਤਿ ਦੀ ਅਨੁਭੂਤੀ ਤੇ ਅਭਿਵਿਅਕਤੀ ਦੀ ਪ੍ਰਕਿਰਆ ਵਿਚ, ਉਪਨਿਸ਼ਦ ਵਿਅਕਤੀ ਨੂੰ ਉਸ ਅਧਿਆਤਮਕ-ਸਤਿ ਦਾ ਗਿਆਨ ਕਰਾਉਂਦੇ ਹਨ, ਜਿਸ ਮਾਰਗ ਉਤੇ ਚਲ ਕੇ ਉਸ ਨੇ ਪਰਮ ਸਤਿ ਦੀ ਪ੍ਰਾਪਤੀ ਕਰਨੀ ਹੈ। ਉਪੁਨਿਸ਼ਦਾਂ ਦਾ ਸਮਾਂ 1000 ਪੂ. ਈ. ਤੋਂ 600 ਪੂ. ਈ. ਦੱਸਿਆ ਜਾਂਦਾ ਹੈ।

ਵਿਸ਼ੇ ਦੀ ਪੇਸ਼ਕਾਰੀ ਦੀ ਪੱਧਰ 'ਤੇ 'ਵੇਦ' ਅਤੇ ਉਪਨਿਸ਼ਦ ਲਗਭਗ ਸਮਾਨ ਆਖੇ ਜਾ ਸਕਦੇ ਹਨ। ਵੇਦਾਂ ਵਾਂਗ ਹੀ ਇਸ ਵਿਚ ਆਤਮਾ-ਪਰਮਾਤਮਾ ਦੇ ਮੇਲ ਦੇ ਪ੍ਰਧਾਨ ਵਿਸ਼ੇ ਨੂੰ ਉਲੀਕਿਆ ਗਿਆ ਹੈ। ਆਤਮਾ-ਪਰਮਾਤਮਾ ਜਾਂ ਬ੍ਰਹਮ ਤੇ ਆਤਮਾ ਦੀ ਤੱਦ-ਰੂਪਤਾ ਹੀ ਉਪਨਿਸ਼ਦਿਕ ਸਿਧਾਂਤ ਦੀ ਬੁਨਿਆਦੀ ਵਿਚਾਰਧਾਰਾ ਹੈ।[12]

ਉਪਨਿਸ਼ਦਾਂ ਵਿਚ ਆਤਮਾ ਅਤੇ ਬ੍ਰਹਮ ਵਿਚ ਇਕਪੂਰਤਾ ਮੰਨ ਕੇ ਆਤਮ ਵਿਦਿਆ ਜਾਂ ਬ੍ਰਹਮ ਵਿਦਿਆ ਨੂੰ ਪਰਾ-ਵਿਦਿਆ ਕਿਹਾ ਹੈ। ਉਪਨਿਸ਼ਦ (7 26-1) ਵਿਚ ਕਿਹਾ ਹੈ ਕਿ ਆਤਮਾ ਤੋਂ ਹੀ ਪ੍ਰਾਣ, ਆਕਾਸ਼, ਤੇਜ਼, ਜਲ, ਅੰਨ, ਬਲ, ਵਿਗਿਆਨ, ਮਨ, ਵਾਕ, ਕਰਮ ਆਦਿ ਪ੍ਰਗਟ ਹੁੰਦੇ ਹਨ ਅਤੇ ਆਤਮਾ ਤੋਂ ਹੀ ਇਹ ਸਭ ਕੁਝ ਅਭਿਵਿਅਕਤ ਹੁੰਦਾ ਹੈ। ਇਹੀ ਕਾਰਣ ਹੈ ਕਿ ਆਤਮ

ਗਿਆਨ ਨਾਲ ਸਰਵ ਗਿਆਨ ਹੋ ਜਾਂਦਾ ਹੈ ਅਤੇ ਆਤਮ ਵਿਦਿਆ ਹੀ ਸਾਰੀਆਂ ਵਿਦਿਆਵਾਂ ਦਾ ਅਧਾਰ ਹੈ। ਸੋ ਆਤਮ ਗਿਆਨ ਹੀ ਮਨੁੱਖੀ ਸਰੀਰ ਦੀ ਪ੍ਰਾਪਤੀ ਦਾ ਮੁੱਖ ਉਦੇਸ਼ ਹੈ। ਇਸ ਆਤਮ ਗਿਆਨ ਨਾਲ ਮਨੁੱਖ ਸੰਪੂਰਣ ਗਿਆਨ ਪ੍ਰਾਪਤ ਕਰ ਲੈਂਦਾ ਹੈ।[13]

ਅਸਲ ਵਿਚ ਆਤ੍ਰਮ ਗਿਆਨ ਦਾ ਸੰਬੰਧ ਆਤਮ ਵਿਗਿਆਨ ਨਾਲ ਹੈ (Philosophy of Self) ਆਤਮ ਵਿਗਿਆਨ ਦਾ ਮੁਖ ਉਦੇਸ਼ ਆਤਮਾ (Soul) ਅਤੇ ਮਨ (Mind) ਦੇ ਸਰੂਪ ਅਤੇ ਸੱਤਾ ਦੀ ਖੋਜ ਕਰਕੇ ਗਿਆਨ ਪ੍ਰਾਪਤ ਕਰਨਾ ਹੈ।[14] ਮਾਨਸਿਕ ਵਿਕਾਸ ਦੇ ਸਰੂਪ ਨੂੰ ਅਧਿਆਤਮਕ ਜਾਂ ਮਾਨਸਿਕ ਤੱਤ ਦੇ ਬਿਨਾਂ ਸਪਸ਼ਟ ਨਹੀਂ ਕੀਤਾ ਜਾ ਸਕਦਾ। ਹੁਣ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਅਧਿਆਤਮਕ ਤੱਤ ਕੀ ਹੈ? ਕੀ ਇਹ ਭੌਤਿਕ ਤੱਤ ਤੋਂ ਮੁਕਤ ਹੈ, ਭਾਰਤੀ ਦਰਸ਼ਨ ਅਨੁਸਾਰ ਮਨੁੱਖੀ ਆਤਮਾ ਆਪਣੇ ਆਪ ਵਿਚ ਇਕ ਤੱਤ ਹੈ ਅਤੇ ਉਹ ਜੀਵ-ਸਰੀਰ ਤੋਂ ਮੁਕਤ ਹੋਂਦ ਰੱਖਦੀ ਹੈ, ਇਸ ਅਨੁਸਾਰ ਪੁਨਰ-ਜਨਮ ਦਾ ਸਿਧਾਂਤ ਹੈ ਕਿ ਆਤਮਾ ਇਕ ਸਰੀਰ ਨੂੰ ਛੱਡ ਕੇ ਦੂਜੇ ਸਰੀਰ ਵਿਚ ਜਨਮ ਲੈਂਦੀ ਹੈ। 84 ਲੱਖ ਜੂਨਾਂ ਜਾਂ ਆਵਾਗਵਣ ਦੇ ਸਿਧਾਂਤ ਅਨੁਸਾਰ ਇਹ ਆਤਮਾ ਪਾਪ ਜਾਂ ਪੁੰਨ ਦੇ ਅਨੁਸਾਰ ਸਵਰਗ ਨਰਕ ਦਾ ਵਾਸਾ ਭੋਗਦੀ ਹੈ।

ਉਪਰੋਕਤ ਵਿਚਾਰ ਚਰਚਾ ਤੋਂ ਸਪਸ਼ਟ ਤੌਰ ਤੇ ਸਿਟੇ ਕੱਢੇ ਜਾ ਸਕਦੇ ਹਨ ਕਿ ਅਧਿਆਤਮਵਾਦ ਇਕ ਅਜਿਹੇ ਸਿਧਾਂਤ ਨੂੰ ਪ੍ਰਗਟ ਕਰਦਾ ਹੈ ਜਿਸ ਅਨੁਸਾਰ ਮਨੁੱਖੀ ਅਧਿਆਤਮਕ ਜੀਵਨ ਅਸਲ ਵਿਚ ਇਕ ਪਵਿੱਤਰ ਸੱਚੇ-ਸੁਚੇ ਅਤੇ ਉੱਚ ਸਦਾਚਾਰਕ ਗੁਣਾਂ ਦਾ ਧਾਰਨੀ ਹੁੰਦਾ ਹੈ। ਮਨੁੱਖ ਦਾ ਪਰਮ ਆਦਰਸ਼ ਅਧਿਆਤਮਕ ਜੀਵਨ ਹੀ ਹੈ ਕਿਉਂਕਿ ਜਦੋਂ ਅਸੀਂ ਆਦਰਸ਼ਾਂ ਦੀ ਦੁਨੀਆਂ ਵਿਚ ਪ੍ਰਵੇਸ਼ ਕਰਦੇ ਹਾਂ ਤਾਂ ਧਰਮ ਦੀਆਂ ਭਿੰਨਤਾਵਾਂ ਨਿਗੁਣੀਆਂ ਜਿਹੀਆਂ ਬਣ ਜਾਂਦੀਆਂ ਹਨ ਅਤੇ ਉਨ੍ਹਾਂ ਦੀ ਇਕਮਕਤਾ ਪ੍ਰਭਾਵਸ਼ਾਲੀ ਹੋ ਜਾਂਦੀ ਹੈ। ਮਨੁੱਖ ਲਈ ਇਕੋ ਇਕ ਆਦਰਸ਼ ਹੈ ਆਪਣੇ ਆਪ ਨੂੰ ਪੂਰੀ ਤਰ੍ਹਾਂ ਇਨਸਾਨ ਭਾਵ ਪੂਰਨ ਇਨਸਾਨ ਬਣਾਉਣਾ।

ਸੇਂਟ ਪਾਲ ਨੇ ਕਿਹਾ ਸੀ, 'ਖੁਦਾਈ ਵਿਚ ਹੀ ਤੂੰ ਪੂਰਨ ਹੈ'। ਆਪਣੇ ਸਰਬ ਉੱਚ ਅਤੇ ਅੰਤਰਤਮ ਆਤਮ ਲਈ ਤਲਾਸ਼ ਹੀ ਪਰਮਾਤਮਾ ਦੇ ਲਈ ਕੀਤੀ ਗਈ ਤਲਾਸ਼ ਹੈ। ਆਤਮ-ਗਿਆਨ ਅਤੇ ਆਤਮ-ਸਿੱਧੀ ਹੀ ਮਨੁੱਖ ਦੀ ਪਰਾਲਬਧ ਹੈ।[15]

ਅਜਿਹੇ ਵਿਅਕਤੀ ਪਰਮਾਤਮਾ ਦਾ ਮੁਜੱਸਮਾ ਨਾ ਹੋ ਕੇ ਸਮੁੱਚੀ ਮਾਨਵਤਾ ਦਾ ਮੁੱਜਸਮਾ ਬਣ ਜਾਣਗੇ।

**ਭਗਵਤ ਗੀਤਾ** : ਸ਼੍ਰੀਮਦ ਭਗਵਤ ਗੀਤਾ ਦਾ ਸ਼ਾਬਿਦਕ ਅਰਥ 'ਪਰਮਾਤਮਾ ਦਾ ਗੀਤ' ਜਾਂ 'ਬ੍ਰਹਮ ਗੀਤ' ਹੈ।[16] ਇਹ ਕਿਸੇ ਦਾਰਸ਼ਨਿਕ ਲਿਖਤ ਤੋਂ ਵੱਧ ਰਹੱਸਮਈ ਕਾਵਿ ਸਰੂਪ ਹੈ। ਭਾਰਤੀ ਧਰਮ ਦਰਸ਼ਨ ਵਿਚ ਸ਼੍ਰੀ ਮਦ ਭਗਵਤ ਗੀਤਾ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ ਅਤੇ ਇਸ ਨੂੰ ਉਪਨਿਸ਼ਦਾਂ ਤੋਂ ਬਾਅਦ ਦੀ ਵਿਸ਼ੇਸ਼ ਉਪਦੇਸ਼ਾਤਮਿਕ ਰਚਨਾ ਸਵੀਕਾਰਿਆ ਜਾਂਦਾ ਹੈ। ਇਹ ਮਹਾਂਭਾਰਤ ਦੇ ਛੇਵੇਂ ਅਧਿਆਇ ਦੇ ਆਰੰਭ ਵਿਚ ਅੰਕਿਤ ਹੈ। ਇਹ ਮਹਾਂਭਾਰਤ ਦਾ ਉਚਤਮ ਉਪਦੇਸ਼ਾਤਮਕ ਤੇ ਮਹੱਤਵਪੂਰਣ ਹਿੱਸਾ ਹੈ। ਡਾ.ਰਣਧੀਰ ਸਿੰਘ ਚੰਦ ਅਨੁਸਾਰ, 'ਮਨੁੱਖੀ ਮਨ ਉਪਰ ਤੀਬਰ ਪ੍ਰਭਾਵ ਦੇ ਪੱਖ ਤੋਂ ਇਹ ਭਾਰਤੀ ਵਿਚਾਰਧਾਰਾ ਦੀ ਸਭ ਤੋਂ ਸੁੰਦਰ ਅਤੇ ਸਹੀ ਅਰਥਾਂ ਵਿਚ ਦਾਰਸ਼ਨਿਕ ਗਾਨ ਮੰਨਿਆਂ ਗਿਆ ਹੈ।[17]

ਭਾਗਵਤ ਗੀਤਾ ਦਾਰਸ਼ਨਿਕ ਖੋਜ-ਗ੍ਰੰਥ ਨਾਲੋਂ ਧਾਰਮਕ ਪ੍ਰਮਾਣਕ ਗ੍ਰੰਥ ਵਧੇਰੇ ਹੈ। ਭਗਵਾਨ ਕ੍ਰਿਸ਼ਨ ਦੁਆਰਾ ਅਰਜਨ ਪ੍ਰਤੀ ਗੀਤਾ ਉਪਦੇਸ਼ 'ਭਗਵਤ ਗੀਤਾ' ਦੇ ਰੂਪ ਵਿਚ ਇਕ ਪਵਿੱਤਰ ਧਾਰਮਕ ਗ੍ਰੰਥ ਹੈ। ਵਿਦਵਾਨਾਂ ਅਨੁਸਾਰ ਇਹ ਉਪਦੇਸ਼ ਤਿੰਨ ਪ੍ਰਕਾਰ ਦਾ ਹੈ। 1. ਪਰਮਾਰਥਕ, 2. ਵਿਵਹਾਰਕ, 3. ਸਮਾਜਕ। ਗੀਤਾ ਦੀ ਮੁੱਖ ਸਮੱਸਿਆ ਮਨੁੱਖ ਦਾ ਨੈਤਿਕ ਜੀਵਨ ਹੈ। ਮਨੁੱਖ ਦਾ ਕਰੱਤਵ ਕੀ ਹੈ? ਜੀਵਨ ਦਾ ਪਰਮ ਉਦੇਸ਼ ਕੀ ਹੈ? ਉਸ ਨੂੰ ਪ੍ਰਾਪਤ ਕਰਨ ਦਾ ਕੀ ਸਾਧਨ ਹੈ?

ਗੀਤਾ ਦੇ ਦਰਸ਼ਨ ਦਾ ਅਧਾਰ ਉਪਨਿਸ਼ਦਾ ਦਾ ਬ੍ਰਹਮਵਾਦ ਹੈ। ਕੇਵਲ ਅੰਤਰ ਇਹ ਹੈ ਕਿ ਉਪਨਿਸ਼ਦਾਂ ਦਾ ਬ੍ਰਹਮਵਾਦ ਸਿਧਾਂਤਕ ਹੈ ਤੇ ਨੈਤਿਕ ਜੀਵਨ ਦੀ ਪਹੁੰਚ ਤੋਂ ਬਾਹਰ ਹੈ। ਗੀਤਾ ਦਾ ਈਸ਼ਵਰਵਾਦ ਬ੍ਰਹਮ ਨੂੰ ਨੈਤਿਕ ਜੀਵਨ ਦਾ ਆਦਰਸ਼ ਬਣਾਉਂਦਾ ਹੈ।[18]

ਅਧਿਆਤਮਕ ਪਦਵੀ ਪ੍ਰਾਪਤ ਕਰਨ ਲਈ ਸਾਨੂੰ ਮਾਨਸਕ ਬੇਚੈਨੀ ਖਤਮ ਕਰ ਦੇਣੀ ਚਾਹੀਦੀ ਹੈ ਅਤੇ ਦਿਲ ਨੂੰ ਵਿਕਾਰ ਮੁਕਤ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ, ਸੱਚ ਦਾ ਗਿਆਨ ਹੋਣ ਨਾਲ ਜੀਵਨ ਸੁਰਜੀਤ ਹੋ ਜਾਂਦਾ ਹੈ। ਆਤਮਾ ਦੀ ਬਾਦਸ਼ਾਹੀ ਜੀਵਨ ਦੀ ਬਾਦਸ਼ਾਹੀ

ਨਾਲੋਂ ਵੱਖ ਨਹੀਂ ਹੈ। ਮਨੁੱਖ ਨੂੰ ਬਾਹਰੀ ਇੱਛਾ ਅਤੇ ਅੰਦਰੂਨੀ ਗੁਣ ਵਿਚ ਵਿਭਾਜਿਤ ਕਰਨਾ ਮਨੁੱਖੀ ਜੀਵਨ ਦੀ ਅੰਖਡਤਾ ਦੀ ਉਲੰਘਣਾ ਕਰਨਾ ਹੈ। ਪ੍ਰਬੁੱਧ ਆਤਮਾ ਜਿਸ ਸੰਸਾਰ ਨੂੰ ਰੱਬੀ ਛੂਹ ਪ੍ਰਦਾਨ ਕਰਦੀ ਹੈ, ਉਸ ਨੂੰ ਪ੍ਰਭਾਵਿਤ ਕਰਦੇ ਹੋਏ ਤੇ ਦੂਜਿਆਂ ਲਈ ਮੁਕਤੀ ਦਾਤਾ ਬਣਦੇ ਹੋਏ, ਪਰਮਾਤਮਾ ਦੀ ਇਲਾਹੀ ਬਾਦਸ਼ਾਹੀ ਦੇ ਇਕ ਮੈਂਬਰ ਵਜੋਂ ਕੰਮ ਕਰਦੀ ਹੈ। ਸੱਚ ਦੇ ਦੋ ਰੂਪਾਂ ਅਰਥਾਤ ਅਨੁਭਵ-ਅਤੀਤ ਅਤੇ ਅਨੁਭਵ-ਸਿੱਧ ਵਿਚ ਨੇੜੇ ਦਾ ਸੰਬੰਧ ਹੈ। ਸੰਸਾਰ ਵਿਚ ਕੰਮ ਕਰਦੇ ਹੋਏ ਅਸੀਂ ਪਰਮ-ਆਤਮਾ ਵਿਚ ਕਿਵੇਂ ਰਹਿ ਸਕਦੇ ਹਾਂ। ਦਿੱਤਾ ਗਿਆ ਉੱਤਰ ਹਿੰਦੂ ਧਰਮ ਦਾ ਰਵਾਇਤੀ ਉੱਤਰ ਹੈ ਭਾਵੇਂ ਕਿ ਇਸ ਨੂੰ ਜ਼ੋਰ ਦੇ ਕੇ ਨਵੇਂ ਸਿਰਿਓਂ ਬਿਆਨ ਕੀਤਾ ਗਿਆ ਹੈ।[19]

**ਜੈਨ ਮੱਤ** : ਜੈਨ ਮੱਤ ਚਾਰਵਾਕ ਦਾ ਹੀ ਵਿਕਸਿਤ ਰੂਪ ਹੈ। ਜਿਸ ਕਰਕੇ ਇਹ ਵੀ ਇਕ ਅਵੈਦਿਕ ਪ੍ਰਣਾਲੀ ਹੈ। ਜੈਨ ਸ਼ਬਦ 'ਜਿਨ' ਤੋਂ ਨਿਕਲਿਆ ਹੈ ਜਿਸ ਦਾ ਅਰਥ ਹੈ ਉਹ ਵਿਅਕਤੀ ਜਿਸ ਨੇ ਆਪਣੀਆਂ ਇੱਛਾਵਾਂ ਅਤੇ ਮਨੋਵਾਗਾ ਉਤੇ ਸੰਜਮ ਪਾ ਲਿਆ ਹੈ। ਅਜਿਹਾ ਆਤਮ ਸੰਜਮੀ ਜਾਂ ਮਨ ਦਾ ਵਿਜੇਤਾ ਇਕ ਸਿੱਧ ਪੁਰਸ਼ ਹੈ।[20]

ਜੈਨ ਮੱਤ ਦੇ ਪ੍ਰਵਰਤਕ ਰਿਸ਼ਭਦੇਵ ਹੋਏ ਹਨ ਅਤੇ ਇਨ੍ਹਾਂ ਤੋਂ ਪਿਛੋ 24 ਤੀਰਥੰਕਰ ਹੋਏ ਹਨ। ਸਭ ਤੋਂ ਪਹਿਲੇ ਤੀਰਥੰਕਰ 'ਆਦਿ ਨਾਥ' ਸਨ ਤੇ ਸਭ ਤੋਂ ਅਖੀਰਲੇ ਅਰਥਾਤ 24 ਵੇ ਤੀਰੰਥਕਰ ਵਰਧਮਾਨ ਮਹਾਂਵੀਰ ਹੋਏ ਹਨ।[21]

ਜੈਨ ਮੱਤ ਪ੍ਰਤੱਖ, ਅਨੁਭਵ ਜਾਂ ਅਨੁਮਾਨ ਦੇ ਆਧਾਰ ਉਤੇ ਹੀ ਸੱਚਾਈ ਦੀ ਖੋਜ ਕਰਦੇ ਹਨ। ਉਹ ਜੀਵ ਨੂੰ ਜਨਮ ਤੋਂ ਸੰਪੂਰਣ ਗਿਆਨ ਭਰਪੂਰ ਮੰਨਦੇ ਹਨ। ਉਨ੍ਹਾਂ ਅਨੁਸਾਰ ਕਰਮ ਦੇ ਪਰਦੇ ਹਟਾਉਣ ਨਾਲ ਗਿਆਨ ਪ੍ਰਾਪਤ ਹੋ ਜਾਂਦਾ ਹੈ ਤੇ ਇਸ ਕੰਮ ਲਈ ਇੰਦ੍ਰੀ ਅਨੁਭਵ ਤੇ ਸ਼ੁਧ ਕਰਮਾਂ ਦੀ ਲੋੜ ਹੁੰਦੀ ਹੈ। ਜੈਨੀ ਗਿਆਨ ਨੂੰ ਪੰਜ ਪ੍ਰਕਾਰ ਦਾ ਦੱਸਦੇ ਹਨ- 1. ਪ੍ਰਤੱਖ ਗਿਆਨ 2. ਵਰਣਨ 3. ਯਤੀਆ ਦਾ ਭੂਤਕਾਲ ਦਾ ਗਿਆਨ 4 ਮਨੁੱਖਾਂ ਦੇ ਮਨ, ਭਾਵ ਆਰਾਮ ਬੋਧ ਜਿਹੜਾ ਕੇਵਲ ਆਤਮ ਸੰਜਮੀ ਰੱਖਦੇ ਹਨ ਪੂਰਵ ਗਿਆਨ ਜਿਹੜਾ ਮੁਕਤੀ ਦੀ ਅਵਸਥਾ ਅੰਦਰ ਹੁੰਦਾ ਹੈ। ਪਹਿਲੇ ਤਿੰਨ ਤਰ੍ਹਾਂ ਦਾ ਗਿਆਨ ਗਲਤ ਹੋ ਸਕਦਾ ਹੈ ਬਾਕੀ ਦੋ ਅਰਥਾਤ, ਅਰਾਮ ਬੋਧ ਤੇ ਸ਼ੁਧ ਗਿਆਨ ਕਦੇ ਵੀ

ਗਲਤ ਨਹੀਂ ਹੋ ਸਕਦੇ। 'ਜੈਨ ਗਿਆਨ ਮੀਮਾਂਸਾ ਦੇ ਅਨੁਸਾਰ ਇਕ ਤਰਕਵਾਦ ਨੂੰ ਸ਼ੁਧ ਹੋਣ ਲਈ ਤੱਥਾਂ ਦੇ ਅਨੁਕੂਲ ਹੋਣਾ ਚਾਹੀਦਾ ਹੈ'।[22]

ਜੈਨ-ਮੱਤ ਰੱਬ ਦੀ ਹੋਂਦ ਨੂੰ ਨਹੀਂ ਮੰਨਦੇ ਪਰੰਤੂ ਉਹ ਕਰਮ ਫਿਲਾਸਫ਼ੀ ਅਤੇ ਆਵਾਗਵਨ ਨੂੰ ਮੰਨਦੇ ਹਨ। ਜੈਨੀ ਵਿਸ਼ਵ ਦੇ ਤਿੰਨ ਭਾਗ ਮੰਨਦੇ ਹਨ,ਉਪਰਲਾ ਦੇਵ ਲੋਕ, ਵਿਚਕਾਰਲਾ ਮਾਤ ਲੋਕ ਅਤੇ ਹੇਠਲਾ ਪਾਤਾਲ ਲੋਕ।

ਇਸ ਤਰ੍ਹਾਂ ਭਾਰਤੀ ਅਧਿਆਤਮਕਤਾ ਦੇ ਪ੍ਰਸੰਗ ਵਿਚ ਗਿਆਨ ਦੀ ਪਹੁੰਚ ਉਨ੍ਹਾਂ ਸੂਖਮ ਤੱਤਾ ਤੱਕ ਹੈ ਜਿਹੜੇ ਮਾਨਵ ਬੁੱਧੀ ਅਤੇ ਗਿਆਨ ਇੰਦਰੀਆਂ ਤੋਂ ਪਰੇ ਹਨ, ਜਿਥੇ ਪੱਛਮੀ ਦਾਰਸ਼ਨਿਕ ਦ੍ਰਿਸ਼ਟਮਾਨ ਜਗਤ ਉਤੇ ਵਧੇਰੇ ਜ਼ੋਰ ਦਿੰਦੇ ਹਨ, ਜਿਸ ਨੂੰ ਇੰਦਰੀਆਂ ਦੁਆਰਾ ਅਨੁਭਵ ਕੀਤਾ ਜਾ ਸਕਦਾ ਹੈ, ਉਥੇ ਪੂਰਬੀ ਦਾਰਸ਼ਨਿਕਤਾ ਦਾ ਸੰਬੰਧ ਅਦ੍ਰਿਸ਼ਟਮਾਨ ਤੱਤਾਂ ਜਾ ਸੱਚਾਈ ਨਾਲ ਰਿਹਾ ਹੈ। ਗੁਰਬਾਣੀ ਅਨੁਸਾਰ ਆਤਮਾ ਦੇ ਸਰੂਪ ਨੂੰ ਪਛਾਨਣ ਤੋਂ ਬਾਅਦ ਇਨਸਾਨ ਵਿਚ ਵਿਸ਼ਾਲ ਬ੍ਰਹਿਮੰਡੀ ਗਿਆਨ ਪੈਦਾ ਹੋ ਜਾਂਦਾ ਹੈ।

ਆਪੁ ਪਛਾਣੈ ਸੋ ਸਭਿ ਗੁਣ ਜਾਣੈ।।[23]

**ਗੁਰਮਤਿ** : ਮੱਧਕਾਲੀ ਸਾਹਿਤ ਵਿਚ ਗੁਰਮਤਿ ਕਾਵਿ ਪਰੰਪਰਾ ਦਾ ਇਕ ਵਿਸ਼ੇਸ਼ ਤੇ ਵਿਲੱਖਣ ਸਥਾਨ ਹੈ। ਗੁਰਮਿਤ ਕਾਵਿ ਨੂੰ ਪੰਜਾਬੀ ਸਾਹਿਤ ਦਾ ਭੌਤਿਕ ਜਾਂ ਸਮਾਜਿਕ ਗਿਆਨ ਦੇ ਨਾਲ ਨਾਲ ਪਰਾ-ਭੌਤਿਕ ਜਾਂ ਅਲੌਕਿਕ ਗਿਆਨ ਦਾ ਵਿਲੱਖਣ ਕਾਵਿ ਵੀ ਕਿਹਾ ਹੈ। ਜਿਸ ਨੂੰ ਮੱਧਕਾਲ ਦੀ ਇਕ ਵੱਖਰੀ ਸਾਹਿਤਕ ਧਾਰਾ ਦੇ ਅੰਤਰਗਤ ਵਿਚਾਰਿਆ ਜਾਂਦਾ ਹੈ। ਅਸਲ ਵਿਚ ਗੁਰਮਤਿ ਕਾਵਿ ਦੇ ਕਲੇਵਰ ਵਿਚ ਅਧਿਆਤਮਕਤਾ ਸਮਾਈ ਹੋਈ ਹੈ। ਗੁਰਮਤਿ ਕਾਵਿ ਸਮੂਹ ਮਨੁੱਖਤਾ ਨੂੰ ਜਿਥੇ ਸਮਾਜਿਕਤਾ ਦਾ ਸਬਕ ਸਿਖਾਉਂਦਾ ਹੈ ਉਥੇ ਇਹ ਅਧਿਆਤਮਕਤਾ ਦੇ ਮਾਰਗ 'ਤੇ ਚਲਣ ਦੀ ਸੱਚੀ ਤੇ ਸੁਚੀ ਵਕਾਲਤ ਵੀ ਕਰਦਾ ਹੈ। ਇਹ ਮਨੁੱਖ ਨੂੰ ਦੁਨਿਆਵੀ ਕਾਰਜ ਨਿਭਾਉਂਦਿਆਂ ਜੀਵਨ ਮੁਕਤੀ ਦਾ ਰਾਹ ਵੀ ਦਰਸਾਉਂਦਾ ਹੈ ਜਿਵੇਂ :

ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ।।[24]

ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿਚ ਗੁਰਮਤਿ ਸ਼ਬਦ ਨੂੰ ਪਰਿਭਾਸ਼ਤ ਕਰਦਿਆਂ

ਕਿਹਾ ਹੈ, 'ਗੁਰਮਤਿ' ਦੇ ਅਰਥ ਹਨ- 'ਸਤਿਗੁਰੂ ਦਾ ਸਿਧਾਂਤ' ਅਤੇ ਗੁਰੂ ਦਾ ਥਾਪਿਆ ਧਰਮ ਦਾ ਨਿਯਮ।[25] ਗੁਰਮਤਿ ਸ਼ਬਦ ਦਾ ਸੰਧੀ ਛੇਦ ਕੀਤਿਆਂ ਵੀ 'ਗੁਰੂ' ਅਤੇ 'ਮਤਿ' ਦੇ ਸਾਧਾਰਨ ਅਰਥ ਗੁਰੂ ਰਾਹੀਂ ਦਿੱਤੀ ਸਿੱਖਿਆ ਹੀ ਬਣਦੇ ਹਨ।

ਗੁਰਮਤਿ ਕਾਵਿ ਪਰੰਪਰਾ ਮੂਲ ਰੂਪ ਵਿਚ ਇਕ ਅਧਿਆਤਮਕ-ਬਾਣੀ ਕਾਵਿ ਪਰੰਪਰਾ ਹੈ। ਇਸ ਬਾਣੀ ਕਾਵਿ ਪਰੰਪਰਾ ਵਿਚ ਜੀਵ-ਆਤਮਾ ਅਤੇ ਪਰਮ-ਆਤਮਾ ਦੇ ਸੰਯੋਗ ਦੀਆਂ ਜੁਗਤਾਂ ਅਤੇ ਇਸ ਮਾਰਗ ਵਿਚ ਆਉਣ ਵਾਲੀਆਂ ਮੁਸ਼ਕਲਾਂ ਦਾ ਹੱਲ ਸੁਝਾਇਆ ਗਿਆ ਹੈ। ਗੁਰੂ ਨਾਨਕ ਨੇ ਗੁਰੂ ਗ੍ਰੰਥ ਸਾਹਿਬ ਵਿਚ ਸਭ ਤੋਂ ਪਹਿਲੀ ਬਾਣੀ 'ਜਪੁਜੀ ਸਾਹਿਬ' ਵਿਚ ਅਧਿਆਤਮਕ ਮਾਰਗ ਦੀ ਇਕ ਵੱਡੀ ਸੱਮਸਿਆ ਅਤੇ ਉਸ ਦੇ ਸਮਾਧਾਨ ਦਾ ਸਿਧਾਂਤ ਇਸ ਤਰ੍ਹਾਂ ਵਰਣਨ ਕੀਤਾ ਹੈ ਜਿਵੇਂ :

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥[26]

ਗੁਰੂ ਗ੍ਰੰਥ ਸਾਹਿਬ ਵਿਚਲੀ ਸਮੁੱਚੀ ਬਾਣੀ ਮਨੁੱਖੀ ਜੀਵਨ ਦੇ ਆਦਰਸ਼ ਦੀ ਪ੍ਰਾਪਤੀ ਅਤੇ ਉਸ ਨਾਲ ਜੁੜੀਆਂ ਹੋਈਆਂ ਮੁਸ਼ਕਲਾਂ ਦੇ ਸਮਾਧਾਨ ਦਾ ਇਕ ਸਹਿਜ ਮਾਰਗ ਦੇ ਅਧਿਐਨ ਨੂੰ ਪੇਸ਼ ਕਰਦਾ ਹੈ। ਗੁਰਮਤਿ ਬਾਣੀ ਕਾਵਿ ਮਨੁੱਖ ਦੇ ਸਮਾਜਿਕ ਜੀਵਨ ਤੋਂ ਵੱਖਰੀ ਕੋਈ ਖੰਡਿਤ ਜਿਹੀ ਕਾਵਿ ਧਾਰਾ ਨਹੀਂ ਹੈ। ਇਸ ਤੋਂ ਇਲਾਵਾਂ ਜਿਹੜੀਆਂ ਵੀ ਭਾਰਤ ਵਿਚ ਅਧਿਆਤਮਕ ਪਰੰਪਰਾਵਾਂ ਪ੍ਰਚਲਿਤ ਸਨ, ਉਨ੍ਹਾਂ ਵਿਚ ਵਿਅਕਤੀ ਦੇ ਅਧਿਆਤਮਕ ਅਤੇ ਸਮਾਜਿਕ ਜੀਵਨ ਨੂੰ ਵੱਖੋ-ਵੱਖਰੇ ਪੜਾਵਾਂ ਵਿਚ ਵੰਡ ਕੇ ਵੇਖਿਆ ਜਾਂਦਾ ਸੀ। ਪਰੰਤੂ ਗੁਰਮਤਿ-ਬਾਣੀ ਕਾਵਿ ਪਰੰਪਰਾ ਨੇ ਵਿਅਕਤੀ ਦੇ ਸਮਾਜਿਕ ਜੀਵਨ ਵਿਚੋਂ ਹੀ ਅਧਿਆਤਮਕ ਜੀਵਨ ਦੀ ਤਲਾਸ਼ ਕੀਤੀ ਵਿਅਕਤੀ ਦੇ ਸਮਾਜਿਕ ਜੀਵਨ ਨਾਲ ਜੁੜੇ ਹੋਏ ਸਾਰੇ ਕੰਮ ਧੰਦਿਆਂ ਨੂੰ ਅਧਿਆਤਮਕ ਦ੍ਰਿਸ਼ਟੀ ਨਾਲ ਪੇਸ਼ ਕੀਤਾ। ਗੁਰਮਤਿ-ਬਾਣੀ ਕਾਵਿ ਪਰੰਪਰਾ ਦੇ ਮੋਢੀ ਗੁਰੂ ਨਾਨਕ ਦੇਵ ਜੀ ਹਨ।

ਇਹ ਇਕ ਨਵੀਨ ਅਤੇ ਵਿਗਿਆਨਕ ਮਤ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਬਾਣੀ, ਗੁਰਮਤਿ ਵਿਚਾਰਧਾਰਾ ਦੇ ਸਮਾਜਿਕ ਅਤੇ ਅਧਿਆਤਮਕ ਤੱਤਾਂ ਨੂੰ ਪ੍ਰਗਟਾਉਂਦੀ ਹੈ। ਇਹ ਬਾਣੀ

ਕਾਵਿ ਪਰੰਪਰਾ ਗੁਰਮਤਿ ਸਿਧਾਂਤਾ ਦੇ ਨਾਲ-ਨਾਲ ਜੀਵਨ ਦੇ ਅਮਲ ਵਿਚੋਂ ਉਗਮੇ ਵਿਚਾਰਾਂ ਨੂੰ ਸਰਬ ਸਾਂਝੇ ਅਮਲੀ ਪੱਧਰ 'ਤੇ ਲਿਆ ਕੇ ਅਧਿਆਤਮਕ ਖੇਤਰ ਵਿਚ ਦਾਖਲ ਕਰ ਦਿੰਦੀ ਹੈ। ਗੁਰਮਤਿ ਬਾਣੀ ਕਾਵਿ ਧਾਰਾ ਦੇ ਅਧਿਆਤਮਕ ਪੱਖ ਵਿਚ ਅਸੀਂ ਹੇਠ ਲਿਖੇ ਵਿਸ਼ਿਆਂ ਨੂੰ ਸ਼ਾਮਿਲ ਕਰ ਸਕਦੇ ਹਾਂ।

1. ਬ੍ਰਹਮ ਭਾਵ ਪਰਮਾਤਮਾ
2. ਜਗਤ ਭਾਵ ਸ੍ਰਿਸ਼ਟੀ
3. ਜੀਵ ਭਾਵ ਜੀਵ-ਆਤਮਾ
4. ਮਾਇਆ
5. ਮੁਕਤੀ

**ਬ੍ਰਹਮ ਭਾਵ ਪਰਮਾਤਮਾ** : ਗੁਰਮਤਿ-ਬਾਣੀ ਕਾਵਿ ਵਿਚ ਗੁਰੂ ਨਾਨਕ ਸਾਹਿਬ ਨੇ ਜੀਵਨ ਮੁਕਤੀ ਲਈ, ਜਿਸ ਪਰਮਾਤਮਾ ਦੇ ਨਾਮ ਸਿਮਰਨ ਉਤੇ ਜ਼ੋਰ ਦਿੱਤਾ ਉਨ੍ਹਾਂ ਨੇ ਸਭ ਤੋਂ ਪਹਿਲਾਂ ਉਸ ਪਰਮਾਤਮਾ ਦੇ ਸਰੂਪ ਨੂੰ ਨਿਸ਼ਚਿਤ ਕੀਤਾ ਹੈ। ਦੁਨੀਆਂ ਦੇ ਸ਼ਾਇਦ ਹੀ ਹੋਰ ਕਿਸੇ ਧਰਮ ਵਿਚ ਪਰਮਾਤਮਾ ਜਾਂ ਪਰਮਾਤਮਾ ਦੇ ਸਰੂਪ ਨੂੰ ( ਬ੍ਰਹਮਾ, ਅੱਲਾ, ਗੌਡ, All Mighty) ਵਿਚ ਨਿਸ਼ਚਿਤ ਕੀਤਾ ਗਿਆ ਹੋਵੇ ਜਿਵੇਂ ਕਿ ਗੁਰੂ ਸਾਹਿਬ ਨੇ ਕੀਤਾ ਹੈ ਜਿਵੇਂ :

> ੧ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
> ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥[27]

ਪਰਮਾਤਮਾ ਦੇ ਸਰੂਪ ਦਾ ਵਰਣਨ ਕਰਦਿਆਂ ਹੋਇਆਂ ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਨੂੰ ਇਕ ਅਤੇ ਕੇਵਲ ਇਕ ਦਰਸਾਇਆ ਹੈ। ਉਹ ਅਮਰ ਹੈ, ਉਸ ਨੂੰ ਕਿਸੇ ਦਾ ਡਰ ਨਹੀਂ, ਉਸ ਨੂੰ ਕਿਸੇ ਨਾਲ ਵੈਰ ਨਹੀਂ, ਉਹ ਅਜੋਨੀ ਹੈ, ਜਾਤਿ, ਜਨਮਹੀਨ ਹੈ, ਅਗੰਮ ਅਗੋਚਰ ਹੈ ਅਤੇ ਰੂਪ ਰਹਿਤ ਹੈ। ਉਹ ਅਦੁੱਤੀ ਹੈ ਭਾਵ ਉਸ ਜਿਹਾ ਹੋਰ ਕੋਈ ਨਹੀਂ ਉਹ ਹਰ ਪਾਸੇ ਹਰ ਇਕ ਅੰਦਰ ਸਮਾ ਰਿਹਾ ਹੈ। ਇਹ ਪਰਮਾਤਮਾ ਆਪ ਸੱਚ ਹੈ ਇਸ ਦਾ ਨਾਮ ਸੱਚ ਹੈ। ਇਹ ਇਕ ਚੇਤੰਨ ਹਸਤੀ ਹੈ ਅਤੇ ਸ੍ਰਿਸ਼ਟੀ

ਦਾ ਕਰਤਾ ਵੀ ਹੈ। ਇਥੋਂ ਤਕ ਕਿ ਬ੍ਰਹਮਾ, ਵਿਸ਼ਣੂ ਅਤੇ ਸ਼ਿਵ ਦਾ ਵੀ ਰਚਣਹਾਰ ਹੈ। ਉਹ ਕਾਲ ਅਤੇ ਇਸ ਦੀਆਂ ਸੀਮਾਵਾਂ ਤੋਂ ਸੁਤੰਤਰ ਹੈ। ਇਸੇ ਲਈ ਕਾਲ ਉਸ ਦਾ ਵਿਨਾਸ਼ ਨਹੀਂ ਕਰ ਸਕਦਾ। ਵਿਨਾਸ਼ ਉਸ ਦਾ ਹੁੰਦਾ ਹੈ ਜਿਸ ਦਾ ਆਦਿ, ਅੰਤ ਹੋਵੇ, ਪਰਮਾਤਮਾ ਦੋਹਾਂ ਤੋਂ ਪਰ੍ਹੇ ਹੈ ਪਰ ਇਸ ਦਾ ਭਾਵ ਇਹ ਨਹੀਂ ਕਿ ਉਹ ਇਕ ਅਣਹੋਂਦ ਹੈ। ਉਹ ਹੋਂਦ ਸਰੂਪ ਹੈ, ਹਸਤੀ ਰੂਪ ਹੈ ਪਰ ਉਸਦੀ ਹੋਂਦ ਹਸਤੀ ਕਿਸੇ ਕਾਰਨ ਕਰਕੇ ਨਹੀਂ ਕਿਉਂਕਿ ਉਹ ਸਵੈ ਪ੍ਰਕਾਰ ਰੂਪ ਹੈ, ਜੋਤਿ ਸਰੂਪ ਹੈ। ਕੋਈ ਹੋਰ ਪ੍ਰਕਾਸ਼ ਉਸ ਨੂੰ ਪਛਾੜ ਨਹੀਂ ਸਕਦਾ ਉਹ ਸੈਭੰ ਹੈ।

ਗੁਰਮਤਿ-ਬਾਣੀ ਕਾਵਿ ਵਿਚ ਬ੍ਰਹਮ ਜਾਂ ਪਰਮਾਤਮਾ ਨੂੰ ਅਨੇਕਾਂ ਸ਼ਬਦਾ ਦੁਆਰਾ ਸੰਬੋਧਿਤ ਕੀਤਾ ਗਿਆ ਹੈ ਜਿਵੇਂ ਬ੍ਰਹਮ, ਗੋਬਿੰਦ, ਰਾਮ, ਹਰਿ, ਨਿਰੰਜਣ, ਪ੍ਰਭ, ਭਗਵਾਨ, ਸੁਆਮੀ, ਨਾਰਾਇਣ, ਦੀਨਾਨਾਥ, ਚਿੰਤਾਮਨਿ, ਕਰੁਣਾਮੈ, ਠਾਕੁਰਿ, ਗੁਸਾਈਂ, ਰਘੁਨਾਥ, ਮੁਰਾਰੀ ਅਤੇ ਘਨਈਆ ਆਦਿ।

ਗੁਰਮਤਿ-ਬਾਣੀ ਕਾਵਿ ਵਿਚ ਗੁਰੂ ਸਾਹਿਬ ਨੇ ਪੰਰਪਰਾਗਤ ਸਿਧਾਂਤਾਂ ਦਾ ਤਰਕ ਅਧਾਰਿਤ ਖੰਡਨ ਜਾਂ ਮੰਡਨ ਕੀਤਾ ਹੈ। ਭਾਵੇਂ ਵਿਗਿਆਨੀਆਂ ਨੇ ਟੈਲੀਸਕੋਪ ਜਾਂ ਸੈਟੇਲਾਈਟ ਦੀ ਮਦਦ ਨਾਲ ਸ੍ਰਿਸ਼ਟੀ ਦੀ ਖੋਜ ਕਰਕੇ, ਸ੍ਰਿਸ਼ਟੀ ਦੀ ਉਤਪਤੀ ਤੇ ਇਸ ਦੇ ਵਿਕਾਸ ਬਾਰੇ ਕੁਝ ਸਿੱਟੇ ਕੱਢੇ ਹਨ। ਪਰੰਤੂ ਗੁਰੂ ਨਾਨਕ ਦੇਵ ਜੀ ਦੀ ਪ੍ਰਤਿਭਾਸ਼ਾਲੀ ਦ੍ਰਿਸ਼ਟੀ ਨੇ ਅਧਿਆਤਮਕ ਤੇ ਅੰਤਰ ਬੌਧਿਕ ਗਿਆਨ ਦੇ ਆਧਾਰ 'ਤੇ ਸ੍ਰਿਸ਼ਟੀ ਦੇ ਰਹੱਸ ਦੀ ਅਤੇ ਸ੍ਰਿਸ਼ਟੀ ਦੀ ਪੂਰਬਲੀ ਅਵਸਥਾ ਵਲ ਇਸ ਤਰ੍ਹਾਂ ਸੰਕੇਤ ਕੀਤਾ ਹੈ:

> ਅਰਬਦ ਨਰਬਦ ਧੁੰਧੂਕਾਰਾ॥
> ਧਰਣਿ ਨ ਗਗਨਾ ਹੁਕਮੁ ਅਪਾਰਾ॥
> ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ
> ਸੁੰਨ ਸਮਾਧਿ ਲਗਾਇਦਾ॥੧॥[28]

ਗੁਰਮਤਿ-ਬਾਣੀ ਕਾਵਿ ਅਨੁਸਾਰ ਪਰਮਾਤਮਾ ਸਰਵ ਵਿਆਪਕ ਹੈ ਅਤੇ ਘਟਿ-ਘਟਿ ਵਿਚ ਨਿਵਾਸ ਰੱਖਦਾ ਹੋਇਆ ਵੀ ਨਿਰਲੇਪ ਹੈ। ਉਹ ਦਿਆਲੂ ਕਿਰਪਾਲੂ ਅਰਥਾਤ ਜੀਵ ਦੇ ਦੁੱਖ ਸੁੱਖ ਦਾ ਭਾਈਵਾਲ ਹੈ। ਗੁਰਮਤਿ ਬਾਣੀ ਕਾਵਿ ਵਿਚ ਬ੍ਰਹਮ ਭਾਵ ਪਰਮਾਤਮਾ ਦੇ ਨਿਰਗੁਣ ਅਤੇ ਸਰਗੁਣ ਦੋਹਾਂ ਰੂਪਾਂ ਦਾ ਵਰਨਣ ਮਿਲਦਾ ਹੈ। ਨਿਰਾਕਾਰ ਪਰਮਾਤਮਾ ਤੋਂ ਹੀ ਸਰਗੁਣ ਪਰਮਾਤਮਾ ਹੋਂਦ ਵਿਚ ਆਇਆ। ਦੂਜੇ ਸ਼ਬਦਾਂ ਵਿਚ ਨਿਰਗੁਣ ਨਿਰਾਕਾਰ ਨੇ ਹੀ ਸਰਗੁਣ ਵਿਚ ਆਪਣਾ ਰੂਪ ਵਟਾਇਆ। ਇੰਜ ਨਿਰਗੁਣ ਨਿਰਾਕਾਰ ਅਤੇ ਸਰਗੁਣ ਦੋਵੇਂ ਉਹ ਆਪ ਹੀ ਹੈ :

1. ਅਵਿਗਤੋ ਨਿਰਮਾਇਲੁ ਉਪਜੇ ਨਿਰਗੁਣ ਤੇ ਸਰਗੁਣੁ ਥੀਆ।।[29]
2. ਨਿਰਗੁਣੁ ਸਰਗੁਣੁ ਆਪੇ ਸੋਈ।।[30]
3. ਤੂੰ ਨਿਰਗੁਨ ਤੂੰ ਸਰਗੁਨੀ।।[31]
4. ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ।।[32]
5. ਨਿਰੰਕਾਰ ਆਕਾਰ ਆਪਿ ਨਿਰਗੁਨ ਸਰਗੁਨ ਏਕ।।[33]
6. ਨਿਰਗੁਨੁ ਆਪਿ ਸਰਗੁਨੁ ਭੀ ਓਹੀ।। ਕਲਾ ਧਾਰਿ ਜਿਨਿ ਸਗਲੀ ਮੋਹੀ।।[34]

ਸਪਸ਼ਟ ਹੈ ਕਿ ਗੁਰਮਤਿ-ਬਾਣੀ ਕਾਵਿ ਦਾ ਬ੍ਰਹਮ ਨਿਰਗੁਣ ਵੀ ਹੈ ਅਤੇ ਸਰਗੁਣ ਵੀ। ਉਸ ਨੂੰ ਅਵਤਾਰ ਅਤੇ ਅਵਤਾਰੀ ਰੂਪ ਸਾਕਾਰ ਨਹੀਂ ਕੀਤਾ ਜਾ ਸਕਦਾ ਕਿਉਂਕਿ ਅਵਤਾਰਵਾਦ ਦਾ ਗੁਰਬਾਣੀ ਨੇ ਘੋਰ ਵਿਰੋਧ ਕੀਤਾ ਹੈ। ਗੁਰਮਤਿ ਵਿਚ ਬ੍ਰਹਮ ਦਾ ਵਾਸਤਵਿਕ ਰੂਪ ਨਿਰਗੁਣ ਨਿਰਵਿਸ਼ੇਸ਼ ਨਿਰਵਕਾਰ ਹੈ। ਸਰਗੁਣਤਾ ਇਸ ਦਾ ਰੂਪ ਨਹੀਂ ਸਗੋਂ ਲੱਛਣ ਹੈ। ਗੁਰਮਤਿ ਵਿਚ ਇਸ ਰੂਪ ਉਤੇ ਵਧੇਰੇ ਜ਼ੋਰ ਦਿੱਤਾ ਗਿਆ ਹੈ। ਪਰਮਾਤਮਾ ਦੇ ਨਾਮ-ਪ੍ਰਤਿ ਤੱਤਕਾਲੀ ਸਰਗੁਣ ਧਾਰਾ ਦੇ ਕਵੀਆਂ ਨੇ ਨਿਰਗੁਣਤਾ ਵੱਲ ਜਿਥੇ ਉਪਰਾਮਤਾ ਪ੍ਰਗਟ ਕੀਤੀ ਹੈ, ਉਥੇ ਗੁਰੂ ਕਵੀਆਂ ਨੇ ਬ੍ਰਹਮ ਦੇ ਨਿਰਗੁਣ ਸਰੂਪ ਦੇ ਨਾਲ ਉਸ ਦੇ ਲੱਛਣ ਸਰਗੁਣਤਾ ਵੱਲ ਵੀ ਧਿਆਨ ਦਿੱਤਾ ਹੈ।

**ਸ੍ਰਿਸ਼ਟੀ** : ਜਗਤ ਉਤਪਤੀ ਦੇ ਕਾਰਨ ਨੂੰ ਵੱਖੋ-ਵੱਖਰੇ ਧਰਮਾਂ ਜਾਂ ਮਤਾਂ ਦਾਰਸ਼ਨਿਕਾਂ ਨੇ ਆਪੋ ਆਪਣੇ ਢੰਗ ਨਾਲ ਦਰਸਾਇਆ ਹੈ। ਜਗਤ ਉਤਪਤੀ ਦਾ ਮੂਲ ਕਾਰਨ ਪਰਮਾਤਮਾ ਨੂੰ ਹੀ ਸਵੀਕਾਰ ਕੀਤਾ ਅਤੇ ਪ੍ਰਭੂ ਦੀ ਸ੍ਰਿਸ਼ਟੀ ਉਤਪਾਦਕ ਕਿਰਿਆ ਸ਼ਕਤੀ ਦੇ ਰੂਪ ਵਿਚ ਸਵੀਕਾਰ ਕੀਤੀ ਗਈ ਹੈ।

ਗੁਰਮਤਿ ਬਾਣੀ ਕਾਵਿ ਵਿਚ ਸ਼੍ਰਿਸ਼ਟੀ ਦੀ ਰਚਨਾ, ਉਤਪਤੀ ਦੇ ਕਾਰਨ, ਸ੍ਰਿਸ਼ਟੀ ਉਤਪਤੀ ਦੀ ਪੂਰਵਲੀ ਅਵਸਥਾ, ਸ੍ਰਿਸ਼ਟੀ ਦੇ ਰਚਨਹਾਰ, ਸ੍ਰਿਸ਼ਟੀ ਪ੍ਰਕ੍ਰਿਆ, ਅਤੇ ਇਸ ਦੀ ਬੇਅੰਤਤਾ ਅਤੇ ਅਨੰਤਤਾ ਆਦਿ ਬਾਰੇ ਸੰਕੇਤ ਮਿਲਦੇ ਹਨ। ਗੁਰਮਤਿ ਬਾਣੀ ਕਾਵਿ ਵਿਚ ਸ੍ਰਿਸ਼ਟੀ ਪ੍ਰਤੀ ਬਹੁਤ ਸਾਰੇ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ ਜਿਵੇਂ ਜਗਤ, ਸੰਸਾਰ, ਜਗ, ਰਚਨਾ, ਭਵਸਾਗਰ, ਭਉਜਲ, ਭਉਨਿਧਿ ਆਦਿ।

ਗੁਰਬਾਣੀ ਅਨੁਸਾਰ ਜਗਤ ਉਤਪਤੀ ਦਾ ਵਾਸਤਵਿਕ ਕਾਰਨ ਰੱਬ ਜਾਂ ਪਰਮਾਤਮਾ ਹੀ ਹੈ। ਗੁਰਮਤਿ ਬਾਣੀ ਕਾਵਿ ਵਿਚ ਇਸ ਉਪਰ ਬਲ ਦਿੱਤਾ ਗਿਆ ਹੈ ਕਿ ਪਰਮਾਤਮਾ ਨੇ ਆਪਣੀ ਇੱਛਾ ਤੋਂ ਹੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਅਤੇ ਆਪਣੀ ਇੱਛਾ ਨਾਲ ਹੀ ਇਸ ਨੂੰ ਆਪਣੇ ਵਿਚ ਲੀਨ ਕਰ ਲੈਂਦਾ ਹੈ, ਭਾਵ ਜਿਸ ਪਰਮਾਤਮਾ ਤੋਂ ਸ੍ਰਿਸ਼ਟੀ ਦੀ ਉਤਪਤੀ ਹੁੰਦੀ ਹੈ ਉਸੇ ਪਰਮਾਤਮਾ ਦੇ ਹੁਕਮ ਅਨੁਸਾਰ ਉਹ ਉਸ ਵਿਚ ਲੀਨ ਹੋ ਜਾਂਦੀ ਹੈ:

1. ਜਿਸ ਤੇ ਉਪਜੈ ਤਿਸ ਤੇ ਬਿਨਸੈ ਘਟਿ ਘਟਿ ਸਚੁ ਭਰਪੂਰਿ।।[35]
2. ਤੁਝ ਤੇ ਉਪਜਹਿ ਤੁਝ ਮਾਹਿ ਸਮਾਵਹਿ।।[36]
3. ਜਿਨਿ ਸਿਰਿ ਸਾਜੀ ਤਿਨਿ ਫੁਨਿ ਗੋਈ।।[37]
4. ਤੁਧੁ ਆਪੇ ਸਿਰਜੀ ਆਪੇ ਗੋਈ।।[38]
5. ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮਹਿ ਮਾਨੁ।।੧੧।।[39]

ਗੁਰਮਤਿ-ਬਾਣੀ ਕਾਵਿ ਵਿਚ ਕੇਵਲ ਤੇ ਕੇਵਲ ਪਰਮਾਤਮਾ ਨੂੰ ਹੀ ਸ੍ਰਿਸ਼ਟੀ ਦਾ ਰਚਨਹਾਰ ਮੰਨਿਆਂ ਹੈ :

1. ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ।।[40]
2. ਜਿਉ ਤਿਸੁ ਭਾਵੈ ਤਿਵੈ ਕਰੇ ਤਿਸੁ ਬਿਨੁ ਅਵਰੁ ਨ ਕੋਈ।।[41]
3. ਆਪੇ ਸਾਜੇ ਕਰੇ ਆਪਿ ਜਾਈ ਭਿ ਰਖੈ ਆਪਿ।।[42]
4. ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ।।[43]

ਗੁਰੂ ਨਾਨਕ ਦੇਵ ਜੀ ਅਨੁਸਾਰ ਸਭ ਜੀਵ ਅਤੇ ਸਭ ਆਕਾਰ ਹੁਕਮ ਤੋਂ ਹੀ ਹੋਏ ਹਨ। ਗੁਰੂ

ਅਮਰਦਾਸ ਜੀ ਅਨੁਸਾਰ ਪਰਮਾਤਮਾ ਹੁਕਮ ਦੁਆਰਾ ਹੀ ਸ੍ਰਿਸ਼ਟੀ ਦੀ ਸਿਰਜਨਾ ਕਰਦਾ ਹੈ। ਗੁਰੂ ਅਰਜਨ ਦੇਵ ਜੀ ਵੀ ਪਰਮਾਤਮਾ ਦੇ ਹੁਕਮ ਤੋਂ ਹੀ ਸਾਰੀ ਸ੍ਰਿਸ਼ਟੀ ਦੀ ਰਚਨਾ ਹੁੰਦੀ ਦੱਸਦੇ ਹਨ :

1. ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ।।[44]

2. ਤੂ ਹੁਕਮੀ ਸਾਜਹਿ ਸ੍ਰਿਸਟਿ ਸਾਜਿ ਸਮਾਵਹੀ।।[45]

3. ਹੁਕਮੇ ਧਾਰਿ ਅਧਰ ਰਹਾਵੈ।। ਹੁਕਮੇ ਉਪਜੈ ਹੁਕਮਿ ਸਮਾਵੈ।।[46]

ਗੁਰਬਾਣੀ ਅਨੁਸਾਰ ਸ੍ਰਿਸ਼ਟੀ-ਰਚਨਾ ਪਰਮਾਤਮਾ ਦੇ 'ਏਕੋ ਕਵਾਉ' ਤੋਂ ਹੋਈ ਅਤੇ ਫਿਰ ਸਹਿਜੇ-ਸਹਿਜੇ ਇਸ ਦਾ ਵਿਸਥਾਰ ਹੋਇਆ :

1. ਕੀਤਾ ਪਸਾਉ ਏਕੋ ਕਵਾਉ।। ਤਿਸ ਤੇ ਹੋਏ ਲਖ ਦਰੀਆਉ।।[47]

2. ਖੰਡ ਦੀਪ ਸਭਿ ਲੋਆ।। ਏਕ ਕਵਾਵੈ ਤੇ ਸਭਿ ਹੋਆ।।੧।।[48]

3. ਉਤਪਤਿ ਪਰਲਉ ਸਬਦੇ ਹੋਵੈ।। ਸਬਦੇ ਹੀ ਫਿਰਿ ਓਪਤਿ ਹੋਵੈ।।[49]

ਬਹੁਤ ਸਾਰੇ ਧਰਮਾਂ ਅਤੇ ਸਾਇੰਸਦਾਨਾਂ ਨੇ ਸ੍ਰਿਸ਼ਟੀ ਰਚਨਾ ਦੇ ਸਮੇਂ ਬਾਰੇ ਗੱਲਾਂ ਕੀਤੀਆਂ ਹਨ ਪਰੰਤੂ ਗੁਰੂ ਨਾਨਕ ਸਾਹਿਬ ਜੀ ਕਹਿੰਦੇ ਹਨ ਕਿ ਸ੍ਰਿਸ਼ਟੀ ਦਾ ਕਰਤਾ ਪਰਮਾਤਮਾ ਹੀ ਆਪਣੀ ਰਚਨਾ ਦਾ ਠੀਕ ਸਮਾਂ ਜਾਣਦਾ ਹੈ। ਪੰਡਿਤ, ਕਾਜ਼ੀ, ਅਤੇ ਜੋਗੀ ਆਦਿ ਇਸ ਸੰਬੰਧੀ ਕੁਝ ਨਹੀਂ ਜਾਣਦੇ :

1. ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ।।
ਵਖਤੁ ਨਾ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ।।
ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ।।
ਜਾ ਕਰਤਾ ਸਿਰਠੀ ਕਉ ਸਾਜੈ ਆਪੇ ਜਾਣੈ ਸੋਈ।।[50]

2. ਨਾਨਕ ਕਰਤੇ ਕੀ ਜਾਨੈ ਕਰਤਾ ਰਚਨਾ।।[51]

ਸਪਸ਼ਟ ਹੈ ਕਿ ਸ੍ਰਿਸ਼ਟੀ-ਰਚਨਾ ਪਰਮਾਤਮਾ ਦੇ ਹੁਕਮ ਅਨੁਸਾਰ ਹੋਈ ਹੈ ਪਰੰਤੂ ਇਸ ਰਚਨਾ ਦਾ ਸਮਾਂ ਉਸ ਪਰਮਾਤਮਾ ਤੋਂ ਬਿਨਾਂ ਕਿਸੇ ਨੂੰ ਨਹੀਂ ਪਤਾ।

**ਜੀਵ ਭਾਵ ਜੀਵ-ਆਤਮਾ** : ਗੁਰਬਾਣੀ ਕਾਵਿ ਵਿਚ ਜੀਵ ਭਾਵ ਜੀਵ-ਆਤਮਾ ਦੇ ਬੌਧਿਕ ਅਰਥਾਂ ਪ੍ਰਤੀ ਅਨੇਕਾਂ ਸ਼ਬਦਾਂ ਦੀ ਵਰਤੋਂ ਕੀਤੀ ਗਈ ਮਿਲਦੀ ਹੈ। ਜਿਵੇਂ ਹੰਸ, ਆਪਾ, ਜੀਅ, ਜੀਉ, ਪ੍ਰਾਨ, ਘਟਿ, ਚਿਤਿ, ਮਨ, ਉਰਿ, ਪ੍ਰਾਣੀ, ਹੀਅ, ਆਦਿ।

ਗੁਰਮਤਿ ਅਨੁਸਾਰ ਮਨੁੱਖੀ ਆਤਮਾ ਪ੍ਰਮਾਤਮਾ ਹੀ ਹੈ, ਗੁਰਮਤਿ ਆਤਮਾ ਨੂੰ ਪਰਮਾਤਮਾ ਦਾ ਅੰਸ਼ ਮੰਨਦੀ ਹੈ :

ਅਚਰਜ ਕਥਾ ਮਹਾ ਅਨੂਪ॥
ਪ੍ਰਾਤਮਾ ਪਾਰਬ੍ਰਹਮ ਕਾ ਰੂਪੁ॥[52]

ਆਤਮਾ ਅਤੇ ਪਰਮਾਤਮਾ ਦੀ ਅਭੇਦਤਾ ਨੂੰ ਖਤਮ ਕਰਨ ਲਈ ਗੁਰੂ ਸਾਹਿਬ ਦਾ ਫੁਰਮਾਣ ਹੈ :

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥[53]

ਗੁਰੂ ਅਮਰਦਾਸ ਜੀ ਵੀ ਜੀਵਆਤਮਾ ਨੂੰ ਜੋਤੀ ਸਰੂਪ ਕਹਿੰਦੇ ਹਨ ਅਤੇ ਉਪਦੇਸ਼ ਦਿੰਦੇ ਹਨ ਕਿ :

ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ
ਤਾ ਤੂ ਜਗ ਮਹਿ ਆਇਆ॥[54]

ਆਤਮਾ ਦਾ ਸਰੀਰ (ਕਾਇਆ) ਨਾਲ ਹਉਮੈ ਵਸਿ ਹੋ ਕੇ ਸੰਯੋਗ ਬਣ ਜਾਂਦਾ ਹੈ ਪਰੰਤੂ ਹਉਮੈ ਵੀ ਹੁਕਮ ਅਧੀਨ ਹੈ। ਆਤਮਾ ਸਦਾ ਬ੍ਰਹਮ ਰੂਪ ਰਹਿੰਦੀ ਹੈ, ਜੋਤਿ ਸਰੂਪ ਵਿਚ, ਪਰੰਤੂ ਇਕ ਵਾਰ ਵਿਛੜਨ ਉਪਰੰਤ ਆਵਾਗਮਨ ਦੇ ਗੇੜ ਵਿਚ ਪੈ ਜਾਂਦੀ ਹੈ :

ਕਈ ਜਨਮ ਭਏ ਕੀਟ ਪਤੰਗਾ॥
ਕਈ ਜਨਮ ਗਜ ਮੀਨ ਕੁਰੰਗਾ॥
ਕਈ ਜਨਮ ਪੰਖੀ ਸਰਪ ਹੋਇਓ॥
ਕਈ ਜਨਮ ਹੈਵਰ ਬ੍ਰਿਖ ਜੋਇਓ॥
ਮਿਲੁ ਜਗਦੀਸ ਮਿਲਨ ਕੀ ਬਰੀਆ॥
ਚਿੰਰਕਾਲ ਇਹ ਦੇਹ ਸੰਜਰੀਆ॥੧॥ ਰਹਾਉ॥
ਕਈ ਜਨਮ ਸੈਲ ਗਿਰਿ ਕਰਿਆ॥

ਕਈ ਜਨਮ ਗਰਭ ਹਿਰਿ ਖਰਿਆ॥
ਕਈ ਜਨਮ ਸਾਖ ਕਰਿ ਉਪਾਇਆ॥
ਲਖ ਚਉਰਾਸੀਹ ਜੋਨਿ ਭ੍ਰਮਾਇਆ॥੨॥[55]

ਆਤਮਾ ਹਮੇਸ਼ਾ ਹੀ ਬ੍ਰਹਮ ਰੂਪ ਹੈ। ਮਨੁ, ਬੁਧਿ, ਚਿਤ, ਹਿਰਦਾ ਸਭ ਪ੍ਰਕਿਰਤੀ ਦੇ ਰੂਪ ਹਨ ਪਰੰਤੂ ਇਨ੍ਹਾਂ ਦੁਆਰਾ ਜੋਤਿ ਦਾ ਪ੍ਰਕਾਸ਼ ਮਨੁੱਖ ਨੂੰ ਸਹਾਈ ਹੁੰਦਾ ਹੈ। ਮਨ, ਬੁਧਿ ਚਿਤ, ਆਦਿ ਕਾਇਆ ਅਤੇ ਆਤਮਾ ਵਿਚਾਲੇ ਸੰਜੋਗੀ ਸਾਧਨ ਹਨ। ਕਾਇਆ ਵਿਚ ਆਤਮਾ ਹੈ :

ਕਾਇਆ ਅੰਦਰਿ ਸਭੁ ਕਿਛੁ ਵਸੈ
ਖੰਡ ਮੰਡਲ ਪਾਤਾਲਾ॥
ਕਾਇਆ ਅੰਦਰਿ ਜਗਜੀਵਨ ਦਾਤਾ ਵਸੈ
ਸਭਨਾ ਕਰੇ ਪ੍ਰਤਿਪਾਲਾ॥
ਕਾਇਆ ਕਾਮਣਿ ਸਦਾ ਸੁਹੇਲੀ
ਗੁਰਮੁਖਿ ਨਾਮੁ ਸਮ੍ਾਲਾ॥[56]

ਗੁਰਮਤਿ ਬਾਣੀ ਕਾਵਿ ਵਿਚ ਆਤਮਾ ਦਾ ਜੋ ਸਰੂਪ ਉਘੜਦਾ ਹੈ। ਉਹ ਬ੍ਰਹਮ ਦੀ ਅੰਸ਼ ਵਜੋਂ ਹੀ ਉਜਾਗਰ ਹੁੰਦਾ ਹੈ। ਇਹ ਸਰੀਰ ਤਾਂ ਮਿੱਟੀ ਹੈ। ਇਸ ਵਿਚ ਬੋਲਣ ਵਾਲਾ ਉਹ ਹੀ ਬ੍ਰਹਮ ਹੈ ਜੋ ਇਸ ਨੂੰ ਪਹਿਚਾਣਦਾ ਹੈ, ਉਹ ਬ੍ਰਹਮ ਗਿਆਨੀ ਹੈ। ਜਦੋਂ ਆਤਮਾ ਸਰੀਰ ਛੱਡਦੀ ਹੈ ਤਾਂ ਉਹ ਮਰਦੀ ਨਹੀਂ, ਕੇਵਲ ਸਰੀਰ ਹੀ ਨਾਸ਼ਮਾਨ ਹੈ।

ਉਪਰੋਕਤ ਅਧਿਐਨ ਤੋਂ ਸਪਸ਼ਟ ਹੈ ਕਿ ਗੁਰਮਤਿ-ਬਾਣੀ ਕਾਵਿ ਵਿਚ ਅਭਿਵਿਅਕਤ ਆਤਮਾ ਸਰੀਰ ਤੋਂ ਵੱਖਰੀ ਹਸਤੀ ਰੱਖਦੀ ਹੋਈ, ਆਪਣੇ ਕੀਤੇ ਕਰਮਾਂ ਅਨੁਸਾਰ ਜਨਮ ਧਾਰਦੀ ਹੈ ਅਤੇ ਆਪਣੇ ਕੀਤੇ ਕਰਮਾਂ ਦੇ ਪ੍ਰਭਾਵ ਤੋਂ ਛੁੱਟ ਕੇ ਅਮੂਰਤ ਬ੍ਰਹਮ ਵਿਚ ਸਥਿਤ ਹੋ ਕੇ ਜਨਮ ਮਰਨ ਦੇ ਬੰਧਨ ਤੋਂ ਛੁਟਕਾਰਾ ਪਾ ਲੈਂਦੀ ਹੈ।

**ਮਾਇਆ** : ਗੁਰਮਤਿ-ਬਾਣੀ ਕਾਵਿ ਵਿਚ ਮਾਇਆ ਨੂੰ ਜਿਥੇ ਧਨ ਦੌਲਤ ਦੇ ਪ੍ਰਸੰਗਾਂ ਵਿਚ ਵਰਤਿਆ ਗਿਆ ਹੈ ਉਥੇ ਇਸ ਨੂੰ ਇਸ ਦੇ ਲਗਾਉ ਕਾਰਨ ਪੈਦਾ ਹੋਈ ਮਨੁੱਖੀ ਮਨ ਵਿਚ ਬਦੀ ਜਾਂ ਹਉਮੈ ਨੂੰ

ਵੀ ਅੰਕਿਤ ਕੀਤਾ ਗਿਆ ਹੈ ਜੋ ਪਰਮਾਤਮਾ ਦੇ ਮਿਲਨ ਵਿਚ ਰੋੜਾ ਅਟਕਾਉਂਦੀ ਹੈ। ਇਸ ਦਾ ਨਸ਼ਾ ਅਜਿਹਾ ਹੈ ਕਿ ਇਸ ਵਿਚ ਫਸੇ ਹੋਏ ਮਨੁੱਖ ਨੂੰ ਚੰਗੇ ਮਾੜੇ ਦੀ ਸੋਝੀ ਨਹੀਂ ਰਹਿੰਦੀ। ਗੁਰਬਾਣੀ ਵਿਚ ਮਾਇਆ ਬਾਰੇ ਫੁਰਮਾਣ ਹੈ:

1. ਲੈਦਾ ਬਦ ਦੁਆਇ ਤੂੰ ਮਾਇਆ ਕਰਹਿ ਇਕਤ॥
ਜਿਸ ਨੋ ਤੂੰ ਪਤੀਆਇਦਾ ਸੋ ਸਣੁ ਤੁਝੈ ਅਨਿਤ॥[57]

2. ਬਿਖਿਆ ਮਾਇਆ ਜਿਨਿ ਜਗਤੁ ਭੁਲਾਇਆ
ਸਾਚਾ ਨਾਮੁ ਨ ਭਾਇਆ॥[58]

ਗੁਰਮਤਿ-ਬਾਣੀ ਕਾਵਿ ਵਿਚ ਮਾਇਆ ਨੂੰ ਵੱਖੋ-ਵੱਖਰੇ ਪ੍ਰਸੰਗਾਂ ਵਿਚ ਵਰਤਿਆ ਗਿਆ ਹੈ ਜਿਵੇਂ- ਦੈਵੀ ਸ਼ਕਤੀ, ਛਲ ਅਤੇ ਕਪਟ, ਧੰਨ ਦੌਲਤ ਆਦਿ। ਇਹ ਮਾਇਆ ਹੀ ਮਨੁੱਖ ਨੂੰ ਆਪਣੇ ਵਸ ਵਿਚ ਕਰ ਕੇ ਪਰਮਾਤਮਾ ਤੋਂ ਦੂਰ ਕਰ ਦਿੰਦੀ ਹੈ ਤੇ ਇਸ ਦੇ ਮੋਹ ਵਿਚ ਫਸ ਕੇ ਮਨੁੱਖ ਪਰਮਾਤਮਾ ਦਾ ਨਾਮ ਭੁੱਲ ਜਾਂਦਾ ਹੈ :

ਮਾਇਆ ਕਾਮਿ ਵਿਆਪਿਆ ਸਮਝੈ ਨਾਹੀ ਗਾਵਾਰੁ॥
ਉਠਿ ਚਲਿਆ ਪਛੁਤਾਇਆ ਪਰਿਆ ਵਸਿ ਜੰਦਾਰ॥[59]

ਗੁਰਮਤਿ-ਬਾਣੀ ਕਾਵਿ ਵਿਚ ਮਾਇਆ ਸ਼ਬਦ ਦੀ ਵਰਤੋਂ ਸੰਸਾਰ ਦੀ ਛਿੰਨ ਭੰਗਰਤਾ ਦੇ ਅਰਥਾਂ ਵਿਚ ਹੋਈ ਹੈ। ਇਸ ਅਰਥ ਅਨੁਸਾਰ ਭੌਤਿਕ ਜਗਤ ਇਸ ਵਿਚ ਫਸਿਆ ਰਹਿੰਦਾ ਹੈ। ਇਸ ਦੇ ਪਦਾਰਥ ਥੁੜ ਚਿਰੇ ਹਨ, ਸਦੀਵੀ ਨਹੀਂ ਹਨ। ਮਨੁੱਖ ਇਸ ਛਿੰਨ ਭੰਗਰਤਾ ਨੂੰ ਸਦੀਵੀ ਸਮਝ ਕੇ ਆਪਣੇ ਅਸਲੀ ਮਨੋਰਥ ਤੋਂ ਭਟਕ ਜਾਂਦਾ ਹੈ। ਇਸ ਕਰਕੇ ਗੁਰਮਤਿ ਵਿਚ ਮਾਇਆ ਨੂੰ 'ਕੱਚਾ ਚੋਲਾ', 'ਬਾਲੂ ਭੀਤ' ਅਤੇ 'ਬਾਦਰ ਕੀ ਛਾਇਆ' ਆਦਿ ਕਿਹਾ ਹੈ। ਇਹ ਸਾਰੇ ਸ਼ਬਦ ਛਿੰਨ ਭੰਗਰਤਾ ਦੇ ਪ੍ਰਤੀਕ ਹਨ ਜਿਵੇਂ:

1. ਮਾਇਆ ਮੋਹ ਕਾ ਕਚਾ ਚੋਲਾ
ਤਿਤੁ ਪੈਧੇ ਪਗੁ ਖਿਸੈ॥[60]

2. ਮਾਇਆ ਰੰਗ ਬਿਰੰਗ ਖਿਨੈ ਮਹਿ

ਜਿਉ ਬਾਦਰ ਕੀ ਛਾਇਆ॥[61]

ਗੁਰਮਤਿ-ਬਾਣੀ ਕਾਵਿ ਪਰੰਪਰਾ ਵਿਚ ਮਾਇਆ ਦਾ ਸੰਕਲਪ ਪਰੰਪਰਾਗਤ ਭਾਰਤੀ ਮਤਾਂ ਨਾਲੋਂ ਵਖਰੀ ਕਿਸਮ ਦਾ ਹੈ। ਗੁਰੂ ਸਾਹਿਬ ਦਾ ਮਾਇਆ ਪ੍ਰਤੀ ਸਿਧਾਂਤ ਪਹਿਲੀਆਂ ਧਾਰਮਿਕ ਮੱਤਾਂ ਨਾਲੋਂ ਵਧੇਰੇ ਯਥਾਰਥਕ ਅਤੇ ਵਿਗਿਆਨਕ ਹੈ। ਗੁਰਮਤਿ ਸ਼ੰਕਰਾਚਾਰਯ ਵਾਂਗ ਮਾਇਆ ਨੂੰ ਇਕ ਸੁਤੰਤਰ ਹਸਤੀ ਨਹੀਂ ਮੰਨਦੀ, ਨਾਹੀ ਇਹ ਮਾਇਆ ਨੂੰ ਬ੍ਰਹਮ ਦੀ ਸਮਰਥਕ ਸ਼ਕਤੀ ਮੰਨਦੀ ਹੈ। ਗੁਰਮਤਿ ਅਨੁਸਾਰ ਮਾਇਆ ਬ੍ਰਹਮ ਦੇ ਅੰਨਤ ਪਸਾਰੇ ਦਾ ਇਕ ਬਾਗ ਹੈ। ਇਹ ਬ੍ਰਹਮ ਦੀ ਆਪਣੀ ਪੈਦਾ ਕੀਤੀ ਹੋਈ ਹੈ ਅਤੇ ਉਸ ਦੇ ਹੁਕਮ ਵਿਚ ਵਿਚਰਦੀ ਹੈ।

ਪ੍ਰਕਿਰਤੀ ਦੇ ਤਿੰਨੋ ਗੁਣ ਸਤੋ, ਰਜੋ ਤੇ ਤਮੋ ਮੰਨੇ ਗਏ ਹਨ ਤੇ ਇਨ੍ਹਾਂ ਦੇ ਸਰੂਪ ਨਾਲ ਬ੍ਰਹਮਾ (ਸਤੋ) ਵਿਸ਼ਨੂ (ਰਜੋ) ਤੇ ਸ਼ਿਵ ਤਮੋ ਹੈ। ਗੁਰੂ ਨਾਨਕ ਸਾਹਿਬ ਨੇ ਇਨ੍ਹਾਂ ਨੂੰ ਸਿਲਸਿਲੇ ਵਾਰ ਭੰਡਾਰੀ, ਸੰਸਾਰੀ ਤੇ ਦੀਬਾਣ ਕਰਕੇ ਆਖਿਆ ਹੈ ਜੋ ਭੌਤਿਕ ਸੰਸਾਰ ਦੀ ਕਾਰ ਵਿਹਾਰਤਾ ਨੂੰ ਚਲਾਉਂਦੀ ਪ੍ਰਤੀਤ ਹੁੰਦੀ ਹੈ। ਮਾਇਆ ਦਾ ਇਹ ਕਾਰਜ ਪ੍ਰਭੂ ਦੇ ਹੁਕਮ ਵਿਚ ਹੈ :

(1) ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥

ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ॥[62]

(2) ਮਾਇਆ ਮਾਈ ਤ੍ਰੈ ਗੁਣ ਪਰਸੂਤਿ ਜਮਾਇਆ॥

ਚਾਰੇ ਬੇਦ ਬ੍ਰਹਮੇ ਨੋ ਫੁਰਮਾਇਆ॥[63]

ਗੁਰਮਤਿ-ਬਾਣੀ ਕਾਵਿ ਅਨੁਸਾਰ ਮਾਇਆ ਤੋਂ ਛੁਟਕਾਰਾ ਪਾਉਣ ਲਈ ਜਾਂ ਇਸ ਉਤੇ ਕਾਬੂ ਰੱਖਣ ਲਈ ਸਾਧ ਸੰਗਤਿ, ਗੁਰੂ ਦੀ ਸ਼ਰਨ ਜਾਂ ਉਨ੍ਹਾਂ ਦੀ ਚਰਨ ਧੂੜ ਦੀ ਪ੍ਰਾਪਤੀ ਹੀ ਭਾਵ ਹਉਮੈ ਦੀ ਨਵਿਰਤੀ ਇਸ ਤੋਂ ਛੁਟਕਾਰਾ ਦਿਵਾ ਸਕਦੀ ਹੈ :

ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ॥[64]

**ਮੁਕਤੀ** : ਆਮ ਤੌਰ ਤੇ ਜਨਮ ਮਰਨ ਦੇ ਗੇੜ ਤੋਂ ਛੁਟਕਾਰਾ ਪਾਉਣ ਨੂੰ ਹੀ ਮੁਕਤੀ ਕਿਹਾ ਜਾਂਦਾ ਹੈ ਪਰੰਤੂ ਗੁਰਬਾਣੀ ਵਿਚ ਮੁਕਤੀ ਦਾ ਅਰਥ ਭਾਰਤੀ ਪਰੰਪਰਾ ਤੋਂ ਕੁਝ ਭਿੰਨ ਹੈ ਗੁਰੂ ਤੇਗ ਬਾਹਾਦਰ ਜੀ ਦੀ ਬਾਣੀ ਤੋਂ ਅਸੀਂ ਸੰਕੇਤ ਲੈ ਸਕਦੇ ਹਾਂ ਆਪ ਨੇ ਇਸ ਸਥਿਤੀ ਨੂੰ ਇਸ ਤਰ੍ਹਾਂ ਬਿਆਨਿਆ ਹੈ :

ਨਾਨਕ ਲੀਨ ਭਇਓ ਗੋਬਿੰਦ ਸਿਉ

ਜਿਉ ਪਾਨੀ ਸੰਗਿ ਪਾਨੀ॥[65]

ਪਾਣੀ-ਸੰਗ ਪਾਣੀ ਵਾਲੀ ਅਵਸਥਾ ਗੁਣਾਤਮਕ ਏਕਤਾ ਤੇ ਏਕਾ ਰਸ ਹੋਣ ਦੀ ਲਖਾਇਕ ਹੈ। ਪ੍ਰਭੂ-ਸਰੂਪ ਹੋ ਕੇ ਹੀ ਪ੍ਰਭੂ ਵਿਚ ਸਮਾਇਆ ਜਾ ਸਕਦਾ ਹੈ ਅਤੇ ਇਹੋ ਮੁਕਤੀ ਹੈ ਜਿਸ ਪਿਛੋਂ ਜਨਮ-ਮਰਨ ਦਾ ਗੇੜ ਮੁਕ ਜਾਂਦਾ ਹੈ। ਪ੍ਰਭੂ ਦੀ ਨਜ਼ਦੀਕੀ ਪ੍ਰਾਪਤ ਕਰ ਲੈਣੀ ਇਕ ਪ੍ਰਾਪਤੀ ਹੈ। ਗੁਰਮਤਿ-ਬਾਣੀ ਕਾਵਿ ਵਿਚ ਮੁਕਤੀ ਪ੍ਰਾਪਤ ਕਰਨ ਦੇ ਸਾਧਨਾਂ ਸੰਬੰਧੀ ਗੁਰੂ ਸਾਹਿਬਾਂ ਨੇ 'ਸ਼ਬਦ' ਗੁਰੂ ਦੇ ਸਿਧਾਂਤ ਨੂੰ ਪੇਸ਼ ਕੀਤਾ ਹੈ। ਗੁਰੂ ਨਾਨਕ ਦੇਵ ਜੀ ਨੇ ਮੁਕਤੀ ਪ੍ਰਾਪਤ ਕਰਨ ਲਈ ਮਨੁੱਖ ਨੂੰ ਕਰਮ, ਧਰਮ ਦੇ ਪੁਰਾਣੇ ਚੱਕਰ ਵਿਚੋਂ ਕੱਢ ਕੇ 'ਸ਼ਬਦ' ਗੁਰੂ ਦਾ ਸਿਧਾਂਤ ਦਿੱਤਾ ਹੈ। ਗੁਰੂ ਸਾਹਿਬ ਨੇ ਕਰਮ ਕਾਂਡ ਅਤੇ ਗਿਆਨ ਕਾਂਡ ਵਰਗੇ ਖੁਸ਼ਕ ਫਲਸਫ਼ੇ ਦੀ ਥਾਂ ਸਹਿਜ ਜੋਗ (ਜਿਸ ਨੂੰ ਨਾਮ ਜੋਗ ਵੀ ਕਹਿੰਦੇ ਹਨ) ਦਾ ਜੀਵਨ ਮਾਰਗ ਦਰਸਾਇਆ ਹੈ :

1. ਕਰਮ ਧਰਮ ਕਰਿ ਮੁਕਤਿ ਮੰਗਾਹੀ॥
   ਮੁਕਤਿ ਪਦਾਰਥੁ ਸਬਦਿ ਸਲਾਹੀ॥
   ਬਿਨੁ ਗੁਰ ਸਬਦੈ ਮੁਕਤਿ ਨ ਹੋਈ
   ਪਰਪੰਚੁ ਕਰਿ ਭਰਮਾਈ ਹੇ॥[66]
2. ਇਸੁ ਕਲਿਜੁਗ ਮਹਿ ਕਰਮ ਧਰਮੁ ਨ ਕੋਈ॥
   ਕਲੀ ਕਾ ਜਨਮੁ ਚੰਡਾਲ ਕੈ ਘਰਿ ਹੋਈ॥
   ਨਾਨਕ ਨਾਮ ਬਿਨਾ ਕੋ ਮੁਕਤਿ ਨ ਹੋਈ॥[67]

ਗੁਰੂ ਅਮਰਦਾਸ ਜੀ ਨੇ ਮਨੁੱਖ ਨੂੰ ਮੁਕਤੀ ਪ੍ਰਾਪਤ ਕਰਨ ਲਈ 'ਸ਼ਬਦ ਗੁਰੂ' ਤੇ ਹੀ ਜ਼ੋਰ ਦਿੱਤਾ ਹੈ:

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥

ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥[68]

ਗੁਰਮਤਿ-ਬਾਣੀ ਕਾਵਿ ਅਨੁਸਾਰ ਜੋ ਮਨੁੱਖ ਜੀਵਨ ਅਵਸਥਾ ਵਿਚ ਹੀ ਮੁਕਤੀ ਪ੍ਰਾਪਤ ਕਰ ਲੈਂਦਾ ਹੈ ਉਹੀ ਜੀਵਨ ਮੁਕਤ ਹੈ। ਜੀਵਨ ਮੁਕਤ ਅਵਸਥਾ ਵਾਲਾ ਮਨੁੱਖ ਦੁਬਿਧਾ ਰਹਿਤ ਜੀਵਨ ਦਾ ਸੋਮਾ ਹੈ ਅਤੇ ਉਹ ਕਿਸੇ ਖਾਸ ਸਮਤੋਲ ਅਵਸਥਾ ਦਾ ਧਾਰਨੀ ਹੋ ਜਾਂਦਾ ਹੈ, ਜਿਸ ਵਿਚ ਆਸ਼ਾ ਨਿਰਾਸ਼ਾ, ਦੁੱਖ ਸੁੱਖ, ਹਰਖ ਸੋਗ, ਮਾਨ ਅਭਿਮਾਨ, ਊਚ ਨੀਚ ਆਦਿ ਦੇ ਵਿਤਕਰੇ ਖਤਮ ਹੋ ਜਾਂਦੇ ਹਨ।

ਇਸ ਲਈ ਮਨੁੱਖ ਲਈ ਇਸ ਸੰਸਾਰ ਸਾਗਰ ਵਿਚ ਆ ਕੇ ਪ੍ਰਭੂ ਮਿਲਨ ਦੀ ਹੀ ਇੱਛਾ ਹੋਣੀ ਚਾਹੀਦੀ ਹੈ ਉਸ ਦੁਆਰਾ ਕੀਤੇ ਹੋਰ ਸਾਰੇ ਕਰਮ ਨਿਰਾਰਥਕ ਹਨ :

ਭਈ ਪਰਾਪਤਿ ਮਾਨੁਖ ਦੇਹੁਰੀਆ॥

ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥

ਅਵਰਿ ਕਾਜ ਤੇਰੈ ਕਿਤੈ ਨ ਕਾਮ॥

ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥[69]

ਉਪਰੋਕਤ ਵਿਚਾਰ ਚਰਚਾ ਦੇ ਆਧਾਰ 'ਤੇ ਇਹ ਸਪਸ਼ਟ ਹੈ ਕਿ ਗੁਰਮਤਿ-ਬਾਣੀ ਕਾਵਿ ਪਰੰਪਰਾ ਅਧਿਆਤਮੀ ਮਾਰਗ ਦਾ ਉਤਕ੍ਰਿਸ਼ਟ ਨਮੂਨਾ ਹੈ। ਜਗਿਆਸੂ ਇਸ ਬਾਣੀ ਦੁਆਰਾ ਜੀਵਨ ਦੇ ਰਹਸ ਨੂੰ ਜਾਨਣ, ਧਰਮ ਦੇ ਮਾਰਗ ਉਤੇ ਚਲਣ ਤੇ ਅਧਿਆਤਮਕਤਾ ਦੇ ਮਰਮ ਦੀ ਪ੍ਰਾਪਤੀ ਦਾ ਅਭਿਆਸ ਕਰਕੇ ਗੁਰਮਿਤ ਦੇ ਅਧਿਆਤਮਕ ਪੱਖਾਂ (ਰੱਬ, ਸ੍ਰਿਸ਼ਟੀ, ਜੀਵਾਤਮਾ, ਮਾਇਆ, ਮੁਕਤੀ) ਬਾਰੇ ਗਿਆਨ ਪ੍ਰਾਪਤ ਕਰ ਲੈਂਦਾ ਹੈ ਅਤੇ ਉਹ ਗੁਰਮੁਖ ਦੀ ਪਦਵੀ ਧਾਰਨ ਕਰਦਾ ਹੋਇਆ ਸਮਾਜਿਕ ਵਿਕਾਸ ਲਈ ਇਕ ਮਾਡਲ ਦਾ ਰੋਲ ਅਦਾ ਕਰਦਾ ਹੈ।

**ਇਸਲਾਮੀ ਅਧਿਆਤਮਕਤਾ ਅਤੇ ਗੁਰਮਤਿ :**

ਇਸਲਾਮੀ ਅਧਿਆਤਮਕਤਾ ਨੂੰ ਜਾਣਨ ਤੋਂ ਪਹਿਲਾਂ ਇਸਲਾਮ ਬਾਰੇ ਸਰਸਰੀ ਝਾਤ ਪਾਉਣੀ ਜ਼ਰੂਰੀ ਹੈ। ਇਸਲਾਮ ਅਰਬੀ ਭਾਸ਼ਾ ਦਾ ਸ਼ਬਦ ਹੈ। 'ਸਲਮ ਤੋਂ ਵਿਉਂਤਪਤ ਇਸ ਸ਼ਬਦ ਦਾ ਅਰਥ ਹੈ

ਸਿਰ ਝੁਕਾਉਣਾ, ਖੁਦਾ ਦੀ ਰਜ਼ਾ ਨੂੰ ਅੰਗੀਕਾਰ ਕਰਨਾ'।[70] ਉਰਦੂ ਦਾਇਰਾ-ਏ-ਮਆਰਿਫ-ਏ-ਇਸਲਾਮੀਆ ਅਨੁਸਾਰ ਇਸਲਾਮ ਦੇ ਕੋਸ਼ਗਤ ਅਰਥ 'ਰੱਬ ਦੀ ਆਗਿਆਕਾਰੀ, ਉਸਦੀ ਰਜ਼ਾ ਵਿਚ ਰਾਜ਼ੀ ਰਹਿਣਾ, ਹੁਕਮ ਮੰਨਣਾ ਅਤੇ ਅਮਨ ਸ਼ਾਤੀ ਹਨ'।[71] ਇਨਸਾਈਕਲੋਪੀਡੀਆ ਆਫ ਇਸਲਾਮ ਅਨੁਸਾਰ 'ਇਸਲਾਮ ਕੁਝ ਵਿਸ਼ਵਾਸਾਂ ਅਤੇ ਸਰੀਰਕ ਉਪਾਸਨਾਵਾਂ ਤੱਕ ਹੀ ਸੀਮਤ ਨਹੀਂ ਹੈ ਬਲਕਿ ਇਕ ਮੁਕੰਮਲ ਜੀਵਨ ਜਾਂਚ ਹੈ ਜੋ ਜੀਵਨ ਦੇ ਹਰ ਪੜਾਅ ਤੇ ਇਨਸਾਨ ਨੂੰ ਨੇਕੀ ਦਾ ਰਾਹ ਵਿਖਾਉਂਦਾ ਹੈ। ਇਸਲਾਮ ਰੱਬ ਦੁਆਰਾ ਨਿਰਧਾਰਿਤ ਮਨੁਖੀ ਜੀਵਨ-ਜਾਂਚ ਹੈ ਜੋ ਮਨੁੱਖ ਤੋਂ ਆਪਣੇ ਸਿਰਜਣਹਾਰ ਅੱਗੇ ਸੰਪੂਰਨ ਸਪੁਰਦਗੀ ਦੀ ਮੰਗ ਕਰਦਾ ਹੈ।[72]

ਕੁਰਾਨ ਸ਼ਰੀਫ ਵਿਚ ਧਰਮ ਲਈ 'ਦੀਨ' ਸ਼ਬਦ ਦਾ ਪ੍ਰਯੋਗ ਹੋਇਆ ਮਿਲਦਾ ਹੈ। 'ਦੀਨ' ਦੇ ਅੰਤਰਗਤ ਇਸਲਾਮੀ ਚਿੰਤਨ ਦੇ ਉਪਰੋਕਤ ਪੰਜੇ ਪੱਖਾਂ ਦਾ ਜ਼ਿਕਰ ਅੰਕਿਤ ਹੈ। ਇਸ ਤੱਥ ਤੋਂ ਇਹ ਜ਼ਾਹਿਰ ਹੁੰਦਾ ਹੈ ਕਿ ਇਸਲਾਮ ਕੇਵਲ 'ਈਮਾਨ' ਅਤੇ ਕਰਮਕਾਂਡਾਂ ਤੱਕ ਹੀ ਸੀਮਤ ਹੈ। ਅਸਲ ਵਿਚ ਸੂਫੀਵਾਦ ਇਸਲਾਮੀ ਅਧਿਆਤਮਕਤਾ ਦੇ ਅੰਤਰਗਤ ਮਾਨਵੀ ਸਰੋਕਾਰਾਂ ਦੀ ਇਕ ਅਧਿਆਤਮਕਤਾ ਅਤੇ ਅਮਲੀ ਜੀਵਨ-ਜਾਂਚ ਹੈ।

ਇਸਲਾਮੀ ਚਿੰਤਨ ਅਨੁਸਾਰ ਸੂਫੀਵਾਦ ਨੂੰ ਤਸੱਵੁਫ, ਸੂਫੀ-ਸਾਧਕ ਨੂੰ ਸਲਿਕ ਅਤੇ ਸੂਫੀ-ਸਾਧਨਾ ਨੂੰ ਸਲੂਕ ਕਿਹਾ ਜਾਂਦਾ ਹੈ। ਸਲੂਕ ਤੋਂ ਭਾਵ ਹੈ ਖੁਦਾ ਦਾ ਪਿਆਰ ਅਤੇ ਉਸ ਤੱਕ ਰਸਾਈ ਹਾਸਲ ਕਰਨ ਦਾ ਰਸਤਾ ਜਾਂ ਤਰੀਕਾ। ਇਸ ਅਧਿਆਤਮਕ ਇਲਮ ਸਦਕਾ ਮਨੁੱਖ ਨੂੰ ਆਪਣੇ ਆਪ ਦੀ ਪਛਾਣ ਅਤੇ ਰੱਬੀ ਗਿਆਨ ਵਿਸ਼ਾਲ ਪ੍ਰਾਪਤ ਹੁੰਦਾ ਹੈ। ਇਸ ਇਲਮ ਦੇ ਧਾਰਨੀ ਵਿਅਕਤੀ ਨੂੰ ਵਲੀ, ਸੂਫੀ, ਦਰਵੇਸ਼ ਜਾਂ ਕਾਮਿਲ (Perfect man ) ਇਨਸਾਨ ਕਿਹਾ ਜਾਂਦਾ ਹੈ।

ਗੁਰੂ ਨਾਨਕ ਦੇਵ ਜੀ ਦੇ ਸਮੇਂ ਲੋਧੀ ਪਠਾਣਾਂ ਦਾ ਰਾਜ ਕਾਇਮ ਹੋਣ ਕਰਕੇ ਸਮਾਜਿਕ ਵਾਤਾਵਰਣ ਵਿਚ ਇਸਲਾਮੀ ਵਿਚਾਰਧਾਰਾ ਓਤਪ੍ਰੋਤ ਸੀ। ਗੁਰੂ ਨਾਨਕ ਦੇਵ ਜੀ ਦਾ ਜਿਥੋਂ ਜਨਮ ਹੋਇਆ (ਰਇ ਭੋਇ ਦੀ ਤਲਵੰਡੀ ਜ਼ਿਲਾ ਸ਼ੇਖੂਪੁਰਾ), ਉਹ ਇਸਲਾਮੀ ਗੜ੍ਹ ਸੀ। ਆਪ ਨੇ

ਸੁਲਤਾਨਪੁਰ ਲੋਧੀ ਜਿਥੇ ਨੌਕਰੀ ਕੀਤੀ ਉਹ ਵੀ ਇਸਲਾਮਿਕ ਵਿਚਾਰਧਾਰਾ ਨਾਲ ਉਤਪ੍ਰੋਤ ਇਲਾਕਾ ਸੀ ਤੇ ਆਪ ਨੇ ਚਾਰ ਉਦਾਸੀਆਂ ਦੌਰਾਨ ਵੀ ਇਸਲਾਮੀ ਦੇਸ਼ਾਂ ਦਾ ਦੌਰਾ ਕੀਤਾ। ਇਸ ਕਰਕੇ ਇਸਲਾਮੀ ਵਿਚਾਰਧਾਰਾ ਦਾ ਗੁਰਬਾਣੀ ਵਿਚ ਪ੍ਰਤਿਬਿੰਬਤ ਹੋਣਾ ਸੁਭਾਵਕ ਹੀ ਸੀ। ਗੁਰੂ ਸਾਹਿਬ ਨੇ ਆਪਣੇ ਮੁਸਲਿਮ ਸਰੋਤਿਆਂ ਨੂੰ ਉਨ੍ਹਾਂ ਦੀਆਂ ਆਪਣੀਆਂ ਪਰੰਪਰਾਵਾਂ ਰਾਹੀਂ ਸੰਬੋਧਨ ਕੀਤਾ। ਹਿੰਦੂ ਪੰਡਿਤਾਂ ਵਾਂਗ ਇਸਲਾਮ ਦੇ ਧਾਰਮਿਕ ਆਗੂਆਂ ਮੁੱਲਾਂ-ਮੁਲਾਣਿਆਂ ਅਤੇ ਕਾਜ਼ੀਆਂ ਦੀ ਵੀ ਏਸ ਗੱਲੋਂ ਆਲੋਚਨਾ ਕੀਤੀ, ਕਿਉਂ ਜੋ ਉਹ ਆਪਣੀ ਦਿੱਤੀ ਹੋਈ ਨਸੀਹਤ ਉਤੇ ਖੁਦ ਅਮਲ ਨਹੀਂ ਸਨ ਕਰਦੇ। ਗੁਰੂ ਸਾਹਿਬ ਨੇ ਇਨ੍ਹਾਂ ਮੁੱਲਾਂ-ਮੁਲਾਣਿਆਂ ਅਤੇ ਕਾਜ਼ੀਆਂ ਨੂੰ ਸਦਾਚਾਰ ਦੇ ਮਾਰਗ ਉਤੇ ਚਲਣ ਦੀ ਪ੍ਰੇਰਨਾ ਦਿਤੀ। ਇਸਲਾਮ ਬਾਰੇ ਗੁਰੂ ਸਾਹਿਬ ਦੇ ਕਥਨ ਮਾਝ ਦੀ ਵਾਰ ਵਿਚ ਦੇਖੇ ਜਾ ਸਕਦੇ ਹਨ :

ਮੁਸਲਮਾਨੁ ਕਰੇ ਵਡਿਆਈ॥
ਵਿਣੁ ਗੁਰ ਪੀਰੈ ਕੋ ਥਾਇ ਨ ਪਾਈ॥[73]

ਇਸਲਾਮ ਧਰਮ ਦੇ ਬਾਨੀ ਹਜ਼ਰਤ ਮੁਹੰਮਦ ਸਾਹਿਬ ਹੋਣ ਕਰਕੇ ਇਸ ਧਰਮ ਦੇ ਆਰੰਭ ਹੋਣ ਦਾ ਸਮਾਂ ਵੀ ਹਜ਼ਰਤ ਮੁਹੰਮਦ ਸਾਹਿਬ ਦੇ ਜਨਮ ਭਾਵ 570 ਈ. ਮੰਨਿਆਂ ਗਿਆ ਹੈ। ਇਨ੍ਹਾਂ ਦੀ ਪਵਿੱਤਰ ਪੁਸਤਕ ਕੁਰਾਨ ਹੈ। ਕੁਰਾਨ ਅਨੁਸਾਰ ਕਾਇਨਾਤ ਦੀ ਸਿਰਜਣਾ ਇਲਾਹੀ ਸ਼ਬਦ 'ਕੁਨ' ਤੋਂ ਹੋਈ। ਇਸਲਾਮੀ ਦਰਸ਼ਨ ਅਨੁਸਾਰ ਸੰਸਾਰ ਦੀ ਉਤਪਤੀ ਤੋਂ ਪਹਿਲਾਂ ਰੱਬ ਛੁਪਿਆ ਖਜ਼ਾਨਾ ਸੀ। ਉਸ ਨੇ ਆਪਣੀ ਪਛਾਣ ਲਈ ਮਨੁੱਖ ਅਤੇ ਸ੍ਰਿਸ਼ਟੀ ਦੀ ਰਚਨਾ ਕੀਤੀ।

ਇਸਲਾਮੀ ਅਧਿਆਤਮਕਤਾ ਨੇ ਮਨੁੱਖੀ ਜੀਵਨ ਦੇ ਦੋ ਪੜਾਅ ਮੰਨੇ ਹਨ ਇਕ ਸੰਸਾਰਿਕ ਤੇ ਦੂਸਰਾ ਕਿਆਮਤ ਤੋਂ ਬਾਅਦ ਆਖ਼ਰਤ। ਜਿਸ ਤਰ੍ਹਾਂ ਮਨੁੱਖ ਦੇ ਜੀਵਨ ਅਤੇ ਮੌਤ ਨਿਸ਼ਚਿਤ ਹੈ ਉਸੇ ਤਰ੍ਹਾਂ ਇਸ ਦ੍ਰਿਸ਼ਟਮਾਨ ਜਗਤ ਦਾ ਆਰੰਭ ਤੇ ਅੰਤ ਵੀ ਨਿਸ਼ਚਿਤ ਹੈ। 'ਕਿਆਮਤ ਆਉਣ ਦੇ ਸਮੇਂ ਦਾ ਗਿਆਨ ਭਾਵੇਂ ਅੱਲਾਹ ਨੂੰ ਹੀ ਹੈ ਪਰੰਤੂ ਵਿਭਿੰਨ ਹਦੀਸਾਂ ਵਿਚ ਇਸ ਦੇ ਵਾਪਰਨ ਤੋਂ ਪਹਿਲਾਂ ਸਮਾਜਿਕ, ਧਾਰਮਿਕ ਤੇ ਸੰਸਾਰਿਕ ਸਥਿਤੀ ਸੰਬੰਧੀ ਅਹਿਮ ਸੰਕੇਤ ਮਿਲਦੇ ਹਨ'।[74] ਕਿਆਮਤ ਆ

ਜਾਣ ਤੋਂ ਬਾਅਦ ਜਦੋਂ ਇਹ ਦੁਨੀਆਂ ਪੂਰੀ ਤਰ੍ਹਾਂ ਨਸ਼ਟ ਹੋ ਜਾਵੇਗੀ ਤਾਂ ਰੱਬ ਦੇ ਹੁਕਮ ਨਾਲ ਤਮਾਮ ਮ੍ਰਿਤਕ ਲੋਕ ਜਿਉਂਦੇ ਹੋ ਕੇ ਉਠ ਖੜ੍ਹੇ ਹੋਣਗੇ। ਇਸ ਤਰ੍ਹਾਂ ਮਾਨਵੀ ਜੀਵਨ ਦੀ ਪੁਨਰ ਸਿਰਜਣਾ ਕੀਤੀ ਜਾਵੇਗੀ। ਸਿੱਖ ਧਰਮ ਪੁਨਰ-ਜਨਮ ਅਰਥਾਤ ਆਵਾਗਉਣ ਦੇ ਸਿਧਾਂਤ ਦੇ ਧਾਰਨੀ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਫੁਰਮਾਇਆ ਗਿਆ ਹੈ ਕਿ :

ਲਖ ਚਉਰਾਸੀਹ ਜੋਨਿ ਸਬਾਈ॥

ਮਾਣਸ ਕਉ ਪ੍ਰਭਿ ਦੀਈ ਵਡਿਆਈ॥[75]

ਇਸਲਾਮੀ ਅਧਿਆਤਮਵਾਦ ਦੇ ਚਾਰ ਪੜਾਵਾਂ ਬਾਰੇ ਗੁਰੂ ਅਰਜਨ ਸਾਹਿਬ ਦਾ ਫੁਰਮਾਨ ਹੈ :

ਸਰਾ ਸਰੀਅਤਿ ਲੇ ਕੰਮਾਵਹੁ॥

ਤਰੀਕਤਿ ਤਰਕ ਖੋਜਿ ਟੋਲਾਵਹੁ॥

ਮਾਰਫਤਿ ਮਨੁ ਮਾਰਹੁ ਅਬਦਾਲਾ ਮਿਲਹੁ ਹਕੀਕਤਿ ਜਿਤੁ ਫਿਰਿ ਨ ਮਰਾ॥੩॥[76]

ਇਸਲਾਮੀ ਧਰਮ ਵਿਚ ਰੱਬ ਨੂੰ ਦ੍ਰਿਸ਼ਟਮਾਨ ਜਗਤ ਤੋਂ ਪਰੇ ਮੰਨ ਕੇ ਪ੍ਰਕ੍ਰਿਤੀ ਪੂਜਾ ਦੀ ਨਿਖੇਧੀ ਕੀਤੀ ਹੈ। ਸਿੱਖ ਧਰਮ ਵਿਚ ਪ੍ਰਕ੍ਰਿਤੀ ਨਾਲ ਪਿਆਰ ਕਰਨਾ ਦੱਸਿਆ ਹੈ ਪਰ ਇਸ ਦੀ ਪੂਜਾ ਕਰਨੀ ਨਹੀਂ ਦੱਸੀ। ਗੁਰੂ ਨਾਨਕ ਦੇਵ ਜੀ ਨੇ ਵੀ ਪ੍ਰਮਾਤਮਾ ਨੂੰ ਕੁਦਰਤ ਵਿਚ ਹੀ ਵੱਸਿਆ ਦੱਸਿਆ ਹੈ। ਜਿਵੇਂ :

ਬਲਿਹਾਰੀ ਕੁਦਰਤਿ ਵਸਿਆ॥[77]

ਇਸਲਾਮੀ ਧਰਮ ਦੀ ਦ੍ਰਿਸ਼ਟੀ ਤੋਂ ਬਹੁਤ ਸਾਰੇ ਇਬਾਦਤ ਦੇ ਬੁਨਿਆਦੀ ਸਿਧਾਂਤਾਂ ਅਤੇ ਉਪਦੇਸ਼ਾਂ ਨੂੰ ਮੰਨਿਆਂ ਗਿਆ ਹੈ : ਨਮਾਜ਼, ਰੋਜ਼ਾ, ਜ਼ਕਾਤ, ਹੱਜ ਅਤੇ ਜ਼ਿਹਾਦ ਆਦਿ ਪ੍ਰਮੁੱਖ ਹਨ।

**ਨਮਾਜ਼** :- ਇਸਲਾਮ ਵਿਚ ਨਮਾਜ਼ ਦਾ ਅਤਿ ਮਹੱਤਵਪੂਰਣ ਸਥਾਨ ਹੈ। ਵਿਸ਼ਵਾਸ ਦੇ ਪੱਖ ਤੋਂ ਤੌਹੀਦ ਪੂਰੇ ਧਰਮ ਦਾ ਸਰਚਸ਼ਮਾ ਹੈ ਅਤੇ ਕਾਰ/ਵਿਹਾਰ ਦੇ ਪੱਖ ਤੋਂ ਨਮਾਜ਼ ਪੂਰੇ ਦੀਨ ਦੀ ਅਮਲੀ ਬੁਨਿਆਦ ਹੈ। ਹਰ ਮੁਸਲਮਾਨ ਵਿਅਕਤੀ ਲਈ ਪੰਜ ਵੇਲੇ ਨਮਾਜ਼ ਪੜ੍ਹਨੀ ਜ਼ਰੂਰੀ ਮੰਨੀ ਗਈ ਹੈ ਅਤੇ ਇਸ ਪੰਜ ਵੇਲੇ ਦੇ ਸਮਿਆਂ ਨੂੰ ਇਸਲਾਮ ਚਿੰਤਨ ਵਿਚ ਫ਼ਜਰ, (ਸੁਬਹ ਸਵੇਰੇ) ਜ਼ੁਹਰ (ਦੁਪਿਹਰ ਵੇਲੇ),

ਅਸਰ (ਦੁਪਿਹਰ ਤੋਂ ਬਾਅਦ), ਮਗਰਿਬ (ਸੂਰਜ ਡੁਬਣ ਦੇ ਸਮੇਂ) ਅਤੇ ਇਸ਼ਾ (ਰਾਤੀਂ) ਆਦਿ ਨਾਵਾਂ ਨਾਲ ਸੰਬੋਧਿਤ ਕੀਤਾ ਗਿਆ ਹੈ। ਇਸਲਾਮ ਅਤੇ ਗੁਰਬਾਣੀ ਦਾ ਜਿਥੇ ਵੱਖ-ਵੱਖ ਮੱਤਾਂ-ਮਤਾਂਤਰਾਂ ਨਾਲ ਸੁਮੇਲ ਹੈ ਉਥੇ ਇਸਲਾਮ ਅਨੁਸਾਰ ਮਸਜਿਦ ਵਿਚ ਪਹੁੰਚਿਆਂ ਹਰ ਵਿਅਕਤੀ ਬਰਾਬਰ ਹੈ। ਗੁਰੂ ਸਾਹਿਬ ਨੇ ਵੀ ਸੰਗਤ ਤੇ ਪੰਗਤ ਦਾ ਦਰਜ਼ਾ ਦਿੱਤਾ ਹੈ। ਗੁਰੂ ਨਾਨਕ ਦੇਵ ਜੀ ਨੇ ਨਮਾਜ਼ ਅਦਾ ਕਰਦਿਆਂ ਬਾਹਰੀ ਕਰਮ-ਕਾਂਡਾਂ ਨੂੰ ਭੰਡਿਆਂ ਹੈ, ਉਹਨਾਂ ਨੇ ਸਹੀ ਆਚਰਣ ਨੂੰ ਹੀ ਅਸਲੀ ਭਗਤੀ ਆਖਿਆ ਹੈ :

ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ॥
ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ॥
ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ॥
ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ॥[78]

ਸੂਫੀ ਸੰਤ ਬਾਬਾ ਸ਼ੇਖ ਫਰੀਦ ਜੀ ਨੇ ਵੀ ਮੁਸਲਮਾਨੀ ਲੋਕਾਈ ਨੂੰ ਨਮਾਜ਼ ਪੜ੍ਹਨ ਲਈ ਪ੍ਰੇਰਿਤ ਕੀਤਾ ਹੈ ਜਿਵੇਂ:

ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ॥
ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ॥[79]

ਗੁਰੂ ਸਾਹਿਬ ਨੇ ਸੱਚੇ ਮੁਸਲਮਾਨ ਦੀ ਸ਼ਖਸ਼ੀਅਤ ਪ੍ਰਤੀ ਵੀ ਆਪਣਾ ਦ੍ਰਿਸ਼ਟੀਕੋਣ ਪੇਸ਼ ਕਰਦਿਆਂ ਕਿਹਾ ਹੈ ਕਿ ਸੱਚਾ ਮੁਸਲਮਾਨ ਉਹ ਹੈ ਜੋ ਸਭ ਜੀਆ ਤੇ ਦਇਆ ਕਰੇ ਆਪਣੇ ਦਿਲ ਨੂੰ ਪਵਿਤਰ ਰੱਖੇ, ਗੁਰੂ ਸਾਹਿਬ ਅਨੁਸਾਰ:

ਦਾਨਸਬੰਦੁ ਸੋਈ ਦਿਲਿ ਧੋਵੈ॥
ਮੁਸਲਮਾਣੁ ਸੋਈ ਮਲੁ ਖੋਵੈ॥
ਪੜਿਆ ਬੂਝੈ ਸੋ ਪਰਵਾਣੁ॥
ਜਿਸੁ ਸਿਰਿ ਦਰਗਹ ਕਾ ਨੀਸਾਣੁ॥[80]

**ਰੋਜ਼ਾ** :- ਰਮਜ਼ਾਨ ਦੇ ਮਹੀਨੇ ਮੁਸਲਮਾਨਾਂ ਵਲੋਂ ਰੱਖੇ ਜਾਂਦੇ ਵਰਤਾਂ ਨੂੰ ਰੋਜ਼ਾ ਕਿਹਾ ਜਾਂਦਾ ਹੈ। ਇਹ ਰੋਜ਼ੇ ਦਿਨ ਚੜ੍ਹਨ ਤੋਂ ਦਿਨ ਡੁੱਬਣ ਤੱਕ ਹੁੰਦੇ ਹਨ ਅਤੇ ਇਸ ਸਮੇ ਦੌਰਾਨ ਖਾਣ ਪੀਣ ਦੀ ਮਨਾਹੀ ਵੀ ਹੁੰਦੀ ਹੈ ਅਤੇ ਭੋਗ ਵਿਲਾਸ ਅਤੇ ਹੋਰ ਕੋਈ ਵੀ ਮੰਦਾ ਕੰਮ ਕਰਨ ਦੀ ਆਗਿਆ ਨਹੀਂ ਹੁੰਦੀ। ਗੁਰੂ ਸਾਹਿਬ ਨੇ ਗੁਰਬਾਣੀ ਵਿਚ ਇਸ ਪਵਿਤਰ ਕਰਮ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ:

ਰੋਜਾ ਬਾਗ ਨਿਵਾਜ ਕਤੇਬ ਵਿਣੁ ਬੁਝੇ ਸਭ ਜਾਸੀ।।[81]

**ਜ਼ਕਾਤ** :- ਜਿਸ ਤਰ੍ਹਾਂ ਗੁਰਮਤਿ ਅਨੁਸਾਰ ਇਕ ਸਿੱਖ ਨੂੰ ਆਪਣੀ ਨੇਕ ਕਮਾਈ ਵਿਚੋਂ ਦਸਵੰਧ ਕੱਢਣ ਦੀ ਆਗਿਆ ਹੈ ਉਸੇ ਤਰ੍ਹਾਂ ਮੁਸਲਮਾਨੀ ਸਭਿਅਤਾ ਮੁਤਾਬਿਕ ਅਮੀਰ ਮੁਸਲਮਾਨਾਂ ਨੂੰ ਆਪਣੀ ਸੰਚਿਤ ਪੂੰਜੀ ਵਿਚੋਂ ਗਰੀਬ ਮੁਸਲਮਾਨਾਂ ਨੂੰ ਕੁਝ ਦਾਨ ਰਾਸ਼ੀ ਦੇਣ ਦਾ ਆਦੇਸ਼ ਹੈ। ਇਸ ਦਾਨ ਰਾਸ਼ੀ ਨੂੰ ਜ਼ਕਾਤ ਆਖਦੇ ਹਨ। ਇਹ ਜਿਨਸਾਂ ਦੇ ਰੂਪ ਵਿਚ ਵੀ ਦਿੱਤੀ ਜਾ ਸਕਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਸ ਸੰਬੰਧੀ ਧਾਰਣਾ ਇਸ ਪ੍ਰਕਾਰ ਮਿਲਦੀ ਹੈ ਜਿਵੇਂ:

ਜੇਜੀਆ ਡੰਨੁ ਕੋ ਲਏ ਨ ਜਗਾਤਿ।।[82]

**ਹੱਜ** :- ਮੁਸਲਮਾਨੀ ਪਰੰਪਰਾ ਵਿਚ ਮੁਸਲਮਾਨਾਂ ਦੇ ਪਵਿਤਰ ਅਸਥਾਨ ਮੱਕੇ ਵਿਚ ਸਥਿਤ ਕਾਅਬਾ ਦਾ ਹੱਜ ਕਰਨ ਦਾ ਵੀ ਆਦੇਸ਼ ਹੈ। ਮੁਸਲਮਾਨੀ ਯਾਤਰੀ ਕਾਅਬੇ ਦੀ ਪਰਕਰਮਾ ਵੀ ਕਰਦੇ ਹਨ ਅਤੇ ਉਥੇ ਰੱਖੇ ਗਏ ਕਾਲੇ ਪੱਥਰ ਨੂੰ ਚੁੰਮਦੇ ਵੀ ਹਨ ਇਸ ਪਿਛੇ ਇਹ ਧਾਰਨਾ ਮੰਨੀ ਗਈ ਹੈ ਕਿ ਅਜਿਹਾ ਕਰਨ ਨਾਲ ਸਾਰੇ ਪਾਪ ਦੂਰ ਹੋ ਜਾਂਦੇ ਹਨ। ਗੁਰਬਾਣੀ ਵਿਚ ਹਾਜੀ ਬਾਰੇ ਫੁਰਮਾਣ ਇਸ ਤਰ੍ਹਾਂ ਪ੍ਰਾਪਤ ਹੈ:

ਜੋ ਦਿਲੁ ਸੋਧੈ ਸੋਈ ਹਾਜੀ।।[83]

**ਕਿਆਮਤ** :- ਇਸਲਾਮਿਕ ਸਿਧਾਂਤ ਅਨੁਸਾਰ ਇਸ ਦਿਨ ਇਸਰਾਈਲ ਫਰਿਸ਼ਤਾ ਇਕ ਵੱਡਾ ਸੰਖ ਵਜਾਏਗਾ ਜਿਸ ਦੀ ਅਵਾਜ਼ ਸੁਣ ਕੇ ਕਬਰਾਂ ਵਿਚੋਂ ਮੁਰਦੇ ਉਠ ਜਾਣਗੇ, ਰੱਬੀ ਦਰਗਾਹ ਵਿਚ ਜਾਣਗੇ, ਉਥੇ ਇਨ੍ਹਾਂ ਨੂੰ ਚੰਗੇ ਅਮਲਾਂ ਅਨੁਸਾਰ ਜਨਤ ਜਾਂ ਦੋਜ਼ਖ ਵਿਚ ਘਲਿਆਂ ਜਾਵੇਗਾ। ਗੁਰੂ ਨਾਨਕ ਦੇਵ ਜੀ ਨੇ ਹਸ਼ਰ ਦਿਹਾੜੇ ਹੋਣ ਵਾਲੇ ਲੇਖੇ ਦਾ ਚਿੱਤਰ ਇਸ ਪ੍ਰਕਾਰ ਉਲੀਕਿਆ ਹੈ:

ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ॥
ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ॥
ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ॥
ਅਜਰਾਈਲੁ ਫਰੇਸਤਾ ਹੋਸੀ ਆਇ ਤਈ॥
ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ॥
ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥[84]

**ਜਿਹਾਦ** :- ਇਸਲਾਮਿਕ ਪ੍ਰਚਾਰ, ਪ੍ਰਸਾਰ ਜਾਂ ਪ੍ਰਤਿ ਰੱਖਿਆ ਲਈ ਕਾਫ਼ਿਰਾ ਨਾਲ ਲੜੇ ਯੁੱਧ ਨੂੰ ਜਿਹਾਦ (ਧਰਮ ਯੁੱਧ) ਆਖਦੇ ਹਨ। ਇਸ ਯੁੱਧ ਵਿਚ ਭਾਗ ਲੈਣ ਵਾਲਿਆਂ ਨੂੰ ਗਾਜ਼ੀ ਆਖਿਆ ਜਾਂਦਾ ਹੈ। ਇਸਲਾਮਿਕ ਚਿੰਤਨ ਵਿਚ ਦੁਸ਼ਮਣਾਂ ਦੇ ਇਲਾਕੇ ਨੂੰ 'ਦਾਰ-ਉਲ-ਹਰਬ' (ਯੁੱਧ-ਖੇਤਰ) ਅਤੇ ਇਸਲਾਮੀ ਧਰਮ ਨੂੰ 'ਵਾਰ-ਉਲ-ਇਸਲਾਮ' ਆਖਿਆ ਜਾਂਦਾ ਹੈ। ਜਿਹਾਦ ਲਈ ਗਏ ਵਿਅਕਤੀ ਦਾ ਮੁੱਖ ਉਦੇਸ਼ 'ਦਾਰ-ਉਲ-ਹਰਬ' ਨੂੰ 'ਵਾਰ-ਉਲ-ਇਸਲਾਮ' ਬਣਾਉਣਾ ਹੁੰਦਾ ਹੈ। ਮੁਸਲਮਾਨੀ ਰਾਜ ਸਮੇਂ ਭਾਰਤੀ ਜਨਤਾ ਉਪਰ ਹੋਏ ਜ਼ੁਲਮਾਂ ਨੇ ਗੁਰੂ ਸਾਹਿਬ ਦੇ ਮਨ ਨੂੰ ਬਹੁਤ ਠੇਸ ਪਹੁੰਚਾਈ ਅਤੇ ਉਨ੍ਹਾਂ ਦਾ ਮਨ ਮੁਸਲਿਮ ਸ਼ਾਸਕਾਂ ਦੀਆਂ ਵਧੀਕੀਆਂ ਨੂੰ ਦੇਖ ਕੇ ਕੁਰਲਾ ਉਠਿਆ :

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ॥
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥
ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨ ਆਇਆ॥[85]

ਸ੍ਰੀ ਗੁਰੂ ਗ੍ਰੰਥ ਸਾਹਿਬ ਜੋ ਸਰਬ ਸਾਂਝੀ ਗੁਰਬਾਣੀ ਦਾ ਦਰਜ਼ਾ ਰੱਖਦੇ ਹਨ, ਵਿਚ ਗੁਰੂਆਂ, ਸੰਤਾਂ, ਭਗਤਾਂ ਤੋਂ ਇਲਾਵਾਂ ਮੁਸਲਮਾਨ ਫਕੀਰਾਂ ਦੀ ਵੀ ਬਾਣੀ ਦਰਜ਼ ਕੀਤੀ ਗਈ ਹੈ। ਗੁਰੂ ਸਾਹਿਬਾਨ ਨੇ ਇਸਲਾਮਿਕ ਪਰੰਪਰਾਵਾਂ ਜੋ ਗੁਰਮਤਿ ਅਨੁਸਾਰ ਅਨੁਕੂਲ ਹਨ, ਦਾ ਗੁਰਬਾਣੀ ਵਿਚ ਉਲੇਖ ਕੀਤਾ ਹੈ। ਇਸਲਾਮਿਕ ਚਿੰਤਨ ਅੱਲਾ ਨੂੰ ਧਰਤੀ ਦੀ ਬਜਾਏ ਉਚੇ ਅਰਸ਼ਾ 'ਤੇ ਮੰਨਦਾ ਹੈ। ਪਰੰਤੂ ਗੁਰੂ ਨਾਨਕ ਦੇਵ ਜੀ ਨੇ ਆਪਣਾ ਦ੍ਰਿਸ਼ਟੀਕੋਣ ਦਿੰਦੇ ਹੋਏ ਆਖਿਆ ਹੈ :

ਨਿਰਗੁਨੁ ਆਪਿ ਸਰਗੁਨੁ ਭੀ ਓਹੀ॥[86]

ਇਸਲਾਮੀ ਅਧਿਆਤਮਕਤਾ 'ਚੋ 'ਜੱਨਤ' ਅਤੇ 'ਜਹੱਨਮ' ਦਾ ਸੰਕਲਪ ਵੀ ਉਜਾਗਰ ਹੁੰਦਾ ਹੈ। ਜਿਹੜੇ ਲੋਕ ਕੁਰਾਨ ਦੀਆਂ ਹਿਦਾਇਤਾਂ ਅਨੁਸਾਰ ਚਲਣਗੇ ਉਨ੍ਹਾਂ ਨੂੰ ਜੱਨਤ ( ਸਵਰਗ) ਵਿਚ ਜਗ੍ਹਾ ਮਿਲੇਗੀ ਅਤੇ ਜਿਹੜੇ ਲੋਕ ਇਸਦੀ ਪਾਲਣਾ ਨਹੀਂ ਕਰਨਗੇ ਉਨ੍ਹਾਂ ਨੂੰ ਜਹੱਨਮ (ਨਰਕ) ਦਾ ਮੂੰਹ ਦੇਖਣਾ ਪਵੇਗਾ। ਕੁਰਾਨ ਅਨੁਸਾਰ : "ਜਿਹੜੇ ਲੋਕ ਮੇਰੀ ਉਸ ਹਿਦਾਇਤ ਦੀ ਪਾਲਣਾ ਕਰਨਗੇ, ਉਨ੍ਹਾਂ ਨੂੰ ਕੋਈ ਚਿੰਤਾ ਅਤੇ ਡਰ ਨਹੀਂ ਹੋਵੇਗਾ ਅਤੇ ਜਿਹੜੇ ਇਨਕਾਰ ਕਰਨਗੇ ਤੇ ਮੇਰੀਆ ਆਇਤਾ ਨੂੰ ਝੁਠਲਾਉਣਗੇ ਉਹ ਅੱਗ (ਨਰਕ) ਵਿਚ ਜਾਣ ਵਾਲੇ ਹਨ, ਜਿਥੇ ਉਹ ਸਦਾ ਰਹਿਣਗੇ"।[87]

ਗੁਰੂ ਨਾਨਕ ਦੇਵ ਜੀ ਨੇ 'ਜੱਨਤ' ਅਤੇ 'ਜਹੱਨਮ ਬਾਰੇ ਆਪਣਾ ਮੌਲਿਕ ਚਿੰਤਨ ਇਸ ਤਰ੍ਹਾਂ ਪੇਸ਼ ਕੀਤਾ ਹੈ :

ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ॥
ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ॥
ਕਰਿ ਅਉਗਣ ਪਛੋਤਾਵਣਾ। ।[88]

ਇਸਲਾਮੀ ਅਧਿਆਤਮਕਤਾ ਅਨੁਸਾਰ ਖੁਦਾ ਦਾ ਨਿਵਾਸ ਬਹਿਸ਼ਤ ਵਿਚ ਹੈ। ਇਸਲਾਮ ਅਨੁਸਾਰ ਕਈ ਫਰਿਸ਼ਤੇ ਹਨ। ਇਨ੍ਹਾਂ ਵਿਚ ਸ਼ੈਤਾਨ ਇਕ ਸ਼ਕਤੀਸ਼ਾਲੀ ਫਰਿਸ਼ਤਾ ਹੈ ਅਤੇ ਇਨ੍ਹਾਂ ਤੋਂ ਇਲਾਵਾ ਅਜ਼ਰਾਈਲ, ਮਕਾਇਲ, ਜਬਰਾਈਲ, ਅਤੇ ਇਸਰਾਫ਼ੀਲ ਆਦਿ ਫਰਿਸ਼ਤਿਆਂ ਦੀ ਹੋਂਦ ਵੀ ਮੰਨੀ ਗਈ ਹੈ। ਇਸਲਾਮ ਮਤ ਵਿਚ ਕਰਾਮਾਤ ਪ੍ਰਦਰਸ਼ਨ ਵਿਚ ਵਿਸ਼ਵਾਸ਼ ਕੀਤਾ ਜਾਂਦਾ ਹੈ ਅਤੇ ਵਡਿਆਈ ਇਸੇ ਵਿਚ ਸਮਝੀ ਜਾਂਦੀ ਹੈ। ਮੁਸਲਮਾਨੀ ਮਤ ਅਨੁਸਾਰ ਪੰਜ ਵੇਲੇ ਨਮਾਜ਼ਾਂ ਪੜ੍ਹਨੀਆਂ, ਉਜੂ ਕਰਨਾ, ਮੂੰਹ ਮੱਕੇ ਵੱਲ ਕਰਨਾ ਉਚਿਤ ਮੰਨਿਆਂ ਜਾਂਦਾ ਹੈ। ਰਮਜ਼ਾਨ ਮਹੀਨੇ ਵਿਚ ਮੁਸਲਮਾਨ ਲਈ30 ਰੋਜ਼ੇ ਰੱਖਣੇ ਜ਼ਰੂਰੀ ਮੰਨੇ ਗਏ ਹਨ। ਇਸਲਾਮ ਵਿਚ ਮੱਕੇ ਸ਼ਰੀਫ ਦਾ ਹੱਜ ਕਰਨਾ ਜ਼ਰੂਰੀ ਸਮਝਿਆ ਗਿਆ ਹੈ। ਉਪਰੋਕਤ ਵਿਚਾਰੇ ਗਿਆਨ ਸ਼ਾਸਤਰੀ ਸੰਦਰਭ ਅਤੇ ਸਰੋਕਾਰਾਂ, ਭਾਰਤੀ ਅਤੇ ਇਸਲਾਮੀ ਅਧਿਆਤਮਕਤਾ ਅਤੇ ਗੁਰਮਤਿ ਦੇ ਸੰਦਰਭ ਵਿਚ ਵਿਚਾਰਾਂ ਕੀਤੀਆਂ ਹਨ।

ਹੁਣ ਅਸੀਂ ਸਾਡੇ ਖੋਜ-ਪ੍ਰਬੰਧ ਨਾਲ ਸੰਬੰਧਿਤ ਗੋਸ਼ਟਾਂ ਵਿਚਲੇ ਗਿਆਨ ਸ਼ਾਸਤਰੀ ਅਤੇ ਅਧਿਆਤਮਕ ਸਰੋਕਾਰਾਂ ਬਾਰੇ ਵਿਚਾਰ ਚਰਚਾ ਕਰਾਂਗੇ, ਕਿਉਂਕਿ ਵਿਚਾਰ-ਚਿੰਤਨ ਰਾਹੀਂ ਹੀ ਅਸੀਂ ਇਨ੍ਹਾਂ ਗੋਸ਼ਟਾਂ ਵਿਚਲੇ ਧਰਮ-ਸ਼ਾਸਤਰ ਅਤੇ ਗਿਆਨ-ਸ਼ਾਸਤਰ ਦੀ ਗਹਿਰਾਈ ਤਕ ਅਪੜ ਸਕਾਂਗੇ। ਇਹਨਾਂ ਗੋਸ਼ਟਾਂ ਵਿਚਲੇ ਧਰਮ ਸ਼ਾਸਤਰ ਦੀ ਇਕ ਅਤਿ ਜ਼ਰੂਰੀ ਇਕਾਈ ਸਦਾਚਾਰਕ ਪ੍ਰਤੀਕ-ਪ੍ਰਬੰਧ ਦੀ ਸਿਰਜਣਾ ਵੀ ਹੈ। ਇਹ ਇਕ ਅਜਿਹਾ ਪ੍ਰਤੀਕ-ਪ੍ਰਬੰਧ ਹੈ ਜੋ ਆਰਥਿਕ, ਰਾਜਨੀਤਿਕ, ਸਮਾਜਿਕ ਅਤੇ ਸਭਿਆਚਾਰਕ ਧਰਾਤਲ 'ਤੇ ਹੀ ਲਾਗੂ ਨਹੀਂ ਹੁੰਦੀ ਸਗੋਂ ਧਰਮ- ਸ਼ਾਸਤਰ ਅਤੇ ਗਿਆਨ ਸ਼ਾਸਤਰ ਤੇ ਵੀ ਪੂਰਨ ਰੂਪ ਵਿਚ ਪ੍ਰਤਿਬਿੰਬਤ ਹੁੰਦੀ ਹੈ।

**ਗੋਸ਼ਟਾਂ ਅਤੇ ਅਧਿਆਤਮਕ ਸੰਵਾਦ :**

ਭਾਰਤੀ ਇਤਿਹਾਸ ਵਿਚ ਮੱਧਕਾਲ ਦਾ ਸਮਾਂ ਚਿੰਤਨ ਅਤੇ ਚੇਤਨਾ ਦੀ ਦ੍ਰਿਸ਼ਟੀ ਤੋਂ ਵਿਭਿੰਨ ਸੰਸਕ੍ਰਿਤੀਆਂ ਅਤੇ ਚਿੰਤਨ ਪ੍ਰਣਾਲੀਆਂ ਦੇ ਪਰਸਪਰ ਵਾਦ-ਵਿਵਾਦ ਸੰਵਾਦ ਅਤੇ ਸੰਸਲੇਸ਼ਣ ਦਾ ਸੂਚਕ ਹੈ। ਇਤਿਹਾਸ ਗਵਾਹ ਹੈ ਕਿ ਮੱਧਕਾਲ ਵਿਚ ਭਾਰਤੀ ਭੂਮੀ ਉੱਪਰ ਵਿਦੇਸ਼ੀ ਸਭਿਆਚਾਰਕ ਸਮ੍ਰਿਤੀਆਂ ਅਤੇ ਚਿੰਤਨ ਪ੍ਰਣਾਲੀਆਂ ਵਾਲੇ ਸਮੂਹ ਪ੍ਰਵੇਸ਼ ਕਰਦੇ ਰਹੇ ਹਨ। ਨਤੀਜੇ ਵਜੋਂ ਭਾਰਤੀ ਚਿੰਤਨ ਅਤੇ ਵਿਦੇਸ਼ੀ ਚਿੰਤਨ ਵਿਚਕਾਰ ਵਾਦ-ਵਿਵਾਦ ਹੋਣਾ ਸੁਭਾਵਿਕ ਹੀ ਸੀ, ਪਰੰਤੂ ਜਦੋਂ ਇਨ੍ਹਾਂ ਵਿਭਿੰਨ ਚਿੰਤਨ ਪ੍ਰਣਾਲੀਆਂ ਵਿਚਲਾ ਵਾਦ-ਵਿਵਾਦ ਸੰਵਾਦ ਵਿਚ ਬਦਲਿਆ ਤਾਂ ਧਰਮ ਪ੍ਰਤੀ ਅਤੇ ਅਧਿਆਤਮਕ ਸੋਚ ਪ੍ਰਤੀ, ਕਈ ਨਵੇਂ ਤੱਤ ਅਤੇ ਸੱਚ ਦ੍ਰਿਸ਼ਟੀਗੋਚਰ ਹੋਏ।

ਇਕ ਗੱਲ਼ ਵੀ ਸਪਸ਼ਟ ਕਰਨੀ ਬਣਦੀ ਹੈ ਕਿ ਗੁਰਮਤਿ ਪਰੰਪਰਾ ਨੇ ਜਦੋਂ ਸਾਮੀ ਅਤੇ ਭਾਰਤੀ ਚਿੰਤਨ ਨਾਲ ਸੰਵਾਦ ਰਚਾਇਆ ਤਾਂ ਉਸ ਸੰਵਾਦ ਵਿਚੋਂ ਪਰੰਪਰਾ ਨੂੰ ਨਵੇਂ ਅਰਥ ਅਤੇ ਵਿਸਤਾਰ ਪ੍ਰਾਪਤ ਹੋਏ। ਇਹ ਵਿਚਾਰਧਾਰਕ ਚਿੰਤਨ ਹੀ ਗੁਰਮਤਿ ਦੀ ਮੂਲ ਸ਼ਕਤੀ ਬਣਿਆ। ਨਾਨਕ ਬਾਣੀ (ਭਾਵ ਸਮੁੱਚੀ ਬਾਣੀ) ਵਿਚ ਸੰਵਾਦ ਦੀ ਇਹ ਸੁਰ ਇਤਨੀ ਵਿਆਪਕ ਹੈ ਕਿ ਪਾਠਕ ਨੂੰ ਇਹ ਆਭਾਸ ਹੋਣ ਲੱਗਦਾ ਹੈ ਕਿ ਬਾਣੀ ਦੀ ਮੂਲ ਜੁਗਤ ਹੀ ਸੰਵਾਦ ਭਾਵਨਾ ਹੈ, ਬਾਣੀ ਵਿਚਲਾ ਇਹ ਸੰਵਾਦ ਭਾਰਤੀ, ਬ੍ਰਾਹਮਣ, ਪਾਂਧਾ, ਪਾਂਡਾ, ਸਿਧ, ਨਾਥ, ਜੋਗੀ, ਜੈਨੀ, ਬੋਧੀ ਅਤੇ ਸਾਮੀ ਜਗਤ ਦੇ

ਮੁਲਾਂ, ਕਾਜ਼ੀ ਅਤੇ ਮੁਸਲਮਾਨ ਰਾਜਨੀਤਿਕਾਂ ਆਦਿ ਨਾਲ ਰਚਾਇਆ ਗਿਆ ਹੈ। ਇਸ ਸੰਵਾਦ ਦੀ ਇਕ ਵੱਡੀ ਖ਼ੂਬੀ ਅਤੇ ਪ੍ਰਮਾਣਿਕਤਾ ਇਸ ਗੱਲ ਵਿਚ ਹੈ ਕਿ ਜਿਹੜੀਆਂ ਅਨੈਤਿਕ ਕਦਰਾਂ-ਕੀਮਤਾਂ ਜਾਂ ਬੇਤਰਤੀਬੀਆਂ ਨੂੰ ਰੱਦ ਕੀਤਾ ਗਿਆ, ਉਸ ਦੇ ਬਰਾਬਰ ਰੱਦ ਕੀਤੇ ਦਾ ਬਦਲ ਵੀ ਪੁਰਜ਼ੋਰ ਆਵਾਜ਼ ਨਾਲ ਸੁਝਾਇਆ ਗਿਆ। ਇਸੇ ਕਾਰਨ ਕਰਕੇ ਨਾਨਕ ਬਾਣੀ ਦੀ ਵਿਦਰੋਹੀ ਸੁਰ, ਇਸ ਸੰਵਾਦ ਦੀ ਮੁੱਖ ਸੁਰ ਵਜੋਂ ਸੁਣਾਈ ਦਿੰਦੀ ਹੈ। ਇਸ ਸੁਰ ਰਾਹੀਂ ਸਮਾਜਿਕ ਕਾਰਜਾਂ ਵਿਚ ਨਿਆਂਸ਼ੀਲਤਾ ਦਾ ਸੰਚਾਲਨ ਪ੍ਰਤੀਤ ਹੁੰਦਾ ਹੈ। ਭਾਰਤੀ ਅਤੇ ਸਾਮੀ ਚਿੰਤਨ ਦੀ ਬਾਣੀਕਾਰਾਂ ਨਾਲ ਸੰਵਾਦ ਵਿਚੋਂ, ਜਿਹੜੀ ਮੁੱਖ ਸੁਰ ਉੱਭਰ ਕੇ ਸਾਹਮਣੇ ਆਉਂਦੀ ਹੈ, ਉਹ ਮਨੁੱਖ ਨੂੰ ਸਮਾਜਿਕਤਾ, ਆਲੌਕਿਕਤਾ, ਭੌਤਿਕਤਤਾ ਜਾਂ ਪਰਾ-ਭੌਤਿਕਤਤਾ ਦੇ ਮਾਰਗ 'ਤੇ ਚਲਣ ਦਾ ਠੀਕ ਰਸਤਾ ਦਿਖਾਉਂਦੀ ਹੈ। ਸਾਡੇ ਅਧਿਐਨ ਖੇਤਰ ਵਿਚ ਆਉਣ ਵਾਲੀਆਂ ਕੁਝ ਚੋਣਵੀਆਂ ਗੋਸ਼ਟਾਂ ਦੇ ਅਧਿਆਤਮਕ ਸੰਵਾਦ ਤੋਂ ਇਸ ਵਿਸ਼ੇ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।

ਸਾਡੇ ਵਿਚਾਰ ਅਧੀਨ ਜਨਮਸਾਖੀਆਂ ਵਿਚਲੀਆਂ ਕੁਝ ਚੋਣਵੀਆਂ ਗੋਸ਼ਟਾਂ ਹੀ ਹਨ, ਜਿਨ੍ਹਾਂ ਦਾ ਗੁਰਮਤਿ ਅਨੁਸਾਰ ਅਤੇ ਦਰਸ਼ਨ ਸ਼ਾਸਤਰ ਅਨੁਸਾਰ ਬਹੁਤ ਮਹੱਤਵ ਹੈ। ਇਹ ਗੋਸ਼ਟਾਂ ਅਸੀਂ ਹੇਠ ਲਿਖੀਆਂ ਜਨਮ ਸਾਖੀਆਂ ਵਿਚੋਂ ਚੁਣੀਆਂ ਹਨ :

ੳ. ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਰਚਿਤ: ਅਮਰ ਸ਼ਹੀਦ ਭਾਈ ਮਨੀ ਸਿੰਘ ਜੀ।

ਅ. ਸੌ ਸਾਲ ਪੁਰਾਤਨ ਲਿਖਤੀ ਭਾਈ ਬਾਲੇ ਵਾਲੀ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਨਮਸਾਖੀ,।

ੲ. ਪੁਰਾਤਨ ਜਨਮਸਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਭਾਈ ਵੀਰ ਸਿੰਘ (ਸੰਪਾ.)

ਸ. ਆਦਿ ਸਾਖੀਆਂ, ਜਨਮ ਪਤ੍ਰੀ ਬਾਬੇ ਨਾਨਕ ਜੀ ਕੀ (ਸ਼ੰਭੂ ਨਾਥ ਵਾਲੀ) ਪਿਆਰ ਸਿੰਘ (ਸੰਪਾ.)

**(ੳ). ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਰਚਿਤ: ਅਮਰ ਸ਼ਹੀਦ ਭਾਈ ਮਨੀ ਸਿੰਘ ਜੀ ਵਿਚਲੀਆਂ ਗੋਸ਼ਟਾਂ :**

ਇਨ੍ਹਾਂ ਉਪਰੋਕਤ ਜਨਮਸਾਖੀਆਂ ਬਾਰੇ ਪਹਿਲਾਂ ਹੀ ਪੰਜਾਬੀ ਜਗਤ ਭਲੀ ਭਾਂਤ ਜਾਣੂ ਹੋ ਚੁਕਿਆ ਹੈ। ਇਨ੍ਹਾਂ ਉਪਰੋਕਤ ਜਨਮਸਾਖੀਆਂ ਵਿਚ ਇਕੋ ਹੀ ਸਾਖੀ ਨੂੰ ਅੱਲਗ-ਅਲੱਗ ਤਰ੍ਹਾਂ ਪੇਸ਼ ਕੀਤਾ ਗਿਆ ਹੈ। ਕਹਿਣ ਤੋਂ ਭਾਵ ਹੈ ਕਿ ਜਿਵੇਂ ਸ਼ੇਖ ਬ੍ਰਹਮ ਨਾਲ ਗੋਸ਼ਟਿ ਨੂੰ, ਭਾਈ ਮਨੀ ਸਿੰਘ ਜੀ ਵਾਲੀ ਜਨਮਸਾਖੀ ਵਿਚ ਲਗਪਗ 22 ਸਫਿਆਂ ਵਿਚ ਵਿਸਤਾਰਿਆ ਗਿਆ ਹੈ ਜਦੋਂ ਕਿ ਇਸੇ ਜਨਮਸਾਖੀ ਨੂੰ ਪੁਰਾਤਨ ਜਨਮਸਾਖੀ ਵਿਚ ਕੇਵਲ, ਦੋ ਢਾਈ ਪੰਨਿਆ ਵਿਚ ਸਮੇਟਿਆ ਗਿਆ ਹੈ ਅਤੇ ਭਾਈ ਬਾਲੇ ਵਾਲੀ ਜਨਮਸਾਖੀ ਵਿਚ 'ਪਾਕਪਟਨ ਜਾਣਾ' ਸਾਖੀ ਦੇ ਨਾਂ ਹੇਠ ਸ਼ੇਖ ਬ੍ਰਹਮ ਵਾਲੀ ਗੋਸ਼ਟਿ ਕੇਵਲ ਦੋ ਪੰਨਿਆ ਵਿਚ ਦਰਸਾਈ ਗਈ ਹੈ।

ਇਨ੍ਹਾਂ ਵਿਭਿੰਨ ਜਨਮਸਾਖੀਆਂ ਵਿਚ ਇਕੋ ਹੀ ਗੋਸ਼ਟਿ ਨੂੰ ਅਲੱਗ-ਅੱਲਗ ਤਰੀਕਿਆਂ ਨਾਲ ਜਾਂ ਕੁਝ ਵਾਧੇ ਘਾਟੇ ਨਾਲ ਦਰਸਾਇਆ ਗਿਆ ਹੈ। ਸ਼ੇਖ ਬ੍ਰਹਮ ਨਾਲ ਗੋਸ਼ਟਿ ਨੂੰ ਭਾਈ ਮਨੀ ਸਿੰਘ ਨੇ ਆਸਾ ਦੀ ਵਾਰ ਨੂੰ ਲੈ ਕੇ, ਉਸ ਵਿਚਲੇ ਵਿਚਾਰਾਂ ਨੂੰ ਸ਼ੇਖ ਬ੍ਰਹਮ ਨਾਲ ਸੰਵਾਦ ਦੇ ਰੂਪ ਵਿਚ ਚਿਤਰਿਆ ਹੈ। ਆਸਾ ਦੀ ਵਾਰ ਨੂੰ 'ਟੁੰਡੇ ਅਸਰਾਜੇ ਦੀ ਧੁਨ' ਉਪਰ ਗਾਵਣਾ ਸਿਰਲੇਖ ਨੂੰ, ਭਾਈ ਮਨੀ ਸਿੰਘ ਨੇ ਟੁੰਡੇ ਅਸਰਾਜੇ ਦੀ ਕਥਾ ਨੂੰ ਆਪਣੇ ਹੀ ਢੰਗ ਨਾਲ ਹੇਠ ਲਿਖੇ ਅਨੁਸਾਰ ਬਿਆਨ ਕੀਤਾ ਹੈ :

**ਸੇਖ ਬ੍ਰਹਮ ਨਾਲ ਗੋਸ਼ਟਿ :**

'ਟੁੰਡਾ ਅਸਰਾਜਾ ਦੋਵੇਂ ਭਿਰਾਉ ਸੇ ਅਰ ਉਨਾ ਜੁਧ ਕੀਤਾ ਸੀ ਜੋ ਉਸ ਧੁਨ ਉਪਰ ਵਾਰ ਕੀਤੀ ਤੇ ਗਿਆਨ ਰੂਪੀ ਟੁੰਡਾ ਹੈ ਅਗਯਾਨ ਅਸਰਾਜਾ ਹੈ ਸੋ ਅਗਯਾਨ ਸਾਰੇ ਦੇਸ ਮੈ ਪਰਗਟ ਹੈ ਅਤੇ ਜਿਸ ਸਮੈ ਸਾਧ ਸੰਗਤ ਨੂੰ ਪ੍ਰਾਣੀ ਮਿਲਦਾ ਹੈ ਤਾਂ ਗਿਆਨ ਪ੍ਰਬਲ ਹੋ ਜਾਂਦਾ ਹੈ ਅਰ ਅਗਯਾਨ ਅਸਰਾਜੇ ਨੂੰ ਕਢ ਦੇਂਦਾ ਹੈ'।[89]

ਇਸ ਵਿਚ ਗੁਰੂ ਨਾਨਕ ਅਤੇ ਸ਼ੇਖ ਬ੍ਰਹਮ ਦਾ ਹੇਠ ਲਿਖਿਆਂ ਦੋ ਵਿਸ਼ਿਆਂ ਤੇ ਅਧਿਆਤਮਕ ਸੰਵਾਦ ਹੁੰਦਾ ਹੈ।

1. ਗਿਆਨ ਦੀ ਮਹੱਤਤਾ, ਗੁਰੂ ਦੀ ਲੋੜ ਅਤੇ ਉਸ ਦੀ ਮਹੱਤਤਾ, ਰੱਬ ਦੁਆਰਾ ਸੰਸਾਰ ਉਤਪਤੀ ਅਤੇ ਕੁਦਰਤ ਦੀ ਸਿਰਜਣਾ।
2. ਪਰਾਭੌਤਿਕੀ ਬਹੁਪਰਪੇਖੀ ਸੰਦਰਭਾਂ ਬਾਰੇ ਸੰਵਾਦ ਜਿਵੇਂ ਵਿਸਮਾਦ ਸ਼ਬਦ ਰਾਹੀਂ ਦਰਸਾਇਆ ਗਿਆ ਹੈ ਕਿ ਸਾਰਾ ਬ੍ਰਹਿਮੰਡ ਰੱਬੀ ਨਿਯਮ ਤਹਿਤ ਚਲ ਰਿਹਾ ਹੈ।

**ਗਿਆਨ ਦੀ ਮਹੱਤਤਾ**:- ਗੁਰੂ ਨਾਨਕ ਦੇਵ ਜੀ ਸ਼ੇਖ ਬ੍ਰਹਮ ਨੂੰ ਗਿਆਨ ਦੀ ਮਹੱਤਤਾ ਬਾਰੇ ਚਾਨਣਾ ਪਾਉਂਦੇ ਉਸ ਨੂੰ ਅਧਿਆਤਮਕ ਪੱਖਾ ਤੋਂ ਜਾਣੂ ਕਰਵਾਉਂਦੇ ਹਨ ਕਿ :

> 'ਅਰ ਜੈਸੇ ਅੰਧੇਰੀ ਰਾਤ ਕੋ ਚੰਦ੍ਰਮਾ ਪ੍ਰਕਾਸ ਕਰਤਾ ਹੈ ਤੇ ਅੰਧੇਰਾ ਦੂਰ ਹੋ ਜਾਤਾ ਹੈ ਅਰ ਸੂਰਜ ਦੀਆਂ ਕਿਰਨਾਂ ਪਰਕਾਸਦੀਆਂ ਹੈ ਤਾਂ ਅੰਧੇਰਾ ਰਾਤ ਸਮੇਤ ਦੂਰ ਹੋ ਜਾਂਦਾ ਹੈ ਅਰ ਜੇ ਸੌ ਚੰਦ੍ਰਮਾਂ ਤੇ ਹਜਾਰਾਂ ਸੂਰਜ ਚੜ੍ਹਨ ਤਾਂ ਭੀ ਗੁਰਾਂ ਕੇ ਬਚਨਾਂ ਬਿਨਾ ਅਗਯਾਨ ਕਾ ਅੰਧੇਰਾ ਨਹੀਂ ਮਿਟਦਾ'॥੧॥[90]
>
> ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ॥[91]
>
> ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥
> ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥[92]

ਇਸ ਤਰ੍ਹਾਂ ਗਿਆਨ ਪ੍ਰਾਪਤ ਕਰਨ ਲਈ ਗੁਰੂ ਦੀ ਲੋੜ ਨੂੰ ਸਵੀਕਾਰਿਆ ਗਿਆ ਹੈ।

**ਗੁਰੂ ਦੀ ਲੋੜ** : ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦਵਾਰ॥
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨਾ ਲਾਗੀ ਵਾਰ॥[93]

'ਆਸਾ ਦੀ ਵਾਰ' ਵਿਚਲਾ ਗੁਰੂ ਨਾਨਕ ਦੇਵ ਜੀ ਦਾ ਗੁਰੂ ਸੰਬੰਧੀ ਪ੍ਰਵਚਨ ਅਜਿਹੇ ਹੀ ਸੰਤ-ਸੁਭਾਵੀ ਪ੍ਰਵਚਨ ਦੀ ਹਾਮੀ ਭਰਦਾ ਹੈ। ਗਿਆਨ-ਵਿਹੂਣੀ ਲੋਕਾਈ ਨੂੰ ਸਦਾਚਾਰਕ ਜਾਂ ਨੈਤਿਕ ਅਗਵਾਈ ਲਈ ਗਿਆਨ-ਵਾਨ (ਗੁਰੂ) ਪੁਰਖ ਦੀ ਲੋੜ ਅਤਿ ਜ਼ਰੂਰੀ ਹੈ। ਇਹ ਧਾਰਮਿਕ ਪ੍ਰਵਚਨ

ਸਮਾਜਿਕ-ਨਿਰਮਾਣ ਦੇ ਕਾਰਜਾਂ ਲਈ ਬਹੁ-ਸੁਰੇ ਪ੍ਰਵਚਨਾਂ ਦੀ ਹੋਂਦ ਦਾ ਧਾਰਨੀ ਹੈ। ਦਾਨਾਈ-ਬੁੱਧੀ, ਸਿਆਣਪ, ਬੁੱਧੀਮਾਨਤਾ ਰਾਹੀਂ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਗੁਰੂ ਸੰਤ-ਸੁਭਾਵੀ ਵਿਅਕਤੀ ਹੁੰਦਾ ਹੈ। ਅਜਿਹੇ ਸੰਤ-ਸੁਭਾਵੀ ਮਨੁੱਖ ਬਾਰੇ ਮਾਰਕ-ਸੀ ਟੇਲਰ ਪੁਸਤਕ Saints and Post Modernism ਵਿਚ ਆਪਣੇ ਵਿਚਾਰ ਪ੍ਰਗਟ ਕਰਦਿਆਂ ਆਖਦੇ ਹਨ :

ਹੇਨਰੀ ਜੇਮਜ਼ ਦੁਆਰਾ ਲਿਖੀ ਪੁਸਤਕ 'The Wings of Dove' ਇਹ ਦਰਸਾਉਂਦੀ ਹੈ ਕਿ ਕਿਵੇਂ ਉਦਾਰਤਾ ਭਰੇ ਸੰਤ-ਸੁਭਾਵੀ ਮਨੁੱਖਾਂ ਦੇ ਕਾਰਜ ਅਤੇ ਪ੍ਰਵਚਨ, ਦੁਨਿਆਵੀ ਸਵਾਰਥੀ ਲੋਕਾਂ ਵਿਚ, ਫਿਰ ਤੋਂ ਉਹਨਾਂ ਵਿਚ ਆਤਮ ਵਿਸ਼ਵਾਸ ਅਤੇ ਨੈਤਿਕ-ਸੰਤੁਲਨ ਕਾਇਮ ਕਰ ਦਿੰਦੇ ਹਨ।[94]

ਪ੍ਰਮਾਤਮਾ ਨੇ ਆਪਣੇ ਆਪ ਨੂੰ ਅਜਿਹੇ ਸੱਚੇ ਗੁਰੂ ਦੇ ਅੰਦਰ ਸਾਖਿਆਤ ਕਰਵਾ ਦਿੱਤਾ ਕਿ ਸੱਚੇ ਗੁਰੂ ਤੋਂ ਬਿਨਾਂ ਕਿਸੇ ਵੀ ਜੀਵ ਨੂੰ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ, ਸਤਿਗੁਰੂ ਨੂੰ ਮਿਲ ਕੇ ਹੀ ਮੁਕਤ ਹੋ ਸਕੀਦਾ ਹੈ ਅਤੇ ਮਾਇਆ ਦੇ ਬੰਧਨਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ :

ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ॥
ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ॥
ਸਤਿਗੁਰ ਮਿਲੀਐ ਸਦਾ ਮੁਕਤੁ ਹੈ ਜਿਨਿ ਵਿਚਹੁ ਮੋਹੁ ਚੁਕਾਇਆ॥
ਉਤਮੁ ਏਹੁ ਬੀਚਾਰੁ ਹੈ ਜਿਨਿ ਸਚੇ ਸਿਉ ਚਿਤੁ ਲਾਇਆ॥
ਜਗਜੀਵਨੁ ਦਾਤਾ ਪਾਇਆ॥[95]

**ਸ੍ਰਿਸ਼ਟੀ, ਆਤਮਾ ਅਤੇ ਮਾਇਆ ਸੰਬੰਧੀ ਗਿਆਨ :-** ਸ਼ੇਖ ਬ੍ਰਹਮ ਗੁਰੂ ਸਾਹਿਬ ਨਾਲ ਵਿਚਾਰ ਚਰਚਾ ਕਰਦਿਆਂ ਉਨ੍ਹਾਂ ਤੋਂ ਸ੍ਰਿਸ਼ਟੀ ਭਾਵ ਜਗਤ ਸੰਬੰਧੀ ਕੁਝ ਸਵਾਲ ਪੁੱਛਦੇ ਹਨ ਕਿ ਜਿਵੇਂ ਦੋ ਸੂਰਮਿਆਂ ਤੋਂ ਬਿਨਾਂ ਵਾਰ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ ਇਸੇ ਤਰ੍ਹਾਂ, ਰੱਬ ਜਿਸ ਨੇ ਇਸ ਸ੍ਰਿਸ਼ਟੀ ਦੀ ਉਤਪਤੀ ਕੀਤੀ ਹੈ, ਉਸ ਨਾਲ ਦੂਜਾ ਕੌਣ ਹੈ ? ਗੁਰੂ ਸਾਹਿਬ ਇਸ ਦਾ ਉੱਤਰ ਅਧਿਆਤਮਵਾਦੀ ਸੁਰ ਵਿਚ ਦਿੰਦੇ ਹੋਏ ਆਖਦੇ ਹਨ ਕਿ :

'ਜੇ ਕੋਈ ਬਾਣੀ ਕਾ ਆਰੰਭ ਕਰਤਾ ਹੈ ਸੋ ਪ੍ਰਥਮੇ ਮੰਗਲਾਚਾਰ ਦੇਵਤੇ ਕਾ ਕਰ ਲੇਤਾ ਹੈ ਤੈਸੇ ਅਸਾਂ ਗੁਰਾਂ ਕਾ ਮੰਗਲਾਚਾਰ ਕੀਆ ਹੈ ਕਯੋਂਕਿ ਜਿਨਾਂ ਨੂੰ ਮਿਲ ਕੇ ਦੇਹ ਅਰ ਆਤਮਾ ਨਿਆਰੇ ਨਿਆਰੇ ਭਾਸਤੇ ਹੈ ਅਰ ਦੇਹ ਜੋ ਨਾਮ ਰੂਪ ਹੈ ਸੋਈ ਮਾਇਆ ਕਾ ਕਾਰਜ ਹੈ ਅਤੇ ਆਤਮਾ ਜੋ ਸਤ ਚਿਤ ਅਨੰਦ ਹੈ ਸੋ ਬ੍ਰਹਮ ਕਾ ਪ੍ਰਕਾਸ ਹੈ ਸੋ ਬ੍ਰਹਮੈ ਨੇ ਮਾਇਆ ਨੂੰ ਅੰਗੀਕਾਰ ਕਰਕੇ ਜਗਤ ਨੂੰ ਉਤਪਤਿ ਕੀਤਾ ਹੈ'।।[96]

ਫਿਰ ਸ਼ੇਖ ਬ੍ਰਹਮ ਗੁਰੂ ਸਾਹਿਬ ਨੂੰ ਇਕ ਹੋਰ ਪ੍ਰਸ਼ਨ ਕਰਦੇ ਹਨ ਕਿ 'ਜਗਤ ਸਚ ਹੈ ਕਿ ਕੂੜ, ਇਸ ਦੇ ਉੱਤਰ ਵਜੋਂ ਗੁਰੂ ਸਾਹਿਬ ਇਕ ਪ੍ਰਵਚਨ ਸੁਣਾ ਕੇ ਸ਼ੇਖ ਬ੍ਰਹਮ ਨੂੰ ਇਸ ਤਰ੍ਹਾਂ ਸੰਤੁਸ਼ਟ ਕਰਦੇ ਹਨ।

ਸਚੇ ਤੇਰੇ ਖੰਡ ਸਚੇ ਬ੍ਰਹਮੰਡ।। ਸਚੇ ਤੇਰੇ ਲੋਅ ਸਚੇ ਆਕਾਰ।।
ਸਚੇ ਤੇਰੇ ਕਰਣੇ ਸਰਬ ਬੀਚਾਰ।। ਸਚਾ ਤੇਰਾ ਅਮਰੁ ਸਚਾ ਦੀਬਾਣੁ।।
ਸਚਾ ਤੇਰਾ ਹੁਕਮੁ ਸਚਾ ਫੁਰਮਾਣੁ।। ਸਚਾ ਤੇਰਾ ਕਰਮੁ ਸਚਾ ਨੀਸਾਣੁ।।[97]

**ਜੀਵਾਤਮਾ** : ਜੀਵਾਤਮਾ ਸੰਬੰਧੀ ਸ਼ੇਖ ਬ੍ਰਹਮ ਨਾਲ ਗੋਸ਼ਟੀ ਕਰਦਿਆਂ ਗੁਰੂ ਸਾਹਿਬ ਨੇ ਤਿੰਨ ਪ੍ਰਕਾਰ ਦੇ ਗੁਣਾਂ ਦੀ ਗੱਲ ਕੀਤੀ ਹੈ :

1. ਤਾਮਸੀ ਗੁਣ 2. ਰਾਜਸੀ ਗੁਣ 3. ਸਾਤਕੀ ਗੁਣ

1. ਤਾਮਸੀ ਗੁਣ : 'ਤਾਮਸੀ ਹੰਕਾਰ ਸੇ ਪੰਜ ਭੂਤ ਹੂਏ ਤਿਸਕਰ ਦੇਹ ਰਚੀ'[98] ਇਥੇ ਪੰਜ ਭੂਤਾਂ ਦੀ ਸੰਬੰਧੀ ਗੁਰੂ ਸਾਹਿਬ ਨੇ (ਕਾਮ, ਕਰੋਧ, ਲੋਭ, ਮੋਹ, ਹੰਕਾਰ ਆਦਿ) ਤੋਂ ਲਏ ਹਨ। ਇਸ ਗੁਣ ਤੋਂ ਹੀ ਪਸ਼ੂਆਂ ਅਤੇ ਰਾਖਸ਼ਸਾ ਨੇ ਜਨਮ ਲਿਆ ਹੈ।

2. ਰਾਜਸੀ ਗੁਣ : 'ਰਾਜਸੀ ਹੰਕਾਰ ਸੇ ਇੰਦ੍ਰੀਆਂ ਹੁਈਆਂ'[99] ਇਸ ਗੁਣ ਤੋਂ ਹੀ ਮਨੁੱਖਾ ਜਨਮ ਹੋਇਆ ਹੈ।

3. ਸਾਤਕੀ ਗੁਣ : 'ਸਾਤਕੀ ਹੰਕਾਰ ਸੇ ਅੰਤਹਕਰਨ ਅਰ ਇੰਦ੍ਰੀਆਂ ਕੇ ਦੇਵਤੇ ਹੂਏ ਸੋ ਤਿਨੋਂ ਕਰ ਜੀਆ ਜੰਤ ਰਚੇ ਹੈ ਅਰ ਤਿਨਕੇ ਬੀਚ ਆਪਣੀ ਚੈਤੰਨ ਕਲਾ ਰਖੀ ਹੈ ਅਰ ਆਪ ਤਿਸ ਦੁਆਰਾ ਸਾਰੇ ਜਗਤ ਕੋ ਦੇਖਤਾ ਹੈ ਅਰ ਪਛਾਨਤਾ ਹੈ ਅਰ ਸਾਰੇ ਜਗਤ ਕਾ ਕਰਨਹਾਰਾ ਭੀ ਆਪ ਹੈ ਅਰ ਦਾਤਾ

ਦੇਨੇਹਾਰਾ ਭੀ ਆਪ ਹੈ ਪਰ ਜਿਸ ਪਰ ਕ੍ਰਿਪਾ ਕੀ ਦ੍ਰਿਸਟ ਕਰਤਾ ਹੈ ਤਿਸ ਕੋ ਨਾਮ ਕੀ ਦਾਤ ਦੇਤਾ ਹੈ ਅਰ ਸਭਨੋਂ ਕੇ ਰਿਦਿਓਂ ਕਾ ਜਾਣੋਓਂ ਹੈ'॥[100]

ਗੁਰੂ ਗ੍ਰੰਥ ਸਾਹਿਬ ਵਿਚ ਵੀ ਇਨ੍ਹਾਂ ਤਿੰਨਾਂ ਬਾਰੇ ਪ੍ਰਮਾਣ ਮਿਲਦੇ ਹਨ :

ਰਜ ਗੁਣ ਤਮ ਗੁਣ ਸਤ ਗੁਣ ਕਹੀਐ

ਇਹ ਤੇਰੀ ਸਭ ਮਾਇਆ॥

ਚਉਥੇ ਪਦ ਕਉ ਜੋ ਨਰੁ ਚੀਨ੍ਹੈ ਤਿਨ੍ ਹੀ ਪਰਮ ਪਦੁ ਪਾਇਆ॥[101]

ਰੱਬੀ-ਹੋਂਦ : ਸ਼ੇਖ ਬ੍ਰਹਮ ਨੇ ਰੱਬ ਦੀ ਹੋਂਦ ਸੰਬੰਧੀ ਗੁਰੂ ਸਾਹਿਬ ਨੂੰ ਪ੍ਰਸ਼ਨ ਕੀਤਾ ਕਿ 'ਸਾਨੂੰ ਮੁਰਸਦ ਕਹਾ ਹੈ ਕਿ ਏਕ ਖੁਦਾ ਹੈ ਅਰ ਦੂਸਰਾ ਪੈਕੰਬਰ ਖੁਦਾ ਕਾ ਦੋਸਤ ਹੈ ਸੋ ਖੁਦਾਇ ਪੈਦਾਇਸ ਕਰਤਾ ਹੈ ਅਰ ਪੈਕੰਬਰ ਸਫਾਇਤ ਕਰਦਾ ਹੈ।[102] ਸ਼ੇਖ ਬ੍ਰਹਮ ਗੁਰੂ ਸਾਹਿਬ ਨੂੰ ਸਵਾਲ ਕਰਦੇ ਹਨ ਕਿ ਤੁਸੀਂ ਜਿਸ ਖੁਦਾ ਦੀ ਗੱਲ ਕਰਦੇ ਹੋ, ਉਹ ਕਿੰਨਾ ਸ਼ਕਤੀਸ਼ਾਲੀ ਅਤੇ ਕਿੰਨੀ ਤਾਕਤ ਦਾ ਮਾਲਿਕ ਹੈ। ਤਾਂ ਗੁਰੂ ਸਾਹਿਬ ਨੇ ਰਾਗ ਆਸ ਮਹਲਾ ਪਹਿਲਾ ਵਿਚ ਸ਼ਬਦ ਉਚਾਰ ਕੇ ਸ਼ੇਖ ਬ੍ਰਹਮ ਨੂੰ ਇਸ ਪ੍ਰਸ਼ਨ ਦਾ ਉੱਤਰ ਦਿੱਤਾ :

ਜਿਤ ਦਰ ਲਖ ਮਹੰਮਦਾ ਲਖ ਬ੍ਰਹਮੇ ਬਿਸਨ ਮਹੇਸ॥

ਲਖ ਲਖ ਰਾਮ ਵਡੀਰੀਅਹਿ ਲਖ ਰਾਹੀ ਲਖ ਵੇਸ॥

ਲਖ ਲਖ ਓਥੇ ਜਤੀ ਹੈ ਸਤੀ ਤੇ ਸੰਨਿਆਸ॥

ਲਖ ਲਖ ਅਥੈ ਗੋਰਖਾ ਲਖ ਲਖ ਨਾਥਾ ਨਾਥ॥[103]

ਗੁਰੂ ਸਾਹਿਬ ਨੇ ਸ਼ੇਖ ਬ੍ਰਹਮ ਨਾਲ ਰੱਬੀ ਹੋਂਦ ਬਾਰੇ ਅਧਿਆਤਮਕ ਸੰਵਾਦ ਰਚਾਉਂਦਿਆਂ 'ਵਿਸਮਾਦ' ਸ਼ਬਦ ਰਾਹੀਂ ਸਪਸ਼ਟ ਕੀਤਾ ਕਿ ਇਹ ਸਾਰਾ ਬ੍ਰਹਿਮੰਡ ਰੱਬੀ ਨਿਯਮ ਤੇ ਚਲ ਰਿਹਾ ਹੈ। ਪ੍ਰਕਿਰਤੀ ਵੀ ਬ੍ਰਹਮ ਸਰੂਪ ਹੀ ਹੈ। ਪਰ ਇਹ ਕਿਵੇਂ ਬਣੀ ਇਹ ਵਿਸਮਾਦੀ ਖੇਡ ਹੈ। ਇਹ ਪਾਸਾਰਾ ਹੁਕਮ ਨਾਲ ਬਣਿਆ ਹੈ, ਇਸ ਸਾਰੀ ਕਾਇਨਾਤ ਨੂੰ ਪ੍ਰਭੂ ਦੀ ਬਖਸ਼ਿਸ਼ ਹੀ ਚਲਾ ਰਹੀ ਹੈ :

ਵਿਸਮਾਦੁ ਨਾਦ ਵਿਸਮਾਦੁ ਵੇਦ॥

ਵਿਸਮਾਦੁ ਜੀਅ ਵਿਸਮਾਦੁ ਭੇਦ॥

ਵਿਸਮਾਦੁ ਰੂਪ ਵਿਸਮਾਦੁ ਰੰਗ॥

ਵਿਸਮਾਦੁ ਨਾਗੇ ਫਿਰਹਿ ਜੰਤ॥

ਵਿਸਮਾਦੁ ਪਉਣੁ ਵਿਸਮਾਦੁ ਪਾਣੀ॥

ਵਿਸਮਾਦੁ ਅਗਨੀ ਖੇਡਹਿ ਵਿਡਾਣੀ॥

ਵਿਸਮਾਦੁ ਧਰਤੀ ਵਿਸਮਾਦੁ ਖਾਣੀ॥

ਵਿਸਮਾਦ ਸਾਦਿ ਲਗਹਿ ਪਰਾਣੀ॥

ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ॥

ਵਿਸਮਾਦੁ ਭੁਖ ਵਿਸਮਾਦੁ ਭੋਗੁ॥

ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ॥

ਵਿਸਮਾਦੁ ਉਝੜ ਵਿਸਮਾਦੁ ਰਾਹ॥

ਵਿਸਮਾਦੁ ਨੇੜੈ ਵਿਸਮਾਦੁ ਦੂਰਿ॥

ਵਿਸਮਾਦੁ ਦੇਖੈ ਹਾਜਰਾ ਹਜੂਰਿ॥

ਵੇਖ ਵਿਡਾਣੁ ਰਹਿਆ ਵਿਸਮਾਦੁ॥

ਨਾਨਕ ਬੁਝਣੁ ਪੂਰੈ ਭਾਗਿ॥[104]

ਉਪਰੋਕਤ ਸਲੋਕ ਵਿਚ ਗੁਰੂ ਨਾਨਕ ਦੇਵ ਜੀ ਦੇ ਚਿੰਤਨ ਵਿਚ ਵੰਨ-ਸੁਵੰਨਤਾ ਅਤੇ ਬਹੁ-ਪਰਿਪੇਖੀ ਸੰਦਰਭਾਂ ਦੀ ਪੇਸ਼ਕਾਰੀ ਉਚੇਰੇ (ਬਹੁ-ਕੇਂਦਰੀ ਸੱਚ) ਅਰਥਾਂ ਵਿਚ ਹੋਈ ਹੈ। ਗੁਰੂ ਨਾਨਕ ਦੇਵ ਜੀ ਨੇ ਪੁਰੇ ਬ੍ਰਹਿਮੰਡ ਦੀ ਸੁੰਦਰਤਾ ਤੇ ਵੰਨ-ਸੁਵੰਨਤਾ ਨੂੰ ਧੁਨੀਆਂ (ਵਿਭਿੰਨ ਅਵਾਜ਼ਾ), ਧਾਰਮਿਕ ਪੁਸਤਕਾਂ, ਜੀਵਾਂ ਦੀ ਕਿਸਮਾਂ, ਹਵਾ, ਪਾਣੀਆਂ ਤੇ ਅੱਗ, ਧਰਤੀ ਖਾਣੀਆਂ, (ਅੰਡਜ਼, ਜੇਰਜ, ਸੇਤਜ, ਉਤਭੁਜ) ਸੁਆਦਾਂ ਭੋਗਾਂ ਵਿਚ ਲੱਗੇ ਪ੍ਰਾਣੀ, ਪ੍ਰਭੂ ਨਾਲ ਮਿਲੇ ਤੇ ਉਸ ਤੋਂ ਵਿਛੜੇ

ਪ੍ਰਾਣੀਆਂ, ਭੁੱਖਾਂ ਤੇ ਭੋਗਾਂ, ਕੋਈ ਪ੍ਰਭੂ ਦੇ ਨੇੜੇ ਕੋਈ ਦੂਰ ਆਦਿ ਵਿਭਿੰਨ ਪ੍ਰਸੰਗਾਂ ਰਾਹੀਂ ਸੰਵਾਦ ਰਚਾਇਆ ਹੈ।

ਸ਼ੇਖ ਬ੍ਰਹਮ ਅਤੇ ਗੁਰੂ ਸਾਹਿਬ ਵਿਚਲੇ ਅਧਿਆਤਮਕ ਸੰਵਾਦ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਪਰਮਾਤਮਾ ਨੂੰ ਹੀ ਸਰਬ ਸ਼ਕਤੀਮਾਨ ਮੰਨਿਆਂ ਹੈ ਅਤੇ ਇਸ ਅਹੁਦੇ ਨੂੰ 'ਆਦਿ ਸੱਚ' ਤੋਂ ਲੈ ਕੇ 'ਹੋਸੀ ਭੀ ਸੱਚ' ਦੇ ਨਜ਼ਰੀਏ ਤੋਂ ਸਵੀਕਾਰਿਆ ਗਿਆ ਹੈ। ਗੁਰਬਾਣੀ ਵਿਚਲਾ 'ਗੁਰੂ' ਉਸ ਪਰਮ ਸਚ (ਪਰਮਾਤਮਾ) ਦੀ ਸੋਝੀ ਕਰਵਾ ਦੇਣ ਦੇ ਸਮਰੱਥ ਹੈ। ਇਥੇ ਗੁਰੂ ਅਤੇ ਪਰਮਾਤਮਾ ਵਿਚ ਕੋਈ ਭਿੰਨ-ਭੇਦ ਨਹੀਂ।

**ਹੁਕਮ** : ਗੁਰੂ ਸਾਹਿਬ ਸ਼ੇਖ ਬ੍ਰਹਮ ਨਾਲ ਵਿਚਾਰ ਚਰਚਾ ਕਰਦਿਆਂ ਉਸ ਨੂੰ ਇਕ ਹੋਰ ਸਲੋਕ ਰਾਹੀਂ ਸੱਚ ਦੀ ਇਕ ਪਰਮ ਕੇਂਦਰੀ ਹੋਂਦ-ਵਿਧੀ ਨੂੰ ਸੱਚ ਦੀ ਬਹੁ-ਕੇਂਦਰੀ ਹੋਂਦ ਵਿਚ ਪ੍ਰਗਟ ਕਰਕੇ, ਉਸ ਨੂੰ ਅਸਲੀ ਸੱਚ ਤੋਂ ਜਾਣੂ ਕਰਵਾਉਂਦੇ ਹਨ ਕਿ ਇਹ ਸਾਰੀ ਕਾਇਨਾਤ ਉਸ ਦੇ ਹੁਕਮ ਅਨੁਸਾਰ ਹੀ ਚਲ ਰਹੀ ਹੈ। ਰੱਬੀ-ਹੁਕਮ ਇਸ ਨੂੰ ਤਹਿਸ-ਨਹਿਸ ਵੀ ਕਰ ਸਕਦਾ ਹੈ। ਗੁਰੂ ਸਾਹਿਬ ਇਸ ਦ੍ਰਿਸ਼ਟੀਕੋਣ ਨੂੰ ਸਪਸ਼ਟ ਕਰਨ ਲਈ ਸ਼ੇਖ ਬ੍ਰਹਮ ਨਾਲ ਅਧਿਆਤਮਕ ਸੰਵਾਦ ਰਚਾਉਂਦੇ ਹਨ :

> 'ਉਨਵੰਜਾ ਪੌਣ ਜੋ ਹੈਨ ਸੋ ਏਕ ਹੀ ਪਰਲੋ ਕੀ ਪੌਣ ਸਭ ਪਰਬਤਹੁ ਕਉ ਉਡਾਇ ਲੈ ਜਾਵੇਗੀ ਸੋ ਭੀ ਮਹਾਰਾਜ ਦੇ ਭੈ ਵਿਚ ਚਲਦੇ ਹਨ ਅਰ ਏਕ ਏਕ ਦਰੀਆਉ ਜਬ ਉਛਲਤਾ ਹੈ ਸੋ ਪਿੰਡਹੁ ਕੇ ਡੋਬਣੇ ਕਉ ਸਾਮਰਥੁ ਹੋਤਾ ਹੈ ਅਰ ਚਾਰ ਜੋਜਨ ਸਮੁੰਦ੍ਰ ਪ੍ਰਿਥਵੀ ਸੇ ਉਚਾ ਹੈ ਅਰ ਜੇ ਚਾਹੇ ਤਾਂ ਏਕ ਲਹਰ ਸੇ ਪ੍ਰਿਥਵੀ ਕੋ ਡੁਬਾਇ ਦੇਵੈ ਪਰ ਸੋ ਭੀ ਭੈ ਵਿਚ ਚਲਤਾ ਹੈ।।[105]

ਗੁਰੂ ਸਾਹਿਬ ਨੇ ਰੱਬੀ-ਹੁਕਮ ਦੇ ਬਹੁ-ਕੇਂਦਰੀ ਸੱਚ ਨੂੰ ਇਕ ਸਲੋਕ ਰਾਹੀਂ ਇਸ ਤਰ੍ਹਾਂ ਪ੍ਰਗਟਾਇਆ ਹੈ:

> ਭੈ ਵਿਚਿ ਪਵਣੁ ਵਹੈ ਸਦਵਾਉ।।
> ਭੈ ਵਿਚਿ ਚਲਹਿ ਲਖ ਦਰੀਆਉ।।
> ਭੈ ਵਿਚਿ ਅਗਨਿ ਕਢੈ ਵੇਗਾਰਿ।।

ਭੈ ਵਿਚਿ ਧਰਤੀ ਦਬੀ ਭਾਰਿ॥

ਭੈ ਵਿਚਿ ਇੰਦੁ ਫਿਰੈ ਸਿਰ ਭਾਰਿ॥

ਭੈ ਵਿਚ ਰਾਜਾ ਧਰਮ ਦੁਆਰੁ॥

ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥

ਕੋਹ ਕਰੋੜੀ ਚਲਤ ਨ ਅੰਤੁ॥

ਭੈ ਵਿਚਿ ਸਿਧ ਬੁਧ ਸੁਰ ਨਾਥ॥

ਭੈ ਵਿਚਿ ਆਡਾਣੇ ਆਕਾਸ॥

ਭੈ ਵਿਚਿ ਜੋਧ ਮਹਾਬਲ ਸੂਰ॥

ਭੈ ਵਿਚਿ ਆਵਹਿ ਜਾਵਹਿ ਪੂਰ॥

ਸਗਲਿਆ ਭਉ ਲਿਖਿਆ ਸਿਰਿ ਲੇਖੁ॥

ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ॥[106]

ਉਪਰੋਕਤ ਸ਼ਬਦ ਵਿਚ ਗੁਰੂ ਨਾਨਕ ਦੇਵ ਜੀ ਨੇ ਇਕ ਸੰਕੇਤਕ ਗਿਆਨ ਵਿਧੀ ਰਾਹੀਂ ਰੱਬੀ-ਹੁਕਮ ਨੂੰ ਦਰਸਾਇਆ ਹੈ। ਇਹ ਸੰਕੇਤਕ-ਉਚਾਰਣ ਹਰ ਇਕ ਪ੍ਰਬੰਧ ਦੀ ਗਤੀਸ਼ੀਲਤਾ ਨੂੰ ਵਿਕੇਂਦਰਤ ਕਰਕੇ, ਉਸ ਨੂੰ ਫਿਰ ਰੱਬੀ ਪਰਮ ਸ਼ਕਤੀ ਦੇ ਅਧੀਨ ਕਰਨ ਦੀ ਜਗਿਆਸਾ ਰੱਖਦੇ ਹਨ। ਇਸ ਗਿਆਨ ਰੂਪੀ ਸੋਚ ਦੀ ਆਪਣੀ ਸੀਮਾ ਹੈ। ਹਵਾ, ਦਰਿਆਉ, ਅੱਗ, ਧਰਤੀ, ਇੰਦਰ ਦੇਵਤਾ, ਧਰਮ ਰਾਜ, ਸੂਰਜ, ਚੰਦ, ਸਿਧ, ਬੁੱਧ, ਦੇਵੀ-ਦੇਵਤੇ, ਅਸਮਾਨ, ਯੋਧੇ, ਸੂਰਬੀਰ ਆਦਿ ਇਕ ਇਲਾਹੀ ਜਾਂ ਰੱਬੀ ਹੁਕਮ ਵਿਚ ਵਿਚਰ ਰਹੇ ਹਨ। ਭੈ ਦੇ ਸ਼ਬਦੀ ਅਰਥ ਤਾਂ ਹਰ ਕੋਈ ਸਮਝਦਾ ਹੈ ਪਰੰਤੂ ਉਸਦੀਆਂ ਸੀਮਾਵਾਂ ਨੂੰ ਸਮਝਦਾ ਔਖਾ ਹੈ। ਇਸ ਸੱਚੇ ਗਿਆਨ ਨੂੰ ਦਰਸਾਉਣ ਵਾਲੀ ਇਲਾਹੀ ਜਾਂ ਅੰਗਮੀ ਸ਼ਕਤੀ ਹੈ, ਜਿਸ ਦਾ ਕੇਂਦਰ ਪਾਰਲੌਕਿਕ ਸੰਦਰਭ ਹਨ। ਗਿਆਨ ਦੀ ਅਜਿਹੀ ਹੋਂਦ ਸੰਕੇਤਕ-ਵਿਧੀ ਨੂੰ ਯਾਂ ਫਰਾਂਸਿਸ ਲਿਉਤਾਰਦ ਆਪਣੇ ਵਿਚਾਰ ਪ੍ਰਗਟਾਉਂਦਿਆਂ ਕਹਿੰਦੇ ਹਨ ਕਿ:

'ਗਿਆਨ ਮਨੁੱਖ ਨੂੰ ਉਪਯੁਕਤ ਆਦੇਸ਼ਾਤਮਕ ਅਤੇ ਮੁੱਲਵਾਨ ਸੰਕੇਤਕ ਉਦਾਹਰਣਾਂ ਵਿਚ ਨਿਪੁੰਨ ਬਣਾਉਂਦਾ ਹੈ।[107]

ਗੁਰੂ ਨਾਨਕ ਦੇਵ ਜੀ ਦੀ ਤਰਕਵਾਦੀ ਸੋਚ ਨੇ ਬ੍ਰਹਮ-ਮੂਲਕ ਪੈਰਾਡਾਇਮ ਨਿਸ਼ਚਿਤ ਕਰਕੇ ਉਸ ਨੂੰ ਸਮੂਰਤ ਪੱਧਰ 'ਤੇ ਸਾਰਥਕ ਕਰਨ ਲਈ, ਇਸ ਨੂੰ ਸਭਿਆਚਾਰਕ-ਭਾਸ਼ਾਈ ਖੇਤਰ ਦੇ ਵੰਨ-ਸੁਵੰਨੇ ਅਯਾਮਾਂ ਨਾਲ ਜੋੜਨ ਦਾ ਸਫਲ ਯਤਨ ਕੀਤਾ ਹੈ। ਉਨ੍ਹਾਂ ਨੇ ਬ੍ਰਹਮ ਮੂਲਕ ਅਧਿਆਤਮਕਤਾ ਨੂੰ ਸਮਾਜ ਮੂਲਕ ਸਾਰਥਕਤਾ ਨਾਲ ਅਤਿਅੰਤ ਚੇਤਨੰਤਾ ਅਧੀਨ ਜੋੜਿਆ ਹੈ। ਇਸ ਵਿਚ ਵੀ ਉਨ੍ਹਾਂ ਦੀ ਦਿਸ਼ਾ, ਨੀਵੀਂ, ਨਿਤਾਣੀ, ਦਲਿਤ ਤੇ ਸ਼ਕਤੀ-ਵੰਚਿਤ ਲੋਕਾਈ ਨੂੰ ਸਾਮੰਤੀ ਸ਼ਾਸ਼ਤ ਅਧੀਨ ਆਪਣੀ ਰਹਿਤਲ ਨੂੰ ਬਰਾਬਰ ਜਾਂ ਇਕਸਾਰ ਕਰਨ ਲਈ ਰੁਚਿਤ ਕੀਤਾ ਹੈ।

**ਹਉਮੈ** :-ਗੁਰੂ ਸਾਹਿਬ ਜੀ ਦਾ ਸਾਰਾ ਪ੍ਰਬੰਧ ਜਿਥੇ ਹਕੀਕੀ ਗਿਆਨ ਅਤੇ ਸੱਚ ਨਾਲ ਓਤਪ੍ਰੋਤ ਹੈ, ਉਥੇ 'ਹਉਮੈ ਸ਼ਕਤੀ' ਦਾ ਪਾਸਾਰਾ ਮਾਨਵਵਾਦੀ ਮੁੱਲਾਂ ਨੂੰ ਗ੍ਰਹਿਣ ਕਰਨ ਦੀ ਥਾਂ ਉਨ੍ਹਾਂ ਨੂੰ ਨਕਾਰਦਾ ਹੈ। ਸ਼ੇਖ ਬ੍ਰਹਮ ਨਾਲ ਸੰਵਾਦ ਰਚਾਉਂਦਿਆਂ ਗੁਰੂ ਸਾਹਿਬ ਦੀ ਦਿੱਬ-ਦ੍ਰਿਸ਼ਟੀ ਉਨ੍ਹਾਂ ਨੂੰ ਅਹਿਜੇ ਸੱਚ ਤੋਂ ਜਾਣੂ ਕਰਵਾਉਂਦੀ ਹੈ ਕਿ ਉਹੀ ਮਨੁੱਖ, ਸੱਚ ਦਾ ਧਾਰਨੀ ਹੋ ਸਕਦਾ ਹੈ ਜਿਹੜਾ ਧਾਰਮਿਕ ਤੌਰ ਤੇ ਉਸ ਸੱਚੇ ਪ੍ਰਭੂ ਦੇ ਨਾਮ ਨੂੰ ਆਪਣੇ ਹਿਰਦੇ ਵਿਚ ਵਸਾ ਲੈਂਦਾ ਹੈ। ਸੱਚ ਦੇ ਧਾਰਨੀ ਮਨੁੱਖ ਦੇ ਮਨ ਵਿਚੋਂ ਵਿਕਾਰਾਂ ਦੀ ਮੈਲ ਆਪਣੇ ਆਪ ਦੂਰ ਹੋ ਜਾਂਦੀ ਹੈ ਅਤੇ ਮਨੁੱਖ ਇਸ ਭਿਆਨਕ ਰੋਗ ਤੋਂ ਛੁਟਕਾਰਾ ਪਾ ਕੇ ਜੀਵਨ ਮੁਕਤ ਹੋ ਜਾਂਦਾ ਹੈ। ਉਸ ਨੂੰ ਦਇਆ ਤੇ ਪਾਪ-ਪੁੰਨ ਦੀ ਪੂਰਨ ਸੋਝੀ ਹੁੰਦੀ ਹੈ। ਸੰਸਾਰ ਵਿਚਲੀ ਹਉਮੈਂ ਨੂੰ ਸਮਝਣ ਲਈ ਸਤਿਗੁਰੂ ਦੇ ਦਿੱਤੇ ਉਪਦੇਸ਼ ਨੂੰ ਸਮਝਣਾ ਜ਼ਰੂਰੀ ਹੈ। ਗੁਰੂ ਨਾਨਕ ਦੇਵ ਜੀ ਨੇ ਵੀ 'ਹਉਮੈ' ਨੂੰ ਤਿਆਗ ਕੇ ਗੁਰੂ ਨਾਲ ਜੁੜਨ ਦਾ ਮਾਰਗ ਦਰਸਾਇਆ ਹੈ :

ਹਉ ਵਿਚਿ ਆਇਆ ਹਉ ਵਿਚਿ ਗਇਆ॥
ਹਉ ਵਿਚਿ ਜੰਮਿਆ ਹਉ ਵਿਚਿ ਮੁਆ॥
ਹਉ ਵਿਚਿ ਦਿਤਾ ਹਉ ਵਿਚਿ ਲਇਆ॥
ਹਉ ਵਿਚਿ ਖਟਿਆ ਹਉ ਵਿਚਿ ਗਇਆ॥
ਹਉ ਵਿਚਿ ਸਚਿਆਰੁ ਕੂੜਿਆਰੁ॥
ਹਉ ਵਿਚਿ ਪਾਪ ਪੁੰਨ ਵੀਚਾਰੁ॥

ਹਉ ਵਿਚਿ ਨਰਕਿ ਸੁਰਗਿ ਅਵਤਾਰੁ॥
ਹਉ ਵਿਚਿ ਹਸੈ ਹਉ ਵਿਚਿ ਰੋਵੈ॥
ਹਉ ਵਿਚਿ ਭਰੀਐ ਹਉ ਵਿਚਿ ਧੋਵੈ॥[108]

ਗੁਰੂ ਨਾਨਕ ਦੇਵ ਜੀ ਸ਼ੇਖ ਬ੍ਰਹਮ ਨਾਲ ਗੋਸ਼ਟੀ ਕਰਦੇ ਹੋਏ ਉਸ ਨੂੰ ਕੁਝ ਮੂਲ ਮੁੱਦਿਆਂ ਤੋਂ ਜਾਣੂ ਕਰਵਾਇਆ ਜਿਵੇਂ ਕਿ - ਇਸ ਸੰਸਾਰ ਦੇ ਜੀਵਾਂ ਦੀ ਸੰਭਾਲ ਕੌਣ ਕਰਦਾ ਹੈ? ਕੌਣ ਸਾਰੇ ਜੀਵਾਂ ਨੂੰ ਉਨ੍ਹਾਂ ਦੀ ਖੁਰਾਕ ਪਹੁੰਚਾਂਵਦਾ ਹੈ? ਇਸ ਸੰਸਾਰ ਦਾ ਪ੍ਰਤਿਪਾਲਕ ਕੌਣ ਹੈ, ਆਦਿ ਤੋਂ ਜਾਣੂ ਕਰਵਾਉਂਦੇ ਹੋਏ ਪ੍ਰਵਚਨ ਕਰਦੇ ਹਨ ਕਿ "ਈਸਵਰ ਸਭ ਕੋ ਰਿਜਕ ਪਹੁਚਾਵਤਾ ਹੈ ਪੁਰਖਾਂ ਨੂੰ ਅਨਾਜ ਬਿਰਖਾਂ ਕੋ ਜਲ ਤੀਰਥਾਂ ਕੋ ਜਾਤ੍ਰੀ ਅਰ ਤਟਾਂ ਅਰ ਮੇਘਾਂ ਅਰ ਖੇਤਾਂ ਕੋ ਜਲ ਪਹੁੰਚਾਂਵਦਾ ਹੈ ਅਰ ਚਾਰੋਂ ਹੀ ਖਾਣੀਆਂ ਕੋ ਪਹੁੰਚਾਵਤਾ ਹੈ"। ਇਸ ਤਰ੍ਹਾਂ ਗੁਰਮਤਿ ਅਧਿਆਤਮਕਤਾ ਅਨੁਸਾਰ ਪਰਮਾਤਮਾ ਹੀ ਸਾਰੇ ਜੀਵਾਂ ਦੀ ਸੰਭਾਲ ਕਰ ਰਿਹਾ ਹੈ ਉਹ ਹੀ ਸਾਰਿਆਂ ਦਾ ਅੰਨ ਦਾਤਾ ਹੈ :

ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ॥
ਦੀਪਾਂ ਲੋਆਂ ਮੰਡਲਾਂ ਖੰਡਾਂ ਵਰਭੰਡਾਂਹ॥
ਅੰਡਜ ਜੇਰਜ ਉਤਭੁਜਾਂ ਖਾਣੀ ਸੇਤਜਾਂਹ॥
ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਹ॥
ਨਾਨਕ ਜੰਤ ਉਪਾਇ ਕੈ ਸੰਮਾਲੇ ਸਭਨਾਹ॥[109]

ਗੁਰੂ ਸਾਹਿਬ ਅਤੇ ਸ਼ੇਖ ਬ੍ਰਹਮ ਵਿਚਲੇ ਸੰਵਾਦ ਤੋਂ ਪਤਾ ਲਗਦਾ ਹੈ ਕਿ ਸੰਸਾਰਕ ਗਿਆਨ ਜਾਂ ਵਿਦਵਤਾ, ਸਾਨੂੰ ਪਾਪਾਂ ਤੋਂ ਨਹੀਂ ਵਰਜ ਸਕਦੀ। ਅਖ਼ੀਰ ਵਿਚ ਅਸੀਂ ਆਪਣੀ ਵਿਦਵਤਾ ਜਾਂ ਸਮਾਜਿਕ ਰੁਤਬੇ ਤੋਂ ਨਹੀਂ ਪਰਖੇ ਜਾਵਾਂਗੇ ਸਗੋਂ ਆਚਰਣ ਤੋਂ ਪਰਖੇ ਜਾਵਾਂਗੇ। ਸਾਨੂੰ ਆਪਣੀ ਵਿਦਵਤਾ ਹੁਸਨ, ਉੱਚੀ ਜਾਤੀ ਦਾ, ਧਨ ਦਾ, ਸ਼ਕਤੀ ਦਾ, ਭਗਤੀ ਦਾ ਅਹੰਕਾਰ ਨਹੀਂ ਕਰਨਾ ਚਾਹੀਦਾ। ਜੇ ਅਸੀਂ ਮਨ ਨੀਵਾਂ ਕਰਕੇ ਸਚ ਕਮਾਈਏ ਤਾਂ ਹੀ ਉਹ ਵਿਦਵਾਨ ਕਿਹਾ ਜਾ ਸਕਦਾ ਹੈ ਪਰੰਤੂ ਜੇਕਰ ਅਸੀਂ ਅਹੰਕਾਰ ਕਰਾਂਗੇ ਤਾਂ ਭਾਵੇਂ ਭਰਿਆ ਗੱਡਾ ਪੋਥੀਆਂ ਦਾ ਪੜ੍ਹ ਲਈਏ ਤਾਂ ਵੀ ਵਿਅਰਥ ਹੈ। ਗੁਰੂ ਸਾਹਿਬ ਨੇ ਸ਼ੇਖ ਬ੍ਰਹਮ ਨੂੰ ਇਸ ਦਾ ਉੱਤਰ ਇਸ ਸਲੋਕ ਰਾਹੀਂ ਦਿੱਤਾ ਹੈ :

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ।।

ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ।।

ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ।।

ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ।।

ਨਾਨਕ ਲੇਖੈ ਇਕਿ ਗਲ ਹੋਰੁ ਹਉਮੈ ਝਖਣਾ ਝਾਖ।।[110]

ਗੁਰੂ ਨਾਨਕ ਦੇਵ ਜੀ ਨੇ ਇਸ ਸਲੋਕ ਵਿਚ ਗਿਆਨ ਮੂਲਕ ਗੱਲ ਕਰਦਿਆਂ ਦੱਸਿਆ ਹੈ ਕਿ ਅਧਿਆਤਮਕ ਗਿਆਨ ਨਿਰੀ ਪੜ੍ਹ ਕੇ ਪ੍ਰਾਪਤ ਕੀਤੀ ਵਿਦਵਤਾ ਨਹੀਂ। ਲਿਓਤਾਰਦ ਵੀ ਅਧਿਆਤਮਕ ਗਿਆਨ ਨੂੰ ਇਸ ਤਰ੍ਹਾਂ ਪਰਿਭਾਸ਼ਤ ਕਰਦਾ ਹੈ ਕਿ :

> 'ਗਿਆਨ ਕੇਵਲ ਸੰਕੇਤਕ-ਬਿਆਨਾਂ ਦਾ ਸੈਟ ਨਹੀਂ.... ਸਗੋਂ ਇਹ ਅਜਿਹੇ ਘੇਰਿਆਂ ਤੋਂ ਬਾਹਰ ਹੈ। ਗਿਆਨ ਤਦ ਇਕ ਲਿਆਕਤ ਦਾ ਸਵਾਲ ਹੈ। ਜਿਹੜੀ ਸਾਧਾਰਣ ਨਿਰਧਾਰਣਤਾ ਅਤੇ ਸਚਾਈ ਦੀ ਕਸੌਟੀ ਦੀ ਵਰਤੋਂ ਤੋਂ ਬਾਹਰ ਹੈ'।[111]

**ਧਾਰਮਿਕ ਜੀਵਨ ਚਿਤਰਣ :**

ਗੁਰੂ ਨਾਨਕ ਦੇਵ ਜੀ ਨੇ ਸ਼ੇਖ ਬ੍ਰਹਮ ਨਾਲ ਗਿਆਨ ਚਰਚਾ ਕਰਦਿਆਂ ਮੁਸਲਮਾਨੀ ਸਭਿਅਤਾ ਵਿਚ ਕੀਤੇ ਕਰਮ ਕਾਂਡਾ ਦੀ ਵੀ ਨਿਖੇਧੀ ਕੀਤੀ ਹੈ। ਗੁਰੂ ਸਾਹਿਬ ਦੇ ਸਮੇਂ ਅਨੇਕਾਂ ਧਰਮ ਪ੍ਰਚਲਿਤ ਸਨ, ਜਿਵੇਂ ਇਸਲਾਮ ਮਤ, ਵੈਸ਼ਣਵ ਮਤ, ਨਾਥ, ਸਿਧ ਅਤੇ ਜੈਨ ਮਤ ਆਦਿ। ਗੁਰੂ ਸਾਹਿਬ ਨੇ ਮੁਸਲਿਮ ਭਾਈਚਾਰੇ ਨੂੰ ਉਨ੍ਹਾਂ ਦੀਆਂ ਆਪਣੀਆਂ ਪਰੰਪਰਾਵਾਂ ਰਾਹੀਂ ਸੰਬੋਧਨ ਕੀਤਾ। ਹਿੰਦੂ ਪੰਡਿਤਾਂ ਵਾਂਗ ਇਸਲਾਮ ਦੇ ਧਾਰਮਿਕ ਆਗੂਆਂ ਮੁੱਲਾਂ-ਮੁਲਾਣਿਆਂ ਅਤੇ ਕਾਜ਼ੀਆਂ ਦੀ ਵੀ ਏਸ ਗੱਲੋਂ ਸਖਤ ਤਾੜਨਾ ਕੀਤੀ ਕਿ ਉਹ ਆਪਣੀ ਦਿੱਤੀ ਹੋਈ ਨਸੀਹਤ ਉਤੇ ਖੁਦ ਅਮਲ ਨਹੀਂ ਸਨ ਕਰਦੇ। ਅਜਿਹੇ ਹਾਲਾਤ ਵਿਚ ਗੁਰੂ ਜੀ ਨੇ ਇਕ ਅਜਿਹੇ ਅਧਿਆਤਮਕ ਜੀਵਨ ਦੀ ਅਗਵਾਈ ਕਰਨੀ ਚਾਹੀ ਜੋ ਲੋਕਾਈ ਲਈ ਉਪਯੋਗੀ ਸਿਧ ਹੋਵੇ। ਉਨ੍ਹਾਂ ਤੱਤਕਾਲੀਨ ਧਾਰਮਿਕ ਜੀਵਨ ਦੀ ਆਲੋਚਨਾ ਕੀਤੀ, ਮੂਰਤੀ ਪੂਜਾ ਅਤੇ ਬਾਹਰੀ ਪਾਖੰਡਾਂ ਦਾ ਖੰਡਨ ਕੀਤਾ, ਮੁੱਲਾਂ-ਮੁਲਾਣਿਆਂ ਅਤੇ

ਕਾਜ਼ੀਆਂ ਨੂੰ ਸਦਾਚਾਰ ਦੇ ਮਾਰਗ ਉਤੇ ਚਲਣ ਦੀ ਪ੍ਰੇਰਨਾ ਦਿੱਤੀ ਅਤੇ ਧਰਮ ਦਾ ਅਸਲੀ ਰਾਹ ਦੱਸਿਆ। ਉਨ੍ਹਾਂ ਨੇ ਭਾਰਤੀ ਧਾਰਮਿਕ ਵਿਸ਼ਵਾਸਾਂ ਅਤੇ ਇਸਲਾਮ ਮਤ ਦੇ ਦਮਨਕਾਰੀ ਪੱਖਾਂ ਬਾਰੇ ਇਉਂ ਤਾੜਨਾ ਕੀਤੀ :

ਮੁਸਲਮਾਨਾ ਸਿਫਤਿ ਸਰੀਅਤ ਪੜਿ ਪੜਿ ਕਰਹਿ ਬੀਚਾਰੁ॥
ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ॥
ਹਿੰਦੂ ਸਾਲਾਹੀ ਸਾਲਾਹਨਿ ਦਰਸਨਿ ਰੂਪਿ ਅਪਾਰੁ॥
ਤੀਰਥਿ ਨਾਵਹਿ ਅਰਚਾ ਪੂਜਾ ਅਗਰ ਵਾਸੁ ਬਹਕਾਰੁ॥
ਜੋਗੀ ਸੁੰਨਿ ਧਿਆਵਨਿ੍ ਜੇਤੇ ਅਲਖ ਨਾਮੁ ਕਰਤਾਰੁ॥
ਸੂਖਮ ਮੂਰਤਿ ਨਾਮੁ ਨਿਰੰਜਨ ਕਾਇਆ ਕਾ ਆਕਾਰੁ॥[112]

ਉਪਰੋਕਤ ਵਿਵੇਚਨ ਤੋਂ ਸਪਸ਼ਟ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਅਧਿਆਤਕ ਚਿੰਤਨ ਦੁਆਰਾ, ਅਲੱਗ-ਅਲੱਗ ਧਾਰਮਿਕ ਫਿਰਕਿਆਂ ਨਾਲ ਸੰਵਾਦ ਰਚਾ ਕੇ ਲੋਕਾਈ ਨੂੰ ਸਮਾਜਿਕ ਹਕੀਕਤ ਤੋਂ ਜਾਣੂ ਕਰਵਾਉਣਾ ਸੀ। ਸ਼ੇਖ ਬ੍ਰਹਮ ਵਿਚਲੀ ਗੋਸ਼ਟਿ ਵੀ ਇਨ੍ਹਾਂ ਤੱਥਾਂ ਨੂੰ ਸਪਸ਼ਟ ਕਰਦੀ ਹੈ ਕਿ ਮੂਰਤੀ ਪੂਜਾ, ਤੀਰਥਾਂ ਤੇ ਜਾਣ ਦਾ ਵਿਧਾਨ, ਅਤੇ ਵੇਦ-ਪੁਰਾਣ ਦਾ ਅਧਿਐਨ ਹਿੰਦੂ ਧਰਮ ਵਿਚ ਪ੍ਰਚਲਿਤ ਸੀ ਅਤੇ ਮੁਸਲਮਾਨ ਕੁਰਾਨ ਨੂੰ ਪਵਿਤਰ ਗ੍ਰੰਥ ਸਮਝਦੇ ਸਨ। ਹਿੰਦੂ ਜੋ ਮੁਰਦੇ ਨੂੰ ਸਾੜਦੇ ਸਨ ਤਾਂ ਮੁਸਲਮਾਨ ਉਨ੍ਹਾਂ ਤੋਂ ਬੁਰਾ ਮਨਾ ਕੇ ਮੁਰਦੇ ਨੂੰ ਦਫਨਾਉਂਦੇ ਸਨ। ਉਨ੍ਹਾਂ ਦਾ ਖਿਆਲ ਸੀ ਕਿ ਮੁਰਦੇ ਨੂੰ ਸਾੜਨ ਨਾਲ ਸਰੀਰ ਦੋਜ਼ਕ ਦੀ ਅੱਗ ਵਿਚ ਸੜਦਾ ਹੈ। ਗੁਰੂ ਸਾਹਿਬ ਨੇ ਸ਼ੇਖ ਬ੍ਰਹਮ ਨਾਲ ਅਧਿਆਤਮਕ ਗਿਆਨ ਚਰਚਾ ਕਰਦਿਆਂ ਗਿਆਨ ਮੂਲਕ ਪੈਰਾਡਾਇਮ ਨੂੰ ਸਾਰਥਕ ਪੱਧਰ ਤੇ ਲਿਆ ਕੇ ਉਸ ਦੇ ਗੁੱਝੇ ਭੇਤਾਂ ਤੋਂ ਜਾਣੂ ਕਰਵਾਇਆ। ਇਸ ਸੰਦਰਭ ਵਿਚ ਉਨ੍ਹਾਂ ਨੇ ਗਿਆਨ ਦੀ ਮਹੱਤਤਾ, ਗੁਰੂ ਦੀ ਲੋੜ, ਬ੍ਰਹਿਮੰਡਕ ਲੋਕਾਈ ਦੇ ਪ੍ਰਤਿਪਾਲਕ, ਸ੍ਰਿਸ਼ਟੀ, ਮਾਇਆ, ਮੁਕਤੀ, ਧਾਰਮਿਕ ਜੀਵਨ ਆਦਿ ਦੇ ਗੁੱਝੇ ਰਹੱਸਾ ਨੂੰ ਖੋਲ੍ਹਿਆ।

**ਰਾਇ ਬੁਲਾਰ ਨਾਲ ਗੋਸ਼ਟਿ :**

ਸਮਾਜਿਕ ਸਥਿਤੀ : ਇਹ ਗੋਸ਼ਟਿ ਗੁਰੂ ਨਾਨਕ ਦੇਵ ਜੀ ਅਤੇ ਰਾਇ ਭੋਇ ਪਿੰਡ ਦੇ ਮਾਲਕ ਦੇ ਪੁੱਤਰ ਰਾਇ ਬੁਲਾਰ ਵਿਚਕਾਰ ਹੁੰਦੀ ਹੈ। ਇਸ ਗੋਸ਼ਟਿ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਰਾਇ ਬੁਲਾਰ, ਰਾਇ ਭੋਇ ਦਾ ਪੁੱਤਰ ਸੀ। ਰਾਇ ਬੁਲਾਰ ਦੀ ਕਬਰ ਵੀ ਨਨਕਾਣਾ ਸਾਹਿਬ ਕੋਲ ਮੌਜੂਦ ਹੈ ਅਤੇ ਜਨਮਸਾਖੀਆਂ ਵਿਚ ਇਨ੍ਹਾਂ ਦੋਹਾਂ ਦਾ ਜ਼ਿਕਰ ਕਾਫੀ ਵਾਰ ਆਇਆ ਹੈ। ਜਿਸ ਤੋਂ ਪਤਾ ਲਗਦਾ ਹੈ ਕਿ ਰਾਇ ਬੁਲਾਰ ਗੁਰੂ ਸਾਹਿਬ ਵਿਚ ਕਾਫੀ ਦਿਲਚਸਪੀ ਰੱਖਦਾ ਹੋਵੇਗਾ। ਇਸ ਗੋਸ਼ਟਿ ਵਿਚ ਰਾਇ ਬੁਲਾਰ ਅਤੇ ਗੁਰੂ ਸਾਹਿਬ ਵਿਚਕਾਰ ਹੋਈ ਗੋਸ਼ਟੀ ਤੋਂ ਉਸ ਵੇਲੇ ਦੀ ਸਮਾਜਿਕ ਸਥਿਤੀ ਬਾਰੇ ਕਾਫੀ ਜਾਣਕਾਰੀ ਮਿਲਦੀ ਹੈ। ਗੁਰੂ ਸਾਹਿਬ ਰਾਇ ਬੁਲਾਰ ਦੇ ਸਵਾਲਾਂ ਦੇ ਉੱਤਰ ਸੰਵਾਦੀ ਸੁਰ ਵਿਚ ਦਿੰਦੇ ਹੋਏ ਅਧਿਆਤਮਕ ਪੱਖਾਂ ਤੋਂ ਜਾਣੂ ਕਰਵਾਉਂਦੇ ਹਨ। ਇਸ ਗੋਸ਼ਟਿ ਮੁਤਾਬਿਕ ਉਸ ਵੇਲੇ ਗੁਰੂ ਸਾਹਿਬ ਦੀ ਉਮਰ ਨੌਂ ਵਰ੍ਹਿਆਂ ਦੀ ਦੱਸੀ ਗਈ ਹੈ। ਰਾਇ ਬੁਲਾਰ ਗੁਰੂ ਸਾਹਿਬ ਨੂੰ ਪ੍ਰਸ਼ਨ ਕਰਦਾ ਹੈ ਕਿ 'ਤੂੰ ਅਸਾਡੀ ਕੰਮਦਾਰੀ ਲੈ?' ਤਾਂ ਗੁਰੂ ਜੀ ਇਸ ਦਾ ਉੱਤਰ ਦਿੰਦੇ ਆਖਦੇ ਹਨ ਕਿ ਅਸੀਂ ਸਚੇ ਸਾਈਂ ਦੀ ਕੰਮਦਾਰੀ ਲਗੇ ਹੋਏ ਹਾਂ ਅਸਾਂਥੋਂ ਕੂੜਿਆਂ ਰਾਜਿਆਂ ਦੀ ਕੰਮਦਾਰੀ ਨਹੀਂ ਹੁੰਦੀ'[113] ਇਸ ਗੋਸ਼ਟਿ ਵਿਚਲੇ ਵਾਰਤਾਲਾਪ ਤੋਂ ਗੁਰੂ ਨਾਨਕ ਦੇਵ ਜੀ ਨੇ ਰਾਇ ਬੁਲਾਰ ਨੂੰ ਉਸ ਸਮੇਂ ਦੇ ਸਮਾਜਿਕ ਹਾਲਤਾਂ ਤੋਂ ਜਾਣੂ ਕਰਵਾਇਆ ਹੈ, ਜੋ ਸਾਰੀ ਲੋਕਾਈ ਪਾਪ, ਕੂੜ ਜਾਂ ਝੂਠ, ਘ੍ਰਿਣਾ, ਦਲਿਤ, ਕਾਲ-ਕਲੇਸ਼ ਅਤੇ ਅੰਧੇ ਗਿਆਨ ਵਿਚ ਫਸੀ ਹੋਈ ਸੀ। ਉਨ੍ਹਾਂ ਨੇ ਤੱਤਕਾਲੀਨ ਸਮਾਜਿਕ ਸਥਿਤੀ ਨੂੰ ਬੜੀ ਗੰਭੀਰਤਾ ਅਤੇ ਪੜਚੋਲਵੀਂ ਦ੍ਰਿਸ਼ਟੀ ਨਾਲ ਵੇਖਿਆ ਅਤੇ ਇਸ ਕੂੜ ਨਾਲ ਉਤਪੋਤ ਸਮਾਜਿਕ ਸਥਿਤੀ ਦਾ ਬਿਆਨ ਕਰਕੇ ਰਾਇ ਬੁਲਾਰ ਨੂੰ ਸੰਤੁਸ਼ਟ ਕੀਤਾ :

ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭ ਸੰਸਾਰੁ॥
ਕੂੜੁ ਮੰਡਪ ਕੂੜੁ ਮਾੜੀ ਕੂੜ ਬੈਸਣਹਾਰੁ॥
ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਣਹਾਰੁ॥

ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ॥

ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ॥

ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ॥[114]

ਗੁਰੂ ਸਾਹਿਬ ਨੇ ਰਾਇ ਬੁਲਾਰ ਨਾਲ ਸੰਵਾਦ ਰਚਾਉਂਦਿਆਂ ਇਸ ਕੂੜ ਭਰੀ ਦੁਨੀਆਂ ਤੋਂ ਛੁਟਕਾਰਾ ਪਾਉਣ ਦਾ ਰਸਤਾ, ਸੱਚੀ ਕਿਰਤ ਕਰਦਿਆਂ ਅਤੇ ਨਾਲ ਵਾਹਿਗੁਰੂ ਦਾ ਸਿਮਰਨ ਕਰਨਾ ਹੀ ਦੱਸਿਆ ਹੈ। ਉਹ ਰਾਇ ਬੁਲਾਰ ਨੂੰ ਇਸ ਪ੍ਰਤੀ ਅਧਿਆਤਮਕ ਪੱਖ ਤੋਂ ਜਾਣੂ ਕਰਵਾਉਂਦੇ ਹਨ ਕਿ 'ਵਾਹਿਗੁਰੂ ਕੇ ਨਾਮ ਤੋਂ ਬਿਨਾਂ ਸਭ ਕੂੜ ਹੈ' ਫਿਰ ਰਾਇ ਬੁਲਾਰ ਪ੍ਰਸ਼ਨ ਕਰਦਾ ਹੈ ਕਿ 'ਸਚਾ ਕਿਉਂ ਕਰ ਹੋਵੀਤਾ ਹੈ?' ਗੁਰੂ ਸਾਹਿਬ ਉੱਤਰ ਦਿੰਦੇ ਹਨ ਕਿ 'ਸਚਾ ਤਦਿ ਹੋਂਦਾ ਹੈ ਜੇ ਇਸਦਾ ਰਿਦਾ ਸਚਾ ਹੋਵੈ ਅਰ ਮਾਇਆ ਨੂੰ ਆਪਣੀ ਨਾ ਕਰਕੇ ਜਾਣੈ ਖੁਦਾਇ ਦੀ ਕਰਿ ਜਾਣੈ ਅਤੇ ਖੁਦਾਇ ਦੇ ਨਾਇ ਦੇਵੈ ਅਰ ਪਰਮੇਸਰ ਕਾ ਨਾਮ ਸੁਣੇ ਅਰ ਸੁਣ ਕੇ ਪ੍ਰਸੰਨ ਹੋਵੈ ਅਰ ਜੀਅ ਕੀ ਜੁਗਤਿ ਜਾਣੈ ਅਰ ਧਰਤੀ ਰੂਪੀ ਕਾਇਆਂ ਕਉ ਸੇਵਾ ਟਹਿਲ ਕਰ ਸਾਧੈ ਅਰ ਕਰਤੈ ਕਾ ਨਾਮ ਬੀਜ ਪਾਵੈ ਅਰ ਸਚੀ ਸਿਖਿਆ ਦੇਵੈ ਅਰ ਜੀਆਂ ਪਰ ਦਾਨ ਕਰੈ ਅਰ ਆਤਮ ਗਿਆਨ ਮੈ ਨਿਵਾਸ ਕਰੈ ਸੋ ਐਸਾ ਸਚ ਜੋ ਹੈ ਸੋ ਸਭਨਾਂ ਦਾ ਦਾਰੂ ਹੈ ਅਰ ਪਾਪਾਂ ਨੂੰ ਧੋਵਣ ਵਾਲਾ ਹੈ।'[115]

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੀ ਰਾਇ ਬੁਲਾਰ ਨਾਲ ਸੰਵਾਦਕੀ ਦ੍ਰਿਸ਼ਟੀਕੋਣ ਤੋਂ ਸਮਕਾਲੀਨ ਸਮਾਜ ਦੀ ਗਿਰਾਵਟ ਜਾਂ ਨਿਘਾਰ ਦਾ ਬਹੁ-ਪਰਪੇਖੀ ਵਰਣਨ ਹੋਇਆ ਮਿਲਦਾ ਹੈ। ਇਸ ਗੋਸ਼ਟੀ ਵਾਰਤਾਲਾਪ ਤੱਤਕਾਲੀਨ ਨਿਘਰੇ ਹੋਏ ਸਮਾਜ ਦੇ ਝਲਕਾਰੇ ਪੈਂਦੇ ਹਨ ਜਿਸ ਵਿਚ ਪਾਪ, ਕੂੜ, ਝੂਠ, ਰਿਸ਼ਵਤ-ਖੋਰੀ ਆਦਿ ਦਾ ਬੋਲ ਬਾਲਾ, ਆਮ ਜਨਤਾ ਨੂੰ ਕੋਈ ਵੀ ਰਸਤਾ ਵਿਖਾਉਣ ਵਾਲਾ ਨਹੀਂ ਅਤੇ ਸਮਾਜਿਕ ਸਥਿਤੀ ਬਹੁਤ ਹੀ ਦੁਖਾਂਤਕ ਨਜ਼ਰ ਆਉਂਦੀ ਹੈ :

ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ॥

ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ॥

ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥

ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ॥
ਉਚੈ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ॥
ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ॥
ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ॥
ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ॥[116]

ਉਪਰੋਕਤ ਤੋਂ ਸਪਸ਼ਟ ਹੈ ਕਿ ਧਰਮ ਦੇ ਪ੍ਰਵਚਨ ਦੀ ਸਿਰਜਣਾ ਵਿਚ ਸ਼ਕਤੀ, ਗਿਆਨ, ਸੱਚ ਅਤੇ ਮਨੁੱਖੀ ਜਾਂ ਸਮਾਜਿਕ ਕਲਿਆਣ ਨਾਲ ਜੁੜੇ ਹੋਏ ਵਿਚਾਰ-ਪ੍ਰਬੰਧ ਗਤੀਸ਼ੀਲ ਹਨ। ਡਾ. ਗੁਰਪਾਲ ਸਿੰਘ ਸੰਧੂ ਅਨੁਸਾਰ, ਇਹ ਪ੍ਰਵਿਰਤੀ ਸਮਾਜਿਕ-ਸੰਸਥਾਵਾਂ ਨੂੰ ਰੂਪ-ਬੱਧ ਕਰਨ ਵਾਲੇ ਸ਼ਕਤੀ ਦੇ ਸੰਬੰਧਾਂ ਦੀ ਨਿਸ਼ਾਨਦੇਹੀ ਕਰਕੇ ਉਹਨਾਂ ਦੀ ਦਮਨ ਦੀ ਪ੍ਰਕਿਰਿਆ ਪ੍ਰਤਿ ਆਲੋਚਨਾਤਮਕ ਰੁਖ ਅਖਤਿਆਰ ਕਰੇਗੀ। ਧਰਮ ਦੇ ਪ੍ਰਵਚਨਾਂ ਦੀ ਪ੍ਰਕਿਰਿਆ ਰਾਹੀਂ ਗੁਰੂ ਨਾਨਕ ਦੇਵ ਜੀ ਨੇ ਸਮਾਜ ਦੀ ਬਹੁ-ਪਰਿਪੇਖੀ ਦਸ਼ਾ ਨੂੰ ਪਰਤ-ਦਰ-ਪਰਤ ਉਭਾਰਨ ਜਾਂ ਉਧੇੜਨ ਦਾ ਕਾਰਜ ਕੀਤਾ ਹੈ। ਗੁਰੂ ਨਾਨਕ ਦੇਵ ਜੀ ਦੇ ਪ੍ਰਵਚਨਾਂ ਦੀ ਇਹ ਹੋਂਦ-ਵਿਧੀ ਤੱਤਕਾਲੀਨ ਸਮਾਜ ਦੀ ਲੋਕਾਈ ਨੂੰ ਉਸ ਤੇ ਹੋ ਰਹੇ ਅਨਿਆਏਂ ਪ੍ਰਤਿ ਜਾਗਰੂਪ ਕਰਦੀ ਨਜ਼ਰ ਆਉਂਦੀ ਹੈ।[117]

**ਚਾਰ ਯੁਗ** : ਗੁਰੂ ਸਾਹਿਬ ਨੇ ਰਾਇ ਬੁਲਾਰ ਨਾਲ ਸਹਿਜ-ਸੁਭਾਵੀ ਪ੍ਰਵਚਨ ਕਰਦਿਆਂ ਸਤਿਜੁਗ, ਤ੍ਰੇਤਾ, ਦੁਆਪਰ ਤੇ ਕਲਯੁਗ, ਚੋਹਾਂ ਜੁਗਾਂ ਦੀ ਸਥਿਤੀ ਦਾ ਵਰਣਨ ਇਸ ਤਰ੍ਹਾਂ ਕੀਤਾ ਹੈ :- 'ਸਰੀਰ ਕਾ ਜੋ ਮੇਰ ਹੈ ਸੋ ਸਰੀਰ ਰਥ ਹੈ ਅਰ ਮਨ ਰਥਵਾਹੀ ਹੈ ਅਰ ਇੰਦ੍ਰੀਆਂ ਘੋੜੇ ਹਨ ਅਰ ਪ੍ਰਾਣਾਂ ਕੇ ਰਸੇ ਅਰ ਵਾਗਾਂ ਹੈਂ ਸੋ ਜੁਗਾਂ ਜੁਗਾਂ ਮੇਂ ਖੇਲ ਵਟਾਈਤਾ ਹੈ ਪਰ ਗਿਆਨਵਾਨ ਇਸਕੋ ਬੁਝਤੇ ਹੈ ਕਯੋਂ ਜੋ ਮੈ ਰਥ ਸੰਤੋਖ ਕਾ ਹੈ ਅਰ ਧਰਮ ਰਥਵਾਹੀ ਹੈ ਅਰ ਤ੍ਰੇਤੇ ਮੈ ਰਥ ਜੱਤ ਕਾ ਹੈ ਅਰ ਜੋਰ ਅਗੇ ਰਥਵਾਈ ਹੈ ਅਰ ਦੁਆਪਰ ਮੈਂ ਰਥ ਤਪਕਾ ਹੈ ਅਰ ਸਤ ਅਗੇ ਰਥਵਾਹੀ ਹੈ ਅਰ ਕਲਜੁਗ ਮੈਂ ਰਥ ਅਗਨ ਕਾ ਹੈ ਅਤੇ ਕੂੜ ਅਗੇ ਰਥਵਾਹੀ ਹੈ'।[118]

ਗੁਰੂ ਸਾਹਿਬ ਦੇ ਅਧਿਆਤਮਕ ਵਿਚਾਰ ਇਸ ਸਥਿਤੀ ਨੂੰ ਇਉਂ ਬਿਆਨ ਕਰਦੇ ਹਨ :

ਨਾਨਕ ਮੇਰੁ ਸਰੀਰ ਕਾ ਇਕੁ ਰਥੁ ਇਕੁ ਰਥਵਾਹੁ॥

ਜੁਗੁ ਜੁਗੁ ਫੇਰਿ ਵਟਾਈਅਹਿ ਗਿਆਨੀ ਬੁਝਹਿ ਤਾਹਿ॥

ਸਤਜੁਗਿ ਰਥੁ ਸੰਤੋਖ ਕਾ ਧਰਮੁ ਅਗੇ ਰਥਵਾਹੁ॥

ਤ੍ਰੇਤੇ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ॥

ਦੁਆਪੁਰਿ ਰਥੁ ਤਪੈ ਕਾ ਸਤੁ ਅਗੈ ਰਥਵਾਹੁ॥

ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ॥[119]

**ਨਿਰਮਾਣਤਾ ਸੰਬੰਧੀ ਗਿਆਨ** : ਗੁਰੂ ਸਾਹਿਬ ਨੇ ਅਧਿਆਤਮਕਤਾ ਦੇ ਸੁਹਜਾਤਮਕ ਅਨੁਭਵ ਨੂੰ ਤਰਕਮਈ ਦ੍ਰਿਸ਼ਟੀ ਤੋਂ, ਸੰਰਚਨਾਤਮਕ ਪ੍ਰਕਿਰਿਆ ਰਾਹੀਂ, ਲੋਕਾਈ ਅਗੇ ਪੇਸ਼ ਕੀਤਾ ਹੈ। ਇਸ ਲੋਕਾਈ ਨੂੰ ਸਿੱਧੇ ਰਸਤੇ ਪਾਉਣ ਅਤੇ ਸਰਬ ਸਾਂਝੀਵਾਲਤਾ ਦਾ ਸੰਦੇਸ਼ ਦਿੰਦੇ, ਰਾਇ ਬੁਲਾਰ ਨੂੰ ਨਿਰਮਾਣਤਾ ਦਾ ਗੁਣ ਧਾਰਨ ਕਰਨ ਦੀ ਪ੍ਰੇਰਨਾ ਦਿੰਦੇ ਹੋਏ ਅਧਿਆਤਮਕ ਸੰਵਾਦ ਰਚਾਉਂਦੇ ਹਨ ਕਿ, ਸਿੰਮਲ ਰੁੱਖ ਜੋ ਸਿਧਾ ਲੰਬਾ ਅਤੇ ਮੋਟਾ ਹੋਣ ਦੇ ਬਾਵਜੂਦ ਵੀ ਉਸ ਦੇ ਫਲ ਬਕਬਕੇ ਹੁੰਦੇ ਹਨ ਅਤੇ ਪੰਛੀਆਂ ਨੂੰ ਨਿਰਾਸ਼ ਹੋ ਕੇ ਵਾਪਸ ਮੁੜਨਾ ਪੈਂਦਾ ਹੈ ਭਾਵ ਹੰਕਾਰ ਜਾਂ ਹਉਮੈ ਨਿਰਾਅਰਥ ਹੈ। ਇਸ ਦੇ ਉਲਟ ਜਿਹੜੇ ਰੁੱਖ ਨੀਵੇਂ ਹੁੰਦੇ ਹਨ ਉਨ੍ਹਾਂ ਦਾ ਫਲ ਵੀ ਮਿੱਠਾ ਹੁੰਦਾ ਹੈ ਭਾਵ ਨਿਮਰਤਾ ਨੂੰ ਫਲ ਪੈਂਦਾ ਹੈ। ਗੁਰੂ ਸਾਹਿਬ ਨੇ ਕਪਟੀ ਮਨੁੱਖਾ ਵਲ ਇਸ਼ਾਰਾ ਕਰਦੇ ਕਿਹਾ ਹੈ ਕਿ ਜੋ ਬਾਹਰੋਂ ਭੇਖੀ ਹੁੰਦੇ ਹਨ ਉਹ ਅੰਦਰੋਂ ਗੁਣਵਾਨ ਨਹੀਂ ਹੁੰਦੇ ਤੇ ਅਜਿਹੇ ਮਨੁੱਖ ਕਿਸੇ ਦੇ ਕੰਮ ਨਹੀਂ ਆ ਸਕਦੇ। ਨਿਮਰਤਾ ਅਤੇ ਨਿਰਮਾਣਤਾ ਦੇ ਧਾਰਨੀ, ਮਿੱਠ ਬੋਲੜੇ ਸੁਭਾਅ ਦੇ ਅਤੇ ਦੂਜਿਆ ਨੂੰ ਪਿਆਰ ਕਰਨ ਵਾਲੇ ਇਨਸਾਨ ਹੀ ਉਚ-ਗੁਣਾਂ ਦੇ ਧਾਰਨੀ ਹੁੰਦੇ ਹਨ :

ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ॥

ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ॥

ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ॥

ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆਂ ਤਤੁ॥

ਸਭੁ ਕੋ ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ॥

ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ॥[120]

ਉਪਰੋਕਤ ਗੁਰੂ ਨਾਨਕ ਦੀ ਸੰਵੇਦਨਸ਼ੀਲ, ਲੋਕ ਹਿੱਤੂ ਅਤੇ ਸਿਰਮੌਰ ਬੌਧਿਕਤਾ, ਇਨਸਾਨੀ ਵਰਤਾਰੇ ਦਾ ਸਹਿਜ ਬਿਆਨ ਹੀ ਨਹੀਂ ਕਰਦੀ ਸਗੋਂ ਵਡੇਰੇ ਮਾਨਵੀ-ਹਿੱਤਾਂ ਦੇ ਪੱਖ ਵਿਚ ਦਰਪ੍ਰੇਸ਼ ਮਸਲਿਆਂ ਨੂੰ ਵਿਚਾਰਨ ਲਈ ਨਿਘਰ ਸੁਝਾਉ ਵੀ ਪੇਸ਼ ਕਰਦੀ ਹੈ।

**ਗੋਸ਼ਟਿ ਹਨੀਫੇ ਨਾਲ** : ਹਨੀਫਾ ਸਿਧ ਜੋ ਗੋਰਖ ਨਾਥ ਸਿਧ ਮੰਡਲੀ ਵਿਚੋਂ ਇਕ ਸਿਧ ਸੀ, ਜਿਸ ਨੇ ਗੁਰੂ ਸਾਹਿਬ ਨਾਲ ਸੰਵਾਦ ਰਚਾਇਆ ਕਿ ਇਸ ਦੁਨੀਆਂ ਤੇ ਕਿਵੇਂ ਆਏ ਹੋ? ਅਤੇ ਜੋਗ ਸਾਧਨ ਧਾਰਨ ਕਰਨ ਦੇ ਕੀ ਰਸਤੇ ਹਨ ਆਦਿ ਬਾਰੇ ਗੁਰੂ ਨਾਨਕ ਦੇਵ ਜੀ ਨਾਲ ਵਿਚਾਰਾਂ ਸਾਂਝੀਆਂ ਕੀਤੀਆਂ ਹਨ। ਇਹ ਪ੍ਰਸ਼ਨ-ਉਤਰ ਦੀ ਲੜੀ ਜੀਵਨ ਨਿਰੰਤਰਤਾ ਵਲ ਇਉਂ ਸੰਕੇਤ ਕਰਦੀ ਹੈ:

ਪ੍ਰਸ਼ਨ : 'ਤੂੰ ਕਿਸ ਸਕਤ ਈਹਾਂ ਆਇਆ ਹੈ'?

ਉਤੱਰ : ਪਰਮਾਤਮਾ ਸਰਬ ਵਿਆਪੀ ਹੈ ਅਰ ਆਵਣ ਜਾਣ ਤੁਸਾਡੇ ਭਰਮ ਮੇਂ ਭਾਸਤਾ ਹੈ।

ਪ੍ਰਸ਼ਨ: ਆਤਮਾ ਮੇਂ ਆਵਣ ਜਾਣ ਹੋਇਆ ਹੀ ਨਹੀਂ?

ਉਤੱਰ :ਜੈਸੇ ਦਰਪਣ ਸਿਕਲ ਬਿਨਾਂ ਉਜਲ ਨਹੀਂ ਹੋਤਾ ਤੈਸੇ ਜੋਗ ਬਿਨਾਂ ਮਨ ਉਜਲ ਨਹੀਂ ਹੋਤਾ।

ਪ੍ਰਸ਼ਨ : ਤੁਮ ਜੋਗ ਕੈਸੇ ਸਾਧਿਆ ਹੈ?

ਉਤੱਰ : ਪ੍ਰਾਣਾਯਾਮ ਕੇ ਤੀਨ ਕਰਮ ਹੈਨ ਪੂਰਕ, ਕੁੰਭਕ, ਰੇਚਕ ਪੂਰਕ ਪ੍ਰਾਣਾਂ ਕੋ ਖੈਂਚਤੇ ਹੈ ਅਰ ਕੁਭੰਕ ਠਹਿਰਾਵਤੇ ਹੈਂ ਅਰ ਰੇਚਕ ਛੋਡਤੇ ਹੈਂ ਸੋ ਅਸਾਂ ਨੇ ਸਤਿਗੁਰਾਂ ਕੇ ਜੋ ਸੁਭ ਬਚਨ ਹੈਨ ਸੋ ਪ੍ਰਾਣਾ ਸੇ ਖੈਂਚੇ ਹਨ ਅਰ ਬਾਰੰਬਾਰ ਅਭਿਆਸ ਕਰਕੇ ਠਹਿਰਾਏ ਹਨ ਅਰ ਜੋ ਵਿਕਾਰ ਹਨ ਸੋ ਮਨਸੋ ਛੋਡੇ ਹਨ।[121]

ਉਪਰੋਕਤ ਗੋਸ਼ਟਿ ਤੋਂ ਸਪਸ਼ਟ ਹੈ ਕਿ ਹਨੀਫੇ ਸਿਧ ਦੁਆਰਾ ਗੁਰੂ ਨਾਨਕ ਦੇਵ ਜੀ ਤੋਂ ਜੋਗ ਦੀਆਂ ਅਧਿਆਤਮਕ ਜੁਗਤਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਅਤੇ ਆਪਣੇ ਸਾਥੀਆਂ ਗੋਰਖ ਨਾਥ, ਚਰਪਟ, ਭਰਥਰੀ ਮਛੰਦਰ ਆਦਿ ਜੋ ਸੁਮੇਰ ਪਰਬਤ 'ਤੇ ਸਨ, ਨਾਲ ਮਿਲ ਕੇ ਹੋਰ ਵਿਸ਼ਿਆਂ ਤੇ ਗੁਰੂ ਸਾਹਿਬ ਨਾਲ ਸੰਵਾਦ ਰਚਾਉਣ ਦੀ ਆਸ਼ਾ ਪ੍ਰਗਟਾਈ।

**ਗੋਸ਼ਟਿ ਸਿਧਾਂ ਨਾਲ** : ਇਸ ਗੋਸ਼ਟਿ ਵਿਚ ਗੁਰੂ ਸਾਹਿਬ ਹਨੀਫੇ ਸਿਧ ਦੇ ਬੇਨਤੀ ਕਰਨ ਤੇ ਹੋਰ ਸਿਧਾਂ (ਗੋਰਖ, ਚਰਪਟ, ਮਛੰਦਰ, ਭਰਥਰੀ) ਨਾਲ ਵਿਚਾਰ-ਚਰਚਾ ਕਰਨ ਲਈ ਸੁਮੇਰ ਪਰਬਤ 'ਤੇ ਆਉਂਦੇ ਹਨ (ਸੁਮੇਰ ਪਰਬਤ ਨੂੰ ਕੈਲਾਸ਼ ਪਰਬਤ ਵੀ ਕਿਹਾ ਗਿਆ ਹੈ )। 'ਸੁਮੇਰ' ਅਤੇ 'ਮੇਰੂ' ਸਮਾਨਾਰਥਕ ਸ਼ਬਦ ਹਨ। ਚੀਨੀ ਪੁਸਤਕਾਂ ਵਿਚ ਮੇਰੂ ਨੂੰ ਲਿੰਗ ਅਤੇ ਪੁਰਾਣਾਂ ਵਿਚ ਇਸ ਨੂੰ 'ਮਹਾ ਮੇਰੂ' ਲਿਖਿਆ ਹੈ[122] ਮੇਰੂ ਨੂੰ ਹੀ ਕੈਲਾਸ਼ ਪਰਬਤ ਮੰਨਿਆਂ ਹੈ। ਪ੍ਰਾਚੀਨ ਕਾਲ ਤੋਂ ਹੀ ਭਾਰਤੀ ਯਾਤਰੂ ਕੈਲਾਸ਼ ਪਰਬਤ ਦੀ ਪ੍ਰਕਰਮਾ ਕਰਦੇ ਆਏ ਹਨ। ਇਨ੍ਹਾਂ ਰਾਹਾਂ 'ਤੇ ਗੁਰੂ ਸਾਹਿਬ ਨੂੰ ਕਈ ਸਿਧ ਮੰਡਲੀਆਂ ਮਿਲੀਆਂ ਜਿਨ੍ਹਾਂ ਦਾ ਕਥਨ ਭਾਈ ਗੁਰਦਾਸ ਜੀ ਨੇ ਵੀ ਕੀਤਾ ਹੈ :

ਫਿਰ ਜਾ ਚੜੇ ਸੁਮੇਰ ਪਰ ਸਿੱਧ ਮੰਡਲੀ ਦ੍ਰਿਸ਼ਟੀ ਆਈ।।[123]

ਇਥੇ ਸੁਮੇਰ ਪਰਬਤ 'ਤੇ ਗੁਰੂ ਸਾਹਿਬ ਦੀ ਸਿਧਾਂ ਨਾਲ ਵੱਖ-ਵੱਖ ਵਿਸ਼ਿਆਂ ਨੂੰ ਲੈ ਕੇ ਵਾਰਤਾਲਾਪ ਹੁੰਦੀ ਹੈ। ਇਸ ਵਾਰਤਾਲਾਪ ਵਿਚ ਪ੍ਰਸ਼ਨਾਵਲੀ ਦੀ ਗੂੰਜ ਸਿਖਰ ਉਤੇ ਪਹੁੰਚਦੀ ਹੈ ਤੇ ਗੁਰੂ ਸਾਹਿਬ ਹਰ ਪ੍ਰਸ਼ਨ ਦਾ ਉਤੱਰ ਸਹਿਜ-ਸੁਭਾਵੀ ਤੇ ਅਧਿਆਤਮਕ ਜੁਗਤਾਂ ਨਾਲ ਦੇ ਕੇ ਸਿਧਾਂ ਨੂੰ ਸ਼ਾਂਤ ਕਰਦੇ ਹਨ। ਸਿਧ ਗੁਰੂ ਸਾਹਿਬ ਦੀ ਸ਼ਬਦਾਵਲੀ ਵਿਚ ਅਤਿ ਦੀ ਕੋਮਲਤਾ ਅਤੇ ਸਾਰਥਿਕ ਵਿਗਿਆਨਕ ਤਰਕ ਹੈ ਜਿਸ ਤੋਂ ਸਿਧ ਸੰਤੁਸ਼ਟ ਹੁੰਦੇ ਹਨ। ਇਸ ਗੋਸ਼ਟਿ ਵਿਚ ਗੁਰੂ ਸਾਹਿਬ ਤੇ ਸਿਧਾਂ ਵਿਚਕਾਰ ਵਾਰਤਾਲਾਪ ਦੀ ਲੜੀ ਇਸ ਤਰ੍ਹਾਂ ਚਲਦੀ ਹੈ :

ਪ੍ਰਸ਼ਨ : ਕਲਜੁਗ ਵਿਚ ਕੀ ਵਰਤਾਰਾ ਵਰਤਿਆ ਹੋਇਆ ਹੈ ?

ਉੱਤਰ : ਗੁਰੂ ਸਾਹਿਬ ਨੇ ਰਾਮਕਲੀ ਰਾਗ ਵਿਚ ਸਲੋਕ ਉਚਾਰਣ ਕਰਕੇ ਇਸ ਪ੍ਰਸ਼ਨ ਦਾ ਉੱਤਰ ਦਿੱਤਾ :

ਸਤੀ ਪਾਪੁ ਕਰ ਸਤੁ ਕਮਾਹਿ।।
ਗੁਰ ਦੀਖਿਆ ਘਰਿ ਦੇਵਣ ਜਾਹਿ।।
ਇਸਤ੍ਰੀ ਪੁਰਖੈ ਖਟੈ ਭਾਉ।।
ਭਾਵੈ ਆਵਉ ਭਾਵੈ ਜਾਉ।।

ਸਾਸਤ੍ਰ ਬੇਦਨ ਮਾਨੈ ਕੋਇ॥

ਆਪੋ ਆਪੈ ਪੂਜਾ ਹੋਇ॥[124]

ਗੁਰੂ ਨਾਨਕ ਦੇਵ ਜੀ ਨੇ ਇਸ ਗੋਸ਼ਟਿ ਵਿਚ ਤੱਤਕਾਲੀ ਸਮਾਜ ਦਾ ਚਿਤ੍ਰਣ ਕੀਤਾ ਹੈ। ਆਪਣੇ ਆਪ ਨੂੰ ਜਤੀ ਕਹਾਉਣ ਵਾਲੇ ਪਾਪ ਕਰਕੇ ਮਾਇਆ ਇਕਠੀ ਕਰਨ ਵਿਚ ਲੱਗੇ ਹੋਏ ਹਨ। ਇਸਤ੍ਰੀ ਪੁਰਸ਼ ਕੋਲੋਂ ਆਉਣ ਅਤੇ ਜਾਣ ਲੱਗਿਆ ਵੀ ਮਾਇਆ ਦੀ ਹੀ ਗੱਲ ਕਰਦੀ ਹੈ। ਕੋਈ ਵੀ ਵੇਦਾਂ ਅਤੇ ਸ਼ਾਸਤਰਾਂ ਵਿਚ ਦਿੱਤੀ ਸਿੱਖਿਆਂ ਅਨੁਸਾਰ ਨਹੀਂ ਚਲਦਾ। ਹਰ ਕੋਈ ਆਪੋ ਆਪਣੇ ਅਨੁਸਾਰ ਹੀ ਪੂਜਾ ਅਰਚਨਾ ਕਰੀ ਜਾਂਦਾ ਹੈ। ਉਨ੍ਹਾਂ ਨੇ ਨਾਲ ਹੀ ਕਾਜ਼ੀ ਜੋ, ਉੱਚ ਸ਼ਖਸੀਅਤ ਦਾ ਮਾਲਕ ਮੰਨਿਆਂ ਜਾਂਦਾ ਹੈ, ਉਸ ਦੇ ਬਾਹਰੀ ਆਚਾਰ ਵਿਹਾਰ ਕਰਨ ਨੂੰ ਵੀ ਗੁਰੂ ਜੀ ਨੇ ਨੰਗਿਆਂ ਕੀਤਾ ਹੈ :

ਕਾਜੀ ਹੋਇਕੈ ਬਹੈ ਨਿਆਇ॥

ਫੇਰ ਤਸਬੀ ਕਰੇ ਖੁਦਾਇ॥

ਵਢੀ ਲੈਕੇ ਹਕ ਗਵਾਏ॥

ਜੇ ਕੋ ਪੁਛੇ ਤਾਪੜਿ ਸੁਣਾਏ॥

ਤੁਰਕ ਮੰਤ੍ਰ ਕੰਨ ਰਿਦੈ ਸਮਾਹਿ॥

ਲੋਕ ਮਹਾਵਹਿ ਚਾੜੀ ਖਾਹਿ॥[125]

ਗੁਰੂ ਨਾਨਕ ਦੇਵ ਦੀ ਬਾਣੀ ਦੇ ਅੰਦਰ ਖਾਤੇ ਇਕ ਨਿਗਰ ਸੋਚ ਸਮਾਈ ਹੋਈ ਹੈ। ਉਸ ਵਿਚੋਂ ਇਕ ਆਇਡੀਓਲੌਜੀਕਲ ਝਲਕਦੀ ਹੈ। ਤੱਤਕਾਲੀਨ ਸਮਾਜਿਕ ਵਿਭਿੰਨ ਜਾਤੀ-ਲੋਕਾਈ ਦੀ ਜ਼ਿੰਦਗੀ ਬਾਰੇ ਦਾਰਸ਼ਨਿਕ ਸਵਾਲ ਉਠਦੇ ਹਨ। ਗੁਰੂ ਨਾਨਕ ਤੱਤਕਾਲੀ ਸਮਾਜਿਕ ਵਰਤਾਰੇ ਨੂੰ ਚਿਤ੍ਰਨ ਅਤੇ ਉਸ ਦੀ ਬੇ-ਤਰਤੀਬੀਆਂ ਪ੍ਰਤਿ ਚਿੰਤਨ ਵਿਚੋਂ ਹਾਂ-ਪੱਖੀ ਵਰਤਾਰੇ ਇਤਿਹਾਸਕ ਭੂਮਿਕਾ ਉਸਾਰ ਰਹੇ ਹਨ :-

ਹਿੰਦੂ ਕੈ ਘਰਿ ਹਿੰਦੂ ਆਵੈ॥ ਸੂਤ ਜਨੇਊ ਪੜਿ ਗਲ ਪਾਵੈ॥

ਸੂਤ ਪਾਇ ਕਰੇ ਬੁਰਿਆਈ।। ਨਾਤਾ ਧੋਤਾ ਥਾਇ ਨ ਪਾਈ।।

ਮੁਸਲਮਾਣ ਕਰੇ ਬੁਰਿਆਈ।। ਵਿਣ ਗੁਰ ਪੀਰੈ ਕੋ ਥਾਇ ਨ ਪਾਈ।।

ਰਾਹੁ ਦਸਾਇ ਓਥੈ ਕੋ ਜਾਇ।। ਕਰਣੀ ਬਾਝਹੁ ਭਿਸਤ ਨ ਪਾਇ।।

ਜੋਗੀ ਕੈ ਘਰਿ ਜੁਗਤ ਦਸਾਈ।। ਕਿਤ ਕਾਰਣ ਕੰਨ੍ ਮੁੰਦ੍ਰਾ ਪਾਈ।।

ਮੁੰਦ੍ਰਾ ਪਾਈ ਫਿਰੈ ਸੰਸਾਰਿ।। ਜਿਥੈ ਕਿਥੈ ਸਿਰਜਣਹਾਰ।।[126]

ਸੰਵਾਦ ਚਰਚਾ ਅਧੀਨ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਸਿਧ, ਗੁਰੂ ਸਾਹਿਬ ਨੂੰ ਕੇਵਲ ਪ੍ਰਸ਼ਨ ਕਰਦੇ ਹਨ ਅਤੇ ਗੁਰੂ ਸਾਹਿਬ ਉਨ੍ਹਾਂ ਪ੍ਰਸ਼ਨਾਂ ਦੇ ਉੱਤਰ ਤਰਕਸ਼ੀਲ ਬੌਧਿਕਤਾ ਦੇ ਆਧਾਰ 'ਤੇ ਦਿੰਦੇ ਹਨ। ਜਿਸ ਨਾਲ ਸੰਵਾਦ ਅੱਗੇ ਤੁਰਦਾ ਰਹਿੰਦਾ ਹੈ ਅਤੇ ਪ੍ਰਸ਼ਨ ਵਿਚੋਂ ਪ੍ਰਸ਼ਨ ਉਪਜਦਾ ਰਹਿੰਦਾ ਹੈ। ਗੁਰੂ ਸਾਹਿਬ ਬੜੀ ਸਪਸ਼ਟਤਾ ਨਾਲ ਪ੍ਰਸ਼ਨਾਂ ਦਾ ਸਪਸ਼ਟੀਕਰਣ ਕਰਦੇ ਹਨ। ਗੁਰੂ ਸਾਹਿਬ ਦਾ ਇਨ੍ਹਾਂ ਸ਼ੰਕਿਆਂ ਪ੍ਰਤੀ ਵਿਚਾਰ ਅਧਿਆਤਮਕ ਬਿਰਤੀ ਦੀ ਸਾਂਝ ਦਾ ਹਮਾਇਤੀ ਹੈ। ਗੁਰੂ ਸਾਹਿਬ ਗ੍ਰਿਹਸਥ ਜੀਵਨ, ਸੰਨਿਆਸ, ਉਦਾਸੀ, ਪਾਖੰਡ, ਬੈਰਾਗ ਆਦਿ ਰਹੱਸਾ ਨੂੰ ਅਧਿਆਤਮਕ ਚਿੰਤਨ ਤੋਂ ਵਿਚਾਰਦੇ ਹਨ ਜਿਸ ਤੋਂ ਜੋਗੀ ਸੰਤੁਸ਼ਟ ਹੁੰਦੇ ਹਨ।

**ਗ੍ਰਿਹਸਥ ਜੀਵਨ** : ਜੋਗੀ ਈਸ਼ਰ ਨਾਥ ਨੇ ਗ੍ਰਿਹਸਥ ਜੀਵਨ ਨੂੰ ਸਮਝਣ ਲਈ ਅਰਜ਼ੋਈ ਕੀਤੀ ਤਾਂ ਗੁਰੂ ਸਾਹਿਬ ਨੇ ਫਰਮਾਇਆ :

ਸੋ ਗਿਰਹੀ ਜੋ ਨਿਗ੍ਰਹਿ ਕਰੈ।।

ਜਪ ਤਪ ਸੰਜਮ ਭੀਖਿਆ ਕਰੈ।।

ਪੁੰਨ ਦਾਨ ਕਾ ਕਰੈ ਸਰੀਰੁ।।

ਸੋ ਗਿਰਹੀ ਗੰਗਾ ਕਾ ਨੀਰ।।

ਬੋਲੈ ਈਸਰ ਸਤ ਸਰੂਪ।।

ਪਰਮ ਤਤ ਮਹਿ ਰੇਖਨ ਰੂਪੁ।।[127]

**ਸੰਨਿਆਸ** : ਜੋਗੀ ਗੋਰਖ ਨਾਥ ਨੂੰ ਸੰਨਿਆਸੀ ਜੁਗਤਾਂ ਬਾਰੇ ਗੁਰੂ ਨਾਨਕ ਜੀ ਨੇ ਤਰਕ ਭਰਪੂਰ ਵਿਚਾਰਧਾਰਾ ਨਾਲ ਇਉਂ ਸੰਬੋਧਨ ਕੀਤਾ :

ਸੋ ਅਉਧੂਤੀ ਜੋ ਧੂਪੈ ਆਪ॥

ਭਿਖਿਆ ਭੋਜਨ ਕਰੈ ਸੰਤਾਪ॥

ਅਉਹਟ ਪਟਣ ਕੀ ਭੀਖਿਆ ਕਰੈ॥

ਸੋ ਅਉਧੂਤੀ ਸਿਵਪੁਰ ਚੜੈ॥

ਬੋਲੈ ਗੋਰਖ ਸਤਸ ਰੂਪ॥

ਪਰਮ ਤਤ ਮਹਿ ਰੇਖਨ ਰੂਪ॥[128]

ਉਪਰੋਕਤ ਦੇ ਸੰਬੰਧ ਵਿਚ ਗੁਰੂ ਨਾਨਕ ਦੇਵ ਜੀ ਨੇ ਮੰਛਦਰ ਨਾਥ ਨੂੰ ਵੀ ਅਉਧੂਤ ਦੀ ਜੁਗਤ ਬਾਰੇ ਜਾਣੂ ਕਰਵਾਇਆ ਹੈ ਕਿ ਜੋ ਕਾਮ ਕ੍ਰੋਧ ਨੂੰ ਵਸ ਵਿਚ ਕਰ ਲੈਂਦੇ ਹਨ ਉਨ੍ਹਾਂ ਦਾ ਮਨ ਨਹੀਂ ਡੋਲਦਾ ਅਤੇ ਇਸ ਤਰ੍ਹਾਂ ਦੀ ਜੁਗਤ ਤੋਂ ਜੋ ਜਾਣੂ ਹੋ ਜਾਂਦਾ ਹੈ ਤੇ ਉਹ ਜੋਗ ਵਰਗੀ ਸਾਧਨਾ ਨੂੰ ਵੀ ਪਾਲ ਲੈਂਦਾ ਹੈ ਉਹ ਸਾਰੇ ਕੁਲ ਨੂੰ ਤਾਰਨ ਦੇ ਸਮਰਥ ਹੋ ਜਾਂਦਾ ਹੈ। ਜਿਸ ਨੂੰ ਆਪਣਾ ਮਨ ਵਸ ਵਿਚ ਕਰਨ ਦੀ ਜਾਂਚ ਆ ਜਾਂਦੀ ਹੈ ਤੇ ਇਸ ਤਰ੍ਹਾਂ ਦਾ ਜੋਗੀ ਦਿਨ ਰਾਤ ਉਸ ਪਰਮਾਤਮਾ ਦੀ ਹੀ ਭਿਖਿਆ ਕਰੇ, ਸਚੇ ਨਾਮ ਦੀ ਤਾੜੀ ਲਾਵੇ, ਪਰਮਾਤਮਾ ਦਾ ਭੈ ਕਰ ਕੇ ਚਲੇ। ਗੁਰੂ ਸਾਹਿਬ ਜੀ ਕਹਿੰਦੇ ਹਨ ਕਿ ਇਹੋ ਹੀ ਅਉਧੂਤ ਭਾਵ ਸੰਨਿਆਸ ਧਾਰਨ ਕਰਨ ਦੀਆਂ ਜੁਗਤਾਂ ਹਨ।[129]

**ਉਦਾਸੀ ਬਾਰੇ** : ਸਿਧ ਗੋਪੀ ਚੰਦ ਦੇ ਪ੍ਰਸ਼ਨ ਦਾ ਤਰਕਮਈ ਉੱਤਰ ਗੁਰੂ ਸਾਹਿਬ ਨੇ ਇਹਨਾਂ ਪ੍ਰਗੀਤਕ ਪੰਕਤੀਆਂ ਰਾਹੀਂ ਦਿੱਤਾ :

ਸੋ ਉਦਾਸੀ ਜੋ ਪਾਲੈ ਉਦਾਸ॥

ਅਰਧ ਕਰੈ ਨਿਰੰਜਨ ਵਾਸ॥

ਚੰਦ ਸੂਰਜ ਕੀ ਪਾਏ ਗੰਢ॥

ਤਿਸ ਉਦਾਸੀ ਕਾ ਪੜੈ ਨ ਕੰਧ॥

ਬੋਲੇ ਗੋਪੀ ਚੰਦ ਸਤਿ ਸਰੂਪ॥

ਪਰਮ ਤਤ ਮਹਿ ਰੇਖਨ ਰੂਪ॥[130]

**ਪਾਖੰਡ** : ਜੋਗੀਆਂ ਨੂੰ ਬਹੁਤ ਸਾਰੇ ਪਾਖੰਡਾ ਬਾਰੇ ਅਹਿਸਾਸ ਸੀ, ਚਰਪਟ ਨਾਥ ਨੇ ਗੁਰੂ ਸਾਹਿਬ ਤੋਂ ਪਾਖੰਡ ਬਾਰੇ ਜਾਣਨਾ ਚਾਹਿਆ ਤਾਂ ਗੁਰੂ ਸਾਹਿਬ ਬੌਧਿਕ ਉੱਤਰ ਦਿੰਦੇ ਹਨ ਅਤੇ ਉਹ ਇਸ ਕੇਂਦਰਤ ਵਿਚਾਰਧਾਰਾ ਨੂੰ ਸਵੀਕਾਰ ਕਰਦੇ ਹਨ :

ਸੋ ਪਾਖੰਡੀ ਜੋ ਕਾਇਆਂ ਪਖਾਲੇ॥
ਕਾਂਇਆ ਕੀ ਅਗਨ ਬ੍ਰਹਮ ਪਰਜਾਲੇ॥
ਸੁਪਨੈ ਬਿੰਦ ਨ ਦੇਈ ਝਰਨਾ॥
ਤਿਸ ਪਾਖੰਡੀ ਜਰਾ ਨ ਮਰਨਾ॥
ਬੋਲੈ ਚਰਪਟ ਸਤਸ ਰੂਪ॥
ਪਰਮ ਤਤ ਮਹਿ ਰੇਖਨ ਰੂਪ॥[131]

**ਬੈਰਾਗ** : ਭਰਥਰੀ ਸਿਧ ਨੇ ਗੁਰੂ ਨਾਨਕ ਦੇਵ ਜੀ ਤੋਂ ਬੈਰਾਗ ਧਾਰਨ ਕਰਨ ਦੀਆਂ ਜੁਗਤਾਂ ਬਾਰੇ ਪ੍ਰਸ਼ਨ ਕੀਤੇ ਕਿ ਮਨ ਵਿਚ ਬੈਰਾਗ ਕਿਸ ਤਰ੍ਹਾਂ ਉਪਜਦਾ ਹੈ? ਇਸ ਦੀ ਕਿਉਂ ਲੋੜ ਹੈ? ਗੁਰੂ ਨਾਨਕ ਦੇਵ ਜੀ ਨੇ ਸਹਿਜ-ਸੁਭਾਵੀ ਬਾਣੀ ਰਾਹੀਂ ਇਸ ਸ਼ੰਕੇ ਦੀ ਨਵਿਰਤੀ ਕੀਤੀ ਅਤੇ ਸੱਚੇ ਬ੍ਰਹਮ ਦੀ ਪ੍ਰਾਪਤੀ ਲਈ ਬੈਰਾਗ ਨੂੰ ਮੁਖ ਲੋੜ ਦੱਸਿਆ। ਜਿਸ ਮਨ ਵਿਚ ਬੈਰਾਗ ਦੀ ਭਾਵਨਾ ਨਹੀਂ ਉਪਜਦੀ ਉਹ ਮਨ ਕਦੇ ਵੀ ਆਪਣੇ ਪੈਗੰਬਰ ਨਾਲ ਨਹੀਂ ਜੁੜ ਸਕਦਾ। ਗੁਰੂ ਸਾਹਿਬ ਨੇ ਗੁਰਮਤਿ ਦ੍ਰਿਸ਼ਟੀ ਤੋਂ ਬੈਰਾਗ ਦੀ ਮਨੋਵਿਗਿਆਨਤਾ ਬਾਰੇ ਇਉਂ ਪ੍ਰਵਚਨ ਕੀਤਾ :

ਸੋ ਬੈਰਾਗੀ ਜੋ ਉਲਟੈ ਬ੍ਰਹਮ॥
ਗਗਨ ਮੰਡਲ ਮਹਿ ਰੋਕੈ ਥੰਮ॥
ਅਹਿਨਿਸਿ ਅੰਤਰਿ ਕਰੈ ਧਿਆਨ॥
ਤੇ ਬੈਰਾਗੀ ਸਤਿ ਸਮਾਨ॥
ਬੋਲੈ ਭਰਥਰ ਸਤ ਸਰੂਪ॥
ਪਰਮ ਤਤ ਮਹਿ ਰੇਖ ਨ ਰੂਪ॥[132]

**ਮੰਦੇ ਕਰਮ** : ਸਿਧਾਂ ਨੇ ਗੁਰੂ ਸਾਹਿਬ ਤੋਂ 'ਮੰਦੇ ਕਰਮਾਂ' ਬਾਰੇ ਜਾਨਣਾ ਚਾਹਿਆ। ਗੁਰੂ ਸਾਹਿਬ ਨੇ ਅਧਿਆਤਮਵਾਦੀ ਸੁਘੜ-ਸੂਝ ਨਾਲ ਇਸ ਦਾ ਜਵਾਬ ਦਿੰਦਿਆਂ ਹੋਇਆ ਆਖਿਆ, ਕਿ ਚੰਗੇ ਕਰਮ ਹੀ ਮਨੁੱਖ ਦਾ ਨਿਬੇੜਾ ਰੱਬ ਦੀ ਦਰਗਾਹ ਵਿਚ ਕਰਦੇ ਹਨ। ਸਮਾਜ ਵਿਚ ਵਿਚਰਦਿਆਂ ਮਨੁੱਖ ਨੂੰ ਸ਼ੁਭ ਅਮਲਾਂ 'ਤੇ ਹੀ ਜ਼ੋਰ ਦੇਣਾ ਚਾਹੀਦਾ ਹੈ। ਮਿੱਠਾ ਬੋਲਣਾ, ਨੇਕ ਕੰਮ ਕਰਨੇ, ਅਤੇ ਚੰਗੀ ਨੀਅਤ, ਮਨੁੱਖ ਦੇ ਨੈਤਿਕ ਪੱਖ ਹਨ, ਜਿਨ੍ਹਾਂ ਨੂੰ ਧਾਰਨ ਕਰਨ ਨਾਲ ਮਨੁੱਖ ਦਾ ਸਮਾਜ ਵਿਚ ਸਮਾਜਿਕ ਰੁਤਬਾ ਤਾਂ ਉੱਚਾ ਹੁੰਦਾ ਹੀ ਹੈ ਨਾਲ਼ ਹੀ ਆਤਿਮਕ ਸ਼ਕਤੀ ਨੂੰ ਵੀ ਬਲ ਮਿਲਦਾ ਹੈ। ਗੁਰੂ ਸਾਹਿਬ ਦੀ ਅਜਿਹੀ ਤੀਖਣ ਸੋਚ ਹੀ ਸਿਧਾਂ ਨੂੰ ਸਹੀ ਰਸਤੇ ਪਾਉਣ ਵਿਚ ਸਫ਼ਲ ਹੁੰਦੀ ਹੈ।

ਕਿਉ ਮਰੈ ਮੰਦਾ ਕਿਉਂ ਜੀਵੈ ਜੁਗਤ॥
ਕੰਨ ਪੜਾਇ ਕਿਆ ਖਾਜੈ ਭੁਗਤ॥[133]

ਉਪਰੋਕਤ ਵਿਸ਼ਿਆਂ 'ਤੇ ਵਿਚਾਰ-ਚਰਚਾ ਤੋਂ ਬਾਅਦ ਸਿਧ ਗੁਰੂ ਸਾਹਿਬ ਨੂੰ ਆਖਣ ਲੱਗੇ ਕਿ ਜੇ ਤੂੰ ਸਾਡਾ ਸਿੱਖ ਬਣ ਜਾਵੇ ਤਾਂ ਮੁੰਦ੍ਰਾਂ ਪਾ ਕੇ ਤੇ ਝੋਲੀ ਲੈ ਕੇ ਤੇਰਾ ਸਾਰੇ ਜਗਤ ਵਿਚ ਪ੍ਰਤਾਪ ਕਰਵਾ ਦੇਵਾਂਗੇ। ਜੋਗੀਆਂ ਨੇ ਗੁਰੂ ਸਾਹਿਬ ਤੋਂ ਪੁਛਿਆ ਕਿ ਬਾਹਰਲੇ ਚਿੰਨ੍ਹਾਂ ਨੂੰ ਤੁਸੀਂ ਮਹਾਨਤਾ ਨਹੀਂ ਦਿੰਦੇ ਅਤੇ ਨਾ ਹੀ ਰਿੱਧੀਆਂ ਸਿੱਧੀਆਂ ਨੂੰ ਮੰਨਦੇ ਹੋ, ਤਾਂ ਜੋਗੀ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ? ਗੁਰੂ ਸਾਹਿਬ ਨੇ ਅਧਿਆਤਮਕ ਦ੍ਰਿਸ਼ਟੀ ਤੋਂ ਆਪਣਾ ਮੌਲਿਕ ਸਿਧਾਂਤ ਪ੍ਰਸਤੁਤ ਕਰਦਿਆਂ ਆਖਿਆਂ ਕਿ ਮੇਰੀ ਜੋ ਗੁਰਾਂ ਦੇ ਸਬਦਿ ਸੁਰਤਿ ਹੈ ਸੋ ਸਿੰਙੀ ਵਜਦੀ ਹੈ ਅਤੇ ਜੋ ਅਨਾਹਦ ਦਾ ਸ਼ਬਦ ਹੈ ਉਹੀਂ ਮੈਨੂੰ ਭਾਉਂਦਾ ਹੈ ਅਤੇ ਆਤਮਾਂ ਜੋਤ ਹੀ ਦੇਖਦਾ ਹਾਂ ਮੇਰੀ ਪ੍ਰੀਤ ਗਰੂ ਦੇ ਚਰਨਾਂ ਨਾਲ ਜੁੜੀ ਹੋਈ ਹੈ ਅਤੇ ਮੈਂ ਗੁਰੂ ਪਾਸੋਂ ਹੀ ਨਾਮ ਦੀ ਭੀਖ ਮੰਗਦਾ ਹਾਂ। ਗੁਰੂ ਨਾਨਕ ਦੇਵ ਜੀ ਨੇ ਆਪਣਾ ਫਲਸਫ਼ਾ 'ਰਾਗ ਰਾਮਕਲੀ ਮਹਲਾ 1' ਸ਼ਬਦ ਰਾਹੀਂ ਉਚਾਰਿਆ :

ਸੁਰਤਿ ਸਬਦਿ ਸਾਖੀ ਮੇਰੀ ਸਿੰਙੀ ਬਾਜੈ ਲੋਕ ਸੁਣੈ॥
ਪਤੁ ਝੋਲੀ ਮੰਗਣ ਕੈ ਤਾਈ ਭੀਖਿਆ ਨਾਮ ਪੜੇ॥੧॥
ਬਾਬਾ ਗੋਰਖ ਜਾਗੈ॥ ਗੋਰਖ ਸੋ ਜਿਨਿ ਗੋਇ ਉਠਾਲੀ ਕਰਤੇ ਬਾਰ ਨ ਲਾਗੈ॥[134]

ਗੁਰੂ ਨਾਨਕ ਦੇਵ ਜੀ ਸੁਮੇਰ ਪਰਬਤ 'ਤੇ ਪਹੁੰਚੇ ਅਤੇ ਸਿਧਾਂ ਨਾਲ ਵਿਚਾਰ ਵਟਾਂਦਰਾ ਕੀਤਾ। ਸਿਧਾਂ ਦੇ ਮਨਾਂ ਵਿਚ ਉਠੇ ਵਿਵਾਦਾਂ ਨੂੰ ਅਧਿਆਤਮਕ ਸੰਵਾਦੀ ਦ੍ਰਿਸ਼ਟੀਕੋਣ ਰਾਹੀਂ ਸੁਲਝਾਇਆ। ਗੁਰੂ ਨਾਨਕ ਦੇਵ ਜੀ ਨੂੰ ਸੁਮੇਰ ਪਰਬਤ 'ਤੇ ਵੇਖ ਕੇ ਸਿਧ ਹੈਰਾਨ ਰਹਿ ਗਏ ਅਤੇ ਪ੍ਰਸ਼ਨ ਕਰਨ ਲੱਗੇ ਕਿ ਅਸੀਂ ਹਜ਼ਾਰਾਂ ਸਾਲ ਸਮਾਧੀਆਂ ਲਾਉਣ ਤੋਂ ਬਾਅਦ ਇਥੇ ਪਹੁੰਚੇ ਹਾਂ, ਤੁਸੀਂ ਇਥੇ ਕਿਵੇਂ ਪਹੁੰਚੇ ਹੋ? ਗੁਰੂ ਸਾਹਿਬ ਨੇ ਸਹਿਜ-ਸੁਭਾਵੀ ਸਿਧਾਂ ਨੂੰ ਉਤੱਰ ਦਿੰਦਿਆਂ ਕਿਹਾ ਕਿ 'ਮੈਂ ਪਰਮੇਸਰ ਦਾ ਨਾਮ ਜਪਿਆ ਹੈ ਤੇ ਭਾਉ ਭਗਤਿ ਦੀ ਸਮਾਧਿ ਲਾਈ ਹੈ, ਤਾਂ ਸਿਧਾਂ ਨੇ ਗੁਰੂ ਸਾਹਿਬ ਨੂੰ ਪੁਛਿਆ ਕਿ ਆਪਣਾ ਨਾਉਂ ਦੱਸੋ? ਗੁਰੂ ਸਾਹਿਬ ਨੇ ਆਖਿਆ ਕਿ ਮੇਰਾ ਨਾਉਂ ਨਾਨਕ ਹੈ ਅਤੇ ਨਾਮ ਦੀ ਕਿਰਤ ਕਰਕੇ ਹੀ ਮੈਂ ਇਹ ਗਤੀ ਪ੍ਰਾਪਤ ਕੀਤੀ ਹੈ। ਗੁਰੂ ਨਾਨਕ ਦੀ ਸਹਿਜ ਗਲ-ਬਾਤ ਸਮੇਂ ਸਿਧ ਇਕੋ ਸਮੇਂ ਕਈ ਮਨੋ-ਸਥਿਤੀਆਂ ਵਿਚੋਂ ਗੁਜ਼ਰ ਰਹੇ ਪ੍ਰਤੀਤ ਹੁੰਦੇ ਹਨ।

ਬਾਬੇ ਡਿੱਠੀ ਪਿਰਥਮੀ ਨਵੈ ਖੰਡ ਜਿੱਥੈ ਤਕ ਆਹੀ॥
ਫਿਰ ਜਾ ਚੜੇ ਸੁਮੇਰ ਪਰ ਸਿੱਧ ਮੰਡਲੀ ਦ੍ਰਿਸ਼ਟੀ ਆਈ॥
ਚਉਰਾਸੀਹ ਸਿੱਧ ਗੋਰਖਾਦਿ ਮਨ ਅੰਦਰਿ ਗਣਤੀ ਵਰਤਾਈ॥
ਸਿੱਧ ਪੁੱਛਣ ਸੁਣ ਬਾਲਿਆ ਕੌਣ ਸ਼ਕਤਿ ਤੁਹਿ ਏਥੇ ਲਿਆਈ॥
ਹਉਂ ਜਪਿਆ ਪਰਮੇਸ਼ਰੋ ਭਾਉ ਭਗਤਿ ਸੰਗਿ ਤਾੜੀ ਲਾਈ॥
ਆਖਣ ਸਿੱਧ ਸੁਣ ਬਾਲਿਆ ਅਪਣਾ ਨਾਉਂ ਤੁਮ ਦੇਹੁ ਬਤਾਈ॥
ਬਾਬਾ ਆਖੇ ਨਾਥ ਜੀ ਨਾਨਕ ਨਾਮ ਜਪੇ ਗਤਿ ਪਾਈ॥
ਨੀਚ ਕਹਾਇ ਊਚ ਘਰ ਆਈ॥[135]

ਸਿਧ ਗੁਰੂ ਨਾਨਕ ਦੇਵ ਜੀ ਨੂੰ 'ਬਾਲਾ' ਸ਼ਬਦ ਨਾਲ ਸੰਬੋਧਨ ਕਰਦੇ ਹੋਏ, ਗੁਰੂ ਸਾਹਿਬ ਤੋਂ ਇਸ ਕਲਜੁਗੀ ਧਰਤੀ ਤੇ ਵਰਤ ਰਹੇ ਵਰਤਾਰੇ ਸੰਬੰਧੀ ਪ੍ਰਸ਼ਨ ਕਰਦੇ ਹਨ।

ਫਿਰ ਪੁੱਛਣ ਸਿੱਧ ਨਾਨਕਾ ਮਾਤਲੋਕ ਵਿਚ ਕਯਾ ਵਰਤਾਰਾ। ।
ਸਭ ਸਿੱਧੀਂ ਏਹ ਬੁੱਝਿਆ ਕਲਿ ਤਾਰਣ ਨਾਨਕ ਅਵਤਾਰਾ॥

ਬਾਬੇ ਕਹਿਆ ਨਾਥ ਜੀ ਸਚ ਚੰਦ੍ਰਮਾਂ ਕੂੜ ਅੰਧਾਰਾ॥

ਕੂੜ ਅਮਾਵਸ ਵਰਤਿਆ ਹਉ ਭਾਲਣਿ ਚੜ੍ਹਿਆ ਸੰਸਾਰਾ॥[136]

ਗੁਰੂ ਸਾਹਿਬ ਨੇ ਸਿਧਾਂ ਨੂੰ ਤੱਤਕਾਲੀ ਸਮਾਜ ਵਿਚ ਵਰਤ ਰਹੇ ਵਰਤਾਰੇ ਬਾਰੇ ਪ੍ਰਵਚਨ ਕਰਦੇ ਹੋਏ, ਉਸ ਸਮੇਂ ਦੇ ਸਮਾਜਿਕ ਹਲਾਤਾਂ ਤੋਂ ਜਾਣੂ ਕਰਵਾਉਂਦੇ ਹਨ ਕਿ ਕਿਸ ਤਰ੍ਹਾਂ ਪਰਜਾ ਦੇ ਰਖਵਾਲੇ ਆਪ ਹੀ ਆਪਣੀ ਪਰਜਾ ਨੂੰ ਲੁਟ ਰਹੇ ਹਨ ਸਾਰੀ ਲੋਕਾਈ ਗਿਆਨ ਵਿਹੂਣੀ ਹੋਈ ਪਈ ਹੈ। ਪਾਪ, ਝੂਠ, ਕੁਸੱਤ, ਦਾ ਵਰਤਾਰਾ ਵਰਤ ਰਿਹਾ ਹੈ :

ਕਲਿ ਆਈ ਕੁੱਤੇ ਮੁਹੀ ਖਾਜ ਹੋਆ ਮੁਰਦਾਰ ਗੁਸਾਈ॥

ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ॥

ਪਰਜਾ ਅੰਧੀ ਗਯਾਨ ਬਿਨ ਕੂੜ ਕੁੱਸਤੁ ਮੁਖਹੁ ਆਲਾਈ।

ਚੇਲੇ ਸਾਜ ਵਜਾਇੰਦੇ ਨਚਣ ਗੁਰ ਬਹੁਤ ਬਿਧਿ ਭਾਈ॥

ਸੇਵਕ ਬੈਠਣ ਘਰਾਂ ਵਿਚ ਗੁਰ ਉਠ ਘਰੀਂ ਤਿਨਾੜੇ ਜਾਈ॥

ਕਾਜ਼ੀ ਹੋਏ ਰਿਸ਼ਵਤੀ ਵੱਢੀ ਲੈ ਕੈ ਹਕ ਗਵਾਈ॥

ਇਸਤ੍ਰੀ ਪੁਰਖੈ ਦਾਮ ਹਿਤ ਭਾਵੇਂ ਆਇ ਕਿਥਾਊਂ ਜਾਈ॥

ਵਰਤਿਆ ਪਾਪ ਸਭਸ ਜਗ ਮਾਂਹੀ॥[137]

ਇਹ ਸਮੀਖਿਅਕ-ਸੰਵਾਦ, ਸਮਾਜਿਕ ਬੇ-ਤਰਤੀਬੀਆਂ ਨੂੰ, ਨਿਆਂਤਮਕ ਸਮਾਜਿਕ ਪ੍ਰਸਥਿਤੀਆਂ ਵਿਚ ਬਦਲਣਾ ਚਾਹੁੰਦਾ ਹੈ ਅਤੇ ਇਸ ਵਿਚਾਰਧਾਰਾ ਵਿਚੋਂ ਵਿਚਾਰਧਾਰਕ ਅਰਥਾਂ ਦੀ ਸੋਝੀ ਦਾ ਗਿਆਨ ਹੋਣ ਲੱਗਦਾ ਹੈ। ਗੁਰੂ ਨਾਨਕ ਦੇਵ ਜੀ ਦੀ ਦੂਰ ਅੰਦੇਸ਼ੀ ਦ੍ਰਿਸ਼ਟੀ ਜੋ ਸੱਚੇ ਗਿਆਨ ਦਾ ਰਸਤਾ ਵਿਖਾਉਂਦੀ ਹੈ। ਗੁਰੂ ਨਾਨਕ ਨੇ ਸਮਾਜਿਕ ਯਥਾਰਥ ਦਾ ਚਿਤਰਣ ਕਰਕੇ ਮੱਧਕਾਲੀ ਮਨੁੱਖ ਦੇ ਆਰ-ਪਾਰ ਫੈਲੇ ਯਥਾਰਥ ਦਾ ਬਦਸੂਰਤ ਰੂਪ ਸਿਰਜਿਆ ਹੈ ਅਤੇ ਇਕ ਨਿਆਂਤਮਕ ਪ੍ਰਬੰਧ ਦੀ ਲੋਚਾ ਦੀ ਪੁਰਜ਼ੋਰ ਵਕਾਲਤ ਕੀਤੀ ਹੈ।

ਉਪਰੋਕਤ ਗੋਸ਼ਟਿ ਤੋਂ ਸਪਸ਼ਟ ਹੈ ਕਿ ਗੁਰੂ ਸਾਹਿਬ ਨੇ ਸਿਧਾਂ ਨਾਲ ਵੱਖ-ਵੱਖ ਵਿਸ਼ਿਆਂ ਤੇ ਸੰਵਾਦ ਰਚਾ ਕੇ ਉਨ੍ਹਾਂ ਨੂੰ ਅਧਿਆਤਮਕ ਸੱਚ ਤੋਂ ਜਾਣੂ ਕਰਵਾਇਆ ਤੇ ਸਿਧ ਜੋ ਆਪਣੇ ਮਨ ਵਿਚ ਉਦਾਸੀ, ਸੰਨਿਆਸ, ਮੰਦੇ ਕਰਮਾਂ ਅਤੇ ਕਲਜੁਗੀ ਵਰਤਾਰੇ ਬਾਰੇ ਕਈ ਪ੍ਰਸ਼ਨ ਆਪਣੇ ਅੰਦਰ ਸਮੋਈ ਬੈਠੇ ਸਨ, ਗੁਰੂ ਸਾਹਿਬ ਨੇ ਇਨ੍ਹਾਂ ਬਾਰੇ ਆਪਣਾ ਮੌਲਿਕ ਸਿਧਾਂਤ ਦਸਦਿਆਂ, ਸਮਾਜਿਕ ਖੱਪਿਆਂ ਅਤੇ ਮਨੁੱਖੀ ਤ੍ਰਾਸਦੀ ਦੇ ਬਹੁ-ਆਰਥਕ ਵਰਤਾਰੇ ਨੂੰ ਇਕ ਵੱਖਰੀ ਦ੍ਰਿਸ਼ਟੀ ਤੋਂ ਪੇਸ਼ ਕਰਕੇ ਨਵੀਂ ਚੇਤਨਾ ਨੂੰ ਸਿਰਜਿਆ।

**ਜਪ ਗੋਸ਼ਟਿ** : ਜਪ ਗੋਸ਼ਟਿ ਕੇਵਲ ਭਾਈ ਮਨੀ ਸਿੰਘ ਦੇ ਨਾਂ ਨਾਲ ਸੰਬੰਧਿਤ ਜਨਮ ਸਾਖੀ ਵਿਚ ਹੀ ਮਿਲਦੀ ਹੈ। ਅਸਲ ਵਿਚ ਇਸ ਜਨਮ ਸਾਖੀ ਵਿਚ ਭਾਈ ਮਨੀ ਸਿੰਘ ਦਾ ਨਾਂ 'ਤੀਜੇ ਪੁਰਸ਼' ਵਜੋਂ ਆਉਂਦਾ ਹੈ : 'ਤਾਂ ਫਿਰ ਸਿਖਾਂ ਪ੍ਰਸਨ ਕੀਤਾ ਜੀ ਜਪਜੀ ਗੋਸਟ ਕਿਸ ਪ੍ਰਕਾਰ ਹੋਈ ਸੋ ਭਾਈ ਜੀ ਕਥਨ ਕਰੇ ਹੈਂ।।[138]

ਡਾ. ਰਤਨ ਸਿੰਘ ਜੱਗੀ ਨੇ ਇਸ ਜਨਮਸਾਖੀ ਬਾਰੇ ਆਪਣੇ ਵਿਚਾਰ ਦਿੱਤੇ ਹਨ : 'ਭਾਈ ਗੁਰਦਾਸ ਦੀ ਪਹਿਲੀ ਵਾਰ ਦਾ ਟੀਕਾ ਨਿੱਤ ਦੀ ਕਥਾ- ਵਾਰਤਾ ਦੇ ਰੂਪ ਵਿਚ ਭਾਈ ਮਨੀ ਸਿੰਘ ਨੇ ਕੀਤਾ ਜਿਸ ਨੂੰ ਗੁਰਬਖਸ਼ ਸਿੰਘ ਨੇ ਸੁਣਿਆ ਤੇ ਭਾ. ਗੁਰਬਖਸ਼ ਸਿੰਘ ਪਾਸੋਂ ਭਾ. ਸੂਰਤ ਸਿੰਘ ਨੇ ਸੁਣ ਕੇ ਉਸ ਨੂੰ ਲਿਖਤੀ ਰੂਪ ਦਿੱਤਾ'।[139]

ਅਸਲ ਵਿਚ ਇਹ ਗੋਸ਼ਟਿ, ਜਪੁਜੀ ਦੀ ਪਉੜੀ ਵਾਰ ਦਾ ਟੀਕਾ ਹੈ, ਜੋ ਉਪਰੋਕਤ ਵਿਅਕਤੀ ਦੁਆਰਾ ਆਪਣੇ ਵਲੋਂ ਸੁਣੀ ਹੋਈ ਕਥਾ-ਵਾਰਤਾ ਦੇ ਆਧਾਰ ਤੇ ਕੀਤਾ ਜਾਪਦਾ ਹੈ। ਅਸਲ ਵਿਚ ਇਹ ਗੋਸ਼ਟਿ ਜਪੁਜੀ ਵਿਚਲੇ ਮੂਲ ਸਿਧਾਂਤਾਂ ਨੂੰ ਦਰਸਾਉਣ ਹਿੱਤ ਹੀ ਰਚੀ ਜਾਪਦੀ ਹੈ। ਇਸ ਲਈ ਇਸ ਗੋਸ਼ਟਿ ਦੇ ਵਿਸਥਾਰ ਵਿਚ ਨਾ ਜਾਂਦੇ ਹੋਏ ਇਥੇ ਇਸ ਗੋਸ਼ਟਿ ਵਿਚਲੇ ਮੂਲ ਸਿਧਾਂਤਾਂ ਬਾਰੇ ਹੀ ਵਿਚਾਰ ਕੀਤੀ ਜਾਵੇਗੀ।

ਸੁਮੇਰ ਪਰਬਤ 'ਤੇ ਗੁਰੂ ਸਾਹਿਬ ਨਾਲ ਅਧਿਆਤਮਕ ਸੰਵਾਦ ਰਚਾਉਂਦਿਆਂ ਗੁਰੂ ਸਾਹਿਬ ਨੂੰ ਪਰਮਾਤਮਾ, ਸ੍ਰਿਸ਼ਟੀ, ਰੱਬੀ ਹੁਕਮ, ਨਦਰਿ ਕਰਮ ਆਦਿ ਤੇ ਗਿਆਨ-ਚਰਚਾ ਕਰਨ ਨੂੰ ਕਿਹਾ ਤਾਂ ਗੁਰੂ ਸਾਹਿਬ ਨੇ ਇਨ੍ਹਾਂ ਸਾਰਿਆਂ ਦੇ ਉੱਤਰ 'ਜਪ' ਗੋਸ਼ਟਿ ਰਾਹੀਂ ਦਿੱਤੇ ਹਨ।

**ਪਰਮਾਤਮਾ** : 'ਜਪ' ਵਿਚ ਗੁਰੂ ਸਾਹਿਬ ਜੀ ਦਾ ਪਰਮਾਤਮਾ ਸੰਬੰਧੀ ਸਿਧਾਂਤ, ਏਕੀਸ਼ਵਰਵਾਦ ਵਾਲਾ ਹੈ। ਇਹ ਸਿਧਾਂਤ ਉਸ ਸਮੇਂ ਦੇ ਹਿੰਦੂ ਬਹੁਦੇਵ-ਵਾਦ ਤੋਂ ਵੱਖਰਾ ਹੈ। ਹਿੰਦੂ ਮਤ ਏਕੀਸ਼ਵਰਵਾਦ ਦੀ ਧਾਰਨਾ ਨੂੰ ਮਾਨਤਾ ਨਹੀਂ ਦਿੰਦਾ ਅਤੇ ਗੁਰੂ ਨਾਨਕ ਦੇਵ ਜੀ ਨੇ 'ਜਪ ਗੋਸ਼ਟਿ' ਵਿਚ ਇਸ ਧਾਰਨਾ ਨੂੰ ਪਹਿਲੀ ਵਾਰ ਨਕਾਰਿਆ। ਇਸ ਤਰ੍ਹਾਂ ਏਕੀਸ਼ਵਰਵਾਦ ਦੇ ਸਿਧਾਂਤ ਦੀ ਪ੍ਰਸਤੁਤੀ ਨਾਲ ਅਵਤਾਰਵਾਦ ਦੀ ਧਾਰਨਾ ਨੂੰ ਸੱਟ ਵੱਜੀ ਅਤੇ ਮੂਰਤੀ ਪੂਜਾ ਦਾ ਪਹਿਲੀ ਵਾਰ ਖੰਡਨ ਹੋਇਆ। ਗੁਰੂ ਸਾਹਿਬ ਨੇ 'ਜਪ ਗੋਸ਼ਟਿ' ਵਿਚ ਸਿਧਾਂ ਨੂੰ ਏਕੀਸ਼ਵਰਵਾਦ ਦਾ ਸਿਧਾਂਤ 'ਮੂਲ ਮੰਤਰ' ਰਚ ਕੇ ਸਪਸ਼ਟ ਕੀਤਾ ਕਿ ਪਰਮਾਤਮਾ ਇਕ ਹੈ, ਉਹ ਸਾਰੇ ਜੀਵਾਂ ਦੀ ਸੰਭਾਲ ਕਰਦਾ ਹੈ, ਉਹ ਡਰ ਰਹਿਤ ਹੈ, ਉਸ ਨੂੰ ਕਿਸੇ ਨਾਲ ਵੈਰ ਨਹੀਂ, ਉਸ ਉਤੇ ਸਮੇਂ ਦੀ ਹੋਂਦ ਦਾ ਕੋਈ ਅਸਰ ਨਹੀਂ, ਉਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਹੈ।[140]

**ਰੱਬੀ ਹੁਕਮ** : ਗੁਰੂ ਸਾਹਿਬ ਨੇ ਸਿਧਾਂ /ਨਾਥਾਂ/ਜੋਗੀਆਂ ਨਾਲ 'ਜਪ ਗੋਸ਼ਟਿ' ਬਾਰੇ ਵਿਚਾਰ-ਚਰਚਾ ਕਰਦਿਆਂ ਇਕ ਅਧਿਆਤਮਕ ਸੱਚ ਨੂੰ ਸਾਹਮਣੇ ਲਿਆਉਂਦਾ ਕਿ ਮਨੁੱਖ 'ਹੁਕਮ' ਰਾਹੀਂ ਸੰਸਾਰਕ ਕਾਰਜਾਂ ਵਿਚ ਨਿਆਂਇ ਸ਼ੀਲਤਾ ਦਾ ਸੰਚਾਲਨ ਕਰਦਾ ਹੈ। ਪਰਮਾਤਮਾ ਦੇ ਹੁਕਮ ਅਨੁਸਾਰ ਚਲਣ ਤੇ ਹੀ ਮਨੁੱਖ ਅਤੇ ਪਰਮਾਤਮਾ ਵਿਚਕਾਰ 'ਹਉਮੈਂ' ਦੀ ਦੀਵਾਰ ਟੁੱਟ ਜਾਂਦੀ ਹੈ ਅਤੇ ਮਨੁੱਖ ਸਚਿਆਰ ਪਦ ਦੀ ਪਦਵੀ ਗ੍ਰਹਿਣ ਕਰ ਲੈਂਦਾ ਹੈ:

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ।।
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲ।।[141]

ਗੁਰੂ ਸਾਹਿਬ ਨੇ ਸਿਧਾਂ ਨੂੰ ਅਧਿਆਤਮਕ ਸੱਚ ਦੀ ਸੋਝੀ ਕਰਵਾਉਂਦਿਆਂ ਉਹਨਾਂ ਨੂੰ ਦੱਸਿਆ ਕਿ ਪਰਾਭੌਤਿਕ ਹੁਕਮ ਨੂੰ ਪਛਾਨਣ ਨਾਲ ਮਨੁੱਖ ਅੰਦਰੋਂ 'ਹਉਮੈਂ' ਖਤਮ ਹੋ ਜਾਂਦੀ ਹੈ। ਗੁਰੂ ਸਾਹਿਬ ਨੇ ਇਸ ਸੰਸਾਰ ਰੂਪੀ ਖੇਡ ਨੂੰ ਵੀ ਪਰਮਾਤਮਾ ਦੇ 'ਹੁਕਮ' ਦੀ ਖੇਡ ਦੱਸਿਆ ਹੈ। ਇਸ ਵਿਲੱਖਣ ਸਿਰਜਨਾਤਮਕ ਵਰਤਾਰੇ ਨੂੰ ਰੱਬੀ-ਹੁਕਮ ਰਾਹੀਂ ਕਾਰਜਸ਼ੀਲ ਹੁੰਦਾ ਵਿਖਾਉਂਦੇ ਹਨ:

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ।।

ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥

ਹੁਕਮੀ ਉਤਮੁ ਨੀਚ ਹੁਕਮਿ ਲਿਖਿ ਦੁਖ ਸੁਖ ਪਾਈਅਹਿ॥

ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ॥੧॥[142]

ਗੁਰੂ ਸਾਹਿਬ ਨੇ 'ਹੁਕਮ' ਮੰਨਣ ਤੋਂ ਭਾਵ ਪਰਮਾਤਮਾ ਦੇ ਹੁਕਮ ਮੰਨਣ ਤੋਂ ਲਿਆ ਹੈ। ਗੁਰੂ ਸਾਹਿਬ ਦੀ ਇਹ ਟਿੱਪਣੀ ਅਧਿਆਤਮਕਤਾ ਦੇ ਮਕਾਨਕੀ ਸੰਕਲਪ 'ਤੇ ਅਧਾਰਿਤ ਹੈ। ਗੁਰੂ ਸਾਹਿਬ ਦੇ ਰੱਬੀ-ਹੁਕਮ ਨੂੰ ਦੁਨਿਆਵੀ ਰਾਜਿਆਂ ਤੇ ਵੀ ਵਰਤਦਾ ਵਿਖਾਇਆਂ ਹੈ 'ਸਾਹ ਪਾਤਿਸਾਹ ਸਿਰਿ ਖਸਮੁ ਤੂੰ'।[143] ਕਹਿ ਕੇ ਗੁਰੂ ਨਾਨਕ ਨੇ, ਆਮ ਲੋਕਾਈ ਨੂੰ ਇਨ੍ਹਾਂ ਦੁਨਿਆਵੀ ਰਾਜਿਆਂ ਦੇ ਡਰ ਤੋਂ ਮੁਕਤ ਕੀਤਾ ਹੈ ਅਤੇ ਕਿਹਾ ਹੈ ਕਿ ਇਸ ਸੰਸਾਰ 'ਤੇ ਹੁਕਮ ਚਲਾਉਣ ਵਾਲੇ ਤੇ ਜ਼ੁਲਮ ਕਰਨ ਵਾਲੇ ਰਾਜੇ ਤਾਂ ਆਪ ਉਸ ਦੇ ਹੁਕਮ ਅਨੁਸਾਰ ਚਲਦੇ ਹਨ ਇਸ ਕਥਨ ਦੀ ਪੁਸ਼ਟੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਪ੍ਰਕਾਰ ਹੈ :

ਸਚੇ ਕੀ ਸਿਰਕਾਰ ਜੁਗੁ ਜੁਗੁ ਜਾਣੀਐ॥

ਹੁਕਮੁ ਮੰਨੇ ਸਿਰਦਾਰੁ ਦਰਿ ਦੀਬਾਣੀਐ॥[144]

ਗੁਰੂ ਸਾਹਿਬ ਦੀ ਦੂਰ-ਅੰਦੇਸ਼ੀ ਦ੍ਰਿਸ਼ਟੀ ਨੇ ਲੋਕਾਂ ਦੇ ਮਨ ਵਿਚੋਂ ਇਸ ਤਰ੍ਹਾਂ ਦੇ ਉਪਜੇ ਡਰ ਨੂੰ ਖਤਮ ਕੀਤਾ ਅਤੇ ਦੱਸਿਆ ਕਿ ਉਸ ਪਰਮਾਤਮਾ ਦਾ ਹੁਕਮ ਹੀ ਇਸ ਸੰਸਾਰ ਦੇ ਕਾਰ ਵਿਹਾਰ ਚਲਾਉਣ ਵਾਲਾ ਹੈ।

**ਰੱਬੀ ਹੋਂਦ** : ਸਿਧਾਂ ਨੇ ਗੁਰੂ ਸਾਹਿਬ ਨਾਲ 'ਰੱਬੀ ਹੁਕਮ' ਦੇ ਨਿਯਮਾਂ ਤੋਂ ਜਾਣੂ ਹੋਣ ਤੋਂ ਬਾਅਦ ਗੁਰੂ ਸਾਹਿਬ ਨੂੰ 'ਰੱਬੀ ਹੋਂਦ' ਬਾਰੇ ਪੁੱਛਣਾ ਚਾਹਿਆ। ਸਿਧ ਗੁਰੂ ਸਾਹਿਬ ਨੂੰ ਸਵਾਲ ਕਰਨ ਲੱਗੇ ਕਿ ਪਰਮਾਤਮਾ ਦੀ ਹੋਂਦ ਕੀ ਹੈ? ਇਸ ਨੂੰ ਕਿਸਨੇ ਥਾਪਿਆ ਹੈ ਭਾਵ ਪੈਦਾ ਕੀਤਾ ਹੈ ਤੇ ਉਸ ਦੀ ਸੇਵਾ ਕਿਵੇਂ ਹੁੰਦੀ ਹੈ, ਗੁਰੂ ਨਾਨਕ ਦੇਵ ਜੀ ਨੇ ਆਪਣੇ ਵਿਲੱਖਣ ਕਾਵਿਕ ਅੰਦਾਜ਼ ਵਿਚ ਹੇਠ ਦਿੱਤੀ ਪਉੜੀ ਉਚਾਰ ਕੇ ਸਿਧਾਂ ਨੂੰ ਸੰਤੁਸ਼ਟ ਕੀਤਾ :

ਥਾਪਿਆ ਨ ਜਾਇ ਕੀਤਾ ਨ ਹੋਇ॥

ਆਪੇ ਆਪਿ ਨਿਰੰਜਨੁ ਸੋਇ॥

ਜਿਨਿ ਸੇਵਿਆ ਤਿਨਿ ਪਾਇਆ ਮਾਨੁ॥

ਨਾਨਕ ਗਾਵੀਐ ਗੁਣੀ ਨਿਧਾਨੁ॥[145]

ਗੁਰੂ ਸਾਹਿਬ ਨੇ ਉਪਰੋਕਤ ਬਾਣੀ-ਤੁਕਾਂ ਦੇ ਕਾਵਿਕ ਸੁਹਜ ਰਾਹੀਂ ਆਪਣੇ ਸਮੇਂ ਦੇ ਸਮਾਜਿਕ-ਮਨੁੱਖੀ ਮਸਲਿਆਂ ਨੂੰ ਚੇਤੰਨ ਤੌਰ ਤੇ ਇਕ ਨਿਸ਼ਚਿਤ ਵਿਚਾਰਧਾਰਿਕ ਚੌਖਟੇ ਦੇ ਸੰਜਮ ਵਿਚ ਬੱਝ ਕੇ ਪੇਸ਼ ਕੀਤਾ। 'ਰੱਬੀ ਹੋਂਦ' ਬਾਰੇ ਚਾਨਣਾ ਪਾਉਂਦਿਆਂ ਗੁਰੂ ਸਾਹਿਬ ਨੇ ਸਿਧਾਂ ਨੂੰ ਕਿਹਾ ਕਿ ਪਰਮਾਤਮਾ ਨੂੰ ਕਿਸੇ ਨੇ ਵੀ ਥਾਪਿਆ ਨਹੀਂ ਭਾਵ ਪੈਦਾ ਨਹੀਂ ਕੀਤਾ ਉਸ ਦਾ ਪ੍ਰਕਾਸ਼ ਤਾਂ ਆਪਣੇ ਆਪ ਤੋਂ ਹੋਇਆ ਹੈ ਤੇ ਜਿਸ ਨੇ ਵੀ ਉਸ ਪ੍ਰਭੂ ਪਰਮਾਤਮਾ ਦੀ ਵਡਿਆਈ ਨੂੰ ਜਾਣ ਲਿਆ ਹੈ, ਉਸ ਨੂੰ ਸਾਰੀਆਂ ਰਿਧੀਆਂ ਸਿਧੀਆਂ ਪ੍ਰਾਪਤ ਹੋ ਜਾਂਦੀਆਂ ਹਨ। ਜਦੋਂ ਸਿਧਾਂ ਨੇ ਇਸ ਤਰ੍ਹਾਂ ਦੀਆਂ ਗੁਣਵਾਨ ਤੇ ਮੌਲਿਕ ਸਿਧਾਂਤਾਂ ਨੂੰ ਗੁਰੂ ਸਾਹਿਬ ਦੇ ਮੂਹੋਂ ਸੁਣਿਆ ਤਾਂ ਸਿਧ ਗੁਰੂ ਸਾਹਿਬ ਨੂੰ ਆਖਣ ਲੱਗੇ ਕਿ ਜੇ ਤੂੰ ਸਾਡਾ ਚੇਲਾ ਹੋਵੇ ਤਾਂ ਚਹੁੰ ਜੁਗਾਂ ਦੀ ਤੇਰੀ ਆਰਜਾ ਕਰ ਦੇਈਏ ਅਤੇ ਐਸੀ ਸਿਧ ਦੇਈਏ ਜੋ ਹਰ ਕੋਈ ਤੇਰਾ ਮੁਖ ਤੇ ਜਸ ਕਰੇ ਅਤੇ ਗੁਣ ਗਾਵੇ। ਪਰੰਤੂ ਗੁਰੂ ਸਾਹਿਬ ਦੁਨਿਆਵੀ ਜਸ ਜਾਂ ਪ੍ਰਸ਼ੰਸਾਂ ਦੇ ਇਛੁਕ ਨਹੀਂ ਹਨ। ਉਹਨਾਂ ਨੂੰ ਅਜਿਹੀ ਸਮਾਜਿਕ ਰੁਚੀ ਵੀ ਬੇਤਰਤੀਬ ਤੇ ਛਿਣ ਭੰਗਰ ਪ੍ਰਤੀਤ ਹੁੰਦੀ ਹੈ। ਰੱਬੀ ਹੁਕਮ ਨਾਲ ਜੁੜਿਆਂ, ਵਿਚਾਰਧਾਰਾ ਦਾ ਪੱਧਰ, ਸਿਰਜਣਾਤਮਕਤਾ ਦਾ ਧਾਰਨੀ ਹੈ :

ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ॥

ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ॥

ਚੰਗਾ ਨਾਉ ਰਖਾਇਕੈ ਜਸੁ ਕੀਰਤਿ ਜਗਿ ਲੇਇ॥

ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ॥[146]

**ਨਾਮ ਸਿਮਰਨ** : ਗੁਰੂ ਸਾਹਿਬ ਦੀ ਧਾਰਨਾ ਸਮਾਜ ਸਭਿਆਚਾਰ ਨਾਲ ਨਾਤਾ ਜੋੜਦੀ ਹੈ। ਉਹ ਜੋਗੀਆਂ ਦੇ ਕਾਲ ਖੰਡ ਵਿਚ ਪ੍ਰਚਲਿਤ ਕਰਮਕਾਂਡਾਂ, ਕੁਰੀਤੀਆਂ ਪ੍ਰਤਿ ਖੰਡਨਮਈ ਰੁਚੀ ਅਪਣਾਉਂਦੇ

ਹੋਏ ਸਮਾਜ ਪ੍ਰਤਿ ਕਾਰਜਸ਼ੀਲ ਜੀਵਨ ਜਿਉਣ ਦਾ ਰੁੱਖ ਅਪਨਾਉਂਦੇ ਹਨ। 'ਜਪ ਗੋਸ਼ਟਿ' ਤੇ ਵਿਚਾਰ ਚਰਚਾ ਕਰਦਿਆਂ ਸਿਧਾਂ ਨੇ ਗੁਰੂ ਸਾਹਿਬ ਨੂੰ ਪ੍ਰਸ਼ਨ ਕੀਤਾ ਕਿ ਵਾਹਿਗੁਰੂ ਦਾ ਜਪ ਕਿਸ ਕਰਕੇ ਅਤੇ ਕਿਹੜੇ ਭਾਉ ਕਰਕੇ ਜਪਿਆ ਜਾਵੇ? ਗੁਰੂ ਸਾਹਿਬ ਨੇ ਸਿਧਾਂ ਨੂੰ ਪਰਮਾਤਮਾ ਦੇ ਅਨੰਤ ਪਸਾਰੇ ਬਾਰੇ 'ਅਸੰਖ' ਸ਼ਬਦ ਦੀ ਵਰਤੋਂ ਕਰਕੇ ਸੰਤੁਸ਼ਟ ਕੀਤਾ ਕਿ ਇਹ ਸ਼ਬਦ ਮਨੁੱਖੀ ਗਿਣਤੀ ਦਾ ਅੰਤਮ ਸ਼ਬਦ ਹੈ। ਉਹਨਾਂ ਨੇ ਕੁਦਰਤੀ ਵਰਤਾਰਿਆਂ ਅਤੇ ਘਟਨਾ ਕ੍ਰਮ ਨੂੰ ਅਧਿਆਤਮਕ ਮੁਹਾਵਰੇ 'ਚ ਬਿਆਨ ਕੀਤਾ ਹੈ। ਇਸ ਬਿਆਨ ਵਿਚ ਸ਼ਬਦ ਦੀ ਏਕਤਾ ਵਿਚੋਂ ਅਨੇਕਤਾ ਵਲ ਸਫ਼ਰ ਹੈ। ਗੁਰੂ ਸਾਹਿਬ ਨੇ ਸਿਧਾਂ ਨੂੰ ਦੱਸਿਆ ਕਿ ਅਸੰਖ ਉਸਦੇ ਜਪ ਹਨ ਅਤੇ ਅਨੇਕਾਂ ਉਸਦੀ ਪੂਜਾ ਭਗਤੀ ਤੇ ਤਪ ਹੋ ਰਹੇ ਹਨ। ਅਸੰਖਾਂ ਹੀ ਭਗਤ ਗੁਣ-ਗਿਆਨ ਦੀ ਵਿਚਾਰ ਕਰ ਰਹੇ ਹਨ। ਅਸੰਖ ਸਤੀ ਹਨ ਜੋ ਸਚ ਬੋਲਦੇ ਹਨ। ਅਸੰਖ ਹੀ ਉਸ ਪਰਮਾਤਮਾ ਦੀ ਸਮਾਧੀ ਲਾਈ ਬੈਠੇ ਹਨ। ਗੁਰੂ ਸਾਹਿਬ ਦੀ ਇਹ ਅੰਤਰ ਦ੍ਰਿਸ਼ਟੀ ਇਸ ਗੱਲ ਦਾ ਸੂਚਕ ਹੈ:

ਅਸੰਖ ਜਪ ਅਸੰਖ ਭਾਉ॥
ਅਸੰਖ ਪੂਜਾ ਅਸੰਖ ਤਪ ਤਾਉ॥
ਅਸੰਖ ਗਰੰਥ ਮੁਖਿ ਵੇਦ ਪਾਠ॥
ਅਸੰਖ ਜੋਗ ਮਨਿ ਰਹਹਿ ਉਦਾਸ॥
ਅਸੰਖ ਭਗਤ ਗੁਣ ਗਿਆਨ ਵੀਚਾਰ॥
ਅਸੰਖ ਸਤੀ ਅਸੰਖ ਦਾਤਾਰ॥[147]

ਗੁਰੂ ਸਾਹਿਬ ਦਾ ਗਿਆਨ ਮੂਲਕ ਪ੍ਰਵਚਨ ਮੱਧਕਾਲੀਨ ਸਮਾਜ-ਸਭਿਆਚਾਰ ਵਿਚ ਨਵੀਨ ਚੇਤਨਾ ਜਗਾਉਣ ਦਾ ਕਾਰਜ ਬਾਖੂਬੀ ਕਰਦਾ ਹੈ। ਇਹ ਪ੍ਰਵਚਨ ਮਨੁੱਖੀ ਜੀਵਨ ਦੀ ਧਾਰਮਿਕ ਚੇਤਨਾ ਨਾਲ ਜੁੜ ਕੇ ਵਿਸ਼ਵ ਦੀ ਸਰਬ-ਉਚ ਸੱਤਾ ਦਾ ਗੁਣ-ਲੱਛਣ ਬਿਆਨ ਕਰਦੇ ਹਨ। ਸਿਧ ਗੁਰੂ ਸਾਹਿਬ ਨੂੰ ਪੁਛਣ ਲੱਗੇ ਕਿ ਮਨ ਜੋ ਪਾਪਾਂ ਦੀ ਮੈਲ ਨਾਲ ਭਰਿਆ ਹੋਇਆ ਹੈ ਤਾਂ ਇਸ ਨੂੰ ਕਿਸ ਤਰ੍ਹਾਂ ਧੋਤਾ ਜਾਵੇ? ਗੁਰੂ ਸਾਹਿਬ ਨੇ ਪ੍ਰਵਚਨ ਕੀਤਾ ਕਿ ਪਾਪਾਂ ਨਾਲ ਭਰੀ ਮਤ ਨੂੰ ਪ੍ਰਭੂ ਨਾਮ ਸਿਮਰਨ

ਨਾਲ ਹੀ ਧੋਤਾ ਜਾ ਸਕਦਾ ਹੈ। ਗੁਰੂ ਸਾਹਿਬ ਨੇ ਇਸ ਸੁਹਜਾਤਮਕ ਅਨੁਭਵ ਨੂੰ ਸਿਰਜਣਾਤਮਕ ਪ੍ਰਕਿਰਿਆ ਰਾਹੀਂ ਵਿਚਾਰਧਾਰਕ ਅਰਥਾਂ ਵਿਚ ਪੇਸ਼ ਕੀਤਾ ਹੈ:

ਭਰੀਐ ਹਥੁ ਪੈਰੁ ਤਨੁ ਦੇਹ॥
ਪਾਣੀ ਧੋਤੈ ਉਤਰ ਸੁ ਖੇਹ॥
ਮੂਤ ਪਲੀਤੀ ਕਪੜੁ ਹੋਇ॥
ਦੇ ਸਾਬੂਣੁ ਲਈਐ ਓਹੁ ਧੋਇ॥
ਭਰੀਐ ਮਤਿ ਪਾਪਾ ਕੈ ਸੰਗਿ॥
ਓਹੁ ਧੋਪੈ ਨਾਵੈ ਕੈ ਰੰਗਿ॥[148]

**ਕਰਮ ਤੇ ਨਦਰਿ:** ਸਿਧ ਗੁਰੂ ਸਾਹਿਬ ਨਾਲ ਕਰਮ ਸੰਬੰਧੀ ਵਿਚਾਰ ਚਰਚਾ ਕਰਨ ਲੱਗੇ ਕਿ ਉਹ ਕਿਹੜਾ ਕਰਮ ਹੈ ਜਿਸ ਦੇ ਕਰਨ ਨਾਲ ਉਧਾਰ ਹੁੰਦਾ ਹੈ? ਗੁਰੂ ਸਾਹਿਬ ਨੇ ਸਿਧਾਂ ਦੇ ਇਸ ਸ਼ੰਕੇ ਦੀ ਨਵਿਰਤੀ ਕਰਦਿਆਂ ਆਖਿਆ ਕਿ ਉਸ ਪ੍ਰਭੂ ਦੀ ਸਿਫ਼ਤ ਸਲਾਹ ਕਰਨਾ, ਉਸ ਦੇ ਗੁਣ ਗਾਣ ਕਰਨਾ, ਤੇ ਉਸ ਦੀ ਵਡਿਆਈ ਕਰਨ ਤੋਂ ਵੱਡਾ ਕੋਈ ਅਮੋਲਕ ਗੁਣ ਤੇ ਵਪਾਰ ਕੋਈ ਨਹੀਂ ਹੈ ਇਸ ਨਾਲ ਹੀ ਇਸ ਸੰਸਾਰ ਤੋਂ ਤਰਿਆ ਜਾ ਸਕਦਾ ਹੈ। ਗੁਰੂ ਸਾਹਿਬ ਦੀ ਬਾਣੀ ਵਿਚ 'ਕਰਮ' ਪਰੰਪਰਾਗਤ ਭਾਰਤੀ ਅਧਿਆਤਮਕ ਬਿਰਤਾਂਤਾਂ ਨਾਲੋਂ ਨਵੇਂ ਅਤੇ ਵੱਖਰੇ ਅਰਥ ਵਿਚ ਆਉਂਦਾ ਹੈ। ਭਾਰਤੀ ਧਰਮਾਂ ਵਿਚਲਾ 'ਕਰਮ' ਸਿਧਾਂਤ ਨਿਸ਼ਚਿਤ ਹੈ, ਅਟਲ ਹੈ ਅਤੇ ਲਿਖੇ ਕਰਮਾਂ ਨੂੰ ਬਦਲਿਆ ਨਹੀਂ ਜਾ ਸਕਦਾ। ਇਸ ਸਿਧਾਂਤ ਵਿਚ ਰਹੱਸਮਈ ਅਤੇ ਲੁਕਵੀ ਵਾਸਤਵਿਕਤਾ ਸਮਾਈ ਹੋਈ ਹੈ ਜੋ ਪਰਮਾਤਮਾ ਨੂੰ ਸਰਬ ਸ਼ਕਤੀਮਾਨ ਨਹੀਂ ਮੰਨਦੀ ਪਰੰਤੂ ਇਸ ਦੇ ਉਲਟ ਗੁਰੂ ਨਾਨਕ ਦੇਵ ਜੀ ਦਾ 'ਕਰਮ' ਸਿਧਾਂਤ ਪਰਿਵਰਤਨਸ਼ੀਲ ਹੈ ਅਤੇ ਇਹ ਪ੍ਰਕ੍ਰਿਆ ਬੁਰੇ ਨੂੰ ਭਲੇ ਦੀ ਰੂਪਾਂਤਰਨ ਦੀ ਪ੍ਰਕ੍ਰਿਆ ਹੈ। ਜੀਵਨ ਦੀ ਲੰਪਟ ਲਾਲਸਾਵਾਂ ਨੂੰ ਅਧਿਆਤਮਕ ਦਾ ਚੋਗਾ ਪਾ ਕੇ ਉਹਨਾਂ ਨੂੰ ਸੋਧਿਆ ਜਾ ਸਕਦਾ ਹੈ :

ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥
ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ॥[149]

ਗੁਰੂ ਸਾਹਿਬ ਦੀਆਂ ਸਿਧਾਂ ਨਾਲ ਹੋਈਆਂ ਗੋਸ਼ਟੀਆਂ ਤੋਂ ਪਤਾ ਲਗਦਾ ਹੈ ਕਿ ਸਿਧ ਆਮ ਲੋਕਾਈ ਨੂੰ ਸੇਧ ਦੇਣ ਦੀ ਥਾਂ ਉਨ੍ਹਾਂ ਦਾ ਸੋਸ਼ਣ ਕਰਦੇ ਸਨ। ਗੁਰੂ ਨਾਨਕ ਦੇਵ ਜੀ ਦਾ ਅਧਿਆਤਮਕ ਚਿੰਤਨ, ਆਮ ਲੋਕਾਈ ਨੂੰ ਸੇਧ ਦਿੰਦਾ ਅਤੇ ਉਨ੍ਹਾਂ ਨੂੰ ਪਰਮਾਤਮਾ ਦੀ ਨਦਰਿ (ਮਿਹਰ) ਦੇ ਪਾਤਰ ਬਣਨ ਦਾ ਰਸਤਾ ਦੱਸਦਾ ਹੈ ਗੁਰੂ ਨਾਨਕ ਦਾ ਚਿੰਤਨ ਮਨੁੱਖੀ ਸਰੋਕਾਰਾਂ ਨੂੰ ਧਾਰਮਿਕ ਮੁਹਾਵਰੇ ਰਾਹੀਂ ਵਿਅਕਤ ਕਰਨ ਵਲ ਰੁਚਿਤ ਹੈ। 'ਜਪ ਗੋਸ਼ਟਿ' ਵਿਚ ਵੀ ਇਹ ਸਿਧਾਂਤ ਸਮਾਂਨਤਰ ਚਲਦੇ ਹਨ। ਕਰਮ ਮਨੁੱਖ ਅਤੇ ਨਦਰਿ, ਪਰਮਾਤਮਾ ਦੀਆਂ ਸ਼ਕਤੀਆਂ ਹਨ। 'ਜਪ ਗੋਸ਼ਟਿ' ਵਿਚ ਗੁਰੂ ਸਾਹਿਬ ਨੇ ਸਿਧਾਂ ਨੂੰ ਰੱਬ, ਰੱਬੀ ਹੁਕਮ, ਰੱਬੀ ਹੋਂਦ ਅਤੇ ਰੱਬੀ ਨਾਮ ਸਿਮਰਨ ਪ੍ਰਤੀ ਅਧਿਆਤਮਕ ਚਿੰਤਨ ਦ੍ਰਿਸ਼ਟੀਆਂ ਤੋਂ ਜਾਣੂ ਕਰਵਾਇਆ। ਗੋਸ਼ਟਿਕਾਰ ਦਾ ਉਦੇਸ਼ ਗੁਰੂ ਨਾਨਕ ਦੇਵ ਜੀ ਦਾ ਅਧਿਆਤਮਕ ਜੀਵਨ ਪ੍ਰਸਤੁਤ ਕਰਨਾ ਹੈ ਫਲਸਰੂਪ ਉਸ ਨੇ ਅਧਿਆਤਮਕ ਪੱਖੀ ਘਟਨਾਵਾਂ ਨੂੰ ਵਧੇਰੇ ਚਿਤ੍ਰਿਆ ਹੈ।

**ਅਚਲ ਵਟਾਲੇ ਸਿਧਾਂ ਨਾਲ ਗੋਸ਼ਟਿ** : ਮੱਧਕਾਲ ਵਿਚ ਪੰਜਾਬ ਦੀ ਧਾਰਮਿਕ ਅਤੇ ਸਾਹਿਤਕ ਪੰਰਪਰਾ ਵਿਚ ਸਿਧਾਂ/ਨਾਥਾਂ/ਜੋਗੀਆਂ ਦੀ ਵਿਸ਼ੇਸ਼ ਥਾਂ ਸੀ। ਗੋਰਖ, ਮੰਛਦਰ, ਚਰਪਟ ਤੇ ਬਾਲ ਨਾਥ ਆਦਿ ਦੇ ਨਾਂ ਅਜੇ ਵੀ ਪੰਜਾਬੀਆਂ ਦੇ ਮਨਾਂ ਵਿਚ ਵਸੇ ਹੋਏ ਹਨ। ਗੁਰੂ ਨਾਨਕ ਨੇ ਆਪਣੀ ਰਚਨਾ 'ਸਿਧ ਗੋਸ਼ਟਿ' ਵਿਚ ਇਨ੍ਹਾਂ ਸਿਧਾਂ ਨਾਥਾਂ ਨਾਲ ਵਿਚਾਰ ਵਟਾਂਦਰਾਂ ਅੰਕਿਤ ਕੀਤਾ ਹੈ। ਇਹ ਗੋਸ਼ਟਿ ਚਾਰੋਂ ਜਨਮਸਾਖੀਆਂ ਵਿਚ ਅੰਕਿਤ ਹੈ, ਗੁਰੂ ਸਾਹਿਬ ਦੀਆਂ ਸਿਧਾਂ ਨਾਲ ਗੋਸ਼ਟਾਂ, ਤਰਕ ਅਤੇ ਬੁੱਧੀ ਦੀਆਂ ਸੰਕੇਤਕ ਧਾਰਨਾਵਾਂ ਹਨ। ਸਿਧ ਹਮੇਸ਼ਾਂ ਕਰਾਮਾਤਾਂ ਦਿਖਾਉਣ ਵਿਚ ਹੀ ਅਧਿਆਤਮਕ ਪ੍ਰਾਪਤੀ ਸਮਝਦੇ ਹਨ ਪਰੰਤੂ ਗੁਰੂ ਨਾਨਕ ਦੇਵ ਜੀ ਦਾ ਅਧਿਆਤਮਕ ਚਿੰਤਨ ਜੋਗੀਆਂ ਤੋਂ ਨਿਵੇਕਲੀ ਕਿਸਮ ਦਾ ਹੈ। ਉਨ੍ਹਾਂ ਅਨੁਸਾਰ ਪ੍ਰਮਾਤਮਾ ਦੇ ਨਾਮ ਸਿਮਰਨ ਨਾਲ ਹੀ ਮਨੁੱਖ ਨੂੰ ਅਧਿਆਤਮਕ ਪੱਧਤੀ ਪ੍ਰਾਪਤ ਹੋ ਸਕਦੀ ਹੈ। ਸ਼ਿਵਰਾਤ ਦੇ ਮੇਲੇ ਤੇ ਸਿਧਾਂ ਨੇ ਸਲਾਹ ਬਣਾਈ ਕਿ ਅਚਲ ਵਟਾਲੇ ਜੋ ਸ਼ਿਵਰਾਤ ਦਾ ਮੇਲਾ ਲੱਗਦਾ ਹੈ ਉਥੇ ਬਾਬੇ ਨਾਨਕ ਨਾਲ, ਗੋਸ਼ਟੀਆਂ ਕੀਤੀਆਂ ਜਾਣ ਅਤੇ ਇਸ ਵਿਚਾਰ ਚਰਚਾ ਵਿਚ ਅਸੀਂ ਬਾਬੇ ਨਾਨਕ ਨੂੰ ਜਿਤ ਲਈਏ ਤਾਂ ਅਸਾਡੀ ਰਹਿ

ਆਵੇਗੀ। ਬਾਬਾ, ਮਰਦਾਨਾ ਅਤੇ ਅੰਗਦ ਸ਼ਿਵਰਾਤਰੀ ਦੇ ਮੇਲੇ ਤੇ ਇੱਕਠੇ ਹੋਏ ਮੇਲਾ ਸੁਣ ਸ਼ਿਵਰਾਤ ਦਾ ਬਾਬਾ ਅਚਲ ਵਟਾਲੇ ਆਈ।।

ਦਰਸ਼ਨ ਵੇਖਣ ਕਾਰਨੇ ਸਗਲੀ ਉਲਟ ਪਈ ਲੋਕਾਈ।।
ਲੱਗੀ ਬਰਸਨ ਲੱਛਮੀ ਰਿੱਧ ਸਿੱਧ ਨਉ ਨਿੱਧ ਸਵਾਈ।।
ਜੋਗੀ ਵੇਖ ਚਲਿਤ੍ਰ ਨੋਂ ਮਨ ਵਿਚ ਰਿਸ਼ਕ ਘਨੇਰੀ ਖਾਈ।।[150]

ਇਸ ਗੋਸ਼ਟਿ ਵਿਚ ਗੁਰੂ ਸਾਹਿਬ ਅਤੇ ਸਿਧਾਂ ਵਿਚਕਾਰ ਸੰਵਾਦ ਉਦੋਂ ਛਿੜਦਾ ਹੈ ਜਦੋਂ ਭਗਤੀਏ ਕ੍ਰਿਸ਼ਨ ਜੀ ਦਾ ਸਾਂਗ ਲਿਆਏ। ਮੇਲੇ ਵਿਚ ਲੋਕ ਹੁਮ-ਹੁਮਾ ਕੇ ਆਏ ਹੋਏ ਸਨ। ਭਗਤੀਆਂ ਕੋਲ ਲੱਛਮੀ ਵਰਸਣ ਲੱਗੀ ਤਾਂ ਜੋਗੀਆਂ ਨੇ ਕਿਹਾ ਕਿ ਭਗਤੀਆਂ ਦੀ ਸੁਰਤ ਤਾਂ ਮਾਇਆ ਵਿਚ ਹੈ। ਜੋਗੀਆਂ ਵਿਚੋਂ ਭੰਗਰ ਨਾਥ ਭਗਤੀਆਂ ਦਾ ਲੋਟਾ ਸੱਤਵੇ ਅਸਮਾਨ ਤੇ ਛੁਪਾ ਆਇਆ ਤੇ ਭਗਤੀਏ ਉਸ ਲੋਟੇ ਦੀ ਭਾਲ ਕਰਨ ਲੱਗੇ ਤਾਂ ਗੁਰੂ ਸਾਹਿਬ ਨੇ ਉਥੇ ਬੈਠਿਆਂ ਹੀ ਸੱਤਵੇ ਆਸਮਾਨ ਤੇ ਹੱਥ ਪਾਕੇ ਲੋਟਾ ਕਢ ਲਿਆ। ਇਸ ਗੋਸ਼ਟਿ ਵਿਚ ਕਰਾਮਾਤੀ ਅੰਸ਼ ਪ੍ਰਗਟ ਹੁੰਦੇ ਹਨ ਕਿ ਸਿਧ ਕਰਾਮਾਤਾਂ ਵਿਚ ਵਿਸ਼ਵਾਸ਼ ਰੱਖਦੇ ਸਨ ਤੇ ਇਸ ਸੰਸਾਰ ਦੇ ਲੋਕਾਂ ਨੂੰ ਵੀ ਕਰਾਮਤਾਂ ਵਿਖਾ ਕੇ ਉਨ੍ਹਾਂ ਨੂੰ ਗੁੰਮਰਾਹ ਕਰਦੇ ਸਨ :

ਖਾਧੀ ਖੁਣਸ ਜੋਗੀਸ਼ਰਾਂ ਗੋਸ਼ਟਿ ਕਰਨ ਸਭੇ ਉਠਿ ਆਈ।।
ਪੁਛੇ ਜੋਗੀ ਭੰਗ੍ਰਨਾਥ ਤੁਹਿ ਦੁਧ ਵਿਚ ਕਿਉਂ ਕਾਂਜੀ ਪਾਈ।।
ਫਿਟਿਆ ਚਾਟਾ ਦੁਧ ਦਾ ਰਿੜਕਿਆਂ ਮੱਖਣ ਹੱਥ ਨ ਆਈ।।
ਭੇਖ ਉਤਾਰ ਉਦਾਸ ਦਾ ਵਤ ਕਿਉਂ ਸੰਸਾਰੀ ਰੀਤ ਚਲਾਈ। ।[151]

ਭੰਗਰ ਨਾਥ ਗੁਰੂ ਜੀ ਨੂੰ ਗ੍ਰਹਿਸਤੀ ਜੀਵਨ ਤਿਆਗ ਕੇ ਉਦਾਸੀ ਮਤ ਅਪਨਾਉਣ ਦੀ ਸਲਾਹ ਦਿੰਦਾ ਹੈ। ਪਰ ਗੁਰੂ ਜੀ ਦਾ ਮਤ ਭੰਗਰ ਨਾਥ ਨੂੰ ਇਸ ਸੰਵਾਦ ਰਾਹੀਂ ਸੰਤੁਸ਼ਟ ਕਰਦਾ ਹੈ :

ਨਾਨਕ ਆਖੇ ਭੰਗ੍ਰ ਨਾਥ ਤੇਰੀ ਮਾਉਂ ਕੁਚੱਜੀ ਆਈ।।
ਭਾਂਡਾ ਧੋਇ ਨ ਜਾਤਿਓਨਿ ਭਾਇ ਕੁਚੱਜੇ ਫੁੱਲ ਸੜਾਈ।।

ਹੋਇ ਅਤੀਤ ਗ੍ਰਿਹਸਤ ਤਜ ਫਿਰ ਉਨਹੂੰ ਕੇ ਘਰ ਮੰਗਣ ਜਾਈ।।

ਬਿਨ ਦਿਤੇ ਕਿਛੁ ਹੱਥ ਨ ਆਈ।[152]

ਸਿਧਾਂ ਨੂੰ ਗੁਰੂ ਸਾਹਿਬ ਨੇ ਗ੍ਰਹਿਸਤ ਜੀਵਨ ਦੀ ਸਾਰਥਕਤਾ ਦੇ ਮੱਹਤਤ ਤੋਂ ਜਾਣੂ ਕਰਵਾਇਆ ਕਿ ਇਕ ਪਾਸੇ ਤਾਂ ਤੁਸੀ ਗ੍ਰਹਿਸਤ ਜੀਵਨ ਨੂੰ ਨਕਾਰਦੇ ਹੋ ਫਿਰ ਇਨ੍ਹਾਂ ਗ੍ਰਹਿਸਤੀਆਂ ਦੇ ਘਰ ਹੀ ਮੰਗਣ ਜਾਂਦੇ ਹੋ। ਇਸ ਵਿਚਾਰ ਚਰਚਾ ਤੋਂ ਵੀ ਸਿਧ ਗੁਰੂ ਸਾਹਿਬ ਨੂੰ ਜਿਤ ਨਹੀਂ ਸਕੇ। ਉਨ੍ਹਾਂ ਕੋਲ ਗੁਰੂ ਸਾਹਿਬ ਨੂੰ ਜਿਤਣ ਲਈ ਇਕ ਜੁਗਤ 'ਕਰਾਮਾਤ' ਦੀ ਮਨ ਵਿਚ ਆਈ। ਸਿਧ ਸੋਚਣ ਲੱਗੇ ਕਿ ਉਹ ਕਿਸੇ ਤਰ੍ਹਾਂ ਵੀ ਗੁਰੂ ਨਾਨਕ ਸਾਹਿਬ ਤੋਂ ਜਿੱਤ ਨਹੀਂ ਸਕਦੇ। ਸਿਧਾਂ ਨੂੰ ਆਪਣੀ 'ਕਰਾਮਾਤ' ਤੇ ਬਹੁਤ ਘਮੰਡ ਸੀ। ਉਹ ਗੁਰੂ ਸਾਹਿਬ ਨੂੰ ਕੋਈ ਕਰਾਮਾਤ ਦਿਖਾਉਣ ਲਈ ਆਖਣ ਲੱਗੇ :

ਏਹ ਸੁਣ ਬਚਨ ਜੋਗੀਸਰਾਂ ਮਾਰ ਕਿਲਕ ਬਹੁ ਰੂਹ ਉਠਾਈ।।

ਖਟ ਦਰਸਨ ਕਉ ਖੇਦਿਆ ਕਲਿਜੁਗ ਬੇਦੀ ਨਾਨਕ ਆਈ।।

ਸਿਧ ਬੋਲਨ ਸਭ ਅਉਖਧੀਆਂ, ਤੰਤ੍ਰ ਮੰਤ੍ਰ ਕੀ ਧੁਨੋਂ ਚੜ੍ਹਾਈ।।

ਰੂਪ ਵਟਾਯਾ ਜੋਗੀਆਂ ਸਿੰਘ ਬਾਘ ਬਹੁ ਚਲਿਤ ਦਿਖਾਈ।।[153]

ਗੁਰੂ ਨਾਨਕ ਦੇਵ ਜੀ ਨੇ ਸਿਧਾਂ ਨਾਲ ਕਰਾਮਾਤ ਸੰਬੰਧੀ ਵਿਚਾਰ ਵਟਾਂਦਰਾਂ ਕਰਦਿਆਂ ਆਪਣਾ ਮੌਲਿਕ ਮਤ ਸਪਸ਼ਟ ਕੀਤਾ ਕਿ ਉਸ ਸੱਚੇ ਨਾਮ ਤੋਂ ਬਿਨਾਂ ਮੇਰੇ ਕੋਲ ਕੋਈ ਕਰਾਮਾਤ ਨਹੀਂ ਹੈ ਗੁਰੂ ਸਾਹਿਬ ਕਰਾਮਾਤ ਵਿਚ ਵਿਸ਼ਵਾਸ਼ ਨਹੀਂ ਰੱਖਦੇ ਸਗੋਂ ਇਸ ਨੂੰ ਨਕਾਰਦੇ ਹਨ :

ਬਾਬਾ ਬੋਲੇ ਨਾਥ ਜੀ ਸ਼ਬਦੁ ਸੁਣਹੁ ਸੱਚ ਮੁਖਹੁ ਅਲਾਈ।।

ਬਾਝਹੁ ਸਚੇ ਨਾਮ ਦੇ ਹੋਰ ਕਰਾਮਾਤ ਅਸਾਥੇ ਨਾਹੀ।। [154]

ਜਦੋਂ ਸਿਧਾਂ ਦੀ ਕਰਾਮਾਤਾਂ ਵੀ ਗੁਰੂ ਸਾਹਿਬ 'ਤੇ ਕੋਈ ਅਸਰ ਨਾ ਕਰ ਸਕੀਆਂ ਤਾਂ ਸਿਧ ਫਿਰ ਸਭਾ ਬਣਾ ਕੇ ਇਕਤਰ ਹੋਣ ਲੱਗੇ ਅਤੇ ਹੋਰ ਜੁਗਤਾਂ ਸੋਚਣ ਲੱਗੇ ਕਿ ਕਿਸ ਤਰ੍ਹਾਂ ਗੁਰੂ ਸਾਹਿਬ ਨੂੰ ਗਿਆਨ-ਚਰਚਾ ਵਿਚ ਹਰਾਇਆ ਜਾ ਸਕਦਾ ਹੈ। ਪਰੰਤੂ ਗੁਰੂ ਨਾਨਕ ਦੀ ਸਮਾਜਿਕ ਦ੍ਰਿਸ਼ਟੀ ਦੀ

ਸਾਰਥਕਤਾ ਅਤੇ ਸਿਧ/ਨਾਥ ਲਾਚਾਰ ਅਤੇ ਨਿਰਉੱਤਰ ਹੁੰਦੇ ਹਨ। ਇਸ ਗੋਸ਼ਟਿ ਵਿਚ ਹੀ ਗੁਰੂ ਸਾਹਿਬ ਨੇ ਗਿਰਹੀ, ਉਦਾਸੀ, ਪਾਖੰਡੀ, ਵੈਰਾਗੀ ਆਦਿ ਦੇ ਤੱਤਾਂ ਨੂੰ ਸਪਸ਼ਟ ਕਰਦਿਆਂ ਭੇਖ ਦੇ ਵਿਖਾਵੇ ਨੂੰ ਨਿੰਦਦੇ ਹਨ ਅਤੇ ਮਨੁੱਖੀ ਜੀਵਨ ਦੇ ਮੂਲ ਸਰੋਕਾਰਾਂ ਦੇ ਪਰਮਾਰਥ ਨੂੰ ਪਰਿਭਾਸ਼ਤ ਕਰਦੇ ਹਨ। ਸਿਧਾਂ ਨੇ ਗੁਰੂ ਸਾਹਿਬ ਤੋਂ ਆਤਮਾ, ਪਰਮਾਤਮਾ, ਸ੍ਰਿਸ਼ਟੀ, ਮੁਕਤੀ ਆਦਿ ਬਾਰੇ ਪ੍ਰਸ਼ਨ ਪੁਛੇ। ਭੰਗਰ ਨਾਥ ਜੋਗੀ ਜੋ ਗ੍ਰਹਿਸਤ ਜੀਵਨ ਨੂੰ ਨਕਾਰਦਾ ਸੀ ਉਸ ਨੂੰ ਗੁਰੂ ਸਾਹਿਬ ਅਧਿਆਤਮਕ ਚਿੰਤਨ ਰਾਹੀਂ ਇਸ ਦਾ ਰਸਤਾ ਇਸ ਤਰ੍ਹਾਂ ਦੱਸਦੇ ਹਨ :

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੈ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੈ॥[155]

ਉਪਰੋਕਤ ਚਰਚਾ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਜਨਮਸਾਖੀਆਂ 'ਚੋ ਪ੍ਰਾਪਤ ਗੋਸ਼ਟਾਂ ਵਿਚੋਂ ਦੋ ਪ੍ਰਕਾਰ ਦਾ ਅਧਿਆਤਮਕ ਚਿੰਤਨ ਉੱਭਰ ਕੇ ਸਾਹਮਣੇ ਆਉਂਦਾ ਹੈ। ਇਹ ਕਈ ਨੁਕਤਿਆਂ ਤੇ ਇਕ ਦੂਸਰੇ ਦਾ ਵਿਰੋਧੀ ਹੈ। ਇਸ ਵਿਰੋਧ ਕਰਕੇ ਹੀ ਸਿਧਾਂ ਅਤੇ ਗੁਰੂ ਸਾਹਿਬ ਦਰਮਿਆਨ ਸੰਵਾਦ ਉਤਪੰਨ ਹੁੰਦਾ ਹੈ। ਸਿਧਾਂ ਦਾ ਅਧਿਆਤਮਕ ਚਿੰਤਨ ਹਠ ਮਾਰਗੀ ਹੈ ਭਾਵ ਉਹ ਘਰ ਬਾਰ੍ਹ ਤਿਆਗ ਕੇ ਜੰਗਲਾਂ ਪਹਾੜਾਂ ਵਿਚ ਜਾ ਕੇ ਪਰਮਾਤਮਾ ਦੀ ਭਗਤੀ ਤੇ ਪ੍ਰਾਪਤੀ ਵਿਚ ਯਕੀਨ ਰੱਖਦੇ ਹਨ। ਮਨ ਆਤਮਾ ਅਤੇ ਸਰੀਰ ਦੀ ਸ਼ੁਧੀ ਲਈ ਉਹ ਪ੍ਰਾਣਾਯਾਮ, ਧੋਤੀ-ਨੇਤੀ ਅਤੇ ਬ੍ਰਹਮ ਚਰਜ ਨੂੰ ਪਾਲਣ ਉੱਪਰ ਬਹੁਤਾ ਜ਼ੋਰ ਦਿੰਦੇ ਸਨ। ਉਨ੍ਹਾਂ ਦਾ ਵਿਚਾਰ ਸੀ ਕਿ ਮਨ ਉੱਪਰ ਕਾਬੂ ਪਾਉਣ ਲਈ ਸਰੀਰ ਨੂੰ ਕਸ਼ਟ ਦੇਣੇ ਜ਼ਰੂਰੀ ਹਨ। ਗੁਰੂ ਸਾਹਿਬ ਜੀ ਦਾ ਅਧਿਆਤਮਕ ਚਿੰਤਨ ਇਸ ਤੋਂ ਨਿਵੇਕਲੀ ਕਿਸਮ ਦਾ ਸੀ। ਉਨ੍ਹਾਂ ਨੇ ਆਪਣੀ ਬਾਣੀ ਵਿਚ ਹੱਠ-ਮਾਰਗ ਨੂੰ ਰੱਦ ਕਰਕੇ ਸਹਿਜ-ਮਾਰਗ ਉੱਪਰ ਚਲ ਕੇ ਪਰਮਾਤਮਾ ਦੀ ਪ੍ਰਾਪਤੀ ਉੱਪਰ ਬਲ ਦਿੱਤਾ ਹੈ। ਉਹਨਾਂ ਨੇ ਸਿਧਾਂ/ਨਾਥਾਂ ਜੋਗੀਆਂ ਨੂੰ ਆਪਣੇ ਅਧਿਆਤਮਕ ਤੱਤ ਨਾਲ ਜੁੜਨ ਦੀ ਪ੍ਰੇਰਣਾ ਦਿੱਤੀ। ਗੁਰੂ ਨਾਨਕ ਨੇ 'ਸ਼ਬਦ' ਨੂੰ ਅਧਿਆਤਮਕ ਗਿਆਨ ਦਾ ਮੂਲ ਥਾਪਿਆ, ਜੋ ਮੋਖ-ਪ੍ਰਾਪਤੀ ਦਾ ਸਾਧਨ ਬਣਦਾ ਹੈ। 'ਸ਼ਬਦ' ਦਾ ਗਿਆਨ ਨਾਲ ਡੂੰਘਾ ਰਿਸ਼ਤਾ ਹੈ। ਇਹ ਗਿਆਨ ਪਰਮਾਰਥਕ ਅਤੇ

ਯਥਾਰਥਕ ਦੋਹਾਂ ਤਰ੍ਹਾਂ ਦਾ ਹੋ ਸਕਦਾ ਹੈ। ਅਸਲ ਵਿਚ ਭਾਈ ਮਨੀ ਸਿੰਘ ਦੁਆਰਾ ਇਹ ਗੋਸ਼ਟਿ ਗੁਰੂ ਗ੍ਰੰਥ ਸਾਹਿਬ ਵਿਚਲੀ 'ਸਿਧ ਗੋਸ਼ਟਿ' ਦਾ ਸਰਲ ਟੀਕਾ ਹੈ। ਇਹ ਗੋਸ਼ਟਿ 380 ਪੰਨਾਂ ਤੋਂ ਲੈ ਕੇ ਪੰਨਾਂ 417 (37 ਪੰਨਿਆਂ) ਤੱਕ ਅੰਕਿਤ ਹੈ। ਸਾਰੀ ਗੋਸ਼ਟਿ ਨੂੰ ਮੁੜ-ਅੰਕਣ ਕਰਨਾ, ਪਾਠ ਦਾ ਵਿਸਤਾਰ ਵਧਾਉਣਾ ਹੋਵੇਗਾ। ਇਸ ਗੋਸ਼ਟਿ ਵਿਚਲੇ ਮੁੱਖ ਸਰੋਕਾਰਾਂ ਬਾਰੇ ਉਪਰੋਕਤ ਚਰਚਾ ਸੰਖੇਪ ਵਿਚ ਕੀਤੀ ਗਈ ਹੈ।

**(ਅ) ਭਾਈ ਬਾਲੇ ਵਾਲੀ ਜਨਮਸਾਖੀ ਵਿਚਲੀਆਂ ਗੋਸ਼ਟਾਂ :**

ਭਾਈ ਬਾਲੇ ਵਾਲੀ ਜਨਮਸਾਖੀ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਮਿਲਦੀਆਂ ਜਨਮਸਾਖੀਆਂ ਵਿਚੋਂ ਸਭ ਤੋਂ ਪੁਰਾਤਨ ਮੰਨੀ ਜਾਂਦੀ ਹੈ। ਭਾਈ ਬਾਲੇ ਵਾਲੀ ਜਨਮਸਾਖੀ ਦੀਆਂ ਕਈ ਹੱਥ ਲਿਖਤਾਂ ਮਿਲਦੀਆਂ ਹਨ ਇਨ੍ਹਾਂ ਹੱਥ ਲਿਖਤਾਂ ਵਿਚ ਸਾਖੀਆਂ ਦੀ ਸੰਖਿਆਂ ਵੀ ਅਲੱਗ-ਅਲੱਗ ਹੈ। ਸਭ ਤੋਂ ਪੁਰਾਣੀ ਹੱਥ ਲਿਖਤ ਜਨਮਸਾਖੀ ਵਿਚ ਸਾਖੀਆਂ ਦੀ ਸੰਖਿਆਂ 75 ਤੋਂ 88 ਤਕ ਦੱਸੀ ਗਈ ਹੈ।[156] ਪਰੰਤੂ ਮੇਰੇ ਕੋਲ ਉਪਲਬਧ ਭਾਈ ਬਾਲੇ ਵਾਲੀ ਜਨਮਸਾਖੀ, ਜਿਹੜੀ ਡੇਰਾ ਭਜਨਗੜ੍ਹ (ਲੁਧਿਆਣਾ), ਤੋਂ ਪ੍ਰਾਪਤ ਹੋਈ ਹੈ, ਵਿਚ ਜਨਮਸਾਖੀਆਂ ਦੀ ਗਿਣਤੀ 169 ਹੈ। ਇਉਂ ਲੱਗਦਾ ਹੈ ਕਿ ਸ਼ਰਧਾਲੂਆਂ ਨੇ ਇਸ ਸਾਖੀ ਦੀਆਂ ਜਨਮਸਾਖੀਆਂ ਵਿਚ ਬਾਅਦ ਵਿਚ ਵਾਧਾ ਕੀਤਾ ਹੈ। ਇਸ ਦੇ ਜਨਮਸਾਖੀ ਦੇ ਆਰੰਭਕ ਸ਼ਬਦ ਇਸ ਤਰ੍ਹਾਂ ਹਨ :

> ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ
>
> ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ।

ਸੰਮਤ 1582 ਮਿਤੀ ਵੈਸਾਖੁ ਸੁਦੀ ਪੰਚਮੀ ਪੋਥੀ ਲਿਖੀ ਪੈੜਾ ਮੋਖੇ ਸੁਲਤਾਨਪੁਰ ਕੇ ਵਸਨੀਕ। ਖਤਰੇਟੇ, ਅਰ ਗੁਰੂ ਅੰਗਦ ਜੀ ਲਿਖਾਈ। ਮੁਖਾਸਤਿ ਭਾਈ ਬਾਲੇ ਜਟੇਟੇ ਕੀ। ਰਾਇ ਭੋਏ ਭਟੀ ਦੀ ਤਿਲਵੰਡੀਅਹੁ ਆਇਆ ਆਹਾ। ਗੁਰੂ ਅੰਗਦ ਜੀ ਨੋ ਢੂੰਢ ਲਧੋਸੁ। ਦੁਇ ਮਹੀਨੇ ਅਤੇ ਸਤਾਈ ਦਿਨ ਲਿਖਦਿਆਂ ਲਗੇ ਆਹੇ। ਜੋ ਹਕੀਕਤ ਆਹੀ ਜਿਥੇ ਜਿਥੇ ਗੁਰੂ ਨਾਨਕ ਫਿਰੇ ਆਹੇ। ਤਿਥੇ ਤਿਥੇ ਦੀ ਹਕੀਕਤ ਭਾਈ ਬਾਲੇ ਸਹਜਿ ਨਾਲਿ ਲਿਖਾਈ। ਭਾਈ ਬਾਲੇ ਉਪਰ ਗੁਰੂ ਅੰਗਦਿ ਜੀ ਬਹੁਤੁ ਖੁਸੀ

ਹੋਇਆ। ਭਾਈ ਬਾਲਾ ਤੇ ਮਰਦਾਨਾ ਰਬਾਬੀ ਨਾਲੇ ਫਿਰਦੇ ਆਹੇ। ਬੋਲਹੁ ਭਾਈ ਜੀ ਵਾਹਿਗੁਰੂ।[157] ਇਸ ਜਨਮਸਾਖੀ ਵਿਚ ਬਹੁਤ ਸਾਰੀਆਂ ਮਿਲਦੀਆਂ ਗੋਸ਼ਟਾਂ ਦੂਸਰੀਆਂ ਜਨਮਸਾਖੀਆਂ ਤੋਂ ਭਿੰਨ ਹਨ।

**ਮੱਕੇ ਮਦੀਨੇ ਦੀ ਗੋਸ਼ਟਿ** : ਮੱਕੇ ਮਦੀਨੇ ਦੀ ਗੋਸ਼ਟਿ ਚਾਰੋਂ ਜਨਮ ਸਾਖੀਆਂ ਵਿਚ ਉਪਲਬਧ ਹੈ। ਮੱਕਾ ਅਤੇ ਮਦੀਨਾ ਨਾਮ ਇਕੱਠਾ ਉਚਾਰੇ ਜਾਣ ਤੋਂ ਜ਼ਾਹਿਰ ਹੁੰਦਾ ਹੈ ਕਿ ਇਹ ਦੋਨੋਂ ਅਸਥਾਨ ਇੱਕਠੇ ਹਨ ਪਰੰਤੂ ਇਸ ਤਰ੍ਹਾਂ ਨਹੀਂ ਹੈ। ਇਨ੍ਹਾਂ ਦੋਨਾਂ ਸਾਖੀਆਂ ਵਿਚ ਮੱਕਾ ਦਾ ਪਹਿਲਾਂ ਜ਼ਿਕਰ ਆਇਆ ਹੈ ਅਤੇ ਮਦੀਨਾ ਦਾ ਬਾਅਦ ਵਿਚ ਸੋ ਇਹਨਾਂ ਅਸਥਾਨਾਂ ਵਿਚਕਾਰ ਦੂਰੀ ਵੀ ਬਹੁਤ ਹੈ। 'ਗੁਰੂ ਨਾਨਕ ਦੇਵ ਜੀ ਤੇ ਭਾਈ ਮਰਦਾਨਾ ਹਿੰਗਲਾਜ ਦੇ ਮੰਦਰ ਤੋਂ ਸੋਨ ਮਿਆਨੀ ਬੰਦਰਗਾਹ ਤੇ ਆਏ। ਇਥੋਂ ਸਮੁੰਦਰ ਦੇ ਰਸਤੇ ਫ਼ਾਰਸ ਖਾੜੀ ਦੇ ਸਿਰੇ ਮੌਜੂਦਾ ਮਸਕਤ ਦੇ ਨੇੜੇ ਆਪਣੇ ਸਮੇਂ ਦੀ ਪ੍ਰਸਿੱਧ ਬੰਦਰਗਾਹ ਕਲਹੱਟ ਤੋਂ ਹੁੰਦੇ ਆਏ'।[158]

ਮੱਕਾ ਮੁਸਲਮਾਨਾਂ ਦੀ ਬੰਦਗੀ ਦਾ ਕੇਂਦਰ ਮੰਨਿਆਂ ਗਿਆ ਹੈ। ਮਰਦਾਨੇ ਨੇ ਗੁਰੂ ਸਾਹਿਬ ਅੱਗੇ ਅਰਦਾਸ ਕੀਤੀ ਕਿ : 'ਸੱਚੇ ਪਾਤਿਸ਼ਾਹ ਹਾਜੀ ਮੱਕੇ ਮਦੀਨੇ ਕੀ ਹੱਜ ਕਉ ਚਲੇ ਹੈਨ ਕਿਉਂ ਜੋ ਮੱਕਾ ਮਦੀਨਾ ਖੁਦਾਇ ਦਾ ਘਰ ਹੈ ਜੋ ਕੋਈ ਮੱਕੇ ਮਦੀਨੇ ਦਾ ਹੱਜ ਕਰਦਾ ਹੈ ਸੋ ਖੁਦਾਇ ਵਲ ਆਂਵਦਾ ਹੈ'।[159]

ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨੇ ਦੀ ਇਸ ਅਰਜ਼ੋਈ ਨੂੰ ਸੁਣ ਕੇ ਅਧਿਆਤਮਕ ਗਿਆਨ ਦੀ ਸੋਝੀ ਕਰਵਾਈ ਕਿ ਆਪਣੇ ਮਨ ਨੂੰ ਸੋਧਣ ਨਾਲ ਅਤੇ ਆਪਣੇ ਆਪ ਨੂੰ ਪਛਾਨਣ ਨਾਲ ਹੀ ਉਸ ਰੱਬੀ ਦਰਗਾਹ (ਮੱਕਾ ਮਦੀਨਾ) ਦੇ ਦਰਸ਼ਨ ਹੋ ਸਕਦੇ ਹਨ :

ਮੁਕਾਮ ਮੱਕਾ ਮਨ ਮਦੀਨਾ ਸਿਰ ਮੁਸੱਲਾ ਮਸਤਕ ਮਸੀਤ।।
ਨਕ ਕਬਰ ਬਜ਼ੁਰਵਾਰਾਨਾ ਇਮਾਮ।। ਕਲਮਾ ਮਾਲਾ ਕੁਰਾਨ ਜੁਬਾਨ।।[160]

ਮੱਕੇ ਜਾਂਦਿਆ ਗੁਰੂ ਸਾਹਿਬ ਨੂੰ ਸ਼ਾਹ ਸ਼ਰਫ ਨਾਂ ਦਾ ਪੀਰ ਮਿਲਦਾ ਹੈ ਜੋ ਗੁਰੂ ਸਾਹਿਬ ਦੇ ਫਕੀਰੀ ਪਹਿਰਾਵੇ ਨੂੰ ਦੇਖ ਕੇ ਅਸਲ ਫਕੀਰੀ ਦੀਆਂ ਅਧਿਆਤਮਕ ਰਮਜ਼ਾ ਨੂੰ ਜਾਣਨਾ ਚਾਹੁੰਦਾ ਹੈ। ਗੁਰੂ ਸਾਹਿਬ ਅਤੇ ਸ਼ਾਹ ਸ਼ਰਫ ਵਿਚਕਾਰ ਪ੍ਰਸ਼ਨੋਤਰੀ ਸੰਵਾਦ ਇਸ ਤਰ੍ਹਾਂ ਛਿੜਦਾ ਹੈ :

ਸ਼ਾਹ ਸ਼ਰਫ : 'ਹੇ ਬਾਬਾ ਨਾਨਕ ਜੀ ਯੇਹ ਜੋ ਫਕੀਰੀ ਕੇ ਬਸਤ ਪਹਿਰਤੇ ਹੈਨ ਅਰ ਫਕੀਰੀ ਕਾ ਭੇਖ ਕਰਕੇ ਆਪ ਕਉ ਬਡਾ ਕਹਾਵਤੇ ਹੈਨ ਸੋ ਤਉ ਇਸ ਤਰ੍ਹਾਂ ਫਕੀਰੀ ਹਾਸਲ ਨ ਹੋਈ ਨਾ ਗ੍ਰਿਹੀ ਨ ਉਦਾਸੀ ਕੁਰਾਹੀ ਰਹਾ'[161]

ਗੁਰੂ ਸਾਹਿਬ ਨੇ ਫਕੀਰੀ ਪਾਉਣ ਲਈ ਕਿਸੇ ਖਾਸ ਪਹਿਰਾਵੇ ਨੂੰ ਮੱਹਤਤਾ ਨਹੀਂ ਦਿੱਤੀ। ਉਨ੍ਹਾਂ ਅਨੁਸਾਰ ਮਨ ਨੂੰ ਸ਼ੁਧ ਕਰਕੇ, ਚੰਗੇ ਅਮਲਾਂ ਨੂੰ ਧਾਰਨ ਕਰਕੇ ਹੀ ਅਜਿਹੀ ਦਾਤ ਹਾਸਿਲ ਕੀਤੀ ਜਾ ਸਕਦੀ ਹੈ। ਗੁਰੂ ਸਾਹਿਬ ਦਾ ਅਧਿਆਤਮਕ ਮੱਤ ਬਾਹਰੀ ਪਹਿਰਾਵੇ ਦੀ ਥਾਂ ਅੰਦਰਲੇ ਮਨ ਤੇ ਜ਼ੋਰ ਦਿੰਦਾ ਹੈ :

> 'ਜਿਸ ਅੰਦਰ ਫਕੀਰੀ ਕੀਤੀ ਸੋ ਫਕੀਰ ਹੋਇਆ ਖੁਦਾਇ ਨੂੰ ਪਹੁਤਾ ਅਤੇ ਜਿਸ ਨਹੀਂ ਕੀਤੀ ਸੋ ਸਵਾਂਗੀ ਹੋਇਆ'।[162]

ਸ਼ਾਹ ਸ਼ਰਫ ਗੁਰੂ ਸਾਹਿਬ ਦੇ ਅਧਿਆਤਮਕ ਪ੍ਰਵਚਨਾਂ ਤੋਂ ਖੁਸ਼ ਹੁੰਦਾ ਹੈ : 'ਵਾਹ ਵਾਹ ਬਾਬਾ ਨਾਨਕ ਜੀ ਵਾਹ ਵਾਹ ਤੇਰੀ ਫਕੀਰੀ ਨੂੰ ਅਤੇ ਵਾਹ ਵਾਹ ਖੁਦਾਇ ਨੂੰ ਜਿਸ ਦੀਆਂ ਇਹ ਵਡਿਆਈਆਂ ਹੈਨ'[163]

'ਮੱਕਾ ਮੁਸਲਮਾਨਾਂ ਦੇ ਧਰਮ ਅਸਥਾਨ ਬਣਨ ਤੋਂ ਪਹਿਲਾਂ ਵੀ ਵਪਾਰ ਦਾ ਵੱਡਾ ਕੇਂਦਰ ਸੀ। ਪ੍ਰਸਿੱਧ ਯੂਨਾਨੀ ਲੇਖਕ ਟਾਲਮੀ ਨੇ ਇਸ ਦਾ ਨਾਂ ਮਕੋਰਾਬਾ ਲਿਖਿਆ ਹੈ। ਪਹਿਲਾਂ ਮੱਕਾ ਮੌਜੂਦਾ ਜ਼ਮਜ਼ਮ ਖੂਹ ਦੇ ਆਲੇ ਦੁਆਲੇ ਆਬਾਦ ਹੋਇਆ ਸੀ। ਕੁਰਾਨ ਸ਼ਰੀਫ ਦੇ ਸੂਰਾ ਇਕ ਸੌ ਛੇ ਵਿਚ ਇਸ ਨੂੰ ਗਰਮੀਆਂ ਤੇ ਸਰਦੀਆਂ ਵਿਚ ਕਾਫ਼ਲਿਆਂ ਦੀ ਸਦੀਵੀ ਸੰਸਥਾ ਲਿਖਿਆ ਹੈ'।[164] ਇਹ ਗੋਸ਼ਟਿ ਗੁਰੂ ਸਾਹਿਬ ਦੇ ਲੌਕਿਕ/ਅਲੌਕਿਕ ਤੱਥਾਂ ਨੂੰ ਪੇਸ਼ ਕਰਦੀ ਹੈ। ਇਸ ਵਿਚ ਗੁਰੂ ਨਾਨਕ ਦੇਵ ਜੀ ਦੇ ਸਿਰ ਤੇ ਬਦਲੀ ਦਾ ਰਹਿਣਾ, ਅਤੇ ਮੱਕੇ ਦਾ ਘੁੰਮਣਾ, ਰੱਬੀ ਕਰਾਮਾਤ ਨੂੰ ਦਰਸਾ ਕੇ, ਗੋਸ਼ਟਿਕਾਰ ਦੁਆਰਾ ਗੁਰੂ ਸਾਹਿਬ ਦੇ ਵਿਅਕਤਤਵ ਨੂੰ ਉਚਿਆਉਣਾ ਹੈ।

**ਸ਼ੇਖ ਬ੍ਰਹਮ ਨਾਲ ਗੋਸ਼ਟਿ** : ਭਾਈ ਬਾਲਾ ਵਾਲੀ ਜਨਮਸਾਖੀ ਵਿਚਲੀ ਇਹ ਗੋਸ਼ਟਿ ਪੁਰਾਤਨ ਜਨਮਸਾਖੀ ਨਾਲ ਮੇਲ ਖਾਂਦੀ ਹੈ, ਜਿਵੇਂ ਭਾਈ ਬਾਲਾ ਜਨਮਸਾਖੀ ਵਿਚ ਇਸ ਦੇ ਆਰੰਭਕ ਸ਼ਬਦ

ਇਸ ਤਰ੍ਹਾਂ ਹਨ 'ਸ੍ਰੀ ਬਾਬਾ ਜੀ ਚਲਦੇ ਚਲਦੇ ਪਟਣ ਦੇ ਬਾਹਰ ਕੋਹਾਂ ਤ੍ਰਿੰਹੁੰ ਉਪਰ ਜਾਇ ਬੈਠੇ ਜਦ ਸੁਬਹ ਕੇ ਵਕਤ ਪੀਰ ਕੇ ਮੂਦਬਖਾਨੇ ਕੀਆਂ ਲਕੜੀਆਂ ਕਾਮਲ ਚੁਨਣੇ ਗਿਆ ਜਾਂ ਦੇਖੇ ਤਾਂ ਸ੍ਰੀ ਗੁਰੂ ਜੀ ਬੈਠੇ ਹੈਨ ਤਾਂ ਮਰਦਾਨੇ ਰਬਾਬ ਵਜਾਇਆ ਅਤੇ ਸ੍ਰੀ ਗੁਰੂ ਜੀ ਰਾਗ ਆਸਾ ਵਿਚ ਸ਼ਬਦ ਉਚਾਰਿਆ' :

ਆਪੇ ਪਟੀ ਕਲਮ ਆਪਿ ਉਪਰਿ ਲੇਖ ਭੀ ਤੂੰ॥

ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂੰ॥[165]

'ਸ਼ੇਖ ਬ੍ਰਹਮ ਨਾਲ ਗੋਸ਼ਟਿ' ਵਿਚ ਗੁਰੂ ਸਾਹਿਬ ਸ਼ੇਖ ਬ੍ਰਹਮ ਨੂੰ ਇਕ ਪਰਮਾਤਮਾ ਦੀ ਹੋਂਦ ਤੋਂ ਜਾਣੂ ਕਰਵਾਉਂਦੇ ਹਨ ਕਿ ਇਸ ਸ੍ਰਿਸ਼ਟੀ ਦਾ ਮਾਲਕ ਉਸ ਅਕਾਲ ਪੁਰਖ ਤੋਂ ਬਿਨਾਂ ਦੂਜਾ ਕੋਈ ਨਹੀਂ ਹੈ। ਸ਼ੇਖ ਬ੍ਰਹਮ, ਗੁਰੂ ਸਾਹਿਬ ਨੂੰ ਖੁਦਾ ਨੂੰ ਪਾਉਣ ਲਈ ਅਧਿਆਤਮਕ ਰਾਹ ਪੁਛਦੇ ਹਨ :

'ਫਰੀਦਾ ਪਾੜਿ ਪਟੋਲਾ ਧਜਿ ਕਰੀ ਕੰਬਲੜੀ ਪਹਿਰੇਉ॥

ਜਿਨ੍ਹੀ ਵੇਸੁ ਸਹੁ ਮਿਲੈ ਸੇਈ ਵੇਸ ਕਰੇਉ॥

ਗੁਰੂ ਸਾਹਿਬ ਦਾ ਅਧਿਆਤਮਕ ਚਿੰਤਨ ਸਪਸ਼ਟ ਕਰਦਾ ਹੈ ਕਿ ਨੀਅਤ ਸਾਫ ਅਤੇ ਮਨ ਸ਼ੁਧ ਕਰਨ ਨਾਲ ਹੀ ਉਸ ਕੰਤ, ਪਰਮਾਤਮਾ, ਸਹੁ ਨੂੰ ਵਸ ਵਿਚ ਕੀਤਾ ਜਾ ਸਕਦਾ ਹੈ :

ਕਾਇ ਪਟੋਲਾ ਪਾਤੜੀ ਕੰਬਲੜੀ ਪਹਿਰੇਇ॥

ਨਾਨਕ ਘਰ ਹੀ ਬੈਠਿਆ ਸਹੁ ਮਿਲੇ ਜੇ ਨੀਅਤਿ ਰਾਸਿ ਕਰੇਇ॥

ਘਰ ਹੀ ਮੁੰਧਿ ਵਿਦੇਸਿ ਪਿਰੁ ਨਿਤ ਝੁਰੇ ਸੰਮ੍ਹਾਲੇ॥

ਮਿਲਦਿਆ ਢਿਲ ਨ ਹੋਵਈ ਜੇ ਨੀਅਤਿ ਰਾਸਿ ਕਰੇਇ॥[166]

ਸ਼ੇਖ ਬ੍ਰਹਮ ਗੁਰੂ ਸਾਹਿਬ ਤੋਂ ਕੰਤ, ਭਾਵ ਪਰਮਾਤਮਾ/ਖੁਦਾ ਨੂੰ ਵਸ ਵਿਚ ਕਰਨ ਦਾ ਕੋਈ ਮੰਤਰ ਪੁਛਦਾ ਹੈ:

ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ॥

ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ॥

ਗੁਰੂ ਸਾਹਿਬ ਦਾ ਅਧਿਆਤਮਕ ਸਿਧਾਂਤ ਨਿਮਰਤਾ ਦੇ ਗੁਣ ਨੂੰ ਧਾਰਨ ਕਰਨ ਵਲ ਇਸ਼ਾਰਾ ਕਰਦਾ ਹੈ:

ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ॥
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ॥[167]

ਗੁਰੂ ਸਾਹਿਬ ਦੁਆਰਾ ਦਿੱਤੇ ਅਧਿਆਤਮਕ ਗੂੜ੍ਹ ਰਹੱਸ ਤੋਂ ਸ਼ੇਖ ਬ੍ਰਹਮ ਖੁਸ਼ ਹੁੰਦਾ ਹੈ। ਉਹ ਗੁਰੂ ਸਾਹਿਬ ਨੂੰ ਆਪਣੇ ਮਨ ਵਿਚਲੀ ਗੁੰਝਲ 'ਮਾਇਆ ਤਾਂ ਛਲ ਹੈ'? ਬਾਰੇ ਪ੍ਰਸ਼ਨ ਕਰਦਾ ਹੈ ਉੱਤਰ ਵਿਚ ਗੁਰੂ ਸਾਹਿਬ ਦੇ ਮਤ ਅਨੁਸਾਰ ਮਾਇਆ ਅਛਲ ਹੈ। ਰੱਬੀ ਹੁਕਮ ਅਨੁਸਾਰ ਹੀ ਮਨੁੱਖ ਮਾਇਆ ਤੋਂ ਨਿਰਲੇਪ ਰਹਿ ਸਕਦਾ ਹੈ। ਅਕਾਲ ਪੁਰਖ ਦੀ ਬਖਸ਼ਿਸ਼, ਸੱਚ ਨੂੰ ਜਾਨਣ ਨਾਲ ਹੀ ਹੁੰਦੀ ਹੈ। ਗੁਰੂ ਸਾਹਿਬ ਨੇ ਸ੍ਰੀ ਰਾਗ ਵਿਚ ਸ਼ਬਦ ਉਚਾਰ ਕੇ ਇਸ ਅਧਿਆਤਮਕ ਪੱਖ ਤੋਂ ਜਾਣੂ ਕਰਵਾਇਆ ਹੈ :

ਅਛਲ ਛਲਾਈ ਨਹ ਛਲੈ ਨਹ ਘਾਉ ਕਟਾਰਾ ਕਰਿ ਸਕੈ॥
ਜਿਉ ਸਾਹਿਬੁ ਰਾਖੈ ਤਿਉ ਰਹੈ ਇਸੁ ਲੋਭੀ ਕਾ ਜੀਉ ਟਲ ਪਲੈ॥
ਬਿਨੁ ਤੇਲ ਦੀਵਾ ਕਿਉ ਜਲੈ॥੧॥ ਰਹਾਉ
ਪੋਥੀ ਪੁਰਾਣ ਕਮਾਈਐ॥ ਭਉ ਵਟੀ ਇਤੁ ਤਨਿ ਪਾਈਐ॥
ਸਚੁ ਬੂਝਣੁ ਆਣਿ ਜਲਾਈਐ॥੨॥ ਇਹੁ ਤੇਲੁ ਦੀਵਾ ਇਉ ਜਲੈ॥
ਕਰਿ ਚਾਨਣੁ ਸਾਹਿਬ ਤਉ ਮਿਲੈ॥੧॥[168]

ਉਪਰੋਕਤ ਵਿਚਾਰ ਚਰਚਾ ਦੇ ਆਧਾਰ ਤੋਂ ਸਪਸ਼ਟ ਹੁੰਦਾ ਹੈ ਕਿ ਸ਼ੇਖ ਬ੍ਰਹਮ, ਜੋ ਕਿ ਪਟਣ ਸ਼ਹਿਰ ਦਾ ਪੀਰ ਸੀ, ਗੁਰੂ ਸਾਹਿਬ ਦੇ ਪਟਣ ਸ਼ਹਿਰ ਪਹੁੰਚਣ ਤੇ, ਉਹਨਾਂ ਨਾਲ ਸੰਵਾਦ ਰਚਾਉਂਦਿਆਂ, ਮਨ ਦੀਆਂ ਗੁੰਝਲਾਂ ਨੂੰ ਗੁਰੂ ਸਾਹਿਬ ਨਾਲ ਸਾਂਝਿਆਂ ਕੀਤਾ। ਗੁਰੂ ਸਾਹਿਬ ਨੇ ਸ਼ੇਖ ਬ੍ਰਹਮ ਨੂੰ ਆਪਣਾ ਮੌਲਿਕ ਸਿਧਾਂਤ ਦਸ ਕੇ ਉਸ ਦੇ ਮਨ ਵਿਚਲੇ ਸ਼ੰਕਿਆਂ ਦੀ ਨਵਿਰਤੀ ਕੀਤੀ। ਇਸ ਸੰਵਾਦ ਵਿਚੋਂ

ਜੀਵਨ-ਪ੍ਰਤਿ ਨਾਂਹ-ਪੱਖੀ ਵਰਤਾਰੇ ਨੂੰ ਨਕਾਰਨ ਅਤੇ ਨਵੀਆਂ ਹਾਂ-ਪੱਖੀ ਵਿਧੀਆਂ ਦੀ ਨਿਰਮਾਣਕਾਰੀ ਅਤੇ ਉਨ੍ਹਾਂ ਦੇ ਵਿਚਾਰ ਧਾਰਨ ਕਰਨ ਦੀ ਪ੍ਰਮਾਣਿਕ ਨਿਸ਼ਾਨਦੇਹੀ ਮਿਲਦੀ ਹੈ।

**ਦੇਵਲੂਤ ਨਾਲ ਗੋਸ਼ਟਿ** : ਇਹ ਗੋਸ਼ਟਿ ਕੇਵਲ ਭਾਈ ਬਾਲੇ ਵਾਲੀ ਜਨਮਸਾਖੀ ਵਿਚ ਹੀ ਅੰਕਿਤ ਹੈ। ਇਸ ਗੋਸ਼ਟਿ ਵਿਚ ਭਾਈ ਬਾਲਾ ਅਤੇ ਮਰਦਾਨਾ ਦੋਨੋਂ ਹੀ ਗੁਰੂ ਸਾਹਿਬ ਦੇ ਨਾਲ ਹਨ। ਇਹ ਗੋਸ਼ਟਿ 'ਦੇਵਗੰਧਾਰ' ਸ਼ਹਿਰ ਵਿਚ ਰਾਜੇ ਦੇਵਲੂਤ ਨਾਲ ਹੁੰਦੀ ਵਿਖਾਈ ਗਈ ਹੈ ਜਿਸ ਨੇ ਗੁਰੂ ਸਾਹਿਬ ਤੇ ਉਨ੍ਹਾਂ ਦੇ ਸਾਥੀਆਂ ਦਾ ਸ਼ਿਕਾਰ ਕਰਨ ਲਈ ਦੇਵਾਂ ਨੂੰ ਭੇਜਿਆ। ਰਾਜਾ ਦੇਵਲੂਤ ਦੁਆਰਾ ਦੇਵਾਂ ਨੂੰ ਸੱਤ ਵਾਰ ਭੇਜਿਆ ਗਿਆ ਤੇ ਹਰ ਵਾਰ ਦੇਵ ਅੰਨ੍ਹੇ ਹੋ ਕੇ ਜਾਂਦੇ ਰਹੇ। ਰਾਜਾ ਦੇਵਲੂਤ ਆਪ ਇਸ ਕਰਾਮਾਤ ਨੂੰ ਪਰਖਣ ਲਈ ਆਇਆ ਤਾਂ ਆਪ ਵੀ ਅੰਨ੍ਹਾਂ ਹੋ ਗਿਆ। ਰਾਜੇ ਨੇ ਆਪਣੇ ਵਜ਼ੀਰ ਦੇ ਕਹਿਣ 'ਤੇ ਗੁਰੂ ਸਾਹਿਬ ਨੂੰ ਪਹੁੰਚੇ ਹੋਏ ਪੁਰਸ਼ ਮੰਨਿਆਂ ਤੇ ਉਨ੍ਹਾਂ ਦੀ ਟਹਿਲ ਸੇਵਾ ਕੀਤੀ ਤੇ ਗੁਰੂ ਸਾਹਿਬ ਨੇ ਰਾਜੇ ਦੇਵਲੂਤ ਨੂੰ ਅਧਿਆਤਮਕ ਪ੍ਰਾਪਤੀ ਦਾ ਰਸਤਾ ਦੱਸਿਆ:

> 'ਤੂੰ ਨਿਰੰਕਾਰ ਜਪ ਅਤੇ ਕਿਸੇ ਜੀ ਦਾ ਬੁਰਾ ਨਾ ਮੰਗ
>
> 'ਕਿਸੇ ਜੀ ਦੀ ਘਾਤ ਨਾ ਕਰ ਸਿੱਧਾ ਖਾਜਾ ਖਾਹ'।[169]

ਇਸ ਗੋਸ਼ਟਿ ਵਿਚ ਵੀ ਗੋਸ਼ਟਿਕਾਰ ਨੇ ਗੁਰੂ ਸਾਹਿਬ ਨੂੰ ਕਲਾਵਾਨ ਪੁਰਸ਼ ਵਿਖਾਇਆ ਹੈ ਅਤੇ ਉਹਨਾਂ ਦੀ ਦੈਵੀ ਸ਼ਕਤੀ ਨੂੰ ਅਭਿਵਿਅਕਤ ਕੀਤਾ ਹੈ। ਪਰੰਤੂ ਇਸ ਦੀ ਸਮੀਖਿਆ ਵਿਚੋਂ ਗੁਰੂ ਨਾਨਕ ਦਾ ਫਲਸਫ਼ਾ ਮਨੁੱਖਤਾ ਪ੍ਰਤਿ ਨਿਆਂਸ਼ੀਲਤਾ ਅਧਾਰਤ ਉਜਾਗਰ ਹੁੰਦਾ ਹੈ। ਗੋਸ਼ਟਿਕਾਰ ਵਲੋਂ ਵਰਤਿਆ ਸ਼ਬਦ 'ਸਿੱਧਾ ਖਾਜਾ ਖਾਹ' ਬਹੁਤ ਮਹੱਤਵਪੂਰਣ ਹੈ। ਇਹ ਸ਼ਬਦ ਗੁਰੂ ਨਾਨਕ ਦੇ ਫਲਸਫ਼ੇ 'ਹੱਥੀ ਕਿਰਤ ਕਰਨ' ਨੂੰ ਸਾਕਾਰ ਕਰਦੇ ਹਨ।

**ਕਲਜੁਗ ਨਾਲ ਗੋਸ਼ਟਿ** : ਇਸ ਗੋਸ਼ਟਿ ਵਿਚ ਕਲਯੁਗ ਦਾ ਮਾਨਵੀਕਰਨ ਕੀਤਾ ਗਿਆ ਹੈ। ਕਈ ਸਾਖੀਆਂ ਵਾਂਗ ਇਹ ਵੀ ਇਕ ਕਰਾਮਾਤੀ ਸਾਖੀ ਹੈ। ਕਲਯੁਗ ਪਹਿਲਾਂ ਭਿੰਨ-ਭਿੰਨ ਰੂਪ ਧਾਰ ਕੇ ਗੁਰੂ ਨਾਨਕ ਨੂੰ ਡਰਾਉਂਦਾ ਹੈ ਪਰੰਤੂ ਜਦੋਂ ਗੁਰੂ ਨਾਨਕ ਅਡੋਲ ਰਹਿੰਦੇ ਹਨ ਤਾਂ ਉਹ ਮਨੁੱਖੀ ਰੂਹ ਧਾਰ ਕੇ

ਗੁਰੂ ਨਾਨਕ ਨਾਲ ਗੋਸ਼ਟਿ ਕਰਦੇ ਹਨ। ਗੋਸ਼ਟਿਕਾਰ ਨੇ ਤੱਤਕਾਲੀ ਸਮਾਜ ਦੇ ਕੋਝੇ ਰੂਪ ਨੂੰ ਉਘਾੜਿਆ ਹੈ :- "ਅਸਾਂ ਨੂੰ ਕੁਛ ਨਹੀਂ ਚਾਹੀਦਾ ਤਾਂ ਫੇਰ ਕਲਜੁਗ ਨੇ ਬੇਨਤੀ ਕੀਤੀ ਜੀ ਮੇਰੇ ਉਪਰ ਕੁਛ ਹੋਰ ਹੀ ਆਗਿਆ ਕਰੋ ਜੀ ਤਾਂ ਸ੍ਰੀ ਗੁਰੂ ਜੀ ਕਿਹਾ ਇਹ ਜੋ ਵਸਤਾਂ ਸਾਨੂੰ ਦਿੰਦਾ ਹੈਂ ਸੋ ਇਨ੍ਹਾਂ ਵਿਚੋਂ ਤਾਂ ਸਾਨੂੰ ਕੁਛ ਲੋੜ ਨਹੀਂ ਪਰ ਹੋਰ ਤੇਰੇ ਪਾਸ ਕੀ ਕੀ ਵਸਤ ਹੈ ਤਾਂ ਕਲਜੁਗ ਨੇ ਕਿਹਾ ਮਹਾਰਾਜ ਜੀ ਮੇਰੇ ਰਾਜ ਵਿਚ ਇਕ ਹੋਰ ਲਛਣ ਵੀ ਹੈਨ ਭੁਖ ਨੀਂਦ ਪਿਆਸ ਨਿੰਦ੍ਹਾ ਤ੍ਰਿਸ਼ਨਾ ਤਾਪਸ ਮਸਤੀ ਫਾਹੀ ਗਲੇ ਦੁਸ਼ਟਤਾ ਦੁਰਾਚਾਰੀ ਪਾਪ ਚੋਰੀ ਯਾਰੀ ਬਖੀਲੀ ਇਨ੍ਹਾਂ ਬਾਤਾਂ ਤੇ ਕੋਈ ਵਿਰਲਾ ਹੀ ਬਚੇਗਾ ਗੁਣੀਆਂ ਦਾ ਨਿਰਾਦਰ ਹੋਵੇਗਾ ਸੱਚ ਬੋਲਣ ਵਾਲਾ ਮੂਰਖ ਹੋਵੇਗਾ ਬਹੁਤ ਬੋਲਣ ਵਾਲਾ ਮੂਰਖ ਵੀ ਹੋਵੇ ਸੋ ਗੁਣੀ ਕਹਾਏਗਾ ਸੋ ਰਾਜਿਆਂ ਦੇ ਨਿਕਟ ਬੈਠਣਗੇ ਪਾਪੀਆਂ ਦੇ ਘਰ ਮਨੁਖ ਬਹੁਤ ਹੋਵਣਗੇ ਕ੍ਰਿਪਨ ਕੋਲ ਮਾਇਆ ਬਹੁਤ ਹੋਵੇਗੀ ਔਰ ਧਰਮ ਤੋਂ ਬਿਪਰੀਤ ਹੋਵੇਂਗੇ ਅੰਤ ਕੋ ਦੁਖ ਪਾਵਣਗੇ ਔਰ ਬ੍ਰਾਹਮਣ ਵਿਹਾਰੀ ਹੋਵਣਗੇ ਔਰ ਕਿਰਸਾਨੀ ਕਰਨਗੇ ਜੋ ਸ਼ੂਦਰ ਹੋਵਣਗੇ ਤਿਨ੍ਹਾਂ ਦਾ ਆਦਰ ਹੋਵੇਗਾ ਤੇ ਵੇਦ ਪਾਠੀ ਤਤ ਗਿਆਨੀ ਬ੍ਰਹਮਣਾਂ ਨੂੰ ਖੁਆਰੀ ਹੋਵੇਗੀ ਰਾਜੇ ਲੋਕ ਸਦਾ ਤੋਟ ਵਿਚ ਰਹਿਣਗੇ ਪਰਜਾ ਨੂੰ ਕੋਸਣਗੇ ਹਰ ਤਰ੍ਹਾਂ ਲੁਟਣ ਦੀ ਡੌਲ ਬਨਾਵਣਗੇ ਸੰਨਿਆਸੀ ਬਹੁਤ ਧਨ ਸੰਚਨਗੇ ਤੇ ਗ੍ਰਿਹਿਸਤੀ ਲੋਕ ਭੋਜਨ ਬਸਤਰ ਵਲੋਂ ਤੰਗ ਹੋਵਣਗੇ ਜਹਾਂ ਜਹਾਂ ਸਤ ਧਰਮ ਬ੍ਰਤ ਤਪ ਉਪਾਸ਼ਨਾ ਹੋਵੇਗੀ ਇਕ ਵਾਰਗੀ ਤਿਸਦਾ ਬਿਨਾਸ਼ ਹੋ ਜਾਵੇਗਾ"[170]।

ਇਸ ਗੋਸ਼ਟਿ ਵਿਚ ਗੋਸ਼ਟਿਕਾਰ ਨੇ 'ਨਾਮ ਸਿਮਰਨ' ਦੀ ਮਹੱਤਤਾ ਨੂੰ ਦ੍ਰਿੜਾਇਆ ਹੈ - "ਪਿਛਲੇ ਜੁਗਾਂ ਵਿਚ ਬਹੁਤ ਜਪ ਤਪ ਕਰਦੇ ਸਨ ਤਾਂ ਕੁਛ ਫਲ ਹੁੰਦਾ ਸੀ ਤੇ ਹੁਣ ਤੇਰੇ ਰਾਜ ਵਿਚ ਥੋਹੜਾ ਹੀ ਕੀਤੇ ਸਭ ਕਾਰਜ ਸਿਧ ਹੋਵਣਗੇ ਔਰ ਇਕ ਘੜੀ ਸਿਮਰੇ ਤੋਂ ਮੁਕਤ ਪਾਵੇਗਾ"[171]।

ਉਪਰੋਕਤ ਗੋਸ਼ਟਿ ਤੋਂ ਗਿਆਨ ਹੁੰਦਾ ਹੈ ਕਿ ਗੁਰੂ ਨਾਨਕ ਕਾਲੀਨ ਭਾਰਤ ਰੂਪਵਾਦੀ ਧੁਰਾ ਦੀ ਅਮਾਨਵੀ ਲੁੱਟ-ਖਸੁੱਟ ਅਤੇ ਅਤਿਆਚਾਰੀ ਵਿਵਸਥਾ ਦਾ ਸ਼ਿਕਾਰ ਸੀ ਜਿਸਦਾ ਪ੍ਰਗਟਾਵਾ ਗੋਸ਼ਟਿਕਾਰ 'ਕਲਜੁਗ ਦੀ ਗੋਸ਼ਟਿ' ਰਾਹੀਂ ਕਰਦਾ ਹੈ।

**ਪੁਰਾਤਨ ਜਨਮਸਾਖੀ, ਭਾਈ ਵੀਰ ਸਿੰਘ (ਸੰਪਾ.) ਵਿਚਲੀਆਂ ਗੋਸ਼ਟਾਂ**

**ਕਾਜ਼ੀ ਨਾਲ ਗੋਸ਼ਟਿ :** ਕਾਜ਼ੀ ਨਾਲ ਗੋਸ਼ਟਿ ਸਮਾਜ ਸੁਧਾਰਕ ਅਤੇ ਮਾਨਸਿਕ ਦਵੰਦ ਨੂੰ ਪੇਸ਼ ਕਰਦੀ ਹੈ। ਕਾਜ਼ੀ ਨੇ ਜਦੋਂ ਗੁਰੂ ਸਾਹਿਬ ਦੇ ਮੂੰਹੋਂ ਨਾ ਕੋ ਹਿੰਦੂ ਨ ਮਸੁਲਮਾਨ ਦਾ ਨਾਅਰਾ ਸੁਣਿਆ ਤਾਂ ਇਹ ਸ਼ਬਦ ਹੀ ਉਨ੍ਹਾਂ ਵਿਚਕਾਰ ਗੋਸ਼ਟਿ ਦਾ ਕਾਰਣ ਬਣੇ :

ਕਾਜ਼ੀ : ਹਿੰਦੂ ਜਾਂ ਮੁਸਲਮਾਨ ਨਹੀਂ ਤਾਂ ਤੂੰ ਕੀ ਪਾਇਆ ਹੈ? ਤੇ ਮੁਸਲਮਾਨਾ ਦੇ ਕਰਮਾ ਤੇ ਵੀ ਚਾਨਣਾ ਪਾਉਣ ਲਈ ਕਹਿੰਦਾ ਹੈ।

ਗੁਰੂ ਸਾਹਿਬ : ਗੁਰੂ ਸਾਹਿਬ ਨੇ ਇਸ ਸਲੋਕ ਰਾਹੀਂ ਸੱਚੇ ਮੁਸਲਮਾਨ ਦੇ ਸਹੀ ਚਿੰਤਨ ਨੂੰ ਪ੍ਰਗਟਾਇਆ ਹੈ :

ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ॥
ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ॥
ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ॥
ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ॥[172]

ਇਸ ਤੋਂ ਇਲਾਵਾ ਗੁਰੂ ਸਾਹਿਬ ਨੇ ਕਾਜ਼ੀ ਦੀ ਮਾਨਸਿਕ ਅਵਸਥਾ ਨੂੰ ਦੱਸ ਕੇ ਵਾਸਤਵਿਕ ਬੋਧ ਕਰਵਾਇਆ ਤੇ ਕਾਜ਼ੀ ਨੂੰ ਸਹੀ ਨਮਾਜ਼ ਅਦਾ ਕਰਨ ਵਲ ਪ੍ਰੇਰਿਆ ਹੈ ਤੇ ਅੰਤ ਵਿਚ ਕਾਜ਼ੀ ਗੁਰੂ ਜੀ ਦੇ ਗੂੜ੍ਹ ਗਿਆਨ ਤੋਂ ਬਹੁਤ ਪ੍ਰਭਾਵਿਤ ਹੁੰਦਾ ਹੈ। ਗੁਰੂ ਜੀ ਦੇ ਪੈਰੀ ਪੈ ਕੇ ਆਖਦਾ ਹੈ 'ਵਾਹੁ ਵਾਹੁ! ਇਸ ਕਉ ਖੁਦਾਇ ਕੀ ਨਿਵਾਜਸ ਹੋਈ ਹੈ'। ਇਸ ਗੋਸ਼ਟਿ ਵਿਚਲਾ ਸੰਵਾਦ ਜੀਵਨ ਦੇ ਯਥਾਰਥ ਅਤੇ ਗੁਰੂ ਨਾਨਕ ਦੇ ਵਿਵੇਕਸ਼ੀਲ ਅਨੁਭਵ ਦੀ ਪ੍ਰਮਾਣਿਕ ਤੇ ਕਲਾਤਮਕ ਪੇਸ਼ਕਾਰੀ ਕਰਦਾ ਹੈ।

**ਸ਼ੇਖ ਸ਼ਰਫ ਨਾਲ ਗੋਸ਼ਟਿ :** ਗੋਸ਼ਟਿ ਸ਼ੇਖ ਸ਼ਰਫ ਪਾਣੀਪਤ ਦੇ ਪੀਰ ਸ਼ੇਖ ਸ਼ਰਫ ਅਤੇ ਗੁਰੂ ਸਾਹਿਬ ਦੇ ਵਿਚਕਾਰ ਅਧਿਆਤਮਕ ਪੱਧਤੀ 'ਤੇ ਹੀ ਹੁੰਦੀ ਦਿਖਾਈ ਗਈ ਹੈ। ਇਹ ਗੋਸ਼ਟਿ ਸਾਰੀਆਂ ਹੀ ਜਨਮਸਾਖੀਆਂ ਵਿਚ ਅੰਕਿਤ ਹੈ। ਸ਼ੇਖ ਸ਼ਰਫ ਦਾ ਮੁਰੀਦ 'ਸੇਖੁ ਟਟੀਹਰ' ਪਾਣੀ ਲੈਣ ਗਿਆ। ਗੁਰੂ ਜੀ ਨੂੰ ਦੇਖ ਕੇ 'ਸਲਾਮਾ ਲੇਕ, ਦਰਵੇਸ' ਕਹਿੰਦਾ ਹੈ ਗੁਰੂ ਸਾਹਿਬ 'ਅਲੇਖ ਕੋ ਸਲਾਮੁ ਹੋ', ਪੀਰ ਕੇ ਦਸਤ

ਪੇਸ, ਕਹਿ ਕੇ ਉਸ ਨੂੰ ਹੈਰਾਨ ਕਰ ਦਿੰਦੇ ਹਨ। ਸੇਖੁ ਟਟੀਹਰ ਮੁਰਸ਼ਦ ਸ਼ੇਖ ਸ਼ਰਫ ਨੂੰ ਗੁਰੂ ਸਾਹਿਬ ਬਾਰੇ ਦੱਸਦਾ ਹੈ। ਇਹ ਘਟਨਾ ਗੁਰੂ ਸਾਹਿਬ ਅਤੇ ਸ਼ੇਖ ਸ਼ਰਫ ਵਿਚਕਾਰ ਗੋਸ਼ਟਿ ਦਾ ਕਾਰਣ ਬਣਦੀ ਹੈ। ਪੀਰ ਅਤੇ ਗੁਰੂ ਸਾਹਿਬ ਵਿਚਕਾਰ ਹੋਈ ਵਿਚਾਰ-ਚਰਚਾ ਅਤੇ ਗੁਰੂ ਸਾਹਿਬ ਦੁਆਰਾ ਦਿੱਤੇ ਤਰਕ ਪੂਰਨ ਉੱਤਰਾਂ ਤੋਂ ਪੀਰ ਪ੍ਰਭਾਵਿਤ ਹੁੰਦਾ ਹੈ। ਇਸ ਗੋਸ਼ਟਿ ਦੌਰਾਨ ਉਚਾਰੇ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਨਹੀਂ ਹਨ ਪਰੰਤੂ ਗੋਸ਼ਟਿਕਾਰ ਨੇ ਆਪਣੇ ਉਦੇਸ਼ ਦੀ ਪੂਰਤੀ ਲਈ ਇਨ੍ਹਾਂ ਨੂੰ ਵਰਤ ਲਿਆ ਹੈ। ਇਸ ਗੋਸ਼ਟਿ ਵਿਚ ਗੋਸ਼ਟਿਕਾਰ ਨੇ ਧਰਮ ਅਤੇ ਧਾਰਮਿਕ ਵਿਅਕਤੀਆਂ ਦੀ ਵੇਸ਼-ਭੂਸ਼ਾ ਬਾਰੇ ਗੁਰੂ ਸਾਹਿਬ ਦੀ ਨਵੀਂ ਦ੍ਰਿਸ਼ਟੀ ਨੂੰ ਰੇਖਾਂਕਿਤ ਕੀਤਾ ਹੈ। ਇਸ ਗੋਸ਼ਟੀ ਵਿਚ ਮਨੁੱਖ ਦੇ ਬਾਹਰੀ ਭੇਖ ਦੀ ਥਾਂ ਅੰਦਰਲੀ ਅਵਸਥਾ ਨੂੰ ਮਹੱਤਵ ਦਿੱਤਾ ਹੈ। ਸ਼ੇਖ ਸ਼ਰਫ ਗੁਰੂ ਸਾਹਿਬ ਨੂੰ 'ਖਫਨੀ'ਬਾਰੇ ਪ੍ਰਸ਼ਨ ਕਰਦਾ ਹੈ:

'ਅਗਰ ਤੁਰਾ ਸੁਆਲ ਮੇ ਪੁਰਸੰ, ਅਹਿਲਾ ਜਬਾਬੁ ਬੁਗੋ ਦਰਵੇਸੰ,

ਕੁਪੀਨ ਸ਼ੁਮਾ ਚਿ ਜ਼ੇਬਾਸ਼ਿ'[173]

ਉਹ 'ਖਫਨੀ' ਨੂੰ ਬਾਹਰੀ ਦਿੱਖ ਨਾਲ ਹੀ ਸੰਬੰਧਿਤ ਨਹੀਂ ਕਰਦੇ ਸਗੋਂ ਇਸ ਦੀ ਹਕੀਕਤ ਤੋਂ ਜਾਣੂ ਕਰਵਾਉਂਦੇ ਆਪਣਾ ਮੌਲਿਕ ਸਿਧਾਂਤ ਪੇਸ਼ ਕਰਦੇ ਹਨ ਕਿ ਜੇਕਰ ਬਾਹਰਲਾ ਵੇਸ ਤੁਹਾਡਾ ਮਨ ਨਹੀਂ ਬਦਲ ਸਕਦਾ ਤਾਂ ਇਸ ਦਾ ਕੋਈ ਲਾਭ ਨਹੀਂ, ਉਨ੍ਹਾਂ ਨੇ ਇਸ ਪ੍ਰਸ਼ਨ ਦਾ ਉੱਤਰ ਆਪਣੇ ਇਨ੍ਹਾਂ ਬਚਨਾਂ ਨਾਲ ਦਿੱਤਾ ਪਰੰਤੂ ਇਹ ਸਤਰਾਂ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਹੀਂ ਹਨ:

'ਗੁਰੂ ਸਬਦਿ ਦੀਖਿਆ ਮਹਿ ਸਹਜਿ ਗਹਨੰ।। ਪੰਰ ਇੰਦ੍ਰੀ ਦਿਲਿ ਅਟਲ ਰਹਨੰ।।

ਦਿਸਟਿ ਬੰਧਿ ਭਰਮਤਾ ਰਹੀਅੰ।। ਦਸ ਹੀ ਦੁਆਰੇ ਤਾਲੇ ਚੜੀਅੰ।।

ਅਠ ਸਠਿ ਹਾਟ ਤਾੜ ਕਰਨੰ।। ਲਾਇ ਲੰਗੋਟੀ ਜਰਾ ਨਾ ਮਰਨੰ।।

ਫਹਰਿ ਲੰਗੋਟੀ ਰਹੈ ਇਕੇਲਾ।। ਉਲਟਿ ਲਬਿ ਕਾ ਪੀਵੈ ਉਵਾ ਜਲਾ।।

ਬਿਲੰਦ ਮਤਿ ਗੁਰ ਹਿਰਿ ਛੋਟੀ।। ਇਹੁ ਜੁਗਤਿ ਨਾਨਕ ਪਹਿਰਿਬੋ ਲੰਗੋਟੀ।।'[174]

ਇਸ ਵਿਚਾਰ-ਚਰਚਾ ਵਿਚ ਵੇਸ਼-ਭੂਸ਼ਾ ਨੂੰ ਸਧਾਰਣ ਨਾ ਲੈ ਕੇ ਇਕ ਵਿਸ਼ੇਸ਼ ਪੱਧਤੀ ਦੇ ਪ੍ਰਸੰਗ ਵਿਚ ਪੇਸ਼ ਕੀਤਾ ਗਿਆ ਹੈ ਜਿਸ ਨਾਲ ਸ਼ੇਖ ਸ਼ਰਫ ਨੂੰ ਇਕ ਡੂੰਘੇ ਅਧਿਆਤਮਕ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਅੰਤ ਵਿਚ ਪੀਰ ਗੁਰੂ ਸਾਹਿਬ ਦੁਆਰਾ ਦਿੱਤੇ ਅਧਿਆਤਮਕ ਗਿਆਨ ਤੋਂ ਖੁਸ਼ ਹੋ ਕੇ ਉਨਾਂ ਨੂੰ 'ਵਾਹੁ ਵਾਹੁ ਖੁਦਾਇ ਦਿਆ ਸਹੀ ਕਰਨਿ ਵਾਲਿਆਂ ਦਾ ਕਿਆ ਸਹੀ ਕੀਚੈ, ਉਨਕਾ ਦੀਦਾਰੁ ਹੀ ਬਹੁਤੁ ਹੈ', ਨਾਲ ਸੰਬੋਧਨ ਕਰਦਾ ਹੈ। ਅਧਿਆਤਮਕ ਜਗਤ ਵਿਚ ਅਜਿਹੇ ਵਿਚਾਰ ਕੋਈ ਪ੍ਰਤਿਭਾਵਾਨ ਵਿਅਕਤੀ ਹੀ ਉਚਾਰ ਸਕਦਾ ਹੈ। ਇਸ ਗੋਸ਼ਟਿ ਵਿਚਲਾ ਸੰਵਾਦ ਅਧਿਆਤਮਕਤਾ ਤੋਂ ਪਾਰ ਮਾਨਵਵਾਦੀ ਚਿੰਤਨ ਦੀ ਵੀ ਸਾਖੀ ਭਰਦਾ ਹੈ।

**ਮੀਆਂ ਮਿੱਠਾ ਨਾਲ ਗੋਸ਼ਟਿ** : ਇਸ ਗੋਸ਼ਟਿ ਵਿਚ ਗੁਰੂ ਸਾਹਿਬ ਨੂੰ ਮੀਆਂ ਮਿੱਠਾ ਨਾਲ ਅਧਿਆਤਮਕ ਚਰਚਾ ਕਰਦੇ ਦਿਖਾਇਆ ਗਿਆ ਹੈ ਜੋ ਪਸਰੂਰ ਦੇ ਕੋਲ ਇਕ ਨਗਰ ਕੋਟਲੇ ਦਾ ਫਕੀਰ ਸੀ। ਇਸ ਗੋਸ਼ਟਿ ਦੇ ਤਿੰਨ ਭਾਗ ਹਨ, ਪਹਿਲੇ ਵਿਚ ਮੀਆਂ ਮਿੱਠਾ ਨੂੰ 'ਹੰਕਾਰੀ' ਰੂਪ ਵਿਚ ਦਿਖਾਇਆ ਗਿਆ ਹੈ ਜੋ ਇਹ ਕਹਿੰਦਾ ਹੈ ਕਿ 'ਜੇ ਅਸਾਨੋ ਮਿਲੈਗਾ ਤਾਂ ਇਉਂ ਤਾਰਿ ਲੈਂਹਿਗਿ ਜਿਉਂ ਦੁਧ ਉਪਰਹੁ ਮਲਾਈ ਤਾਰਿ ਲਈਦੀ ਹੈ'। ਗੁਰੂ ਸਾਹਿਬ ਵੀ ਉਸ ਦੀ ਹੀ ਰਮਜ਼ ਵਿਚ ਇਸ ਦਾ ਉਤਰ ਦਿੰਦੇ ਹਨ ਕਿ : 'ਜਾ ਮਿਠਾ ਅਸਾਨੂੰ ਮਿਲੇਗਾ ਤਾਂ ਇਉ ਨਿਚੋੜ ਲੈਹਿੰਗੇ ਜਿਉਂ ਨਿੰਬੂ ਵਿਚਹੁੰ ਰਸ ਨਿਚੋੜਿ ਲਈਦਾ ਹੈ'।

ਦੂਜੇ ਭਾਗ ਵਿਚ ਮੀਆਂ ਮਿੱਠਾ ਦੀ ਗੁਰੂ ਸਾਹਿਬ ਨਾਲ ਅਧਿਆਤਮਕ ਵਿਸ਼ੇ ਤੇ ਵਿਚਾਰ-ਚਰਚਾ ਹੁੰਦੀ ਹੈ ਜੋ ਕਾਵਿ ਗੋਸ਼ਟਿ ਰਾਹੀਂ ਪ੍ਰਸਤੁਤ ਕੀਤੀ ਗਈ ਹੈ ਜਿਵੇਂ :

ਅਵਲ ਨਾਓ ਖੁਦਾਇ ਕਾ ਦੂਜਾ ਨਬੀ ਰਸੂਲ।
ਨਾਨਕ ਕਲਮਾ ਜੇ ਪੜਹਿ ਤਾ ਦਰਗਹ ਪਾਵੇ ਕਬੂਲ।

ਗੁਰੂ ਸਾਹਿਬ ਦਾ ਉਤਰ : ਅਵਲ ਨਾਓ ਖੁਦਾਇ ਕਾ ਦਰ ਦਰਵਾਨ ਰਸੂਲ॥
ਸੇਖਾ ਨੀਅਤ ਰਾਸਿ ਕਰਿ ਤਾਂ ਦਰਗਹਿ ਪਵਹਿ ਕਾਬੂਲੁ॥[175]

ਇਸੇ ਭਾਗ ਵਿਚ ਹੀ ਗੁਰੂ ਸਾਹਿਬ ਨੇ ਕੁਰਾਨ, ਦਰਵੇਸ਼ੀ, ਰੋਜ਼ਾ ਅਤੇ ਨਮਾਜ਼ ਆਦਿ ਸ਼ਰਾਂ ਦੀਆਂ ਰਮਜ਼ਾ ਉਤੇ ਚਾਨਣਾ ਪਾਇਆ ਅਤੇ ਗੁਰਮਤਿ ਵਿਚਾਰਧਾਰਾ ਦੀ ਦ੍ਰਿਸ਼ਟੀ ਤੋਂ ਇਸ ਦੀ ਵਿਆਖਿਆ ਕੀਤੀ ਹੈ।

ਇਸ ਗੋਸ਼ਟਿ ਦਾ ਤੀਜਾ ਭਾਗ 'ਕਰਾਮਾਤ' ਚਿੰਤਨ ਵਲ ਰੁਚਿਤ ਹੈ। ਮੀਆਂ ਮਿੱਠਾ ਕਹਿੰਦਾ ਹੈ, 'ਹਿਕ ਨਾਮ ਕੈਸਾ ਹੈ?' ਤਬ ਬਾਬੇ ਆਖਿਆ: 'ਸੇਖ ਮਿਠਾ! ਹਿਕ ਨਾਵੈ ਦੀ ਕੀਮਤਿ ਕਿਸ ਨਉ ਆਈ ਹੈ?' ਤਾਂ ਸੇਖ ਮਿਠੇ ਆਖਿਆ : 'ਜੀ ਮਿਹਰ ਕਰਿ ਦਸਿ'। ਤਬ ਬਾਬੇ ਸੇਖ ਮਿਠੇ ਕੀ ਬਾਂਹ ਪਕੜੀ, ਗੋਸੇ ਲੈ ਗਇਆ। ਤਬ ਬਾਬੇ ਆਖਿਆ: 'ਸੇਖ ਮਿਠਿਆ! ਇਕੁ ਨਾਮੁ ਖੁਦਾਇ ਕਾ ਸੁਣਥਾ'। ਤਾਂ ਬਾਬਾ ਬੋਲਿਆ : 'ਅਲਹ'।[176]

ਇੰਨਾਂ ਕਹਿਣ ਤੇ ਹੀ ਮੀਆਂ ਮਿੱਠਾਂ ਦੇਖਦਾ ਹੈ ਕਿ ਉਥੇ ਕੇਵਲ ਇਕ ਮੁੱਠੀ ਭਸਮ ਦੀ ਹੀ ਰਹਿ ਗਈ ਮੀਆਂ ਮਿੱਠਾਂ ਨੇ ਗੁਰੂ ਸਾਹਿਬ ਦੇ ਪੈਰ ਚੁੰਮੇ ਅਤੇ ਗੁਰੂ ਸਾਹਿਬ ਉਥੋਂ ਵਿਦਾ ਹੋਏ। ਗੁਰੂ ਨਾਨਕ ਦੇ ਸੰਪਰਕ ਵਿਚ ਹਿੰਦੂ, ਮੁਸਲਮਾਨ, ਜੋਗੀ, ਸੰਨਿਆਸੀ ਅਤੇ ਜਤੀ-ਸਤੀ ਆਦਿ ਆਉਂਦੇ ਹਨ, ਗੁਰੂ ਸਾਹਿਬ ਉਹਨਾਂ ਦੀ ਧਰਮ ਸਾਧਨਾਂ ਦੀ ਆਲੋਚਨਾ ਕਰਦੇ ਹਨ ਪਰੰਤੂ ਉਹਨਾਂ ਦੇ ਚਿੰਤਨ ਦਾ ਪਾਸਾਰ ਵੱਖਰਾ ਹੈ ਇਸ ਸੰਦਰਭ ਵਿਚ ਡਾ. ਕਵਲਜੀਤ ਗਰੋਵਰ ਦੇ ਵਿਚਾਰ ਗੋਲਣਯੋਗ ਹਨ- 'ਗੁਰੂ ਨਾਨਕ ਸਾਹਿਬ ਦੀ ਕਰਾਮਾਤ ਦਾ ਮੂਲ ਸੋਮਾ ਦੈਵੀ ਹੈ। ਖੁਦ ਪਰਮਾਤਮਾ ਹੈ, ਜਦਕਿ ਵਿਰੋਧੀ ਧਿਰਾਂ ਦੀ ਕਰਾਮਾਤ ਪਰਾਸਰੀਰਕ ਜਾਂ ਜਾਦੂਈ ਸ਼ਕਤੀਆਂ ਦਾ ਸਿੱਟਾ ਹੈ। ਉਨ੍ਹਾਂ ਦੀਆਂ ਕਰਾਮਾਤਾਂ ਵਿਸ਼ਾਲ ਅਧਿਆਤਮਕ ਮੰਡਲ ਤੋਂ ਹੇਠਲੇ ਪੱਧਰ ਦੀਆਂ ਮਾਮੂਲੀ ਸ਼ਕਤੀਆਂ ਨਾਲ ਸੰਬੰਧਿਤ ਹਨ। ਗੁਰੂ ਨਾਨਕ ਦਾ ਪ੍ਰੋਗਰਾਮ ਇਕੋ ਰੱਬ ਦੀ ਹੋਂਦ ਨੂੰ ਦ੍ਰਿੜ ਕਰਾਉਣਾ ਸੀ ਜਦ ਕਿ ਬਾਕੀ ਦੇ ਲੋਕ ਕਈ ਤਰ੍ਹਾਂ ਦੇ ਕਰਮਕਾਂਡਾਂ ਤੇ ਛੋਟੀਆਂ ਛੋਟੀਆਂ ਖੇਡਾਂ ਵਿਚ ਫਸੇ ਹੋਏ ਦਿਖਾਈ ਦੇਂਦੇ ਹਨ। ਗੁਰੂ ਨਾਨਕ ਸਾਹਿਬ ਜਿਸ ਵਿਸ਼ਾਲ ਸ਼ਕਤੀ ਦੀਆਂ ਕੁਝ ਕਰਾਮਾਤਾਂ ਨੂੰ ਪੇਸ਼ ਕਰਦੇ ਹਨ ਉਸ ਦੇ ਸਾਹਮਣੇ ਸਿਧਾਂ, ਪੀਰਾਂ ਫਕੀਰਾਂ ਦੀਆਂ ਮਾਮੂਲੀ ਜਾਦੂ-ਸ਼ਕਤੀਆਂ ਇਕ ਮੰਤਵਹੀਨ ਤੇ ਛੋਟੀ ਜਿਹੀ ਖੇਡ ਬਣ ਕੇ ਰਹਿ ਜਾਂਦੀਆਂ ਹਨ। ਉਹ ਸਵੈ ਹਿਤ ਲਈ ਕਰਾਮਾਤ ਦਿਖਾਉਂਦੇ ਹਨ ਜਦਕਿ ਗੁਰੂ ਨਾਨਕ ਸਾਹਿਬ ਦਾ

ਮੰਤਵ ਕਿਸੇ ਤਰ੍ਹਾਂ ਦਾ ਸਵੈ ਹਿਤ ਨਹੀਂ। ਉਹ ਰਬੀ ਸ਼ਕਤੀਆਂ ਦੇ ਪ੍ਰਭਾਵ ਨੂੰ ਵਿਅੰਜਤ ਕਰਨ ਲਈ ਕੋਈ ਕਰਾਮਾਤ ਸਹਿਜ ਰੂਪ ਵਿਚ ਵਾਪਰਦੀ ਹੋਈ ਦਰਸਾਉਂਦੇ ਹਨ ਜਾਂ ਇੰਞ ਕਹਿ ਲਓ ਕਿ ਕਰਾਮਾਤ ਸਹਿਜ ਰੂਪ ਵਿਚ ਇੰਞ ਵਾਪਰ ਜਾਂਦੀ ਹੈ।'[177]

**ਆਦਿ ਸਾਖੀਆਂ 'ਜਨਮਪਤ੍ਰੀ ਬਾਬੇ ਨਾਨਕ ਜੀ ਕੀ' ਵਿਚਲੀਆਂ ਗੋਸ਼ਟਾਂ :**

ਜਨਮਪਤ੍ਰੀ ਬਾਬੇ ਨਾਨਕ ਜੀ ਕੀ (ਸ਼ੰਭੂ ਨਾਥ ਵਾਲੀ ) ਜਾਂ 'ਆਦਿ ਸਾਖੀਆਂ' ਇਕੋ ਹੀ ਜਨਮਸਾਖੀ ਦੀ ਗਵਾਹੀ ਭਰਦੀਆਂ ਹਨ। ਅਸਲ ਵਿਚ ਇਸ ਜਨਮਸਾਖੀ ਦਾ ਨਾਂ 'ਜਨਮਪਤ੍ਰੀ ਬਾਬੇ ਜੀ ਕੀ' ਹੈ, ਪਰੰਤੂ ਡਾ. ਮੋਹਨ ਸਿੰਘ ਹੋਰਾਂ ਨੇ ਇਸ ਜਨਮਸਾਖੀ ਨੂੰ 'ਆਦਿ ਸਾਖੀਆਂ' ਸਿਰਲੇਖ ਹੇਠ ਸੰਕਲਿਤ ਕੀਤਾ ਹੈ। ਸ਼ਾਇਦ ਉਹ ਇਸ ਦੇ ਆਰੰਭ ਵਿਚ ਆਈ ਟੂਕ ਤੋਂ ਪ੍ਰਭਾਵਿਤ ਹੋਏ ਹਨ–

ਬਾਬੇ ਕੀਆ ਸਾਖੀਆਂ ਆਦਿ ਤੇ ਲੈ ਕਰਿ ਚਲੀਆ।

ਸੰਭਵ ਹੈ ਕਿ ਇਸ ਟੂਕ ਤੋਂ ਹੀ ਉਨ੍ਹਾਂ ਨੇ ਇਸ ਜਨਮਸਾਖੀ ਦਾ ਨਾਂ ਤਜ਼ਵੀਜ ਕੀਤਾ ਹੋਵੇ। ਇਸ ਜਨਮਸਾਖੀ ਨੂੰ ਪਹਿਲੀ ਵਾਰ ਡਾ. ਪਿਆਰ ਸਿੰਘ ਨੇ 1969 ਈ. ਵਿਚ ਸੰਪਾਦਿਤ ਕੀਤਾ। ਇਸ ਜਨਮਸਾਖੀ ਦੀ ਹੋਂਦ ਦਾ ਜ਼ਿਕਰ ਡਾ. ਮੋਹਨ ਸਿੰਘ ਦੀਵਾਨਾ ਨੇ 'ਏ ਹਿਸਟਰੀ ਆਫ ਪੰਜਾਬੀ ਲਿਟਰੇਚਰ' ਵਿਚ ਸਭ ਤੋਂ ਪਹਿਲਾਂ ਕੀਤਾ। ਡਾ. ਪਿਆਰ ਸਿੰਘ ਅਨੁਸਾਰ– 'ਆਦਿ ਸਾਖੀਆਂ' ਅਸਲੀ ਨਾ 'ਜਨਮਪਤ੍ਰੀ ਬਾਬੇ ਜੀ ਕੀ', ਨਾਲੋਂ ਪੜ੍ਹਨਾਂ ਸੌਖਾ ਹੈ ਤੇ ਹੋਰਨਾਂ ਜਨਮਸਾਖੀਆਂ ਦੀਆਂ ਪਰੰਪਰਾਵਾਂ ਵਿਚ ਵੀ ਵਰਤਿਆ ਮਿਲਦਾ ਹੈ। ਇਸ ਕਾਰਣ ਵਿਖੇਪਤਾ ਸੰਭਵ ਨਹੀਂ ਇਸ ਦੇ ਉਲਟ, 'ਆਦਿ ਸਾਖੀਆਂ ਵਾਲਾ ਨਾਂ ਇਸ ਵਕਤ ਤਕ ਪੰਜਾਬੀ ਸਾਹਿਤ ਦੀਆਂ ਪੁਸਤਕਾਂ ਵਿਚ ਚਲ ਚੁਕਾ ਹੈ ਤੇ ਇਸ ਨਾਲ ਕੁਝ ਸਾਹਿਤ ਵੀ ਜੁੜ ਚੁਕਾ ਹੈ। ਸੋ, ਅਸੀਂ ਇਸ ਨੂੰ ਇਸੇ ਨਾਂ ਨਾਲ ਯਾਦ ਕਰਨਾ ਉਚਿਤ ਸਮਝਿਆ ਹੈ।'[178]

ਆਦਿ ਸਾਖੀਆਂ ਜਨਮਸਾਖੀ ਵਿਚ ਕੁਲ 30 ਸਾਖੀਆਂ ਹਨ, ਪਰ ਕਈ ਥਾਵਾਂ ਤੇ ਇਕ ਸਾਖੀ ਦੇ ਨਾਲ ਇਕ ਤੋਂ ਵਧ ਸਾਖੀਆਂ ਵੀ ਜੁੜੀਆਂ ਹੋਈਆਂ ਹਨ, ਜੇਕਰ ਇਨ੍ਹਾਂ ਸਾਖੀਆਂ ਨੂੰ ਨਿਖੇੜ ਕੇ ਦੇਖੀਏ ਤਾਂ ਇਨ੍ਹਾਂ ਦੀ ਗਿਣਤੀ 51 ਦੇ ਨੇੜੇ ਹੋ ਜਾਂਦੀ ਹੈ। ਆਦਿ ਸਾਖੀਆਂ ਵਿਚਲੀਆਂ ਸਾਖੀਆਂ ਦੀ, ਪੁਰਾਤਨ ਜਨਮਸਾਖੀ (ਸੰਪਾ.) ਭਾਈ ਵੀਰ ਸਿੰਘ ਨਾਲ ਤੁਲਨਾ ਕਰੀਏ ਤਾਂ ਪਤਾ ਲੱਗਦਾ ਹੈ ਕਿ

ਇਸ ਵਿਚਲੀਆਂ ਅਠਾਰਾਂ ਸਾਖੀਆਂ (ਨੰਬਰ 2, 3, 4, 5, 6, 7, 8, 10, 11, 12, 14, 16, 17, 18, 19, 20, 21, ਅਤੇ 23) ਉਪਰੋਕਤ ਸਾਖੀ ਪਰੰਪਰਾ ਨਾਲ ਰਲਦੀਆਂ ਹਨ। ਇਸ ਜਨਮਸਾਖੀ ਵਿਚ ਕੇਵਲ ਚਾਰ ਗੋਸ਼ਟਾਂ ਸੰਕਲਿਤ ਕੀਤੀਆਂ ਮਿਲਦੀਆਂ ਹਨ ਜਿਨ੍ਹਾਂ ਦਾ ਅਧਿਐਨ ਸਾਡੇ ਖੋਜ-ਪ੍ਰਬੰਧ ਦਾ ਵਿਸ਼ਾ ਹੈ।

**ਪਾਂਧੇ ਨਾਲ ਗੋਸ਼ਟਿ** : ਪਾਂਧੇ ਨਾਲ ਗੁਰੂ ਸਾਹਿਬ ਦੀ ਸੰਵਾਦ ਚਰਚਾ ਉਦੋਂ ਆਰੰਭ ਹੁੰਦੀ ਹੈ ਜਦੋਂ ਸਤ ਵਰ੍ਹਿਆਂ ਦੀ ਉਮਰ ਵਿਚ ਪਿਤਾ ਕਾਲੂ ਆਪਣੇ ਪੁੱਤਰ, ਨਾਨਕ ਨੂੰ ਪਾਂਧੇ ਕੋਲ ਪੜ੍ਹਨ ਦਾ ਮਨ ਬਣਾ ਲੈਂਦਾ ਹੈ। ਪਾਂਧਾ ਸ਼ੁਭ ਮਹੂਰਤ ਦੇਖ ਕੇ ਟਿੱਕਾ ਚਾਵਲ ਸੁਪਾਰੀ ਆਦਿ ਦੀ ਦਖਣਾ ਪ੍ਰਾਪਤ ਕਰਕੇ, ਨਾਨਕ (ਗੁਰੂ ਨਾਨਕ ਦੇਵ ਜੀ) ਨੂੰ ਆਪਣੇ ਕੋਲ ਪੜ੍ਹਨ ਲਈ ਰੱਖਦਾ ਹੈ। ਪਾਂਧਾ ਗੁਰੂ ਸਾਹਿਬ ਨੂੰ ਪਟੀ ਲਿਖ ਕੇ ਦਿੰਦਾ ਹੈ ਅਤੇ ਗੁਰੂ ਸਾਹਿਬ ਚੁਪ ਕਰ ਬੈਠੇ ਰਹਿੰਦੇ ਹਨ। ਪਾਧਾਂ ਗੁਰੂ ਸਾਹਿਬ ਨੂੰ ਪੁਛਦਾ ਹੈ ਕਿ

> 'ਨਾਨਕ ਤੂੰ ਪੜਦਾ ਕਿਉ ਨਾਹੀ'॥

ਇਥੇ ਗੁਰੂ ਸਾਹਿਬ ਵਲੋਂ ਪਾਂਧੇ ਨੂੰ ਕੀਤਾ ਪ੍ਰਸ਼ਨ ਨਾਟਕੀ ਹੈ :

> 'ਤਬ ਨਾਨਕ ਕਹਿਆ ਪਾਧਾ ਤੂੰ ਕਿਛੁ ਆਪਿ ਭੀ ਪੜਿਆ ਹੈ ਜੋ ਮੇਰੇ ਤਾਈ ਪੜਾਇਦਾ ਹੈ'॥
>
> ਤਬ ਪਾਧੇ ਕਹਿਆ ਹਉ ਸਭ ਕਿਛੁ ਪੜਿਆ ਹਾਂ॥
>
> ਬੇਦ ਸਾਸਤ ਹਿਸਾਬ ਕਿਤਾਬੁ ਸਭ ਕਿਛੁ ਪੜਿਆ ਹਾ॥
>
> ਤਬ ਬਾਬੇ ਨਾਨਕ ਕਹਿਆ ਪਾਧਾ ਏਨੀ ਪੜੀ ਗਲੀ ਫਾਹੇ ਪਉਦੇ ਹੈ/ਨਿ॥
>
> ਇਹੁ ਜੁ ਪੜਨਾ ਹੈ ਸੁ ਸਭ ਬਾਦ ਹੈ॥
>
> ਤਾ ਬਾਬੇ ਸਬਦ ਉਠਾਇਆ॥
>
> ਰਾਗ ਸਿਰੀ ਰਾਗ॥
>
> ਜਾਲਿ ਮੋਹਿ ਘਸਿ ਮਸਿ ਕਰਿ ਮਤਿ ਕਾਗਦੁ ਕਰਿ ਸਾਰੁ॥
>
> ਭਉ ਕਲਮੁ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖਿ ਬੀਚਾਰੁ॥

ਲਿਖੁ ਸਿਫਤਿ ਸਾਲਾਹ ਲਿਖੁ ਲਿਖੁ ਅੰਤ ਨ ਪਾਰਾਵਾਰੁ॥

ਪੜਿਆ ਏਹੁ ਲੇਖਾ ਲਿਖਿ ਜਾਣੁ॥

ਜਿਥੈ ਲੇਖਾ ਮੰਗੀਐ ਹੋਇ ਸਚਾ ਨੀਸਾਣੁ॥[179]

ਉਪਰੋਕਤ ਕਾਵਿ-ਤੁਕਾਂ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ-ਤੁਕਾਂ ਨਾਲ ਮੇਲ ਨਹੀਂ ਖਾਂਦੀਆਂ ਹਨ। ਗੋਸ਼ਟਿਕਾਰ ਨੇ ਇਨ੍ਹਾਂ ਤੁਕਾਂ ਵਿਚ ਆਪਣੇ ਪੱਧਰ ਤੇ ਕੁਝ ਅਦਲਾ ਬਦਲੀ ਕਰ ਦਿੱਤੀ ਹੈ। ਸੰਵਾਦ ਚਰਚਾ ਵਿਚ ਗੁਰੂ ਸਾਹਿਬ ਅਧਿਆਤਮਕ ਗਿਆਨ ਦੀ ਗਲ ਕਰਦੇ ਹਨ ਅਤੇ ਪਾਂਧਾ ਦੁਨਿਆਵੀਂ ਗਿਆਨ ਦੀ ਗਲ ਕਰਦਾ ਹੈ। ਪਾਂਧੇ ਦਾ ਦੁਨਿਆਵੀ ਗਿਆਨ ਗੁਰੂ ਸਾਹਿਬ ਦੇ ਅਧਿਆਤਮਕ ਗਿਆਨ ਦੇ ਟਾਕਰੇ 'ਚ ਫਿਕਾ ਪੈ ਜਾਂਦਾ ਹੈ ਅਤੇ ਪਾਂਧਾ ਗੁਰੂ ਸਾਹਿਬ ਦੁਆਰਾ ਦਿੱਤੇ ਅਧਿਆਤਮਕ ਗਿਆਨ ਅੱਗੇ ਝੁਕ ਜਾਂਦਾ ਹੈ। ਗੁਰੂ ਸਾਹਿਬ ਦਾ ਅਧਿਆਤਮਕ ਗਿਆਨ ਅਨੁਸਾਰ ਇਸ ਕਲਮ ਨਾਲ ਪ੍ਰਭੂ ਦੀ ਸਿਫਤ ਸਲਾਹ ਲਿਖਣੀ ਚਾਹੀਦੀ ਹੈ ਜਿਸ ਦੇ ਲਿਖਣ ਨਾਲ ਸਭ ਵਿਕਾਰ ਦੂਰ ਹੋ ਜਾਂਦੇ ਹਨ।

ਉਪਰੋਕਤ ਗੋਸ਼ਟਿ ਵਿਚ ਮੁਖ ਨਾਇਕ ਗੁਰੂ ਨਾਨਕ ਦੇਵ ਜੀ ਖੁਦ ਹਨ ਇਸ ਗੋਸ਼ਿਟ ਰਾਹੀਂ ਗੁਰੂ ਨਾਨਕ ਤੱਤਕਾਲੀ ਵਿਦਿਅਕ ਪ੍ਰਣਾਲੀ ਨੂੰ ਤਰਕ ਨਾਲ ਰੱਦ ਕਰਦੇ ਹਨ। ਇਹ ਤਰਕ ਪੂਰਣ ਗੋਸ਼ਟਿ ਇਕ ਪਾਸੇ ਅਧਿਆਤਮਕ ਗਿਆਨ ਦੀ ਗੱਲ ਕਰਦੀ ਹੈ ਦੂਜੇ ਪਾਸੇ ਨਾਨਕ (ਗੁਰੂ ਨਾਨਕ) ਦਾ ਨਵੀਆਂ ਲੀਹਾਂ ਪਾਉਣ ਵਾਲਾ ਚਰਿਤਰ ਵੀ ਪੇਸ਼ ਹੁੰਦਾ ਹੈ। ਇਸ ਤਰ੍ਹਾਂ ਗੋਸ਼ਟਿਕਾਰ ਨਾਇਕ (ਗੁਰੂ ਨਾਨਕ) ਦੀ ਚੱਰਿਤਰ ਉਸਾਰੀ ਕਰਦੇ ਹਨ ਅਤੇ ਗੁਰੂ ਨਾਨਕ ਦੀ ਬਚਪਨ ਵਾਲੀ ਕਾਵਿ ਸੂਝ ਤੋਂ ਵਧੇਰੇ ਉਨ੍ਹਾਂ ਦੀ ਅਧਿਆਤਮਕ ਅਤੇ ਦਾਰਸ਼ਨਿਕ ਮਸਲਿਆਂ ਬਾਰੇ ਸੂਖਮ ਅਤੇ ਤਰਕ ਪੂਰਣ ਪਹੁੰਚ ਨੂੰ ਦ੍ਰਿਸ਼ਟੀਗੋਚਰ ਕਰਦਾ ਹੈ।

**ਗੋਸ਼ਟਿ ਵੈਦ ਨਾਲ :** 'ਆਦਿ ਸਾਖੀਆਂ' ਪੁਸਤਕ ਵਿਚ ਵੈਦ ਨਾਲ ਹੋਈ ਗੋਸ਼ਟਿ ਦਾ ਸੰਖੇਪ ਵੇਰਵਾ ਇਸ ਤਰ੍ਹਾਂ ਦਿੱਤਾ ਹੈ : 'ਤਿਸ ਗਲ ਤੇ ਜੋ ਬਾਬਾ ਪਇ ਰਹਿਆ ਸੋ ਕਿਸੈ ਨਾਲਿ ਨਾ ਬੋਲੈ॥ ਅਤੈ ਨਾ ਕਿਛੁ ਖਾਇ॥ ਪਇਓ ਰਹੈ॥ ਮਹੀਨੇ ਚਾਰਿ ਗੁਦਰ ਗਏ॥ ਦਾਦੇ ਕਾਲੂ ਆਖਿਆ ਭਾਈ ਏਹੁ ਗਲਾ

ਕਰਦਾ ਹੈ ਏਸੁ ਲੋਇ ਦੀਆਂ ਨਾਹੀ/ਕਰਦਾ॥ ਚੁਪ ਕਰ ਰਹਿਆ ਦਾਦਾ ਕਾਲੂ॥ ਤਾ ਪਿਛੈ ਪਰਵਾਰ ਦੇ ਲੋਕ ਆਖਿਨ ਵੇ ਭੋਲਿਆ ਏਹੁ ਤੇਰਾ ਪੁਤ ਪਇਆ ਰਹਦਾ ਹੈ॥ ਮਹੀਨੇ ਚਾਰਿ ਗੁਦਰ ਗਏ ਕਿਹੁ ਖਾਦਾ ਨਾਹੀ ਪਇਓ ਰਹਦਾ ਹੈ ਤੂੰ ਏਸ ਨੋ ਕਿਸੇ ਵੈਦ ਵਾਈ ਨੋ ਵਿਖਾਲਿ'॥ ਕਿਹੁ ਇਲਾਜ ਕਰਿ ਤੇਰਾ ਪੁਤੁ ਹੈ॥ ਏਸ ਦਾ ਰੋਗ ਜਾਏ॥ ਤਾ ਦਾਦੇ ਕਾਲੂ ਵੈਦ ਸਦਿ ਆਦਾ॥ ਵੈਦ ਆਇ ਕਰਿ ਬਾਬੇ ਦੀ ਬਾਹ ਪਕੜੀ॥ ਜਾ ਬਾਹ ਪਕੜੀ ਤਾ ਬਾਬਾ ਬਾਹ ਛੁਡਾਇ ਕਰਿ ਉਠਿ ਬੈਠਾ॥ ਵੈਦ ਨੋ ਲਗਾ ਆਖਣ ਜੋ ਆਖੁ ਕਿ ਆਖਦਾ ਹੈ॥ ਉਥੈ ਸਲੋਕ/ਕਹਿਆ ਬਾਬੇ॥ ਸਲੋਕ॥

ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ॥
ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ॥੧॥
ਵੈਦਾ ਵੈਦੁ ਸੁਵੈਦੁ ਤੂ ਪਹਿਲਾਂ ਰੋਗੁ ਪਛਾਣੁ॥
ਐਸਾ ਦਾਰੂ ਲੋੜਿ ਲਹੁ ਜਿਤੁ ਵੰਞੇ ਰੋਗਾ ਘਾਣਿ॥[180]

ਉਪਰੋਕਤ ਗੋਸ਼ਟਿ ਵਿਚ ਮੁਖ ਤੌਰ ਤੇ ਚਾਰ ਪਾਤਰ ਹਨ ਗੁਰੂ ਨਾਨਕ ਦੇ ਦਾਦਾ ਜੀ, ਪਿਤਾ ਜੀ, ਵੈਦ ਅਤੇ ਖੁਦ ਗੁਰੂ ਸਾਹਿਬ, ਪਰੰਤੂ ਗੋਸ਼ਟਿ ਵਿਚਲਾ ਆਧਿਆਤਮਕ ਸੰਵਾਦ ਕੇਵਲ ਵੈਦ ਅਤੇ ਗੁਰੂ ਨਾਨਕ ਵਿਚਾਲੇ ਹੁੰਦਾ ਹੈ। ਇਸ ਗੋਸ਼ਟਿ ਵਿਚ ਗੋਸ਼ਟਿਕਾਰ ਬਾਣੀ ਦੀ ਸਹਾਇਤਾ ਨਾਲ ਗੁਰੂ ਨਾਨਕ ਦਾ ਉਚਾ ਅਤੇ ਸੁਚਾ ਅਧਿਆਤਮਕ ਚਰਿਤਰ ਤਰਕ ਦੁਆਰਾ ਪੇਸ਼ ਕਰਦਾ ਹੈ। ਇਸ ਗੋਸ਼ਟਿ ਦੇ ਅੰਤ ਵਿਚ ਗੋਸ਼ਟਿਕਾਰ ਵੈਦ ਦੇ ਮੂਹੋਂ ਇਹ ਉੱਤਰ ਦਿੰਦਾ ਹੈ 'ਤਾ ਵੈਦ ਆਖਿਆ ਤੁਸੀ ਨਾਹੀ ਜਾਣਦੇ ਏਸ ਨੋ ਰੋਗੁ ਕੋਈ ਨਾਹੀ ਏਸ ਨੋ ਪਰਮੇਸਰ ਦੀ ਮਿਹਰ ਹੈ॥ ਅਤੈ ਏਹੁ ਪਰਮੇਸਰੁ ਦਾ /ਲੋਕ ਹੈ॥ ਤੁਸੀ ਕਿਹੁ ਚਿੰਤਾ ਨਾ ਕਰਹੁ॥ ਏਹ ਸੰਸਾਰ ਕੇ ਦੁਖ ਨਿਵਾਰਣਹਾਰ ਹੈ॥ ਏਸ ਨੋ ਦੁਖ ਕਿ ਲਗੈ॥ ॥[181]

ਵੈਦ ਦਾ ਗੁਰੂ ਨਾਨਕ ਨੂੰ ਇਹ ਕਹਿਣਾ ਕਿ ਇਹ ਪਰਮੇਸਰ ਦਾ ਲੋਕ ਹੈ ਅਤੇ ਸੰਸਾਰ ਦੇ ਦੁਖ ਨਿਵਾਰਣਹਾਰ ਹੈ, ਗੋਸ਼ਟਿਕਾਰ ਵੈਦ ਦੀ ਆਪਣੀ ਹੋਂਦ ਨੂੰ ਤੁਛ ਦਸ ਕੇ, ਗੁਰੂ ਨਾਨਕ ਦੇ ਬੌਧਿਕ ਅਤੇ ਸਹਿਜ ਗਿਆਨਮਈ ਚਰਿਤਰ ਦੀ ਮਹਾਨਤਾ ਨੂੰ ਦਰਸਾਉਣਾ ਹੈ। ਇਸ ਗੋਸ਼ਟਿ ਵਿਚਲੀਆਂ ਬਾਣੀ-ਤੁਕਾਂ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਗੁਰੂ ਨਾਨਕ ਵੈਦ ਦੇ ਪਾਤਰ ਰਾਹੀਂ ਲੋਕਾਈ ਨੂੰ ਅਧਿਆਤਮਕ ਸੁਨੇਹਾ ਦੇ ਰਹੇ ਹਨ। ਇਹ ਬਾਣੀ-ਤੁਕਾਂ ਤੋਂ ਇਹ ਪੂਰਨ ਭਾਂਤ ਸਪਸ਼ਟ ਨਹੀਂ ਹੁੰਦਾ ਕਿ

ਗੁਰੂ ਨਾਨਕ ਸੱਚੀ-ਮੁੱਚੀ ਵਾਰਤਾਲਾਪ ਕਰਦੇ ਹਨ ਕਿ ਨਹੀਂ, ਪਰੰਤੂ ਗੋਸ਼ਟਿਕਾਰ ਨੇ ਗੁਰਬਾਣੀ ਦੀ ਵਰਤੋਂ ਤੋਂ ਪਹਿਲਾਂ ਇਕ ਯੋਗ ਵਾਤਾਰਣ ਉਸਾਰਿਆ ਹੈ। ਇਸ ਵਾਤਾਵਰਣ ਵਿਚੋਂ ਇਕ ਪ੍ਰਸ਼ਨ ਪੈਦਾ ਹੁੰਦਾ ਹੈ ਅਤੇ ਗੁਰੂ ਨਾਨਕ ਬਾਣੀ ਰਾਹੀਂ ਇਸ ਪ੍ਰਸ਼ਨ ਦਾ ਤਸੱਲੀ ਬਖਸ਼ ਉੱਤਰ ਦਿੰਦੇ ਹਨ। ਇਸ ਗੋਸ਼ਟਿ ਵਿਚਲਾ ਸੁਨੇਹਾ ਬੌਧਿਕ ਪੱਧਰ ਉਤੇ ਵਿਚਰਦਾ ਹੋਇਆ ਅਧਿਆਤਮਕਤਾ ਨੂੰ ਜਾ ਛੂੰਹਦਾ ਹੈ।

**ਕਲਿਜੁਗ ਨਾਲ ਗੋਸ਼ਟਿ** : ਇਸ ਗੋਸ਼ਟਿ ਵਿਚ ਤਿੰਨ ਪਾਤਰ ਹਨ ਮਰਦਾਨਾ, ਗੁਰੂ ਨਾਨਕ ਤੇ ਕਲਯਗਿ। ਮਰਦਾਨਾ ਕਲਯਗਿ ਨੂੰ ਦੇਖ ਕੇ ਬਹੁਤ ਡਰ ਜਾਂਦਾ ਹੈ, ਗੋਸ਼ਟਿਕਾਰ ਮਰਦਾਨੇ ਦੇ ਡਰਾਵਣੇ ਸੁਭਾਅ ਰਾਹੀਂ ਗੁਰੂ ਨਾਨਕ ਦੇ ਅਧਿਆਤਮਕ ਚਰਿਤਰ ਨੂੰ ਉਘਾੜਦਾ ਹੈ ਇਸ ਜਨਮਸਾਖੀ ਵਿਚ ਇਸ ਗੋਸ਼ਟਿ ਦਾ ਆਰੰਭ ਇਸ ਤਰ੍ਹਾਂ ਹੈ,'ਸੇਤਬੰਧ ਰਾਮੇਸਰ/ ਕੀ ਧਰਤੀ ਅਰੁ ਉਸ ਅੰਧਿਆਰੇ ਕੀ ਧਰਤੀ ਗਏ।। ਬਾਬਾ ਜੀ ਉਥਹੁ ਭੀ ਰਵਿਆ।। ਆਵਦੇ ਆਵਦੇ ਸਮੁਦ੍ਰ ਕੀ ਛਾਲ ਜਾਇ ਪਏ।। ਜਾਦੇ ਜਾਦੇ ਕਿਤੈ ਕੁੰਡਿ ਜਾਇ ਨਿਕਲੇ।। ਅਗਹੁ ਦੇਖਨਿ ਤਾ ਕਿਆ ਜੁ ਇਕ ਵਡਾ ਪਹਾੜੁ ਅਗਹੁ ਆਵਦਾ ਹੈ।। ਅਜੇਹਾ ਡਰਾਵਣ ਚਲਿਆ ਆਵਦਾ ਹੈ।। ਤਾ ਮਰਦਾਨੇ ਆ/ਖਿਆ ਜੀ ਇਤਨੀਆਂ ਥਾਵਾਂ 'ਤੇ ਉਬਰੇ ਸੇ ਪਰੁ ਏਹ ਜਿ ਕਾਈ ਬਲਾਇ ਆਵਦੀ ਹੈ ਸੁ ਇਸ ਥਾਵਹੁ ਨਾਹੀ ਉਬਰਦੇ।। ਗੁਰੂ ਆਖਿਆ ਮਰਦਾਨਿਆ ਏਹੁ ਕਿਹੁ ਨਾਹੀ ਤੂੰ ਓਦਰ ਨਾਹੀ।। ਵਾਹਗੁਰੂ ਵਾਹਗੁਰੂ ਆਖੁ ਡਰੁ ਨਾਹੀ।। ਜਾ ਦੇਖੈ ਤਾ ਕਿਆ ਦੇਖੈ ਪਹਾੜੁ ਆਵਦਾ ਸੀ ਸੋ ਨਿਵਰਤਦਾ ਚਲਿਆ।। ਜਾ ਨੇੜੇ/ਆਇਆ ਤਾ ਨਿਵਰਤ ਕਰਿ ਮਨੁਖ ਰੂਪ ਹੋਇ ਗਇਆ।। ਬਾਬੇ ਜੀ ਨੋ ਆਇ ਮਿਲਿਆ।। ਹਥ ਅਗਨ ਮੁਖ ਮਾਸ ਸਾਰੀ ਦੇਹ ਕਚ ਦੀ ਬਾਬਾ ਦੇਖਿ ਕੈ ਹੈਰਾਨੁ ਹੋਇ ਰਹਿਆ।। ਏ ਪਾਰਬ੍ਰਹਮ ਦਿਸੈ ਰੂਪ ਆਦਮੀ ਦਾ ਅਤੈ ਦੇਹੀ ਕਚ ਦੀ ਮੁਖ ਮਾਸ ਕਾ ਅਰੁ ਹਥ ਬੈਸੰਤਰ ਇਹੁ ਰੂਪ ਕਿਆ ਹੈ।। ਏ ਪਾਰਬ੍ਰਹਮ ਪਰਮੇ/ਸਰ ਏਹੁ ਜੁ ਹੈ ਸੁ ਕਿਆ ਹੈ।। ਤਬ ਬਾਬਾ ਨਾਨਕ ਬੋਲਿਆ ਜੇ ਹੋ ਪਰਮੇਸਰ ਕੇ ਪਿਆਰੇ ਤੂੰ ਕਉਣ ਹੈ।। ਤਬ ਕਲਿਜੁਗ ਕਹਿਆ ਜਿ ਨਾਨਕ ਤੂ ਮੈਨੂ ਨਾਹੀ ਜਾਣਤਾ।। ਕਹੈ ਜੀ ਨਹੀ ਜਾਣਦਾ।। ਤਬ ਕਲਿਜੁਗ ਕਹਿਆ ਏ ਨਾਨਕ ਹਉ ਕਲਿਜੁਗ ਹਾ। ਤਬ ਬਾਬੇ ਨਮਸਕਾਰ ਕੀਆ।। ਅਗੇ ਤੇ ਕਲਿਜੁਗ ਨਮਸਕਾਰ ਕੀਆ।। ਤਬ ਕਲਿ/ਜੁਗ ਬੋਲਿਆ ਏ ਨਾਨਕ ਤੂ ਬੜਾ ਭਗਤ ਹੈ ਹਉ ਤੁਧ ਨੋ ਮਿਲਣ ਆਇਆ ਹਾ।।[182]

ਇਸ ਗੋਸ਼ਟਿ ਵਿਚ ਕਲਯਗਿ ਅਤੇ ਗੁਰੂ ਨਾਨਕ ਵਿਚਾਲੇ ਅਧਿਆਤਮਕ ਪੱਧਰ ਦਾ ਸੰਵਾਦ ਚਲਦਾ ਹੈ ਜਦੋਂ ਕਲਯੁਗਿ ਬਾਬੇ ਨਾਨਕ ਨੂੰ ਪੁਛਦੇ ਹਨ ਕਿ ਤੂੰ ਅੱਗੇ ਹੀ ਅੱਗੇ ਕਿਉਂ ਚਲਿਆ ਜਾਂਦਾ ਹੈ 'ਤੂ ਆਖੁ ਅਗਮ ਕਿਆ ਢੂਢਤਾ ਹੈ' ਅਤੇ ਗੁਰੂ ਨਾਨਕ ਜਵਾਬ ਦਿੰਦੇ ਹਨ ਕਿ ਮੈਂ ਪਰਮੇਸਰ ਨੂੰ ਢੂਢਦਾ ਹਾਂ।। ਫਿਰ ਗੁਰੂ ਨਾਨਕ ਕਲਯੁਗਿ ਨੂੰ ਪ੍ਰਸ਼ਨ ਕਰਦੇ ਹਨ ਕਿ ਤੇਰੀ ਪ੍ਰਕ੍ਰਿਤ ਕੀ ਹੈ ? ਤੇਰਾ ਅਹਾਰ ਕੀ ਹੈ ? ਇਸ ਸਵਾਲ ਦਾ ਜਵਾਬ ਗੋਸ਼ਟਿਕਾਰ ਹੇਠ ਲਿਖੇ ਸਲੋਕ ਰਾਹੀਂ ਦਿੰਦਾ ਹੈ :

ਸਤੀਆ ਸਤ ਕਰੈ ਸੋ ਛੀਜੈ ਤਪੁ ਘਰ ਤਪੁ ਨ ਹੋਈ।।
ਜੇ ਕੋਈ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ।।੧।।

ਗੋਸ਼ਟਿਕਾਰ ਕਲਯੁਗਿ ਦਾ ਮਾਨਵੀ ਕਰਣ ਕਰਦੇ ਹਨ ਅਤੇ ਕਲਯੁਗਿ ਉਪਰੋਕਤ ਸਵਾਲ ਦਾ ਜਵਾਬ ਦਿੰਦੇ ਹੋਏ ਕਹਿੰਦਾ ਹੈ ਕਿ ਇਹ ਮੇਰੀ ਸੰਸਾਰ ਉਤੇ ਸਿਕਦਾਰੀ (ਸਿਰਦਾਰੀ) ਹੈ। ਅਗੋਂ ਗੁਰੂ ਨਾਨਕ ਦੇਵ ਜੀ ਅਤੇ ਕਲਯੁਗਿ ਵਿਚਕਾਰ ਸੰਵਾਦ ਇਸ ਤਰ੍ਹਾਂ ਚਲਦਾ ਹੈ 'ਬਾ/ਬਾ ਬੋਲਿਆ ਜਿਸੁ ਸਿਕਦਾਰੀ ਤਿਸਹਿ ਖੁਆਰੀ ਚਾਕਰ ਕੇਹਾ ਡਰਣਾ।। ਜਾ ਸਿਕਦਾਰੈ ਪਵਨਿ ਜੰਜੀਰੀ ਤਾ ਚਾਕਰ ਹਥਹੁ ਮਰਣਾ।। ਬਾਬੇ ਕਹਿਆ ਤੂੰ ਸਿਕਦਾਰ ਹੈ ਅਸੀ ਚਾਕਰ ਹਾ।। ਤੁਧ ਸਿਕਦਾਰੀ ਕਮਾਈ ਦਾ ਲੇਖਾ ਦੇਣਾ ਹੈ।। ਜਾ ਤੂ ਲੇਖੇ ਨੋ ਫੜੀਅਹਿਗਾ ਤਾ ਹਵਾਲੇ ਚਾਕਰਾ ਦੇ ਹੋਇਗਾ।। ਤੁਧੁ ਥਾਵਹੁ ਹਿਸਾਬੁ ਅਸਾਹਾ ਲੈਣਾ ਹੈ।। ਤਾ ਕਲਿਜੁਗ/ਆਇ ਪੈਰੀ ਪਇਆ।। ਹਥ ਜੋੜ ਖਲਾ ਹੋਇਆ।। ਤਾ ਬੋਲਿਆ ਜੀ ਮੇਰੀ ਅਰਦਾਸਿ ਹੈ।। ਬਾਬੇ ਜੀ ਆਖਿਆ ਆਖੁ ਜਿ ਤੇਰੇ ਜੀ ਹੈ।। ਤਾ ਕਲਿਜੁਗ ਆਖਿਆ ਜੀ ਹਉ ਜਿ ਤੇਰੇ ਪਾਸਿ ਆਇਆ ਹਾ ਸੁ ਇਤੇ ਵਾਸਤੇ ਆਇਆ ਹਾ।। ਤੂ ਕਰਤੇ ਪੁਰਖ ਕਾ ਵਜੀਰ ਹੈ।। ਮੈ ਤੇਰੇ ਵਸਿ ਪਉਣਾ ਹੈ।। ਤੂ ਉਤ ਵੇਲੇ ਮੇਰਾ ਖਸਮਾਨਾ ਕਰੇ।। ਗੁਰੂ ਬਾਬੇ ਆਖਿਆ/ਤੂੰ ਖਾਤਰ ਜਮਾ ਕਰਿ ਤੇਰਾ ਖਸਮਾਨਾ ਕਰਾਗਾ।। ਤਾ ਕਲਿਜੁਗ ਆਖਿਆ ਮੇਰੇ ਮਨ ਕਿਉਕਰਿ ਪਰਤੀਤਿ ਆਵੈ।। ਜੇ ਕਿਛੁ ਮੇਰੀ ਭੇਟ ਲਈਐ ਤਾ ਹਉ ਜਾਣਾ।। ਜੋ ਮੇਰਾ ਖਸਮਾਨਾ ਹੋਗ।। ਤਾ ਗੁਰੂ ਬਾਬੇ ਆਖਿਆ ਅਸਾ ਸੁਖ ਛਡਿ ਦੁਖ ਤਕੜੇ ਕੀਤੇ ਅਸਨਿ।। ਸੋ ਅਸੀ ਪੇਸਕਸੀ ਝਲਣ ਨੂੰ ਨਾਹੀ ਕੀਤੇ ਅਸਾ ਭੇਟਿ ਕਿ ਕਰਣੀ ਹੈ।। ਤਾ ਕਲਿਜੁਗ ਆਖਿਆ ਜੀਉ ਮਾਣ/ਕ ਮੋਤੀ ਸੁਇਨਾ ਰੁਪਾ ਹੀਰੇ ਨਾਲਿ ਬਣੇ ਹੋਏ ਘਰ ਉਗਵਣ

ਆਥਵਣ ਦੀ ਪਾਤਿਸਾਹੀ ਭਲੀਆਂ ਭਲੀਆਂ ਇਸਤਰੀਆਂ ਅਸਟ ਸਿਧਿ ਨਉ ਨਿਧਿ ਮੇਰੇ ਵਸਿ ਹੈਨਿ ਉਹ ਆਨਿ ਪੇਸ ਕਰੀ।। ਇਤਨੀਆਂ ਵਸਤੂ ਵਿਚਹੁ ਕਿਛੁ ਲਈਐ ਜੋ ਮੇਰੇ ਆਤਮੇ ਸੰਤੋਖ ਆਵੈ।। ਗੁਰੂ ਬਾਬੇ ਆਖਿਆ ਹਉ ਕਿਛੁ ਨਾਹੀ ਲੈਦਾ।।[183]

ਗੁਰੂ ਨਾਨਕ ਨੇ ਕਲਯੁਗ ਦੀ ਅਥਾਹ ਦੁਨਿਆਵੀ ਭੇਂਟ ਨੂੰ ਠੁਕਰਾ ਦਿੱਤਾ ਭਾਵ ਨਿਰਾਰਥਕਤਾ ਤੋਂ ਸਬਰ ਸੰਤੋਖ ਤੇ ਰੱਬੀ ਰਜਾ ਦੀ ਸਾਰਥਕਤਾ ਵਲ ਰੁਪਾਂਤਰਨ ਹੁੰਦੇ ਹਨ। 'ਆਦਿ ਸਾਖੀਆਂ' ਕਿਤਾਬ ਵਿਚ ਪਿਆਰ ਸਿੰਘ ਨੇ ਕੁਝ ਗੋਸ਼ਟਾਂ ਜਿਵੇਂ 'ਸਿਧ ਗੋਸ਼ਟਿ ਸੁਮੇਰ ਪਰਬਤ ਤੇ ਹੋਈ' ਅਤੇ ਸ਼ੇਖ ਬ੍ਰਹਮ ਨਾਲ ਗੋਸ਼ਟਾਂ ਵੀ ਸ਼ਾਮਿਲ ਕੀਤੀਆਂ ਹਨ ਇਨ੍ਹਾਂ ਗੋਸ਼ਟਾਂ ਵਿਚਲੀ ਸੱਮਗਰੀ ਲਗਪਗ ਉਹੀ ਹੈ ਜਿਹੜੀ ਅਸੀਂ ਪਿਛੇ ਵਿਚਾਰ ਆਏ ਹਾਂ ਭਾਵ ਭਾਈ ਬਾਲੇ ਵਾਲੀ ਜਨਮਸਾਖੀ, ਭਾਈ ਮਨੀ ਸਿੰਘ ਜੀ ਵਾਲੀ ਜਨਮਸਾਖੀ ਅਤੇ ਪੁਰਾਤਨ ਜਨਮਸਾਖੀ। ਇਸ ਲਈ ਇਨ੍ਹਾਂ ਗੋਸ਼ਟਾਂ ਨੂੰ ਦੁਬਾਰਾ ਵਿਚਾਰਨ ਦੀ ਲੋੜ ਮਹਿਸੂਸ ਨਹੀਂ ਕੀਤੀ।

**ਗੋਸ਼ਟਿ ਸਿਧਾਂ ਨਾਲ ਅਚਲ ਵਟਾਲੇ :** ਇਹ ਗੋਸ਼ਟਿ ਲਗਪਗ ਸਾਰੀਆਂ ਹੀ ਜਨਮਸਾਖੀਆਂ ਵਿਚ ਉਪਲਬਧ ਹੈ। ਗੁਰੂ ਸਾਹਿਬ ਦੇ ਸਮੇਂ ਸਿਧਾਂ ਨਾਥਾਂ ਦਾ ਬੋਲਬਾਲਾ ਹੋਣ ਕਰਕੇ ਸੁਭਾਵਿਕ ਹੀ ਹੈ ਕਿ ਗੁਰੂ ਸਾਹਿਬ ਦੀ ਵਿਚਾਰ-ਚਰਚਾ ਉਨ੍ਹਾਂ ਨਾਲ ਬਹੁਤ ਵਾਰ ਹੋਈ ਹੈ। ਇਹ ਗੋਸ਼ਿਟ ਇਸ ਜਨਮ ਸਾਖੀ ਵਿਚ ਇਸ ਤਰ੍ਹਾਂ ਆਪਣਾ ਮੁਹਾਂਦਰਾ ਉਘਾੜਦੀ ਹੈ 'ਜਬ ਸਿਵਰਾਤਿ ਆਈ ਤਦ ਸਿਧੋ ਕਾ ਮੇਲਾ ਅਚਲੁ ਹੋਇਆ।। ਤਬ ਬਾਬਾ ਨਾਨਕ ਬੋਲਿਆ ਜਿ ਬਚਾ ਅੰਗਦਾ ਚਉਰਾਸੀਆ ਸਿਧਾ ਦਾ ਮੇਲਾ ਹੈ ਅਚਲ।। ਚਲਹੁ ਸਿਧਾ ਨਾਲ ਗੋਸਟਿ ਕਰਹਿ।।/ਅੰਗਦ ਆਖਿਆ ਜੀਉ ਪਾਤਿਸਾਹੁ ਭਲਾ ਹੋਵੈ।। ਤਬ ਗੁਰੂ ਬਾਬਾ ਅਚਲ ਆਇਆ।। ਅਗੇ ਭਗਤੀਏ ਭਗਤ ਕਰਦੇ ਸੇ।। ਤਬ ਉਨਾ ਦਾ ਲੋਟਾ ਕਿਨੈ ਲੁਕਾਇ ਰਖਿਆ।। ਭਗਤੀਏ ਲਗੇ ਆਖਣ ਐਥੇ ਸੀ ਲੋਟਾ।। ਤਾ ਬਾਬੇ ਦੇ ਚੇਲੇ ਦੇ ਮੁਹਿ ਨਿਕਲਿ ਗਇਆ ਜਿ ਤੁਸੀ ਸਿਧ ਏਵੈ ਆਖਾਇਦੇ ਹੋ ਜੇ ਲੋਟਾ ਭੀ ਨਾਹੀ ਲਹਿ ਸੰਘਦੇ।। ਤਾ ਉਨੀ ਸਿਧੀ/ ਆਖਿਆ ਅਸੀ ਤਾ ਨਾਹੀ ਲਹਿ ਸੰਘਦੇ ਤੁਸੀ ਨਾਨਕ ਪੰਥੀ ਹਹੁ।। ਤੁਸੀ ਹੀ ਲਹਿ ਦੇਹੁ।। ਓਹੁ ਬਾਬੇ ਦਾ ਸਿਖ ਤਬ ਬਾਬੇ ਦੀ ਤਰਫ ਝਾਕਿਆ।। ਤਾ ਗੁਰੂ ਬਾਬੇ ਆਖਿਆ ਬਚਾ ਲਹਿ ਦੇ ਲੋਟਾ ਇਸ ਦਾ।। ਓਹੁ ਜਿ

ਪਇਆ ਜਿਥੈ ਉਨ ਧਰਿਆ ਸਾ ਤਿਥੇ ਉਨਿ ਆਨਿ ਦਿਤਾ।। ਸਿਧ ਹੈਰਾਨ ਹੋਇ ਗਏ।। ਤਾ ਭੰਗਰ ਨਾਥ ਬੋਲਿਆ ਨਾਨਕ ਘਿਉ ਸਾ ਪਰ ਫੁਲ ਸੜਿ ਗਇਆ ਅਤੈ ਵਿਗੜ ਗ/ਇਆ।। ਤਾ ਗੁਰੂ ਬਾਬਾ ਬੋਲਿਆ ਭੰਗਰ ਨਾਥ ਤੇਰੀ ਮਾਉ ਕੁਚਜੀ ਸੀ ਜਿਸ ਥਾਵਹੁ ਫੁਲਿ ਸੜਿ ਗਇਆ।। ਭਾਡਾ ਹਛਾ ਕਰਿ ਨ ਜਾਤੋਨ।। ਪਘਾਰ ਕੈ ਸੰਜਮਿ ਨ ਜਾਤੋਨ।। ਤਾ ਘਿਉ ਦਾ ਫਲੁ ਸੜਿ ਗਇਆ।। ਜਦਿ ਸੰਜਮਿ ਕਰੇਹਾ ਤਾ ਘਿਉ ਸਵਾਰੇਹਾ।।[184]

ਇਸ ਗੋਸ਼ਟਿ ਦਾ ਅਧਿਐਨ ਕਰਨ ਤੇ ਪਤਾ ਲੱਗਦਾ ਹੈ ਕਿ ਇਹ ਗੋਸ਼ਟਿ ਕਰਾਮਾਤ ਦੇ ਨੇੜੇ ਜਾਪਦੀ ਹੈ। ਗੁਰੂ ਨਾਨਕ ਦਾ ਚੇਲਾ ਸਿਧਾਂ ਦਾ ਲੋਟਾ ਗੁੰਮ ਹੋ ਜਾਣ ਤੇ ਆਖਦਾ ਹੈ ਕਿ ਤੁਸੀਂ ਸਿਧ ਹੋ ਕੇ ਲੋਟਾ ਨਹੀਂ ਲਭ ਸਕਦੇ। ਸਿਧਾਂ ਦੁਆਰਾ ਗੁਰੂ ਨਾਨਕ ਨੂੰ ਲੋਟਾ ਲਭਣ ਲਈ ਕਹਿਣਾ ਅਤੇ ਗੁਰੂ ਸਾਹਿਬ ਦਾ ਆਪਣੇ ਚੇਲੇ ਨੂੰ ਕਹਿਣਾ ਕਿ 'ਬਚਾ ਲਹਿਦੇ ਲੋਟਾ' ਆਖ ਕੇ ਲੋਟੇ ਦਾ ਪ੍ਰਤਖ ਹੋ ਜਾਣਾ। ਗੋਸ਼ਟਿਕਾਰ ਮੁਖ ਨਾਇਕ ਨੂੰ ਸਿਧਾਂ ਤੋਂ ਮਾਤ ਨਹੀਂ ਖਾਣ ਦਿੰਦਾ ਅਤੇ ਮੁਖ ਨਾਇਕ ਨੂੰ ਅੰਤਰਜਾਮੀ ਪੁਰਸ਼ ਅਤੇ ਘਟ-ਘਟ ਦੇ ਦਿਲਾਂ ਨੂੰ ਜਾਨਣ ਵਾਲਾ ਦਿਖਾਇਆ ਹੈ। ਇਸ ਸੰਵਾਦ ਚਰਚਾ ਵਿਚ ਹੀ ਗੁਰੂ ਸਾਹਿਬ ਸਿਧਾਂ ਨੂੰ 'ਸੰਜਮ' ਦੇ ਸੰਕਲਪ ਪ੍ਰਤਿ ਜਾਣੂ ਕਰਵਾਉਂਦੇ ਅਧਿਆਤਮਕ ਸੇਧਤ ਦਿੰਦੇ ਪ੍ਰਤੀਤ ਹੁੰਦੇ ਹਨ। ਗੁਰੂ ਸਾਹਿਬ ਅਨੁਸਾਰ ਮਨੁੱਖ ਸੰਜਮ ਦੇ ਨਾਲ ਇਸ ਜੀਵਨ ਦੇ ਉਸਾਰੂ ਪੱਖ ਨੂੰ ਚੰਗੀ ਤਰ੍ਹਾਂ ਮਾਣ ਸਕਦਾ ਹੈ :

> 'ਅਰੁ ਏਹੁ ਜੁ ਸੰਸਾਰ ਹੈ ਜੁਗ ਜੀਵਨ ਮਹਿ ਨਾਹੀ ਪਾਵਤੇ।।
> ਏ ਜੋ ਨਾਹੀ ਪਾਵਤੇ ਸੋ ਕਿਉ ਨਾਹੀ ਪਾਵਤੇ।।
> ਓਇ ਸੰਜਮ ਨਾਹੀ ਜਾਣਤੇ'।।[185]

ਗੁਰੂ ਸਾਹਿਬ ਨੇ ਇਕੋ ਪਰਮਾਤਮਾ ਦੇ 'ਨਾਮ ਸਿਮਰਨ' ਨੂੰ ਹੀ ਵਡਿਆਈ ਦਿੱਤੀ ਹੈ ਅਤੇ ਬਾਕੀ ਇਸ ਦੁਨੀਆਂ ਦੇ ਹੋਰ ਨਾਮਾ ਨੂੰ ਵਿਅਰਥ ਦੱਸਿਆ ਹੈ :

> ਪ੍ਰਾਣੀ ਤੁਮ ਜੋ ਅਵਰ ਨਾਮ ਬਿਨਾ ਸਿਮਰਤੇ ਹਉ ਸੋ ਸਭ ਬਾਦਿ ਹੈ।
> ਏਕੋ ਨਾਮ ਸਿਮਰਹੁ ਅਵਰ ਜੇ ਕਰਮ ਹੈ ਸਭ ਬਿਰਥੇ ਹੈ ਬਿਨਾ ਰਾਮ ਨਾਮ ਕੇ।।[186]

ਪਿਆਰ ਸਿੰਘ ਦੁਆਰਾ ਸੰਪਾਦਿਤ 'ਆਦਿ ਸਾਖੀਆਂ' ਕਿਤਾਬ ਵਿਚ ਉਪਰੋਕਤ ਗੋਸ਼ਟਿ ਬਾਕੀ ਜਨਮਸਾਖੀਆਂ ਨਾਲੋਂ ਭਿੰਨਤਾਂ ਰੱਖਦੀ ਹੈ। 'ਗੋਸ਼ਟਿ ਸਿਧਾਂ ਨਾਲ ਅਚਲ ਵਟਾਲੇ' ਵਿਚ ਗੁਰੂ ਨਾਨਕ ਅੰਗਦ ਨੂੰ ਬਚਾ ਅੰਗਦ ਕਹਿ ਕੇ ਸੰਬੋਧਨ ਕਰਦੇ ਹਨ ਅਤੇ ਅੰਗਦ (ਗੁਰੂ ਅੰਗਦ), ਵੀ ਗੁਰੂ ਨਾਨਕ ਦੇ ਹੁਕਮ ਨੂੰ ਇਕ ਦਮ ਪ੍ਰਵਾਨ ਕਰ ਲੈਂਦੇ ਹਨ। ਹੋਰ ਜਨਮਸਾਖੀਆਂ ਵਿਚ ਅੰਗਦ ਦਾ ਨਾਮ ਸ਼ਾਮਿਲ ਨਹੀਂ ਕੀਤਾ ਗਿਆ। ਪੁਰਾਤਨ ਜਨਮਸਾਖੀ ਵਿਚ ਬਾਬਾ ਨਾਨਕ ਸੁਮੇਰ ਪਰਬਤ ਤੋਂ ਸਿਧੇ ਅਚਲ ਵਟਾਲੇ ਆਉਂਦੇ ਦਿਖਾਏ ਗਏ ਹਨ ਜਦੋਂ ਕਿ ਆਦਿ ਸਾਖੀਆਂ ਵਿਚ ਗੁਰੂ ਨਾਨਕ ਨੂੰ ਕਰਤਾਰਪੁਰ ਤੋਂ ਅੰਗਦ ਸਮੇਤ ਅਚਲ ਵਟਾਲੇ ਆਉਂਦੇ ਦਰਸਾਇਆ ਗਿਆ ਹੈ। ਗੁਰੂ ਨਾਨਕ ਦੀਆਂ ਸਿਧਾਂ ਨਾਲ ਗੋਸ਼ਟਾਂ ਵਿਚ ਗੁਰੂ ਨਾਨਕ ਦੇ ਪ੍ਰਵਚਨ ਸਮਾਜਿਕ ਦ੍ਰਿਸ਼ਟੀਕੋਣ ਨੂੰ ਅਪਣਾਉਂਦੇ ਹੋਏ ਕ੍ਰਾਂਤੀਕਾਰੀ ਸਿੱਧ ਹੁੰਦੇ ਹਨ। ਸਿਧ ਵੱਡੀ ਤੋਂ ਵੱਡੀ ਕਰਾਮਾਤ ਦਿਖਾਉਣ ਵਾਲੇ ਨੂੰ ਹੀ ਅਧਿਆਤਮਕ ਪ੍ਰਾਪਤੀ ਵਿਚ ਵੱਡਾ ਮੰਨਦੇ ਹਨ, ਪਰੰਤੂ ਗੁਰੂ ਨਾਨਕ ਲਈ ਰੱਬੀ ਨਾਮ ਹੀ ਸਭ ਤੋਂ ਉੱਤਮ ਅਤੇ ਸ੍ਰੇਸ਼ਟ ਹੈ। ਗੁਰੂ ਨਾਨਕ ਇਸ ਗੋਸ਼ਟਿ ਵਿਚ ਸਿਧਾਂ ਦੇ ਚਰਿਤੱਰ ਨੂੰ ਬਦਲਣ ਲਈ ਮੱਖਣ, ਘਿਉ ਨੇਤ੍ਰੀ ਅਤੇ ਮਟਕੀ ਦੇ ਦ੍ਰਿਸ਼ਟਾਂਤ ਨਾਲ ਪ੍ਰਭੂ ਪ੍ਰਾਪਤੀ ਦੇ ਮਾਰਗ 'ਤੇ ਚਲਣ ਲਈ ਪ੍ਰੇਰਿਤ ਕਰਦੇ ਹਨ। ਠਾਕਰ ਪੂਜਾ ਜਾਂ ਸਾਲਗ੍ਰਾਮ ਪੂਜਾ ਦੇ ਪ੍ਰਸੰਗ ਵਿਚ ਗੁਰੂ ਨਾਨਕ ਸਿਧਾਂ ਨੂੰ ਅਧਿਆਤਮਕਤਾ ਦੇ ਰਸਤੇ 'ਤੇ ਤੁਰਨ ਲਈ ਕਹਿੰਦੇ ਹਨ ਕਿ ਮਨ ਨੂੰ ਅਜਿਹਾ ਸਾਲ ਗ੍ਰਾਮ ਬਣਾਉਣਾ ਚਾਹੀਦਾ ਹੈ ਜਿਸ ਅੰਦਰ ਪਰਮਾਤਮਾ ਦਾ ਨਾਮ ਟਿਕਿਆ ਰਹੇ। ਗੁਰੂ ਨਾਨਕ ਚਿੰਤਨ ਅਤੇ ਤਰਕ ਨਾਲ ਸਿਧਾਂ ਨੂੰ ਦੁਨਿਆਵੀ ਪਦਾਰਥਾਂ ਅਤੇ ਕਰਾਮਾਤਾ ਦੇ ਵਿਰੋਧ ਵਿਚ ਅਧਿਆਤਮਕ ਅਤੇ ਸੰਜਮੀ ਜੀਵਨ ਜਿਉਣ ਦਾ ਮਾਰਗ ਦਸਦੇ ਹਨ।

ਉਪਰੋਕਤ ਚਾਰੋਂ ਜਨਮਸਾਖੀਆਂ ਵਿਚਲੀਆਂ ਗੋਸ਼ਟਾਂ ਦਾ ਅਧਿਆਤਮਕ ਸੰਵਾਦ ਉਤੇ ਅਧਿਐਨ ਕਰਨ ਤੋਂ ਬਾਅਦ ਅਸੀਂ ਚਾਰੋਂ ਜਨਮਸਾਖੀਆਂ ਵਿਚਲੀਆਂ ਵੱਖਰਤਾਵਾਂ ਤੇ ਝਾਤ ਪਾ ਸਕਦੇ ਹਾਂ ਕਿ ਭਾਈ ਮਨੀ ਸਿੰਘ ਜੀ ਦੀ ਜਨਮਸਾਖੀ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦਾ ਟੀਕਾ ਹੈ। ਇਹ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦਾ ਟੀਕਾ ਹੋਣ ਦੇ ਨਾਲ ਨਾਲ ਗੋਸ਼ਟਿ ਪਰੰਪਰਾ, ਪਰਮਾਰਥ ਅਤੇ ਵਿਆਖਿਆ ਪੱਧਤੀ ਰਾਹੀਂ, ਸ਼ਾਸਤਰੀ ਗਿਆਨ, ਪ੍ਰਤਖ ਗਿਆਨ, ਅਤੇ

ਰੂੜ੍ਹ ਗਿਆਨ ਦੇ ਅਕਾਸ਼ ਮੰਡਲਾਂ ਨੂੰ ਛੂੰਹਦੀ ਜਾਪਦੀ ਹੈ। ਇਨ੍ਹਾਂ ਗੋਸ਼ਟਾਂ ਵਿਚ, ਗੁਰੂ ਨਾਨਕ ਦੇਵ ਜੀ ਦੀ ਸ਼ਖਸ਼ੀਅਤ, ਕੇਂਦਰੀ ਹੋਣ ਕਰਕੇ, ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਸਮਾਜ ਦਾ ਸਮੁਚਾ ਢਾਂਚਾ ਸਮੋਇਆ ਲਗਦਾ ਹੈ। ਇਹ ਗੋਸ਼ਟਾਂ ਉਪਦੇਸ਼ਾਤਮਕ, ਨੈਤਿਕ, ਆਦਰਸ਼ਮਈ ਅਤੇ ਅਧਿਆਤਮਕ ਟੀਚਿਆ ਦਾ ਪੱਖ ਪੂਰਦੀਆਂ ਨਜ਼ਰ ਆਉਂਦੀਆਂ ਹਨ। ਇਨ੍ਹਾਂ ਗੋਸ਼ਟਾਂ ਵਿਚ ਨਾ ਕੇਵਲ ਹਿੰਦੂ ਗਿਆਨ ਦੀਆਂ ਪਰੰਪਰਾਵਾਂ ਹੀ ਸ਼ਾਮਿਲ ਹਨ ਸਗੋਂ ਇਸ ਦੀਆਂ ਵੰਨਗੀਆਂ, ਵੈਸ਼ਨਵ ਮਤ, ਸ਼ੈਵ ਮਤ, ਉਦਾਸੀ, ਸਿਧ, ਨਾਥ, ਜੋਗੀ, ਜੰਗਮ, ਹਾਜੀ, ਮੁੱਲਾਂ, ਆਦਿ ਦੇ ਨਾਲ ਨਾਲ ਇਸਲਾਮਿਕ ਪਰੰਪਰਾ ਨੂੰ ਵੀ ਦਾਰਸ਼ਨਿਕਤਾ ਦੇ ਸਿਧਾਂਤਕ ਪੱਧਰ ’ਤੇ ਵਿਵੇਚਨ ਕਰਦਿਆਂ ਉਹਨਾਂ ਨੂੰ ਗੁਣਾਤਮਕ ਵਿਕਾਸ ਵਲ ਤੋਰਦੀ ਪ੍ਰਤੀਤ ਹੁੰਦੀਆਂ ਹਨ।

ਗੋਸ਼ਟਿਕਾਰ ਨੇ ਗੁਰੂ ਸਾਹਿਬ ਦੇ ਪ੍ਰਤਖ ਅਨੁਭਵਾਂ ਦੁਆਰਾ ਅਧਿਆਤਮਕ ਗਿਆਨ ਰਾਹੀਂ ਮਨੁੱਖ ਨੂੰ ਮੁਕਤੀ ਪ੍ਰਾਪਤ ਕਰਨ ਅਤੇ ਸੰਕੇਤ ਰੂਪ ਵਿਚ ਸਮਕਾਲੀ ਸਿੱਖਾਂ ਦੀ ਦਸ਼ਾ ਨੂੰ ਬਿਆਨਣ ਵਿਚ ਅਹਿਮ ਭੂਮਿਕਾ ਨਿਭਾਈ ਹੈ। ਇਸ ਜਨਮਸਾਖੀ ਵਿਚਲੀਆਂ ਗੋਸ਼ਟਾਂ ਦੀ ਨਾਲ-ਨਾਲ ਹੀ ਵਿਆਖਿਆ ਕੀਤੀ ਗਈ ਹੈ ਅਤੇ ਵਿਰੋਧੀ ਧਿਰ ਦੇ ਮਨਾਂ ਵਿਚ ਪੈਦਾ ਹੋਈ ਗੁੰਝਲ ਦਾ ਸਮਾਧਾਨ ਬਾਣੀ ਰਾਹੀਂ ਕੀਤਾ ਗਿਆ ਹੈ।

ਉਪਰੋਕਤ ਵਿਸ਼ਲੇਸ਼ਣ ਤੋਂ ਸਪਸ਼ਟ ਹੁੰਦਾ ਹੈ ਕਿ ਭਾਵੇਂ ਸਾਡੇ ਖੋਜ ਕਾਰਜ ਵਿਚ ਸ਼ਾਮਿਲ ਚਾਰੇ ਪੁਸਤਕਾਂ ਵਿਚਲੀਆਂ ਗੋਸ਼ਟਾਂ ਵਿਚ ਵੱਖਰਤਾ ਹੈ ਪਰੰਤੂ ਇਨ੍ਹਾਂ ਸਾਰੀਆਂ ਗੋਸ਼ਟਾਂ ਵਿਚ ਗੁਰੂ ਨਾਨਕ ਦੇ ਅਧਿਆਤਮਕ ਚਰਿਤਰ ਨੂੰ ਪੂਰੀ ਦਿਆਲਤਾ ਨਾਲ ਅਤੇ ਨਿਆਂਕਾਰਤਾ ਨਾਲ ਉਘਾੜਿਆ ਹੈ। ਗੁਰੂ ਨਾਨਕ ਦੇਵ ਜੀ ਦਾ ਭਿੰਨ-ਭਿੰਨ ਸ਼੍ਰੇਣੀਆਂ ਨਾਲ ਕੀਤਾ ਗਿਆ ਅਧਿਆਤਮਕ ਸੰਵਾਦ ਦਾ ਮੁੱਖ ਮੰਤਵ, ਕਿਸੇ ਵਿਸ਼ਵ ਵਿਆਪੀ ਸੰਕਲਪ ਦੀ ਖੋਜ ਸੀ। ਗੁਰੂ ਸਾਹਿਬ ਕਿਸੇ ਵੀ ਧਰਮ ਦੇ ਵਿਰੋਧੀ ਨਹੀਂ ਸਨ। ਉਨ੍ਹਾਂ ਨੇ ਪਰਮਤੱਤ ਬਾਰੇ ਅਧਿਆਤਮਵਾਦੀ ਤੇ ਯਥਾਰਥਵਾਦੀ ਨਜ਼ਰੀਆਂ ਅਪਣਾ ਕੇ ‘ਅਧਿਆਤਮਵਾਦੀ -ਪਦਾਰਥਵਾਦੀ ਧਾਰਾ’ ਦਾ ਇਕ ਨਵਾਂ ਰੂਪ ਦ੍ਰਿਸ਼ਟੀਗੋਚਰ ਕੀਤਾ ਹੈ।

ਗੁਰੂ ਨਾਨਕ ਦੇਵ ਜੀ ਦਾ ਕਾਜ਼ੀਆਂ, ਮੁੱਲਾਂ, ਮੁਲਾਣਿਆਂ, ਸਿਧਾਂ, ਜੋਗੀਆਂ, ਹਾਜੀਆ ਨਾਲ ਰਚਾਏ ਅਧਿਆਤਮਕ ਸੰਵਾਦ ਤੋਂ ਉਨ੍ਹਾਂ ਦੀ ਸਖਸ਼ੀਅਤ ਦਾ ਮਹਾਨ ਪੱਖ ਹੋਰ ਵੀ ਪੂਰੀ ਤਰ੍ਹਾਂ ਉਘੜਦਾ ਹੈ ਕਿ ਉਨ੍ਹਾਂ ਨੇ ਪਰੰਪਰਾਗਤ ਆਦਰਸ਼ਕ ਸੋਚ-ਪ੍ਰਣਾਲੀ ਨੂੰ ਤਿਆਗ ਕੇ ਨਵੇਂ ਸਿਰਿਓਂ ਮਾਨਵਵਾਦੀ ਰੁਚੀ ਅਧੀਨ ਵਿਚਾਰਧੀਨ ਸੱਮਸਿਆਂ ਨੂੰ ਸੁਲਝਾਉਣ ਦਾ ਯਤਨ ਕੀਤਾ ਹੈ। ਉਨ੍ਹਾਂ ਦਾ ਦ੍ਰਿਸ਼ਟੀਕੋਣ ਸਾਰਿਆ ਲਈ ਇਕਸਾਰ ਸੀ। ਉਨ੍ਹਾਂ ਨੇ ਰੂੜ੍ਹ ਹੋ ਚੁਕੇ ਵਿਧੀ-ਵਿਧਾਨਾਂ ਦੀ ਡਟ ਕੇ ਵਿਰੋਧਤਾ ਕੀਤੀ ਹੈ ਭਾਵੇਂ ਉਹ ਕਿਸੇ ਵੀ ਧਰਮ ਨਾਲ ਸੰਬੰਧਿਤ ਹੋਵੇ। ਇਨ੍ਹਾਂ ਸਾਖੀਆਂ ਵਿਚ ਗੁਰੂ ਨਾਨਕ ਨੂੰ ਕਈ ਥਾਵਾਂ ਤੇ ਕਰਾਮਾਤੀ ਦਰਸਾਇਆ ਗਿਆ ਹੈ ਪਰੰਤੂ ਉਹਨਾਂ ਦਾ ਇਹ ਕਾਰਜ ਉਦਾਰਵਾਦ-ਮਾਨਵਵਾਦੀ ਹੈ ਨਾਂ ਕਿ ਪਰਾਸਰੀਰਕ ਜਾਂ ਜਾਦੂਈ (ਦੂਜਿਆਂ ਨੂੰ ਨੁਕਸਾਨ ਪਹੁੰਚਾਉਣ ਵਾਲਾ) ਹੈ।

ਇਸ ਪ੍ਰਤਿਭਾਵਾਨ ਸੰਵੇਦਨਸ਼ੀਲ ਵਿਅਕਤੀ ਦੀ ਜ਼ਿੰਦਗੀ ਤੋਂ ਪ੍ਰਾਪਤ ਸਹਿਜ-ਗਿਆਨ ਨੂੰ ਗੋਸ਼ਟਾਂ ਵਿਚ ਅਭਿਵਿਅਕਤ ਕੀਤਾ ਗਿਆ ਹੈ। ਪ੍ਰਤੀਬੱਧ ਸਿਧਾਂਤ ਅਤੇ ਵਿਚਾਰਧਾਰਕ ਪ੍ਰਚਾਰ ਨਾਲੋਂ ਵਧੇਰੇ ਮਨੁੱਖੀ ਅਧਿਆਤਮਕ ਅਨੁਭਵ ਦੀ ਪ੍ਰਮਾਣਿਕ ਤੇ ਕਲਾਤਮਿਕ ਪੇਸ਼ਕਾਰੀ ਕੀਤੀ ਗਈ ਹੈ। ਭਾਰਤੀ ਸਾਹਿਤ ਵਿਚ ਗੋਸ਼ਟਿ ਰਚਨਾ ਦਾ ਆਰੰਭ ਭਾਵੇਂ ਬਹੁਤ ਪਹਿਲਾਂ ਹੋ ਚੁੱਕਾ ਸੀ ਪਰੰਤੂ ਪੰਜਾਬੀ ਸਾਹਿਤ ਵਿਚ ਗੋਸ਼ਟਿ ਰਚਨਾ ਦਾ ਆਰੰਭ ਨਾਥਾਂ ਜੋਗੀਆਂ ਦੀਆਂ ਰਚਨਾ ਤੋਂ ਮੰਨਿਆਂ ਜਾ ਸਕਦਾ ਹੈ। ਪੰਜਾਬੀ ਸਾਹਿਤ ਵਿਚ ਸਭ ਤੋਂ ਪਹਿਲੀ ਰਚਨਾ ਗੁਰੂ ਗ੍ਰੰਥ ਸਾਹਿਬ ਵਿਚਲੀ ਸਿਧ ਗੋਸ਼ਟਿ ਨੂੰ ਮੰਨਿਆਂ ਜਾਂਦਾ ਹੈ। ਗੋਸ਼ਟਾਂ ਦੇ ਅਧਿਐਨ ਉਪਰੰਤ ਸਾਨੂੰ ਪਤਾ ਲੱਗ ਜਾਂਦਾ ਹੈ ਕਿ ਇਹ ਗੋਸ਼ਟਾਂ ਅਧਿਆਤਮਿਕ ਦਰਸ਼ਨ ਅਤੇ ਇਸ ਸੰਬੰਧੀ ਸਰੋਕਾਰਾਂ ਨੂੰ ਲੈ ਕੇ ਰਚੀਆਂ ਗਈਆਂ ਹਨ।

ਗੋਸ਼ਟਾਂ ਦੇ ਅਧਿਐਨ ਵੇਲੇ ਇਕ ਹੋਰ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਇਹ ਜ਼ਰੂਰੀ ਨਹੀਂ ਕਿ ਗੋਸ਼ਟਿ ਸੰਵਾਦ ਵੇਲੇ ਹੀ ਗੋਸ਼ਟਿ ਦੀ ਰਚਨਾ ਹੋਈ ਹੋਵੇ ਸਗੋਂ ਇਹ ਗੋਸ਼ਟਾਂ ਅਸਲ ਸੰਵਾਦ ਤੋਂ ਬਹੁਤ ਚਿਰ ਬਾਅਦ ਲਿਖੀਆਂ ਗਈਆਂ। ਇੰਞ ਲੱਗਦਾ ਹੈ ਕਿ ਇਹ ਗੋਸ਼ਟਾਂ ਵਿਭਿੰਨ ਮਹਾਪੁਰਸ਼ਾਂ ਦੇ ਪ੍ਰਵਚਨ ਸੁਣਨ ਤੋਂ ਬਾਅਦ ਰਚਨਾਕਾਰਾਂ ਜਾਂ ਲੇਖਕਾਂ ਵਲੋਂ ਲਿਖੀਆਂ ਗਈਆਂ ਹੋਣ। ਪ੍ਰਵਚਨ ਸੁਣਨ

ਦਾ ਸੰਕਲਪ ਭਾਰਤੀ ਦਰਸ਼ਨ ਵਿਚੋਂ ਆਇਆ ਹੈ। ਪੁਰਾਣੇ ਸਮਿਆਂ ਵਿਚ ਰਿਸ਼ੀਆਂ-ਮੁਨੀਆਂ ਦੇ ਪ੍ਰਵਚਨ ਸੁਣੇ ਜਾਂਦੇ ਸਨ। ਮੱਧਕਾਲ ਦਾ ਬਹੁਤ ਸਾਰਾ ਪੰਜਾਬੀ ਸਾਹਿਤ ਜਿਸ ਵਿਚ ਗੋਸ਼ਟੀਆਂ ਵੀ ਸ਼ਾਮਿਲ ਹਨ, ਸਰੋਤਾ-ਮੁਖ ਸਾਹਿਤ ਹੈ, ਜਿਸ ਵਿਚ ਧਾਰਮਿਕ ਪ੍ਰਵਚਨ ਸੁਣੇ ਜਾ ਸਕਦੇ ਹਨ ਪਰੰਤੂ ਗੋਸ਼ਟਿ ਵਿਚਲਾ ਸੰਵਾਦ ਪਾਤਰਾਂ ਦੁਆਰਾ ਰਚਾਇਆ ਜਾਂਦਾ ਹੈ। ਜਿਸ ਨੂੰ ਬਾਅਦ ਵਿਚ ਲਿਖਤੀ ਰੂਪ ਦਿੱਤਾ ਜਾਂਦਾ ਹੈ ਅਤੇ ਇਸ ਤਰ੍ਹਾਂ ਗੋਸ਼ਟਿ ਵਿਚਲਾ ਪ੍ਰਵਚਨ ਵੀ ਸਰੋਤਿਆਂ ਲਈ ਉਨ੍ਹਾਂ ਦੇ ਅਧਿਆਤਮਿਕ ਜੀਵਨ ਦਾ ਮਾਰਗ ਦਰਸ਼ਨ ਕਰਦਾ ਹੈ।

ਇਨ੍ਹਾਂ ਵਿਭਿੰਨ ਗੋਸ਼ਟਾਂ ਦੇ ਸੰਦਰਭ ਤੇ ਸਰੋਕਾਰ ਮਨੁੱਖ ਦੇ ਅਧਿਆਤਮਕ ਦਰਸ਼ਨ ਨਾਲ ਡੂੰਘਾ ਸੰਬੰਧ ਰੱਖਦੇ ਹਨ। ਭਾਰਤੀ ਚਿੰਤਨ ਵਿਚ ਅਧਿਆਤਮਕ ਚਿੰਤਨ ਨੂੰ ਬਹੁਤ ਮਹੱਤਤਾ ਦਿੱਤੀ ਗਈ ਹੈ। ਚਿੰਤਨ ਦੀ ਦ੍ਰਿਸ਼ਟੀ ਤੋਂ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਮੱਧਕਾਲ ਦਾ ਸਮਾਂ ਪੰਜਾਬੀ ਗੋਸ਼ਟਾਂ ਲਈ ਸੰਵਾਦ ਦਾ ਸੂਚਕ ਹੈ। ਇਨ੍ਹਾਂ ਗੋਸ਼ਟਾਂ ਦੇ ਸੰਵਾਦੀ ਚਿੰਤਨ ਵਿਚ ਭਾਰਤੀ ਦਾਰਸ਼ਨਿਕ ਚਿੰਤਨ ਵੀ ਸਮਾਇਆ ਹੋਇਆ ਹੈ। ਇਸ ਗਿਆਨ ਦਰਸ਼ਨ ਵਿਚ ਜ਼ਿਆਦਾਤਰ ਸਰੋਕਾਰ ਹਨ ਕਿ ਅਸੀਂ ਕੌਣ ਹਾਂ? ਕਿਥੋਂ ਆਏ ਹਾਂ? ਸਾਡਾ ਜੀਵਨ ਆਦਰਸ਼ ਕੀ ਹੈ? ਸੰਸਾਰ ਦਾ ਸੱਚਾ ਰੂਪ ਕੀ ਹੈ? ਸ੍ਰਿਸ਼ਟੀ ਦਾ ਕਰਤਾ ਕੌਣ ਹੈ? ਜੀਵ ਆਤਮਾ ਕੀ ਹੈ ? ਪ੍ਰਮਾਤਮਾ ਕੀ ਹੈ? ਪ੍ਰਮਾਤਮ-ਗਿਆਨ ਕਿਵੇਂ ਪ੍ਰਾਪਤ ਹੋ ਸਕਦਾ ਹੈ ਆਦਿ। ਗੋਸ਼ਟਿ ਸੰਵਾਦ ਇਨ੍ਹਾਂ ਸਾਰਿਆਂ ਉਪਰੋਕਤ ਸਵਾਲਾਂ ਦੇ ਉੱਤਰਾਂ ਬਾਰੇ ਵਿਸਥਾਰ ਪੂਰਵਕ ਚਰਚਾ ਕਰਦਾ ਹੈ। ਪੰਜਾਬੀ ਗੋਸ਼ਟਾਂ ਵਿਚ ਇਹੋ ਸੰਦਰਭ ਤੇ ਸਰੋਕਾਰ ਪ੍ਰਸੰਗਿਕ ਹਨ।

# ਹਵਾਲੇ ਅਤੇ ਟਿੱਪਣੀਆਂ

1. "The branch of philosophy which investigates the origin, structure, methods and validity of knowledge" Dagobert D. Runes (Ed.), ***The Dictionary of philosophy***, p.94
2. "Epistemology or the theory of knowledge, is that branch of philosophy which is concerned with the nature and scope of knowledge, its pre-supposition and basis and the general reliability of claim to knowledge" ***The Encyclopeadia of philosophy***, (Ed.), Paul Edwards, Vol.3, p. 8F9.
3. "relation between know and apprehended truth" Dagobert,D,Runes,***Dictionary of philosophy: 'Knowledge'***
4. "Nor a mere thinking and considering by the intelligence,pursuit and grasping of a mental form of truth by the intellectual mind, but a seeing of it with the soul,a total living in it with the power of the inner being a spiritual seizing by a kind of identification with the object of knowledge is jnana"
(Sri Aurobindo, (ed.),vol.14,p.271)
5. "Janana is more than philosophy it is the inspired and direct knowledge which comes of what our ancient called drishti, spiritual insight" (Ibid,vol.2,p 411.)
6. ਪ੍ਰੀਤਮ ਸਿੰਘ, (ਸੰਪਾ.) ***ਸਿੱਖ ਫਲਸਫ਼ੇ ਦੀ ਰੂਪ ਰੇਖਾ***, ਪੰਨਾ 161.
7. ਡਾ. ਮਲਕੀਤ ਸਿੰਘ ਬਾਜਵਾ, ***ਮੱਧਕਾਲੀ ਪੰਜਾਬੀ ਕਾਵਿ***, ਪੰਨਾ 95
8. ਗੁਰੂ ਗ੍ਰੰਥ ਸਾਹਿਬ, ਪੰਨਾ 943

9. ਸ਼ਾਂਤੀ ਨਾਥ ਗੁਪਤਾ, ***ਭਾਰਤੀ ਦਰਸ਼ਨ,*** ਪੰਨਾ 3

10. ਉਹੀ, ਪੰਨਾ 3

11. ਉਧਰਿਤ, ਡਾ. ਜੋਗਿੰਦਰ ਸਿੰਘ, ***ਸੁਖਮਨੀ ਦਾ ਦਾਰਸ਼ਨਿਕ ਆਧਾਰ***, ਪੰਨਾ 85

12. ਉਹੀ, ਪੰਨਾ 87

13. ਡਾ. ਰਾਮਦਾਸ ਨਿਰਾਕਾਰੀ, (ਸੰਪਾ.) ***ਭਾਰਤੀ ਨੀਤੀ-ਸ਼ਾਸਤਰ***, ਪੰਜਾਬੀ ਯੂਨੀਵਰਸਿਟੀ, ਪੰਨਾ 157

14. S. N. Dass Gupta, ***Outline of Philosophy Western & Indian***, Deluxe publications Jalandhar P. 58.

15. ***ਰਾਧਾ ਕ੍ਰਿਸ਼ਨਨ ਵਿਚਾਰ ਦਰਪਣ***, ਭਾਸ਼ਾ ਵਿਭਾਗ, ਪੰਜਾਬ, ਪੰਨਾ 143

16. Dr. Chandradhar Sharma, ***A Critical Survey of Indian Philosophy*** P 38.

17. ਡਾ. ਰਣਧੀਰ ਸਿੰਘ ਚੰਦ, ***ਗੁਰੂ ਨਾਨਕ ਅਤੇ ਯੋਗ ਦਰਸ਼ਨ***, ਪੰਨਾ 43

18. ਸ਼ਾਂਤੀ ਨਾਥ ਗੁਪਤਾ, ***ਭਾਰਤੀ ਦਰਸ਼ਨ***, ਪੰਨਾ 94

19. ਰਾਧਾ ਕ੍ਰਿਸ਼ਨਨ, ***ਵਿਚਾਰ ਦਰਪਣ,*** ਪੰਨਾ 237-38

20. ਸ਼ਾਂਤੀ ਨਾਥ ਗੁਪਤਾ, ***ਭਾਰਤੀ ਦਰਸ਼ਨ***, ਪੰਨਾ 61

21. ਉਧਰਿਤ, ਡਾ. ਜੋਗਿੰਦਰ ਸਿੰਘ, ***ਸੁਖਮਨੀ ਦਾ ਦਾਰਸ਼ਨਿਕ ਆਧਾਰ,*** ਪੰਨਾ 91

22. S. N. Dass Gupta, ***A History of Indian Philiosophy*** p. 188.

23. ***ਸ੍ਰੀ ਗੁਰੂ ਗ੍ਰੰਥ ਸਾਹਿਬ,*** ਪੰਨਾ 1056-57

24. ***ਸ੍ਰੀ ਗੁਰੂ ਗ੍ਰੰਥ ਸਾਹਿਬ,*** ਪੰਨਾ 522

25. ਮਹਾਨ ਕੋਸ਼, ***ਭਾਈ ਕਾਨ੍ਹ ਸਿੰਘ ਨਾਭਾ***, ਪੰਨਾ 1521

26. ***ਸ੍ਰੀ ਗੁਰੂ ਗ੍ਰੰਥ ਸਾਹਿਬ,*** ਪੰਨਾ 1

27 . ਉਹੀ, ਪੰਨਾ 1

28. ਉਹੀ, ਪੰਨਾ 1035

29. ਉਹੀ, ਪੰਨਾ 940

30. ਉਹੀ, ਪੰਨਾ 128

31. ਉਹੀ, ਪੰਨਾ 211

32. ਉਹੀ, ਪੰਨਾ 290

33. ਉਹੀ, ਪੰਨਾ 250

34. ਉਹੀ, ਪੰਨਾ 287

35. ਉਹੀ, ਪੰਨਾ 20

36. ਉਹੀ, ਪੰਨਾ 1035

37. ਉਹੀ, ਪੰਨਾ 355

38. ਉਹੀ, ਪੰਨਾ 112

39. ਉਹੀ, ਪੰਨਾ 1427

40. ਉਹੀ, ਪੰਨਾ 276

41. ਉਹੀ, ਪੰਨਾ 509

42. ਉਹੀ, ਪੰਨਾ 475

43. ਉਹੀ, ਪੰਨਾ 463

44. ਉਹੀ, ਪੰਨਾ 1

45. ਉਹੀ, ਪੰਨਾ 1095

46. ਉਹੀ, ਪੰਨਾ 277

47. ਉਹੀ, ਪੰਨਾ 3

48. ਉਹੀ, ਪੰਨਾ 1003

49. ਉਹੀ, ਪੰਨਾ 117

50. ਉਹੀ, ਪੰਨਾ 4

51. ਉਹੀ, ਪੰਨਾ 275

52. ਉਹੀ, ਪੰਨਾ 868

53. ਉਹੀ, ਪੰਨਾ 441

54. ਉਹੀ, ਪੰਨਾ 921.

55. ਉਹੀ, ਪੰਨਾ 176

56. ਉਹੀ, ਪੰਨਾ 754

57. ਉਹੀ, ਪੰਨਾ 42

58. ਉਹੀ, ਪੰਨਾ 570

59. ਉਹੀ, ਪੰਨਾ 43

60. ਉਹੀ, ਪੰਨਾ 584

61. ਉਹੀ, ਪੰਨਾ 1003

62. ਉਹੀ, ਪੰਨਾ 7

63. ਉਹੀ, ਪੰਨਾ 1066

64. ਉਹੀ, ਪੰਨਾ 231

65. ਉਹੀ, ਪੰਨਾ 633-34

66. ਉਹੀ, ਪੰਨਾ 1024

67. ਉਹੀ, ਪੰਨਾ 161

68. ਉਹੀ, ਪੰਨਾ 594

69. ਉਹੀ, ਪੰਨਾ 378

70. ਡਾ. ਗੁਰਦੇਵ ਸਿੰਘ, ***ਪੰਜਾਬੀ ਸੂਫੀ- ਸਾਹਿਤ ਸੰਦਰਭ ਗ੍ਰੰਥ;1989***, ਪੰਨਾ 48

71. ਡਾ. ਸੱਈਅਦ ਮੁਹੰਮਦ ਅਬੱਦੁਲਾ (ਮੁੱਖ ਸੰਪਾ.) : ***ਉਰਦੂ ਦਾਇਰਾ-ਏ- ਮੁਆਰਫ-ਏ-ਇਸਲਾਮੀਆ;*** 1966, ਪੰਨਾ 667, (ਜਿਲਦ ਦੂਜੀ)

72. Islam is the way of life for mankind granted by god.It consist in totally committing on self to god and bringing one's will not complete harmony with god's will. Literally the word means both peaca and submission - submission not in any passive sense but as a positive act of committing oneself to live in peace with god and bringing one's god and dislikes and attitudes into harmony with the Divine Will"
T.B. Irving et al. : ***The Quran, Basic Teaching***, 1992, p. 250

73. ***ਵਾਰ ਰਾਮਕਲੀ***, ਪੰਨਾ 951-52

74. ਉਧਰਿਤ, ਡਾ. ਅਨਵਰ ਚਿਰਾਗ, ***ਇਸਲਾਮੀ ਚਿੰਤਨ ਅਤੇ ਪੰਜਾਬੀ ਸੂਫੀ ਕਵਿਤਾ***, ਪੰਨਾ 32

75. ***ਸ੍ਰੀ ਗੁਰੂ ਗ੍ਰੰਥ ਸਾਹਿਬ ਜੀ***, ਪੰਨਾ 1075

76. ਉਹੀ, ਪੰਨਾ 1083

77. ਉਹੀ, ਵਾਰ ਆਸਾ ਮ.1, ਪੰਨਾ 469

78. ਉਹੀ, ਮ. 1, ਪੰਨਾ 141

79. ਉਹੀ, ਪੰਨਾ 1381

80. ਉਹੀ, ਪੰਨਾ 662

81. ਉਹੀ, ਮ. 5, ਪੰਨਾ 1100

82. ਉਹੀ, ਮ. 5 , ਪੰਨਾ 430

83. ਉਹੀ, ਮ. 5, ਪੰਨਾ 1084

84. ਉਹੀ, ਮ. 1 ਪੰਨਾ 953

85. ਉਹੀ, ਪੰਨਾ 360

86. ਉਹੀ, ਪੰਨਾ 287

87. ਉਧਰਿਤ, ਡਾ. ਅਨਵਰ ਚਿਰਾਗ, ***ਇਸਲਾਮੀ ਚਿੰਤਨ ਅਤੇ ਪੰਜਾਬੀ ਸੂਫੀ ਕਵਿਤਾ***, ਪੰਨਾ 25

88. ***ਸ੍ਰੀ ਗੁਰੂ ਗ੍ਰੰਥ ਸਾਹਿਬ***, ਪੰਨਾ 471

89. ***ਪੁਰਾਤਨ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਮਨੀ ਸਿੰਘ, ਪੰਨਾ 64

90. ਉਹੀ, ਪੰਨਾ 64

91. ***ਪੁਰਾਤਨ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਮਨੀ ਸਿੰਘ, ਪੰਨਾ 88

92. ਉਹੀ, ਪੰਨਾ 64

93. ਉਹੀ, ਪੰਨਾ 64

94. ਉਧਰਿਤ ਡਾ. ਸੁਖਵਿੰਦਰ ਕੌਰ ਬਾਜਵਾ, ***ਉੱਤਰ ਆਧੁਨਿਕਤਾਵਾਦ ਅਤੇ ਗੁਰਬਾਣੀ***, ਪੰਨਾ 45

95. ***ਪੁਰਾਤਨ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਮਨੀ ਸਿੰਘ, ਪੰਨਾ 78

96. ਉਹੀ, ਪੰਨਾ 65

97. ਉਹੀ, ਪੰਨਾ 69

98. ਉਹੀ, ਪੰਨਾ 65

99. ਉਹੀ, ਪੰਨਾ 65

100. ਉਹੀ, ਪੰਨਾ 65

101. ਗੁਰੂ ਗ੍ਰੰਥ ਸਾਹਿਬ, ਪੰਨਾ 1123

102. ਪੁਰਾਤਨ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਭਾਈ ਮਨੀ ਸਿੰਘ, ਪੰਨਾ 65

103. ਉਹੀ, 66. (ਇਹ ਸਲੋਕ ਇਸ ਗੋਸ਼ਟਿ ਵਿਚ ਮਿਲਦਾ ਹੈ ਪਰੰਤੂ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਨਹੀਂ ਹੈ)

104. ***ਪੁਰਾਤਨ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਮਨੀ ਸਿੰਘ, ਪੰਨਾ 71

105. ਉਹੀ, ਪੰਨਾ 74.

106. ਉਹੀ, ਪੰਨਾ 73

107. Jean Franncois Lyotard, ***The Post-Modernism Condition: A Report on Knowledge***,p 17.

108. ***ਪੁਰਾਤਨ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਮਨੀ ਸਿੰਘ, ਪੰਨਾ 79

109. ਉਹੀ, ਪੰਨਾ 80

110. ਉਹੀ, ਪੰਨਾ 82

111. Jean Franncois Lyotard, ***The Post-Modernism Condition: A Report on*** Knowledge,p 17.

112. ***ਪੁਰਾਤਨ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਮਨੀ ਸਿੰਘ, ਪੰਨਾ 77

113 ਉਹੀ, ਪੰਨਾ 84

114. ਉਹੀ, ਪੰਨਾ 84

115. ਉਹੀ, ਪੰਨਾ 85-86

116. ਉਹੀ, ਪੰਨਾ 86

117. ਡਾ. ਗੁਰਪਾਲ ਸਿੰਘ ਸੰਧੂ, ***ਸਮਕਾਲੀ ਸਿਧਾਂਤ ਤੇ ਮੱਧਕਾਲੀ ਪ੍ਰਵਚਨ***, ਪੰਨਾ 88

118. ***ਪੁਰਾਤਨ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਮਨੀ ਸਿੰਘ, ਪੰਨਾ 91

119. ਉਹੀ, ਪੰਨਾ 90

120. ਉਹੀ, ਪੰਨਾ 92

121. ਉਹੀ, ਪੰਨਾ 270

122. ਉਧਰਿਤ ***ਜਨਮਸਾਖੀ ਪਰੰਪਰਾ***, ਕਿਰਪਾਲ ਸਿੰਘ, ਪੰਨਾ 104

123. ***ਪੁਰਾਤਨ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਮਨੀ ਸਿੰਘ, ਪੰਨਾ 280

124. ਉਹੀ, ਪੰਨਾ 272

125. ਉਹੀ, ਪੰਨਾ 272

126. ਉਹੀ, ਪੰਨਾ 273

127. ਉਹੀ, ਪੰਨਾ 275

128. ਉਹੀ, ਪੰਨਾ 276

129. ਸੁਣ ਮਛਿੰਦ੍ਰਾ ਨਾਨਕ ਬੋਲੈ॥ ਵਸਿਗਤ ਪੰਚ ਕਰੈ ਨਹ ਡੋਲੈ॥ ਐਸੀ ਜੁਗਤਿ ਜੋਗ ਕਉ ਪਾਲੈ॥ ਆਪ ਤਰੈ ਸਗਲੇ ਕੁਲਤਾਰੈ॥ (***ਪੁਰਾਤਨ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਮਨੀ ਸਿੰਘ, ਪੰਨਾ 278)

130. ***ਪੁਰਾਤਨ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਮਨੀ ਸਿੰਘ, ਪੰਨਾ 276

131. ਉਹੀ, ਪੰਨਾ 276

132. ਉਹੀ, ਪੰਨਾ 277

133. ਉਹੀ, ਪੰਨਾ 277

134. ਉਹੀ, ਪੰਨਾ 279

135. ਉਹੀ, ਪੰਨਾ 280

136. ਉਹੀ, ਪੰਨਾ 280

137. ਉਹੀ, ਪੰਨਾ 281

138. ਉਹੀ, ਪੰਨਾ 283

139. ਡਾ. ਰਤਨ ਸਿੰਘ ਜੱਗੀ, ***ਪੁਰਾਤਨ ਜਨਮ ਸਾਖੀ ਅਧਿਐਨ ਅਤੇ ਸੰਪਾਦਨ***, ਪੰਨਾ 16

140. ੴ ਸਤਿਨਾਮੁ ਕਰਤਾ ਪੁਰਖ ਨਿਰਭਉ ਨਿਰਵੈਰ

ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥

141. ***ਪੁਰਾਤਨ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਮਨੀ ਸਿੰਘ, ਪੰਨਾ 285

142. ਉਹੀ, ਪੰਨਾ 286

143. ***ਸ੍ਰੀ ਗੁਰੂ ਗ੍ਰੰਥ ਸਾਹਿਬ***, ਪੰਨਾ 72

144. ਉਹੀ, ਪੰਨਾ 142

145. ***ਪੁਰਾਤਨ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਮਨੀ ਸਿੰਘ, ਪੰਨਾ 289

146. ਉਹੀ, ਪੰਨਾ 291

147. ਉਹੀ, ਪੰਨਾ 299

148. ਉਹੀ, ਪੰਨਾ 302

149. ਉਹੀ, ਪੰਨਾ 288

150. ***ਪੁਰਾਤਨ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਮਨੀ ਸਿੰਘ, ਪੰਨਾ 380

151. ਉਹੀ, ਪੰਨਾ 381

152. ਉਹੀ, ਪੰਨਾ 382

153. ਉਹੀ, ਪੰਨਾ 382

154. ਉਹੀ, ਪੰਨਾ 384

155. ਉਹੀ, ਪੰਨਾ 387

156. ***ਖੋਜ ਪਤ੍ਰਿਕਾ***, ਪੁਰਾਤਨ ਵਾਰਤਕ ਵਿਸ਼ੇਸ਼ ਅੰਕ, ਮੁੱਖ ਸੰਪਾਦਕ ਡਾ. ਰਤਨ ਸਿੰਘ ਜੱਗੀ, ਪੰਨਾ 239

157. ਸੌ ਸਾਲ ਪੁਰਾਤਨ ਲਿਖਤੀ ਭਾਈ ਬਾਲੇ ਵਾਲੀ, ***ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਨਮਸਾਖੀ,*** ਪੰਨਾ 1

158. ਉਧਰਿਤ, ਕ੍ਰਿਪਾਲ ਸਿੰਘ, ***ਜਨਮਸਾਖੀ ਪਰੰਪਰਾ***, ਪੰਨਾ 126

159. ਸੌ ਸਾਲ ਪੁਰਾਤਨ ਲਿਖਤੀ ਭਾਈ ਬਾਲੇ ਵਾਲੀ, ***ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਨਮਸਾਖੀ***, ਪੰਨਾ 98

160. ਉਹੀ, ਪੰਨਾ 98

161. ਉਹੀ, ਪੰਨਾ 100

162. ਉਹੀ, ਪੰਨਾ 101

163. ਉਹੀ, ਪੰਨਾ 101

164. ***ਐਨਸਾਈਕਲੋਪੀਡੀਆ ਆਫ ਇਸਲਾਮ***, ਲੋਜ਼ਾਕ ਐਂਡ ਕੰਪਨੀ, ਲੰਡਨ ਜਿਲਦ 43, ਪੰਨਾ 437

165. ਸੌ ਸਾਲ ਪੁਰਾਤਨ ਲਿਖਤੀ ਭਾਈ ਬਾਲੇ ਵਾਲੀ, ***ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਨਮਸਾਖੀ,*** ਪੰਨਾ 321

166. ਉਹੀ, ਪੰਨਾ 322

167. ਉਹੀ, ਪੰਨਾ 322

168. ਉਹੀ, ਪੰਨਾ 323

169. ਉਹੀ, ਪੰਨਾ 78

170. ਉਹੀ, ਪੰਨਾ 276

171. ਉਹੀ, ਪੰਨਾ 277

172. ***ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਵੀਰ ਸਿੰਘ, (ਸੰਪਾ.) ਪੰਨਾ 45

173. ਉਹੀ, ਪੰਨਾ 54

174. ਉਹੀ, ਪੰਨਾ 54

175. ਉਹੀ, ਪੰਨਾ 130

176. ਉਹੀ, ਪੰਨਾ 134

177. ਕਵਲਜੀਤ ਗਰੋਵਰ, ***ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚ ਕਥਾਨਕ ਰੂੜ੍ਹੀਆਂ***, ਪੰਨਾ 104-5

178. ***ਆਦਿ ਸਾਖੀਆਂ***, 'ਜਨਮਪਤ੍ਰੀ ਬਾਬੇ ਨਾਨਕ ਜੀ ਕੀ' ਡਾ. ਪਿਆਰ ਸਿੰਘ (ਸੰਪਾ.) ਪੰਨਾ 3

179. ਉਹੀ, ਪੰਨਾ 146

180. ਉਹੀ, ਪੰਨਾ 154

181. ਉਹੀ, ਪੰਨਾ 155

182. ਉਹੀ, ਪੰਨਾ 170

183. ਉਹੀ, ਪੰਨਾ 171-72

184. ਉਹੀ, ਪੰਨਾ 215

185. ਉਹੀ, ਪੰਨਾ 216

186. ਉਹੀ, ਪੰਨਾ 217

## ਅਧਿਆਇ ਤੀਜਾ

# ਪੰਜਾਬੀ ਗੋਸ਼ਟਾਂ : ਸਾਹਿਤਕ ਸੰਦਰਭ ਤੇ ਸਰੋਕਾਰ

### ਗੋਸ਼ਟਿ ਦਾ ਸਾਹਿਤਕ ਪ੍ਰਗਟਾਅ ਰੂਪ

ਸਾਖੀ/ਗੋਸ਼ਟਿ ਮੱਧਕਾਲੀਨ ਪੰਜਾਬੀ ਸਾਹਿਤ ਦੀ ਪ੍ਰਮੁਖ ਵਾਰਤਕ ਪ੍ਰਵਿਰਤੀ ਹੈ, ਜਿਸ ਦਾ ਸਿਰਜਣ ਪ੍ਰਵਾਹ ਕਈ ਸਦੀਆਂ ਵਿਚ ਫੈਲਿਆ ਹੋਇਆ ਹੈ। ਅਸਲ ਵਿਚ ਇਹ ਸਾਹਿਤਕ ਪ੍ਰਵਿਰਤੀ ਲੌਕਿਕ ਸਾਹਿਤ ਹੈ। ਇਸ ਕਾਲ ਦਾ ਵਾਰਤਕ ਸਾਹਿਤ, ਟੀਕਿਆਂ ਪਰਮਾਰਥਾਂ ਆਦਿ ਤੋਂ ਇਲਾਵਾ ਜਨਮਸਾਖੀਆਂ/ਗੋਸ਼ਟਾਂ ਵਿਚ ਵੀ ਮਿਲਦਾ ਹੈ। ਇਹ ਸਾਹਿਤ ਮੱਧਕਾਲੀ ਮਨੁੱਖੀ ਚੇਤਨਾ ਦਾ ਪ੍ਰਗਟਾਵਾ ਹੈ। ਇਹ ਚੇਤਨਾ ਮਨੁੱਖੀ ਅਨੁਭੂਤੀ ਦੀ ਡੂੰਘਾਈ ਅਤੇ ਉਸ ਦੇ ਚਿੰਤਨ ਦੀ ਸੂਖਮਤਾ ਦੇ ਆਧਾਰ 'ਤੇ ਆਪਣੇ ਸਾਹਿਤਕ ਰੂਪ ਦਾ ਨਿਰਮਾਣ ਕਰਦੀ ਹੈ। ਅਨੁਭੂਤੀ ਦਾ ਸੰਬੰਧ ਮਨੁੱਖੀ ਮਨ ਦੀ ਸੰਵੇਦਨਸ਼ੀਲਤਾ ਨਾਲ ਹੈ ਅਤੇ ਚਿੰਤਨ, ਜਗਿਆਸਾ ਦੇ ਬੌਧਿਕ ਸਮਾਧਾਨ ਦਾ ਵਾਚਕ ਹੈ। ਸਾਖੀਕਾਰਾਂ/ਗੋਸ਼ਟਕਾਰਾਂ ਕੋਲ ਇਕ ਨਵਾਂ ਵਿਸ਼ਾ ਸੀ, ਇਕ ਅਲੌਕਿਕ ਸ਼ਖਸ਼ੀਅਤ ਬਾਰੇ ਉਹਨਾਂ ਨੇ ਪਹਿਲੀ ਵਾਰ ਜਗਿਆਸੂਆ ਨੂੰ ਦੱਸਣਾ ਸੀ। ਇਨ੍ਹਾਂ ਸਾਖੀਆਂ/ਗੋਸ਼ਟਾਂ ਵਿਚਲਾ ਗਿਆਨ ਮੂਲਕ ਪ੍ਰਵਚਨ ਮੱਧਕਾਲੀਨ ਮਨੁੱਖੀ ਸਭਿਆਚਾਰ ਵਿਚ ਇਕ ਨਵੀਨ ਚੇਤਨਾ ਜਗਾਉਣ ਦਾ ਸਫ਼ਲ ਕਾਰਜ ਕਰਦਾ ਹੈ।

ਇਨ੍ਹਾਂ ਗੋਸ਼ਟਾਂ ਦਾ ਮੁਖ ਪਾਤਰ ਅਲੌਕਿਕ ਸ਼ਖਸ਼ੀਅਤ ਦਾ ਧਾਰਨੀ, ਪੜ੍ਹਿਆ ਲਿਖਿਆਂ, ਘੁੰਮਿਆਂ ਫਿਰਿਆਂ ਸਾਹਿਤਕ ਗਿਆਨ ਦਾ ਸੋਮਾ, ਅਤੇ ਧਾਰਮਿਕ ਪ੍ਰਚਾਰ ਦੀ ਵਿਧੀ ਤੋਂ ਪੂਰਨ ਤੌਰ ਤੇ ਜਾਣੂ ਸੀ। ਉਸ ਦੀ ਬੋਲੀ ਵਿਚ ਸੰਜਮ ਅਤੇ ਸਪਸ਼ਟਤਾ ਸੀ। ਸਾਡੇ ਅਧਿਐਨ-ਮੂਲਕ ਬਹੁਤੀਆਂ ਗੋਸ਼ਟਾਂ ਦੇ ਪ੍ਰਸ਼ਨ-ਉੱਤਰ ਪੱਦਾਤਮਕ ਹਨ ਅਤੇ ਗੋਸ਼ਟਿ ਕਰਨ ਵਾਲੇ ਕਈ ਮਹਾਂ-ਪੁਰਖ ਗੁਰੂ ਨਾਨਕ ਦੇ ਪੂਰਬ-ਵਰਤੀ ਹਨ, ਜਿਸ ਤੋਂ ਸਪਸ਼ਟ ਹੁੰਦਾ ਹੈ ਕਿ ਇਹ ਗੋਸ਼ਟਾਂ ਸੱਚਮੁੱਚ ਘਟਿਤ ਨਹੀਂ ਹੋਈਆਂ

ਗੋਸ਼ਟਿਕਾਰ ਨੇ ਆਪਣੀ ਮਰਜ਼ੀ ਅਨੁਸਾਰ ਇਹਨਾਂ ਦਾ ਵਿਧਾਨ ਕਰਕੇ, ਦੋਹਾਂ ਜਾਂ ਵੱਧ ਧਿਰਾਂ ਦੇ ਵਿਚਕਾਰ ਪ੍ਰਸਤੁਤ ਕਰਕੇ, ਗੁਰੂ ਨਾਨਕ ਦੀ ਪ੍ਰਤਿਭਾ ਅਤੇ ਪ੍ਰਭੁਤਾ ਨੂੰ ਸਾਕਾਰ ਕੀਤਾ ਹੈ। ਇਹਨਾਂ ਗੋਸ਼ਟਾਂ ਵਿਚ ਵਾਰਤਕ ਦੇ ਸੁੰਦਰ ਨਮੂਨੇ ਵੇਖੇ ਜਾ ਸਕਦੇ ਹਨ। ਇਸ ਲਈ ਇਨ੍ਹਾਂ ਗੋਸ਼ਟਾਂ ਦੇ ਸਾਹਿਤਕ ਸੰਦਰਭ ਅਤੇ ਸਰੋਕਾਰਾਂ ਦਾ ਅਧਿਐਨ ਅਸੀਂ ਹੇਠ ਲਿਖੇ ਅਨੁਸਾਰ ਕਰਾਂਗੇ :

(ੳ) ਗੋਸ਼ਟਿ ਦਾ ਸਾਹਿਤਕ ਪ੍ਰਗਟਾਅ ਰੂਪ

(ਅ) ਗੋਸ਼ਟਿ ਦਾ ਕਾਵਿਕ ਤੇ ਵਾਰਤਕ ਰੂਪ

(ੲ) ਗੋਸ਼ਟਿ ਦਾ ਭਾਸ਼ਾਗਤ ਅਤੇ ਵਿਆਕਰਣਕ ਰੂਪ

**(ੳ) ਗੋਸ਼ਟਿ ਦਾ ਸਾਹਿਤਕ ਪ੍ਰਗਟਾਅ ਰੂਪ**

ਗੋਸ਼ਟਿ ਇਕ ਮੱਧਕਾਲੀ ਸਾਹਿਤਕ ਰੂਪ ਹੈ। ਇਸ ਦਾ ਸਾਹਿਤਕ ਪ੍ਰਗਟਾਅ ਰੂਪ, ਬਾਕੀ ਦੇ ਮੱਧਕਾਲੀ ਸਾਹਿਤਕ ਪ੍ਰਗਟਾਅ ਰੂਪਾਂ ਨਾਲੋਂ ਵਿਲੱਖਣ ਕਿਸਮ ਦਾ ਹੈ। ਅਸੀਂ ਵੇਖ ਸਕਦੇ ਹਾਂ ਕਿ ਲਗਭਗ ਸਾਰੀ ਮੱਧਕਾਲੀ ਅਧਿਆਤਮਕ ਸਾਹਿਤਕ ਪੰਰਪਰਾ, ਕਾਵਿ-ਰੂਪ ਨੂੰ ਹੀ ਪ੍ਰਧਾਨ ਰੂਪ ਵਜੋਂ ਚੁਣਦੀ ਹੈ, ਭਾਵੇਂ ਗੁਰਮਤਿ ਕਾਵਿ ਹੋਵੇ, ਸੂਫੀ ਕਾਵਿ, ਕਿੱਸਾ ਕਾਵਿ ਜਾਂ ਲੋਕ ਸਾਹਿਤ, ਸਮੱਚਾ ਸਾਹਿਤ, ਲੋਕ ਕਾਵਿ ਰੂਪ ਵਿਚ ਹੀ ਰਚਿਆ ਗਿਆ ਮਿਲਦਾ ਹੈ। ਇਹ ਗੋਸ਼ਟਿ ਹੀ ਹੈ ਜੋ ਪੇਸ਼ਕਾਰੀ ਦੀ ਵੱਖਰੀ ਜੁਗਤ ਅਪਣਾਉਂਦੀ ਹੈ। ਸਮੁੱਚੇ ਮੱਧਕਾਲੀ ਸਾਹਿਤ ਵਿਚ ਜਨਮਸਾਖੀ ਅਤੇ ਗੋਸ਼ਟਿ ਆਪਣਾ ਸਾਹਿਤਕ ਪ੍ਰਗਟਾਅ ਰੂਪ, ਵਾਰਤਕ ਨੂੰ ਵੀ ਬਣਾਉਂਦੀ ਹੈ ਭਾਵੇਂ ਕੁਝ ਗੋਸ਼ਟਾਂ ਕਾਵਿ ਰੂਪ ਵਿਚ ਵੀ ਸਿਰਜੀਆਂ ਗਈਆਂ ਮਿਲਦੀਆਂ ਹਨ, ਜੋ ਗੋਸ਼ਟਾਂ ਵਾਰਤਕ ਰੂਪ ਵਿਚ ਸਿਰਜੀਆਂ ਗਈਆਂ ਹਨ ਉਨ੍ਹਾਂ ਵਿਚ ਵੀ ਆਪਣੇ ਸਿਧਾਂਤ ਦੀ ਉਸਾਰੀ ਲਈ, ਪ੍ਰਤਿਭਾਗੀ ਨੇ ਕਾਵਿ ਰੂਪ ਵਿਚ ਵੀ ਗੱਲ ਕੀਤੀ ਹੈ। ਕਾਵਿ ਰੂਪ ਵਿਚ ਸਿਧਾਂਤ ਦੀ ਪ੍ਰਸਤੁਤੀ ਕੀਤੀ ਜਾਂਦੀ ਹੈ ਅਤੇ ਵਾਰਤਕ ਰਾਹੀਂ ਉਸ ਦੀ ਵਿਆਖਿਆ ਕੀਤੀ ਜਾਂਦੀ ਹੈ। ਵਾਰਤਕ ਰਾਹੀਂ ਵੱਖਰੇ-ਵੱਖਰੇ ਦ੍ਰਿਸ਼ਟਾਂਤ ਦੇ ਕੇ ਅਤੇ ਕਥਾ ਕਹਾਣੀਆਂ ਦੇ ਹਵਾਲਿਆ ਨਾਲ ਗੋਸ਼ਟਿ ਦਾ ਭਾਗੀ/ਪ੍ਰਤਿਭਾਗੀ ਆਪਣੇ ਸਿਧਾਂਤ ਦੀ ਸਿੱਧੀ ਲਈ ਸਾਖੀ ਨੂੰ ਹਵਾਲੇ ਦੇ ਰੂਪ ਵਿਚ ਵਰਤਦਾ ਹੈ। ਗੋਸ਼ਟਿ ਦਾ ਸਮੁੱਚਾ ਪੈਟਰਨ ਇਸੇ ਕਿਸਮ ਦਾ ਹੁੰਦਾ ਹੈ।

ਅਸੀਂ ਕਹਿ ਸਕਦੇ ਹਾਂ ਕਿ ਗੋਸ਼ਟਿ ਦਾ ਸਾਹਿਤਕ ਪ੍ਰਗਟਾਅ ਰੂਪ ਮਿਸ਼ਰਤ ਕਿਸਮ ਦਾ ਹੈ ਇਸ ਵਿਚ ਕਵਿਤਾ ਵੀ ਹੈ, ਵਾਰਤਕ ਵੀ ਹੈ, ਲੋਕ ਕਥਾਵਾਂ ਵੀ ਹਨ ਅਤੇ ਜਨੌਰ ਕਥਾਵਾਂ ਵੀ ਹਨ।

ਗੋਸ਼ਟਿ ਦੀ ਵਾਰਤਕ ਦਾ ਵਿਆਕਰਣਕ ਰੂਪ ਵੀ ਆਪਣੀ ਕਿਸਮ ਦਾ ਹੈ। ਇਸ ਵਿਚ ਕੋਮਾ (,) ਪ੍ਰਸ਼ਨ ਚਿੰਨ (?) ਡੰਡੀ (।) ਆਦਿ ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ ਕੀਤੀ ਗਈ ਕਿਤੇ ਨਹੀਂ ਮਿਲਦੀ। ਪਾਠਕ ਆਪਣੀ ਆਮ ਜਾਣਕਾਰੀ ਅਨੁਸਾਰ ਹੀ ਇਸ ਦੇ ਪ੍ਰਵਚਨ ਨੂੰ ਸਮਝਣ ਵਿਚ ਸਫ਼ਲ ਹੁੰਦਾ ਹੈ। ਗੋਸ਼ਟਿ ਦੇ ਸਾਹਿਤਕ ਪ੍ਰਗਟਾਅ ਰੂਪ ਉਪਰ, ਪ੍ਰਵਚਨ (Discourse) ਦੀ ਪ੍ਰਵਿਰਤੀ ਭਾਰੂ ਹੈ। ਸਾਰਾ ਬਿਰਤਾਂਤ ਪ੍ਰਵਚਨ ਦੇ ਰੂਪ ਵਿਚ ਚਲਦਾ ਹੈ ਅਤੇ ਇਹ ਪ੍ਰਵਚਨ ਸਰਵ-ਵਿਆਪਕ ਸਚਾਈਆਂ ਉਪਰ ਹੀ ਕੇਂਦਰਤ ਰਹਿੰਦਾ ਹੈ। ਨਾਇਕ ਅਤੇ ਉਪ ਨਾਇਕ ਇਕ ਵਿਸ਼ੇਸ਼ ਕਿਸਮ ਦੀ ਪਰਿਪੂਰਣ ਅਧਿਆਤਮਕ ਅਵਸਥਾ ਵਿਚ ਵਿਚਰ ਰਿਹਾ ਹੁੰਦਾ ਹੈ ਅਤੇ ਉਹ ਇਕ ਅਉਲੀਆ/ਮਹਾਂਪੁਰਖੀ ਸ਼ਖਸ਼ੀਅਤ ਦਾ ਮਾਲਕ ਹੁੰਦਾ ਹੈ ਅਤੇ ਉਸ ਨੂੰ ਆਪਣੀ ਪ੍ਰਸਤੁਤ ਸਿਧਾਂਤ ਦੇ ਬ੍ਰਹਿਮੰਡਕ ਸਚਾਈ ਹੋਣ ਦਾ ਪੂਰਣ ਭਰੋਸਾ ਤੇ ਸਵੈ ਵਿਸ਼ਵਾਸ ਵੀ ਹੁੰਦਾ ਹੈ ਕਿਉਂਕਿ ਉਸ ਨੇ ਆਪਣੇ ਪ੍ਰਸਤੁਤ ਸਿਧਾਂਤ ਦੀ ਅਧਿਆਤਮਕ ਸਿੱਧੀ ਕਰ ਲਈ ਹੁੰਦੀ ਹੈ। ਇਸ ਲਈ ਉਸ ਦਾ ਪ੍ਰਵਚਨ ਸਪਸ਼ਟ ਨਿਰਭੈ ਅਤੇ ਆਤਮ ਵਿਸ਼ਵਾਸ਼ ਨਾਲ ਭਰਪੂਰ ਹੁੰਦਾ ਹੈ। ਇਸ ਪ੍ਰਵਿਰਤੀ ਵਿਚੋਂ ਹੀ ਬੜੀ ਪਰਪੱਕ ਕਿਸਮ ਦੀ ਸ਼ੈਲੀ ਅਤੇ ਪ੍ਰੌੜ ਕਿਸਮ ਦੀ ਵਾਰਤਕ ਹੋਂਦ ਵਿਚ ਆਉਂਦੀ ਹੈ। ਇਸ ਪ੍ਰਤੀ ਪਿਆਰ ਸਿੰਘ ਦਾ ਇਹ ਮਤ ਗੌਲਣ ਯੋਗ ਹੈ :

'ਸਾਹਿਤਕ ਪੱਖ ਤੋਂ ਪ੍ਰਾਚੀਨ ਪੰਜਾਬੀ ਗੱਦ ਇੰਨੀ ਪ੍ਰੌੜ ਅਤੇ ਰਸੀ ਹੋਈ ਵਸਤੂ ਹੈ ਕਿ ਯਕੀਨ ਨਹੀਂ ਬੱਝਦਾ ਕਿ 'ਪੁਰਾਤਨ ਜਨਮਸਾਖੀ' ਵਰਗੀ ਨਿਪੁਣ ਰਚਨਾ ਜਾਂ ਆਦਿ ਸਾਖੀਆਂ ਵਰਗੀ ਗੱਦ ਜਾਂ ਮਿਹਰਬਾਨ ਵਰਗੀ ਵਾਰਤਕ, ਜੋ ਸਾਡੀ ਮੁਢਲੀ ਵਾਰਤਕ ਦੇ ਸ਼ਾਹਕਾਰ ਹਨ ਰਾਤੋ ਰਾਤ ਉਗਮ ਪਈ ਹੋਵੇ। ਇਸ ਪਿੱਛੇ ਕਿਸੇ ਲੰਮੀ ਪਰੰਪਰਾ ਦੇ ਹੋਣ ਦਾ ਅਹਿਸਾਸ ਅਵੱਸ਼ ਹੁੰਦਾ ਹੈ। ਇਸ ਲੇਖਕ ਵਲੋਂ ਇਸ ਵਿਸ਼ੇ ਤੇ ਕੀਤੀ ਗਈ ਖੋਜ ਇਸ ਪਰੰਪਰਾ ਨੂੰ ਕੋਈ ਦੋ ਢਾਈ ਹਜ਼ਾਰ ਸਾਲ ਪੁਰਾਣੀ ਸਿੱਧ ਕਰਦੀ ਹੈ'।[1]

ਇਨ੍ਹਾਂ ਗੋਸ਼ਟਾਂ ਦੀ ਵਾਰਤਕ ਕਲਾਤਮਕ ਅਤੇ ਰਸਾਤਮਕ ਹੀ ਨਹੀਂ ਸਗੋਂ ਸੰਗੀਤਕ ਰਸ ਪ੍ਰਦਾਨ ਕਰਨ ਵਾਲੀ ਹੈ। ਇਨ੍ਹਾਂ ਵਿਚਲਾ ਕਾਵਿਕ ਗੁਣ, ਭਾਵੁਕਤਾ ਦੀ ਡੂੰਘਾਈ, ਭਾਵਾਂ ਦੀ ਸਰਲਤਾ ਅਤੇ ਵਿਸਤਾਰ, ਇਸ ਨੂੰ ਕਵਿਤਾ ਦੇ ਨੇੜੇ ਲੈ ਜਾਂਦਾ ਹੈ। ਇਸ ਵਿਚਲੀਆਂ ਦਿੱਤੀਆਂ ਗਈਆਂ ਬਾਣੀ ਦੀਆਂ ਟੂਕਾਂ ਅਨੁਸਾਰ ਹੀ ਇਨ੍ਹਾਂ ਦੀ ਵਾਰਤਕ ਢਲ ਜਾਂਦੀ ਹੈ। ਇਨ੍ਹਾਂ ਵਿਚ ਲੈਅ ਅਤੇ ਤੋਲ ਦਾ ਜ਼ਜਬਾ ਹੋਣ ਕਰਕੇ ਅਗੰਮੀ ਸੰਗੀਤ ਦਾ ਰਸ ਉਪਜਦਾ ਹੈ, ਜਿਸ ਵਿਚੋਂ ਮਿੱਠਤ, ਨਿਮਰਤਾ, ਸੇਵਾ, ਤਿਆਗ, ਨਾਮ ਦਾਨ, ਅਤੇ ਕਿਰਤ, ਆਦਿ ਦੀਆਂ ਕਿਰਨਾਂ ਅਲਾਹੀ ਜੋਤ ਦੇ ਦਰਸ਼ਨ ਕਰਵਾਉਂਦੀਆਂ ਪ੍ਰਤੀਤ ਹੁੰਦੀਆਂ ਹਨ।

ਗੋਸ਼ਟਿ ਦੇ ਬਿਰਤਾਂਤ ਦੀ ਪ੍ਰਸਤੁਤੀ ਵਿਧੀ ਅਨਿਆਂ ਪੁਰਖੀ ਹੈ। ਇਸ ਦਾ ਇਕ ਅੰਦਰੂਨੀ ਵਕਤਾ ਹੈ ਜੋ ਸਾਰੇ ਬਿਰਤਾਂਤ ਨੂੰ ਪਾਠਕ ਨਾਲ ਸਾਂਝਾ ਕਰ ਰਿਹਾ ਹੁੰਦਾ ਹੈ। ਇਸ ਦੇ ਭਾਗੀ/ਪ੍ਰਤਿਭਾਗੀ ਤਾਂ ਇਸ ਵਿਚ ਪਾਤਰਾਂ ਵਜੋਂ ਵਿਚਰਦੇ ਹਨ। ਇਸ ਦਾ ਮੁਖ ਸੰਬੰਧ ਕਥਾ ਦੇ ਵਿਸਤਾਰ ਨਾਲ ਹੁੰਦਾ ਹੈ। ਇਨ੍ਹਾਂ ਗੋਸ਼ਟਾਂ ਦਾ ਉਦੇਸ਼ ਗੁਰੂ ਨਾਨਕ ਦੇਵ ਜੀ ਦੇ ਅਜਿਹੇ ਪੱਖ ਨੂੰ ਪੇਸ਼ ਕਰਨਾ ਹੈ ਜਿਸ ਵਿਚੋਂ ਅਧਿਆਤਮਕ ਚੇਤਨਾ ਦੀ ਖ਼ੁਸ਼ਬੋ ਆਉਂਦੀ ਹੈ। ਗੋਸ਼ਟਿਕਾਰ ਗੁਰੂ ਸਾਹਿਬ ਦੇ ਜੀਵਨ ਚਿਤਰਣ ਦੇ ਨਾਲ-ਨਾਲ ਅਧਿਆਤਮਕ ਚਿਤਰਣ ਵਲ ਵਧੇਰੇ ਰੁਚਿਤ ਹੈ। ਇਸ ਤਰ੍ਹਾਂ ਦੀ ਗੋਸ਼ਟਿ ਦੀ ਉਸਾਰੀ ਲਈ ਗੋਸ਼ਟਿਕਾਰ ਆਪਣੀ ਗੋਸ਼ਟਿ ਨੂੰ ਸੂਤਰ ਵਿਚ ਪਰੋ ਕੇ ਪਾਠਕਾਂ ਸਾਹਮਣੇ ਲੈ ਕੇ ਆਉਂਦਾ ਹੈ।

ਗੋਸ਼ਟਾਂ ਵਿਚ ਵਿਚਾਰ-ਚਰਚਾ ਕਰਦਿਆਂ ਮਹਾਂ ਪੁਰਖਾਂ ਦੇ ਵਿਚਾਰੇ ਗਏ ਬਚਨਾਂ ਜਾਂ ਵਿਚਾਰਾਂ ਨੂੰ ਪ੍ਰਵਚਨ ਕਿਹਾ ਜਾਂਦਾ ਹੈ। ਪਰ ਇਹ ਸਾਹਿਤ ਆਲੋਚਨਾ ਦੀ ਇਕ ਤਕਨੀਕੀ ਟਰਮ ਵੀ ਹੈ। ਅੰਗਰੇਜ਼ੀ ਵਿਚ ਇਸ ਨੂੰ (Discourse) ਕਹਿੰਦੇ ਹਨ। ਪ੍ਰਵਚਨ ਦੇ ਅਰਥ ਸੋਧਿਆ ਹੋਇਆ ਵਚਨ ਵੀ ਕੀਤੇ ਜਾਂਦੇ ਹਨ। ਕਿਸੇ ਦ੍ਰਿਸ਼ਟਾਂਤ/ਕਥਾ ਜਾਂ ਘਟਨਾ ਤੋਂ ਪ੍ਰਗਟ ਭਾਵ ਨੂੰ ਵੀ ਪ੍ਰਵਚਨ ਕਿਹਾ ਜਾਂਦਾ ਹੈ। ਗੁਰੂ ਸਾਹਿਬ ਦੀ ਸਿਧਾਂ/ਨਾਥਾਂ/ਜੋਗੀਆਂ ਨਾਲ ਹੋਈ ਸੰਵਾਦ ਚਰਚਾ ਅਤੇ ਉਸ ਸੰਵਾਦ ਚਰਚਾ ਵਿਚੋਂ ਉਭਰਿਆ ਮਹਾਂਪੁਰਸ਼ ਦਾ ਮਤ, ਪ੍ਰਵਚਨ ਦੇ ਰੂਪ ਵਿਚ ਹੀ ਦ੍ਰਿਸ਼ਟੀਗੋਚਰ ਹੁੰਦਾ ਹੈ। 'ਸਿਧ ਗੋਸ਼ਟਿ', 'ਮੱਕੇ ਦੀ ਗੋਸ਼ਟਿ', 'ਮਦੀਨੇ ਦੀ ਗੋਸ਼ਟਿ', 'ਜਪੁ ਜੀ ਗੋਸ਼ਟਿ' ਵਿਚ ਗੁਰੂ ਸਾਹਿਬ ਨੇ

ਸਿਧਾਂ/ਨਾਥਾਂ/ਜੋਗੀਆਂ ਦੇ ਸ਼ੰਕਿਆਂ ਦੀ ਨਵਿਰਤੀ ਇਨ੍ਹਾਂ ਪ੍ਰਵਚਨਾਂ ਰਾਹੀਂ ਹੀ ਕੀਤੀ ਹੈ। 'ਜਪੁ ਜੀ ਗੋਸ਼ਟਿ' ਵਿਚ ਸਿਧਾਂ ਨੇ ਗੁਰੂ ਸਾਹਿਬ ਤੋਂ ਧਰਤੀ, ਅਕਾਸ਼ ਅਤੇ ਪਤਾਲ ਦੇ ਰਹੱਸ ਬਾਰੇ ਜਾਣਨਾ ਚਾਹਿਆ ਕਿ "ਕਈ ਲੋਕ ਕਹਿੰਦੇ ਹਨ ਕਿ ਅਕਾਸ ਅਰ ਧਰਤੀ ਤੇ ਪਾਤਾਲ ਤਿੰਨ ਲੋਕ ਹੈਨ ਅਰ ਕਈ ਕਹਿੰਦੇ ਹੈਨ ਜੋ ਸਪਤ ਅਕਾਸ ਹੈਨ ਅਰ ਸਪਤ ਪਾਤਾਲ ਹੈਨ ਸੋ ਤੁਸੀ ਕਿਰਪਾ ਕਰਕੇ ਕਹੋ ਜੋ ਅਕਾਸ ਅਰ ਪਾਤਾਲ ਕਿਤਨੇ ਹਨ। ਗੁਰੂ ਸਾਹਿਬ ਰਹੱਸਮਈ ਵਰਤਾਰੇ ਨੂੰ ਪ੍ਰਵਚਨ ਦੇ ਰੂਪ ਵਿਚ ਉਚਾਰਦੇ ਹਨ :

> ਪਾਤਾਲਾ ਪਾਤਾਲ ਲਖ ਅਗਾਸਾ ਅਗਾਸ॥
> ਓੜਕ ਓੜਕ ਭਾਲਿ ਥਕੇ ਵੇਦ ਕਹਿਨ ਇਕ ਵਾਤ॥
> ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤ॥
> ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥
> ਨਾਨਕ ਵਡਾ ਆਖੀਐ ਆਪੇ ਜਾਣੈ ਆਪੁ॥[2]

ਗੋਸ਼ਟਾਂ ਦੇ ਰਚਨਾ ਕਾਲ ਤੋਂ ਵੀ ਇਹ ਸਪਸ਼ਟ ਹੁੰਦਾ ਹੈ ਕਿ ਲੋਕ ਪੰਜਾਬੀ ਭਾਸ਼ਾ ਨੂੰ ਜਿਸ ਤਰ੍ਹਾਂ ਬੋਲਦੇ ਸਨ ਉਸੇ ਤਰ੍ਹਾਂ ਹੀ ਲਿਖਦੇ ਸਨ। ਇਸ ਲਈ ਉਸ ਵੇਲੇ ਦੀ ਪੰਜਾਬੀ ਭਾਸ਼ਾ ਉਚਾਰ ਭਾਸ਼ਾ ਦੀ ਸਮਰੂਪਤਾ ਵਾਲੀ ਹੀ ਸੀ ਜਿਵੇਂ 'ਇਕ' ਨੂੰ 'ਹਿਕ' ਬੋਲਿਆ ਜਾਂਦਾ ਸੀ ਤੇ 'ਹਿਕ' ਹੀ ਲਿਖਿਆਂ ਜਾਂਦਾ ਸੀ। ਇਹ ਸੱਮਸਿਆਂ ਇਸ ਕਰਕੇ ਸੀ ਕਿਉਂਕਿ ਉਸ ਵਕਤ ਅੱਜ ਵਾਂਗ ਭਾਸ਼ਾ ਦਾ ਕੋਈ ਕੇਂਦਰੀ ਰੂਪ ਸਥਾਪਿਤ ਨਹੀਂ ਸੀ ਹੋਇਆ। ਇਸੇ ਕਰਕੇ ਜੋ ਲੋਕ ਬੋਲਦੇ ਸਨ ਉਹੀ ਲਿਖਦੇ ਸਨ।

ਵਾਰਤਕ ਗੋਸ਼ਟਾਂ ਵਿਚ ਦ੍ਰਿਸ਼ਟਾਂਤਾਂ ਦੀ ਵਰਤੋਂ ਵਧੇਰੇ ਕੀਤੀ ਗਈ ਮਿਲਦੀ ਹੈ। ਗੋਸ਼ਟਿਕਾਰ ਆਪਣੇ ਸੂਖਮ ਵਿਚਾਰਾਂ ਨੂੰ ਪ੍ਰਗਟਾਉਣ ਲਈ ਸਥੂਲ ਜੀਵਨ ਜਾਂ ਕੁਦਰਤ ਵਿਚੋਂ ਦ੍ਰਿਸ਼ਟਾਂਤ ਲੈ ਕੇ ਆਪਣੀ ਭਾਵਨਾ ਨੂੰ ਸਪਸ਼ਟ ਕਰਦਾ ਹੈ ਜਿਵੇਂ 'ਗੋਸ਼ਟਿ ਮੀਆਂ ਮਿੱਠਾ'[3] ਵਿਚ ਜਦੋਂ ਮੀਆਂ ਮਿੱਠਾ ਆਪਣੇ ਮੁਰੀਦ ਪਾਸੋਂ ਗੁਰੂ ਨਾਨਕ ਸਾਹਿਬ ਬਾਰੇ ਪੁੱਛਦਾ ਹੈ ਅਤੇ ਕਹਿੰਦਾ ਹੈ ਕਿ ਜਦੋਂ ਗੁਰੂ ਸਾਹਿਬ ਨੂੰ ਮਿਲਣਗੇ ਤਾਂ 'ਇਉਂ ਤਾਰਿ ਲੈਹਿੰਗਿ ਜਿਉਂ ਦੁਧ ਉਪਰਹੁ ਮਲਾਈ ਤਾਰ ਲਾਈਦੀ ਹੈ। 'ਗੁਰੂ ਨਾਨਕ

ਦੇਵ ਜੀ ਨੇ ਵੀ ਇਸੇ ਹੀ ਦ੍ਰਿਸ਼ਟਾਂਤ ਵਿਚ ਉੱਤਰ ਦਿੱਤਾ ਹੈ 'ਮਰਦਾਨਿਆਂ! ਜਾਂ ਮਿੱਠਾ ਅਸਾਨੂੰ ਮਿਲੇਗਾ ਤਾਂ ਇਉ ਨਿਚੋੜ ਲੈਹਿੰਗੇ ਜਿਉਂ ਨਿੰਬੂ ਵਿਚਹੁ ਰਸੁ ਨਿਚੋੜ ਲਈਦਾ ਹੈ'।

ਨਾਟਕੀਅਤਾ ਇਨ੍ਹਾਂ ਗੋਸ਼ਟਾਂ ਦਾ ਮੱਹਤਵਪੂਰਣ ਤੱਤ ਹੈ। ਗੋਸ਼ਟਾਂ ਵਿਚ ਕਿਸੇ ਸ਼ੰਕੇ ਨੂੰ ਲੈ ਕੇ ਉਸ ਉਪਰ ਬਹਿਸ, ਚਰਚਾ ਆਦਿ ਕੀਤੀ ਹੁੰਦੀ ਹੈ। ਇਸ ਵਿਚ ਘਟੋ-ਘਟ ਦੋ ਵਿਅਕਤੀਆਂ ਜਾਂ ਦੋ ਵੱਖ-ਵੱਖ ਵਿਚਾਰ ਰੱਖਣ ਵਾਲਿਆਂ ਜਾਂ ਵਿਰੋਧੀ ਭਾਵਾਂ ਵਾਲਿਆਂ ਦਾ ਸੰਵਾਦ ਸ਼ਾਮਿਲ ਹੁੰਦਾ ਹੈ। ਇਸ ਲਈ ਗੋਸ਼ਟਿ ਪ੍ਰਸ਼ਨ-ਉਤਰ ਸ਼ੈਲੀ ਰਾਹੀਂ ਜਾਂ ਵਾਰਤਾਲਾਪੀ ਸ਼ੈਲੀ ਰਾਹੀਂ ਉਸਾਰੀ ਜਾਣ ਕਰਕੇ ਇਸ ਵਿਚ ਨਾਟਕੀਅਤਾ ਵਿਦਮਾਨ ਹੁੰਦੀ ਹੈ। ਗੋਸ਼ਟਾਂ ਕਲਾਤਮਕ ਨਾਟਕੀ ਇਕਾਂਗੀਆਂ ਦਾ ਵਿੱਲਖਣ ਸੰਗ੍ਰਹਿ ਹੈ ਜੋ ਕਿਸੇ ਦੁਅੰਦ ਤੋਂ ਮੁਕਤ ਹੁੰਦੀਆਂ ਹਨ। ਇਸ ਵਿਚ ਨਵਿਰਤ ਕੀਤੇ ਸ਼ੰਕੇ ਇੰਞ ਪ੍ਰਤੀਤ ਹੁੰਦੇ ਹਨ ਕਿ ਪੂਰੀ ਗੋਸ਼ਟਿ ਨਾਟਕੀ ਜੀਵਨ ਦੀ ਉਸਾਰੀ ਕਰ ਰਹੀ ਹੋਵੇ। ਡਾ. ਗੋਬਿੰਦ ਸਿੰਘ ਲਾਂਬਾ ਨੇ ਵੀ ਗੋਸ਼ਟਾਂ ਵਿਚ ਨਾਟਕੀਅਤਾ ਦੀ ਸਾਰਥਿਕਤਾ ਨੂੰ ਮੰਨਿਆਂ ਹੈ :

'ਇਨ੍ਹਾਂ ਸਾਰੀਆਂ ਗੋਸ਼ਟਾਂ ਦਾ ਮਨੋਰਥ ਦਾਰਸ਼ਨਿਕ ਵਿਸ਼ਿਆਂ ਨੂੰ ਦਿਲਚਸਪ ਢੰਗ ਨਾਲ ਪੇਸ਼ ਕਰਨਾ ਹੈ'।[4] ਇਥੇ ਦਿਲਚਸਪ ਤੋਂ ਭਾਵ ਹੈ ਜਿਹੜਾ ਰਸ ਨੂੰ ਉਸਾਰੇ ਤੇ ਰਸ ਹੀ ਕੇਵਲ ਨਾਟਕੀ ਢੰਗ ਦੀ ਉਸਾਰੀ ਕਰਦਾ ਹੈ। ਬਹੁਤ ਸਾਰੀਆਂ ਗੋਸ਼ਟਾਂ ਵਿਚ ਨਾਟਕੀ ਅੰਸ਼ ਦੀ ਬਹੁਲਤਾ ਹੈ ਜੋ ਕਿ ਵਾਰਤਕ ਨੂੰ ਰਸਦਾਇਕ ਬਣਾ ਦਿੰਦੀ ਹੈ। ਇਹ ਰਸ ਦੋ ਵਿਰੋਧੀ ਸਥਿਤੀਆਂ, ਦੋ ਵਿਰੋਧੀ ਗੱਲਾਂ, ਦੋ ਵਿਰੋਧੀ ਪਾਤਰਾਂ ਨੂੰ ਇਕ ਦੂਜੇ ਦੇ ਨੇੜੇ ਲਿਆ ਕੇ ਪੈਦਾ ਕੀਤਾ ਜਾਂਦਾ ਹੈ। ਇਸ ਦੀਆਂ ਕੁਝ ਵਿੱਲਖਣ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ :

> 'ਪਾਂਧਾ ਤੂੰ ਕਿਛ ਆਪਿ ਭੀ ਪੜਿਆ ਹੈ ਜੋ ਮੇਰੇ ਤਾਈ ਪੜਾਇੰਦਾ ਹੈ' ਇਥੇ ਪੜ੍ਹਨ ਆਏ ਬਾਲਕ ਦਾ ਆਪਣੇ ਗੁਰੂ ਨੂੰ ਕੀਤਾ ਪ੍ਰਸ਼ਨ ਨਾਟਕੀ ਹੈ।
>
> ਤਾਂ ਬਾਬੇ ਆਖਿਆ 'ਅਸਾਂ ਖੇਤੀ ਤਕੜੀ ਕੀਤੀ ਹੈ' ਖੇਤੀ ਵਿਚ ਪੈਣ ਦੀ ਪ੍ਰੇਰਣਾ ਦੇਂਦੇ ਪਿਤਾ ਨੂੰ ਉਸ ਦੇ ਪਿਤਾ ਦਾ ਉੱਤਰ ਨਾਟਕੀ ਹੈ।
>
> 'ਨ ਕੋਈ ਹਿੰਦੂ ਨ ਕੋਈ ਮੁਸਲਮਾਨ'-ਗੁਰੂ ਸਾਹਿਬ ਦਾ ਜਗਤ ਨੂੰ ਦਿੱਤਾ ਕੂੜ ਤੇ ਕੁਸੱਤ ਦਾ ਨਾਅਰਾ ਵਿਲੱਖਣ ਹੈ।

ਆਦਿ ਸਾਖੀਆਂ (ਸ਼ੰਭੂ ਨਾਥ) ਵਿਚ ਵੀ ਨਾਟਕੀ ਵਾਰਤਾਲਾਪ ਉਸਾਰਿਆ ਮਿਲਦਾ ਹੈ। ਇਸ ਜਨਮ ਸਾਖੀ ਵਿਚ ਗੋਸ਼ਟਿਕਾਰ ਸੰਕੇਤਕ ਵਿਧੀ ਨਾਲ ਸਮਾਂ ਬੰਨ੍ਹਦਾ ਹੈ ਜਿਸ ਨਾਲ ਪਾਤਰਾਂ ਵਿਚ ਆਪਸੀ ਟਕਰਾਉ ਪੈਦਾ ਹੁੰਦਾ ਹੈ ਅਤੇ ਇਸ ਟਕਰਾਉ ਵਿਚੋਂ ਪਾਤਰਾਂ ਦੀ ਆਪਸੀ ਵਾਰਤਾਲਾਪ ਚੰਗੀ ਨਾਟਕੀ ਸਿਰਜਣਾ ਕਰਦੀ ਪ੍ਰਤੀਤ ਹੁੰਦੀ ਹੈ। ਪਾਂਧੇ ਨਾਲ ਗੋਸ਼ਟਿ ਇਸ ਦੀ ਉੱਤਮ ਮਿਸਾਲ ਹੈ :

> 'ਏ ਪੰਡਿਤੁ ਜੇ ਤੂੰ ਏਹੁ ਲੇਖਾ ਪੜਿਆ ਹੈ ਤਾ ਅਸਾਨੂੰ ਪੜਾਇ ਨਾਹੀ ਤਾ ਨਾ ਪੜੁ ਨਾ ਸੁਣਾਇ।। ਹੋ ਸੁਆਮੀ ਜਹਾ ਏਹੁ ਤੇਰਾ ਜੀਉ ਜਾਵੇਗਾ ਤਹਾ ਤੇਰੇ ਹਥੁ ਏਹੁ ਪੜਨਾ ਨੀਸਾਣੁ ਹੋਵੇਗਾ'[5]

ਗੋਸ਼ਟਿਕਾਰ ਨੇ ਗੋਸ਼ਟਿ ਵਿਚ ਹਰ ਪੱਖ ਤੋਂ ਨਾਟਕੀ ਰੰਗਣ ਦੇ ਕੇ ਗੁਰੂ ਨਾਨਕ ਦੇ ਚੱਰਿਤਰ ਨੂੰ ਉਸਾਰਨ ਦੀ ਕੋਸ਼ਿਸ਼ ਕੀਤੀ ਹੈ। ਗੋਸ਼ਟਿਕਾਰ ਨਿੱਕੇ-ਨਿੱਕੇ ਵਾਕਾਂ ਅਤੇ ਵਾਕ ਟੋਟਿਆਂ ਨਾਲ ਨਾਟਕੀ ਕਾਰਜ ਉਸਾਰਦਾ ਹੈ। 'ਕਾਜ਼ੀ ਨਾਲ ਗੋਸ਼ਟਿ' ਵਿਚ ਇਸ ਤਰ੍ਹਾਂ ਦਾ ਕਾਰਜ ਝਲਕਦਾ ਨਜ਼ਰ ਆਉਂਦਾ ਹੈ :

> 'ਤਬ ਖਾਨ ਕਹਿਆ ਨਾਨਕ ਕਉ ਬੁਲਾਇ ਲੇ ਆਵਹੁ।।
> ਤਾ ਆਦਮੀ ਆਏ ਬਾਬੇ ਪਾਸਿ।। ਬਾਬਾ ਜੀਉ ਤੇਰੇ ਤਾਈ ਖਾਨ ਬੁਲਾਵਤਾ ਹੈ।।
> ਤਬ ਬਾਬੇ ਕਹਿਆ ਕਉਨੁ ਖਾਨੁ।। ਤਬ ਉਨਹ ਕਹਿਆ ਦਉਲਤ ਖਾਨੁ '।।[6]

ਇਸ ਗੋਸ਼ਟਿ ਵਿਚ ਸਮੁੱਚਾ ਬਿਰਤਾਂਤ ਨਾਟਕੀ ਪ੍ਰਸ਼ਨੋਤਰੀ ਨਾਲ ਭਰਪੂਰ ਹੈ। ਇਸ ਵਿਚ ਗੁਰਬਾਣੀ ਦੇ ਉਚਾਰਣ ਵਿਚ ਵੀ ਇਹ ਰੰਗ ਵੇਖਿਆ ਜਾ ਸਕਦਾ ਹੈ।

ਗੋਸ਼ਟਾਂ ਦੇ ਅਧਿਐਨ ਤੋਂ ਗੋਸ਼ਟਾਂ ਦਾ ਵਿਆਖਿਆਤਮਕ ਪੱਖ ਵੀ ਉਘੜ ਕੇ ਸਾਹਮਣੇ ਆਉਂਦਾ ਹੈ, ਜੋ ਇਨ੍ਹਾਂ ਵਿਚਲੀ ਸਾਹਿਤਕਤਾ ਨੂੰ ਰੂਪਮਾਨ ਕਰਦਾ ਹੈ। ਇਸ ਤਰ੍ਹਾਂ ਦੀਆਂ ਗੋਸ਼ਟਾਂ ਦਾ ਉਦੇਸ਼ ਘਟਨਾ ਦਾ ਬਿਆਨ ਜਾਂ ਵਰਣਨ ਨਹੀਂ ਹੁੰਦਾ, ਸਗੋਂ ਵਸਤੂ ਅਤੇ ਵਿਚਾਰਾਂ ਦੀ ਵਿਆਖਿਆ ਕਰਨਾ ਹੁੰਦਾ ਹੈ। ਭਾਈ ਮਨੀ ਸਿੰਘ ਜੀ ਰਚਿਤ 'ਪੁਰਾਤਨ ਜਨਮਸਾਖੀ' ਇਸੇ ਪੱਖ ਨੂੰ ਹੀ ਉਘਾੜਦੀ ਪ੍ਰਤੀਤ ਹੁੰਦੀ ਹੈ। ਗੋਸ਼ਟਾਂ ਵਿਚ ਦਿੱਤੀਆਂ ਬਾਣੀ ਦੀਆਂ ਟੂਕਾਂ ਦੀ ਵਿਆਖਿਆਂ ਵਿਸਤਾਰ ਸਾਹਿਤ

ਕੀਤੀ ਗਈ ਮਿਲਦੀ ਹੈ। 'ਜਪੁ ਜੀ ਗੋਸ਼ਟਿ', 'ਸ਼ੇਖ ਬ੍ਰਹਮ ਨਾਲ ਗੋਸ਼ਟਿ', 'ਸਿਧਾਂ ਨਾਲ ਗੋਸ਼ਟਿ' ਇਸ ਦੀਆਂ ਉੱਤਮ ਉਦਾਹਰਣਾਂ ਹਨ।

ਪੁਰਾਤਨ ਪੰਜਾਬੀ ਸਾਹਿਤ ਵਿਚ ਮਿਲਦੀਆਂ ਗੋਸ਼ਟਾਂ ਦਾ ਸਰੂਪ 'ਪਦ' ਅਤੇ 'ਗਦ' ਦੋਵੇਂ ਹੀ ਮਿਲਦੇ ਹਨ। ਵਾਰਤਕ ਗੋਸ਼ਟਿ ਅਤੇ ਕਾਵਿਕ ਗੋਸ਼ਟਿ ਵਿਚਕਾਰ ਨਿਖੇੜੇ ਦਾ ਜ਼ਿਕਰ ਅਸੀਂ ਅੱਗੇ ਜਾ ਕੇ ਕਰਾਂਗੇ। ਗੋਸ਼ਟਿਕਾਰ ਜਦੋਂ ਕਾਵਿਕ ਪੱਖ ਵਿਚ ਆਪਣੀ ਗੋਸ਼ਟ ਨੂੰ ਪ੍ਰਸਤੁਤ ਕਰਦਾ ਹੈ ਤਾਂ ਉਹ ਆਪਣੇ ਵਿਸ਼ਾਲ ਦਾਇਰੇ ਨੂੰ ਕੁਝ ਸਤਰਾਂ ਵਿਚ ਸਮੇਟ ਕੇ ਸਾਰਥਕ ਅਰਥ ਅਭਿਵਿਅਕਤ ਕਰਦਾ ਹੈ। ਇਹ ਸਾਰਥਕ ਅਰਥ ਕਾਵਿ ਭਾਸ਼ਾ ਨੂੰ ਅਭਿਵਿਅੰਜਨ ਦੀ ਸੰਪੂਰਣਤਾ ਤਕ ਤਦ ਹੀ ਪਹੁੰਚਾ ਸਕਦੇ ਹਨ ਜੇਕਰ ਉਸ ਨੂੰ ਹਰ ਸ਼ਬਦ ਦੇ ਇਤਿਹਾਸ-ਸ੍ਰੋਤ ਦਾ ਪਤਾ ਹੋਵੇ। ਉਸ ਨੂੰ ਸ਼ਬਦ ਦੀ ਵਰਤਮਾਨ ਪਰਿਸਥਿਤੀ ਅਤੇ ਉਸ ਵਿਚੋਂ ਉਦੈ ਹੁੰਦੇ ਭਵਿਖ ਮਈ ਸੰਕੇਤਾਂ ਦਾ ਗਿਆਨ ਹੋਵੇ। ਕਵੀ ਦਾ ਉਦੇਸ਼ ਸਧਾਰਣ ਮਨੁੱਖ ਦੀ ਭਾਸ਼ਾ ਤੋਂ ਵੱਖਰਾ ਹੁੰਦਾ ਹੈ ਕਿਉਂਕਿ ਸਧਾਰਣ ਮਨੁੱਖ ਤਾਂ ਕੇਵਲ ਸ਼ਬਦ ਦੇ ਨਿਸ਼ਚਿਤ ਅਰਥਾਂ ਤਕ ਹੀ ਸੀਮਤ ਹੁੰਦਾ ਹੈ ਪਰ ਕਵੀ ਨੇ ਸ਼ਬਦਾਂ ਨੂੰ ਸ਼ਬਦ ਅਰਥਾਂ ਦੇ ਨਾਲ ਨਾਲ ਭਾਵਾਂ ਵਿਚ ਵੀ ਪਰੋਣਾ ਹੁੰਦਾ ਹੈ ਅਤੇ ਇਸ ਤੋਂ ਵੀ ਅੱਗੇ ਉਸਨੇ ਅਲੰਕਾਰਾਂ, ਦ੍ਰਿਸ਼ਟਾਂਤਾਂ, ਉਪਮਾਵਾਂ, ਬਿੰਬਾਂ ਅਤੇ ਪ੍ਰਤੀਕਾਂ ਆਦਿ ਵਿਚ ਪ੍ਰਯੁਕਤ ਕਰਕੇ ਉਸ ਨੂੰ ਸੌਂਦਰਯ ਪ੍ਰਦਾਨ ਕਰਨਾ ਹੁੰਦਾ ਹੈ। ਉਸ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਸ਼ਬਦ ਦੀ ਅਭਿਧਾਮੂਲਕ ਸੀਮਾ ਤੋਂ ਪਾਰ ਉਸ ਨੂੰ ਲਕਸ਼ਣਾ ਅਤੇ ਵਿਅੰਜਨਾ ਮੂਲਕ ਤੱਕ ਲੈ ਕੇ ਜਾਂਦਾ ਹੈ।

ਪੁਰਾਤਨ ਪੰਜਾਬੀ ਸਾਹਿਤ ਵਿਚ ਮਿਲਦੀਆਂ ਗੋਸ਼ਟਾਂ ਵਿਚੋਂ ਭਾਰਤੀ ਅਤੇ ਭਾਰਤ ਤੋਂ ਬਾਹਰੋਂ ਆਏ ਬਾਕੀ ਧਰਮਾਂ ਜਿਵੇਂ ਇਸਲਾਮ, ਜੈਨ, ਵੈਸ਼ਣਵ ਅਤੇ ਜੋਗੀਆਂ ਆਦਿ ਦੀਆਂ ਸਿਧਾਂਤਕ ਰੂੜ੍ਹੀਆਂ ਸੰਬੰਧੀ ਵੀ ਵਿਚਾਰ-ਚਰਚਾ ਕੀਤੀ ਗਈ ਮਿਲਦੀ ਹੈ। ਇਸ ਦਾ ਕਾਰਨ ਇਹ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਭਿੰਨ-ਭਿੰਨ ਦੇਸ਼ਾਂ ਵਿਚ ਉਦਾਸੀਆਂ ਕੀਤੀਆਂ ਅਤੇ ਉਨ੍ਹਾਂ ਨੇ ਲਗਪਗ ਸਾਰੇ ਭਾਰਤ ਦੀ ਅਤੇ ਕੁਝ ਕੁ ਪ੍ਰੱਸਿਧ ਅਰਬ ਦੇਸ਼ ਜਿਵੇਂ ਮੱਕਾ ਮਦੀਨਾ ਸ਼ਹਿਰ, ਅਫਗਾਨਿਸਤਾਨ ਅਤੇ ਬਲੋਚਿਸਤਾਨ ਆਦਿ ਦਾ ਪੈਦਲ ਪੈਂਡਾ ਤਹਿ ਕੀਤਾ। ਇਸ ਤੋਂ ਬਿਨਾਂ ਉਹ ਲੰਕਾਂ ਦੇਸ਼ ਤੱਕ ਵੀ ਘੁੰਮ

ਆਏ ਸਨ। ਭਾਰਤ ਦੀ ਉਤਰੀ ਦਿਸ਼ਾ ਵਲ ਸੁਮੇਰ ਪਰਬਤ ’ਤੇ ਸਿਧਾਂ ਨਾਥਾਂ ਨਾਲ ‘ਸਿਧ ਗੋਸ਼ਟਿ’ ਕੀਤੀ ਅਤੇ ਉਤਰ, ਪੂਰਬ ਤੇ ਦੱਖਣ, ਬਨਾਰਸ ਬੰਗਲਾ ਦੇਸ਼ ਤੱਕ ਆਪਣਾ ਸੰਦੇਸ਼ ਪਹੁੰਚਾ ਆਏ ਸਨ।

ਗੁਰੂ ਸਾਹਿਬ ਨੇ ਇਨ੍ਹਾਂ ਯਾਤਰਾਵਾਂ ਵਿਚ ਸੁਲਤਾਨਪੁਰ ਵਿਚ ਮੁੱਲਾਂ ਨਾਲ, ਹਰਿਦਵਾਰ ਅਤੇ ਬਨਾਰਸ ਵਿਚ ਪੰਡਿਤਾਂ ਨਾਲ, ਦੱਖਣ ਵਿਚ ਸੱਜਣ ਠੱਗ ਨਾਲ, ਨਰਬ੍ਦਾ ਨਦੀਂ ਤੇ ਸੰਨਿਆਸੀਆਂ ਨਾਲ, ਰਾਜਪੂਤਾਨੇ ਅਤੇ ਬੀਕਾਨੇਰ ਵਿਚ ਵੈਸ਼ਨਵਾਂ ਨਾਲ, ਕੁਰਕਸ਼ੇਤਰ ਵਿਚ ਪੰਡਿਤਾਂ ਨਾਲ, ਸੁਮੇਰ ਪਰਬਤ ਉਤੇ ਸਿਧਾਂ/ਨਾਥਾਂ/ਜੋਗੀਆਂ ਨਾਲ, ਜਗਨਨਾਥ ਪੁਰੀ ਵਿਚ ਆਰਤੀ ਸੰਬੰਧੀ ਹਿੰਦੂ ਧਰਮ ਦੇ ਆਗੂਆਂ ਨਾਲ, ਮੱਕੇ ਮਦੀਨੇ ਵਿਚ ਕਾਜ਼ੀਆਂ ਆਦਿ ਨਾਲ ਗੋਸ਼ਟਾਂ ਕਰਦੇ ਰਹੇ ਸਨ। ਇਨ੍ਹਾਂ ਯਾਤਰਾਵਾਂ ਜਾਂ ਉਦਾਸੀਆਂ ਦੌਰਾਨ ਉਨ੍ਹਾਂ ਨੂੰ ਭਿੰਨ-ਭਿੰਨ ਦੇਸ਼ਾਂ ਦੇ ਧਾਰਮਿਕ, ਸਮਾਜਿਕ, ਰਾਜਨੀਤਿਕ, ਆਰਥਿਕ ਅਤੇ ਸਭਿਆਚਾਰਕ ਪੱਖਾਂ ਦਾ ਹੀ ਕੇਵਲ ਗਿਆਨ ਪ੍ਰਾਪਤ ਨਹੀਂ ਹੋਇਆ, ਸਗੋਂ ਲੋਕਾਂ ਵਿਚ ਰਹਿਣ ਕਰਕੇ ਉਨ੍ਹਾਂ ਨੂੰ ਸਹਿਜ ਸੁਭਾਵਕ ਹੀ ਉਨ੍ਹਾਂ ਦੀ ਭਾਸ਼ਾ ਵੀ ਗ੍ਰਹਿਣ ਹੋ ਗਈ। ਉਨ੍ਹਾਂ ਨੇ ਵੱਖ-ਵੱਖ ਦੇਸ਼ਾਂ ਦੇ ਲੋਕਾਂ ਦੀ ਭਾਸ਼ਾ ਨੂੰ ਪੁਸਤਕ-ਸ੍ਰੋਤਾਂ ਤੋਂ ਗ੍ਰਹਿਣ ਕਰਨ ਦੀ ਬਜਾਇ ਆਪ ਲੋਕਾਂ ਵਿਚ ਵਿਚਰ ਕੇ ਉਸ ਨੂੰ ਅਨੁਭਵ ਦੁਆਰਾ ਪ੍ਰਾਪਤ ਕੀਤਾ ਸੀ। ਇਸੇ ਕਰਕੇ ਉਨ੍ਹਾਂ ਦੀ ਬਾਣੀ ਵਿਚੋਂ ਮਿਲਦੇ ਸ਼ਬਦ ਕਿਸੇ ਸਿਖੀ ਸਿਖਾਈ ਭਾਸ਼ਾ ਵਾਂਗ ਬਣਾਉਟੀ ਨਹੀਂ ਲੱਗਦੇ ਸਗੋਂ ਸਹਿਜ ਸੁਭਾਵਕ ਗ੍ਰਹਿਣ ਹੋਣ ਕਰਕੇ ਉਨ੍ਹਾਂ ਦੇ ਅਨੁਭਵ ਦਾ ਭਾਗ ਬਣ ਗਏ ਹਨ।

ਗੋਸ਼ਟਾਂ ਦੇ ਅਧਿਐਨ ਤੋਂ ਸਪਸ਼ਟ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਕਾਵਿ-ਚਮਤਕਾਰ ਪਾਠਕਾਂ/ਸਰੋਤਿਆਂ ਨੂੰ ਸੰਪੂਰਣ ਕਲਾਤਮਕਤਾ ਵਲ ਲੈ ਕੇ ਜਾਂਦਾ ਹੈ, ਇਹ ਸਪਸ਼ਟ ਹੈ ਕਿ ਸ਼ਬਦਾਂ ਦਾ ਆਪਣਾ ਕੋਈ ਸੰਪਰਦਾਇਕ ਸਰੂਪ ਜਾਤ ਜਾਂ ਧਰਮ ਨਹੀਂ ਹੁੰਦਾ ਪਰ ਉਨ੍ਹਾਂ ਦੀ ਵਰਤੋਂ ਇਨ੍ਹਾਂ ਪ੍ਰਸੰਗਾਂ ਵਿਚ ਜ਼ਰੂਰ ਕੀਤੀ ਜਾਂਦੀ ਹੈ। ਅਜਿਹੀ ਕੀਤੀ ਗਈ ਵਰਤੋਂ ਗੋਸ਼ਟਾਂ ਵਿਚ ਭਰਪੂਰ ਰੂਪ ਵਿਚ ਮਿਲਦੀ ਹੈ। ਇਹ ਸ਼ਬਦ ਗੁਰੂ ਸਾਹਿਬ ਨੇ ਬਹੁਤ ਸਾਰੀਆਂ ਹੋਰ ਭਸ਼ਾਵਾਂ ਤੋਂ ਵੀ ਲਏ ਸਨ ਜੋ ਪੰਜਾਬੀ ਦੇ ਸ਼ਬਦ ਭੰਡਾਰੇ ਨੂੰ ਹੋਰ ਵਿਸ਼ਾਲ ਕਰਦੇ ਹਨ :

ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਰਚਿਤ ਭਾਈ ਮਨੀ ਸਿੰਘ ਜੀ ਵਿਚਲੀ ਸ਼ਬਦਾਵਲੀ – ‘ਅਗਯਾਨ’, ‘ਅਸਾਡੀ’, ‘ਅੰਧਿਆਰਾ’, ‘ਆਂਵਦਾ’, ‘ਅਉਤਾਰ’, ‘ਅਨਹਦ ਸ਼ਬਦ’,

'ਅਜੋਨੀ', 'ਅੰਧ ਘੋਰ', 'ਈਹਾਂ', 'ਸਮਾਧਿ', 'ਸਤਿਜੁਗਿ ਰਥ', 'ਸੁਰ ਨਾਥ',' 'ਸਿਧ ਬੁਧ', 'ਸਨਬੰਧੀਆਂ', 'ਸਰੀਅਤ' 'ਸਕਤ', 'ਸਿਕਲ', 'ਸਮਾਂਵਦਾ', 'ਸੁੰਨੰ', 'ਸਹਿਜ' 'ਸਤੀ', 'ਸੰਤੋਖੀ', 'ਸਾਬੁਣ', 'ਹੂਆ', ਹਰਾਮ ਖੋਰ', 'ਹਸਤੇ', 'ਹਤਿਆ 'ਹੋਵਹਿੰਗੇ', ਕਮਾਹਿ', 'ਕਯੋਂਕਿ', 'ਕਿਸੁ ਵਖਰ ਕੇ ਤੁਮ ਵਣਜਾਰੇ', 'ਕੂੜ ਰਾਜਾ', 'ਕੂੜ ਪਰਜਾ', 'ਖੁਦਾਇ', 'ਖਾਕ', 'ਖੁਣਸ', 'ਗ੍ਰਹਸਤੀ', 'ਚਲਤੇ', 'ਜੋਗੀ, 'ਜੋਗ ਜੁਗਤਿ', 'ਜੋਗੀਸਰਾਂ', 'ਜਤੀ', 'ਜਾਵਹਿਗੇ', 'ਜਾਤਾ', 'ਜਗਤ', 'ਡੰਡਉਤ', 'ਤਾੜੀ', 'ਦਰਸਨ', 'ਧਿਆਨ', 'ਨਰਕ ਸੁਰਗ', 'ਨਿੰਦਕ', 'ਪਰਬਤਹੁ', 'ਪਛੋਤਾਵਤਾ', 'ਪੈਕੰਬਰ' 'ਬੀਜਦਾ', ਬਿਭੂਤ', 'ਬ੍ਰਹਮ', 'ਭਿਰਾਉ', 'ਭੋਗਤਾ', 'ਭੋਗਹਿਗੇ', 'ਭਿਸਤ', 'ਭਉਜਲ', 'ਮੁਇਆਂ', 'ਮਾਇਆ', 'ਮੁਕਤਿ', 'ਮੂਤ ਪਲੀਤੀ', 'ਰਯਤ', ਆਦਿ।

**ਪੁਰਾਤਨ ਜਨਮਸਾਖੀ ਭਾਈ ਬਾਲੇ ਵਿਚਲੀਆਂ ਗੋਸ਼ਟਾਂ ਦੀ ਸ਼ਬਦਾਵਲੀ :-**

'ਓਅੰਕਾਰਿ', 'ਆਂਵਦਾ', 'ਅਸਾਡੇ', 'ਆਵੋ', 'ਅਹਾਰ', 'ਅਬਦੁਲ ਰਹਿਮਾਨ', 'ਅਗਿਆਨੀ', 'ਅਲਾਹ ਫਕੀਰ ਜ਼ੋਹਦ ਹਮੇਸ', 'ਔਲੀਆ', 'ਅਸਾਂਨੋ' 'ਆਵਸੀ', 'ਅਜਿਤਿਆ', 'ਏਕੰਕਾਰ', 'ਸਮੁੰਦਰ', 'ਸਵਾਰਿਓਸੁ', 'ਸਮੁੰਦਰ', 'ਸਲਾਮਾ ਲੈਕਮ', 'ਸਚ', 'ਸੁਟੀਏਂਗੇ', 'ਸਦਾਯਾ', 'ਸਿਦਕ ਰਖਸਨ', 'ਸਿੰਙੀ ਬਾਜੈ', 'ਹੈਨ', 'ਹੋਵਸਨ', 'ਹੈਸੀ', 'ਹਾਜਰ ਨਾਮਾ', 'ਕਵਨ ਤੁਮੇ ਕਿਆ ਨਾਉ ਤੁਮਾਰਾ', 'ਕਿਥਾਊਂ','ਕੀਤੀਓਸੁ', 'ਕਾਲ ਹੂਆ', ਕਲਜੁਗ', 'ਕਾਮਲ', 'ਕੁਠਿਆਲੇ', 'ਕੰਨ ਪੜਾਇ', 'ਕਰ ਜਾਤਾ', 'ਖੁਦਾਇ', 'ਖਾਵੰਦ', 'ਖੰਡਾ' 'ਗੁਮਾਨ', ਗੁੰਦਾਈ', 'ਛਲ', 'ਜਾਣੀਐਂਗੇ', 'ਤਕਸੀਰ', 'ਤ੍ਰਿੰਹੁ', 'ਤਬ, 'ਤੁਸਾਡਾ', 'ਧਿਆਨ', 'ਨਮਾਜ਼', 'ਨਾਮ', 'ਨਦਰ', 'ਨਾਨਕ ਤਪਾ', 'ਨਿਰੰਕਾਰ', 'ਨਿਵਾਜਸ਼', 'ਨਦਰੀ', 'ਪਟਣ', 'ਪੇਂਵਦਾ', 'ਪਾਂਡਵ', 'ਪ੍ਰਸਾਦਿ', 'ਪੈਦਾਇਸ਼', 'ਪਹਿਰਸੀ', 'ਪ੍ਰਮੇਸ਼ਰ', 'ਬਣਮਾਣੂ', 'ਬਸਤ੍ਰ', 'ਬਾਲ 'ਬ੍ਰਹਮ', 'ਬਿਧਿ', 'ਬਖਸ਼ਾਇ', 'ਮੰਡਲਾਂ', 'ਮੁੰਦਰਾਂ ਪਹਿਰਾਵੋਂ', 'ਮਿਹਰਵਾਨ', 'ਮੀਆਂ', 'ਮੂਦਬਖਾਨੇ', 'ਮਾਯਾ', 'ਮੁਖਹਿ ਅਲਾਇ', 'ਮੇਘਾਂ', 'ਲੋਆਂ', 'ਵਿਸਮਾਦ', 'ਵਿਛੜਸਨ', 'ਸ਼ਬਦ', ਆਦਿ।

**ਪੁਰਾਤਨ ਜਨਮਸਾਖੀ ਭਾਈ ਵੀਰ ਸਿੰਘ ਵਿਚਲੀ ਸ਼ਬਦਾਵਲੀ** :- 'ਓਥਹੁ', 'ਉਜਾੜਿ', 'ਉਦਿਆਨ', 'ਅਗਰ ਚੰਦਨ', 'ਅਲੇਖੁ ਪੁਰਖੁ', 'ਅਗਰ ਤੁਰਾ ਸੁਆਲ ਮੇ ਪੁਰਸੰ', 'ਅਹਿਲਾ ਜਬਾਬੁ ਬੁਗੋ ਦਰਵੇਸੰ', 'ਅਲਾਇ ਡੇਖਾਂ ਕੇਹਾ', 'ਆਦੇਸ ਆਦੇਸ', 'ਆਵਨਿ', 'ਅਲਹ', 'ਅਸਤਾਵਾ, ਇਕਸੁ ਬੜ੍ਹ', 'ਸਯੀਅਦ', 'ਸੁਲਭਾਨ ਹੋਵਹੁ', 'ਸਿਧੀ' 'ਸੁਬਾਹਾਨ' 'ਹੈਰਾਨ ਥੀਆ ਹਾਂ', ਹਰਿਆ ਹੋਆ', 'ਹਲਾਲੁ', 'ਹੈਨਿ' 'ਕਹਿਓਸੁ', 'ਕੁਪੀਨ ਸ਼ੁਮਾ ਚਿ ਜੇਬਾਸ਼ਿ', 'ਕਵਣ ਕਰਸੀ', 'ਖਫਨੀ ਫਿਰਾਕ', 'ਖੜਾ ਹੋਆ', 'ਖੋਪਰੀ', 'ਖਿੰਚਿ ਘਿਧੀ, 'ਗੁਪਤ ਧਰਤੀ', 'ਗਿਰਹੀ ਜਟਾ, 'ਗੁਜਰ', 'ਗਇਆ ਆਹਾ', ਘਿਨਿ ਕਰਿ', 'ਚਉਰਾਸੀਹ' 'ਚੰਮ ਕੀ ਸੁਥਣਿ', 'ਚੁਮਿਓਸੁ' 'ਚੰਮੜੀ', 'ਜੇਬਾਸ਼ਿ', 'ਠਉੜ', 'ਡਿਠੋਸ', 'ਤਬਿ', 'ਤਬਲਬਾਜੁ', 'ਤਰਫਿ' ਦਰਵੇਸ', 'ਦਸਤਪੰਜਾ', 'ਦਸਤਪੋਸੀ', 'ਧਰਿਓਸੁ', 'ਪੈਂਡੇ- ਪੈਂਡੇ', 'ਪਟਣ', 'ਪੂਜੇ ਸੈਲਾ', 'ਪਰੀ', 'ਪੜੀ', 'ਪੀਰ ਕੇ ਦਸਤ ਪੇਸ', 'ਪਰਦੱਖਣਾ, 'ਪੁਤ੍ਰ' 'ਫੇਰੇ ਤਸਬੀ', 'ਬੁਲਾਇੰਦਾ', 'ਬਾਲਕੇ', 'ਬਰਸਾਂ', 'ਭਸਮ ਚੜਾਇ', 'ਭੰਗੜੀ', 'ਮਸੀਤਿ ਮੁਸਲਾ', 'ਮੁਹਿ ਪਾਂਵਦਾ ਨਾਹੀ', 'ਮੀਆਂ ਮਿੱਠਾ', 'ਰਵੈ', 'ਰਵਦੇ ਰਹੇ', 'ਰੁਕਨ ਦੀਨਿ', 'ਲੈਹਿੰਗਿ', 'ਵਜਾਇਓਸੁ', 'ਵਖਤਿ', 'ਵਛੇਰੀ', 'ਵਾਹੁ ਵਾਹੁ' ਆਦਿ।

**'ਆਦਿ ਸਾਖੀਆਂ' ਜਨਮਪਤ੍ਰੀ ਬਾਬੇ ਨਾਨਕ ਜੀ ਕੀ ਵਿਚਲੀ ਸ਼ਬਦਾਵਲੀ** : 'ਉਠਿ', 'ਉਬਰਦੇ', 'ਅਣਾਇ', 'ਅਚਲੁ', 'ਆਸਣ', 'ਆਵਤੀਆ', 'ਅਸਾਨੂੰ', 'ਸਮੁਦ੍ਰ', 'ਸੰਪਟ', 'ਸੰਘਦੇ', 'ਸਜਾਇ','ਸੰਜਮਿ', 'ਸੁਆਮੀ', 'ਸਿਵਰਾਤਿ, 'ਹੈਨਿ', 'ਕਿਹੁ', 'ਹੋਵਨਿਗੀਆ', 'ਕਹਾਇਦੇ', 'ਕਾਗਦੁ', 'ਕਲਿਜੁਗ', 'ਕੁੰਡਿ', 'ਖਾਏ', 'ਗੁਦਰ', 'ਚਉਰਾਸੀਆ', 'ਚਲਹੁ', 'ਝਾਕਿਆ', 'ਤੈ' 'ਨਿਕਲਿ', 'ਪੜਾਇਦਾ', 'ਪਾਉਦੇ', 'ਪਇਉ ਰਹੈ', 'ਪੀਏ', 'ਪੰਡਤਿ, 'ਪਾਤਿਸਾਹੁ', 'ਪੁਰਖ', 'ਬਤਾਇ', 'ਬੈਠਾ', 'ਬਲਾਇ', 'ਬੇਦ ਸਾਸਤ', 'ਭੈਮਾਨ', 'ਮਿਲਹਿਗੀਆ', 'ਰਮਿਆ', ''ਲੁਕਾਇ', 'ਲੋੜੀਐ', 'ਲਹਿਦੇ', 'ਵਾਈ', 'ਵਿਖਾਲਿ', 'ਵਿਗੜਗਇਆ' ਆਦਿ।

ਉਪਰੋਕਤ ਸ਼ਬਦਾਵਲੀ ਤੋਂ ਸਪਸ਼ਟ ਹੈ ਕਿ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਗੋਸ਼ਟਾਂ ਵਿਚ ਸ਼ਬਦ ਵੰਨਗੀਆਂ ਦੀ ਏਨੀ ਭਰਮਾਰ, ਉਨ੍ਹਾਂ ਦੇ ਗਹਿਰੇ ਅਨੁਭਵ ਅਤੇ ਵਿਸ਼ਾਲ ਤਜ਼ਰਬੇ ਸਦਕਾ ਹੀ ਹੈ

ਉਨ੍ਹਾਂ ਦੀ ਕਾਵਿ ਕਲਾ ਕਲਾਤਮਕਤਾ ਦੇ ਸਿਖਰ ਨੂੰ ਛੂਹੰਦੀ ਹੈ। ਲੋਕ ਬੋਲੀ ਦਾ ਸਾਹਿਤਕ-ਸੁਹਜ ਅਤੇ ਕਲਾਤਮਕ ਸਰੂਪ ਪਹਿਲੀ ਵਾਰ ਇਕ ਸਫ਼ਲ ਪ੍ਰਯੋਗ ਵਜੋਂ ਸਾਹਮਣੇ ਆਉਂਦਾ ਹੈ। ਇਹ ਗੋਸ਼ਟਾਂ ਕੇਵਲ ਸਾਹਿਤਕ ਪ੍ਰਗਟਾਅ ਦੇ ਇਕ ਪੱਖ ਨੂੰ ਹੀ ਨਹੀਂ ਪੂਰਦੀਆਂ ਸਗੋਂ ਇਸ ਵਿਚ ਬਿਰਤਾਂਤਕ, ਦ੍ਰਿਸ਼ਟਾਂਤਕ, ਵਿਆਖਿਆਤਮਕ ਅਤੇ ਪ੍ਰਵਚਨ ਮਈ ਪੱਖਾਂ ਨੂੰ ਪੂਰਦੀਆਂ ਹੋਈਆਂ ਕਲਾਤਮਕਤਾ ਦੇ ਸਿਖਰ ਨੂੰ ਛੂਹੰਦੀਆਂ ਹਨ।

ਸ਼ੈਲੀ 'ਲਿਖਣ' ਦੇ ਵਿਲੱਖਣ ਢੰਗ ਜਾਂ ਅੰਦਾਜ਼ ਨੂੰ ਕਿਹਾ ਜਾਂਦਾ ਹੈ। ਇਹ ਲੇਖਕ ਵਿਸ਼ੇਸ਼ ਦੀ ਚੇਤਨਾ ਦਾ ਪ੍ਰਗਟਾਵਾ ਹੈ ਅਤੇ ਇਹ ਚੇਤਨਾ ਅਨੁਭੂਤੀ ਦੀ ਡੂੰਘਾਈ ਅਤੇ ਚਿੰਤਨ ਦੀ ਸੂਖਮਤਾ ਦੇ ਆਧਾਰ 'ਤੇ ਆਪਣੇ ਸਰੂਪ ਦਾ ਨਿਰਮਾਣ ਕਰਦੀ ਹੈ। ਜਿਥੇ ਸਾਹਿਤ ਉੱਚੇ ਖਿਆਲਾਂ ਨੂੰ ਚੰਗੀ ਤਰਤੀਬ ਵਿਚ ਪ੍ਰਗਟਾਉਣ ਦਾ ਨਾਂ ਹੈ ਉਥੇ ਸ਼ੈਲੀ ਚੰਗੇ ਸ਼ਬਦਾਂ ਨੂੰ ਢੁੱਕਵੀ ਤਰਤੀਬ ਵਿਚ ਪਰੋਣ ਦਾ ਨਾਂ ਹੈ, ਜਿਸਦਾ ਸੰਬੰਧ ਮਨੁੱਖੀ ਮਨ ਦੀ ਸੰਵੇਦਨਸ਼ੀਲਤਾ ਨਾਲ ਹੈ। ਕਾਲਰਿਜ਼ ਨੇ ਇਕ ਥਾਂ ਲਿਖਿਆ ਹੈ 'The Best word in the best order' ਭਾਵ ਚੰਗੀ ਸ਼ੈਲੀ ਦਾ ਗੁਣ, ਵਿਚਾਰਾਂ ਅਤੇ ਭਾਵਾਂ ਨੂੰ ਸ਼ੁਧ ਤੇ ਸੰਪੂਰਣ ਰੂਪ ਵਿਚ ਸਾਖਿਆਤ ਕਰਨਾ ਹੈ। ਚਿੰਤਕਾਂ ਨੇ ਮੰਨਿਆਂ ਹੈ ਕਿ ਚੰਗੀ ਸ਼ੈਲੀ ਮਕਾਨ ਦੀ ਇਕ ਬਾਰੀ ਵਾਂਗ ਹੁੰਦੀ ਹੈ ਜਿਸ ਵਿਚੋਂ ਬਾਹਰ ਵੇਖਿਆਂ ਸਾਰੀ ਕਾਇਨਾਤ ਦੀ ਖ਼ੂਬਸੂਰਤੀ ਤਾਂ ਦਿਸ ਪਵੇ ਪਰ ਬਾਹਰ ਵੇਖਦੇ ਵਕਤ ਉਸ ਨੂੰ ਬਾਰੀ ਦਾ ਧਿਆਨ ਨਾ ਵਿਸਰੇ। ਸ਼ੈਲੀ ਦਾ ਕੰਮ ਆਪਣੇ ਆਪ ਵਲ ਧਿਆਨ ਖਿਚਣਾ ਹੈ ਖਿਆਲ ਪ੍ਰਗਟਾਵੇ ਨੂੰ ਰੋਚਕ ਬਣਾਉਣਾ ਹੈ। ਪਰ ਕਹਿਣ ਦਾ ਭਾਵ ਇਹ ਹੈ ਕਿ ਸ਼ੈਲੀ ਭਾਵ ਪ੍ਰਗਟਾਵੇ ਦਾ ਇਕ ਸਾਧਨ ਮਾਤਰ ਤਾਂ ਹੋ ਸਕਦੀ ਹੈ ਪਰ ਇਹ ਆਪਣੇ ਆਪ ਵਿਚ ਲਕਸ਼ ਨਹੀਂ ਹੈ। ਸ਼ੈਲੀ ਦੀ ਵੰਡ 'ਪਦ' ਅਤੇ 'ਗਦ' ਸ਼ੈਲੀ ਵਿਚ ਕੀਤੀ ਜਾਂਦੀ ਹੈ।

ਪੁਰਾਤਨ ਪੰਜਾਬੀ ਸਾਹਿਤ ਦੀਆਂ ਗੋਸ਼ਟਾਂ 'ਪਦ' ਅਤੇ 'ਗਦ' ਦੋਹਾਂ ਸ਼ੈਲੀਆਂ ਵਿਚ ਮਿਲਦੀਆਂ ਹਨ। ਇਸ ਸੰਬੰਧੀ ਡਾ. ਰਤਨ ਸਿੰਘ ਜੱਗੀ ਦੇ ਵਿਚਾਰ ਵੀ ਬਹੁਮੁੱਲੇ ਹਨ : 'ਮਨ ਦੀਆਂ ਸੰਵੇਦਨਸ਼ੀਲ ਵ੍ਰਿਤੀਆਂ ਇਕ ਖਾਸ ਸੁਰ ਜਾਂ ਪ੍ਰਵਾਹ ਵਜੋਂ ਮੂਰਤੀਮਾਨ ਹੋ ਕੇ ਕਿਸੇ ਸਾਹਿਤਕ ਕ੍ਰਿਤੀ ਵਿਚ ਅਦੁੱਤੀ ਸੁੰਦਰਤਾ ਪੈਦਾ ਕਰਦੀਆਂ ਹਨ। ਫਲਸਰੂਪ ਸ਼ਬਦ ਕੋਮਲਤਾ, ਸਰਲਤਾ ਅਤੇ ਕਈ ਵਾਰ

ਆਵੱਸ਼ਕ ਕਠੋਰ ਬੰਧਨਾਂ ਵਿਚ ਬਝ ਕੇ ਥਿਰਕ ਉਠਦੇ ਹਨ। ਅਭਿਵਿਅਕਤੀ ਦੀ ਅਜਿਹੀ ਪ੍ਰਣਾਲੀ ਨੂੰ ਆਮ ਤੌਰ ਤੇ ਪਦ ਕਿਹਾ ਜਾਂਦਾ ਹੈ। ਇਸੇ ਦੇ ਵਿਪਰੀਤ ਜਿਗਿਆਸਾ ਦੇ ਬੌਧਿਕ ਸਮਾਧਾਨ ਲਈ ਵਿਚਾਰਾਂ ਦੀ ਤਰਕ-ਯੁਕਤ ਤਰਤੀਬ, ਸੂਖਮਤਾ ਅਤੇ ਗੰਭੀਰਤਾ ਦੇ ਨਾਲ ਨਾਲ ਅਰਥ ਅਤੇ ਸੰਬੰਧ ਤੱਤਵਾਂ ਦੀ ਸੁਨਿਸ਼ਚਿਤ ਪ੍ਰਣਾਲੀ ਨੂੰ ਗੱਦ ਨਾਂ ਦਿੱਤਾ ਜਾਂਦਾ ਹੈ। ਪੱਦ ਵਿਚ ਦਿਲ ਦੀ ਗੱਲ ਹੁੰਦੀ ਹੈ, ਗੱਦ ਵਿਚ ਦਿਮਾਗ ਦੀ। ਪੱਦ ਵਿਚ ਵਲਵਲਾ ਜਾਂ ਜਜ਼ਬਾ ਮੁੱਖ ਹੁੰਦਾ ਹੈ ਤੇ ਗੱਦ ਵਿਚ ਤਰਕ, ਵਿਵੇਕ ਅਤੇ ਨਿਆਇਸ਼ੀਲਤਾ।[7]

ਗੋਸ਼ਟਿਕਾਰ ਨੇ ਪੁਰਾਤਨ ਪੰਜਾਬੀ ਸਾਹਿਤ ਦੀਆਂ ਗੋਸ਼ਟਾਂ ਵਿਚ, ਇਕ ਅਦਭੁਤ ਅਲੌਕਿਕ ਸ਼ਖਸ਼ੀਅਤ ਬਾਰੇ ਚਾਨਣਾ ਪਾਇਆ ਹੈ ਅਤੇ ਇਨ੍ਹਾਂ ਗੋਸ਼ਟਾਂ ਰਾਹੀਂ ਅਧਿਆਤਮਕ ਚਿੰਤਨ ਦਾ ਰੋਚਕ ਵਿਧੀ ਨਾਲ ਬੋਧ ਕਰਵਾਇਆ ਗਿਆ ਹੈ। ਸ਼ੈਲੀ ਦੀ ਇਹ ਵਿਧੀ ਪੁਰਾਤਨ ਕਾਲ ਤੋਂ ਚਲਦੀ ਆ ਰਹੀ ਹੈ। ਲਗਭਗ ਸਾਰੇ ਸਾਹਿਤਾਂ ਦਾ ਆਰੰਭ ਧਾਰਮਿਕ ਅਤੇ ਦਾਰਸ਼ਨਿਕ ਵਿਸ਼ਿਆਂ ਵਾਲੀਆਂ ਰਚਨਾਵਾਂ ਨਾਲ ਹੋਇਆਂ ਹੈ ਅਤੇ ਵਿਸ਼ਿਆਂ ਦੇ ਤਰਕ ਵਿਤਰਕ ਨੂੰ ਲਿਪੀ-ਬਧ ਰੂਪ ਦੇਣ ਲਈ ਜਾਂ ਜਨ ਸਾਧਾਰਣ ਦੇ ਸ਼ੰਕਿਆਂ ਨੂੰ ਮੁੱਖ ਰੱਖਦੇ ਹੋਇਆਂ ਪਰਸਪਰ ਵਿਰੋਧੀ ਵਿਚਾਰ ਪਰੰਪਰਾਵਾਂ ਦੇ ਕਿਸੇ ਖ਼ਾਸ ਨੁਕਤੇ ਤੋਂ ਜਾਣੂ ਕਰਵਾਉਣ ਲਈ, 'ਗੋਸ਼ਟਿ' ਦਾ ਸਹਿਤਕ ਮਾਧਿਅਮ ਵਿਸ਼ੇਸ਼ ਰੂਪ ਵਿਚ ਚੁਣਿਆ ਗਿਆ ਹੈ।

ਗੋਸ਼ਟਿ ਵਿਚ ਕਿਸੇ ਖਾਸ ਨੁਕਤੇ 'ਤੇ ਸੰਵਾਦ ਹੋਣ ਕਰਕੇ ਸੰਵਾਦਾਤਮਕ ਸ਼ੈਲੀ ਦਾ ਰੰਗ ਖੂਬ ਉਭਰਦਾ ਹੈ। ਵਾਰਤਾਲਾਪ ਦੋ ਧਿਰਾਂ ਵਿਚਕਾਰ ਹੋਣ ਕਰਕੇ ਅਤੇ ਵਿਰੋਧੀ ਧਿਰ ਦੇ ਸ਼ੰਕੇ ਨੂੰ ਨਵਿਰਤ ਕਰਨ ਅਤੇ ਉਸ ਵਾਰਤਾਲਾਪ ਤੋਂ ਕਿਸੇ ਸਿਧਾਂਤਕ ਨੁਕਤੇ ਤੱਕ ਅਪੜਨ ਤੇ, ਦੋਵੇਂ ਧਿਰਾਂ ਦੀ ਵਿਚਾਰਧਾਰਾ ਅਤੇ ਮਾਨਸਿਕ ਅਵਸਥਾ ਸਪਸ਼ਟ ਹੋ ਜਾਂਦੀ ਹੈ, ਜਿਸ ਨਾਲ ਕਥਨ ਵਿਚ ਨਾਟਕੀਅਤਾ, ਸਜੀਵਤਾ, ਅਤੇ ਰੋਚਕਤਾ ਵਧਦੀ ਹੈ। 'ਕਾਜ਼ੀ ਨਾਲ ਚਰਚਾ' ਗੋਸ਼ਟਿ ਵਿਚ ਕਾਜ਼ੀ, ਖਾਨ ਅਤੇ ਗੁਰੂ ਨਾਨਕ ਦੇਵ ਜੀ ਦਾ ਸੰਵਾਦ ਇਸੇ ਸ਼ੈਲੀ ਦੀ ਉਤਮ ਉਦਾਹਰਣ ਹੈ :

ਤਬਿ ਕਾਜੀ ਕਹਿਆ-ਖਾਨ ਜੀਉ ਸਲਾਮਤਿ, ਡਿਠੋ ਕਿਉ ਜੋ ਮੁਸਲਮਾਨਾ ਕੀ ਤਰਫ ਹਿੰਦੂ ਦੇਖਿ ਦੇਖਿ ਹਸਦਾ ਹੈ, ਤੂ ਜੋ ਨਾਨਕ ਆਖਦਾ ਹੈ ਜੋ ਨਾਨਕ ਭਲਾ ਹੈ'। ਤਬਿ ਖਾਨ ਕਹਿਆ: ਨਾਨਕ!

ਕਾਜੀ ਕਿਆ ਕਹਦਾ ਹੈ', ਤਬਿ ਬਾਬੇ ਕਹਿਆ 'ਖਾਨ ਜੀ! ਮੈ ਕਾਜੀ ਕੀ ਕਿਆ ਪਰਵਾਹ ਪਈ ਹੈ। ਪਰੁ ਕਾਜੀ ਦੀ ਨਿਵਾਜੁ ਕਬੂਲ ਨਾਹੀ ਪਈ, ਮੈ ਇਤਿ ਵਾਸਤੇ ਹਸਿਆ ਥਾ। ਤਬਿ ਕਾਜੀ ਕਹਿਆ : ਖਾਨ ਜੀ! ਇਨਿ ਕਾਈ ਪਾਈ ਹੈ ਤਾ ਮੇਰੀ ਤਕਸੀਰ ਜਾਹਰੁ ਕਰੇਉ। ਤਬਿ ਬਾਬੇ ਕਹਿਆ : ਖਾਨ ਜੀ! ਜਬ ਏਹੁ ਨਿਵਾਜੁ ਉਪਰਿ ਖੜਾ ਥ਼ਾ ਤਬਿ ਇਨ ਕਾ ਮਨੁ ਠਉੜ ਨ ਥਾ। ਇਨ ਕੀ ਘੋੜੀ ਸੂਈ ਥੀ; ਵਛੇਰੀ ਜੰਮੀ ਥੀ,ਅਰੁ ਵਛੇਰੀ ਛਡਿ ਕਰਿ ਆਇਆ ਥਾ। ਅਰੁ ਵੇੜ੍ਹੇ ਵਿਚਿ ਖੂਹੀ ਥੀ। ਅਰੁ ਇਨਿ ਕਹਿਆ, ਮਤੁ ਵਛੇਰੀ ਖੂਹੀ ਵਿਚ ਪਉਂਦੀ ਹੋਵੇ। ਇਨਕਾ ਮਨੁ ਊਹਾਂ ਗਇਆ ਆਹਾ। ਇਸੁ ਕੀ ਨਿਮਾਜ ਕਬੂਲ ਨਹੀ ਪੜੀ।[8]

ਉਪਰੋਕਤ ਵਾਰਤਾਲਾਪ ਤੋਂ ਕਾਜ਼ੀ, ਖਾਨ ਅਤੇ ਗੁਰੂ ਸਾਹਿਬ ਦੇ ਵਿਚਕਾਰ ਸੰਵਾਦ ਦੀ ਵਿਲੱਖਣ ਸੁਰ ਉਘੜਦੀ ਦਿਖਾਈ ਦਿੰਦੀ ਹੈ ਜਿਸ ਨਾਲ ਗੋਸ਼ਟਿ ਵਿਚ ਨਾਟਕੀਅਤਾ, ਉਤਸੁਕਤਾ ਅਤੇ ਰੋਚਕਤਾ ਦੇ ਉਤਮ ਸੰਚਾਰ ਨਾਲ ਸਾਰੀ ਘਟਨਾ ਪੂਰਨ ਰੂਪ ਵਿਚ ਸਜੀਵ ਜਿਹੀ ਪ੍ਰਤੀਤ ਲੱਗਣ ਲਗ ਪੈਂਦੀ ਹੈ। ਮਦੀਨੇ ਵਿਖੇ ਗੁਰੂ ਸਾਹਿਬ ਦੀ ਕਾਰੂੰ ਨਾਲ ਗੋਸ਼ਟਿ ਵੀ ਇਸ ਦੀ ਉੱਤਮ ਉਦਾਹਰਣ ਹੈ, ਇਸ ਗੋਸ਼ਟਿ ਵਿਚਲਾ ਸੰਵਾਦ ਕਾਰੂੰ ਨੂੰ ਨਿਰ-ਉੱਤਰ ਕਰਦਾ ਪ੍ਰਤੀਤ ਹੁੰਦਾ ਹੈ :

'ਬਾਬਾ ਜੀ ਠੀਕਰੀਆਂ ਚੁਣਦਾ ਸੀ ਅਤੇ ਗਿਣਦਾ ਸੀ ਤਾਂ ਸੁਲਤਾਨ ਹਮੀਦ ਕਾਰੂੰ ਕਿਹਾ ਜੀ ਜੋ ਇਹ ਠੀਕਰੀਆਂ ਕਿਆ ਕਰੋਗੇ ਤਬ ਸ੍ਰੀ ਬਾਬਾ ਬੋਲਿਅ ਜੋ ਜੀ ਇਹ ਠੀਕਰੀਆਂ ਦਰਗਾਹ ਖੁਦਾਇ ਦੀ ਲੇ ਜਾਇੰਗੇ।। ਕਾਰੂੰ ਕਿਹਾ ਜੀ ਜੋ ਠੀਕਰੀਆਂ ਤੋਂ ਪਹੁੰਚਦੀਆਂ ਨਾਹੀਂ ਮੋਇਆਂ ਇਥੇ ਹੀ ਰਹਿਣਗੀਆਂ ਤਾਂ ਫੇਰ ਬਾਬਾ ਜੀ ਬੋਲਿਆ ਐ ਸੁਲਤਾਨ ਹਮੀਦ ਕਾਰੂੰ ਤੈਂ ਜੋ ਪੈਂਤਾਲੀ ਗੰਜ ਖਜ਼ਾਨਾ ਜਮ੍ਹਾਂ ਕੀਤਾ ਹੈ ਜ਼ੁਲਮ ਕਰਕੇ ਸੋ ਤੇਰੇ ਨਾਲ ਕਿਉਂ ਕਰ ਪਹੁੰਚੇ? [9]

ਗੁਰੂ ਸਾਹਿਬ ਦੇ ਵਿਚਾਰ ਭਾਵ ਸ਼ੈਲੀ-ਭਾਸ਼ਾ ਦੇ ਅਸੀਮਤ ਅਰਥਾਂ ਤੋਂ ਵਿਰਾਟ ਕਾਇਨਾਤ ਵਿਚ ਫੈਲਦੇ ਹੋਏ ਪ੍ਰਤੀਤ ਹੁੰਦੇ ਹਨ ਅਤੇ ਇਹ ਵਿਚਾਰ ਕਾਰੂੰ ਨੂੰ ਸੋਚਣ ਲਈ ਮਜਬੂਰ ਕਰਦੇ ਹਨ। ਗੁਰੂ ਸਾਹਿਬ ਦੀ ਇਸ ਵਿਚਾਰ ਚਰਚਾ ਤੋਂ ਅਧਿਆਤਮਕ ਸੰਵਾਦੀ ਸੁਰ ਉਘੜਦੀ ਹੈ ਜੋ ਕਥਾ ਨੂੰ ਅੱਗੇ ਤੋਰਦੀ ਹੈ ਅਤੇ ਪਾਠਕ ਦੀ ਰੁਚੀ ਵੀ ਇਸ ਸੰਵਾਦ ਵਿਚੋਂ ਕਿਸੇ ਬੌਧਿਕ ਮਤ ਉਤੇ ਪਹੁੰਚ ਕੇ ਸੰਤੁਸ਼ਟ ਹੁੰਦੀ ਹੈ।

ਗੋਸ਼ਟਾਂ ਵਿਚ ਸੰਤ/ਗੁਰੂ ਜਾਂ ਮਹਾਂਪੁਰਸ਼ ਵਲੋਂ ਕੋਈ ਨਾ ਕੋਈ ਉਪਦੇਸ਼ ਦਿੱਤਾ ਹੁੰਦਾ ਹੈ। ਸਾਰੀਆਂ ਗੋਸ਼ਟਾਂ ਵਿਚ ਕੋਈ ਨਾ ਕੋਈ ਅਧਿਆਤਮਕ ਉਪਦੇਸ਼, ਸਦਾਚਾਰਕ ਉਪਦੇਸ਼ ਜਾਂ ਫਿਰ ਪਰਾ-ਭੌਤਿਕਤਾ ਵਿਸ਼ੇ ਨੂੰ ਲੈ ਕੇ ਸੰਵਾਦ ਰਚਾਇਆ ਹੈ। ਇਸ ਤਰ੍ਹਾਂ ਇਨ੍ਹਾਂ ਗੋਸ਼ਟਾਂ ਦੀ ਸੁਰ ਉਪਦੇਸ਼ਾਤਮਕ ਵੀ ਹੈ। ਉਦਾਹਰਣ ਵਜੋਂ 'ਬੀਕਾਨੇਰ ਦੇ ਸਰੇਵੜਿਆਂ ਨਾਲ ਗੋਸ਼ਿਟ' ਦਾ ਵੇਰਵਾ ਦਿੱਤਾ ਜਾ ਰਿਹਾ ਹੈ – 'ਬੀਕਾਨੇਰ ਦੇ ਸਰੇਵੜਿਆਂ ਨਾਲ ਗੋਸ਼ਟ' ਵਿਚ ਗੁਰੂ ਸਾਹਿਬ ਨੇ ਜੈਨੀਆਂ ਨਾਲ ਮੁਲਾਕਤ ਕੀਤੀ। ਜੈਨੀ ਇਸ਼ਨਾਨ ਕਰਨ ਅਤੇ ਅਗਨੀ ਬਾਲਣ ਤੇ ਜੀਵ ਹੱਤਿਆ ਹੋਣ ਤੋਂ ਡਰਦੇ ਸਨ। ਗੁਰੂ ਸਾਹਿਬ ਜੈਨੀਆਂ ਨੂੰ ਉਪਦੇਸ਼ ਦਿੰਦੇ ਹਨ ਕਿ ਜੀਵਾਂ ਦੇ ਮਾਰਨ ਅਤੇ ਜੀਵਾਲਨ ਵਾਲਾ ਪਰਮਾਤਮਾ ਹੈ। ਗੁਰੂ ਨਾਨਕ ਦੇਵ ਜੀ ਨੇ ਜੈਨੀਆਂ ਨੂੰ ਇਸ ਸ਼ੰਕੇ ਤੋਂ ਨਿਜ਼ਾਤ ਦਿਵਾਉਣ ਲਈ ਰਾਗ ਮਾਝ ਵਿਚ ਸ਼ਬਦ ਉਚਾਰਿਆ :

> ਸਦਾ ਕੁਚੀਲ ਰਹਹਿ ਦਿਨ ਰਾਤੀ ਮਥੈ ਟਿਕੇ ਨਾਹੀ॥
> ਝੁੰਡੀ ਪਾਇ ਬਹਨਿ ਨਿਤਿ ਮਰਣੈ ਦੜਿ ਦੀਬਾਣਿ ਨ ਜਾਹੀ॥
> ਲਕੀ ਕਾਸੇ ਹਥੀ ਫੁੰਮਣ ਅਗੋ ਪਿਛੀ ਜਾਹੀ॥
> ਨਾ ਓਇ ਜੋਗੀ ਨਾ ਓਇ ਜੰਗਮ ਨਾ ਓਇ ਕਾਜੀ ਮੁੰਲਾ॥[10]

ਬਿਰਤਾਂਤਕ ਵਿਧੀ, ਮਨੁੱਖ ਦੁਆਰਾ ਸਿਰਜੀ ਅਜਿਹੀ ਪ੍ਰਗਟਾ ਵਿਧੀ ਹੈ ਜਿਹੜੀ ਹਰੇਕ ਸਮਾਜ ਅਤੇ ਸਭਿਆਚਾਰ ਦੇ ਦੌਰ ਤੋਂ ਲੈ ਕੇ ਹੁਣ ਤੱਕ ਸਾਹਿਤਕ ਮੂਲ ਵਰਤਾਰਾ ਵਰਤਾਉਣ ਦਾ ਕਾਰਜ ਨਿਭਾਉਂਦੀ ਹੈ। ਬਿਰਤਾਂਤਕ ਸ਼ੈਲੀ ਨਾਲ ਸੰਬੰਧਿਤ ਬਹੁਤ ਸਾਰੀਆਂ ਗੋਸ਼ਟਾਂ ਪ੍ਰਾਪਤ ਹਨ। ਇਸ ਪ੍ਰਕਾਰ ਦੀਆਂ ਗੋਸ਼ਟਾਂ ਵਿਚ ਵਿਸਥਾਰ ਦੀ ਭਰਮਾਰਤਾ ਵਧੇਰੇ ਹੁੰਦੀ ਹੈ। ਇਥੇ 'ਦੇਵਲੂਤ ਨਾਲ ਗੋਸ਼ਟਿ' ਦੀ ਉਦਾਹਰਣ ਦਿੱਤੀ ਜਾ ਰਹੀ ਹੈ :

> 'ਜਾਂਦੇ ਜਾਂਦੇ ਕਿਥਾਊ ਧਰਤੀ ਕਿਥਉ ਸਮੁੰਦ੍ਰ ਵਿਖੇ ਚਲੇ ਗਏ। ਹਿਕੁ ਸਹਰੁ ਪਹਾੜ ਦੇ ਉਪਰਿ ਆਇਆ। ਤਾਂ ਕੋਈ ਸਹਰ ਨਦਰਿ ਆਂਵਦਾ ਨਾਹੀ ਕੋਈ ਮਰਦ ਉਸ ਸਹਰ ਵਿਚਿ ਵਸਦਾ ਹੈ। ਤਾਂ ਮਰਦਾਨੇ ਆਖਿਆ ਜੀ ਤੁਧ ਨੂੰ ਦਯ

ਦਾ ਤਰਸ ਨਾਹੀ। ਸੈਂਤੀ ਦਿਨ ਅਤੇ ਸੈਂਤੀ ਰਾਤੀ ਈਵੇ ਚਲੇ ਆਹੇ। ਹੁਣਿ ਸਹਰ ਆਇਆ ਹੈ ਤਾਂ ਮੇਹਣੇ ਦੇਂਦੇ ਹੋ'।[11]

ਇਸ ਗੋਸ਼ਟਿ ਵਿਚ ਕਿਸੇ ਸ਼ੰਕੇ ਨੂੰ ਨਵਿਰਤ ਕਰਨ ਦੀ ਥਾਂ ਗੁਰੂ ਨਾਨਕ ਦੇਵ ਜੀ ਦੀ ਦੇਉਗੰਧਾਰਿ ਵਿਖੇ ਰਾਜੇ ਦੇਵਲੂਤ ਨਾਲ ਮੁਲਾਕਾਤ ਨੂੰ ਵਿਸਥਾਰ ਸਾਹਿਤ ਪੇਸ਼ ਕੀਤਾ ਗਿਆ ਹੈ। ਕਥਾ ਵਿਸਥਾਰ ਨਾਲ ਕਥਾ ਅੱਗੇ ਤੁਰਦੀ ਹੈ ਅਤੇ ਪਾਠਕ ਦੇ ਮਨ ਵਿਚ ਹੋਰ ਜਾਨਣ ਦੀ ਉਤਸੁਕਤਾ ਪੈਦਾ ਕਰਦੀ ਹੈ। ਡਾ. ਹਰਿਭਜਨ ਸਿੰਘ ਸ਼ੈਲੀ ਵਿਗਿਆਨਕ ਵਿਧੀ ਤੋਂ ਜਨਮਸਾਖੀ ਦੇ ਬਿਰਤਾਂਤ ਨੂੰ ਰੂਪਕ (Mataphor) ਕਹਿੰਦੇ ਹਨ, ਉਨ੍ਹਾਂ ਅਨੁਸਾਰ : ਸਮੇਂ ਵਿਚ ਫੈਲਿਆ ਬਿਰਤਾਂਤ ਸਥਾਨ ਵਿਚ ਸੁੰਗੜ ਕੇ ਰੂਪਕ ਬਣ ਜਾਂਦਾ ਹੈ। ਜਨਮਸਾਖੀ ਵਿਚ ਸਮੱਗਰੀਆਂ (ਮਿਥਿਕ/ਯਥਾਰਥਕ) ਦਾ ਵਿਸਥਾਪਨ (Displacement) ਹੈ ਤੇ ਰੂਪਾਂ (ਬਿਰਤਾਂਤ/ਰੂਪਕ) ਦਾ ਸੰਗੋੜ (Condensation) ਹੈ। ਜਨਮਸਾਖੀ ਬਿਰਤਾਂਤ ਦੇ ਸਮੇਂ ਵਿਚ ਫੈਲਣ ਦੀ ਬਜਾਏ ਵਿਸ਼ਵਾਸ਼ ਦੇ ਛਿਣ ਵਿਚ ਸੁੰਗੜਦੀ ਹੈ।.... ਸਾਖੀ ਕਥਾ ਸੁਣਾਉਂਦੀ ਹੋਈ ਵੀ ਪ੍ਰਤਿਕਥਾ ਸੁਭਾਉ ਵਾਲੀ ਵੀ ਫੈਲਾਓ ਦੇ ਉਲਟ ਸੰਗੋੜ ਵਲ ਰੁਚਿਤ ਹੋਣ ਵਾਲੀ ਰਚਨਾ ਹੈ। ਕਥਾ ਸੁਣਾਉਂਦੀ ਹੋਈ ਪ੍ਰਤਿਕਥਾ ਇਹੋ ਇਸ ਦਾ ਪ੍ਰਮੁੱਖ ਵਿਰੋਧਾ ਭਾਸ ਹੈ (Paradox) ਹੈ।[12] ਇੰਝ ਬਿਰਤਾਂਤਕ ਗੋਸ਼ਟਿ ਵਿਚ ਕਿਸੇ ਵਿਚਾਰ ਦੀ ਉਸਾਰੀ ਲਈ, ਘਟਨਾ ਦਾ ਵਰਣਨ ਜਾਂ ਬਿਰਤਾਂਤ ਸ਼ੁਰੂ ਕਰ ਲਿਆ ਜਾਂਦਾ ਹੈ ਅਤੇ ਗੋਸ਼ਟਿ ਦੇ ਆਰੰਭ ਤੋਂ ਪਹਿਲਾਂ ਇਕ ਸਥਿਤੀ ਦੀ ਕਲਪਨਾ ਕਰ ਲਈ ਜਾਂਦੀ ਹੈ। ਅਜਿਹੀਆਂ ਗੋਸ਼ਟਾਂ ਬਿਆਨ ਦੇ ਪੱਖ ਤੋਂ ਵਿਸਥਾਰ ਭਰਪੂਰ ਹੁੰਦੀਆਂ ਹਨ।

ਗੋਸ਼ਟਾਂ ਦੇ ਅਧਿਐਨ ਨਾਲ ਬਹੁਤ ਸਾਰੀਆਂ ਗੋਸ਼ਟਾਂ ਵਿਚ ਰੂਪਕਾਤਮਕ (Allegorical) ਸ਼ੈਲੀ ਦੇ ਭਾਵ ਵੀ ਮਿਲਦੇ ਹਨ। ਰੂਪਕਾਤਮਕਤਾ ਤੋਂ ਭਾਵ ਹੈ ਕਿਸੇ ਵੀ ਗੋਸ਼ਟਿ ਵਿਚ ਪਾਤਰ ਆਪਣੇ ਕਾਰਜਾਂ ਜਾਂ ਗੁਣਾਂ ਦੁਆਰਾ ਪ੍ਰਸਤੁਤ ਤੋਂ ਇਲਾਵਾ ਕਿਸੇ ਪ੍ਰਤੀਯਮਾਨ (ਜਿਸ ਦੀ ਪ੍ਰਤੀਤੀ ਹੋ ਰਹੀ ਹੋਵੇ) ਦੀ ਪ੍ਰਤਿਨਿਧਤਾ ਕਰਦਾ ਹੈ। ਅਜਿਹੀਆਂ ਗੋਸ਼ਟਾਂ ਵਿਚ ਪਾਤਰ ਹੀ ਨਹੀਂ, ਸਗੋਂ ਘਟਨਾ ਜਾਂ ਵਰਣਿਤ ਵਸਤੂ ਵੀ ਪ੍ਰਤੀਕਾਤਮਕ ਜਾਂ ਸੰਕੇਤਿਕ ਹੁੰਦੀ ਹੈ ਜਿਵੇਂ 'ਇਕ ਵੈਰਾਗੀ ਬਾਲਕ ਦੀ ਗੁਰੂ ਸਾਹਿਬ ਨਾਲ ਗੋਸ਼ਟਿ' ਵਿਚ ਇਕ ਸੱਤਾਂ ਵਰਿਆਂ ਦਾ ਬਾਲਕ ਹਰ ਰੋਜ਼ ਆਰਤੀ ਕੀਰਤਨ ਤੋਂ ਬਾਅਦ

ਚਲਾ ਜਾਇਆ ਕਰੇ ਤਾਂ ਇਕ ਦਿਨ ਗੁਰੂ ਨਾਨਕ ਦੇਵ ਜੀ ਨੇ ਉਸ ਬਾਲਕ ਨੂੰ ਪਕੜ ਕੇ ਰੱਖਣ ਲਈ ਕਿਹਾ ਤੇ ਜਦੋਂ ਸਾਧ ਸੰਗਤਿ ਨੇ ਬਾਲਕ ਨੂੰ ਪਕੜ ਕੇ ਰੱਖਿਆ ਅਤੇ ਗੁਰੂ ਸਾਹਿਬ ਅਤੇ ਉਸ ਵੈਰਾਗੀ ਬਾਲਕ ਦੇ ਵਿਚਕਾਰ ਇਸ ਤਰ੍ਹਾਂ ਵਿਚਾਰ ਚਰਚਾ ਚਲਦੀ ਹੈ ਕਿ 'ਏ ਲੜਕੇ! ਤੂੰ ਜੋ ਇਤੁ ਵਖਤਿ ਉਠਿ ਆਂਵਦਾ ਹੈ, ਸੋ ਕਿਉਂ ਆਂਵਦਾ ਹੈ? ਅਜੇ ਤੇਰਾ ਵਖਤੁ ਖਾਵਣ ਖੇਡਣ ਸਉਣ ਦਾ ਹੈ। ਤਦਹੁੰ ਉਸਿ ਲੜਕੈ ਆਖਿਆ : 'ਜੀ ਇਕ ਦਿਨਿ ਮੇਰੀ ਮਾਤਾ ਕਹਿਆ ਜੋ ਬੇਟਾ- ਤੂ ਅਗਿ ਬਾਲੁ-ਤਾ ਮੈਂ ਆਗਿ ਲਗਾ ਬਾਲਣਿ। ਜਾਂ ਲਕੜੀਆਂ ਪਾਈਆਂ ਤਾਂ ਪਹਿਲੇ ਨਿਕੜੀਆਂ ਕਉ ਲਗੀ, ਤਾਂ ਪਿਛਹੁੰ ਵਡੀਆਂ ਕਉ ਲਾਗੀ। ਤਦਹੁੰ ਮੈ ਭਉ ਕੀਤਾ, ਜੋ ਮਤਾਂ ਅਸੀਂ ਨਿਕੜੇ ਚਲਿ ਜਾਹਿੰ, ਵਡੇਰੇ ਹੋਣਿ ਮਿਲਹਿ ਕਿ ਨ ਮਿਲਹਿ ਲਕੜੀਆਂ ਕੀ ਨਿਆਈ।[13] ਤਾਂ ਗੁਰੂ ਸਾਹਿਬ ਉਸ ਬਾਲਕ ਦਾ ਇਹ ਉੱਤਰ ਸੁਣ ਕੇ ਹੈਰਾਨ ਹੋ ਗਏ ਤੇ ਲੜਕਾ ਗੁਰੂ ਸਾਹਿਬ ਦੇ ਚਰਨੀ ਲਗਾ। ਇਸ ਗੋਸ਼ਟਿ ਵਿਚ ਪ੍ਰਤੀਕ 'ਅਗਨੀ 'ਹੈ ਜਿਸ ਤੋਂ ਲੜਕੇ ਨੂੰ ਸੋਝੀ ਆਈ ਕਿ ਜੇਕਰ ਨਿੱਕੀਆਂ ਲਕੜਾਂ ਨੂੰ ਅੱਗ ਪਹਿਲਾਂ ਲਗ ਸਕਦੀ ਹੈ ਤਾਂ ਇਸ ਸੰਸਾਰ ਤੋਂ ਨਿੱਕੇ ਵੀ ਪਹਿਲਾਂ ਰੱਬ ਦੀ ਦਰਗਾਹ ਵਿਚ ਜਾ ਸਕਦੇ ਹਨ। ਇਸ ਲਈ ਉਸ ਗੁਰੂ ਦੀ ਭਗਤੀ ਨਿੱਕੇ ਹੁੰਦਿਆਂ ਤੋਂ ਹੀ ਸ਼ੁਰੂ ਕਰ ਦੇਣੀ ਚਾਹੀਦੀ ਹੈ। ਗੁਰੂ ਨਾਨਕ ਦੇਵ ਜੀ ਨੇ ਵੀ ਗੁਰਮਤਿ ਵਿਚਾਰਧਾਰਾ ਤੋਂ ਇਸ ਗੱਲ ਦੀ ਸੋਝੀ ਕਰਵਾਈ :

ਘੜੀ ਮੁਹਤ ਕਾ ਪਾਹੁਣਾ ਕਾਜ ਸਵਾਰਣਹਾਰੁ॥
ਮਾਇਆ ਕਾਮਿ ਵਿਆਪਿਆ ਸਮਝੈ ਨਾਹੀ ਗਾਵਾਰੁ॥
ਉਠਿ ਚਲਿਆ ਪਛੁਤਾਇਆ ਪਰਿਆ ਵਸਿ ਜੰਦਾਰ॥੧॥[14]

ਗੋਸ਼ਟਾਂ ਵਿਚ ਵਾਰਤਾਲਾਪ ਪ੍ਰਸ਼ਨ-ਉੱਤਰ ਵਿਚ ਹੋਣ ਕਰਕੇ ਨਾਟਕੀ ਸ਼ੈਲੀ ਵਰਤੀ ਜਾਂਦੀ ਹੈ। ਮਨੁੱਖ ਜਾਂ ਜਗਿਆਸੂ ਦੀ ਕੁਝ ਜਾਨਣ ਜਾਂ ਆਪਣੇ ਸ਼ੰਕੇ ਨੂੰ ਦੂਰ ਕਰਨ ਦੀ ਪ੍ਰਵਿਰਤੀ ਤੋਂ ਉਸ ਦੇ ਮਨ ਵਿਚ ਕੋਈ ਪ੍ਰਸ਼ਨ ਉਪਜਦਾ ਹੈ ਤੇ ਪ੍ਰਸ਼ਨ ਕਰਨ ਵਾਲੇ ਦੀ ਪੂਰਣ ਸੰਤੁਸ਼ਟੀ ਕੇਵਲ ਸ਼ੁਧ ਸਪੱਸ਼ਟ ਦਲੀਲ ਤੇ ਤਰਕਮਈ ਉਤਰ ਨਾਲ ਹੀ ਹੋ ਸਕਦੀ ਹੈ। ਇਸ ਤਰ੍ਹਾਂ ਪ੍ਰਸ਼ਨ-ਉਤਰ ਸ਼ੈਲੀ ਦਾ ਢੰਗ ਬਹੁਤ ਪੁਰਾਣਾ ਹੈ ਜੋ ਆਦਿ ਕਾਲ ਤੋਂ ਹੀ ਮਹਾਂਪੁਰਸ਼/ਸੰਤ/ਗੁਰੂ ਇਸ ਦੀ ਵਰਤੋਂ ਕਰਦੇ ਰਹੇ ਹਨ। ਇਸ ਨਾਲ

ਪ੍ਰਸ਼ਨ ਕਰਨ ਵਾਲੇ ਦਾ ਮਨ ਮਹਾਂਪੁਰਸ਼ ਦੀ ਗੱਲ ਸੁਣ ਕੇ ਸਪਸ਼ਟ ਹੋ ਜਾਂਦਾ ਹੈ ਤੇ ਜੇਕਰ ਉਸ ਦੇ ਮਨ ਵਿਚ ਕੋਈ ਸ਼ੰਕਾਂ ਹੋਵੇ ਤਾਂ ਉਸ ਦੀ ਵੀ ਨਵਿਰਤੀ ਹੋ ਜਾਂਦੀ ਹੈ। ਮਹਾਂਪੁਰਸ਼/ਸੰਤ/ਗੁਰੂ ਨੂੰ ਪ੍ਰਸ਼ਨ ਦੀ ਸੰਤੁਸ਼ਟੀ ਲਈ, ਉਸ ਦੇ ਮਨ ਉਤੇ ਪਏ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰਨ ਅਤੇ ਕੋਈ ਨਵੀਂ ਸਿਖਿਆਂ ਜਾਂ ਵਿਚਾਰ ਦੇਣ ਲਈ ਜਗਿਆਸੂ ਦੇ ਮਨ ਨੂੰ ਹਲੂਣਨਾ ਪੈਂਦਾ ਹੈ ਤੇ ਇਹ ਮਨ, ਨਾਟਕੀ ਝਟਕੇ ਤੋਂ ਬਿਨਾਂ ਨਹੀਂ ਹਲੂਣਿਆਂ ਜਾ ਸਕਦਾ। ਮਨੁੱਖੀ ਮਨ ਦੀ ਮਨੋਵਿਗਿਆਨਕ ਸਥਿਤੀ ਨੂੰ ਮੁੱਖ ਰੱਖ ਕੇ, ਮਨ ਨੂੰ ਨਿਰਮਲ ਕਰਨ ਲਈ ਨਾਟਕੀਅਤਾ ਦਾ ਸਹਾਰਾ ਲੈਣਾ ਪੈਂਦਾ ਹੈ, ਜਿਵੇਂ : ਵਾਕ ਦੀ ਕ੍ਰਿਆ ਅਗੜ ਪਿਛੜ ਕਰਕੇ,ਵਾਕ-ਬਣਤਰ ਬਦਲ ਕੇ, ਵਿਚਾਰਾਂ ਜਾਂ ਸਥਿਤੀਆਂ ਨੂੰ ਟਕਰਾ ਕੇ, ਪ੍ਰਸ਼ਨ ਤੇ ਉੱਤਰ ਨੂੰ ਟਕਰਾ ਕੇ, ਸ਼ਬਦਾਂ ਜਾਂ ਬਣਤਰ ਵਿਚ ਪਰੰਪਰਾਵਾਦੀ ਢੰਗ ਦੀ ਥਾਂ ਨਵੇਂ ਅਰਥਾਂ ਤੇ ਸੰਕੇਤਾਂ ਨੂੰ ਭਰ ਦੇਣ ਨਾਲ ਆਦਿ ਦੁਆਰਾ ਨਾਟਕੀਅਤਾ ਆ ਜਾਂਦੀ ਹੈ। ਗੁਰੂ ਸਾਹਿਬ ਜਦੋਂ ਹਰਿਦੁਆਰ ਜਾਂਦੇ ਹਨ ਅਤੇ ਪੰਡਿਤਾਂ ਨੂੰ ਪੂਰਬ ਵਲ ਪਾਣੀ ਦਿੰਦਿਆਂ ਦੇਖ ਕੇ ਆਪ ਪੱਛਮ ਵਲ ਪਾਣੀ ਦੇਣ ਲਗ ਪੈਂਦੇ ਹਨ। ਪੰਡਿਤਾਂ ਦੇ ਮਨ ਵਿਚ ਪੱਛਮ ਵਲ ਪਾਣੀ ਦੇਣਾ, ਸ਼ੰਕੇ ਦਾ ਕਾਰਣ ਬਣਦਾ ਹੈ। ਗੁਰੂ ਸਾਹਿਬ ਪੰਡਿਤਾਂ ਨਾਲ ਪ੍ਰਸ਼ਨ ਉੱਤਰ ਦੀ ਵਿਧੀ ਰਾਹੀਂ, ਬੜੇ ਤਰਕਵਾਦੀ ਢੰਗ ਨਾਲ ਇਸ ਸ਼ੰਕੇ ਦੀ ਨਵਿਰਤੀ ਕਰਦੇ ਹਨ ਜਿਵੇਂ :

'ਏ ਰਾਮ! ਏਹਿ ਪਛਮ ਕੀ ਤਰਫ ਪਾਣੀ ਦੇਤਾ ਹੈ ਸਿ ਕਵੁਣ ਹੈ?  
'ਕੋਈ ਦਿਵਾਨਾ ਹੈ ਅਕੈ ਕੋਈ ਤੁਰਕ ਹੈ'  
'ਦਿਖ ਪੁਛੀਐ ਜਿ ਤੂੰ ਕਉਣ ਹੈ ?  
'ਹੈ ਭਾਈ ਰਾਮ ਕੇ! ਤੂ ਇਕ ਕਉ ਪੂਛ ਕੇ ਤੇਰੀ ਮਤਿ ਕਿਆ ਹੈ?  
ਜਿ ਤੂ ਪਛਮ ਕੀ ਤਰਫ  
ਕਿਸ ਕਉ ਪਾਣੀ ਦੇਤਾ ਹੈ'  
'ਜੀ ਤੁਮਿ ਜਿ ਸੂਰਜ ਕਿ ਕੁੰਟ ਪਾਣੀ ਦੇਤੇ ਹਓ, ਸੇ ਕਿਓ ਦੇਤ ਹਓ?  
'ਹਮਿ ਪਿਤਰੀ ਕਉ ਦੇਤੇ ਹੈ ਪਾਣੀ।

'ਤੁਮਰੀ ਪਿਤਰੀ ਕਹਾ ਹੈ ?

'ਜੀ ਦੇਵ ਲੋਕ ਹੈ।

'ਦੇਵ ਲੋਕ ਈਹਾਂ ਤੇ ਕਿਤਨਾ ਕੁ ਹੈ ?

'ਜੀ ਦੇਵ ਲੋਕ ਓਣਵੰਜਹ ਕਰੋੜੀ ਹੈ ਇਹਾਂ ਤੇ ਹਮ ਊਹਾ ਕਉ ਪਾਣੀ ਦੇਤੇ ਹੈ'

'ਜੀ ਸਹੀ ?

'ਜੀ ਸਹੀ, ਜੀ ਤੂ ਪਛਮ ਕੀ ਤਰਫ ਪਾਨੀ ਦੇਤਾ ਹੈ ਸੋ ਕਿਸ ਨਮਿਤ ਦੇਤਾ ਹੈ?

'ਜੀ ਮਨ ਜਿ ਦੇਤੇ ਹੋ ਸਿ ਲੋਹਰਿ ਕੈ ਨਜਦੀਕਿ ਹਮਾਰਾ ਘਰ ਹੈ ਖੇਤੁ ਹੇ। ਉਹਾ ਬੜੇ ਬੜੇ ਮੀਂਹ ਪੜ੍ਹ ਰਹੇ ਹੈ ਪੁਣ ਉਤ ਮੇਰੈ ਖੇਤਿ ਮੀਂਹ ਕਦੇ ਨਹੀਂ ਪੜਿਆ।

ਮੈਂ ਉਸ ਖੇਤ੍ਰ ਕਉ ਪਾਣੀ ਦੇਤਾ ਹਉ"

'ਦਯਾ ਕੇ ਸਵਾਰੇ ਕਿਥਾਉ ਲਹੌਰ ਕੀ ਧਰਤੀ ਈਹਾਂ ਕਾ ਪਾਣੀ ਜਾਤਾ ਹੈ ?

'ਉਣਵੰਜਾ ਕਰੋੜੀ ਦੇਵ ਲੋਕ ਜਾਇਗਾ ਅਰੁ ਲਾਹੌਰ ਕੀ ਧਰਤੀ ਨਾ ਜਾਇਗਾ।

ਲਾਹੌਰ ਤਉ ਈਹਾਂ ਤੇ ਨਵੇ ਵੀਹਾਂ ਕੋਹਾਂ ਦੀਆਂ ਹੈ, ਈਹਾਂ ਕਿਉਂ ਨਾ ਜਾਇਗੇ'।[15]

ਇਸ ਤਰ੍ਹਾਂ ਇਸ ਗੋਸ਼ਟਿ ਵਿਚ ਵਾਰਤਾਲਾਪ ਰਾਹੀਂ ਨਾਟਕੀ ਗਤੀ ਦੀ ਉਸਾਰੀ ਹੁੰਦੀ ਹੈ। ਗੱਲ ਨਾਲ ਗੱਲ ਟਕਰਾਉਂਦੀ ਹੈ, ਕਾਰਜ ਅੱਗੇ ਚਲਦਾ ਹੈ ਤੇ ਅੰਤ ਵਿਚ ਮਨਾਂ ਵਿਚ ਪੈਦਾ ਹੋਏ ਸ਼ੰਕੇ ਸਪਸ਼ਟ ਹੋ ਜਾਂਦੇ ਹਨ।

ਗੋਸ਼ਟਾਂ ਦੀ ਸ਼ੈਲੀਗਤ ਵਿਸ਼ੇਸ਼ਤਾ ਇਹ ਵੀ ਹੈ ਕਿ ਇਹ ਵਿਆਖਿਆ ਪੂਰਕ ਹਨ। ਇਨ੍ਹਾਂ ਵਿਚ ਮਹਾਂਪੁਰਸ਼ ਆਪਣਾ ਸਿਧਾਂਤਕ ਪ੍ਰਵਚਨ ਬਾਣੀ ਰਾਹੀਂ ਦਿੰਦੇ ਹਨ ਅਤੇ ਫਿਰ ਉਸ ਸਿਧਾਂਤ ਨੂੰ ਵਾਰਤਕ ਪ੍ਰਵਚਨ ਰਾਹੀਂ ਸਪਸ਼ਟ ਕੀਤਾ ਜਾਂਦਾ ਹੈ। ਗੁਰਮਤਿ ਵਿਚਾਰਧਾਰਾ ਨੂੰ ਭਾਵੇਂ ਉਸ ਯੁਗ ਦੇ ਅਨੁਸਾਰ ਹੀ ਸਰਲ ਭਾਸ਼ਾ ਵਿਚ ਉਲੀਕਿਆ ਗਿਆ ਸੀ ਪਰੰਤੂ ਇਨ੍ਹਾਂ ਦਾ ਵਿਸ਼ਾ ਅਧਿਆਤਮਕ ਹੋਣ ਕਰਕੇ ਇਨ੍ਹਾਂ ਵਿਚਲੇ ਗੂੜ੍ਹ ਅਰਥਾਂ ਨੂੰ ਸਮਝਣਾ ਮੁਸ਼ਿਕਲ ਹੋ ਜਾਂਦਾ ਸੀ। ਜਿਸ ਕਰਕੇ ਗੁਰਬਾਣੀ ਦੀ ਵਿਆਖਿਆਂ ਦਾ ਸਹਿਜੇ-ਸਹਿਜੇ ਅਨੁਭਵ ਹੋਇਆ। ਬਹੁਤ ਸਾਰੀਆਂ ਗੋਸ਼ਟਾਂ ਵਿਚ ਪਰਮਾਰਥ ਦੇ ਕੇ ਉਨ੍ਹਾਂ ਦਾ

ਟੀਕਾ ਕੀਤਾ ਗਿਆ ਹੁੰਦਾ ਹੈ। ਅਜਿਹੀਆਂ ਗੋਸ਼ਟਾਂ ਸਥਾਨ, ਕਾਰਜ ਜਾਂ ਘਟਨਾਵਾਂ ਨੂੰ ਬਿਆਨਣ ਦੇ ਨਾਲ ਵਿਸਥਾਰ ਸਹਿਤ ਉਸ ਘਟਨਾ ਦੀ ਵਿਆਖਿਆ ਕਰਦੀਆਂ ਹਨ। 'ਭਾਈ ਮਨੀ ਸਿੰਘ ਜੀ ਰਚਿਤ ਜਨਮਸਾਖੀ' ਸਾਰੀ ਹੀ ਇਸੇ ਪ੍ਰਵਿਰਤੀ ਅਧੀਨ ਰਚੀ ਗਈ ਹੈ। ਇਸ ਵਿਚਲੀ ਪਹਿਲੀ ਗੋਸ਼ਟਿ 'ਸ਼ੇਖ ਬ੍ਰਹਮ ਨਾਲ ਗੋਸ਼ਟਿ' ਆਸਾ ਦੀ ਵਾਰ 'ਤੇ ਅਧਾਰਿਤ ਹੈ, ਵਿਚ ਆਸਾ ਦੀ ਵਾਰ ਦਾ ਟੀਕਾ ਕੀਤਾ ਗਿਆ ਹੈ ਜਿਵੇਂ :

> ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥
> ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥[16]

ਇਨ੍ਹਾਂ ਤੋਂ ਇਲਾਵਾਂ 'ਜਪ ਗੋਸ਼ਟਿ', 'ਪਾਂਧੇ ਨਾਲ ਗੋਸ਼ਟਿ' ਆਦਿ ਵਿਚਲੀ ਗੋਸ਼ਟਾਂ ਦੀ ਸ਼ੈਲੀ ਦੀ ਵਿਸ਼ਿਸ਼ਟਤਾ ਇਸ ਦਾ ਵਿਆਖਿਆ ਪਰਕ ਹੋਣਾ ਹੈ ਭਾਵ ਕਿਸੇ ਸਿਧਾਂਤ ਪ੍ਰਧਾਨ ਗੱਲ ਨੂੰ ਵਾਰਤਕ ਪ੍ਰਵਚਨ ਦੁਆਰਾ ਸਪਸ਼ਟ ਕਰਨਾ ਹੈ।

ਵਿਵਰਣਾਤਮਕ ਸ਼ੈਲੀ ਵਾਲੀਆਂ ਗੋਸ਼ਟਾਂ ਦੇ ਅੰਤਰਗਤ ਵਿਵਰਣ ਅਤੇ ਵਰਣਨ ਆਦਿ ਵਾਲੀਆਂ ਗੋਸ਼ਟਾਂ ਵੀ ਸ਼ਾਮਿਲ ਹੋ ਜਾਂਦੀਆਂ ਹਨ। ਇਸ ਤਰ੍ਹਾਂ ਦੀਆਂ ਗੋਸ਼ਟਾਂ ਵਿਚ ਪਾਤਰ-ਚਿਤਰਣ ਜਾਂ ਕਿਸੇ ਸਥਿਰ ਸਥਿਤੀ ਦਾ ਵਰਣਨ ਕੀਤਾ ਜਾਂਦਾ ਹੈ। ਦ੍ਰਿਸ਼ ਚਿਤਰਣ ਅਤੇ ਪ੍ਰਕਿਰਤੀ ਚਿਤਰਣ ਆਦਿ ਵੀ ਇਸੇ ਕਾਵਿ ਸ਼ੈਲੀ ਦਾ ਹਿੱਸਾ ਮੰਨੇ ਜਾਂਦੇ ਹਨ। 'ਨਾਨਕ ਮਤੇ ਸਿਧਾ ਨਾਲ ਗੋਸ਼ਟਿ' ਇਸੇ ਤਰ੍ਹਾਂ ਦੀ ਸ਼ੈਲੀ ਦੀ ਉਤਮ ਉਦਾਹਰਣ ਹੈ ਜਿਵੇਂ : ਤਬ ਨਾਨਕ ਮਤੇ ਆਇ ਨਿਕਲੇ। ਤਬ ਇਕਸੁ ਬੜ੍ਹ ਕੇਤਲੇ ਜਾਇ ਬੈਠੇ, ਉਹੁ ਬੜ੍ਹ ਸੁਕਾ ਖੜਾ ਥਾ ਕਈ ਬਰਸਾਂ ਕਾ ਓਥੇ ਧੂੰਈ ਪਾਈ, ਤਬ ਓਹੁ ਹਰਿਆ ਹੋਆ, ਸਿਧਾ ਡਿਠਾ ਆਇ ਬੈਠੇ।[17]

ਸੂਤ੍ਰਿਕ ਸ਼ੈਲੀ ਵਾਲੀਆਂ ਗੋਸ਼ਟਾਂ ਕਵਿਤਾ ਦੇ ਨੇੜੇ ਹਨ। ਇਸ ਤਰ੍ਹਾਂ ਦੀਆਂ ਗੋਸ਼ਟਾਂ ਵਿਚ ਬਿਆਨ ਦੀ ਭਰਮਾਰਤਾ ਹੈ ਤੇ ਵਿਚਾਰਾਂ ਨੂੰ ਵਿਸਥਾਰ ਰੂਪ ਵਿਚ ਬਿਆਨਣ ਅਤੇ ਵਿਸਥਾਰ ਤੋਂ ਸੰਕੋਚ ਕਰਨ ਦੀ ਪ੍ਰਵਿਰਤੀ ਹੈ। 'ਸਿਧ ਗੋਸ਼ਟਿ' ਜੋ ਪੰਜਾਬੀ ਸਾਹਿਤ ਦੀ ਪਹਿਲੀ ਅਤੇ ਕਾਵਿਕ ਗੋਸ਼ਟ ਹੈ, ਇਸੇ ਸ਼ੈਲੀ ਦਾ ਉਤਮ ਨਮੂਨਾ ਹੈ। 'ਗੋਸ਼ਟੀਆਂ' ਜੋ ਕਿ ਭਾਸ਼ਾ ਵਿਭਾਗ ਪਟਿਆਲਾ ਦੁਆਰਾ ਛਾਪੀ

ਗਈ ਪੁਸਤਕ ਹੈ, ਸਾਰੀ ਪੁਸਤਕ ਹੀ ਕਾਵਿ ਗੋਸ਼ਟਾਂ ਵਿਚ ਹੋਣ ਕਰਕੇ ਸੂਤ੍ਰਿਕ ਸ਼ੈਲੀ ਦੇ ਨੇੜੇ ਹੈ। ਇਸ ਤਰ੍ਹਾਂ ਦੀਆਂ ਗੋਸ਼ਟਾਂ ਦੇ ਬਿਆਨ ਵਿਚ ਕਿਤੇ ਵੀ ਢਿਲਾਪਣ, ਵਾਧੂ ਵਿਸਤਾਰ ਜਾਂ ਬੇਲੌੜਾ ਦੁਹਰਾਉ ਨਹੀਂ ਸਗੋਂ ਸੰਜਮ, ਸੰਕੋਚ, ਥੋੜੇ ਸ਼ਬਦਾਂ ਵਿਚ ਬਹੁਤੀ ਗੱਲ ਕਹਿਣ ਦਾ ਗੁਣ ਮੌਜੂਦ ਹੈ। 'ਸਿਧ ਗੋਸ਼ਟਿ' ਵਿਚ ਗੁਰੂ ਸਾਹਿਬ ਸਿਧਾਂ ਨੂੰ 'ਮੁਕਤੀ' ਦਾ ਰਾਹ, ਸ਼ਬਦ ਗੁਰੂ ਨੂੰ ਦੱਸਦੇ ਹੋਏ ਆਪਣੀ ਗੱਲ ਨੂੰ ਬਹੁਤ ਹੀ ਥੋੜੇ ਸ਼ਬਦਾਂ ਵਿਚ ਹੀ ਸਮੇਟ ਦਿੰਦੇ ਹਨ ਜਿਵੇਂ :

ਕਿਆ ਭਵੀਐ ਸਚਿ ਸੂਚਾ ਹੋਇ॥

ਸਾਚ ਸਬਦ ਬਿਨੁ ਮੁਕਤਿ ਨ ਕੋਇ॥[18]

ਅੰਲਕ੍ਰਿਤ ਤੇ ਚਿੰਨਾਤਮਕਤਾ, ਗੋਸ਼ਟਾਂ ਨੂੰ ਕਲਾਤਮਕ ਬਣਾ ਦਿੰਦੀਆਂ ਹਨ, ਜਿਸ ਨਾਲ ਕਵਿਤਾ ਵਿਚ ਮਿਠਾਸ ਅਤੇ ਲੈਅ ਆ ਜਾਂਦੀ ਹੈ। ਛੋਟੇ ਛੋਟੇ ਵਾਕ ਗੋਸ਼ਟਾਂ ਵਿਚ ਛੁਪੇ ਰਹੱਸ ਨੂੰ ਖੋਲ੍ਹਣ ਦਾ ਯਤਨ ਕਰਦੇ ਹਨ। ਇਸੇ ਕਰਕੇ ਚਿੰਨ੍ਹਾਂ ਰਾਹੀਂ ਨਾਇਕ ਆਪਣੀ ਗੱਲ ਨੂੰ ਵਧੇਰੇ ਸਰਲ ਸਪਸ਼ਟ ਵਿਧੀ ਰਾਹੀਂ ਇਸੇ ਕਰਕੇ ਸਮਝਾ ਸਕਦਾ ਹੈ। ਗੋਸ਼ਟਾਂ ਚਿੰਨ੍ਹਾਤਮਕ ਹੋਣ ਕਾਰਨ, ਇਨ੍ਹਾਂ ਵਿਚਲੇ ਬਿਆਨ ਵਿਚ ਕੋਮਲਤਾ ਤੇ ਸਹਿਜ ਸੁਭਾਵਕਤਾ ਉਪਜਦੀ ਹੈ ਜਿਵੇਂ :

ਦਰਸਨੁ ਭੇਖ ਕਰਹੁ ਜੋਗਿੰਦ੍ਰਾ ਮੁੰਦ੍ਰਾ ਝੋਲੀ ਖਿੰਥਾ॥

ਬਾਰਹ ਅੰਤਰਿ ਏਕੁ ਸਰੇਵਹੁ ਖਟੁ ਦਰਸਨ ਇਕ ਪੰਥਾ॥

ਇਨ ਬਿਧਿ ਮਨ ਸਮਝਾਈਐ ਪੁਰਖਾ ਬਾਹੁੜਿ ਚੋਟ ਨ ਖਾਈਐ॥

ਨਾਨਕੁ ਬੋਲੈ ਗੁਰਮੁਖਿ ਬੂਝੈ ਜੋਗ ਜੁਗਤਿ ਇਵ ਪਾਈਐ॥[19]

ਗੁਰੂ ਸਾਹਿਬ ਨੇ 'ਖਿੰਥਾ' 'ਮੁੰਦ੍ਰਾ' ਆਦਿ ਚਿੰਨ੍ਹ ਵਰਤ ਕੇ ਸਰਲ ਅਤੇ ਸਪਸ਼ਟ ਵਿਚਾਰਾਂ ਰਾਹੀਂ ਜੋਗੀਆਂ ਦੇ ਪਾਖੰਡ ਰੂਪੀ ਭਾਂਡੇ ਦਾ ਪਾਜ ਉਘਾੜਿਆ ਹੈ ਅਤੇ ਅਸਲ ਜੋਗ ਦੀ ਸੋਝੀ ਕਰਵਾਈ ਹੈ। 'ਪਦਾਤਮਕ' ਅਤੇ ਗੱਦਾਤਮਕ ਦੋਹਾਂ ਪ੍ਰਕਾਰ ਦੀਆਂ ਗੋਸ਼ਟਾਂ ਵਿਚ, ਗੋਸ਼ਟਿਕਾਰ ਇਨ੍ਹਾਂ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਅੰਲਕਾਰਾਂ ਦਾ ਸਹਾਰਾ ਲੈਂਦਾ ਹੈ ਤਾਂ ਜੋ ਉਸ ਦੇ ਕਥਨ ਵਿਚ ਪ੍ਰਭਾਵਸ਼ੀਲਤਾ ਵਧੇ। ਭਾਵੇਂ ਗੱਦਾਤਮਕ ਗੋਸ਼ਟਾਂ ਅੰਲਕਾਰ ਵਿਧਾਨ ਦੀਆਂ ਮੁਹਤਾਜ ਨਹੀਂ ਪਰ ਫਿਰ

ਵੀ ਕਿਤੇ-ਕਿਤੇ ਇਨ੍ਹਾਂ ਦੇ ਸਰੂਪ ਨਾਲ ਵਿਚਾਰਾਂ ਵਿਚ ਗਤੀਸ਼ੀਲਤਾ ਆਉਂਦੀ ਵੇਖੀ ਜਾ ਸਕਦੀ ਹੈ। ਇਥੇ 'ਸ਼ਾਹ ਸ਼ਰਫ ਨਾਲ ਗੋਸ਼ਟਿ' ਵਿਚੋਂ ਉਦਾਹਰਣ ਹੈ : 'ਸ਼ਾਹ ਸ਼ਰਫ ਇਹ ਜੋ ਵੈਰਾਗ ਹੈ ਮਹਾਰਾਜ ਕੇ ਪੁਛਣੇ ਕਾ ਅਤੇ ਇਹੀ ਬਿਬੇਕ ਕਾ ਕਾਰਨ ਹੈ। ਜੈਸੇ ਬ੍ਰਿਛ ਕਾ ਫਲ ਪਹਿਲੇ ਸਾਵਾ ਹੋਤਾ ਹੈ ਬਹੁੜ ਪੀਲਾ ਹੋਤਾ ਹੈ ਅਰ ਬਹੁੜ ਲਾਲ ਹੋਤਾ ਹੈ। ਤੈਸੇ ਜਗਿਆਸੀ ਜੋ ਹੈ ਸੋ ਪ੍ਰਿਥਮੇ ਉਸਕਾ ਮੁਖ ਸਾਵਾ ਹੋਤਾ ਹੈ। ਕਿ ਮੇਰਾ ਜਨਮ ਬਤੀਤ ਹੂਆ ਜਾਤਾ ਹੈ ਅਰ ਮੈਂ ਸਾਧਾਂ ਕੋ ਨਹੀਂ ਪਛਾਨਤਾ'।[20] ਇਥੇ 'ਬ੍ਰਿਛ' ਦੇ ਬਿੰਬ ਨੂੰ ਪੇਸ਼ ਕਰਕੇ ਗੁਰੂ ਸਾਹਿਬ ਨੇ ਸ਼ਾਹ ਸ਼ਰਫ ਨੂੰ ਅਧਿਆਤਮਕ ਗਿਆਨ ਦੀ ਸੋਝੀ ਕਰਵਾਈ ਹੈ ਕਿ ਫਲ ਬ੍ਰਿਛ ਕੋਲੋਂ ਰਸ ਲੈਂਦਾ ਰਹਿੰਦਾ ਹੈ। ਉਹ ਚਿਰ ਕਾਲ ਤਕ ਜਿਉਂਦਾ ਰਹਿੰਦਾ ਆਪਣਾ ਜੀਵਨ ਬਤੀਤ ਕਰਦਾ ਹੈ ਅਤੇ ਜਿਹੜਾ ਉਸ ਨਾਲੋਂ ਵਿਛੜ ਜਾਂ ਟੁਟ ਜਾਂਦਾ ਹੈ ਉਹ ਸੁਕ ਸੜ ਜਾਂਦਾ ਹੈ। ਇਸੇ ਤਰ੍ਹਾਂ ਹੀ ਮਨੁੱਖ ਦਾ ਹਾਲ ਹੁੰਦਾ ਹੈ ਜੋ ਗੁਰੂ-ਸੰਗਤ ਤੋਂ ਨਾਮ ਰਸ ਦੀ ਪ੍ਰਾਪਤੀ ਕਰ ਲੈਂਦਾ ਹੈ। ਉਹ ਇਸ ਦੁਨੀਆਂ ਦੇ ਭਵ-ਸਾਗਰ ਨੂੰ ਪਾਰ ਕਰ ਲੈਂਦਾ ਹੈ ਅਤੇ ਜੋ ਗੁਰੂ ਦੀ ਸੰਗਤ ਨਹੀਂ ਕਰਦੇ ਉਹ ਅਗਿਆਨਤਾ ਦੇ ਹਨੇਰੇ ਵਿਚ ਫਸੇ ਹੋਣ ਕਰਕੇ ਵਿਕਾਰਾਂ ਦੇ ਰਸਤੇ 'ਤੇ ਤੁਰ ਪੈਂਦੇ ਹਨ।

ਉਪਰੋਕਤ ਵਿਸ਼ਲੇਸ਼ਣ ਤੋਂ ਬਾਅਦ ਸਹਿਜੇ ਹੀ ਇਹ ਕਿਹਾ ਜਾ ਸਕਦਾ ਹੈ ਕਿ ਗੋਸ਼ਟਿਕਾਰ ਨੇ ਗੁਰੂ ਨਾਨਕ ਦੇਵ ਜੀ ਦੇ ਅਧਿਆਤਮਕ ਚਿੰਤਨ ਨੂੰ ਨਵੀਂ ਵਿਧੀ ਅਤੇ ਪ੍ਰਭਾਵਸ਼ਾਲੀ ਢੰਗ ਰਾਹੀਂ ਗੋਸ਼ਟਾਂ ਨੂੰ ਵੱਖਰਾ ਤੇ ਨਵਾਂ ਰੂਪ ਦਿੱਤਾ। ਗੋਸ਼ਟਿਕਾਰ ਨੇ ਭਿੰਨ-ਭਿੰਨ ਸ਼ੈਲੀਆਂ ਵਰਤ ਕੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਚਰਿਤਰ ਨੂੰ ਮੂਰਤੀਮਾਨ ਕੀਤਾ ਹੈ। ਇਨ੍ਹਾਂ ਦਾ ਪ੍ਰਭਾਵ ਸਦੀਵੀ ਹੈ ਜੋ ਪੰਜਾਬੀ ਸਾਹਿਤ ਦੇ ਪਾਠਕਾਂ ਲਈ ਬੜੇ ਹੀ ਮਾਣ ਦੀ ਗੱਲ ਹੈ।

**ਬਿੰਬ** : ਬਿੰਬ ਕਾਵਿ ਕਲਾ ਦਾ ਜ਼ਰੂਰੀ ਅੰਗ ਮੰਨੇ ਗਏ ਹਨ। ਖਾਸ ਕਰਕੇ ਪੁਰਾਤਨ ਪੰਜਾਬੀ ਵਾਰਤਕ ਵਿਚ ਇਨ੍ਹਾਂ ਦੀ ਵਰਤੋਂ ਦੀ ਬਹੁਤਾਤ ਹੈ। ਗੁਰੂ ਜੀ ਦੀ ਸੁਚੱਜੀ ਸ਼ਬਦ ਚੋਣ, ਪ੍ਰਭਾਵਸ਼ਾਲੀ ਅਤੇ ਡੂੰਘੇਰੇ ਭਾਵਾਂ ਦਾ ਧਾਰਨੀ ਹੈ। ਬਿੰਬ-ਵਿਧਾਨ ਅਤੇ ਸ਼ਬਦ ਚਿਤਰਾਂ ਦੀ ਉਸਾਰੀ ਗੋਸ਼ਟਿਕਾਰ ਦੀ ਕਲਾਤਮਕਤਾ ਦੇ ਗੁਣਾਂ ਦੀ ਗਵਾਹੀ ਭਰਦੇ ਹਨ। ਡਾ. ਜਸਵਿੰਦਰ ਕੌਰ ਗੁਰੂ ਸਾਹਿਬ ਦੀ ਸਾਹਿਤਕਤਾ ਵਿਚਲੀ ਕਲਾਤਮਕਤਾ ਨੂੰ ਇਸ ਤਰ੍ਹਾਂ ਦਰਸਾਉਂਦੇ ਹਨ :

> 'ਨਾਨਕ ਬਾਣੀ ਵਿਚ ਸਾਹਿਤਕ ਪੱਖ ਤੋਂ ਵੀ ਸੁੰਦਰਤਾ ਦੀ ਘਾਟ ਨਹੀਂ ਹੈ। ਵਿਸ਼ੈ ਪੱਖ ਦੀ ਸੁੰਦਰਤਾ ਉਤੇ ਜਿੰਨਾ ਜੋਰ ਹੈ, ਸ਼ੈਲੀ ਪੱਖ ਦੀ ਸੁੰਦਰਤਾ ਤੇ ਵੀ ਉਨ੍ਹਾਂ ਹੀ ਜੋਰ ਹੈ। ਗੁਰੂ ਸਾਹਿਬ ਦੀ ਬਾਣੀ ਵਿਚ ਸ਼ਬਦ ਚੋਣ, ਬਿੰਬ ਵਿਧਾਨ, ਤੇ ਚਿਤਰਾ ਦੀ ਉਸਾਰੀ, ਸੁਹਜ-ਭਾਵ ਪੈਦਾ ਕਰਦੀ ਹੈ। ਜੇ ਇਹ ਕਿਹਾ ਜਾਵੇ ਕਿ ਨਾਨਕ ਬਾਣੀ ਵਿਚ ਵਿਸ਼ੇ ਤੇ ਸ਼ੈਲੀ ਦੋਹਾਂ ਪੱਖਾਂ ਦਾ ਸੁਯੋਗ ਸੰਤੁਲਨ ਸੁਹਜ ਭਾਵ ਪੈਦਾ ਕਰਦਾ ਹੈ ਤਾਂ ਅਤਿਕਥਨੀ ਨਹੀਂ ਹੋਵੇਗੀ। ਜਿਸ ਪ੍ਰਕਾਰ ਵਿਸ਼ੇ ਪੱਖ ਵਿਚ ਵਿਵਿਧਤਾ ਹੈ ਪ੍ਰਕਿਰਤੀ, ਪਸ਼ੂ, ਮਾਨਵ, ਉਨ੍ਹਾਂ ਦੇ ਸੰਬੰਧ, ਰਾਜਨੀਤਕ ਜੀਵਨ ਅਧਿਆਤਮਕ ਭਾਵਾਂ, ਗਿਆਨ, ਨੈਤਿਕਤਾ, ਆਦਿਕ ਸਭ ਪ੍ਰਕਾਰ ਦੇ ਬਿੰਬਾਂ ਦਾ ਪ੍ਰਯੋਗ ਗੁਰੂ ਜੀ ਨੇ ਆਪਣੀ ਬਾਣੀ ਵਿਚ ਕੀਤਾ ਹੈ'।[21]

ਮਨੁੱਖੀ ਮਨ ਅੰਦਰ ਕਲਪਨਾ ਸ਼ਕਤੀ ਦੇ ਸਹਾਰੇ ਨਾਲ ਇਕ ਅਜਿਹੀ ਤਸਵੀਰ ਮੌਜੂਦ ਹੁੰਦੀ ਹੈ ਜਿਸ ਨੂੰ ਉਹ ਸ਼ਬਦਾਂ ਦਾ ਜਾਮਾ ਪਹਿਨਾ ਕੇ ਮੂਰਤੀਮਾਨ ਕਰਦਾ ਹੈ। ਜਦੋਂ ਇਹ ਕਲਪਨਾ ਸ਼ਕਤੀ ਮਨੁੱਖੀ ਮਨ ਅੰਦਰ ਹੁੰਦੀ ਹੈ ਤਾਂ ਇਹ ਅਦ੍ਰਿਸ਼ ਹੁੰਦੀ ਹੈ। ਮਨੁੱਖ ਆਪਣੇ ਆਲੇ ਦੁਆਲੇ ਜਾਂ ਪ੍ਰਕ੍ਰਿਤੀ ਵਿਚੋਂ ਅਜਿਹੇ ਸ਼ਬਦਾਂ ਨੂੰ ਗ੍ਰਹਿਣ ਕਰਦਾ ਹੈ ਤੇ ਉਸ ਕਲਪਨਾ ਸ਼ਕਤੀ ਨੂੰ ਸ਼ਬਦਾਂ ਦੇ ਸਹਾਰੇ ਇਸ ਤਰ੍ਹਾਂ ਮੂਰਤੀਮਾਨ ਕਰਦਾ ਹੈ ਕਿ ਇਹ ਸ਼ਬਦ ਅਸਲ ਵਸਤੂ ਦੇ ਨੇੜੇ ਦੇ ਜਾਪਣ ਲਗ ਪੈਂਦੇ ਹਨ। ਗੁਰੂ ਸਾਹਿਬ ਨੇ ਪੁਰਾਤਨ ਪੰਜਾਬੀ ਵਾਰਤਕ ਦੀਆਂ ਗੋਸ਼ਟਾਂ ਵਿਚ ਸਿਧਾਂ ਦੁਆਰਾ ਵਰਤਾਏ ਜਾਂਦੇ ਪਿਆਲੇ ਦੇ ਰੂਪ ਨੂੰ ਇਨ੍ਹਾਂ ਬਿੰਬਾਂ ਤੇ ਪ੍ਰਤੀਕਾਂ ਰਾਹੀਂ ਦ੍ਰਿਸ਼ਟਮਾਨ ਕੀਤਾ ਹੈ :

ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰਿ ਕਰਣੀ ਕਸੁ ਪਾਈਐ॥
ਭਾਠੀ ਭਵਨੁ ਪ੍ਰੇਮ ਕਾ ਪੋਚਾ ਇਤੁ ਰਸਿ ਅਮਿਉ ਚੁਆਈਐ॥ [22]

'ਸ਼ੇਖ ਬ੍ਰਹਮ ਨਾਲ ਗੋਸ਼ਟਿ' ਵਿਚ ਵੀ ਅਜਿਹੇ ਮਨੁੱਖ ਦੇ ਬਿੰਬ ਨੂੰ ਉਭਾਰਿਆ ਗਿਆ ਹੈ ਜੋ ਖੁਸ਼ਕ ਸੁਭਾਅ ਦਾ ਮਾਲਕ ਹੈ ਉਸ ਦੇ ਸਰੀਰ ਦੀ ਬਾਹਰਲੀ ਸੁੰਦਰਤਾ ਭਰਪੂਰ ਹੈ ਪਰੰਤੂ ਉਸ ਵਿਚ

ਕੋਈ ਗੁਣ ਨਾ ਹੋਣ ਕਰਕੇ ਉਹ ਕਿਸੇ ਦਾ ਕੁਝ ਸਵਾਰਣ ਤੋਂ ਅਸਮਰਥ ਹੈ। ਇਸੇ ਗੋਸ਼ਟਿ ਵਿਚ ਗੁਰੂ ਸਾਹਿਬ ਨੇ ਪ੍ਰਕਿਰਤੀ ਦੀ ਮਹਿਮਾ ਗਾ ਕੇ ਸ਼ਾਬਦਿਕ ਯਥਾਰਥਕਤਾ ਰਾਹੀਂ ਸਿਰਜਣਾਤਮਕ-ਅਮਲ ਨੂੰ ਦ੍ਰਿਸ਼ਟਾਇਆ ਹੈ :-

ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ॥

ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ॥[23]

**ਨਾਨਕ ਮਤੇ ਸਿਧਾਂ ਨਾਲ ਗੋਸ਼ਟਿ** ਵਿਚ ਸਿਧ ਗੁਰੂ ਸਾਹਿਬ ਨੂੰ ਸਵਾਲ ਕਰਦੇ ਹਨ ਕਿ ਗੁਰੂ ਸਾਹਿਬ ਨੇ ਦੀਖਿਆ ਕਿਸ ਤੋਂ ਪ੍ਰਾਪਤ ਕੀਤੀ ਹੈ? ਗੁਰੂ ਸਾਹਿਬ ਨੇ ਇਸ ਭਾਵ ਦੀ ਸਪਸ਼ਟਤਾ ਲਈ ਮਨ ਨੂੰ ਤੋਲਣ ਵਾਲੇ ਤਰਾਜੂ ਦੇ ਭਾਵ ਅਰਥਾਂ ਨਾਲ ਸਿਧਾਂ ਦੇ ਮਨਾਂ ਵਿਚਲੇ ਸ਼ੰਕਿਆਂ ਤੋਂ ਨਿਜ਼ਾਤ ਦਿਵਾਈ ਹੈ।

ਕਉਣ ਤਰਾਜੀ ਕਵਣੁ ਤੁਲਾ ਤੇਰਾ ਕਵਣੁ ਸਰਾਫੁ ਬੁਲਾਵਾ॥[24]

ਗੁਰੂ ਸਾਹਿਬ ਨੇ ਲੋਕਾਈ ਉਤੇ ਵਰਤ ਰਹੇ ਭਾਣੇ ਨੂੰ ਦੇਖਦਿਆਂ ਭਿੰਨ-ਭਿੰਨ ਸ਼੍ਰੇਣੀਆਂ ਨਾਲ ਸੰਵਾਦ ਰਚਾਇਆ ਤੇ ਇਸ ਸੰਵਾਦ ਦੌਰਾਨ ਉਨ੍ਹਾਂ ਨੇ ਉਸ ਸਮੇਂ ਦੇ ਸਮਾਜਿਕ ਚਿੱਤਰ ਨੂੰ ਵੀ ਬਾਖ਼ੂਬੀ ਚਿਤਰਿਆ ਹੈ ਕਿ ਕਿਸ ਤਰ੍ਹਾਂ ਸਮੇਂ ਦੀ ਰਫਤਾਰ ਨਾਲ ਹਿੰਦੂ ਅਤੇ ਮੁਸਲਮਾਨ ਸਮਾਜਿਕ ਰਸਮਾਂ ਰੀਤਾਂ ਦਾ ਸ਼ਿਕਾਰ ਹੋ ਰਹੇ ਹਨ ਤੇ ਇਸ ਬੁਰਾਈ ਨੇ ਦੋਨਾਂ ਧਿਰਾਂ ਵਿਚ ਇਨਸਾਨੀ ਰਿਸ਼ਤਿਆਂ ਨੂੰ ਖਤਮ ਕਰਕੇ ਆਪਣੀ ਥਾਂ ਬਣਾ ਲਈ ਸੀ। ਗੁਰੂ ਸਾਹਿਬ ਇਕ ਸਮਾਜ ਸੁਧਾਰਕ ਦੇ ਤੌਰ ਤੇ ਇਸ ਲੋਕਾਈ ਦਾ ਉਧਾਰ ਕਰਨ ਵਾਸਤੇ ਹੀ ਇਸ ਦੁਨੀਆਂ ਵਿਚ ਆਏ ਅਤੇ ਇਨ੍ਹਾਂ ਅਨੁਯਾਈਆਂ ਨਾਲ ਸੰਵਾਦ ਰਚਾ ਕੇ ਇਸ ਦਵੰਦ ਵਿਚੋਂ ਨਿਕਲਣ ਦਾ ਰਸਤਾ ਦਿਖਾਇਆ :

ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ॥

ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ॥

ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ॥ [25]

ਗੁਰੂ ਸਾਹਿਬ ਨੇ ਅਸਲੀ ਮੁਸਲਮਾਨ ਬਣਨ ਲਈ ਤੇ ਕਰਮ ਕਾਂਡਾ ਦੀਆਂ ਧੱਜੀਆਂ ਉਡਾਉਂਦੀਆਂ ਪ੍ਰਚਲਤ ਪਰੰਪਰਾਵਾਂ ਪੱਖੀ ਵਿਚਾਰਧਾਰਾ ਨਾਲ ਅਸਹਿਮਤੀ ਪ੍ਰਗਟ ਕਰਦਿਆਂ, ਧਰਮ ਵਿਚਲੀ ਗਿਰਾਵਟ ਨੂੰ ਸ਼ਕਤੀਸ਼ਾਲੀ ਬਿੰਬਾਂ ਦੇ ਪ੍ਰਵਚਨ ਰਾਹੀਂ ਪੁਨਰ-ਸਿਰਜਣਾ ਦੇ ਪ੍ਰਸੰਗਾਂ ਨੂੰ ਉਭਾਰਿਆ ਹੈ।

ਕਲਯੁਗ ਨਾਲ ਗੋਸ਼ਟਿ ਵਿਚ ਕਲਯੁਗ ਗੁਰੂ ਸਾਹਿਬ ਨੂੰ ਛਲਣ ਲਈ ਗੁਰੂ ਸਾਹਿਬ ਕੋਲ ਪਹੁੰਚਦਾ ਹੈ ਅਤੇ ਕਈ ਤਰ੍ਹਾਂ ਦੇ ਲਾਲਚ ਦੇਣ ਦੀ ਕੋਸ਼ਿਸ ਕਰਦਾ ਹੈ। ਗੁਰੂ ਸਾਹਿਬ ਬਿਬੇਕਸ਼ੀਲ ਬੁੱਧੀ ਦੇ ਮਾਲਕ, ਕਲਯੁਗ ਦੇ ਇਸ ਲਾਲਚ ਦੇ ਪਾਜ ਨੂੰ ਇਨ੍ਹਾਂ ਕਾਵਿਕ ਬਿੰਬਾਂ ਰਾਹੀਂ ਉਘਾੜਦੇ ਹਨ :

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥
ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥[26]

ਸ਼ੇਖ ਬ੍ਰਹਮ ਨਾਲ ਵਾਰਤਾਲਾਪ ਵਿਚ ਗੁਰੂ ਸਾਹਿਬ ਸ਼ੇਖ ਬ੍ਰਹਮ ਦੁਆਰਾ ਪੁਛੇ ਸਵਾਲਾਂ ਨੂੰ ਸਪਸ਼ਟ ਕਰਨ ਲਈ ਗੂੜ੍ਹ ਸ਼ਾਬਦਿਕ ਅਤੇ ਸਮਾਜਿਕ ਬਿੰਬਾਂ ਰਾਹੀਂ ਆਪਣੇ ਅਧਿਆਤਮਕ ਭਾਵਾਂ ਨੂੰ ਅਭਿਵਿਅਕਤ ਕਰਦੇ ਹਨ :

ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ॥
ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ॥
ਫਲੀਅਹਿ ਫੁਲੀਅਹਿ ਬਪੁੜੇ ਭੀ ਤਨੁ ਵਿਚਿ ਸੁਆਹ॥
ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥
ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥
ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ॥
ਕਰਿ ਆਸਣ ਡਿਠੋ ਚਾਉ॥[27]

ਗੁਰੂ ਸਾਹਿਬ ਨੇ ਉਸ ਸਮੇਂ ਦੇ ਬ੍ਰਾਹਮਣ ਪੰਡਤਾਂ ਨਾਲ ਸੰਵਾਦ ਰਚਾ ਕੇ ਤੱਤਕਾਲੀ ਸਮਾਜਿਕ

ਹਾਲਤ ਨੂੰ ਵੀ ਬਿੰਬਾਂ ਵਿਚ ਪਰੋਇਆ ਹੈ ਕਿ ਕਿਸ ਤਰ੍ਹਾਂ ਪੰਡਿਤ ਆਪਣੀ ਬਾਹਰੀ ਦਿੱਖ ਦਾ ਸੁੰਦਰ ਪ੍ਰਗਟਾਵਾ ਕਰਦੇ ਸਨ ਉਹ ਧੋਤੀਆਂ ਪਹਿਨਦੇ, ਬਸਤਰ ਸੁੱਚੇ ਰੱਖਦੇ, ਮੱਥੇ ਚੰਦਨ ਦਾ ਟਿੱਕਾ ਲਗਾਉਂਦੇ, ਪਰੰਤੂ ਆਪਣੇ ਅੰਦਰਲੇ ਮਨ ਦੀ ਸਫਾਈ ਨਹੀਂ ਰੱਖਦੇ ਸਨ। ਗੁਰੂ ਸਾਹਿਬ ਨੇ ਉਹਨਾਂ ਦੀ ਬਾਹਰੀ-ਦਿੱਖ ਤੇ ਧਾਰਨਾ ਨਾਲ ਅਸਿਹਮਤੀ ਪ੍ਰਗਟਾ ਕੇ ਉਹਨਾਂ ਨੂੰ ਵਿਵਹਾਰਕ ਪੱਧਰ ਤੇ ਲੋਕਾਈ ਨਾਲ ਇਕ-ਸੁਰ ਹੋਣ ਦੀ ਪ੍ਰੇਰਨਾ ਦਿੱਤੀ ਹੈ :-

ਪੜਿ ਪੁਸਤਕ ਸੰਧਿਆ ਬਾਦੰ॥
ਸਿਲ ਪੂਜਸਿ ਬਗੁਲ ਸਮਾਧੰ॥
ਮੁਖਿ ਝੂਠ ਬਿਭੂਖਣ ਸਾਰੰ॥
ਤ੍ਰੈਪਾਲ ਤਿਹਾਲ ਬਿਚਾਰੰ॥
ਗਲਿ ਮਾਲਾ ਤਿਲਕੁ ਲਿਲਾਟੰ॥
ਦੁਇ ਧੋਤੀ ਬਸਤ੍ਰ ਕਪਾਟੰ॥
ਜੇ ਜਾਣਸਿ ਬ੍ਰਹਮੰ ਕਰਮੰ॥
ਸਭਿ ਫੋਕਟ ਨਿਸਚਉ ਕਰਮੰ॥ [28]

ਸ਼ੇਖ ਬ੍ਰਹਮ ਨਾਲ ਅਧਿਆਤਮਕ ਸੰਵਾਦ ਵਿਚ ਸ਼ੇਖ ਬ੍ਰਹਮ ਗੁਰੂ ਸਾਹਿਬ ਤੋਂ ਅਜਿਹੀ ਕਾਤੀ ਤੇ ਚਾਨਣਾ ਪਾਉਣ ਲਈ ਆਖਦਾ ਹੈ ਜਿਸ ਨਾਲ ਕੁੱਠਾ ਆਦਮੀ ਹਲਾਲ ਹੋ ਜਾਵੇ ਤਾਂ ਗੁਰੂ ਸਾਹਿਬ ਨੇ ਸੱਚ ਦੀ ਕਾਤੀ ਦੇ ਬਿੰਬ ਰਾਹੀਂ ਸ਼ੇਖ ਬ੍ਰਹਮ ਨੂੰ ਸੰਤੁਸ਼ਟ ਕਰਦੇ ਹਨ :

ਸਚ ਕੀ ਕਾਤੀ ਸਚੁ ਸਭੁ ਸਾਰੁ॥ ਘਾੜਤ ਤਿਸ ਕੀ ਅਪਰ ਅਪਾਰ॥
ਸਬਦੇ ਸਾਣਿ ਰਖਾਈ ਲਾਇ॥ ਗੁਣ ਕੀ ਥੇਕੈ ਵਿਚਿ ਸਮਾਇ॥[29]

ਗੋਸ਼ਟਿ ਮੀਆਂ ਮਿੱਠਾ ਵਿਚ ਵੀ ਗੁਰੂ ਸਾਹਿਬ ਨੇ ਮੀਆਂ ਮਿੱਠਾ ਨੂੰ ਅਧਿਆਤਮਕ ਗਿਆਨ ਦੀ ਸੋਝੀ ਪ੍ਰਦਾਨ ਕਰਦਿਆਂ, ਤੇਲ ਦੀਵਾ, ਵਟੀ ਆਦਿ ਤੱਤਕਾਲੀ ਸਮਾਜ ਦੇ ਬਿੰਬਾਂ ਰਾਹੀਂ ਅਧਿਆਤਮਕ ਵਿਕਾਸ ਪ੍ਰਤਿ ਚੇਤੰਨਤਾ ਜਗਾਈ ਹੈ :

ਬਿਨੁ ਤੇਲ ਦੀਵਾ ਕਿਉ ਜਲੈ॥੧॥ ਰਹਾਉ

ਭਉ ਵਟੀ ਇਤੁ ਤਨਿ ਪਾਈਐ॥ ਸਚੁ ਬੂਝਣ ਆਨਿ ਜਲਾਈਐ॥

ਇਹੁ ਤੇਲੁ ਦੀਵਾ ਇਉ ਜਲੈ॥ ਕਰਿ ਚਾਨਣੁ ਸਾਹਿਬ ਤਉ ਮਿਲੈ॥੧॥ ਰਹਾਉ [30]

ਉਪਰੋਕਤ ਸੰਵਾਦਕ ਬਾਣੀ-ਤੁਕਾਂ ਵਿਚ ਤੁਕਾਂਤਕ ਸ਼ਬਦ, ਭਾਵ ਪ੍ਰਗਟਾਵੇ ਦੇ ਰੂਪ ਵਿਚ ਤੱਤਕਾਲੀ ਸਮੇਂ ਦੀਆਂ ਗਤੀਸ਼ੀਲ ਫੋਕਟ ਕਰਮਕਾਂਡੀ ਰੁਚੀਆਂ, ਸਮਾਜਿਕ ਤੇ ਇਤਿਹਾਸਕ ਪ੍ਰਸਥਿਤੀਆਂ ਨੂੰ ਦਰਸਾਉਂਦੀਆਂ ਹੋਈਆਂ ਬਹੁ-ਅਨੁਸ਼ਾਸਨੀ ਵਰਤਾਰਿਆਂ ਵਲ ਸੇਧਤ ਹਨ।

**ਗੋਸ਼ਟਿ ਦਾ ਵਾਰਤਕ ਤੇ ਕਾਵਿਕ ਰੂਪ :**

ਵਾਰਤਕ ਅਤੇ ਕਵਿਤਾ ਸਾਹਿਤ ਦੇ ਦੋ ਮੱਹਤਵਪੂਰਣ ਰੂਪ ਹਨ, ਭਾਵੇਂ ਇਨ੍ਹਾਂ ਵਿਚ ਅੰਤਰ ਸਪਸ਼ਟ ਕਰਨਾ ਬਹੁਤ ਕਠਿਨ ਕੰਮ ਹੈ ਪਰ ਇਨ੍ਹਾਂ ਦੀਆਂ ਕੁਝ ਵਿਸ਼ੇਸ਼ਤਾਵਾਂ ਅਤੇ ਲੱਛਣਾਂ ਦੇ ਆਧਾਰ ’ਤੇ ਇਨ੍ਹਾਂ ਦੀ ਪ੍ਰਕਿਰਤੀ ਨੂੰ ਸਮਝਿਆ ਜਾ ਸਕਦਾ ਹੈ। ਇਹ ਗੱਲ ਆਮ ਸਵੀਕਾਰੀ ਗਈ ਹੈ ਕਿ ਹਰ ਭਾਸ਼ਾ ਦੇ ਸਾਹਿਤ ਵਿਚ ਪਹਿਲਾਂ ਕਵਿਤਾ ਅਤੇ ਫਿਰ ਵਾਰਤਕ ਰਚੀ ਜਾਂਦੀ ਰਹੀ ਹੈ। ਉਸੇ ਤਰ੍ਹਾਂ ਗੋਸ਼ਟਿ-ਰਚਨਾ ਦਾ ਆਰੰਭ ਵੀ ਪਹਿਲਾਂ ਕਵਿਤਾ ਅਤੇ ਪਿਛੋਂ ਵਾਰਤਕ ਵਿਚ ਹੋਇਆ।

ਵਾਰਤਕ ਗੋਸ਼ਟਿ ਅਤੇ ਕਾਵਿਕ ਗੋਸ਼ਟਿ ਦਾ ਸਭ ਤੋਂ ਮੁਖ ਅੰਤਰ ਜੋ ਅਸੀਂ ਉਪਰ ਵਿਚਾਰ ਆਏ ਹਾਂ ‘ਸ਼ੈਲੀਗਤ’ ਹੈ। ਵਾਰਤਕ ਉਕਤੀ-ਕਲਾ ਹੈ ਜਦਕਿ ਕਵਿਤਾ ਵਿਅੰਜਨਾਤਮਕ-ਕਲਾ ਹੈ। ਕਾਵਿ ਗੋਸ਼ਟਿ ਵਿਚ ‘ਗਿਆਨ ਚਰਚਾ’ ਛੰਦ ਬਧ ਅਤੇ ਤੋਲ ਤੁਕਾਂਤ ਵਿਚ ਬੱਧੀ ਹੁੰਦੀ ਹੈ, ਵਾਰਤਕ ਵਿਚ ਆਮ ਬੋਲ ਚਾਲ ਰਾਹੀਂ ਇਹ ਗਿਆਨ ਚਰਚਾ ਕੀਤੀ ਜਾਂਦੀ ਹੈ।

ਵਾਰਤਕ ਗੋਸ਼ਟਿ ਵਿਚ ਚਾਲ ਦੀ ਸੁੰਦਰਤਾ ਤੇ ਖਿੱਚ ਵੱਲ ਵਧੇਰੇ ਧਿਆਨ ਦਿੱਤਾ ਜਾਂਦਾ ਹੈ ਜਦਕਿ ਕਾਵਿ ਗੋਸ਼ਟਿ ਵਿਚ ਲੈਅ, ਸੰਗੀਤ ਦੀ ਖਿੱਚ ਆਦਿ ਹੁੰਦੀ ਹੈ। ਵਾਰਤਕ ਗੋਸ਼ਟਿ ਵਿਚ ਬੌਧਿਕਤਾ ਦਾ ਅੰਸ਼ ਵਿਦਮਾਨ ਹੁੰਦਾ ਹੈ। ਗੁਰੂ ਸਾਹਿਬ ਭੁਲੇ ਭਟਕੇ ਲੋਕਾਂ ਨੂੰ ਤਰਕਸ਼ੀਲ ਜਾਂ ਵਿਵੇਕਮਈ ਢੰਗ ਰਾਹੀਂ ਜੀਵਨ-ਯਥਾਰਥ ਦਰਸਾਉਂਦੇ ਹਨ। ਇਥੇ ਹਰਿਦੁਆਰ ਵਿਖੇ ‘ਪੰਡਿਤਾਂ ਨਾਲ ਗੋਸ਼ਟਿ’, ‘ਮੀਆਂ ਮਿੱਠਾ ਨਾਲ ਗੋਸ਼ਟਿ’, ‘ਸੱਜਣ ਠੱਗ ਦਾ ਨਿਸਤਾਰਾ’, ‘ਨਾਨਕ ਮਤੇ ਸਿਧਾਂ ਨਾਲ

ਗੋਸ਼ਟਿ' ਆਦਿ ਵਿਚ ਗੁਰੂ ਸਾਹਿਬ ਵਿਰੋਧੀਆਂ ਦੇ ਮਨਾਂ 'ਤੇ ਪਏ ਸ਼ੰਕਿਆਂ ਨੂੰ ਬੌਧਿਕ ਅਤੇ ਤਰਕਸ਼ੀਲ ਢੰਗ ਨਾਲ ਨਵਿਰਤ ਕਰਦੇ ਪ੍ਰਤੀਤ ਹੁੰਦੇ ਹਨ। ਪਾਲ ਵੈਲਰੀ ਨੇ 'ਦੋਹਾਂ ਵਿਚ ਚਲਣ ਤੇ ਨੱਚਣ' ਦਾ ਫਰਕ ਦੱਸਿਆ ਹੈ।[31]

ਸੰਤ ਸਿੰਘ ਸੇਖੋਂ ਵੀ ਵਾਰਤਕ ਅਤੇ ਕਵਿਤਾ ਦਾ ਅੰਤਰ ਕਰਦੇ ਹੋਏ ਵਾਰਤਕ ਨੂੰ ਮਨੁੱਖੀ ਬੌਧਿਕਤਾ ਦੇ ਵਿਕਾਸ ਦਾ ਸਿੱਟਾ ਮੰਨਿਆਂ ਹੈ : 'ਗਦ ਕਵਿਤਾ ਨਾਲੋਂ ਵਧੇਰੇ ਬੌਧਿਕ ਲਿਖਤ ਹੁੰਦੀ ਹੈ। ਇਸ ਦਾ ਅਭਿਵਿਅੰਜਨ ਭਾਵਕ ਘਟ ਹੁੰਦਾ ਹੈ ਤੇ ਬੌਧਿਕ ਵਧੇਰੇ, ਇਸ ਵਿਚ ਭਾਵਕ ਅੰਲਕਾਰ ਘਟ ਹੁੰਦਾ ਹੈ ਤੇ ਕਵਿਤਾ ਵਾਂਗ ਇਸਦਾ ਕੋਈ ਬੱਝਵਾਂ ਤੋਲ ਨਹੀਂ ਹੁੰਦਾ ਤੇ ਨਾ ਹੀ ਇਸ ਦਾ ਤੁਕਾਂਤ ਅਨੁਪ੍ਰਾਸ ਹੁੰਦਾ ਹੈ'[32]

ਕਾਵਿ ਗੋਸ਼ਟਿ ਦਾ ਸੰਬੰਧ ਸਿੱਧੇ ਵਰਣਨ ਦੀ ਥਾਂ ਅਸਿਧੇ ਪ੍ਰਗਟਾਉ ਨਾਲ ਵਧੇਰੇ ਹੁੰਦਾ ਹੈ, ਇਸ ਲਈ ਇਹ ਭਾਸ਼ਾ ਦੀ ਸੰਕੇਤਕ ਤੇ ਰੂਪਕੀ ਸਮੱਰਥਾ ਨੂੰ ਜ਼ਿਆਦਾ ਪ੍ਰਭਾਵਸ਼ਾਲੀ ਢੰਗ ਨਾਲ ਉਭਾਰਦੀ ਹੈ। ਕਾਵਿ ਗੋਸ਼ਟਿ ਵਿਚ ਵਾਧੂ ਵਿਸਤਾਰ ਤੋਂ ਵੀ ਸੰਕੋਚ ਕੀਤਾ ਗਿਆ ਹੁੰਦਾ ਹੈ ਪਰੰਤੂ ਵਾਰਤਕ ਗੋਸ਼ਟਿ ਵਿਚ ਵਿਸ਼ੇ ਦੇ ਨਾਲ-ਨਾਲ ਉਸ ਸਥਾਨ, ਕਾਰਜ ਅਤੇ ਘਟਨਾ ਦੇ ਹਰ ਪੱਖ ਨੂੰ ਗੌਲਿਆ ਹੁੰਦਾ ਹੈ ਜਿਵੇਂ ਗੁਰੂ ਸਾਹਿਬ ਦੀਆਂ ਨਾਥਾਂ/ਜੋਗੀਆਂ/ਸਿਧਾਂ ਨਾਲ ਹੋਈਆਂ ਗੋਸ਼ਟਾਂ ਵਿਚ ਉਨ੍ਹਾਂ ਦੇ ਨਾਵਾਂ ਥਾਵਾਂ ਦਾ ਵੇਰਵਾ ਵਿਸਥਾਰ ਸਹਿਤ ਦਿੱਤਾ ਗਿਆ ਹੈ ਜਦਕਿ ਕਾਵਿ ਗੋਸ਼ਟਿ ਵਿਚ ਇਸ ਦਾ ਜ਼ਿਕਰ ਨਾ ਮਾਤਰ ਹੀ ਹੁੰਦਾ ਹੈ। 'ਸਿਧ ਗੋਸ਼ਟਿ ਵਿਚੋਂ ਪ੍ਰਸਤੁਤ ਹੈ :

ਗੋਰਖ ਪੂਤੁ ਲੋਹਾਰੀਪਾ ਬੋਲੈ ਜੋਗ ਜੁਗਤਿ ਬਿਧਿ ਸਾਈ।।[33]

ਸੁਣ ਮਛਿੰਦ੍ਰਾ ਨਾਨਕ ਬੋਲੈ।। ਵਸਿਗਤ ਪੰਚ ਕਰੈ ਨਹ ਡੋਲੈ।।[34]

ਕਾਵਿ ਗੋਸ਼ਟਿ ਵਿਚ ਵਰਤੀ ਗਈ ਬਿੰਬਾਵਲੀ, ਅਲੰਕਾਰਿਕ ਪ੍ਰਗਟਾਉ ਅਤੇ ਚਿਤ੍ਰਾਤਮਕ ਗੁਣ, ਇਸ ਦੀ ਅਮੀਰੀ ਨੂੰ ਹੋਰ ਵੀ ਪ੍ਰਫੁਲਤ ਕਰਦੇ ਹਨ। ਕਾਵਿ ਰਚਨਾ ਵਿਚਲੀ ਬਿੰਬ ਰਚਨਾ ਆਮ ਯਥਾਰਥ ਜਾਂ ਵਾਸਤਵਿਕਤਾ ਤੋਂ ਪਾਰ ਮਨੁੱਖੀ ਮਾਨਸਿਕਤਾ ਦਾ ਚਿੱਤਰ ਪੇਸ਼ ਕਰਦੀ ਹੈ। ਇਸੇ ਲਈ ਕਾਵਿ ਗੋਸ਼ਟਾਂ, ਵਾਰਤਕ ਗੋਸ਼ਟਾਂ ਨਾਲੋਂ ਸਜੀਵ ਅਤੇ ਗਹਿਨ ਅਰਥਾਂ ਦੀ ਸੂਚਕ ਮੰਨੀਆਂ ਜਾ ਸਕਦੀਆਂ ਹਨ।

ਕਾਵਿ ਗੋਸ਼ਟਿ ਅਤੇ ਵਾਰਤਕ ਗੋਸ਼ਟਿ ਵਿਚ ਭਾਗ ਲੈਣ ਵਾਲੇ ਪਾਤਰ ਸੰਤ, ਪੀਰ, ਫਕੀਰ, ਪਰਮ ਪੁਰਸ਼ ਜਾਂ ਜੋਗੀ ਤੇ ਜਤੀ ਆਦਿ ਖਾਸ ਮਨੁੱਖ ਹੁੰਦੇ ਹਨ। ਵਿਰੋਧੀਆਂ ਦੇ ਮਨਾਂ ਵਿਚਕਾਰ ਚਲ ਰਹੇ ਵਿਵਾਦਾਂ ਦਾ ਨਿਵਾਰਣ ਇਹ ਮਹਾਂਪੁਰਸ਼ ਹੀ ਕਰਦੇ ਰਹੇ ਹਨ। 'ਨਾਨਕ ਮਤੇ ਸਿਧਾਂ ਨਾਲ ਗੋਸ਼ਟਿ' ਵਿਚ ਗੁਰੂ ਨਾਨਕ ਦੇਵ ਜੀ ਸਿਧਾਂ ਦੇ ਸ਼ੰਕਿਆਂ ਦੀ ਨਵਿਰਤੀ ਕਰਦੇ ਪ੍ਰਤੀਤ ਹੁੰਦੇ ਹਨ। ਕਾਵਿ ਗੋਸ਼ਟਾਂ ਅਤੇ ਵਾਰਤਕ ਗੋਸ਼ਟਾਂ ਵਿਚ ਛੰਦ ਦੇ ਅਧਾਰ 'ਤੇ ਵੀ ਅੰਤਰ ਸੰਬੰਧ ਕੀਤਾ ਜਾ ਸਕਦਾ ਹੈ। ਕਵਿਤਾ ਵਿਚ ਛੰਦ, ਤਾਲ, ਲੈਅ ਅਤੇ ਤੁਕਾਂਤ ਮੇਲ ਆਦਿ ਦਾ ਵਿਧਾਨ ਹੁੰਦਾ ਹੈ, ਵਾਰਤਕ ਗੋਸ਼ਟਾਂ ਵਿਚ ਅਜਿਹਾ ਨਹੀਂ ਹੁੰਦਾ ਜਿਵੇਂ 'ਸਿਧ ਗੋਸ਼ਟਿ' ਇਸ ਦਾ ਪ੍ਰੱਤਖ ਪ੍ਰਮਾਣ ਹੈ :

ਕਵਨੁ ਸੁ ਗੁਪਤਾ ਕਵਨੁ ਸੁ ਮੁਕਤਾ॥ ਕਵਨੁ ਸੁ ਅੰਤਰਿ ਬਾਹਰਿ ਜੁਗਤਾ॥
ਕਵਨੁ ਸੁ ਆਵੈ ਕਵਨੁ ਸੁ ਜਾਇ॥ ਕਵਨੁ ਸੁ ਤ੍ਰਿਭਵਣਿ ਰਹਿਆ ਸਮਾਇ॥[35]

ਉਕਤ ਗੋਸ਼ਟਿ ਵਿਚ 'ਮੁਕਤਾ, 'ਜੁਗਤਾ', 'ਜਾਇ', 'ਸਮਾਇ' ਆਦਿ ਦਾ ਤਕਾਂਤ ਮੇਲ ਹੈ। ਪ੍ਰਿ. ਗੁਰਬਚਨ ਸਿੰਘ ਤਾਲਿਬ ਨੇ ਵੀ ਕਵਿਤਾ ਅਤੇ ਵਾਰਤਕ ਦਾ ਅੰਤਰ ਸਪਸ਼ਟ ਕਰਦਿਆਂ ਆਪਣਾ ਮਤ ਦਿੱਤਾ ਹੈ :

'ਵਾਰਤਕ ਭਾਵਾਂ ਜਾਂ ਜਜ਼ਬਿਆਂ ਵਿਚੋਂ ਨਹੀਂ ਉਗਮਦੀ ਵਾਰਤਕ ਉਗਮਦੀ ਹੈ ਵਿਚਾਰ, ਕਲਪਨਾ, ਨਿਆਏ (ਦਲੀਲ) ਵਾਦ-ਵਿਵਾਦ ਅਤੇ ਕਿਸੇ ਨੂੰ ਆਪਣੇ ਦ੍ਰਿਸ਼ਟੀਕੋਣ ਵਲ ਝੁਕਾਉਣ ਦੀ ਰੁਚੀ ਅਤੇ ਹੋਰ ਅਜਿਹੀਆਂ ਰੁਚੀਆਂ ਵਿਚੋਂ। ਭਾਵੇਂ ਵਾਰਤਕ ਵਿਚ ਜਜ਼ਬੇ ਦਾ ਪ੍ਰਗਟਾਉ ਵਿਵਰਜਿਤ ਨਹੀਂ ਪਰ ਜਜ਼ਬਾ ਵਾਰਤਕ ਦਾ ਵਿਸ਼ੇਸ਼ ਖੇਤਰ ਨਹੀਂ, ਜਿਵੇਂ ਇਹ ਕਵਿਤਾ ਦਾ ਹੈ'।[36]

ਇਸ ਤਰ੍ਹਾਂ ਗੋਸ਼ਟਿ ਵਿਚ ਛੰਦਾ-ਬੰਦੀ, ਤੋਲ-ਤਕਾਂਤ, ਸੰਗੀਤ ਅਤੇ ਲੈਅ ਨੂੰ ਧਿਆਨ ਵਿਚ ਰੱਖਿਆ ਜਾਂਦਾ ਹੈ ਜਦਕਿ ਵਾਰਤਕ ਗੋਸ਼ਟਿ ਵਿਚ ਵਾਕ ਬਣਤਰ, ਸਰਲ ਵਿਆਖਿਆ, ਤੇ ਵਿਸਥਾਰ ਤੇ ਜ਼ੋਰ ਦਿੱਤਾ ਜਾਂਦਾ ਹੈ।

ਕਾਵਿ ਗੋਸ਼ਟਿ ਅਤੇ ਵਾਰਤਕ ਗੋਸ਼ਟਿ ਦਾ ਅੰਤਰ ਸੰਬੰਧ ਮਨੁੱਖੀ ਮਾਨਸਿਕਤਾ ਨਾਲ ਹੁੰਦਾ ਹੈ। ਕਾਵਿ ਗੋਸ਼ਟਿ ਸਿਰਜਨਾਤਮਕ (Creative) ਹੁੰਦੀ ਹੈ ਜਦਕਿ ਵਾਰਤਕ ਗੋਸ਼ਟਿ ਰਚਨਾਤਮਕ

(Constructive) ਹੁੰਦੀ ਹੈ। ਇਹ ਦੋਵੇਂ ਇਕ ਦੂਜੇ ਦੀਆਂ ਵਿਰੋਧੀ ਨਹੀਂ ਸਗੋਂ ਪੂਰਕ ਹਨ ਫ਼ਰਕ ਕੇਵਲ ਇਨ੍ਹਾਂ ਵਿਚਲੀ ਮਾਨਸਿਕਤਾ ਦਾ ਹੁੰਦਾ ਹੈ। ਕਾਵਿ ਗੋਸ਼ਟਿ ਪ੍ਰਭਾਵਾਂ ਨੂੰ ਜੋੜਨ ਸੰਗਠਿਤ ਕਰਨ ਦਾ ਕੰਮ ਕਰਦਾ ਹੈ। ਜਦਕਿ ਵਾਰਤਕ ਗੋਸ਼ਟਿ ਸਮ੍ਰਿਤੀ ਦੇ ਭੰਡਾਰੇ ਵਿਚੋਂ ਪ੍ਰਭਾਵਾਂ ਨੂੰ ਖਿੰਡਾਉਣ ਅਤੇ ਵਿਸਰਜਿਤ ਕਰਨ ਦਾ ਕੰਮ ਕਰਦਾ ਹੈ।

ਕਾਵਿ ਗੋਸ਼ਟਿ ਅਤੇ ਵਾਰਤਕ ਗੋਸ਼ਟਿ ਦੋਹਾਂ ਵਿਚ ਹੀ ਇਸ ਨੂੰ ਆਰੰਭ ਕਰਨ ਤੋਂ ਪਹਿਲਾਂ ਇਕ ਸਥਿਤੀ ਨੂੰ ਘੜ ਲਿਆ ਜਾਂਦਾ ਹੈ। ਇਹ ਸਥਿਤੀ ਇਤਿਹਾਸਿਕ,ਅਰਧ ਇਤਿਹਾਸਿਕ, ਸਮਾਜਿਕ ਅਤੇ ਨਿਰੋਲ ਕਾਲਪਨਿਕ ਵੀ ਹੋ ਸਕਦੀ ਹੈ। ਜਿਵੇਂ 'ਮੱਕੇ ਮਦੀਨੇ ਦੀ ਗੋਸ਼ਟਿ' ਵਿਚ ਗੁਰੂ ਸਾਹਿਬ ਅਤੇ ਮਰਦਾਨੇ ਨੂੰ ਰਾਹ ਵਿਚ ਸ਼ਾਹ ਸ਼ਰਫ ਅਤੇ ਹੋਰ ਹਾਜੀ ਮਿਲਦੇ ਹਨ ਅਤੇ ਗੋਸ਼ਟਿ ਜਾਂ ਗਿਆਨ-ਚਰਚਾ ਆਰੰਭ ਹੋ ਜਾਂਦੀ ਹੈ, ਇਹ ਗੋਸ਼ਟਿ ਅਰਧ ਇਤਿਹਾਸਿਕ ਜਾਂ ਅਰਧ ਯਥਾਰਥਕ ਕਹੀ ਜਾ ਸਕਦੀ ਹੈ। ਗੁਰੂ ਨਾਨਕ ਦੇਵ ਜੀ ਦੀ 'ਕਾਜ਼ੀ ਨਾਲ ਗੋਸ਼ਟਿ' ਵਿਚ ਗੁਰੂ ਸਾਹਿਬ ਨੇ ਕਾਜ਼ੀ ਦੀ ਮਾਨਸਿਕ ਸਥਿਤੀ ਦਸ ਕੇ ਕਾਜ਼ੀ ਨੂੰ ਜੀਵਨ ਦੀਆਂ ਸੱਚਾਈਆਂ ਤੋਂ ਜਾਣੂ ਕਰਵਾਇਆ ਹੈ ਜਿਵੇਂ :

ਮੁਸਲਮਾਨ ਮੁਸਾਵੈ ਆਪੁ॥
ਸਿਦਕ ਸਬੂਰੀ ਕਲਮਾ ਪਾਕ॥
ਖੜੀ ਨ ਛੇੜੈ ਪੜੀ ਨ ਖਾਇ॥
ਨਾਨਕ ਸ ਮੁਸਲਮਾਨ ਭਿਸਤ ਕਉ ਜਾਇ॥[37]

ਕਾਵਿ ਗੋਸ਼ਟਾਂ ਅਤੇ ਵਾਰਤਕ ਗੋਸ਼ਟਾਂ ਵਿਚ ਮਹੱਤਵਪੂਰਨ ਗੁਣ ਸ਼ਬਦ ਸਿਰਜਨਾ ਹੁੰਦਾ ਹੈ। ਸਿਰਜਨਾ ਦਾ ਭਾਵ ਯੋਜਨਾ ਤੇ ਸੁਚੇਤ ਕਲਾ ਤਕ ਸੀਮਿਤ ਰਹਿੰਦਾ ਹੈ। ਵਾਰਤਕ ਅਤੇ ਕਵਿਤਾ ਭਾਵੇਂ ਸ਼ਬਦ ਸਿਰਜਨਾ ਉਪਰ ਹੀ ਨਿਰਭਰ ਕਰਦੇ ਹਨ ਪਰ ਵਾਰਤਕ ਵਿਚ ਲੇਖਕ ਨੂੰ ਕਵਿਤਾ ਵਾਂਗ ਸ਼ਬਦਾਂ ਉਪਰ ਹੀ ਕੇਵਲ ਧਿਆਨ ਨਹੀਂ ਦੇਣਾ ਹੁੰਦਾ ਸਗੋਂ ਉਸ ਦੀ ਵਿਆਖਿਆ, ਸਰਲਤਾ, ਸਪਸ਼ਟਤਾ ਅਤੇ ਬੌਧਿਕਤਾ ਵਲ ਧਿਆਨ ਦੇਣਾ ਵੀ ਜ਼ਰੂਰੀ ਹੋ ਜਾਂਦਾ ਹੈ। ਸਾਰਤਰ ਅਨੁਸਾਰ ਵਾਰਤਕ ਦੇ ਸ਼ਬਦ ਪਾਰਦਰਸ਼ੀ ਹੁੰਦੇ ਹਨ ਜਿਨ੍ਹਾਂ ਵਿਚੋਂ ਅਰਥ ਸਪਸ਼ਟ ਨਜ਼ਰ ਆਉਣੇ ਚਾਹੀਦੇ ਹਨ :

'ਨਿਸ਼ਚੇ ਹੀ ਵਾਰਤਕ ਦਾ ਮੁੱਲ ਸ਼ੈਲੀ ਕਰਕੇ ਹੁੰਦਾ ਹੈ, ਪਰ ਇਹ ਸਾਡੇ ਧਿਆਨ ਦਾ ਕੇਂਦਰ ਨਹੀਂ ਬਣ ਜਾਣੀ ਚਾਹੀਦੀ, ਕਿਉਂਕਿ ਸ਼ਬਦ ਪਾਰਦਰਸ਼ੀ ਹੁੰਦੇ ਹਨ ਅਤੇ ਨਜ਼ਰ ਇਨ੍ਹਾਂ ਰਾਹੀਂ ਵੇਖਦੀ ਹੈ ਇਸ ਲਈ ਨਜ਼ਰ ਦੇ ਰਸਤੇ ਵਿਚ ਅਪਾਰਦਰਸ਼ੀ ਸ਼ੀਸ਼ੇ ਟਿਕਾਉਣਾ ਅਯੋਗ ਹੋਵੇਗਾ'।[38]

ਕਾਵਿ ਗੋਸ਼ਟਾਂ ਵਿਚ ਵਿਸਥਾਰ ਅਤੇ ਸਾਖੀ ਦਾ ਮਿਸ਼ਰਣ ਨਹੀਂ ਹੁੰਦਾ ਜਦਕਿ ਵਾਰਤਕ ਗੋਸ਼ਟਿ ਵਿਚ ਵਿਸਥਾਰ ਅਤੇ ਸਾਖੀਆਂ ਮਿਸ਼ਰਿਤ ਹੋਈਆਂ ਪਈਆਂ ਹਨ ਇਨ੍ਹਾਂ ਸਾਖੀਆਂ ਵਿਚੋਂ ਹੀ ਗੋਸ਼ਟਾਂ ਨੂੰ ਅੱਲਗ ਕਰਨਾ ਪੈਂਦਾ ਹੈ। ਕਾਵਿ ਗੋਸ਼ਟਾਂ ਬਹੁਤ ਸੰਖੇਪ, ਸੁਝਾਉ-ਭਰਪੂਰ ਅਤੇ ਸੁਹਜ ਭਰਪੂਰ ਹੁੰਦੀਆਂ ਹਨ ਅਤੇ ਕਈ ਵਾਰ ਇਨ੍ਹਾਂ ਵਿਚਲੇ ਵਿਚਾਰਾਂ ਜਾਂ ਰਹੱਸਾ ਨੂੰ ਤੀਖਣ-ਸੂਝ ਬੂਝ ਤੋਂ ਬਿਨਾਂ ਸਮਝਣਾ ਔਖਾ ਹੋ ਜਾਂਦਾ ਹੈ। ਜਦਕਿ ਵਾਰਤਕ ਗੋਸ਼ਟਾਂ ਦਾ ਮੰਤਵ ਹੀ ਇਨ੍ਹਾਂ ਰਹੱਸਾ ਨੂੰ ਸੂਖਮ ਤੋਂ ਸਥੂਲ ਬਣਾਉਣਾ, ਅਦਿਖ ਨੂੰ ਪ੍ਰਗਟਾਉਣਾ ਅਤੇ ਗੂੜ੍ਹ ਵਿਚਾਰਾਂ ਨੂੰ ਗ੍ਰਹਿਣਯੋਗ ਬਣਾਉਣਾ ਹੁੰਦਾ ਹੈ।

ਉਪਰੋਕਤ ਦੇ ਆਧਾਰ ਤੇ ਇਹ ਸਪਸ਼ਟ ਹੋ ਜਾਂਦਾ ਹੈ ਕਿ ਵਾਰਤਕ ਗੋਸ਼ਟਾਂ ਅਤੇ ਕਾਵਿ ਗੋਸ਼ਟਾਂ ਵਿਚ ਗੁਣਾਤਮਕ ਅੰਤਰ ਹੈ। ਇਹ ਅੰਤਰ ਕੇਵਲ ਅਭਿਵਿਅਕਤੀ ਦੇ ਪ੍ਰਭਾਵ ਤੋਂ ਦੇਖਿਆ ਜਾ ਸਕਦਾ ਹੈ। ਇਨ੍ਹਾਂ ਪ੍ਰਭਾਵਾਂ ਨੂੰ ਤੋਲਿਆ ਜਾਂ ਮਾਪਿਆ ਨਹੀਂ ਜਾ ਸਕਦਾ, ਕੇਵਲ ਮਹਿਸੂਸ ਕੀਤਾ ਜਾ ਸਕਦਾ ਹੈ।

**ਗੋਸ਼ਟਿ ਦਾ ਭਾਸ਼ਾਗਤ ਅਤੇ ਵਿਆਕਰਣਕ ਸਰੂਪ:** ਪੁਰਾਤਨ ਪੰਜਾਬੀ ਸਾਹਿਤ ਦੀਆਂ ਗੋਸ਼ਟਾਂ ਦਾ ਅਧਿਐਨ ਕਰਦਿਆਂ ਅਸੀਂ ਇਸ ਦੇ ਭਾਸ਼ਿਕ ਸਰੂਪ ਨੂੰ ਵੀ ਉਲੀਕਣ ਦੀ ਕੋਸ਼ਿਸ਼ ਕਰਾਂਗੇ। ਕਿਸੇ ਵੀ ਸਾਹਿਤਕ ਰਚਨਾ ਦੇ ਭਾਸ਼ਾਗਤ ਅਤੇ ਵਿਆਕਰਣਕ ਅਧਿਐਨ ਨੂੰ ਵੀ ਮਹੱਤਵ ਦੇਣਾ ਬਣਦਾ ਹੈ ਕਿਉਂਕਿ ਕ੍ਰਿਤ ਦੇ ਵਿਆਕਰਣਕ ਅਧਿਐਨ ਦੇ ਨਾਲ ਹੀ ਭਾਸ਼ਾ ਦਾ ਅਧਿਐਨ ਵੀ ਹੋ ਜਾਂਦਾ ਹੈ। ਅਸੀਂ ਜਾਣਦੇ ਹਾਂ ਕਿ ਭਾਸ਼ਾ ਦੀ ਛੋਟੀ ਤੋਂ ਛੋਟੀ ਤੇ ਸੁਤੰਤਰ ਵਿਆਕਰਣਕ ਇਕਾਈ 'ਸ਼ਬਦ' ਨੂੰ ਮੰਨਿਆਂ ਜਾਂਦਾ ਹੈ ਅਤੇ ਸ਼ਬਦ ਦੀ ਅੱਗੋਂ ਵੰਡ ਧਾਤੂਆਂ ਵਿਚ ਕੀਤੀ ਜਾਂਦੀ ਹੈ। ਧਾਤੂਆਂ ਦੀ ਅੱਗੋਂ ਵੰਡ ਭਾਵਾਂਸ਼ਾਂ ਵਿਚ ਕੀਤੀ ਜਾਂਦੀ ਹੈ ਜੋ ਸੁਤੰਤਰ ਅਤੇ ਬੰਧੇਜੀ ਦੋ ਕਿਸਮ ਦੇ ਹੁੰਦੇ ਹਨ, ਇਸ ਤਰ੍ਹਾਂ

ਭਾਸ਼ਾ ਦਾ ਵਿਆਕਰਣਕ ਅਧਿਐਨ ਕਰਦਿਆਂ ਵਾਕ ਭਾਵੰਸ਼ ਤੋਂ ਲੈ ਕੇ, ਧਾਤੂ ਸ਼ਬਦ ਵਾਕੰਸ਼ ਉਪਵਾਕ ਅਤੇ ਵਿਆਕਰਣ ਦੀ ਵੱਡੀ ਤੋਂ ਵੱਡੀ ਸੁਤੰਤਰ ਇਕਾਈ ਵਾਕ ਤੁਕ ਦੀਆਂ ਇਕਾਈਆਂ ਦੀ ਬਣਤਰ ਦਾ ਅਧਿਐਨ ਕਰਨਾ ਹੁੰਦਾ ਹੈ। ਜਨਮਸਾਖੀਆਂ ਅਤੇ ਗੋਸ਼ਟਾਂ ਦਾ ਭਾਸ਼ਾਗਤ ਚੌਖਟਾ ਅਤੇ ਵਿਆਕਰਣਕ ਪ੍ਰਬੰਧ ਵਿਲੱਖਣ ਕਿਸਮ ਦਾ ਹੈ। ਇਹ ਉਸ ਸਮੇਂ ਦੀਆਂ ਰਚਨਾਵਾਂ ਹਨ ਜਿਸ ਸਮੇਂ ਪੰਜਾਬੀ ਪਾਠਕਾਂ ਨੂੰ ਭਾਸ਼ਾ ਦੀ ਵਰਤੋਂ ਅਤੇ ਵਿਆਕਰਣਕ ਪ੍ਰਤੀ ਬਹੁਤੀ ਚੇਤਨਾ ਪ੍ਰਾਪਤ ਨਹੀਂ ਸੀ। ਇਸ ਲਈ ਇਨ੍ਹਾਂ ਦੀ ਭਾਸ਼ਾ ਅਤੇ ਵਿਆਕਰਣ ਦਾ ਅਧਿਐਨ ਲੇਖਕਾਂ ਦੇ ਤੱਤਕਾਲੀ ਗਿਆਨ ਨੂੰ ਮੁੱਖ ਰੱਖ ਕੇ ਹੀ ਕਰਨਾ ਠੀਕ ਰਹੇਗਾ। ਇਹ ਉਹ ਸਮਾਂ ਹੈ ਜਦੋਂ ਪੰਜਾਬੀ ਭਾਸ਼ਾ ਆਪਣਾ ਸਰੂਪ ਪੂਰੀ ਤਰ੍ਹਾਂ ਨਿਖਾਰ ਨਹੀਂ ਸੀ ਸਕੀ। ਇਸ ਲਈ ਭਾਵੰਸ਼ ਤੋਂ ਲੈ ਕੇ ਵਾਕ ਤਕ, ਇਸ ਉਪਰ ਦੂਜੀਆਂ ਭਸ਼ਾਵਾਂ ਦਾ ਪ੍ਰਭਾਵ ਸਪਸ਼ਟ ਨਜ਼ਰ ਆਉਂਦਾ ਹੈ। ਅਸਲ ਵਿਚ ਇਹੋ ਸਥਿਤੀ ਦੂਸਰੀਆਂ ਭਾਰਤੀ ਭਸ਼ਾਵਾਂ ਦੀ ਵੀ ਬਣੀ ਹੋਈ ਸੀ, ਕਿਹਾ ਜਾ ਸਕਦਾ ਹੈ ਕਿ ਜਨਮਸਾਖੀਆਂ ਅਤੇ ਗੋਸ਼ਟਾਂ ਦੀ ਭਾਸ਼ਾ ਮਿਸ਼ਰਿਤ ਸਰੂਪ ਵਾਲੀ ਹੈ।

ਪੁਰਾਤਨ ਪੰਜਾਬੀ ਸਾਹਿਤ ਦੀਆਂ ਗੋਸ਼ਟਾਂ ਸਾਨੂੰ ਕਾਵਿਕ ਅਤੇ ਵਾਰਤਕ ਰੂਪ, ਦੋਹਾਂ ਵਿਚ ਹੀ ਪ੍ਰਾਪਤ ਹੁੰਦੀਆਂ ਹਨ ਅਤੇ ਇਹ ਦੋਹਾਂ ਵਿਚ ਹੀ ਭਾਸ਼ਾ ਦਾ ਮਿਸ਼ਰਿਤ ਸਰੂਪ ਕਾਇਮ ਰਹਿੰਦਾ ਹੈ। ਵਾਰਤਕ ਗੋਸ਼ਟਾਂ ਨੂੰ ਵਿਆਖਿਆ ਅਤੇ ਕਾਵਿ ਗੋਸ਼ਟਾਂ ਨੂੰ ਸਿਰਜਨਾਤਮਕ ਅਭਿਵਿਅਕਤੀ ਦਾ ਦਰਜ਼ਾ ਦਿੱਤਾ ਜਾ ਸਕਦਾ ਹੈ। ਦੋਵਾਂ ਦੀ ਭਾਸ਼ਾ, ਸੰਚਾਲਨ ਦੇ ਪੱਖ ਤੋਂ ਵੀ ਭਿੰਨਤਾ ਰੱਖਦੀ ਹੈ ਜਿਵੇਂ ਅਸੀਂ ਵਾਰਤਕ ਗੋਸ਼ਟਾਂ ਵਿਚ ਦੇਖਦੇ ਹਾਂ ਕਿ ਇਨ੍ਹਾਂ ਵਿਚ ਭਾਵਾਂ, ਘਟਨਾਵਾਂ ਅਤੇ ਦ੍ਰਿਸ਼ਾਂ ਦਾ ਪ੍ਰਭਾਵ-ਖੇਤਰ, ਭਾਸ਼ਾ ਤੋਂ ਬਾਹਰ ਵੀ ਵਿਚਰਦਾ ਹੁੰਦਾ ਹੈ। ਕਈ ਵਾਰ ਸਾਖੀਆਂ ਦੇ ਲੇਖਕ ਨੇ ਵਾਰਤਕ ਗੋਸ਼ਟਾਂ ਵਿਚ ਭਾਸ਼ਾ ਦੇ ਸੁਖੈਨ ਲਈ ਕੋਈ (ਅਰਥਕ ਸ਼ਬਦ) ਲਗਾ ਕੇ ਭਾਸ਼ਾ ਦੇ ਸਮਝਣ ਲਈ ਉਸ ਨੂੰ ਸੁਖਾਲੀ ਬਣਾ ਦਿੱਤਾ ਹੈ, ਪਰ ਕਾਵਿ ਗੋਸ਼ਟਾਂ ਵਿਚ ਸ਼ਬਦ ਵਸਤੂ ਮੂਲਕ ਹੋਂਦ ਧਾਰਨ ਕਰ ਜਾਂਦੇ ਹਨ ਅਤੇ ਜੋ ਸ਼ਬਦ 'ਕਾਵਿ ਗੋਸ਼ਟਾਂ' ਵਿਚ ਵਰਤੇ ਗਏ ਹਨ ਉਨ੍ਹਾਂ ਦੀ ਥਾਂ ਕੋਈ ਹੋਰ ਸ਼ਬਦ ਨਹੀਂ ਲੈ ਸਕਦਾ। ਇਸੇ ਲਈ ਪੰਜਾਬੀ ਸਾਹਿਤ ਵਿਚ ਪਹਿਲੀ 'ਸਿਧ ਗੋਸ਼ਟਿ' ਨੂੰ ਉਸਦੀ ਪ੍ਰਮਾਣਿਕਤਾ ਕਰਕੇ ਹੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਕੀਤਾ ਗਿਆ।

ਕਾਵਿ ਸਾਹਿਤ ਦੇ ਪਰਪੱਕ ਹੋ ਜਾਣ ਤੋਂ ਬਾਅਦ ਹੀ ਵਾਰਤਕ ਸਾਹਿਤ ਦਾ ਆਰੰਭ ਹੋਇਆ। ਜਿਥੇ ਕਾਵਿ ਭਾਸ਼ਾ ਪਰਪੱਕ ਹੁੰਦੀ ਹੈ ਅਤੇ ਉਥੇ ਵਾਰਤਕ ਭਾਸ਼ਾ ਆਮ ਬੋਲ ਚਾਲ ਦੀ ਬੋਲੀ ਹੋਣ ਕਾਰਨ ਲੋਕ ਸ਼ਬਦਾਵਲੀ ਦੇ ਨੇੜੇ ਹੁੰਦੀ ਹੈ। ਇਸੇ ਕਰਕੇ ਵਾਰਤਕ ਸਾਹਿਤ ਵਿਚ ਜੇਕਰ ਵਿਆਕਰਨਿਕ ਸੰਰਚਨਾ ਦੀ ਗੱਲ ਕਰੀਏ ਤਾਂ, ਉਸ ਵੇਲੇ ਆਪਣੇ ਵਿਚਾਰਾਂ ਅਤੇ ਭਾਵਾਂ ਨੂੰ ਦਰਸਾਉਣ ਲਈ ਜਿਵੇਂ ਵਿਚਾਰ ਆਏ ਉਨ੍ਹਾਂ ਨੂੰ ਉਸੇ ਤਰ੍ਹਾਂ ਹੀ ਆਪਣੀ ਲਿਖਤ ਵਿਚ ਪਰੋ ਦਿੱਤਾ। ਪਰ ਅਸੀਂ ਇਹ ਵੀ ਨਹੀਂ ਕਹਿ ਸਕਦੇ ਕਿ ਕਾਵਿ ਵਿਚ ਵਿਆਕਰਣਕ ਨਿਯਮਾਂ ਦੀ ਪਾਲਣਾ ਨਹੀਂ ਕੀਤੀ ਜਾਂਦੀ। ਕਵਿਤਾ ਦਾ ਆਪਣਾ ਵਿਆਕਰਣ ਹੁੰਦਾ ਹੈ ਅਤੇ ਉਹ ਆਪਣੇ ਵਿਆਕਰਣਕ ਨਿਯਮਾਂ ਦੀ ਪਾਲਣਾ ਕਰਦੀ ਹੈ, ਜੇਕਰ ਉਹ ਇਨ੍ਹਾਂ ਨਿਯਮਾਂ ਦੀ ਉਲੰਘਣਾ ਕਰੇ ਤਾਂ ਕਵਿਤਾ ਦੋਸ਼ ਪੂਰਣ ਪਾਈ ਜਾਂਦੀ ਹੈ।

ਭਾਸ਼ਾ ਵਿਗਿਆਨੀ ਅਨੁਸਾਰ ਹਰ ਭਾਸ਼ਾ ਦਾ ਆਪਣਾ ਕਾਲਿਕ- ਸਮਾਂ ਹੁੰਦਾ ਹੈ ਅਤੇ ਇਸ ਦਾ ਜੀਵਨ ਸਦੀਆਂ ਪੁਰਾਣਾ। ਭਾਸ਼ਾ ਨੂੰ ਰਾਤੋ ਰਾਤ ਨਹੀਂ ਬਦਲਿਆ ਜਾ ਸਕਦਾ, ਭਾਵ ਉਸ ਦੇ ਜੀਵਨ ਕਾਲ ਦੀਆਂ ਕਈ ਅਵਸਥਾਵਾਂ ਹੁੰਦੀਆਂ ਹਨ। ਗੋਸ਼ਟਿਕਾਰ ਨੇ ਵੀ ਗੋਸ਼ਟਿ ਲਿਖਣ ਲਈ ਅਜਿਹੀ ਹੀ ਭਾਸ਼ਾ ਦੀ ਵਰਤੋਂ ਕੀਤੀ ਜੋ ਉਸ ਸਮੇਂ ਦੀ ਮੁਢਲੀ ਭਾਸ਼ਾ ਸੀ ਅਤੇ ਉਸ ਦੇ ਸ਼ਬਦ-ਭੰਡਾਰ ਵਿਚ ਜਿਹੜੇ ਸ਼ਬਦ ਸਨ, ਗੋਸ਼ਟਿਕਾਰ ਨੇ ਉਨ੍ਹਾਂ ਸ਼ਬਦਾਂ ਨੂੰ ਹੀ ਆਪਣੇ ਵਿਚਾਰਾਂ ਦੀ ਲੜੀ ਵਿਚ ਪਰੋਇਆ ਹੈ। ਉਸ ਦੇ ਵਾਕਾਂ ਦਾ 'ਆਰੰਭ' ਅਤੇ 'ਅੰਤ' ਉਸ ਦੇ ਆਪਣੇ ਢੰਗ ਅਨੁਸਾਰ ਹੀ ਸੀ।

ਡਾ. ਰਤਨ ਸਿੰਘ ਜੱਗੀ ਨੇ ਭਾਸ਼ਾ ਦੇ ਵਿਵਰਣ ਲਈ ਤਿੰਨ ਗੁਣ ਵਿਸ਼ੇਸ਼ ਤੌਰ ਤੇ ਮੰਨੇ ਹਨ '1 ਸਮ੍ਰਿੱਧੀ (ਅਮੀਰੀ) 2 ਸ਼ੁੱਧੀ ਅਤੇ ਸ਼ਕਤੀ। ਭਾਸ਼ਾ ਦੀ ਸਮ੍ਰਿੱਧੀ ਸ਼ਬਦ-ਕੋਸ਼ ਉਤੇ ਨਿਰਭਰ ਕਰਦੀ ਹੈ। ਜਿਤਨਾ ਕਿਸੇ ਭਾਸ਼ਾ ਦਾ ਸ਼ਬਦ ਕੋਸ਼ ਵਿਸ਼ਾਲ ਹੋਵੇਗਾ ਉਤਨੀ ਹੀ ਉਹ ਭਾਸ਼ਾ ਅਧਿਕ ਸਮ੍ਰਿੱਧ ਹੋਵੇਗੀ। ਸ਼ੁੱਧੀ ਦਾ ਆਧਾਰ ਵਿਆਕਰਣ ਹੈ ਅਤੇ ਸ਼ਕਤੀ ਦਾ ਸੰਬੰਧ ਉਸ ਦੇ ਅਭਿਵਿਅੰਜਨਾ ਕੋਸ਼ਲ ਅਤੇ ਕਰਤੱਵ ਦੇ ਪਾਲਣ ਨਾਲ ਹੈ। ਇਨ੍ਹਾਂ ਗੁਣਾਂ ਦੇ ਆਧਾਰ ਤੇ ਇਸ ਰਚਨਾ ਦੀ ਭਾਸ਼ਾ ਦਾ ਵਿਸ਼ਲੇਸ਼ਣ ਕਰਨਾ ਜ਼ਰੂਰੀ ਹੈ'।[39]

ਮੁਢਲੀ ਪੰਜਾਬੀ ਵਾਰਤਕ ਦੀ ਜੇਕਰ ਗੱਲ ਕਰੀਏ ਤਾਂ ਇਨ੍ਹਾਂ ਦਾ ਰਚਨਾ ਕਾਲ 17 ਵੀਂ ਸਦੀ ਹੀ ਮੰਨਿਆਂ ਗਿਆ ਹੈ ਅਤੇ ਗੋਸ਼ਟਾਂ ਦਾ ਸਰੂਪ ਵੀ ਇਨ੍ਹਾਂ ਵਿਚੋਂ ਹੀ ਦੇਖਿਆ ਜਾ ਸਕਦਾ ਹੈ। ਇਨ੍ਹਾਂ ਵਿਚ ਮਹਾਂਪੁਰਖਾਂ ਦੀਆਂ ਜੀਵਨ ਘਟਨਾਵਾਂ ਤੇ ਉਨ੍ਹਾਂ ਦੇ ਅਧਿਆਤਮਕ ਜੀਵਨ ਤੇ ਝਾਤ ਪਵਾਈ ਗਈ ਹੈ। ਮਹਾਂਪੁਰਖਾਂ ਦੀਆਂ ਜੀਵਨ ਘਟਨਾਵਾਂ ਮੌਖਿਕ ਰੂਪ ਤੋਂ ਜਦੋਂ ਲਿਖਤੀ ਰੂਪ ਧਾਰਨ ਕਰ ਲੈਂਦੀਆਂ ਹਨ ਤਾਂ ਉਨ੍ਹਾਂ ਦੀ ਬੋਲ-ਚਾਲ ਸਹਿਜ ਹੁੰਦੀ ਹੈ। ਉਹ ਭਾਵ ਜਗਤ ਦੇ ਵਸਨੀਕ ਹੁੰਦੇ ਹਨ ਅਤੇ ਉਨ੍ਹਾਂ ਵਿਚ ਆਪਣੇ ਨਾਇਕ ਪ੍ਰਤੀ ਸ਼ਰਧਾ ਹੋਣ ਕਰਕੇ ਸ਼ਬਦ-ਚੋਣ ਪ੍ਰਤੀ ਉਹ ਵਧੇਰੇ ਚਿੰਤਤ ਨਹੀਂ ਹੁੰਦੇ। ਇਸੇ ਕਰਕੇ ਉਨ੍ਹਾਂ ਦੀ ਕਥਨ-ਸ਼ੈਲੀ ਸਰਲ ਅਤੇ ਸਿਧੀ-ਸਾਦੀ ਹੁੰਦੀ ਹੈ। ਜਿਵੇਂ 'ਗੁਰੂ ਸਾਹਿਬ ਦੀ ਪਾਂਧੇ ਨਾਲ ਗੋਸ਼ਟਿ' ਵਿਚ ਹਰ ਥਾਂ 'ਬਾਬਾ' ਸ਼ਬਦ ਵਰਤਿਆ ਹੈ ਜਦਕਿ ਗੁਰੂ ਨਾਨਕ ਦੇਵ ਜੀ ਦੀ ਉਸ ਵੇਲੇ ਉਮਰ ਕੇਵਲ ਸੱਤ ਸਾਲ ਦੀ ਹੀ ਸੀ ਅਤੇ ਬਿਰਧ ਅਵਸਥਾ ਵਿਚ ਜਦੋਂ ਉਨ੍ਹਾਂ ਦੀ ਵਿਚਾਰ-ਚਰਚਾ ਸਿਧਾਂ ਨਾਥਾਂ ਨਾਲ ਸੁਮੇਰ ਪਰਬਤ 'ਤੇ ਹੋਈ ਹੈ ਤਾਂ ਉਦੋਂ ਵੀ 'ਬਾਬਾ' ਸ਼ਬਦ ਦੀ ਹੀ ਵਰਤੋਂ ਕੀਤੀ ਗਈ ਹੈ। ਇਸ ਦਾ ਕਾਰਣ ਗੋਸ਼ਟਿਕਾਰ ਦੀ ਨਾਇਕ ਪ੍ਰਤੀ ਅਥਾਹ ਪ੍ਰੇਮ ਅਤੇ ਸ਼ਰਧਾ ਹੈ। ਇਨ੍ਹਾਂ ਗੋਸ਼ਟਾਂ ਵਿਚ ਸ਼ਰਧਾ ਭਾਵ ਹੋਣ ਕਰਕੇ ਇਨ੍ਹਾਂ ਦੇ ਰਚਨਹਾਰ ਸੰਤ-ਸੁਭਾਵ ਵਾਲੇ ਹੀ ਹੁੰਦੇ ਸਨ। ਅਜਿਹੇ ਵਿਅਕਤੀਆਂ ਦੇ ਸੰਪਰਕ ਵਿਚ ਤੱਤਕਾਲੀ ਵਿਭਿੰਨ ਪ੍ਰਾਂਤਾਂ ਦੇ ਸਾਧੂ/ਸੰਤ ਹੀ ਆਉਂਦੇ ਹੋਣਗੇ ਜਿਹਨਾਂ ਕਰਕੇ ਗੋਸ਼ਟਿਕਾਰਾਂ ਦੀ ਵਰਤੀ ਭਾਸ਼ਾ ਵੀ ਮਿਸ਼ਰਤ ਰੂਪ ਵਾਲੀ ਹੋ ਗਈ। ਇਸ ਤਰ੍ਹਾਂ ਉਨ੍ਹਾਂ ਨੇ ਆਪਣੇ ਧਰਮ ਸੰਪ੍ਰਦਾਵਾਂ ਦੇ ਪ੍ਰਚਾਰ ਲਈ ਉਹਨਾਂ ਨੇ ਸਾਰੇ ਪ੍ਰਾਂਤਾਂ ਦੀਆਂ ਬੋਲੀਆਂ ਤੋਂ ਸ਼ਬਦ ਲੈ ਕੇ ਇਨ੍ਹਾਂ ਸਾਖੀਆਂ ਦੀ ਰਚਨਾ ਕੀਤੀ। ਇਨ੍ਹਾਂ ਸਾਖੀਆਂ ਵਿਚ ਭਿੰਨ-ਭਿੰਨ ਪ੍ਰਾਂਤਾਂ ਦੇ ਸ਼ਬਦ ਆਉਣ ਕਰਕੇ ਵਿਦਵਾਨਾਂ ਨੇ ਇਸ ਦੀ ਭਾਸ਼ਾ ਨੂੰ 'ਸੰਧੂਕੜੀ' ਭਾਸ਼ਾ ਦਾ ਨਾਮ ਦਿੱਤਾ ਹੈ।

ਗੋਸ਼ਟਾਂ ਵਿਚਲੀ ਭਾਸ਼ਾ ਦੇ ਵਰਤਮਾਨ ਕਾਲਿਕ ਰੂਪਾਂ, ਜਿਵੇਂ ਸੇਵਤੇ ਹੈਂ, ਰਹਤੇ ਹੈਂ ਅਤੇ ਸੰਬੰਧਕਾਂ, ਜਿਵੇਂ ਇਸ ਕਉ, ਉਸ ਕਉ, ਇਨ ਕਉ, ਉਨ ਕਉ ਆਦਿ ਸ਼ਬਦਾਂ ਤੋਂ ਕੁਝ ਵਿਦਵਾਨਾਂ ਨੇ ਇਸ ਨੂੰ 'ਹਿੰਦਵੀ' ਦਾ ਨਾਮ ਦਿੱਤਾ ਹੈ। ਅਸਲ ਵਿਚ ਇਨ੍ਹਾਂ ਗੋਸ਼ਟਾਂ ਦੀ ਭਾਸ਼ਾ ਨੂੰ ਵਾਚਿਆਂ ਪਤਾ ਲੱਗਦਾ ਹੈ ਕਿ ਇਨ੍ਹਾਂ ਦੀ ਭਾਸ਼ਾ ਉਤੇ ਅੱਧੀ ਪੰਜਾਬੀ ਅਤੇ ਅੱਧੀ ਲਹਿੰਦੀ ਦਾ ਪ੍ਰਭਾਵ ਹੈ। ਅਮਰ

ਸਿੰਘ ਸੈਣੀ, ਸ਼ਬਦ ਪੱਧਰ ਤੇ ਇਸ ਵਿਚ ਸੰਜੋਗਾਤਮਕਤਾ ਦੀ ਰੁਚੀ ਨੂੰ ਵਧੇਰੇ ਮੰਨਦੇ ਹਨ। ਇਸ ਤੋਂ ਇਲਾਵਾਂ ਲਹਿੰਦੀ ਉਪਭਾਸ਼ਾ, ਸੰਸਕ੍ਰਿਤੀ ਅਤੇ ਹਿੰਦਵੀ ਸ਼ਬਦਾਂ ਦੀ ਪਛਾਣ ਵੀ ਕਰਦੇ ਹਨ। ਉਨ੍ਹਾਂ ਅਨੁਸਾਰ 'ਗੁਰੂ ਗ੍ਰੰਥ ਸਾਹਿਬ ਜੀ ਦੀ ਭਾਸ਼ਾ ਵਾਂਗ ਜਨਮਸਾਖੀ ਵਿਚ ਵਰਤੇ ਗਏ ਸ਼ਬਦਾਂ ਵਿਚ ਵੀ ਸੰਜੋਗਾਤਮਕਤਾ ਦੀ ਰੁਚੀ ਵਧੇਰੇ ਹੈ ਜਿਵੇਂ ਆਖਿਉਸ, ਦਿਤੋਸ, ਕੀਤੋਸ। ਇਸ ਨਾਲ ਸਾਡੀ ਇਹ ਰਚਨਾ ਸੰਜਮ ਜਿਹੇ ਗੁਣਾਂ ਦੀ ਧਾਰਨੀ ਹੋ ਗਈ। ਕਿਰਿਆ ਰੂਪਾਂ ਵਿਚ ਲਹਿੰਦੀ ਦਾ ਪ੍ਰਭਾਵ ਆਮ ਦੇਖਿਆ ਜਾ ਸਕਦਾ ਹੈ ਜਿਵੇਂ- ਬਣਸੀ, ਖਾਸੀ, ਜਾਣਸੀ ਆਦਿ। ਅੱਖਰਾਂ ਦੇ ਸ਼ੁਰੂ ਹੋਣ ਵਿਚ 'ਹ' ਜੋੜਨ ਦੀ ਰੁਚੀ ਵੀ ਲਹਿੰਦੀ ਦੇ ਪ੍ਰਭਾਵ ਥੱਲੇ ਹੀ ਆਈ ਜਾਪਦੀ ਹੈ ਜਿਵੇਂ 'ਇਕ' ਦੀ ਥਾਂ 'ਹਿਕ'। ਹੋਰ ਲਹਿੰਦੀ ਦੇ ਅਨੇਕਾਂ ਸ਼ਬਦ ਮਿਲ ਜਾਂਦੇ ਹਨ ਜਿਵੇਂ- ਵਤ, ਘਤਸੀ, ਥੀਆ'।[40]

'ਸ਼ੇਖ ਬ੍ਰਹਮ ਵਾਲੀ ਗੋਸ਼ਟਿ' ਵਿਚ ਲਹਿੰਦੀ ਦਾ ਪ੍ਰਭਾਵ ਕਾਫੀ ਮਾਤਰਾ ਵਿਚ ਵੇਖਿਆ ਜਾ ਸਕਦਾ ਹੈ। ਇਸ ਗੋਸ਼ਟਿ ਵਿਚ ਪਾਤਰਾਂ ਦੇ ਮੂਹੋਂ ਉਚਾਰੀ ਵਾਰਤਾਲਾਪ ਯਥਾਰਥਕ ਰੰਗ ਭਰਦੀ ਹੈ। ਇਹ ਗੋਸ਼ਟਿ ਸ਼ੇਖ ਫਰੀਦ, ਉਨ੍ਹਾਂ ਦੇ ਮੁਰਸ਼ਦ ਕਾਮਲ ਅਤੇ ਗੁਰੂ ਨਾਨਕ ਦੇਵ ਜੀ ਵਿਚਕਾਰ ਹੈ। ਸ਼ੇਖ ਫਰੀਦ ਜੀ ਦਾ ਗੜ੍ਹ ਮੁਲਤਾਨ ਹੈ ਅਤੇ ਉਨ੍ਹਾਂ ਦਾ ਨਿਵਾਸ ਅਸਥਾਨ ਵੀ ਪਾਕਪਟਨ ਹੈ ਇਹ ਦੋਨੋਂ ਖੇਤਰ ਹੀ ਲਹਿੰਦੀ ਭਾਸ਼ਾ ਨਾਲ ਸੰਬੰਧਿਤ ਖੇਤਰ ਹਨ। ਇਹ ਸੁਭਾਵਕ ਹੈ ਕਿ ਉਨ੍ਹਾਂ ਦੀ ਭਾਸ਼ਾ ਉਤੇ ਵੀ ਲਹਿੰਦੀ ਦਾ ਪ੍ਰਭਾਵ ਵੇਖਿਆ ਜਾ ਸਕਦਾ ਹੈ ਜਿਵੇਂ ਪਟਣਿ ਆਇਆ; ਲਕੜੀਆਂ ਸੁਟਿ ਕਰਿ ਜਾਇ ਆਪਣੇ ਪੀਰ ਕਉ ਸਲਾਮੁ ਕੀਤੀਅਸੁ ਤਾ ਆਖਿਓਸੁ: 'ਪੀਰ ਸਲਾਮਤਿ! ਮੈਨੂੰ ਏਕੁ ਖੁਦਾਇ ਦਾ ਪਿਆਰਾ ਮਿਲਿਆ ਹੈ'। ਤਾਂ ਪੀਰ ਕਹਿਆ : 'ਕਮਾਲਿ! ਕਿਥਹੁੰ ਮਿਲਿਓ ?' ਤਾਂ ਕਮਾਲਿ ਕਹਿਆ: 'ਪੀਰ ਸਲਾਮਿਤ! ਮੈਂ ਲਕੜੀਆਂ ਚੁਣਨਿ ਗਇਆ ਥਾ, ਉਸਕੈ ਨਾਲਿ ਇਕੁ ਰਬਾਬੀ ਹੈ, ਅਤੇ ਨਾਉ ਨਾਨਕੁ ਹੈਸ, ਆਪਣੇ ਸਲੋਕ ਆਖਦਾ ਹੈ'। ਤਬ ਪੀਰ ਆਖਿਆ : 'ਬੱਚਾ! ਕੋਈ ਤੈਂ ਬੀ ਬੈਂਤ ਸਿਖਿਆ?' ਤਬ ਕਮਾਲ ਆਖਿਆ : 'ਜੀਵੈ ਪੀਰ ਸਲਾਮਤਿ! ਹਿਕ ਬੈਤੁ ਮੈਨੋ ਭੀ ਹਾਸਲੁ ਥੀਆ ਹੈ'। ਪੀਰ ਆਖਿਆ : 'ਅਲਾਇ ਡੇਖਾਂ ਕੇਹਾ ਹੈ ?[41] ਇਸ ਗੋਸ਼ਟਿ ਵਿਚ ਆਏ ਸ਼ਬਦ, 'ਆਖਿਉਸ', 'ਕੀਤੀਅਸੁ', 'ਹਿਕ', 'ਡੇਖਾਂ' ਆਦਿ ਸ਼ਬਦ ਲਹਿੰਦੀ ਭਾਸ਼ਾ ਦੇ ਹੀ ਹਨ।

ਭਾਸ਼ਾ ਵਿਭਾਗ ਪੰਜਾਬ ਦੁਆਰਾ ਸੰਪਾਦਿਤ ਪੁਸਤਕ 'ਪੰਜਾਬੀ ਸਾਹਿਤ ਦੀ ਭਾਸ਼ਾ ਦੇ ਇਤਿਹਾਸ' ਵਿਚ ਪੁਰਾਤਨ ਪੰਜਾਬੀ ਵਾਰਤਕ ਦੀ ਭਾਸ਼ਾ ਬਾਰੇ ਵਿਸਥਾਰ ਸਹਿਤ ਟਿੱਪਣੀਆਂ ਕੀਤੀਆਂ ਗਈਆਂ ਹਨ ਕਿ: 'ਜਨਮਸਾਖੀ ਦੀ ਬੋਲੀ ਬੜੀ ਮਿਲ ਗੋਭਾ ਹੈ। ਇਸ ਦੇ ਮੂਲ ਵਿਚ ਪੱਛਮੀ ਪੰਜਾਬ ਦੀ ਭਾਸ਼ਾ ਅਰਥਾਤ ਲਹਿੰਦੀ ਹੈ ਤੇ ਉਸ ਉਤੇ ਉਸਾਰੀ ਹਿੰਦਵੀ ਦੀ ਹੋਈ ਹੈ। ਪਿੰਡਾ ਇਸ ਦਾ ਲਹਿੰਦੀ ਦਾ ਹੈ, ਪੋਠੋਹਾਰੀ ਨਹੀਂ'।[42]

ਫਾਰਸੀ ਅਤੇ ਬ੍ਰਜ ਭਾਸ਼ਾ ਦਾ ਪ੍ਰਭਾਵ ਵੀ ਪੁਰਾਤਨ ਪੰਜਾਬੀ ਵਾਰਤਕ ਤੇ ਵੇਖਿਆ ਜਾ ਸਕਦਾ ਹੈ। ਇਹ ਪ੍ਰਭਾਵ ਖਾਸ ਕਰਕੇ ਸਾਹਿਤਕਾਰਾਂ 'ਤੇ ਵਧੇਰੇ ਦਿਖਾਈ ਦਿੰਦਾ ਹੈ। ਪੁਰਾਤਨ ਪੰਜਾਬੀ ਵਾਰਤਕ ਤੇ ਫਾਰਸੀ ਭਾਸ਼ਾ ਦੇ ਪ੍ਰਭਾਵ ਬਾਰੇ ਡਾ. ਦਰਸ਼ਨ ਸਿੰਘ ਨਿਰਵੈਰ ਨੇ ਆਪਣਾ ਮਤ ਦਿੱਤਾ ਹੈ ਕਿ : 'ਮੁਸਲਮਾਨ ਲੇਖਕਾਂ ਦੁਆਰਾ ਕਿੱਸੇ-ਕਹਾਣੀਆਂ ਲਿਖੇ ਜਾਣ ਕਰਕੇ, ਅਣਚਾਹੇ ਹੀ-ਸਹਿਜ ਰੂਪ ਵਿਚ ਫਾਰਸੀ ਰੂਪਾਂ ਦਾ ਪੰਜਾਬੀਕਰਣ ਹੋ ਗਿਆ ਹੋਵੇ। ਮੁਸਲਮਾਨ ਲੇਖਕਾਂ ਦੁਆਰਾ ਪੰਜਾਬੀ-ਲੇਖਕ ਗੁਣ-ਮਾਤ੍ਰਾ ਦੀ ਦ੍ਰਿਸ਼ਟੀ ਤੋਂ ਕਾਫੀ ਉਚ ਪੱਧਰ ਦਾ ਸੀ ਅਤੇ ਉਨ੍ਹਾਂ ਦੁਆਰਾ ਸਿਰਜੀ ਭਾਸ਼ਾ-ਸ਼ੈਲੀ ਅੱਗੇ ਆਉਣ ਵਾਲੇ ਪੰਜਾਬੀ ਲੇਖਕਾਂ ਲਈ ਆਦਰਸ਼ ਵੀ ਬਣੀ ਅਤੇ ਪ੍ਰੇਰਣਾ ਦਾ ਕਾਰਣ ਵੀ'।[43]

ਗੁਰੂ ਨਾਨਕ ਦੇਵ ਜੀ ਦੀ ਭਾਸ਼ਾ ਸ਼ੈਲੀ ਵਿਚ ਉਹ ਸਾਰੇ ਗੁਣ ਮੌਜੂਦ ਹਨ ਜੋ ਇਕ ਨਿਪੁੰਨ ਕਲਾਕਾਰ ਵਿਚ ਹੋਣੇ ਚਾਹੀਦੇ ਹਨ। ਗੁਰੂ ਸਾਹਿਬ ਨਾਲ ਸੰਬੰਧਿਤ ਗੋਸ਼ਟਾਂ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਗੁਰੂ ਸਾਹਿਬ ਇਸ ਗੱਲ ਤੋਂ ਭਲੀਭਾਂਤ ਜਾਣੂ ਹਨ ਕਿ ਕਿਥੇ, ਕਿਸ ਸਮੇਂ, ਅਤੇ ਕਿਸ ਵਰਗ ਜਾਂ ਵਿਅਕਤੀ ਨੂੰ ਕਿਹੜੇ ਵਿਚਾਰਾਂ ਨਾਲ ਸੰਤੁਸ਼ਟ ਕਰਨਾ ਹੈ। ਦੂਸਰੇ ਸ਼ਬਦਾਂ ਵਿਚ ਅਸੀਂ ਆਖ ਸਕਦੇ ਹਾਂ ਕਿ ਗੁਰੂ ਸਾਹਿਬ ਆਪਣੇ ਸੰਬੋਧਿਤ ਵਰਗ ਤੋਂ ਅਤੇ ਉਸ ਵਰਗ ਦੇ ਬੌਧਿਕ ਤੇ ਮਾਨਸਿਕ ਪੱਖ ਤੋਂ ਚੰਗੀ ਤਰ੍ਹਾਂ ਜਾਣੂ ਸਨ। ਇਸ ਲਈਂ ਪੜ੍ਹੇ ਲਿਖੇ ਗਿਆਨੀ ਵਰਗ, ਜੋਗੀਆਂ, ਪੰਡਿਤਾਂ ਅਤੇ ਵੈਸ਼ਨਵਾਂ ਆਦਿ ਨੂੰ ਗੱਲ ਸਮਝਾਉਣੀ ਹੁੰਦੀ ਤਾਂ ਗੁਰੂ ਜੀ ਭਾਰਤੀ ਸਾਹਿਤ ਪਰੰਪਰਾ ਦੇ ਅੰਤਰਗਤ ਆਪਣੇ ਭਾਵਾਂ ਤੇ ਵਿਚਾਰਾਂ ਨੂੰ ਉਸੇ ਤਰ੍ਹਾਂ ਸਪਸ਼ਟ ਕਰਦੇ ਹਨ ਜਿਸ ਤਰ੍ਹਾਂ ਦਾ ਉਹ ਵਰਗ ਹੁੰਦਾ ਹੈ।

ਇਸੇ ਤਰ੍ਹਾਂ ਜੇਕਰ ਗੁਰੂ ਸਾਹਿਬ ਨੇ ਆਪਣਾ ਸੰਦੇਸ਼ ਸਾਧਾਰਣ ਲੋਕਾਂ ਨੂੰ ਦੇਣਾ ਹੁੰਦਾ ਤਾਂ ਉਹ 'ਲੋਕ-ਪਰੰਪਰਾ' ਨੂੰ ਹੋਂਦ ਵਿਚ ਲੈ ਕੇ ਆਉਂਦੇ। ਜਿਥੇ ਉਨ੍ਹਾਂ ਨੇ ਵਿਚਾਰ ਵਟਾਂਦਰਾ ਵਿਦਵਾਨ ਵਰਗ ਨਾਲ ਕੀਤਾ ਤਾਂ ਉਥੇ ਸ਼ੈਲੀ ਦਾ ਪੱਧਰ ਬੌਧਿਕ ਕਿਸਮ ਦਾ ਹੁੰਦਾ ਹੈ ਅਤੇ ਕਾਵਿ ਕਲਪਨਾ ਵੀ ਬਹੁਤ ਉਚ ਪੱਧਰ ਦੀ ਹੁੰਦੀ ਹੈ। ਪਰ ਜਿਥੇ ਉਨ੍ਹਾਂ ਦਾ ਸੰਬੋਧਿਤ ਵਰਗ ਆਮ ਸਾਧਾਰਣ ਸੰਬੋਧਿਤ ਵਰਗ ਦਾ ਹੁੰਦਾ ਹੈ ਤਾਂ ਉਥੇ ਭਾਸ਼ਾ ਵੀ ਸਰਲ ਅਤੇ ਅਲੰਕਾਰ ਤੇ ਉਪਮਾਵਾਂ ਵੀ ਆਮ ਜੀਵਨ ਦੀ ਨਿੱਤ ਵਰਤੋਂ ਦੀਆਂ ਹੁੰਦੀਆਂ ਹਨ। ਗੁਰੂ ਸਾਹਿਬ ਦੀ ਕੁਲ ਦੇ ਪਰੋਹਤ ਨਾਲ ਗੋਸ਼ਟਿ ਵਿਚੋਂ ਉਦਾਹਰਣ ਦਿੱਤੀ ਜਾ ਸਕਦੀ ਹੈ। ਜਦੋਂ ਗੁਰੂ ਸਾਹਿਬ ਜੇਨਊ ਦੀ ਰੀਤ ਦਾ ਖੰਡਨ ਕਰਦੇ ਹਨ ਤਾਂ ਉਨ੍ਹਾਂ ਦੀ ਭਾਸ਼ਾ ਦਾ ਮੁਹਾਂਦਰਾ ਸਰਲ ਤੇ ਸਪਸ਼ਟ ਰੂਪ ਵਾਲਾ ਦਿਖਾਈ ਦਿੰਦਾ ਹੈ। ਗੁਰੂ ਸਾਹਿਬ ਪੰਡਤਾਂ ਦੇ ਬਾਹਰੀ ਪਹਿਰਾਵੇ ਨੂੰ ਵੀ ਨਿੰਦਦੇ ਹਨ, ਉਦਾਹਰਣ ਵਜੋਂ :-

ਗਲਿ ਮਾਲਾ ਤਿਲਕੁ ਲਿਲਾਟੰ।।।
ਦੁਇ ਧੋਤੀ ਬਸਤ੍ਰ ਕਪਾਟੰ।।
ਜੇ ਜਾਣਸਿ ਬ੍ਰਹਮੰ ਕਰਮੰ।।
ਸਭਿ ਫੋਕਟ ਨਿਸਚਉ ਕਰਮੰ।।[44]

ਉਪਰੋਕਤ ਬਾਣੀ-ਤੁਕਾਂ ਭਾਵੇਂ ਸੰਕੇਤਕ ਚਿੰਨ੍ਹਾਂ ਅਤੇ ਬਿੰਬਾਂ ਨਾਲ ਸਵੈ-ਸੰਬੋਧਿਤ ਲਗਦੀਆਂ ਹਨ ਪਰੰਤੂ ਇਹ ਤੁਕਾਂ ਜਿਥੇ ਅਰਥਾਂ ਨੂੰ ਡੀਕੋਡ ਕਰਨ ਵਲ ਰੁਚਿਤ ਹਨ ਉਥੇ ਇਹ ਅਰਥਾਂ ਨੂੰ ਟ੍ਰਾਂਮਕੋਡ ਵੀ ਕਰਦੀਆਂ ਹਨ। ਸਮਾਜਿਕ ਚੇਤਨਾ ਦੇ ਪੱਧਰ 'ਤੇ ਇਹ ਬੇ-ਤਰਤੀਬ ਬਹੁਲਤਾ ਦੇ ਪ੍ਰਦਰਸ਼ਨ ਦੇ ਨਾਲ-ਨਾਲ ਕਰਮ-ਕਾਂਡਾਂ ਦੇ ਹਾਂ-ਪੱਖੀ ਵਰਤਾਰੇ ਪ੍ਰਤਿ ਅਹਿਸਾਨ ਨੂੰ ਵੀ ਤਿੱਖਾ ਕਰਦੇ ਹਨ। ਸਪਸ਼ਟ ਹੈ ਕਿ ਭਾਵੇਂ ਪੁਰਾਤਨ ਪੰਜਾਬੀ ਵਾਰਤਕ ਦੀ ਵੰਨਗੀ (ਗੋਸ਼ਟਾਂ) ਦੀ ਭਾਸ਼ਾ ਮਿਸ਼ਰਿਤ ਕਿਸਮ ਦੀ ਹੈ ਪਰੰਤੂ ਇਸ ਰਚਨਾ ਦੀ ਭਾਸ਼ਾ ਦਾ ਮੂਲ ਰੂਪ ਪੰਜਾਬੀ ਹੈ ਭਾਵੇਂ ਇਸ 'ਤੇ ਹੋਰ ਭਾਸ਼ਾਵਾਂ ਜਿਵੇਂ ਸੰਸਕ੍ਰਿਤ, ਫਾਰਸੀ, ਲਹਿੰਦੀ, ਬ੍ਰਜ, ਆਦਿ ਦਾ ਵੀ ਪ੍ਰਭਾਵ ਹੈ। ਸੰਤ ਜਾਂ ਮਹਾਂਪੁਰਸ਼ ਦੀ ਪੰਡਿਤਾਂ ਨਾਲ ਦਾਰਸ਼ਨਿਕ ਚਰਚਾ ਕਰਾਉਣ ਸਮੇਂ 'ਸੰਸਕ੍ਰਿਤ', ਪੀਰਾਂ ਫਕੀਰਾਂ ਅਤੇ ਸੂਫੀ ਦਰਵੇਸ਼ਾਂ ਨਾਲ

ਵਿਚਾਰ-ਚਰਚਾ ਸਮੇਂ, 'ਫਾਰਸੀ' ਅਤੇ ਸਿਧਾਂ/ਨਾਥਾਂ/ਜੋਗੀਆਂ ਨਾਲ ਗੋਸ਼ਟੀਆਂ ਸਮੇਂ, 'ਹਿੰਦੀ' ਜਾਂ ਜੋਗ ਮਤ ਨਾਲ ਸੰਬੰਧਿਤ ਸ਼ਬਦਾਵਲੀ ਵਾਲੀ ਭਾਸ਼ਾ ਦਾ ਰੂਪ ਵੇਖਣ ਨੂੰ ਮਿਲਦਾ ਹੈ। ਗੋਸ਼ਟਾਂ ਦੀ ਭਾਸ਼ਾ ਤੋਂ ਇਹ ਤੱਤ ਸਾਹਮਣੇ ਆਉਂਦਾ ਹੈ ਕਿ ਉਸ ਸਮੇਂ ਭਾਸ਼ਾ ਨੂੰ ਇੰਨੀ ਗਹਿਰਾਈ ਨਾਲ ਨਹੀਂ ਸੀ ਵਾਚਿਆ ਜਾਂਦਾ ਜਿਸ ਕਾਰਨ ਦੇਸੀ ਵਿਦੇਸ਼ੀ ਸ਼ਬਦ, ਲੋਕ -ਭਾਸ਼ਾ ਦਾ ਰੂਪ ਧਾਰ ਕੇ ਇਸ ਵਿਚਲੀ ਸਾਹਿਤਕਤਾ ਨੂੰ ਵਿਵੇਕਸ਼ੀਲ ਅਤੇ ਚਿੰਤਨਮਈ ਬਣਾਉਂਦੀ ਹੈ।

**ਨਾਂਵ ਰੂਪ** : ਗੋਸ਼ਟਾਂ ਦਾ ਅਧਿਐਨ ਕਰਦਿਆਂ ਅਸੀਂ ਵੇਖ ਸਕਦੇ ਹਾਂ ਕਿ ਇਸ ਵਿਚ ਔਂਕੜ ਅਤੇ ਸਿਹਾਰੀ ਦੀ ਅਧਿਕ ਵਰਤੋਂ ਕੀਤੀ ਗਈ ਮਿਲਦੀ ਹੈ। ਗੁਰੂ ਨਾਨਕ ਦੇਵ ਜੀ ਦੀ 'ਸ਼ੇਖ ਸ਼ਰਫ ਨਾਲ ਗੋਸ਼ਟਿ' ਦੀ ਉਦਾਹਰਣ ਪ੍ਰਸਤੁਤ ਹੈ : 'ਤਬਿ ਓਥਹੁ ਰਵੈ, ਪੈਂਡੇ ਪੈਂਡੇ ਵਿਚ ਪਾਣੀਪਥਿ ਆਇ ਨਿਕਲੈ।। ਤਬਿ ਪਾਣੀਪਥਿ ਕਾ ਪੀਰੁ ਸੇਖ ਸਰਫੁ ਥਾ। ਤਿਸਕਾ ਮੁਰੀਦੁ ਸੇਖੁ ਟਟੀਹਰੁ ਥਾ। ਓਹੁ ਪੀਰੁ ਕੈ ਤਾਈ ਅਸਤਾਵਾ ਪਾਣੀ ਕਾ ਭਰਣਿ ਆਇਆ ਸਾ। ਅਗੈ ਬਾਬਾ ਤੇ ਮਰਦਾਨਾ ਦੋਨੋਂ ਬੈਠੇ ਥੇ, ਏਨਿ ਆਇ ਸਲਾਮੁ ਪਾਇਆ'।[45] ਇਸ ਗੋਸ਼ਟਿ ਵਿਚ ਆਏ ਸ਼ਬਦ, 'ਤਬਿ', 'ਪਥਿ', 'ਓਥਹੁ', 'ਪੀਰੁ', 'ਆਇ', 'ਮੁਰੀਦੁ', 'ਸੇਖੁ', 'ਟਟੀਹਰੁ', 'ਭਰਣਿ', 'ਸਲਾਮੁ', 'ਸਰਫੁ' ਆਦਿ। ਇਸ ਉਪਰੋਕਤ ਗੋਸ਼ਟਿ ਵਿਚੋਂ ਉਦਾਹਰਣਿਤ ਸ਼ਬਦਾਂ ਵਿਚ ਸਿਹਾਰੀ ਅਤੇ ਔਂਕੜ ਦੀ ਵਰਤੋਂ ਕੀਤੀ ਗਈ ਹੈ। ਇਸ ਤਰ੍ਹਾਂ ਦੀਆਂ ਅਨੇਕਾਂ ਉਦਾਹਰਣਾਂ ਸਾਨੂੰ ਮਿਲਦੀਆਂ ਹਨ। ਗੁਰੂ ਸਾਹਿਬ ਵਲੋਂ ਦਿੱਤੇ ਗਏ ਸਪਸ਼ਟੀਕਰਣ ਜਾਂ ਉਪਕਾਰਾਂ ਨੂੰ ਸੰਭਾਲਣ ਲਈ ਗੋਸ਼ਟਾਂ ਦੀ ਵਿਆਖਿਆ ਗੁਰਬਾਣੀ ਦੇ ਸੰਦਰਭ ਵਿਚ ਹੋਈ ਹੈ। ਗੁਰਬਾਣੀ ਵਿਚ ਵੀ ਲਗਾਂ ਮਾਤਰਾ ਦੀ ਵਰਤੋਂ ਇਸੇ ਪੈਟਰਨ 'ਤੇ ਕੀਤੀ ਗਈ ਹੈ ਅਤੇ ਗੋਸ਼ਟਾਂ ਵਿਚ ਵੀ ਇਹ ਪ੍ਰਵਿਰਤੀ ਗੁਰਬਾਣੀ ਤੋਂ ਹੀ ਆਈ ਹੈ।

**ਪਰਸਰਗ** : ਗੋਸ਼ਟਾਂ ਵਿਚ ਗੋਸ਼ਟਿਕਾਰ ਨੇ ਕਰਤਾ ਕਾਰਕ ਨਾਲ 'ਨੇ' ਪਰਸਰਗ ਦੀ ਵਰਤੋਂ ਹੋਈ ਨਹੀਂ ਮਿਲਦੀ, ਜਿਵੇਂ ਇਥੇ ਭਾਈ ਬਾਲੇ ਵਾਲੀ ਜਨਮਸਾਖੀ ਵਿਚੋਂ 'ਅਚਲ ਵਟਾਲੇ ਸਿਧਾਂ ਨਾਲ ਗੋਸ਼ਟਿ' ਦੀ ਉਦਾਹਰਣ ਹੈ : 'ਤਾਂ ਫੇਰਿ ਗੋਰਖ ਕਹਿਆ, ਅਰੇ ਨਾਨਕ ਬਾਲਾ ਚਲਤੇ ਹੈਂ ਸਿਧਾਂ ਕਾ ਮੇਲਾ ਹੈ। ਤਾਂ

ਗੁਰੂ ਨਾਨਕ ਕਹਿਆ, ਹਾਂ ਗੋਰਖ ਨਾਥ ਕਹਾ ਹੈ ਮੇਲਾ। ਤਾਂ ਗੋਰਖ ਕਹਿਆ, ਅਚਲ ਵਟਾਲੇ ਅਚਲ ਸਿਧਾਂ ਕਾ ਮੇਲਾ ਹੈ। ਤਾਂ ਗੁਰੂ ਨਾਨਕ ਕਹਿਆ, ਸਿਧੋ ਕਦਾਂ (?) ਹੈ ਅਤੇ ਇਥੋਂ ਕਿਤਨੇ ਕੋਹ ਹੈ। ਤਾਂ ਗੁਰੂ ਨਾਨਕ ਕਹਿਆ, ਜਹਹੁ ਤੁਮ ਤੋ ਸਿਧ ਹੋ ਉਡਿ ਜਾਤੇ ਹੋ ਹਮ ਮਨੁਖ ਹੈ'। ਤਾਂ ਭਰਥਰੀ ਬੋਲਿਆ, ਅਤੇ ਨਾਨਕ ਬਾਲੇ ਤੂੰ ਤੋ ਕਉਸ ਕਉ ਉਡਾਵਤਾ ਥਾ ਅਬ ਕਿਆ ਤੁਝ ਕਉ ਹੂਆ'।[46]

ਇਸ ਗੋਸ਼ਟਿ ਵਿਚ ਅਸੀਂ ਵੇਖਦੇ ਹਾਂ ਕਿ 'ਤਾਂ ਫਿਰ ਗੋਰਖ ਕਹਿਆ', 'ਅਬ ਕਿਆ ਤੁਝ ਕਉ ਹੂਆ', 'ਅਰੇ ਨਾਨਕ', 'ਤੁਮ ਤੋ' ਆਦਿ ਸ਼ਬਦ ਹਿੰਦੀ ਭਾਸ਼ਾ ਦੇ ਨੇੜੇ ਪ੍ਰਤੀਤ ਹੁੰਦੇ ਹਨ ਇਸ ਵਿਚ 'ਨੇ' ਪਰਸਰਗ ਦੀ ਥਾਂ ਤੇ 'ਕਉ', 'ਕਹਾ' ਆਦਿ ਪਰਸਰਗ ਵਰਤੇ ਹਨ। ਸੰਬੰਧ ਦਰਸਾਉਣ ਲਈ ਵੀ, 'ਦਾ, ਦੇ, ਦੀ ਥਾਂ ਤੇ 'ਕਾ, ਕੇ, ਕੀ' ਦੀ ਵਰਤੋਂ ਕੀਤੀ ਹੈ, ਜਿਵੇਂ 'ਸਿਧਾਂ ਕਾ ਮੇਲਾ ਹੈ'।

**ਸਰਵਨਾਂਵ** : ਗੋਸ਼ਟਾਂ ਵਿਚ ਉੱਤਮ, ਮੱਧਮ, ਤੇ ਅਨਯ ਪੁਰਸ਼ ਪੜਨਾਂਵਾਂ ਦੀ ਵਰਤੋਂ ਵੀ ਹੋਈ ਮਿਲਦੀ ਹੈ। ਇਨ੍ਹਾਂ ਸਾਰੇ ਪੜਨਾਂਵਾਂ ਉਤੇ ਪੰਜਾਬੀ ਦੀ ਨੁਹਾਰ ਹੀ ਝਲਕਦੀ ਹੈ ਜਿਵੇਂ 'ਤੇਰੇ ਆਦਮੀ ਮਰੇਂਗੇ ਤੂ ਸੰਸਾਰੁ ਕਿਉਂ ਕਰਿ ਰਖਹਿਗਾ'।[47] 'ਹਉ ਤੈਨੂੰ ਆਈ ਬਿਨਾ ਮਰਣਿ ਨਾਹੀ ਦੇਂਦਾ ਉਸੀਆਰੁ ਹੋਹੁ'।[48] 'ਉਸ ਦਾ ਨਾਉਂ ਯਾਰ ਅਲੀ ਆਹਾ'[49] 'ਤਾਂ ਬਾਲੇ ਪੁਛਿਆ, ਜੀ ਉਥੇ ਕਉਣ ਆਹਾ'[50] 'ਤਬ ਏਹ ਬੈਂਤ ਸੇਖ ਬਿਰਾਹਮ ਪਾਸੋਂ ਲੈ ਕਰ ਗੁਰੂ ਨਾਨਕ ਪਾਸ ਆਇਆ'[51] 'ਅਸੀਂ ਤਾਂ ਵਡੀ ਉਜਾੜਿ ਵਿਚਿ ਆਇ ਪੈਇ ਹਾਂ'[52] 'ਇਨ ਏਕ ਬਾਰ ਮਿਥਿਆ ਕਹਿਆ ਹੈ', 'ਜੋ ਇਸ ਕੀ ਮੁਕਤਿ ਤਬ ਹੋਵੈ ਜਾਂ ਸਾਧੂ ਕੇ ਚਰਣ ਲਗਨਿ'[53], 'ਅਸਾਨੂੰ ਭੀ ਮਿਹਰਵਾਨ ਹੋਇ ਜਾਂ ਅਸਾਂ ਭੀ ਖੁਦਾਇ ਯਾਦਿ ਆਵੈ'[54] ਆਦਿ। ਇਸ ਤਰ੍ਹਾਂ ਦੀਆਂ ਅਨੇਕਾਂ ਉਦਾਹਰਣਾਂ ਸਾਨੂੰ ਗੋਸ਼ਟਾਂ ਵਿਚੋਂ ਮਿਲ ਜਾਂਦੀਆਂ ਹਨ ਜਿਨ੍ਹਾਂ ਵਿਚ ਉਸ, ਉਨ, ਉਹ, ਅਸਾਨੂੰ, ਅਸੀਂ, ਅਸਾਂ, ਅਸਾਡੀ, ਅਸਾਡੇ, ਇਹ, ਇਨਿ, ਇਸ, ਜਿਸ, ਜਿਨ, ਤੂ, ਤੇਰਾ, ਤੈਨੋ, ਤੇਰੇ, ਤੁਸਾਡੇ, ਤੁਧ, ਤਿਸ, ਤੁਸਾਂ, ਤਿਨਿ, ਮੈ, ਮੇਰੀ, ਮੈਨੂੰ, ਮੇਰਾ, ਆਦਿ ਦੀ ਵਰਤੋਂ ਕੀਤੀ ਮਿਲਦੀ ਹੈ। ਇਨ੍ਹਾਂ ਤੋਂ ਇਲਾਵਾਂ ਪ੍ਰਸ਼ਨਵਾਚਕ ਪੜਨਾਂਵ ਵੀ ਕੁਝ ਗੋਸ਼ਟਾਂ ਵਿਚ ਮਿਲਦੇ ਹਨ ਜਿਵੇਂ-

ਕਵਨ ਤੁਮੇ ਕਿਆ ਨਾਉ ਤੁਮਾਰਾ ਕਉਨੁ ਮਾਰਗੁ ਕਉਨੁ ਸੁਆਓ॥

ਦੁਨੀਆਂ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ॥

ਆਪੇ ਆਖੈ ਆਪੇ ਸਮਝੈ ਤਿਸੁ ਕਿਆ ਉਤਰੁ ਦੀਜੈ।।[55]

ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ 'ਸਿਧ ਗੋਸ਼ਟਿ' ਵਿਚ 'ਕਵਨ', 'ਕਉਨੁ', 'ਕਿਉ', 'ਕਿਆ' ਆਦਿ ਪ੍ਰਸ਼ਨਵਾਚਕ ਸਰਵਨਾਂਵ ਵੀ ਵਰਤੇ ਹਨ।

**ਕ੍ਰਿਆ ਰੂਪ** : ਗੋਸ਼ਟਾਂ ਵਿਚ ਮਿਲਦੀਆਂ ਸਹਾਇਕ ਕ੍ਰਿਆਵਾਂ ਵਿਚ ਭਿੰਨ-ਭਿੰਨ ਰੂਪ ਵੇਖਣ ਨੂੰ ਮਿਲਦੇ ਹਨ ਜਿਵੇਂ - 'ਸਿਧ ਮੰਡਲੀ ਨਉ ਨਾਥ ਚਉਰਾਸੀ ਸਿਧ ਛਿਅ ਜਤੀ ਬੈਠੇ ਬਾਤਾਂ ਕਰਦੇ ਹੈਨਿ ਗਿਆਨ ਧਿਆਨ ਦੀਆਂ'[56], 'ਅਸਾਡੀ ਦਿਸਟਿ ਤਲੇ ਕੋਈ ਨਹੀਂ ਆਂਵਦਾ'[57], 'ਤਬਿ ਪਾਣੀਪਥਿ ਕਾ ਪੀਰੁ ਸੇਖੁ ਸਰਫੁ ਥਾ'[58], 'ਤਬ ਮਰਦਾਨੇ ਆਖਿਆ' ਆਦਿ ਬਹੁਤ ਸਾਰੀਆਂ ਉਦਾਹਰਣਾਂ ਵਿਚ ਆਖਿਆ, ਆਖੇ, ਹੈ, ਹਨ, ਹੈਨਿ, ਹੋਹੁ, ਆਦਿ ਕ੍ਰਿਆਵਾਂ ਵਰਤੀਆਂ ਹਨ ਜਿਨ੍ਹਾਂ ਦਾ ਰੂਪ ਪੰਜਾਬੀ ਵਾਲਾ ਹੀ ਹੈ। ਭੂਤਕਾਲ ਲਈ ਵਰਤੀਆਂ ਸਹਾਇਕ ਕ੍ਰਿਆਵਾਂ- ਕੀਆ, ਕੀਤਾ, ਸਾ, ਸਨਿ, ਥਾ, ਥੇ, ਥੀ ਆਦਿ ਦੀ ਵੀ ਵਰਤੋਂ ਕੀਤੀ ਗਈ ਹੈ। ਭਵਿਖਤ ਕਾਲ ਲਈ ਵਰਤੀਆਂ ਕ੍ਰਿਆਵਾਂ ਵਿਚ-ਬਣਸੀ, ਕਰਸੀ, ਪੁਛਸੀ, ਆਦਿ ਆਉਂਦੀਆਂ ਹਨ ਜੋ ਲਹਿੰਦੀ ਦਾ ਰੂਪ ਹਨ। ਕੁਝ ਸਹਾਇਕ ਕ੍ਰਿਆਵਾ ਜਿਸਦਾ ਵਰਤਮਾਨੀ ਰੂਪ ਪੁਰਾਤਨ ਵਾਰਤਕ ਤੋਂ ਵੱਖਰਾ ਹੈ ਪਰ ਅਰਥਾਂ ਵਿਚ ਸਮਾਨਤਾ ਹੈ ਜਿਵੇਂ -'ਤਬਿ ਬਾਬਾ ਓਥਹੁ ਰਵਦਾ ਰਹਿਆ' 'ਪੀਰ ਆਖਿਆ', 'ਮੈਨੋ ਭੀ ਹਾਸਲੁ ਥੀਆ', 'ਤਬਿ ਸੇਖ ਫਰੀਦ ਕਹਿਆ', 'ਕਾਜੀ ਕੀ ਕਿਆ ਪਰਵਾਹ ਪਰੀ ਹੈ', 'ਮਨ ਠਉੜ ਨਾ ਥਾ', 'ਤਬਿ ਓਥਹੁ ਰਵੈ, 'ਇਕਸੁ ਬੜ੍ਹ ਕੇ ਤਲੇ ਜਾਇ ਬੈਠੇ', 'ਆਇ ਰੂਪੁ ਧਰਿਓਸੁ', 'ਸਿਧਾਂ ਡਿਠਾ', 'ਖਿੰਚਿ ਘਿਧੀ', 'ਆਦਿ ਅਨੇਕਾਂ ਸ਼ਬਦ ਹਨ ਜਿਨ੍ਹਾਂ ਨੂੰ ਅੱਜ ਦੇ ਸੰਦਰਭ ਵਿਚ ਇਸ ਤਰ੍ਹਾਂ ਵਿਚਾਰਿਆ ਜਾਂਦਾ ਹੈ:

ਓਥਹੁੰ - ਉਥੋਂ

ਆਖਿਆ - ਕਹਿਣਾ

ਆਂਵਦਾ - ਆਉਂਦਾ

ਅਣਸਹੀ ਕਰੇਹਾਂ- ਠੀਕ ਨਾ ਕਰਾ

ਇਕਸੁ- ਇਕ

ਸਹਰਿ- ਸ਼ਹਿਰ

ਹੋਵਸਨ - ਹੋਵੇਗਾ

ਕਵਨ ਹਉ - ਕੌਣ - ਮੈਂ ਕੌਣ ਹੁੰਦਾ ਹਾਂ ?

ਕਹ਼ਿਆ - ਕਿਹਾ

ਕਵਣ ਕਰਸੀ- ਕਿਵੇ ਕਰੇਗਾ ?

ਖਿੰਚਿ ਘਿਧੀ- ਖਿੱਚ ਦਿੱਤੀ

ਗੁਦਰ- ਗੁਜਰ

ਠਉੜ- ਸਥਿਰ

ਡਿਠਾ- ਦੇਖਿਆ

ਤੁਸਾਡਾ- ਤੁਹਾਡਾ

ਤਲੇ - ਥਲੇ

ਥੀਆ - ਸੀ, ਹੈ, ਜਾਂ ਹਨ

ਧਰਿਓਸੁ- ਦਿਖਾਇਆ

ਪਰੀ - ਪਈ

ਬੜ੍ਹ - ਬੋਹੜ

ਰਵਦਾ - ਚਲਣਾ

ਰਵੈ - ਚਲੇ

ਲਾਗੀ- ਲੱਗੀ

ਲੋਇ- ਲੋਕ

ਵਖਤਿ- ਵਕਤ

**ਧੁਨੀ ਸਰੂਪ** : ਗੋਸ਼ਟਾਂ ਦੀ ਭਾਸ਼ਾ ਵਿਚ ਉਹ ਸਾਰੀਆਂ ਸਵਰ ਵਿਅੰਜਨ ਧੁਨੀਆਂ ਮਿਲਦੀਆਂ ਹਨ ਜੋ ਵਰਤਮਾਨ ਸਰੂਪ ਦੀਆਂ ਹਨ ਕੁਝ ਧੁਨੀਆਂ ਜੋ ਕਿ ਅਰਬੀ ਫਾਰਸੀ ਪ੍ਰਭਾਵ ਕਾਰਨ ਪੰਜਾਬੀ ਵਿਚ

ਆਈਆਂ ਸਨ, ਦੀ ਵਰਤੋਂ ਇਨ੍ਹਾਂ ਵਿਚ ਨਹੀਂ ਮਿਲਦੀ ਜਿਵੇਂ -ਖ਼ ਫ਼ ਗ਼ ਜ਼ ਆਦਿ। ਗੋਸ਼ਟਾਂ ਦੀ ਭਾਸ਼ਾ ਵਿਚ ਅਖੰਡੀ ਧੁਨੀਆਂ ਵਿਚੋਂ ਅੱਧਕ ( ੱ ) ਦੀ ਵਰਤੋਂ ਵੀ ਬਹੁਤ ਘਟ ਮਿਲਦੀ ਹੈ ਜਿਵੇਂ- ਦਿਤਾ (ਦਿੱਤਾ), ਗਲੀਂ (ਗੱਲੀ), ਅਡ (ਅੱਡ), ਦਸ (ਦੱਸ) ਛਡ (ਛੱਡ) ਆਦਿ। ਅਨੁਨਾਸਿਕ ਧੁਨੀਆਂ ਵਿਚੋਂ ਵੀ ਟਿੱਪੀ ( ੰ ) ਦੀ ਥਾਂ ਬਿੰਦੀ ( ਂ ) ਦੀ ਵਰਤੋਂ ਵਧੇਰੇ ਹੋਈ ਹੈ ਜਿਵੇਂ - ਤਿੰਨ (ਤਿਹੁ), ਰਹਿੰਦਾ (ਰਹੰਦਾ), ਤੂੰ (ਤੂ), ਮਹਿੰ (ਮਹਿਂ), ਤੁਰੰਤ (ਤੁਰਤ), ਕਹਿੰਦਾ (ਕਹੰਦਾ) ਆਦਿ। ਇਨ੍ਹਾਂ ਤੋਂ ਇਲਾਵਾਂ ਵਿਅੰਜਨ ਧੁਨੀਆਂ ਪੱਖੋਂ ਵੀ ਕੁਝ ਪਰਿਵਰਤਨ ਵੇਖੇ ਜਾ ਸਕਦੇ ਹਨ ਜਿਵੇਂ -'ਸ਼ੇਖ ਫਰੀਦ ਨਾਲ ਗੋਸ਼ਟਿ' ਵਿਚ 'ਤਬਿ ਓਥਹੁੰ ਗੁਰੂ ਬਾਬਾ ਅਤੇ ਸੇਖੁ ਫਰੀਦੁ ਆਸਾ ਦੇਸਿ ਆਏ, ਤਬਿ ਆਸਾ ਦੇਸ ਦਾ ਰਾਜਾ ਸਮੁੰਦਰ ਥਾ; ਸੋ ਉਸਕਾ ਕਾਲੁ ਹੋਆ ਥਾ। ਤਬ ਉਸਕੀ ਖੋਪਰੀ ਜਲੈ ਨਾਹੀ, ਅਨੇਕ **ਜਤਨ** ਕਰਿ ਰਹੇ, ਤਬਿ **ਜੋਤਕੀ** ਪੁਛੇ ਤਾਂ **ਜੋਤਕੀਆਂ** ਆਖਿਆ'।[59] ਇਸ ਵਿਚ ਗੋਸ਼ਟਿ 'ਯ' ਧੁਨੀ ਦੀ ਥਾਂ 'ਜ' ਦੀ ਵਰਤੋਂ ਵਧੇਰੇ ਕੀਤੀ ਗਈ ਮਿਲਦੀ ਹੈ : ਯਤਨ (ਜਤਨ), ਯੋਗੀ (ਜੋਗੀ), ਯੋਤਕੀ ( ਜੋਤਕੀ), ਆਦਿ। ਇਨ੍ਹਾਂ ਤੋਂ ਇਲਾਵਾਂ ਹੋਰ ਬਹੁਤ ਸਾਰੀਆਂ ਗੋਸ਼ਟਾਂ ਵਿਚ ਧੁਨੀ ਪਰਿਵਰਤਨ ਵੇਖਿਆ ਜਾ ਸਕਦਾ ਹੈ ਜਿਵੇਂ ਰੋਜ਼ (ਰੋਜ), ਹਾਜ਼ਿਰ (ਹਾਜਰ), ਵਜ਼ੀਰ (ਵਜੀਰ), ਯੋਗ (ਜੋਗ), ਖ਼ੁਸ਼ੀ (ਖੁਸੀ), ਯਮਰਾਜ (ਜਮਰਾਜ), ਸੈਰ (ਸੈਲ) ਆਦਿ।

**ਸ਼ਬਦ ਜੋੜ ਵਿਚ ਵਿੰਭਿਨਤਾ** : ਗੋਸ਼ਟਾਂ ਵਿਚ ਵਰਤੇ ਗਏ ਬਹੁਤ ਸਾਰੇ ਸ਼ਬਦਾਂ ਦੇ ਸਰੂਪ ਪ੍ਰਤਿ ਕੋਈ ਠੋਸ ਨਿਯਮਾਵਲੀ ਨਹੀਂ ਮਿਲਦੀ। ਸ਼ਬਦ-ਜੋੜ ਕਾਫੀ ਭਿੰਨ ਰੂਪ ਤੋਂ ਵੇਖੇ ਜਾ ਸਕਦੇ ਹਨ ਇਸ ਦਾ ਕਾਰਣ ਉਸ ਵੇਲੇ ਸ਼ਬਦ-ਜੋੜ ਜਾਂ ਇਨ੍ਹਾਂ ਦੀ ਨਿਯਮਿਤ ਨਿਯਮਾਵਲੀ ਦਾ ਨਾਂ ਹੋਣਾ ਮੰਨਿਆਂ ਜਾਂਦਾ ਹੈ। ਜਿਵੇਂ ਔਂਕੜ ਅਤੇ ਸਿਹਾਰੀ ਦਾ ਲਗਾਉਣ ਦਾ ਕੋਈ ਨਿਯਮ ਨਹੀਂ ਮਿਲਦਾ। ਇਸ ਤੋਂ ਇਲਾਵਾਂ ਹੋਰ ਵੀ ਬਹੁਤ ਸਾਰੇ ਸ਼ਬਦ ਹਨ ਜੋ ਭਿੰਨਤਾ ਰੱਖਦੇ ਹਨ :

'ਤਬ ਕਉਰੂ ਦੇਸ ਆਇ ਨਿਕਲੇ। ਤਬਿ ਏਕ ਦਿਨ ਮਰਦਾਨੇ ਨੂੰ ਭੁਖ ਲਗੀ'[60] ਇਸ ਇਕ ਵਾਕ ਵਿਚ ਹੀ 'ਤਬ' ਸ਼ਬਦ 'ਤਬ' ਅਤੇ 'ਤਬਿ' ਦੋਨਾਂ ਰੂਪਾਂ ਵਿਚ ਆਇਆ ਹੈ ਇਸੇ ਤਰ੍ਹਾਂ 'ਉਸਤਤ', 'ਉਸਤਤਿ', 'ਅਰ', 'ਅਰਿ', 'ਅਰੁ', 'ਆਖਿਉਸ', 'ਆਖਿਆ', 'ਇਕ', 'ਹਿਕ', 'ਏਕੁ', 'ਇਕੁ',

'ਏਕਾਦਸੀ', 'ਇਕਾਦਸੀ', 'ਸਮੁੰਦ੍', 'ਸਮੁੰਦਰ', 'ਸਹਿਰ', 'ਸਹੁਰ', 'ਸਹਰਿ', 'ਹੋਆ', 'ਹੋਇਆ', 'ਹੋਯਾ', 'ਕਹਾ', 'ਕਹਿਆ', 'ਕਹਿਉਸ', 'ਕੁਲਖੇਤ੍', 'ਕੁਰਖੇਤਰ, 'ਕੁਰਖੇਤ੍', 'ਗ੍ਰਿੰਥ', 'ਗ੍ਰੰਥ', 'ਗਰੰਥ', 'ਜੀਅ' 'ਜੀਉ', 'ਤਿਆਰੀ', 'ਤਯਾਰੀ', 'ਤਲਵੰਡੀ', 'ਤਿਲਵੰਡੀ', 'ਦੂਧ', 'ਦੁਧ', 'ਦਰਿਆਉ', 'ਦਰਿਆਇ', 'ਨਿਮਾਜ', 'ਨਿਵਾਜ', 'ਪੀਰੁ', 'ਪੀਰ' 'ਪੰਡਿਤ', 'ਪੰਡਤ', 'ਪੰਡਤਿ', 'ਪੜਤੇ', 'ਪੜਾਵਤੇ', 'ਪੜਾਇਦੇ', 'ਪੁਤ', 'ਪੁਤ੍', 'ਪੁਤਰ', 'ਪ੍ਰਕਾਸ', 'ਪਰਕਾਸ', 'ਬਸਤਰ', 'ਬਸਤ੍', 'ਮੂਰਤਿ', 'ਮੂਰਤ', ਆਦਿ।

**ਵਾਕ ਬਣਤਰ** : ਵਾਕ ਭਾਸ਼ਾ ਦੀ ਵੱਡੀ ਤੋਂ ਵੱਡੀ ਇਕਾਈ ਹੈ ਜੋ ਅਰਥਾਂ ਦਾ ਪੂਰਨ ਸੰਚਾਰ ਕਰਦੀ ਹੈ। ਵਾਕ ਬਣਤਰ ਦੀ ਤਰਤੀਬ ਕਰਤਾ ਕਰਮ ਕਿਰਿਆ ਵਾਲੀ ਹੁੰਦੀ ਹੈ। ਵਾਕ ਬਣਤਰ ਦੀ ਸਹਾਇਤਾ ਨਾਲ ਹੀ ਗੋਸ਼ਟਿਕਾਰ ਆਪਣੇ ਵਿਚਾਰਾਂ ਅਤੇ ਭਾਵਾ ਦੀ ਤਰਜਮਾਨੀ ਕਰਦਾ ਹੈ। ਪੁਰਾਤਨ ਪੰਜਾਬੀ ਵਾਰਤਕ ਦੀਆਂ ਗੋਸ਼ਟਾਂ ਵਿਚ ਵਾਕ ਬਣਤਰ ਛੋਟੇ-ਛੋਟੇ ਵਾਕਾਂ ਵਾਲੀ ਹੈ। ਇਨ੍ਹਾਂ ਵਿਚ ਵਾਧੂ ਸ਼ਬਦਾਂ ਦੀ ਵਰਤੋਂ ਨਹੀਂ ਕੀਤੀ ਗਈ। ਇਨ੍ਹਾਂ ਵਿਚਲਾ ਵਾਕ ਵਿਧਾਨ ਕਈ ਵਾਰ ਆਪਣੀ ਕਾਵਿਕ ਵਿਸ਼ੇਸ਼ਤਾ ਤੋਂ ਪ੍ਰਭਾਵਿਤ ਹੋ ਕੇ ਚਲਦਾ ਹੈ। ਇਥੇ ਰਾਇ ਬੁਲਾਰ ਨਾਲ ਚਲ ਰਹੀ ਗੁਰੂ ਸਾਹਿਬ ਦੀ ਸੰਵਾਦੀ ਦ੍ਰਿਸ਼ਟੀ ਤੇ ਚਾਨਣਾ ਪਾਇਆ ਹੈ ਜਿਵੇ :

> 'ਵਾਹਿਗੁਰੂ ਕੇ ਨਾਮ ਤੋਂ ਬਿਨਾਂ ਸਭ ਕੂੜ ਹੈ' ਫਿਰ ਰਾਇ ਬੁਲਾਰ ਪ੍ਰਸ਼ਨ ਕਰਦਾ ਹੈ ਕਿ 'ਸਚਾ ਕਿਉਂ ਕਰ ਹੋਵੀਤਾ ਹੈ?' ਗੁਰੂ ਸਾਹਿਬ ਉੱਤਰ ਦਿੰਦੇ ਹਨ ਕਿ 'ਸਚਾ ਤਦਿ ਹੋਂਦਾ ਹੈ ਜੇ ਇਸਦਾ ਰਿਦਾ ਸਚਾ ਹੋਵੈ ਅਰ ਮਾਇਆ ਨੂੰ ਆਪਣੀ ਨਾ ਕਰਕੇ ਜਾਣੈ ਖੁਦਾਇ ਦੀ ਕਰਿ ਜਾਣੈ ਅਤੇ ਖੁਦਾਇ ਦੇ ਨਾਇ ਦੇਵੈ ਅਰ ਪਰਮੇਸਰ ਕਾ ਨਾਮ ਸੁਣੇ ਅਰ ਸੁਣ ਕੇ ਪ੍ਰਸੰਨ ਹੋਵੈ ਅਰ ਜੀਅ ਕੀ ਜੁਗਤਿ ਜਾਣੈ ਅਰ ਧਰਤੀ ਰੂਪੀ ਕਾਇਆਂ ਕਉ ਸੇਵਾ ਟਹਿਲ ਕਰ ਸਾਧੈ ਅਰ ਕਰਤੈ ਕਾ ਨਾਮ ਬੀਜ ਪਾਵੈ ਅਰ ਸਚੀ ਸਿਖਿਆ ਦੇਵੈ ਅਰ ਜੀਆਂ ਪਰ ਦਾਨ ਕਰੈ ਅਰ ਆਤਮ ਗਿਆਨ ਮੈ ਨਿਵਾਸ ਕਰੈ ਸੋ ਐਸਾ ਸਚ ਜੋ ਹੈ ਸੋ ਸਭਨਾਂ ਦਾ ਦਾਰੂ ਹੈ ਅਰ ਪਾਪਾਂ ਨੂੰ ਧੋਵਣ ਵਾਲਾ ਹੈ'।[61]

ਇਥੇ ਵਾਕ ਦਾ ਮੁਹਾਂਦਰਾ ਸੰਯੋਗਾਤਮਕਤਾ ਵਾਲਾ ਹੈ ਬਹੁਤ ਸਾਰੇ ਸ਼ਬਦ ਸੰਯੋਗਾਤਮਕਤਾ ਰੁਚੀ ਅਧੀਨ ਲਿਖੇ ਗਏ ਹਨ ਜਿਵੇਂ : ਹਿਰਦੇ ਨੂੰ ਰਿਦਾ। ਇਸ ਵਿਚ ਅਗਲੇ ਮੱਤ ਨੂੰ ਸਪਸ਼ਟ ਕਰਨ ਲਈ 'ਅਰ' ਸ਼ਬਦ ਲਗਾ ਕੇ ਗੱਲ ਸ਼ੁਰੂ ਕੀਤੀ ਹੈ ਤੇ ਸੰਜਮ ਕਾਰਣ ਗੱਲ ਨੂੰ ਥੋੜੇ ਸ਼ਬਦਾਂ ਵਿਚ ਹੀ ਸਮੇਟ ਦਿੱਤਾ ਗਿਆ ਹੈ। ਇਸ ਵਿਚਲੇ ਛੋਟੇ ਛੋਟੇ ਵਾਕ, 'ਅਰ ਜੀਅ ਕੀ ਜੁਗਤਿ ਜਾਣੈ' 'ਅਰ ਧਰਤੀ ਰੂਪੀ ਕਾਇਆਂ ਕਉ ਸੇਵਾ ਟਹਿਲ ਕਰ ਸਾਧੈ', 'ਅਰ ਕਰਤੈ ਕਾ ਨਾਮ ਬੀਜ ਪਾਵੈ', 'ਅਰ ਸਚੀ ਸਿਖਿਆ ਦੇਵੈ' 'ਅਰ ਜੀਆਂ ਪਰ ਦਾਨ ਕਰੈ', 'ਅਰ ਆਤਮ ਗਿਆਨ ਮੈ ਨਿਵਾਸ ਕਰੈ', ਸੋ ਐਸਾ ਸਚ ਜੋ ਹੈ ਸੋ ਸਭਨਾਂ ਦਾ ਦਾਰੂ ਹੈ ਅਰ ਪਾਪਾਂ ਨੂੰ ਧੋਵਣ ਵਾਲਾ ਹੈ'। ਇਸ ਗੋਸ਼ਟਿ ਨੂੰ ਨਾਟਕੀਅਤਾ ਦਾ ਸਰੂਪ ਪ੍ਰਦਾਨ ਕਰਦੇ ਹਨ।

ਇਨ੍ਹਾਂ ਗੋਸ਼ਟਾਂ ਦੇ ਸੰਵਾਦ ਵਿਚ ਸੰਜਮਤਾ ਹੈ ਪਰੰਤੂ ਸਮੱਗਰੀ ਭਾਵ-ਪੂਰਤ ਅਤੇ ਪ੍ਰਭਾਵਸ਼ਾਲੀ ਹੈ। ਗੋਸ਼ਟਿ ਦਾ ਆਰੰਭ ਝਟਪਟ ਹੁੰਦਾ ਹੈ ਕੋਈ ਭੂਮਿਕਾ ਜਾਂ ਲਟਕਾਅ ਨਹੀਂ ਹੈ। ਇਨ੍ਹਾਂ ਗੋਸ਼ਟਾਂ ਦਾ ਸਭ ਤੋਂ ਵੱਡਾ ਗੁਣ ਇਨ੍ਹਾਂ ਦੀ ਮੌਲਿਕਤਾ ਹੈ। ਗੋਸ਼ਟਾਂ ਵਿਚਲੇ ਇਹ ਤੱਤ ਇਹਨਾਂ ਗੋਸ਼ਟਾਂ ਨੂੰ ਸੁੰਦਰ, ਸੁਖੈਨ, ਆਨੰਦਮਈ ਅਤੇ ਗਿਆਨਮਈ ਬਣਾਉਂਦੇ ਹਨ। ਇਹਨਾਂ ਤੱਤਾਂ ਨੂੰ ਜੋੜਨ ਵਾਲੇ ਦੋ ਤੱਤ-ਸੁਮੇਲ ਭਾਵ ਸ਼ੈਲੀ ਤੇ ਬੋਲੀ ਮੁੱਖ ਹਨ। ਇਹਨਾਂ ਵਿਚਲਾ ਸੰਵਾਦ ਅਟਕ-ਅਟਕ ਕੇ ਨਹੀਂ ਤੁਰਦਾ, ਸਗੋਂ ਝਟਪਟ ਆਰੰਭ ਹੁੰਦਾ ਹੋਇਆ ਤੇਜੀ ਨਾਲ ਤੁਰਦਾ ਆਪਣੇ ਪ੍ਰਭਾਵਸ਼ਾਲੀ ਅੰਤ 'ਤੇ ਪਹੁੰਚ ਜਾਂਦਾ ਹੈ। ਇਹਨਾਂ ਗੋਸ਼ਟਾਂ ਵਿਚ ਸਮਾਂ ਸਥਾਨ ਅਤੇ ਕਾਰਜ ਦੀ ਏਕਤਾ ਦਾ ਮੁਖ ਸਥਾਨ ਹੈ ਅਤੇ ਇਹ ਪ੍ਰਭਾਵ ਦੀ ਇਕਾਗਰਤਾ ਨੂੰ ਵੀ ਕਾਇਮ ਕਰਨ ਵਿਚ ਸਫ਼ਲ ਹਨ। ਇਹ ਗੋਸ਼ਟਾਂ ਸਕਰਮਕ ਕਾਰਜਨੀਤੀ ਅਤੇ ਸਦਾਚਾਰਕ ਦਿਸ਼ਾ ਵਲ ਸੇਧਤ ਹਨ ਅਤੇ ਇਹਨਾਂ ਵਿਚਲੇ ਰਚਨਾਤਮਕ ਅਤੇ ਸਕਰਮਕ ਸੰਵਾਦ ਦਾ ਠੋਸ ਧਰਾਤਲ ਗਿਆਨਮਈ ਹੈ। ਇਹ ਗੋਸ਼ਟਾਂ ਪਰਚਾਰ ਅਤੇ ਸਿਖਿਆ ਲਈ ਇਕ ਸਾਧਨ ਵਜੋਂ ਵਰਤੀਆਂ ਜਾਂਦੀਆਂ ਰਹੀਆਂ ਹਨ।

ਸਮੁੱਚੇ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਜਿਥੇ ਗੋਸ਼ਟਿਕਾਰ ਨੇ ਗੁਰੂ ਸਾਹਿਬ ਦੀਆਂ ਵੱਖ-ਵੱਖ ਅਨੁਯਾਈਆਂ ਨਾਲ ਹੋਈਆਂ ਗੋਸ਼ਟਾਂ ਨੂੰ ਵਿਸ਼ਾ ਬਣਾਇਆ ਹੈ ਉਥੇ ਗੋਸ਼ਟਿ ਰੂਪ ਨੂੰ

ਸਾਹਿਤਕ ਗੁਣਾਂ ਨਾਲ ਵੀ ਭਰਪੂਰ ਕੀਤਾ ਹੈ। ਇਨ੍ਹਾਂ ਗੋਸ਼ਟਾਂ ਵਿਚਲੀ ਭਾਸ਼ਾ ਸ਼ਬਦਾਵਲੀ, ਵਾਕ ਬਣਤਰ, ਧੁਨੀ ਸਰੂਪ, ਸ਼ਬਦ ਜੋੜ, ਜਿਥੇ ਇਸ ਦੀ ਵਿਆਕਰਣ ਨੂੰ ਸੁਹਜ ਵੱਲ ਤੋਰਦੇ ਹਨ। ਉਥੇ ਇਨ੍ਹਾਂ ਗੋਸ਼ਟਾਂ ਉਤੇ ਸਾਧ ਭਾਸ਼ਾ ਦਾ ਪ੍ਰਭਾਵ ਵੀ ਦੇਖਿਆ ਜਾ ਸਕਦਾ ਹੈ। ਗੋਸ਼ਟਿਕਾਰ ਨੇ ਗੁਰੂ ਸਾਹਿਬ ਦੇ ਪ੍ਰਵਚਨਾਂ ਨੂੰ ਬਹੁਤ ਸੁਚਜਤਾ ਅਤੇ ਭਾਵੁਕ ਢੰਗ ਨਾਲ ਪੇਸ਼ ਕੀਤਾ ਹੈ। ਵਿਸ਼ੇ ਦੇ ਪਖੋਂ ਇਸ ਦੀ ਸ਼ੈਲੀ ਸੁਹਜਮਈ, ਗੰਭੀਰ ਅਤੇ ਦਾਰਸ਼ਨਿਕ ਹੈ। ਸ਼ੈਲੀ ਦੇ ਸਮੁੱਚ ਦਾ ਕਲੇਵਰ ਉਪਦੇਸ਼ਾਤਮਕ ਹੈ ਅਤੇ ਗੋਸ਼ਟਿ ਦੀ ਨੁਹਾਰ ਅਧਿਆਤਮੀ ਹੈ।

# ਹਵਾਲੇ ਅਤੇ ਟਿੱਪਣੀਆਂ

1. ਡਾ. ਪਿਆਰ ਸਿੰਘ, ***ਜਨਮਸਾਖੀਆਂ ਅਤੇ ਅਵਦਾਨ ਪਰੰਪਰਾ***, ਗੁਰੂ ਨਾਨਕ ਸੰਬੰਧੀ ਤਿੰਨ ਖੋਜ-ਪੱਤਰ, ਪੰਨਾ 1-30
2. ***ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਮਨੀ ਸਿੰਘ, ਪੰਨਾ 304
3. ***ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ,*** ਭਾਈ ਵੀਰ ਸਿੰਘ (ਸੰਪਾ.) ਪੰਨਾ 130
4. ਡਾ. ਗੋਬਿੰਦ ਸਿੰਘ ਲਾਂਬਾ, ***ਅੱਡਣ ਸ਼ਾਹ ਦੀਆਂ ਸਾਖੀਆਂ***, ਪੰਨਾ 11
5. ***ਆਦਿ ਸਾਖੀਆਂ,*** 'ਜਨਮ ਪ੍ਰਤੀ ਬਾਬੇ ਨਾਨਕ ਜੀ ਕੀ' ਪਿਆਰ ਸਿੰਘ (ਸੰਪਾ.), ਪੰਨਾ 147
6. ਉਹੀ, ਪੰਨਾ 159
7. ਡਾ. ਰਤਨ ਸਿੰਘ ਜੱਗੀ, ਸਹਾਇਕ ਸੰਪਾ. ਗੁਰਸ਼ਰਨ ਕੌਰ ਜੱਗੀ, ***ਪੁਰਾਤਨ ਜਨਮਸਾਖੀ ਅਧਿਐਨ ਅਤੇ ਸੰਪਾਦਨ***, ਪੰਨਾ 77
8. ***ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ,*** ਭਾਈ ਵੀਰ ਸਿੰਘ (ਸੰਪਾ.), ਪੰਨਾ 46
9. ***ਸੌ ਸਾਲ ਪੁਰਾਤਨ ਲਿਖਤੀ ਭਾਈ ਬਾਲੇ ਵਾਲੀ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਨਮਸਾਖੀ***, ਪੰਨਾ 148
10. ***ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਵੀਰ ਸਿੰਘ (ਸੰਪਾ.), ਪੰਨਾ 153
11. ***ਜਨਮ ਸਾਖੀ ਪਰੰਪਰਾ***, ਕਿਰਪਾਲ ਸਿੰਘ, ਪੰਨਾ 272
12. ਡਾ.ਹਰਿਭਜਨ ਸਿੰਘ, ਮਨਜੀਤ ਸਿੰਘ, ***ਜਨਮਸਾਖੀ ਸ਼ੈਲੀ ਅਧਿਐਨ***, ਸਾਖੀ-ਸੁਰਤਿ (ਸੰਪਾ.) ਪੰਨਾ 81-82
13. ***ਪੁਰਾਤਨ ਜਨਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਵੀਰ ਸਿੰਘ (ਸੰਪਾ.) ਪੰਨਾ 139
14. ਉਹੀ, ਪੰਨਾ 139

15. ***ਖੋਜ ਪਤ੍ਰਿਕਾ***, ਪੁਰਾਤਨ ਵਾਰਤਕ ਵਿਸ਼ੇਸ਼ ਅੰਕ, ਮੁੱਖ ਸੰਪਾਦਕ ਡਾ. ਰਤਨ ਸਿੰਘ ਜੱਗੀ, ਪੰਨਾ 100
16. ***ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਮਨੀ ਸਿੰਘ, ਪੰਨਾ 63
17. ***ਪੁਰਾਤਨ ਜਨਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਵੀਰ ਸਿੰਘ (ਸੰਪਾ.) ਪੰਨਾ 63
18. ***ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਮਨੀ ਸਿੰਘ, ਪੰਨਾ 386
19. ਉਹੀ, ਪੰਨਾ 389
20. ***ਜਨਮਸਾਖੀ ਪਰੰਪਰਾ***, ਕਿਰਪਾਲ ਸਿੰਘ, ਪੰਨਾ 344
21. ਡਾ. ਜਸਵਿੰਦਰ ਕੌਰ ਢਿਲੋ, ***ਗੁਰੂ ਨਾਨਕ ਦੀ ਕੀਮਤ-ਮੀਮਾਸਾਂ***, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਪੰਨਾ 111
22. ***ਪੁਰਾਤਨ ਜਨਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਵੀਰ ਸਿੰਘ (ਸੰਪਾ.), ਪੰਨਾ 181
23. ***ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਮਨੀ ਸਿੰਘ, ਪੰਨਾ 71
24. ***ਪੁਰਾਤਨ ਜਨਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਵੀਰ ਸਿੰਘ (ਸੰਪਾ.), ਪੰਨਾ 63
25. ***ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਮਨੀ ਸਿੰਘ, ਪੰਨਾ 78
26. ***ਪੁਰਾਤਨ ਜਨਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਵੀਰ ਸਿੰਘ (ਸੰਪਾ.), ਪੰਨਾ 81
27. ***ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਮਨੀ ਸਿੰਘ, ਪੰਨਾ 63-64
28. ਉਹੀ, ਪੰਨਾ 92
29. ***ਪੁਰਾਤਨ ਜਨਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਵੀਰ ਸਿੰਘ (ਸੰਪਾ.), ਪੰਨਾ 110
30. ਉਹੀ, ਪੰਨਾ 131
31. Paul vallery, ***20th century literary criticism*** (ed.) David Lodge, 254.
32. ਸੰਤ ਸਿੰਘ ਸੇਖੋਂ, ਗੱਦ ਤੇ ਸੁਭਾਵ ਲੱਛਣ, ***ਸਾਹਿਤ ਸਮਾਚਾਰ*** (ਵਾਰਤਕ ਅੰਕ), ਮਈ ਜੂਨ 1985, ਪੰਨਾ 80,

33. ***ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਮਨੀ ਸਿੰਘ, ਪੰਨਾ 388

34. ਉਹੀ, ਪੰਨਾ 278

35. ਉਹੀ, ਪੰਨਾ 390

36. ਗੁਰਬਚਨ ਸਿੰਘ ਤਾਲਿਬ, ***ਪੰਜਾਬੀ ਵਾਰਤਕ***, ਪੰਨਾ 12

37. ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਹੈ, ***ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਵੀਰ ਸਿੰਘ (ਸੰਪਾ.), ਪੰਨਾ 47

38. Jean Paul Sartre, ***What is literature*** (eng.tr) Bernard Frechtman,p. 12

39. ਡਾ. ਰਤਨ ਸਿੰਘ ਜੱਗੀ, ਡਾ. ਗੁਰਸ਼ਰਨ ਕੌਰ ਜੱਗੀ (ਸਹਾਇਕ ਸੰਪਾ.) ***ਪੁਰਾਤਨ ਜਨਮਸਾਖੀ ਅਧਿਐਨ ਅਤੇ ਸੰਪਾਦਨ***, ਪੰਨਾ 90

40. ਅਮਰ ਸਿੰਘ ਸੈਣੀ, ***ਪ੍ਰਸਿੱਧ ਪੰਜਾਬੀ ਵਾਰਤਕਾਰ***, ਪੰਨਾ 155

41. ***ਪੁਰਾਤਨ ਜਨਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਵੀਰ ਸਿੰਘ (ਸੰਪਾ.) ਪੰਨਾ 107

42. ***ਪੰਜਾਬੀ ਸਾਹਿਤ ਦਾ ਇਤਿਹਾਸ,*** ਭਾਗ ਪਹਿਲਾਂ, ਪੰਨਾ 700

43. ***ਖੋਜ ਪਤ੍ਰਿਕਾ***, ਪੁਰਾਤਨ ਵਾਰਤਕ ਵਿਸ਼ੇਸ਼ ਅੰਕ, ਮਾਰਚ, 1983 ਪੰਨਾ 137

44. ***ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਮਨੀ ਸਿੰਘ, ਪੰਨਾ 92

45. ***ਪੁਰਾਤਨ ਜਨਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਵੀਰ ਸਿੰਘ (ਸੰਪਾ.) ਪੰਨਾ 54

46. ***ਜਨਮਸਾਖੀ ਪਰੰਪਰਾ***, ਕਿਰਪਾਲ ਸਿੰਘ, ਪੰਨਾ 302

47. ***ਪੁਰਾਤਨ ਜਨਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਵੀਰ ਸਿੰਘ (ਸੰਪਾ.) ਪੰਨਾ 99

48. ਉਹੀ, ਪੰਨਾ 97

49. ***ਜਨਮਸਾਖੀ ਪਰੰਪਰਾ***, ਕਿਰਪਾਲ ਸਿੰਘ, ਪੰਨਾ 305

50. ਉਹੀ, ਪੰਨਾ 322

51. ਉਹੀ, ਪੰਨਾ 323

52. ***ਪੁਰਾਤਨ ਜਨਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਵੀਰ ਸਿੰਘ (ਸੰਪਾ.) ਪੰਨਾ 95

53. ਉਹੀ, ਪੰਨਾ 92

54. ***ਜਨਮਸਾਖੀ ਪਰੰਪਰਾ***, ਕਿਰਪਾਲ ਸਿੰਘ, ਪੰਨਾ 325

55. ***ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਮਨੀ ਸਿੰਘ, ਪੰਨਾ 386·

56. ***ਜਨਮਸਾਖੀ ਪਰੰਪਰਾ***, ਕਿਰਪਾਲ ਸਿੰਘ, ਪੰਨਾ 294

57. ਉਹੀ, ਪੰਨਾ 291

58. ***ਪੁਰਾਤਨ ਜਨਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਵੀਰ ਸਿੰਘ (ਸੰਪਾ.) ਪੰਨਾ 54

59. ਉਹੀ, ਪੰਨਾ 92

60. ਉਹੀ, ਪੰਨਾ 74

61. ***ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਮਨੀ ਸਿੰਘ, ਪੰਨਾ 85-86

# ਅਧਿਆਇ ਚੌਥਾ

# ਪੰਜਾਬੀ ਗੋਸ਼ਟਾਂ : ਦਾਰਸ਼ਨਿਕ ਸੰਦਰਭ ਤੇ ਸਰੋਕਾਰ

## ਗੋਸ਼ਟਿ ਅਤੇ ਭਾਰਤੀ ਦਾਰਸ਼ਨਿਕ ਪਰੰਪਰਾ :

'ਦਰਸ਼ਨ' ਸ਼ਬਦ ਵਿਸ਼ਾਲ ਅਰਥਾਂ ਦਾ ਧਾਰਣੀ ਹੈ। ਮਨੁੱਖ ਨੇ ਆਦਿ ਜੁਗਾਦੀ ਪ੍ਰਸ਼ਨਾਂ ਦੇ ਹੱਲ ਲਈ ਦਰਸ਼ਨ ਸ਼ਾਸਤਰ ਦੀ ਖੋਜ ਕੀਤੀ ਜਿਵੇਂ ਰੱਬ ਕੀ ਹੈ? ਸ੍ਰਿਸ਼ਟੀ ਕਿਵੇਂ ਹੋਂਦ ਵਿਚ ਆਈ? ਬ੍ਰਹਿਮੰਡ ਅਤੇ ਮਨੁੱਖ ਦਾ ਰਿਸ਼ਤਾ ਕੀ ਹੈ? ਜੀਵਨ ਅਤੇ ਮੌਤ ਦੇ ਗੂੜ੍ਹ ਰਹੱਸ ਕਿਥੋਂ ਅਤੇ ਕਿਵੇਂ ਪ੍ਰੇਰਿਤ ਹੁੰਦੇ ਹਨ? ਪਾਪ ਪੁੰਨ ਠੀਕ ਗਲਤ ਅਤੇ ਸੁੱਖ ਦੁੱਖ ਨੂੰ ਨਿਰਧਾਰਤ ਕਰਨ ਵਾਲੀਆਂ ਕਿਹੜੀਆਂ ਸ਼ਕਤੀਆਂ ਹਨ? ਕੀ ਬ੍ਰਹਿਮੰਡ ਦੀ ਕੋਈ ਸੰਚਾਲਕ ਸ਼ਕਤੀ ਹੈ ਜਾਂ ਇਹ ਸਵੈ ਚਾਲਤ ਹੈ? ਚੇਤਨਾ ਅਤੇ ਪਦਾਰਥ ਦਾ ਕੀ ਰਿਸ਼ਤਾ ਹੈ? ਸ੍ਰਿਸ਼ਟੀ ਰਚਨਾ ਦੇ ਵਿਚ ਇਨ੍ਹਾਂ ਵਿਚੋਂ ਕਿਹੜਾ ਤੱਤ ਪ੍ਰਧਾਨ ਹੈ? ਵਿਸ਼ਵ ਦਾ ਸਮੁੱਚਾ ਦਰਸ਼ਨ ਇਨ੍ਹਾਂ ਮੂਲ ਪ੍ਰਸ਼ਨਾਂ ਦੁਆਲੇ ਹੀ ਘੁੰਮਦਾ ਹੈ। 'ਦਰਸ਼ਨ' ਸ਼ਬਦ ਦੇ ਮੁੱਢਲੇ ਅਰਥ ਦੇਖਣਾ, ਵਾਚਣਾ ਜਾਂ ਦੀਦਾਰ ਕਰਨਾ ਬਣਦੇ ਹਨ। ਦਰਸ਼ਨ ਸ਼ਬਦ ਦੇ ਬਰਾਬਰ ਫਿਲਾਸਫੀ ਜਾਂ ਫਲਸਫ਼ਾ ਸ਼ਬਦ ਵੀ ਵਰਤੇ ਜਾਂਦੇ ਹਨ।

'ਦਰਸ਼ਨ' ਸ਼ਬਦ ਭਾਰਤੀ ਪਰੰਪਰਾ ਤੋਂ ਵਿਕਿਸਤ ਹੋਏ ਹਨ। ਫਿਲਾਸਫੀ ਜਾਂ ਫਲਸਫ਼ਾ ਪੱਛਮ ਦੀ ਦੇਣ ਹਨ। 'ਦਰਸ਼ਨ ਸ਼ਬਦ ਸੰਸਕ੍ਰਿਤ ਦੇ 'ਦ੍ਰਿਸ਼' ਧਾਤੂ ਦੇ ਕਰਣ ਅਰਥ ਵਿਚ 'ਲਯੂਟ' ਪ੍ਰਤਸਯ ਲਾ ਕੇ ਬਣਿਆ ਹੈ, ਜਿਸ ਦੇ ਅਰਥ ਹਨ ਜਿਸ ਦੇ ਦੁਆਰਾ ਵੇਖਿਆ ਜਾਵੇ'।[1]

ਫਿਲਾਸਫੀ ਸ਼ਬਦ ਯੂਨਾਨੀ ਭਾਸ਼ਾ ਦਾ ਹੈ। ਇਹ ਦੋ ਸ਼ਬਦ 'Philo' ਜਿਸ ਦਾ ਅਰਥ ਪ੍ਰੇਮ ਅਤੇ 'Sophia' ਜਿਸ ਦਾ ਅਰਥ 'ਅਕਲ ਜਾਂ ਗਿਆਨ' ਹੈ। ਇਸ ਲਈ ਫਿਲਾਸਫੀ ਦਾ ਅਰਥ 'ਗਿਆਨ ਨਾਲ ਪ੍ਰੇਮ' ਹੈ।[2]

'ਫਲਸਫ਼ਾ ਕੇਵਲ ਸੱਚਾਈ ਤੇ ਵਿਆਖਿਆ ਤਕ ਸੀਮਤ ਨਹੀਂ, ਇਹ ਚੰਗੇਰੇ ਜੀਵਨ ਦਾ ਪੱਥ ਪ੍ਰਦਰਸ਼ਕ ਵੀ ਹੈ। ਇਸ ਕਥਨ ਵਿਚ ਮਨੁੱਖ ਦੇ ਸਭਿਆਚਾਰ ਦਾ ਤੱਤ ਛੁਪਿਆ ਹੋਇਆ ਹੈ। ਇਹ

ਮਨੁੱਖ ਦੇ ਬੌਧਿਕ ਜੀਵਨ ਦਾ, ਅਤੇ ਸੱਚਾਈ ਦਾ ਪ੍ਰਤੀਨਿਧ ਹੈ। ਫਲਸਫ਼ਾ ਜੀਵਨ ਜਾਂਚ ਨਾ ਸਿਖਾਏ, ਕਦਰਾਂ-ਕੀਮਤਾਂ ਦੀ ਸੂਝ ਨਾ ਦੇਵੇ, ਮਨੁੱਖਤਾ ਨੂੰ ਆਪਣੀ ਹੋਣੀ ਬਾਰੇ ਸੁਚੇਤ ਨਾ ਕਰੇ ਤਾਂ ਸਮੁੱਚੇ ਵਿਸ਼ਵ ਜਾਂ ਪਰਾਭੌਤਿਕ ਹਸਤੀ ਸੰਬੰਧੀ ਇਸ ਦੀ ਕਿਆਸਕਾਰੀ ਮਨੁੱਖੀ ਜੀਵਨ ਲਈ ਅਰਥਹੀਣ ਹੋਵੇਗੀ'[3] ਭਾਰਤੀ ਚਿੰਤਨ ਵਿਚ ਦਰਸ਼ਨ ਦਾ ਇਤਿਹਾਸ ਬਹੁਤ ਪੁਰਾਣਾ ਹੈ। ਭਾਰਤ ਵਿਚ ਇਹ ਪਰੰਪਰਾ ਗੁਰੂ ਰਿਸ਼ੀਆਂ ਦੇ ਚਿੰਤਨ ਰੂਪ ਵਿਚ ਵਿਕਸਿਤ ਹੋਈ। ਪਹਿਲਾਂ ਇਸ ਚਿੰਤਨ ਨੂੰ ਰਹੱਸਵਾਦੀ ਪ੍ਰਭਾਵ ਅਧੀਨ ਹੀ ਵਿਚਾਰਿਆ ਗਿਆ ਪਰੰਤੂ ਉਪਨਿਸ਼ਦਾਂ ਵਿਚ ਦਾਰਸ਼ਨਿਕ ਪੱਧਰ ਤੇ ਬੌਧਿਕ ਰੁਚੀ ਅਧੀਨ ਵੀ ਵਿਚਾਰਿਆ ਗਿਆ ਹੈ। ਉਪਨਿਸ਼ਦਾਂ ਤੋਂ ਬਾਅਦ ਜਦੋਂ ਸ਼ਾਸਤਰ ਹੋਂਦ ਵਿਚ ਆਏ ਤਾਂ ਇਹ ਵਿਭਿੰਨ ਦਾਰਸ਼ਨਿਕ ਪ੍ਰਣਾਲੀਆਂ ਦੇ ਆਰੰਭ ਦਾ ਕਾਰਣ ਬਣੇ। ਹਰ ਦਾਰਸ਼ਨਿਕ ਪ੍ਰਣਾਲੀ, ਨਵੇਂ ਵਿਚਾਰ, ਨਵੇਂ ਸਿਧਾਂਤ ਤੇ ਨਵੇਂ ਤੱਥਾਂ ਨੂੰ ਲੈ ਕੇ ਉਤਪੰਨ ਹੋਈ ਪਰੰਤੂ ਇਨ੍ਹਾਂ ਸਾਰੀਆਂ ਪ੍ਰਣਾਲੀਆਂ ਦੇ ਉਦੇਸ਼ ਸਾਂਝੇ ਸਨ ਜਿਵੇਂ ਜੀਵ ਅਤੇ ਬ੍ਰਹਮ ਨੂੰ ਸਮਝ ਕੇ ਇਨ੍ਹਾਂ ਦੇ ਆਪਸੀ ਰਿਸ਼ਤੇ ਨੂੰ ਸਥਾਪਿਤ ਕਰਨਾ, ਸੰਸਾਰ ਦੇ ਮੂਲ ਤੱਤ ਨੂੰ ਪਛਾਨਣਾ ਅਤੇ ਮਨੁੱਖਾ ਜੀਵਨ ਵਿਚ ਇਸ ਦੀ ਸਾਰਥਕਤਾ ਨੂੰ ਸਵੀਕਾਰ ਕਰਨਾ।

ਦਰਸ਼ਨ ਸ਼ਬਦ ਗਰੀਕ ਸ਼ਬਦ ਫਿਲਾਸਫੀਆ (Philosophia) ਤੋਂ ਭਾਰਤੀ ਸਾਹਿਤ ਵਿੱਚ ਆਇਆ ਹੈ। ਜਿੰਨੀ ਟੈਕਮਾਇਨ ਅਤੇ ਕੈਥਰੀਨ ਸੀ. ਏਵਾਂਸ ਨੇ ਦਰਸ਼ਨ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ ਹੈ :

> ਫਿਲਾਸਫੀ ਅਜਿਹੀਆਂ ਸਾਧਾਰਨ ਅਤੇ ਮੂਲ ਸਮੱਸਿਆਵਾਂ ਦਾ ਅਧਿਐਨ ਹੈ ਜਿਹੜੀਆਂ ਗਿਆਨ, ਜੀਵਨ-ਮੁੱਲਾਂ, ਕਾਰਨਾਂ, ਮਨੁੱਖੀ-ਮਨ ਅਤੇ ਭਾਸ਼ਾ ਨਾਲ ਸੰਬੰਧਿਤ ਹਨ।[4]

ਦਰਸ਼ਨ ਦੀਆਂ ਬਹੁਤ ਸਾਰੀਆਂ ਸ਼ਖਾਵਾਂ ਹਨ। ਜਿਹੜੀਆਂ ਮੁੱਖ ਤੌਰ ਤੇ ਮੈਟਾਫਿਜਿਕਸ (Metaphysics), ਸਦਾਚਾਰਕ ਦਰਸ਼ਨ (Moral philosophy), ਮਾਨਸਿਕ ਦਰਸ਼ਨ (Philosophy of Mind), ਭਾਸ਼ਾ ਦਰਸ਼ਨ, ਧਾਰਮਿਕ ਦਰਸ਼ਨ (Philosophy of Religion) ਅਤੇ

ਰਾਜਨੀਤਿਕ ਦਰਸ਼ਨ (Political Philosophy) ਆਦਿ ਹਨ। ਸਾਡਾ ਅਧਿਐਨ ਖੇਤਰ ਜਨਮਸਾਖੀਆਂ ਵਿਚਲੀਆਂ ਗੋਸ਼ਟਾਂ ਦਾ ਹੋਣ ਕਰਕੇ ਇਹ ਧਾਰਮਿਕ ਦਰਸ਼ਨ ਨਾਲ ਸੰਬੰਧਿਤ ਹੈ। ਇਥੇ ਧਾਰਮਿਕ ਦਰਸ਼ਨ ਤੋਂ ਭਾਵ ਸਿਖ ਦਰਸ਼ਨ ਤੋਂ ਲਿਆ ਹੈ। ਗੋਸ਼ਟਾਂ ਵਿਚਲੀ ਗੁਰਮਤਿ ਅਤੇ ਇਸਲਾਮਿਕ ਦਾਰਸ਼ਨਿਕਤਾ ਨੂੰ ਜਾਨਣ ਤੋਂ ਪਹਿਲਾਂ ਸਾਨੂੰ ਭਾਰਤੀ ਅਤੇ ਪੱਛਮੀ ਦਰਸ਼ਨ ਬਾਰੇ ਸੰਖੇਪ ਰੂਪ ਵਿਚ ਜਾਣ ਲੈਣਾ ਲਾਹੇਵੰਦ ਹੋਵੇਗਾ।

**ਪੱਛਮੀ ਦਰਸ਼ਨ** : ਪੱਛਮੀ ਦਰਸ਼ਨ ਨੂੰ ਅਸੀਂ ਤਿੰਨ ਵਰਗਾਂ ਵਿਚ ਵੰਡ ਸਕਦੇ ਹਾਂ। ਪ੍ਰਾਚੀਨ ਦਰਸ਼ਨ, ਮੱਧਕਾਲੀ ਦਰਸ਼ਨ, ਅਤੇ ਆਧੁਨਿਕ ਦਰਸ਼ਨ। ਪ੍ਰਾਚੀਨ ਦਰਸ਼ਨ ਮੁੱਖ ਤੌਰ ਤੇ ਯੂਨਾਨੀ ਦਰਸ਼ਨ ਹੈ। ਮੱਧਕਾਲੀਨ ਦਰਸ਼ਨ ਦਾ ਮੁੱਖ ਕਾਰਜ ਵਿਸ਼ਵਾਸ ਅਤੇ ਬੁੱਧੀ ਦੇ ਦਾਅਵਿਆਂ ਦੀ ਜਾਂਚ ਕਰਨਾ ਸੀ। ਵਿਸ਼ਵਾਸ ਦਾ ਦਾਅਵਾ ਸੀ ਕਿ ਸੱਚ ਦਾ ਮਹੱਤਵਪੂਰਨ ਭਾਗ ਦੈਵੀ ਖੋਜ ਹੈ ਭਾਵੇਂ ਇਹ ਬੁੱਧੀ ਦੀ ਸਮਝ ਵਿਚ ਆਵੇ ਜਾਂ ਨਾ ਆਵੇ ਪਰੰਤੂ ਇਸ ਨੂੰ ਤਾਂ ਮੰਨਣਾ ਹੀ ਹੋਵੇਗਾ।

ਦਰਸ਼ਨ ਸ਼ਾਸਤਰ ਦੇ ਖੇਤਰ ਵਿਚ ਕਈ ਪੱਛਮੀ ਦਾਰਸ਼ਨਿਕਾਂ ਅਤੇ ਲੇਖਕਾਂ ਨੇ ਆਪਣੇ-ਆਪਣੇ ਦ੍ਰਿਸ਼ਟੀਕੋਣ ਤੋਂ ਦਰਸ਼ਨ ਦੀਆਂ ਪਰਿਭਾਸ਼ਾਵਾਂ ਦਿੱਤੀਆਂ ਹਨ। ਡਾ. ਐਸ ਐਨ ਦਾਸ ਗੁਪਤਾ ਨੇ ਇਕ ਪੱਛਮੀ ਵਿਦਵਾਨ ਟਾਈਟਸ ਦੇ ਮਤ ਅਨੁਸਾਰ ਇਸ ਤਰ੍ਹਾਂ ਵਿਚਾਰ ਪੇਸ਼ ਕੀਤੇ ਹਨ :

1. ਦਰਸ਼ਨ-ਸ਼ਾਸਤਰ ਜੀਵਨ ਅਤੇ ਦੁਨੀਆਂ ਦੇ ਵਿਚ ਵਿਅਕਤੀਗਤ ਦ੍ਰਿਸ਼ਟੀਕੋਣ ਹੈ।
2. ਦਰਸ਼ਨ-ਸ਼ਾਸਤਰ ਵਿਚਾਰ ਯੋਗ ਚਿੰਤਨ ਅਤੇ ਦਲੀਲਮਈ ਖੋਜ ਦਾ ਇਕ ਢੰਗ ਹੈ।
3. ਦਰਸ਼ਨ-ਸ਼ਾਸਤਰ ਸੰਪੂਰਨ ਗਿਆਨ ਦਾ ਦਰਸ਼ਨ ਪ੍ਰਾਪਤ ਕਰਨ ਦਾ ਯਤਨ ਹੈ।
4. ਦਰਸ਼ਨ-ਸ਼ਾਸਤਰ ਸ਼ਬਦਾਂ ਅਤੇ ਪਦਾਂ ਦੇ ਅਰਥ ਦਾ ਸਪਸ਼ਟੀਕਰਨ ਅਤੇ ਭਾਸ਼ਾ ਦਾ ਦਲੀਲਮਈ ਵਿਸ਼ਲੇਸ਼ਣ ਹੈ।
5. ਦਰਸ਼ਨ-ਸ਼ਾਸਤਰ ਸਮਗਿਆਨ ਅਤੇ ਉਨ੍ਹਾਂ ਦੇ ਹੱਲ ਦੇ ਸਿਧਾਂਤਾਂ ਦਾ ਸਮੂਹ ਹੈ।[5]

ਉਪਰੋਕਤ ਦੇ ਅਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਇਹ ਪਰਿਭਾਸ਼ਾਵਾਂ ਇਕ ਦੂਜੇ ਦੀਆਂ ਪੂਰਕ ਹਨ ਅਤੇ ਇਹ ਮਿਲ ਕੇ ਦਰਸ਼ਨ-ਸ਼ਾਸਤਰ ਦੀ ਇਕ ਸਾਰਥਕ ਪਰਿਭਾਸ਼ਾ ਬਣ ਜਾਂਦੀ ਹੈ

**ਭਾਰਤੀ ਦਰਸ਼ਨ** : ਭਾਰਤੀ ਦਰਸ਼ਨ ਰਿਸ਼ੀਆਂ, ਮੁਨੀਆਂ, ਭਗਤਾਂ ਅਤੇ ਬੁੱਧੀਜੀਵੀਆਂ ਦੇ ਸ਼ੁਧ ਮਨ, ਬੁੱਧੀ ਤੋਂ ਜਿਸ ਕਰਮ, ਗਿਆਨ ਅਤੇ ਭਗਤੀ ਜਾਂ ਨਾਮ ਸਿਮਰਨ ਨੁਮਾ ਤ੍ਰਿਕੋਣੇ ਚਸ਼ਮੇ ਦਾ ਪ੍ਰਵਾਹ ਹੋਇਆ, ਉਸ ਨੇ ਦੂਰ-ਦੁਰਾਡੀ ਮਾਨਵਤਾ ਦੇ ਅਧਿਆਤਮਕ ਵਿਚਾਰਾਂ ਨੂੰ ਨਿਖਾਰ ਕੇ ਪਵਿੱਤਰ, ਸੁਧ-ਬੁਧ ਅਤੇ ਸਦਾ ਸਵੱਛ ਬਣਾ ਕੇ ਮਾਨਵਤਾ ਦੇ ਵਿਕਾਸ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਭਾਰਤੀ ਸਾਹਿਤ ਵਿਚ ਇਸ ਨੂੰ ਹੀ ਦਰਸ਼ਨ ਕਿਹਾ ਜਾਂਦਾ ਹੈ। ਦਰਸ਼ਨ ਸ਼ਬਦ ਦਾ ਅਰਥ ਦ੍ਰਿਸ਼ਟੀ ਜਾਂ ਦੇਖਣਾ ਹੈ। ਪਰੰਤੂ ਇਹ ਦ੍ਰਿਸ਼ਟੀ ਆਮ ਦ੍ਰਿਸ਼ਟੀ ਨਹੀਂ ਸਗੋਂ ਇਹ ਅੰਤਰ ਦ੍ਰਿਸ਼ਟੀ ਦੁਆਰਾ ਦੇਖ-ਪਰਖ ਕਰਕੇ ਕਿਸੇ ਨਿਸ਼ਕਰਸ਼ 'ਤੇ ਪਹੁੰਚਣਾ ਹੀ ਦਰਸ਼ਨ ਹੈ।

ਡਾ. ਰਾਧਾ ਕ੍ਰਿਸ਼ਨਨ ਨੇ ਇਨ੍ਹਾਂ ਨੂੰ 'ਅੰਤਰ ਗਿਆਨ' ਦੀ ਦ੍ਰਿਸ਼ਟੀ ਤੋਂ ਹੀ ਵਾਚਣ ਦੀ ਕੋਸ਼ਿਸ਼ ਕੀਤੀ ਹੈ ਕਿ ਦਰਸ਼ਨ ਅੰਤਰ ਗਿਆਨ ਦੇ ਅਧਾਰ 'ਤੇ ਸਿਧ ਕਰਨਾ ਅਤੇ ਉਸਦਾ ਪ੍ਰਚਾਰ ਕਰਨਾ ਹੈ। ਦਰਸ਼ਨ ਦਾ ਮੂਲ ਤੱਤਵ ਮਨੁੱਖੀ ਅਨੁਭਵ ਦਾ ਤਾਰਕਿਕ ਦ੍ਰਿਸ਼ਟੀਕੋਣ ਹੈ। ਇਹ ਅਨੁਭਵ ਤਿੰਨ ਪ੍ਰਕਾਰ ਦਾ ਹੈ।

1. ਇੰਦ੍ਰੀ ਅਨੁਭਵ
2. ਬੌਧਿਕ ਅਨੁਭਵ
3. ਅਧਿਆਤਮਕ ਅਨੁਭਵ [6]

'ਦਰਸ਼ਨ' ਅਧਿਅਤਮਕਤਾ ਦਾ ਬੌਧਿਕ ਗਿਆਨ ਹੈ। ਅੰਤਰ ਦ੍ਰਿਸ਼ਟੀ ਦੁਆਰਾ ਅਨੁਭਵ ਕੀਤੇ ਗਿਆਨ ਦਾ ਪ੍ਰਗਟਾਅ 'ਦਰਸ਼ਨ' ਅਖਵਾਉਂਦਾ ਹੈ। ਇਸ ਕਰਕੇ ਦਰਸ਼ਨ ਸ਼ਬਦ ਦਾ ਅਰਥ ਅੰਤਰ ਦ੍ਰਿਸ਼ਟੀ ਅਨੁਭਵ ਦਾ ਪ੍ਰਤੱਖ ਸੰਪੂਰਨ ਗਿਆਨ ਹੈ।

'ਦਰਸ਼ਨ' ਦਾ ਘੇਰਾ ਵਿਸ਼ਾਲ ਅਤੇ ਗਹਿਰਾ ਹੈ। ਇਹ ਰਹੱਸਵਾਦੀ ਅਨੁਭਵ ਨੂੰ ਬੌਧਿਕ ਪੱਧਰ 'ਤੇ ਸਿੱਧ ਕਰਨ ਦਾ ਉਪਰਾਲਾ ਹੈ ਜਿਵੇਂ-ਇਸ ਜੀਵਨ ਦਾ ਮੂਲ ਕੀ ਹੈ? ਇਸ ਦਾ ਮਨੋਰਥ ਕੀ ਹੈ ਅਤੇ ਇਸ ਜੀਵਨ ਨੂੰ ਸਫਲਤਾ ਪੂਰਵਕ ਕਿਵੇਂ ਜੀਵਿਆ ਜਾ ਸਕਦਾ ਹੈ? ਮਨੁੱਖ ਅਤੇ ਸੰਸਾਰ ਦੀ ਰਚਨਾ ਕੌਣ ਕਰਦਾ ਹੈ? ਦੁੱਖ ਅਤੇ ਸੁੱਖ ਕਿਵੇਂ ਉਪਜਦੇ ਹਨ ਅਤੇ ਇਨ੍ਹਾਂ ਦਾ ਮੂਲ ਕਾਰਣ ਕੀ ਹੈ? ਸੰਸਾਰ ਵਿਚ ਕੀਤੇ ਕਰਮਾਂ ਦਾ ਨਿਬੇੜਾ ਕਿਥੇ ਹੁੰਦਾ ਹੈ? ਮਨੁੱਖ ਨੂੰ ਕਿਸ ਤਰ੍ਹਾਂ ਦੇ ਕਰਮ ਕਰਨੇ ਚਾਹੀਦੇ ਹਨ?

ਇਸ ਤਰ੍ਹਾਂ ਦੇ ਅਨੇਕਾਂ ਪ੍ਰਸ਼ਨਾਂ ਦੇ ਰਹੱਸ ਨੂੰ 'ਦਰਸ਼ਨ' ਤਾਰਕਿਕ ਵਿਧੀ ਨਾਲ ਸਿੱਧ ਕਰਦਾ ਹੈ, ਜਿਸ ਨਾਲ ਪ੍ਰਮਾਣਾ ਦੀ ਪੁਸ਼ਟੀ ਹੁੰਦੀ ਹੈ।

ਇਸ ਤਰ੍ਹਾਂ ਦੇ ਸਿਧਾਂਤਾਂ ਦੀ ਪੁਸ਼ਟੀ ਕਰਦਿਆਂ 'ਦਰਸ਼ਨ' ਦੇ ਨਾਲ-ਨਾਲ 'ਧਰਮ' ਵੀ ਵਿਸ਼ੇਸ਼ ਭੂਮਿਕਾ ਨਿਭਾਉਂਦੇ ਹਨ। ਦੋਹਾਂ ਦਾ ਉਦੇਸ਼ ਇਕੋ ਹੀ ਹੈ। ਦੋਵੇ ਪਰਾਭੌਤਿਕ ਤੱਤਾਂ ਦੀ ਵਿਆਖਿਆ ਅਤੇ ਵਿਸ਼ਲੇਸ਼ਣ ਕਰਦੇ ਹਨ। 'ਦਰਸ਼ਨ' ਤਾਰਕਿਕ ਬੌਧਿਕਤਾ ਤੇ ਨਿਯਮੱਤ ਹੈ ਜਦਕਿ 'ਧਰਮ' ਵਿਵਹਾਰਕ ਭਾਵਕ ਅਤੇ ਨਿੱਜੀ ਹੈ। 'ਧਰਮ' ਦਾ ਕਰੱਤਵ ਅਭਿਆਸੀ ਤੇ ਅਮਲੀ ਹੈ, ਨਿਰੋਲ ਸਿਧਾਂਤਕ ਜਾਂ ਦਾਰਸ਼ਨਿਕ ਨਹੀਂ। 'ਦਰਸ਼ਨ' ਸ੍ਰਿਸ਼ਟੀ ਦੇ ਮੂਲ ਤੱਤਾਂ ਦਾ ਨਿਆਏਸ਼ੀਲ ਢੰਗ ਨਾਲ ਨਿਰੂਪਣ ਕਰਦਾ ਹੈ। ਬ੍ਰਹਮ, ਜਗਤ, ਆਤਮਾ, ਮਾਇਆ, ਮੁਕਤੀ ਬਾਰੇ ਗਿਆਨ ਨੂੰ ਬੌਧਿਕ ਪੱਧਰ 'ਤੇ ਵਿਚਾਰਦਾ ਹੈ ਪਰੰਤੂ 'ਧਰਮ' ਮੂਲ ਰੂਪ ਵਿਚ ਭਾਵ-ਭਰਪੂਰ ਬ੍ਰਿਤੀ ਹੈ। ਡਾ. ਬਲਦੇਵ ਉਪਾਧਿਆਏ ਵੀ 'ਧਰਮ' ਅਤੇ 'ਦਰਸ਼ਨ' ਦੀ ਨਿਯਮੱਤਾ ਨੂੰ ਸਵੀਕਾਰਦੇ ਹਨ :

> 'ਦਰਸ਼ਨ ਵਿਚਾਰਾਂ ਦਾ ਪ੍ਰਤੀਪਾਦਨ ਕਰਨਾ ਅਤੇ ਇਨ੍ਹਾਂ ਵਿਚਾਰਾਂ ਦੇ ਅਨੁਸਾਰ ਆਚਾਰਾ ਦੀ ਵਿਵਸਥਾ ਕਰਨਾ ਧਰਮ ਦਾ ਕੰਮ ਹੈ। ਦਰਸ਼ਨ ਸਿਧਾਂਤ ਦਾ ਪ੍ਰਤੀਪਾਦਕ ਹੈ ਤਾਂ ਧਰਮ ਵਿਵਹਾਰ ਦਾ ਪ੍ਰਦਰਸ਼ਕ। ਧਰਮ ਦੀ ਇਮਾਰਤ ਖੜੀ ਕਰਨ ਲਈ ਦਰਸ਼ਨ ਨੀਂਹ ਰੱਖਦਾ ਹੈ'।[7]

ਧਰਮ ਦਾ ਮੁਖ ਮੰਤਵ ਜੀਵ ਨੂੰ ਉਸ ਦੇ ਅਸਲੀ ਉਦੇਸ਼ ਤੋਂ ਜਾਣੂ ਕਰਵਾਉਣਾ ਅਤੇ ਸੰਸਾਰਿਕ ਜੀਵਨ ਵਿਚ ਵਿਚਰਦਿਆਂ, ਉਸ ਨੂੰ ਅਸਲ ਜੀਵਨ ਦੀ ਸੋਝੀ ਕਰਵਾਉਣਾ ਤੇ ਸ਼ਾਤੀ ਪ੍ਰਦਾਨ ਕਰਨਾ ਹੈ। ਧਰਮ ਦਾ ਪੱਲਾ ਫੜ ਕੇ ਮਨੁੱਖ ਭਟਕਣ ਤੋਂ ਬਚ ਸਕਦਾ ਹੈ ਤੇ ਆਪਣੇ ਜੀਵਨ ਦੀ ਸਹੀ ਦਿਸ਼ਾ ਵਲ ਵਧਦਾ ਹੈ। ਧਰਮ ਨਿਮਰਤਾ, ਨਿਰਮਾਣਤਾ, ਨਿਰਛਲ ਤੇ ਨਿਰਕਪਟ ਦੀ ਜ਼ਿੰਦਗੀ ਤੋਂ ਮੁਕਤ ਕਰਾਉਂਦਾ ਹੋਇਆ ਸ਼ੁਧ-ਆਤਮਕ ਜ਼ਿੰਦਗੀ ਹੀ ਸਮੂਰਤ ਕਰਦਾ ਹੈ। ਸ਼ੁਧ ਆਤਮਕ ਜ਼ਿੰਦਗੀ ਹੀ 'ਧਰਮ' ਦੀ ਜ਼ਿੰਦਗੀ ਹੈ, ਵਿਸ਼ਵਾਸ ਤੇ ਅਮਲ ਦੀ ਜ਼ਿੰਦਗੀ ਹੈ ਅਤੇ ਅਨੁਭਵੀ ਜ਼ਿੰਦਗੀ ਵੀ ਹੈ।

ਧਰਮ ਅਤੇ ਦਰਸ਼ਨ ਦੋਨਾਂ ਨਾਲ ਹੀ ਜ਼ਿੰਦਗੀ ਦੀ ਵਿਕਾਸ ਯਾਤਰਾ ਸੰਭਵ ਹੋ ਸਕਦੀ ਹੈ, ਦੋਨਾਂ ਦਾ ਆਦਿ ਅੰਤ ਇਕੋ ਹੀ ਹੈ। ਧਰਮ ਅਤੇ ਦਰਸ਼ਨ ਦੋਨੋਂ ਹੀ ਵਾਸਤਵਿਕ ਵਿਚ ਪਰਾਭੌਤਿਕ ਤੱਤਵ ਦੀ ਭਾਲ ਵਿਚ ਲੱਗੇ ਰਹਿੰਦੇ ਹਨ ਪਰੰਤੂ ਇਨ੍ਹਾਂ ਦੋਨਾਂ ਦੀਆਂ ਵਿਕਾਸ ਪੱਧਤੀਆਂ ਭਿੰਨ-ਭਿੰਨ ਹਨ। ਜਿਥੇ ਦਰਸ਼ਨ ਵਿਚ ਤਰਕ-ਵਿਤਰਕ ਨੂੰ ਪਹਿਲ ਦਿੱਤੀ ਗਈ ਹੈ, ਬੌਧਿਕਤਾ ਦੀ ਪ੍ਰਮੁਖਤਾ ਹੈ, ਉਥੇ ਧਰਮ, ਵਿਸ਼ਵਾਸ ਅਤੇ ਦ੍ਰਿੜਤਾ ਦੀ ਨੀਂਹ 'ਤੇ ਉਸਰਦਾ ਹੈ।

'ਦਰਸ਼ਨ' ਆਤਮਕ ਅਨੁਭਵ ਦਾ ਲਖਾਇਕ ਨਹੀਂ ਸਗੋਂ ਸਾਧਨ ਮਾਤਰ ਹੈ ਤੇ ਧਰਮ ਰਹੱਸਵਾਦੀ ਹੈ, ਤੇ ਸ਼ੁਧ ਆਤਮਕ ਅਨੁਭਵ ਸਮੂਰਤ ਕਰਦਾ ਹੈ। ਗੁਰੂ ਅਰਜਨ ਦੇਵ ਜੀ ਨੇ 'ਸੁਖਮਨੀ ਸਾਹਿਬ' ਹਰਿ ਦਾ ਨਾਮ ਜਪਣ ਨੂੰ ਹੀ ਸਭ ਤੋਂ ਉਤਮ ਧਰਮ ਮੰਨਿਆਂ ਹੈ :

ਸਰਬ ਧਰਮ ਮਹਿ ਸ੍ਰੇਸਟ ਧਰਮੁ।। ਹਰਿ ਕੋ ਨਾਮੁ ਜਪਿ ਨਿਰਮਲ ਕਰਮੁ।।[8]

ਦਰਸ਼ਨ ਅਤੇ ਧਰਮ ਦਾ ਵਿਕਾਸ ਭਾਵੇਂ ਇਕੱਠਾ ਹੀ ਹੋਵੇ ਲੇਕਿਨ ਧਰਮ ਦੀ ਉਤਪਤੀ ਦਰਸ਼ਨ ਤੋਂ ਪਹਿਲਾਂ ਹੀ ਹੁੰਦੀ ਹੈ। ਧਰਮ ਅਨੁਸਾਰ ਜਿਹੜੇ ਨਿਯਮ ਸਥਾਪਿਤ ਕੀਤੇ ਜਾਂਦੇ ਹਨ, ਦਰਸ਼ਨ ਤਰਕਵਾਦੀ ਢੰਗ ਨਾਲ ਦਲੀਲ ਦੀ ਕਸਵੱਟੀ 'ਤੇ ਪੂਰਾ ਉਤਰਦਾ ਹੈ।

ਦਰਸ਼ਨ ਅਤੇ ਧਰਮ ਦਾ ਧੁਰਾ 'ਬ੍ਰਹਮ' ਦੇ ਆਲੇ ਦੁਆਲੇ ਹੀ ਘੁੰਮਦਾ ਹੈ, ਬਹੁਤ ਸਾਰੇ ਸ਼ਾਸਤਰਾਂ ਜਿਵੇਂ-ਨਿਆਏ, ਵਸ਼ੈਸ਼ਿਕ, ਸਾਂਖ, ਆਦਿ ਨੇ 'ਬ੍ਰਹਮ' ਪ੍ਰਤੀ ਆਪਣਾ ਸੰਕਲਪ ਤੇ ਦ੍ਰਿਸ਼ਟੀਕੋਣ ਨਿਰੂਪਣ ਕੀਤਾ ਹੈ ਪਰੰਤੂ ਗੁਰੂ ਗ੍ਰੰਥ ਸਾਹਿਬ ਵਿਚ 'ਬ੍ਰਹਮ' ਦੀ ਜੋ ਵਿਆਖਿਆ ਕੀਤੀ ਗਈ ਮਿਲਦੀ ਹੈ, ਉਹ ਹੋਰ ਕਿਸੇ ਵੀ ਭਾਰਤੀ ਦਰਸ਼ਨ ਵਿਚ ਨਹੀਂ ਕੀਤੀ ਗਈ। ਗੁਰੂ ਨਾਨਕ ਦੇਵ ਜੀ ਨੇ ਪਰੰਪਰਾਗਤ ਆਦਰਸ਼ਕ ਸੋਚ-ਪ੍ਰਣਾਲੀ ਨੂੰ ਤਿਆਗ ਕੇ ਨਵੇ ਸਿਰਿਓਂ ਵਿਚਾਰਧੀਨ ਸਮੱਸਿਆ ਨੂੰ ਸੁਲਝਾਉਣ ਦਾ ਰਾਹ ਅਪਣਾਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਮੌਲਿਕ (Original) ਗ੍ਰੰਥ ਹੈ। ਇਸ ਦਾ ਧਰਮ ਤੇ ਦਰਸ਼ਨ ਵੀ ਮੌਲਿਕ ਹੈ। ਭਾਵੇਂ ਇਸ ਦੀਆਂ ਜੜ੍ਹਾਂ ਭਾਰਤੀ ਹੀ ਹਨ, ਪਰ ਇਸ ਦੀ ਸੁਤੰਤਰਤਾ ਤੇ ਮੌਲਿਕਤਾ ਬਾਰੇ ਸ਼ੰਕਾ ਨਹੀਂ ਕੀਤਾ ਜਾ ਸਕਦਾ। 'The gospel of the Guru Granth Sahib' ਦਾ ਕਰਤਾ, (Duncan Greenless) ਡੰਕਨ ਗ੍ਰੀਨਲੀਜ਼, ਜਿਹੜਾ ਤੁਲਨਾਤਮਕ

ਧਰਮਾਂ (Comparative Religion) ਦਾ ਬਹੁਤ ਵੱਡਾ ਤੇ ਵਿਸ਼ਵ ਪ੍ਰਸਿੱਧ ਵਿਦਵਾਨ ਹੋਇਆ ਹੈ, ਸਿਖ ਧਰਮ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਆਪਣਾ ਦ੍ਰਿਸ਼ਟੀਕੋਣ ਇਸ ਤਰ੍ਹਾਂ ਮੂਰਤੀਮਾਨ ਕਰਦਾ ਹੈ :-

ਸਿਖ ਧਰਮ ਦਾ ਹਿੰਦੂ ਅਤੇ ਮੁਸਲਮਾਨ ਧਰਮਾਂ ਨਾਲ ਤੁਲਨਾਤਮਕ ਅਧਿਐਨ ਕਰਨ ਤੋਂ ਸਪਸ਼ਟ ਹੋ ਜਾਂਦਾ ਹੈ ਕਿ 'ਸਿਖ ਧਰਮ' ਹਿੰਦੂ ਧਰਮ ਦਾ ਭੇਸ-ਵਟਾਵਾਂ ਰੂਪ ਨਹੀਂ ਹੈ, ਬਲਕਿ ਇਸ ਦਾ ਇਲਹਾਮ (Intuition) ਸਿੱਧਾ ਤੇ ਸੁਤੰਤਰ, ਉਸ ਪਰਮ-ਸਰੂਪ ਤੋਂ ਹੋਇਆ ਹੈ, ਜਿਸ ਤੋਂ ਹੋਰਨਾਂ ਧਰਮਾਂ ਦਾ ਹੋਇਆ ਹੈ। ਇਹ ਮੁਸਲਮਾਨੀ ਸਿਖਿਆਵਾਂ ਦਾ ਵੀ ਕੋਈ ਬਦਲਿਆ-ਵਟਿਆ ਰੂਪ ਨਹੀਂ, ਭਾਵੇਂ ਸਿਖ ਧਰਮ ਵੀ ਪ੍ਰਮਾਤਮਾ ਨਾਲ ਪ੍ਰੇਮ ਅਤੇ ਉਸ ਦੀ ਯਾਦ-ਸਿਮ੍ਰਤੀ ਨੂੰ ਹੀ ਦ੍ਰਿੜ ਕਰਾਉਂਦਾ ਹੈ। ਇਹ ਵੀ ਵਿਸ਼ਵ ਦੇ ਹੋਰ ਮੁੱਖ ਤੇ ਮਹਾਨ ਧਰਮਾਂ ਵਾਂਗ ਇਕ ਅੱਡਰਾ ਤੇ ਅਜ਼ਾਦ ਧਰਮ ਹੈ। ਪਵਿਤ੍ਰਤਾ ਅਤੇ ਰਹੱਸਵਾਦ ਦੇ ਦ੍ਰਿਸ਼ਟੀਕੋਣ ਤੋਂ, ਇਸ ਦਾ (ਸਿਖ ਧਰਮ) ਸ੍ਰੀ ਗੁਰੂ ਗ੍ਰੰਥ ਸਾਹਿਬ, ਵਿਸ਼ਵ ਦੇ ਧਰਮਾਂ ਵਿਚ ਇਕ ਮਹਾਨ ਸਥਾਨ ਹੈ। ਧਾਰਮਿਕ ਪੱਖ ਦੀ ਮਹਾਨਤਾ ਤੋਂ ਛੁਟ ਵਿਸ਼ਵ ਦੇ ਮਹਾਂ ਕਾਵਿਯ ਵਿਚ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਥਾਨ ਟੀਸੀ ਦਾ ਹੈ। ਵਿਸ਼ਵ ਦੀਆਂ ਧਰਮ-ਪੁਸਤਕਾਂ ਵਿਚੋਂ ਸ਼ਾਇਦ ਹੀ ਕਿਸੇ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਮਾਨ ਸਾਹਿਤਕ ਖ਼ੂਬਸੂਰਤੀ ਹੋਵੇ ਜਾਂ ਇਕ ਰਸ ਅਨੁਭਵੀ-ਗਿਆਨ ਦੀ ਉੱਚਤਾ ਹੋਵੇ।

> ੧ੴ ਸਤਿਨਾਮੁ ਕਰਤਾ ਪੁਰਖ ਨਿਰਭਉ ਨਿਰਵੈਰ
> ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥

ਗੁਰੂ ਨਾਨਕ ਦੇਵ ਜੀ ਨੇ ਪਰਮਤੱਤ ਬਾਰੇ ਅਧਿਆਤਮਵਾਦੀ ਤੇ ਸੰਸਾਰਕ ਯਥਾਰਥ ਬਾਰੇ 'ਅਧਿਆਤਮਵਾਦੀ ਯਥਾਰਥਵਾਦੀ' ਧਾਰਾ ਦਾ ਇਕ ਨਵਾਂ ਰੂਪ ਸਾਹਮਣੇ ਲੈ ਕੇ ਆਉਂਦਾ। ਡਾ. ਵਜ਼ੀਰ ਵੀ ਧਰਮ ਅਤੇ ਦਰਸ਼ਨ ਵਿਚਲੀ ਸੂਖਮ ਵੱਖਰਤਾ ਨੂੰ ਇਉਂ ਦਰਸਾਉਂਦੇ ਹਨ :

> ਕਿਸੇ ਧਰਮ ਗ੍ਰੰਥ ਦੀ ਬਾਣੀ ਦਾ ਅਧਿਐਨ ਦੋ ਤਰ੍ਹਾਂ ਨਾਲ ਹੁੰਦਾ ਹੈ ਪਹਿਲਾਂ ਸ਼ਰਧਾ ਤੇ ਵਿਸ਼ਵਾਸ, ਦੂਜਾ ਬੁੱਧ ਬਿਬੇਕ ਨਾਲ ਹੁੰਦਾ ਹੈ। 'ਦਾਰਸ਼ਨਿਕ ਵਿਧੀ ਸਮੁੱਚੇ ਰੂਪ ਵਿਚ ਵਿਵੇਕਸ਼ੀਲ ਵਿਧੀ ਹੈ। ਦਰਸ਼ਨ ਬੌਧਿਕਤਾ ਦੇ ਲੜ ਨੂੰ ਪੀਡੀ ਗੰਢ ਪਾ ਕੇ ਰੱਖਦਾ ਹੈ'।[੭]

ਗੁਰੂ ਨਾਨਕ ਦੇਵ ਜੀ ਨੇ ਤੱਤਕਾਲੀ ਸਮਾਜਿਕ ਅਤੇ ਧਾਰਮਿਕ ਅਧੋਗਤੀ ਦਾ ਗੰਭੀਰਤਾ ਨਾਲ ਅਧਿਐਨ ਕੀਤਾ ਅਤੇ ਜਗਤ-ਜਲੰਦੇ ਨੂੰ ਠਾਰਨ ਲਈ ਅਤੇ ਮਾਨਵੀ ਚੇਤਨਾ ਨੂੰ ਜਾਗਰਿਤ ਕਰਨ ਲਈ ਚਾਰ ਉਦਾਸੀਆਂ ਦਾ ਇਕ ਲੰਬਾ ਪੈਂਡਾ ਤੈਅ ਕੀਤਾ, ਤਾਂ ਜੋ ਜ਼ੁਲਮਾਂ ਦੀ ਅੱਗ ਥੱਲੇ ਤੱਪਦੀ, ਬਲਦੀ ਦੁਨੀਆਂ ਨੂੰ ਸਾਰਥਿਕ ਜੀਵਨ ਸੇਧ ਦੇ ਕੇ ਠਾਰਿਆ ਜਾ ਸਕੇ। ਗੁਰੂ ਸਾਹਿਬ ਨੇ ਰੱਬੀ ਏਕਤਾ ਅਤੇ ਮਾਨਵੀ ਚੇਤਨਾ ਨਾਲ ਲੋਕਾਈ ਨੂੰ ਜਾਗਰਿਤ ਕੀਤਾ। ਜੇਕਰ ਤੱਤਕਾਲੀ ਰਾਜਨੀਤਿਕ ਅਵਸਥਾ ਵਲ ਝਾਤ ਮਾਰੀਏ ਤਾਂ ਪਤਾ ਲਗੱਦਾ ਹੈ ਕਿ ਉਸ ਸਮੇਂ ਦੀ, ਰਾਜਨੀਤੀ, ਇਸਲਾਮਿਕ ਧਾਰਮਿਕਤਾ ਦੇ ਜਬਰ ਹੇਠ ਗ੍ਰਸੀ ਹੋਈ ਸੀ। ਧਾਰਮਿਕ ਵਿਖਰੇਵੇਂ ਕਾਰਨ ਹਿੰਦੂਆਂ ਤੇ ਮੁਸਲਮਾਨਾਂ ਵਿਚ ਦੋਫਾੜਤਾ ਸੀ। ਮੁਸਲਮਾਨ ਹਿੰਦੂ ਨੂੰ ਕਾਫਿਰ ਸਮਝਦਾ ਸੀ ਅਤੇ ਹਿੰਦੂ ਮੁਸਲਮਾਨ ਨੂੰ ਮਲੇਛ। ਮੁਸਲਮਾਨ 'ਅੱਲਾ ਹੂ' ਦੀ ਗੂੰਜ ਧਾਰਮਿਕ ਸਥਾਨਾਂ 'ਤੇ ਸੁਣਨਾ ਚਾਹੁੰਦੇ ਸਨ ਅਤੇ ਹਿੰਦੂ 'ਰਾਮ ਰਾਮ' ਦਾ ਜਾਪ ਜਪ ਰਹੇ ਸਨ। ਹਿੰਦੂ ਧਰਮ ਅੰਦਰ ਕੁਝ ਹੋਰ ਵੀ ਫਿਰਕੇ ਜੋਗੀ, ਜੈਨੀ ਅਤੇ ਸੰਨਿਆਸੀ ਵੀ ਆਉਂਦੇ ਸਨ। ਜੋਗੀ ਜੰਗਲਾਂ ਵਿਚ ਧੂਣੀਆਂ ਧੁਖਾ ਕੇ ਤਪ ਕਰ ਰਹੇ ਸਨ ਅਤੇ ਅਨੇਕਾਂ ਕਰਮ ਕਾਂਡਾਂ ਰਾਹੀਂ ਭੁਲੀ ਭਟਕੀ ਜਨਤਾ ਦਾ ਸੋਸ਼ਣ ਕਰ ਰਹੇ ਸਨ। ਗੁਰੂ ਨਾਨਕ ਦੇਵ ਜੀ ਨੇ ਲੋਕਾਈ ਦੀ ਅਜਿਹੀ ਤ੍ਰਾਸਦੀ ਨੂੰ ਦੇਖ ਕੇ, ਮੋਦੀਖਾਨੇ ਦੀ ਨੌਕਰੀ ਤੋਂ ਅਸਤੀਫਾ ਦੇ ਦਿੱਤਾ ਅਤੇ ਭਾਈ ਮਰਦਾਨੇ ਨੂੰ ਆਪਣੇ ਸਫ਼ਰ ਦਾ ਹਾਣੀ ਬਣਾ ਕੇ ਦੀਨ-ਦੁਖੀਆਂ ਦੀ ਸਹਾਇਤਾ ਲਈ ਇਕ ਲੰਮੀ ਸੰਸਾਰ ਯਾਤਰਾ ਦਾ ਪੈਂਡਾ ਤੈਅ ਕੀਤਾ। ਇਸ ਸਮੇਂ ਦੌਰਾਨ ਉਹ ਵਿਸ਼ਾਲ ਭਾਰਤ ਦੇ ਹਰ ਕੋਨੇ 'ਤੇ ਪਹੁੰਚੇ। ਭਾਈ ਗੁਰਦਾਸ ਜੀ ਵੀ ਇਸ ਪ੍ਰਤੀ ਚਾਨਣਾ ਪਾਉਂਦੇ ਹਨ ਕਿ :

> ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।
> ਚੜ੍ਹਿਆ ਸੋਧਣਿ ਧਰਤਿ ਲੁਕਾਈ।।[10]

ਗੁਰੂ ਸਾਹਿਬ ਨੇ ਦਾਰਸ਼ਨਿਕ ਆਧਾਰਾਂ ਤੇ ਅਭਿਆਸ ਪ੍ਰਣਾਲੀਆਂ ਦਾ ਅਧਿਐਨ ਕੀਤਾ ਅਤੇ ਗਿਆਨ ਤੋਂ ਵਿਹੂਣੀ ਜਨਤਾ ਨੂੰ ਕਿਰਿਆਚਾਰੀ ਖੰਡ ਅਤੇ ਰਿੱਧੀਆਂ-ਸਿੱਧੀਆਂ ਅਥਵਾ ਕਰਮ ਕਾਂਡਾਂ ਕਰਾਮਾਤਾਂ ਆਦਿ ਦੀ ਨਿਰਾਥਕਤਾ ਦੱਸ ਕੇ, ਇਨ੍ਹਾਂ ਨੂੰ ਤਿਆਗਣ ਅਤੇ ਇਕ ਪਾਰਬ੍ਰਹਮ ਦਾ ਓਟ

ਆਸਰਾ ਲੈ ਕੇ ਸੰਜਮਮਈ ਜੀਵਨ ਬਿਤਾਉਣ ਦੀ ਪ੍ਰੇਰਨਾ ਦਿੱਤੀ। ਗੁਰੂ ਨਾਨਕ ਦੇਵ ਜੀ ਦੇ ਦਾਰਸ਼ਨਿਕ ਰੋਲ ਨੂੰ ਸਮਝਣ ਲਈ ਗੁਰੂ ਸਾਹਿਬ ਨਾਲ ਸੰਬੰਧਿਤ ਗੋਸ਼ਟਾਂ ਦਾ ਅਧਿਐਨ ਕਰਨਾ ਜ਼ਰੂਰੀ ਹੈ। ਗੁਰਮਤਿ ਵਿਚ ਜਿਹੜੇ ਦਾਰਸ਼ਨਿਕ ਸੰਕਲਪ ਪੇਸ਼ ਹੋਏ ਹਨ ਉਹ ਲਗਪਗ ਸਾਰੇ ਹੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਅਭਿਵਿਅਕਤ ਹਨ। ਗੁਰੂ ਸਾਹਿਬ ਨੇ ਇਕ ਥਾਂ 'ਤੇ ਬਾਣੀ ਦੀ ਰਚਨਾ ਨਹੀਂ ਕੀਤੀ ਸਗੋਂ ਚਾਰੇ ਦਿਸ਼ਾਵਾਂ ਦੀ ਯਾਤਰਾ ਕਰਦੇ ਸਮੇਂ, ਲੋਕਾਈ ਦਾ ਕਲਿਆਣ ਕਰਦੇ ਹੋਏ ਜੋ, ਅਨੁਭਵ ਕੀਤਾ ਉਹੀ ਉਨ੍ਹਾਂ ਦੀ ਬਾਣੀ ਵਿਚ ਦਰਜ ਹੈ। ਜਿਥੇ-ਜਿਥੇ ਉਹ ਗਏ ਉਨ੍ਹਾਂ ਨੇ ਸਿਧਾਂ, ਨਾਥਾਂ, ਜੋਗੀਆਂ, ਹਾਜੀਆਂ, ਕਾਜ਼ੀਆਂ ਨਾਲ ਸੰਵਾਦ ਰਚਾਏ ਤੇ ਉਨ੍ਹਾਂ ਦੇ ਸ਼ੰਕਿਆਂ ਦਾ ਨਿਵਾਰਣ ਕਰਨ ਲਈ ਜੋ ਉਪਦੇਸ਼ ਦਿੱਤੇ ਹਨ, ਉਹੀ ਗੁਰਮਤਿ ਦਾ ਦਾਰਸ਼ਨਿਕ ਧੁਰਾ ਹੈ। ਉਨ੍ਹਾਂ ਨੇ ਮੱਧ ਪੂਰਬ ਵਿਚ ਸਥਿਤ ਇਸਲਾਮੀ ਦੇਸ਼ਾਂ ਦੇ ਲਗਪਗ ਸਾਰੇ ਧਰਮ ਕੇਂਦਰਾਂ ਉਤੇ ਜਾ ਕੇ ਵਿਵਿਧ ਪ੍ਰਕਾਰ ਦੀਆਂ ਭਾਰਤੀ ਤੇ ਸਾਮੀ ਪਰੰਪਰਾਵਾਂ ਦਾ ਨਜ਼ਦੀਕੀ ਅਨੁਭਵ ਕੀਤਾ ਅਤੇ ਕਈ ਹਾਜੀਆਂ ਨਾਲ ਵਿਚਾਰ ਚਰਚਾ ਕਰਕੇ ਉਨ੍ਹਾਂ ਦੇ ਮੱਤ ਤੋਂ ਜਾਣੂ ਹੋ ਕੇ ਆਪਣਾ ਮੱਤ ਵੀ ਉਨ੍ਹਾਂ ਨੂੰ ਸਪਸ਼ਟ ਕੀਤਾ। ਗੁਰੂ ਸਾਹਿਬ ਦੀ ਇਸਲਾਮੀ ਪੈਰੋਕਾਰਾਂ ਨਾਲ ਹੋਈ ਵਿਚਾਰ ਚਰਚਾ ਤੋਂ ਇਸਲਾਮੀ ਦਾਰਸ਼ਨਿਕਤਾ ਦੇ ਕਈ ਸੰਕਲਪ ਉਜਾਗਰ ਹੁੰਦੇ ਹਨ। ਜਿਸ ਤੋਂ ਇਹ ਵੀ ਸਪਸ਼ਟ ਹੁੰਦਾ ਹੈ ਕਿ ਗੁਰੂ ਸਾਹਿਬ ਨੇ ਇਸਲਾਮੀ ਧਾਰਮਿਕ ਗ੍ਰੰਥਾਂ ਦਾ ਵੀ ਡੂੰਘਾ ਅਧਿਐਨ ਕੀਤਾ ਹੋਵੇਗਾ।

**ਗੋਸ਼ਟਾਂ ਵਿਚ ਇਸਲਾਮੀ ਦਾਰਸ਼ਨਿਕਤਾ :**

ਗੋਸ਼ਟਾਂ ਅੰਦਰ ਪ੍ਰਸਤੁਤ ਇਸਲਾਮੀ ਦਾਰਸ਼ਨਿਕਤਾ ਦੋ ਰੂਪਾਂ ਵਿਚ ਮਿਲਦੀ ਹੈ, ਪ੍ਰਤੱਖ ਰੂਪ ਵਿਚ ਅਤੇ ਅਪ੍ਰਤੱਖ ਰੂਪ ਵਿਚ। ਪ੍ਰਤੱਖ ਰੂਪ ਵਿਚ ਇਹ ਉਦੋਂ ਪੇਸ਼ ਹੁੰਦੀ ਹੈ ਜਦੋਂ ਇਸਲਾਮ ਦਾ ਜਾਂ ਤਾਂ ਕੋਈ ਪੈਰੋਕਾਰ ਬੋਲਦਾ ਹੈ ਜਾਂ ਕੋਈ ਧਾਰਮਿਕ ਆਗੂ। ਅਪ੍ਰਤੱਖ ਰੂਪ ਵਿਚ ਉਥੇ ਪੇਸ਼ ਹੁੰਦੀ ਹੈ ਜਿਥੇ ਬਾਬਾ ਨਾਨਕ ਜਾਂ ਤਾਂ ਪ੍ਰਵਚਨ ਕਰਦੇ ਹਨ ਜਾਂ ਕਿਸੇ ਸ਼ਬਦ ਦਾ ਉਚਾਰਣ ਕਰਦੇ ਹਨ ਅਤੇ ਜਾਂ ਉਸ ਥਾਂ ਤੇ ਜਿਥੇ ਸਾਖੀ ਦਾ ਕਰਤਾ ਸ਼ਬਦ ਦੀ ਵਿਆਖਿਆ ਕਰਦਾ ਹੈ। ਅਸਲ ਵਿਚ ਇਸਲਾਮ ਦਾ ਪੈਰੋਕਾਰ ਜਾਂ ਧਾਰਮਿਕ ਆਗੂ ਇਸਲਾਮੀ ਦਾਰਸ਼ਨਿਕਤਾ ਨੂੰ ਮਜ਼ਹਬੀ ਤੇ ਸ਼ਰੀਅਤ ਦੇ ਰੰਗ ਵਿਚ ਰੰਗ

ਕੇ ਪੇਸ਼ ਕਰਦਾ ਹੈ। ਜਦਕਿ ਬਾਬਾ ਨਾਨਕ ਉਸ ਦੀ ਵਿਆਖਿਆ ਅਧਿਆਤਮਕ ਤੇ ਰਹੱਸਵਾਦੀ ਅਨੁਭਵ ਦੇ ਅਨੁਸਾਰ ਕਰਦੇ ਹਨ। ਮਿਸਾਲ ਵਜੋਂ ਮੱਕੇ ਮਦੀਨੇ ਦੀ ਗੋਸ਼ਟਿ ਵਿਚ ਹੱਜ ਨੂੰ ਜਾ ਰਹੇ ਹਾਜੀਆਂ ਨਾਲ ਬਾਬਾ ਨਾਨਕ ਦੀ ਭੇਂਟ ਵਾਰਤਾ ਹੁੰਦੀ ਹੈ। ਉਹ ਬਾਬਾ ਨਾਨਕ ਨੂੰ ਕਹਿੰਦੇ ਹਨ ਕਿ ਹੱਜ ਦੇ ਰਾਹ ਵਿਚ ਇਕ ਜਗ੍ਹਾਂ ਆਉਂਦੀ ਹੈ ਜਿਥੇ ਉਨ੍ਹਾਂ ਲੋਕਾਂ ਨੂੰ ਜ਼ਹਾਜਾਂ ਉਪਰ ਚੜ੍ਹਾਇਆਂ ਜਾਂਦਾ ਹੈ ਜਿਹੜੇ ਕਲਮਾਂ ਪੜ੍ਹਦੇ ਹਨ।

ਇਸਲਾਮ ਧਰਮ ਦਾ ਮੂਲ ਆਧਾਰ ਕਲਮਾ-ਏ ਤੱਯਬਾ ਹੈ। ਅਰਬੀ ਭਾਸ਼ਾਈ ਵਿਚ ਇਸ ਕਲਮੇ ਦਾ ਅਰਥ 'ਲਾ-ਇਲਾਹ ਇੱਲ-ਲੱਲਾਹ, ਮਹੁੰਮਦ-ਉਰ-ਰਸੂ-ਲੱਲਾਹ ਦਾ ਸ਼ਾਬਦਿਕ ਅਰਥ ਹੈ, ਨਹੀਂ ਹੈ ਕੋਈ ਇਬਾਦਤ ਦੇ ਯੋਗ ਸਿਵਾਏ ਅੱਲਾਹ ਦੇ, ਮੁਹੰਮਦ ਅੱਲਾਹ ਦੇ ਰਸੂਲ ਹਨ। ਇਸ ਤਰ੍ਹਾਂ ਜ਼ਾਹਿਰ ਹੈ ਕਿ ਕਲਮਾ ਮੂਲ ਰੂਪ ਵਿਚ ਤੌਹੀਦ ਅਤੇ ਹਜ਼ਰਤ ਮੁਹੰਮਦ ਦੀ ਰਿਸਾਲਤ ਨਾਲ ਸੰਬੰਧਿਤ ਹੈ। ਇਲਾਹੀ ਤੌਹੀਦ ਅਤੇ ਹਜ਼ਰਤ ਮੁਹੰਮਦ ਸਾਹਿਬ ਦੀ ਨੱਬੁਵਤ ਵਿਚ ਵਿਸ਼ਵਾਸ, ਇਸਲਾਮ ਦੇ ਦੋ ਮਹੱਤਵਪੂਰਣ ਤੱਤ ਹਨ। 'ਇਸਲਾਮ ਵਿਚ ਤੌਹੀਦ ਇਕ ਸੰਕਲਪ ਜਾਂ ਸਿਧਾਂਤ ਹੀ ਨਹੀਂ ਸਗੋਂ ਇਕ ਜੀਵੰਤ ਅਤੇ ਗਤੀਸ਼ੀਲ ਜੀਵਨ-ਜਾਂਚ ਹੈ। ਹਜ਼ਰਤ ਮੁਹੰਮਦ (ਸ.) ਦਾ ਵਿਅਕਤਿਤਵ ਸਮੁਚੇ ਇਸਲਾਮ ਵਿਧੀ-ਵਿਧਾਨ ਅਤੇ ਇਸਲਾਮੀ ਜੀਵਨ ਦਰਸ਼ਨ ਦਾ ਪ੍ਰੇਰਨਾ ਸ੍ਰੋਤ ਹੈ'।[11] ਇਸ ਤਰ੍ਹਾਂ 'ਕਲਮਾ' ਇਸਲਾਮੀ ਦਰਸ਼ਨ ਦਾ ਅਜਿਹਾ ਸਿਧਾਂਤ ਹੈ ਜਿਸ ਨੂੰ ਪੜ੍ਹਨਾ ਇਕ ਧਾਰਮਿਕ ਪੁੰਨ ਮੰਨਿਆਂ ਗਿਆ ਹੈ। 'ਕਲਮੇ' ਨੂੰ ਪੜ੍ਹਨ ਨਾਲ ਇਕ ਮੁਸਲਮਾਨ ਖੁਦਾ ਦੀ ਪ੍ਰਾਪਤੀ ਕਰ ਸਕਦਾ ਹੈ। ਕੁਰਾਨ ਸ਼ਰੀਫ ਦਾ ਇਹ ਇਕ ਮੂਲ ਮੰਤਰ ਮੰਨਿਆਂ ਗਿਆ ਹੈ। ਜਿਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਵਿਚ ਮਿਲਦਾ 'ਮੂਲ ਮੰਤਰ' ਸਿੱਖ ਫਿਲਾਸਫੀ ਦਾ ਸ਼ੀਸ਼ਾ ਹੈ ਉਸੇ ਤਰ੍ਹਾਂ 'ਕਲਮਾ' ਇਸਲਾਮੀ ਦਰਸ਼ਨ ਦਾ ਸਾਰ ਤੱਤ ਹੈ।

'ਮੱਕੇ ਮਦੀਨੇ ਦੀ ਗੋਸ਼ਟਿ' ਵਿਚ ਇਸਲਾਮੀ ਦਾਰਸ਼ਨਿਕਤਾ ਦੇ ਬਹੁਤ ਸਾਰੇ ਸਿਧਾਂਤਕ ਪਹਿਲੂ ਸਪਸ਼ਟ ਹੁੰਦੇ ਦੇਖੇ ਜਾ ਸਕਦੇ ਹਨ ਜਿਵੇਂ ਤਿਲਾਵਤ, ਨਫ਼ਲ, ਤਸਬੀਹ, ਉਮਰਾ, ਜ਼ਿਕਰ, ਫਿਤਰਾ, ਕੁਰਬਾਨੀ, ਆਦਿ। ਗੁਰੂ ਨਾਨਕ ਸਾਹਿਬ ਨੇ ਇਨ੍ਹਾਂ ਹਾਜੀਆਂ/ਕਾਜ਼ੀਆਂ ਨਾਲ ਉਥੇ ਸੰਵਾਦ ਰਚਾਏ

ਹਨ ਜਿਥੇ ਇਹ ਸਮੂਹਿਕ ਰੂਪ ਵਿਚ ਇੱਕਤਰ ਹੁੰਦੇ ਸਨ। ਇਸ ਤਰ੍ਹਾਂ ਹੱਜ ਕਰਨ ਆਏ ਯਾਤਰੀਆਂ ਦਾ ਇਕੱਠ ਸੰਵਾਦ ਰਚਾਉਣ ਲਈ ਇਕ ਬਹੁਤ ਹੀ ਲਾਭਦਾਇਕ ਅੰਤਰ-ਰਾਸ਼ਟਰੀ ਧਾਰਮਿਕ ਸਮਾਰੋਹ ਸਿੱਧ ਹੋਇਆ ਹੈ। ਮੱਕੇ ਵਿਚ ਵੀ ਗੁਰੂ ਸਾਹਿਬ ਜਦੋਂ ਹਾਜੀਆਂ ਨੂੰ ਅਧਿਆਤਮਕ ਦੀਖਿਆ ਦਿੰਦੇ ਹਨ ਤਾਂ ਉਹ ਖੁਸ਼ ਹੋ ਜਾਂਦੇ ਹਨ ਉਹ ਬਾਬਾ ਨਾਨਕ ਵਾਸਤੇ ਆਟਾ ਅਤੇ ਬਕਰਾ ਲੈ ਕੇ ਆਉਂਦੇ ਹਨ ਅਤੇ ਕਹਿੰਦੇ ਹਨ ਕਿ ਤੁਸੀ ਬੱਕਰੇ ਨੂੰ ਕੁਰਬਾਨ ਕਰਕੇ ਖਾਉ :

> 'ਅਰ ਤੂੰ ਮਿਜਬਾਨੀ ਲੈ ਸੋ ਬਕਰਾ ਤੇ ਆਟਾ ਲੈ ਆਏ ਅਰਕ ਹਾ ਬਕਰੇ ਨੂੰ ਕੁਰਬਾਨੀ ਕਰ ਖਾਵੋ'।[12]

ਇਸਲਾਮਿਕ ਧਾਰਮਿਕ ਪੰਰਪਰਾਵਾਂ ਅਨੁਸਾਰ ਕੁਰਬਾਨੀ ਦਾ ਸੰਕਲਪ ਇਸਲਾਮੀ ਦਾਰਸ਼ਨਿਕਤਾ ਦਾ ਇਕ ਪ੍ਰਵਾਣਿਤ ਪਹਿਲੂ ਹੈ। ਮੁਸਲਮਾਨ ਲੋਕ ਆਪਣੇ ਧਾਰਮਿਕ ਅਕੀਦੇ ਦੀ ਪੂਰਤੀ ਲਈ ਅਤੇ ਲੰਗਰ ਦੀ ਵਿਵਸਥਾ ਲਈ ਹਲਾਲ ਕਰਕੇ ਬੱਕਰੇ ਦੀ ਕੁਰਬਾਨੀ ਨੂੰ ਜ਼ਰੂਰੀ ਸਮਝਦੇ ਹਨ। ਇਸ ਤਰ੍ਹਾਂ ਇਸ ਗੋਸ਼ਟਿ ਵਿਚ ਬਾਬਾ ਨਾਨਕ ਪ੍ਰਤੀਨਿਸ਼ਠਤਾ ਦਾ ਪ੍ਰਗਟਾਵਾ ਕਰਨ ਲਈ ਉਹ ਉਨ੍ਹਾਂ ਅੱਗੇ ਬੱਕਰੇ ਨੂੰ ਕੁਰਬਾਨੀ ਲਈ ਪੇਸ਼ ਕਰਦਾ ਹੈ ਪਰੰਤੂ ਗੁਰਮਤਿ ਦਾਰਸ਼ਨਿਕਤਾ ਬੱਕਰੇ ਨੂੰ ਹਲਾਲ ਕਰਕੇ ਮਾਰਣ ਦੀ ਕੁਰਬਾਨੀ ਨੂੰ ਪ੍ਰਵਾਨ ਨਹੀਂ ਕਰਦੀ।

**ਹੱਜ** : ਇਸਲਾਮਿਕ ਪਰੰਪਰਾ ਅਨੁਸਾਰ ਹਰ ਮੁਸਲਮਾਨ ਨੂੰ ਆਪਣੇ ਜ਼ਿੰਦਗੀ ਦੇ ਸਮੇਂ ਦੌਰਾਨ ਇਕ ਵਾਰ ਮੱਕੇ ਵਿਚ ਸਥਿਤ ਕਾਅਬੇ ਦਾ ਹੱਜ ਕਰਨ ਦਾ ਵੀ ਆਦੇਸ਼ ਹੈ। ਹੱਜ ਕਰਨ ਗਏ ਮੁਸਲਮਾਨ ਯਾਤਰੀਆਂ ਨੂੰ ਹਾਜੀ ਆਖਿਆ ਜਾਂਦਾ ਹੈ, ਉਹ ਕਾਅਬੇ ਦੀ ਪਰਕਰਮਾ ਵੀ ਕਰਦੇ ਹਨ ਤੇ ਉਥੇ ਰੱਖੇ ਕਾਲੇ ਪੱਥਰ ਨੂੰ ਵੀ ਚੁੰਮਦੇ ਹਨ। ਇਸ ਪੱਥਰ ਨੂੰ ਚੁੰਮਣ ਤੇ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਸ ਨਾਲ ਉਨ੍ਹਾਂ ਦੇ ਸਾਰੇ ਪਾਪ ਦੂਰ ਹੋ ਜਾਣਗੇ। 'ਮੱਕੇ ਮਦੀਨੇ ਦੀ ਗੋਸ਼ਟਿ' ਵਿਚ ਵੀ ਬਾਬਾ ਨਾਨਕ ਅਤੇ ਮਰਦਾਨਾ ਮੱਕੇ ਪਹੁੰਚਦੇ ਹਨ:

'ਤਬ ਮਰਦਾਨੇ ਕਿਆ ਵੇਖੇ ਜੋ ਮੱਕੇ ਦੇ ਮੁਨਾਰੇ ਨਦਰ ਆਂਵਦੇ ਹਨ ਤਾਂ ਮਰਦਾਨਿਆਂ ਕਹਿਆ ਜੀ ਇਹ ਤਾਂ ਮਕੇ ਦੇ ਮੁਨਾਰੇ ਨਿਗਾਹ ਆਂਵਦੇ ਹੈਨ ਤਾਂ ਬਾਬੇ ਕਹਿਆ ਮਰਦਾਨਿਆ ਮੱਕਾ ਤੇਰੀ

ਜਾਰਤ (ਦਰਸਨ ਨੂੰ ਆਇਆ ਹੈ) ਤਾਂ ਮਰਦਾਨੇ ਕਹਿਆ ਜੀ ਚਲੀਏ ਹੁਣ ਮਕੇ ਦਾ ਦੀਦਾਰ ਕਰੀਏ ਤਬ ਬਾਬਾ ਭੀ ਅਰ ਮਰਦਾਨਾ ਭੀ ਦੋਨੋ ਮਕੇ ਦੀ ਮਸੀਤ ਵਿਚ ਜਾਇ ਬੈਠੇ।[13]

ਮੱਕੇ ਪਹੁੰਚ ਕੇ ਬਾਬਾ ਨਾਨਕ ਮੱਕੇ ਵਲ ਪੈਰ ਕਰ ਕੇ ਸੌਂ ਜਾਂਦੇ ਹਨ। ਜੀਵਨ ਨਾਂ ਦਾ ਕਾਜ਼ੀ ਬਾਬੇ ਨੂੰ ਲਤ ਮਾਰ ਕੇ ਆਖਦਾ ਹੈ ਕਿ ਉਸ ਨੇ ਕਾਅਬੇ ਵਲ ਪੈਰ ਕਿਉਂ ਕੀਤੇ ਹਨ। ਇਥੇ ਇਸਲਾਮੀ ਦਾਰਸ਼ਨਿਕਤਾ ਅਨੁਸਾਰ ਅਲਾਹ ਕੇਵਲ ਕਾਅਬੇ ਵਲ ਹੀ ਹੈ, ਲੇਕਿਨ ਗੁਰੂ ਸਾਹਿਬ ਕਾਜ਼ੀ ਨੂੰ ਆਖਦੇ ਹਨ ਕਿ ਉਹ ਉਸ ਦੇ ਪੈਰ ਉਸ ਦਿਸ਼ਾ ਵਲ ਕਰ ਦੇਵੇ ਜਿਧਰ ਕਾਅਬਾ ਸਥਿਤ ਨਹੀਂ ਹੈ ਤਾਂ ਜੀਵਨ ਕਾਜ਼ੀ ਨੇ ਗੁਰੂ ਸਾਹਿਬ ਦੇ ਪੈਰ ਘਸੀਟ ਕੇ ਦੂਜੇ ਪਾਸੇ ਕੀਤੇ ਤਾਂ ਉਸ ਨੇ ਦੇਖਿਆ ਕਿ ਕਾਅਬਾ ਉਧਰ ਹੀ ਨਜ਼ਰ ਆਉਣ ਲੱਗ ਪਿਆ। ਗੁਰੂ ਨਾਨਕ ਪ੍ਰਮਾਤਮਾ ਦੀ ਹੋਂਦ ਕਿਸੇ ਖਾਸ ਦਿਸ਼ਾ ਵਿਚ ਨਹੀਂ ਮੰਨਦੇ ਸਗੋਂ ਉਨ੍ਹਾਂ ਅਨੁਸਾਰ ਪ੍ਰਮਾਤਮਾ ਹਰ ਥਾਂ ਵਿਆਪਕ ਹੈ। ਗੁਰਬਾਣੀ ਅਨੁਸਾਰ ਪਰਮਾਤਮਾ ਦੀ ਹੋਂਦ ਘਟ-ਘਟ (ਭਾਵ ਹਰ ਥਾਂ, ਹਰ ਪਾਸੇ ) ਵਿਚ ਹੈ।

ਇਸਲਾਮੀ ਦਰਸ਼ਨ ਅਨੁਸਾਰ 'ਇਬਾਦਤ' ਕਰਨ ਨੂੰ ਪ੍ਰਮੁੱਖਤਾ ਦਿੱਤੀ ਗਈ ਹੈ। 'ਇਬਾਦਤ' ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸਦਾ ਭਾਵਾਰਥ ਹੈ ਰੱਬ ਦੀ ਪੂਜਾ, ਬੰਦਗੀ ਅਤੇ ਭਗਤੀ। 'ਇਸਲਾਮ ਅਨੁਸਾਰ ਬੰਦਾ ਆਪਣੇ ਰੱਬ ਦੀ ਪ੍ਰਸੰਨਤਾ ਲਈ ਜੋ ਕੁੱਝ ਵੀ ਕਰਦਾ ਹੈ, ਉਹ ਇਬਾਦਤ ਹੈ'।[14] ਇਬਾਦਤ ਕਰਨਾ ਅੱਲਾਹ ਦੀ ਖੁਸ਼ੀ ਨੂੰ ਪ੍ਰਾਪਤ ਕਰਨਾ ਹੈ ਪਰੰਤੂ ਇਹ ਤਾਂ ਹੀ ਸਵੀਕਾਰੀ ਜਾਂਦੀ ਹੈ ਜੇਕਰ ਨੀਅਤ ਸਾਫ ਹੋਵੇ। ਜਦੋਂ ਕੋਈ ਮਨੁੱਖ ਇਸਲਾਮ ਦੇ ਬੁਨਿਆਦੀ ਸਿਧਾਂਤ ਕਲਮਾ-ਏ-ਤੱਯਬਾ ਨੂੰ ਸਵੀਕਾਰ ਕਰ ਲੈਂਦਾ ਹੈ ਤਾਂ ਉਸ ਲਈ ਇਹ ਅਨਿਵਾਰੀ ਹੋ ਜਾਂਦਾ ਹੈ ਕਿ ਉਹ ਆਪਣਾ ਸਮੁੱਚਾ ਜੀਵਨ ਅੱਲਾਹ ਅਤੇ ਉਸਦੇ ਰਸੂਲ ਦੀ ਰਜ਼ਾ ਅਨੁਸਾਰ ਬਤੀਤ ਕਰੇ। ਇਸ ਆਦਰਸ਼ ਦੀ ਪੂਰਤੀ ਹਿਤ ਇਸਲਾਮ ਨੇ ਇਬਾਦਤ ਦੇ ਵਿਸ਼ੇਸ਼ ਨਿਯਮ ਨਿਰਧਾਰਤ ਕੀਤੇ ਹਨ ਜਿਨ੍ਹਾਂ ਵਿਚ ਨਮਾਜ਼, ਰੋਜ਼ਾ, ਜ਼ਕਾਤ, ਹੱਜ, ਜਹਾਦ, ਇਬਾਦਤ (ਪੂਜਾ ਪਾਠ) ਆਦਿ ਦਾ ਵਿਸ਼ੇਸ਼ ਰੂਪ ਵਿਚ ਉਲੇਖ ਕੀਤਾ ਜਾ ਸਕਦਾ ਹੈ। ਇਬਾਦਤ ਧਰਮ-ਰੂਪੀ ਇਮਾਰਤ ਦੀ ਨੀਂਹ ਹੈ। ਪੱਵਿਤਰ ਕੁਰਾਨ ਅਨੁਸਾਰ :

> 'ਅਤੇ ਮੈਂ ਜਿੰਨਾਂ ਤੇ ਇਨਸਾਨਾਂ ਨੂੰ ਪੈਦਾ ਹੀ ਇਸ ਲਈ ਕੀਤਾ ਹੈ ਕਿ ਉਹ ਮੇਰੀ ਇਬਾਦਤ ਕਰਨ'।

'ਐ ਇਨਸਾਨੋ! ਇਬਾਦਤ ਕਰੋ ਆਪਣੇ ਰੱਬ ਦੀ, ਜਿਸਨੇ ਤੁਹਾਨੂੰ ਪੈਦਾ ਕੀਤਾ ਅਤੇ ਉਹਨਾਂ ਨੂੰ ਜਿਹੜੇ ਤੁਹਾਥੋਂ ਪਹਿਲਾਂ ਗੁਜ਼ਰ ਚੁੱਕੇ ਹਨ ਤਾਂ ਕਿ ਤੁਸੀ ਨਰਕ ਤੋਂ ਬਚ ਸਕੋ'।[15]

'ਮੱਕੇ ਮਦੀਨੇ ਦੀ ਗੋਸ਼ਟਿ' ਵਿਚ ਵੀ ਹਾਜੀ ਮੱਕੇ ਵਿਖੇ ਇਬਾਦਤ ਕਰਨ ਲਈ ਹੀ ਪਹੁੰਚਦੇ ਹਨ ਅਤੇ ਅੱਲਾਹ ਦੀ ਖ਼ੁਸ਼ੀ ਨੂੰ ਪ੍ਰਾਪਤ ਕਰਨਾ ਚਾਹੁੰਦੇ ਹਨ। ਸ਼ਰੀਅਤ ਅਨੁਸਾਰ ਹਰ ਮੁਸਲਮਾਨ ਲਈ ਸਾਲ ਵਿਚ ਇਕ ਵਾਰ ਮੱਕੇ ਦਾ ਹੱਜ ਕਰਨ ਦਾ ਵੀ ਆਦੇਸ਼ ਹੈ। ਮੱਕੇ ਦੀ ਜਾਰਤ ਕਰਨਾ ਕੇਵਲ ਮੁਸਲਮਾਨ ਲੋਕਾਂ ਲਈ ਹੀ ਹੈ, ਹਿੰਦੂ ਲੋਕਾਂ ਲਈ ਨਹੀਂ;

'ਮਕੇ ਦੇ ਰਾਹਿ ਵਿਚ ਇਕ ਜਾਹਿਗਾਂ ਆਂਵਦੀ ਹੈ ਅਰ ਉਥੋਂ ਅਸੀਂ ਜਹਾਜਾਂ ਤੇ ਚੜਦੇ ਹਾਂ ਸੋ ਉਥੇ ਜਿਸਨੂੰ ਕਲਮਾਂ ਪੜਾਇੰਦੇ ਹਨ ਉਸਨੂੰ ਜਹਾਜਾਂ ਤੇ ਚਾੜਦੇ ਹਨ ਅਰ ਹਿੰਦੂ ਨੂੰ ਤਾਂ ਜਾਣ ਹੀ ਨਹੀਂ ਦੇਂਦੇ ਤਾਂਤੇ ਤੂੰ ਅਸਾਂਥੀ ਜੁਦਾ ਚਲ ਤਾਂ ਬਾਬੇ ਆਖਿਆ ਨਾ ਕੋਈ ਕਿਸੇ ਨਾਲ ਆਇਆ ਹੈ ਨਾਂਹੀ ਕਿਸੇ ਨੇ ਜਾਣਾ ਹੈ ਅਤੇ ਇਕਲੇ ਆਏ ਹਾਂ ਸੋ ਇਕਲੇ ਹੀ ਜਾਵਾਂਗੇ'।[16]

ਜਦੋਂ ਗੁਰੂ ਨਾਨਕ ਦੇਵ ਜੀ ਮੱਕੇ ਪਹੁੰਚਦੇ ਹਨ ਤਾਂ ਉਨ੍ਹਾਂ ਦੇ ਹੱਥ ਵਿਚ ਇਸਲਾਮੀ ਵਸਤਾਂ ਨਾ ਵੇਖ ਕੇ ਹਾਜੀ ਪ੍ਰਸ਼ਨ ਕਰਦੇ ਹਨ :

'ਤਬ ਹਾਜੀ ਪੁਛਿਆ ਆਖਿਓਸੁ 'ਏ ਦਰਵੇਸ਼! ਤੇਰੈ ਕਾਸਾ ਲਕੜੀ ਚੰਮੜੀ, ਭੰਗੜੀ ਕੁਛੁ ਨਾਹੀ, ਤੂੰ ਹਿੰਦੂ ਹੈ ਕਿ ਮੁਸਲਮਾਨ'?[17] ਜਦੋਂ ਜੀਵਣ ਕਾਜ਼ੀ, ਗੁਰੂ ਨਾਨਕ ਸਾਹਿਬ ਨੂੰ ਕਾਅਬੇ ਵਲ ਪੈਰ ਕੀਤੇ ਵੇਖ ਕੇ ਗੁੱਸਾ ਖਾਂਦਾ ਹੈ ਤਾਂ ਵੀ ਉਹ ਗੁਰੂ ਸਾਹਿਬ ਨੂੰ ਲੱਤ ਮਾਰ ਕੇ ਪਹਿਲਾਂ ਸਵਾਲ ਇਹ ਪੁੱਛਦਾ ਹੈ ਕਿ ਤੂੰ ਹਿੰਦੂ ਹੈ ਕਿ ਮੁਸਲਮਾਨ? ਇਸ ਤਰ੍ਹਾਂ ਮੱਕੇ ਦੀ ਜਾਰਤ ਕਰਨੀ ਮੁਸਲਮਾਨੀ ਲੋਕਾਂ ਲਈ ਹੀ ਸੰਭਵ ਸੀ।

'ਮੱਕੇ ਮਦੀਨੇ ਦੀ ਗੋਸ਼ਟਿ' ਦਾ ਚਾਰੋਂ ਜਨਮਸਾਖੀਆਂ ਦੇ ਅਧਿਐਨ ਕੀਤਿਆ ਪਤਾ ਲੱਗਦਾ ਹੈ ਕਿ ਭਾਈ ਮਨੀ ਸਿੰਘ ਜੀ ਅਤੇ ਭਾਈ ਬਾਲੇ ਵਾਲੀ ਜਨਮਸਾਖੀ ਅਨੁਸਾਰ ਗੁਰੂ ਸਾਹਿਬ ਦੇ ਕਾਅਬੇ

ਵਲੋਂ ਪੈਰ ਘਸੀਟ ਕੇ ਦੂਸਰੀ ਦਿਸ਼ਾ ਵਿਚ ਜੀਵਣ ਝਾੜੂਕਸ ਹੀ ਕਰਦਾ ਹੈ ਪਰੰਤੂ ਭਾਈ ਵੀਰ ਸਿੰਘ ਵਾਲੀ ਜਨਮਸਾਖੀ ਅਨੁਸਾਰ ਇਹ ਕਾਰਜ ਕਾਜ਼ੀ ਰੁਕਨਦੀਨ ਕਰਦਾ ਹੈ।

ਭਾਈ ਮਨੀ ਸਿੰਘ ਜਨਮਸਾਖੀ ਅਨੁਸਾਰ ਜੀਵਣ ਝਾੜੂਕਸ ਬਾਬੇ ਨਾਨਕ ਦੀਆਂ ਲੱਤਾ ਘਸੀਟ ਕੇ ਦੂਸਰੀ ਦਿਸ਼ਾ ਵਿਚ ਕਰਦਾ ਹੈ ਤਾਂ ਮੱਕਾ ਵੀ ਉਸ ਦਿਸ਼ਾ ਵਿਚ ਘੁੰਮਦਾ ਵੇਖ ਕੇ ਸਾਰੇ ਹਾਜੀ ਹੈਰਾਨ ਹੋ ਕੇ ਤਾਜੀਮ ਕਰਨ ਲੱਗ ਪੈਂਦੇ ਹਨ ਅਤੇ ਗੁਰੂ ਸਾਹਿਬ ਨੂੰ ਸਵਾਲ ਕਰਦੇ ਹਨ ਕਿ :

> 'ਤੂੰ ਸੁਬਹ ਦੇ ਵਕਤ ਖਾਬ ਕਰ ਰਹਿਆ ਹੈਂ ਸੋ ਤੂੰ ਕੁਛ ਨਿਮਾਜ ਰੋਜਾ ਭੀ ਕਰਨਾ ਹੈਂ ਕਿ ਨਹੀਂ'?[18]

ਇਸ ਤਰ੍ਹਾਂ ਗੋਸ਼ਟਾਂ ਵਿਚ ਨਮਾਜ਼ ਰੋਜ਼ਾ ਕਰਨ ਦਾ ਵੀ ਵਿਧਾਨ ਪ੍ਰਾਪਤ ਹੁੰਦਾ ਹੈ। ਇਸਲਾਮੀ ਚਿੰਤਨ ਅਨੁਸਾਰ ਨਮਾਜ਼ 'ਵਿਸ਼ਵਾਸ ਦੇ ਪੱਖ ਤੋਂ ਨਮਾਜ਼ ਪੂਰੇ ਧਰਮ ਦਾ ਸਰਚਸ਼ਮਾ ਹੈ ਅਤੇ ਕਾਰ/ਵਿਹਾਰ ਦੇ ਪੱਖ ਤੋਂ ਨਮਾਜ਼ ਪੂਰੇ ਦੀਨ ਦੀ ਅਮਲੀ ਬੁਨਿਆਦ ਹੈ। ਨਮਾਜ਼ ਇਕ ਵਿਸ਼ੇਸ਼ ਇਸਲਾਮੀ ਇਬਾਦਤ ਹੈ ਜੋ ਹਰ ਬਾਲਿਗ ਮਰਦ ਅਨੁਸਾਰ ਦਿਨ ਵਿਚ ਪੰਜ ਵਾਰ ਅਦਾ ਕਰਨਾ ਫ਼ਰਜ਼ (Obligatiory) ਹੈ। ਹਜ਼ਰਤ ਮੁਹੰਮਦ (ਸ.) ਦੇ ਕਥਨਾਂ ਅਨੁਸਾਰ 'ਨਮਾਜ਼ ਮੋਮਿਨ ਦੀ ਮਿਅਰਾਜ ਹੈ, ਦੀਨ ਦਾ ਥੰਮ੍ਹ ਹੈ। ਮੁਸਲਮਾਨ ਦਾ ਨੂਰ ਹੈ। ਜੰਨਤ ਦੀ ਕੁੰਜੀ ਹੈ। ਬਿਹਤਰੀਨ ਜਿਹਾਦ ਹੈ'। ਕੁਰਾਨ ਸ਼ਰੀਫ਼ ਵਿਚ ਵੀ ਨਮਾਜ਼ ਦੀ ਤਾਕੀਦ ਹੋਰ ਧਾਰਮਿਕ ਫ਼ਰਜ਼ਾ ਨਾਲੋਂ ਅਧਿਕ ਵਾਰ ਕੀਤੀ ਗਈ ਹੈ ਕਿ :

> 'ਹਕੀਕਤ ਇਹ ਹੈ ਕਿ ਮੈਂ ਹੀ ਅੱਲਾਹ ਹਾਂ, ਮੇਰੇ ਸਿਵਾ ਕੋਈ ਖ਼ੁਦਾ ਨਹੀਂ ਹੈ, ਬੱਸ ਤੁਸੀ ਮੇਰੀ ਹੀ ਬੰਦਗੀ ਕਰੋ ਅਤੇ ਮੇਰੀ ਯਾਦ ਦੇ ਲਈ ਨਮਾਜ਼ ਕਾਇਮ ਕਰੋ'। 'ਤਿਲਾਵਤ' ਕਰੋ ਉਸ ਕਿਤਾਬ (ਕੁਰਆਨ) ਦੀ ਜੋ ਤੁਹਾਡੇ ਕੋਲ ਵਹੀ ਦੇ ਰਾਹੀਂ ਭੇਜੀ ਗਈ ਹੈ ਅਤੇ ਨਮਾਜ਼ ਕਾਇਮ ਕਰੋ। ਯਕੀਨਨ ਨਮਾਜ਼ ਬੁਰੇ ਅਤੇ ਅਸ਼ਲੀਲ ਕੰਮਾਂ ਤੋਂ ਰੋਕਦੀ ਹੈ'।[19]

ਨਮਾਜ਼ ਅੱਲਾਹ ਅਤੇ ਮਨੁੱਖ ਵਿਚਕਾਰ ਇਸ ਤਰ੍ਹਾਂ ਦਾ ਸੰਬੰਧ ਕਾਇਮ ਕਰ ਦਿੰਦੀ ਹੈ ਕਿ ਉਸ ਦੀ ਬਾਹਰੀ ਹਾਲਤ ਦੇ ਨਾਲ-ਨਾਲ ਉਸ ਦੀ ਆਤਮਾ ਵੀ ਪੱਵਿਤਰ ਹੋ ਜਾਂਦੀ ਹੈ। ਇਸੇ ਲਈ ਨਮਾਜ਼

ਨੂੰ ਮੁਸਲਮਾਨਾਂ ਦੀ ਮਿਅਰਾਜ ਕਿਹਾ ਗਿਆ ਹੈ। ਨਮਾਜ਼ ਤੋਂ ਬਾਅਦ 'ਰੋਜ਼ਾ' ਇਸਲਾਮੀ ਚਿੰਤਨ ਦਾ ਮਹੱਤਵਪੂਰਣ ਅੰਗ ਹੈ। ਨਮਾਜ਼ ਵਾਂਗ ਰਮਜ਼ਾਨ ਮਹੀਨੇ ਦੇ ਰੋਜ਼ੇ ਵੀ ਹਰ ਬਾਲਿਗ, ਅਕਲਮੰਦ ਅਤੇ ਸਮਰੱਥ ਵਿਅਕਤੀ ਲਈ ਜ਼ਰੂਰੀ ਹਨ। ਵਾਸ਼ਨਾਵਾਂ ਉਤੇ ਨਿਯੰਤਰਣ ਲਈ ਰੋਜ਼ਾ ਬੜਾ ਪ੍ਰਭਾਵਸ਼ਾਲੀ ਸਾਧਨ ਹੈ। ਇਕ ਹਦੀਸ ਅਨੁਸਾਰ : 'ਮਨੁੱਖ ਦਾ ਹਰ ਨੇਕ ਅਮਲ ਰਮਜ਼ਾਨ ਵਿਚ ਕੁੱਝ ਨਾ ਕੁੱਝ ਵਧਦਾ ਹੈ। ਇਕ ਸ਼ੁਭ ਕਰਮ 10 ਤੋਂ ਲੈ ਕੇ 700 ਗੁਣਾਂ ਤੱਕ ਫੈਲਦਾ ਹੈ, ਪਰੰਤੂ ਖ਼ੁਦਾ ਦਾ ਕਹਿਣਾ ਹੈ ਕਿ ਰੋਜ਼ਾ ਇਸ ਤੋਂ ਵੱਧ ਹੈ। ਇਹ ਵਿਸ਼ੇਸ਼ ਰੂਪ ਵਿਚ ਮੇਰੇ ਲਈ ਹੈ ਅਤੇ ਮੈਂ ਇਸ ਦਾ ਜਿਤਨਾ ਚਾਹਾਂਗਾ, ਬਦਲਾ ਦੇਵਾਂਗਾ'। ਇਕ ਹੋਰ ਹਦੀਸ ਅਨੁਸਾਰ 'ਰੋਜ਼ਾਦਾਰ ਦੇ ਮੂੰਹ ਦੀ ਬੂ ਅੱਲਾਹ ਨੂੰ ਮੁਸ਼ਕ ਦੀ ਖ਼ੁਸ਼ਬੂ ਤੋਂ ਜ਼ਿਆਦਾ ਮਹਿਬੂਬ ਹੈ'।[20]

**ਜਾਤ ਪਾਤ ਵਿਚ ਵਿਸ਼ਵਾਸ:** ਮੱਕੇ ਦੀ ਗੋਸ਼ਟਿ ਦਾ ਅਧਿਐਨ ਕੀਤਿਆ ਪਤਾ ਲੱਗਦਾ ਹੈ ਕਿ ਇਸਲਾਮੀ ਚਿੰਤਨ ਕੇਵਲ ਮੁਸਲਮਾਨ ਭਾਈਚਾਰੇ ਨੂੰ ਹੀ ਪ੍ਰਮੁੱਖਤਾ ਦਿੰਦਾ ਹੈ। ਹਿੰਦੂ ਜਾਂ ਸਿੱਖਾਂ ਨੂੰ ਨਹੀਂ ਤਾਂ ਹੀ ਜਦੋਂ ਗੁਰੂ ਸਾਹਿਬ ਮੱਕੇ ਵਿਖੇ ਹਾਜੀਆਂ ਨਾਲ ਸੰਵਾਦ ਰਚਾਉਂਦੇ ਹਨ ਤਾਂ ਹਾਜੀ ਗੁਰੂ ਸਾਹਿਬ ਨੂੰ ਇਹ ਪ੍ਰਸ਼ਨ ਕਰਦੇ ਹਨ ਕਿ ਹਿੰਦੂ ਵੱਡਾ ਕੇ ਮੁਸਲਮਾਨ। ਉਚ ਦ੍ਰਿਸ਼ਟੀ ਦੇ ਮਾਲਕ ਗੁਰੂ ਸਾਹਿਬ ਨੇ, ਇਨ੍ਹਾਂ ਸਤਰਾਂ ਵਿਚ ਉਨ੍ਹਾਂ ਦੀ ਜਗਿਆਸਾ ਨੂੰ ਸੰਤੁਸ਼ਟ ਕੀਤਾ ਜੋ ਕਿ ਭਾਈ ਗੁਰਦਾਸ ਜੀ ਦੀ ਵਾਰ ਵਿਚ ਅੰਕਿਤ ਹੈ :

> ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ?
> ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ।
> ਹਿੰਦੂ ਮੁਸਲਮਾਨ ਦੁਇ ਦਰਗਹ ਅੰਦਰਿ ਲਹਨਿ ਨ ਢੋਈ।
> ਕਚਾ ਰੰਗੁ ਕੁਸੁੰਭ ਦਾ ਪਾਣੀ ਧੋਤੈ ਥਿਰੁ ਨ ਰਹੋਈ।[21]

ਇਸਲਾਮੀ ਚਿੰਤਨ ਵਿਚ ਅੱਲਾਹ ਭਾਵ ਖੁਦਾ ਨੂੰ ਪ੍ਰਮੁਖਤਾ ਦਿੱਤੀ ਗਈ ਹੈ। ਖੁਦਾ ਨੂੰ ਕੁਲ ਕਾਇਨਾਤ ਦਾ ਸਿਰਜਣਹਾਰ ਮੰਨਿਆਂ ਗਿਆ ਹੈ। ਹਰ ਥਾਂ ਉਸ ਦੀ ਹੀ ਬਾਦਸ਼ਾਹਤ ਹੈ। ਹਰ ਥਾਂ ਹਾਜ਼ਰ ਨਾਜ਼ਰ ਹੈ। ਹਰ ਸ਼ੈਅ ਦੀ ਤੌਫ਼ੀਕ ਉਸ ਦੇ ਵਲੋਂ ਹੀ ਹੈ। ਜ਼ਾਹਿਰ ਵੀ ਹੈ ਅਤੇ ਛੁਪਿਆ ਹੋਇਆ

ਵੀ। ਹਰ ਪਾਸੇ ਉਸ ਦੀ ਹੀ ਰਹਿਮਤ ਬਰਸਦੀ ਹੈ, ਤੇ ਉਸ ਦਾ ਹੀ ਜਲਵਾ ਦਿਖਾਈ ਦਿੰਦਾ ਹੈ। ਪ੍ਰੋ. ਗੁਲਵੰਤ ਸਿੰਘ ਨੇ ਵੀ ਇਸ ਉਪਰ ਇਸ ਤਰ੍ਹਾਂ ਚਾਨਣਾ ਪਾਇਆ ਹੈ :

> 'ਇਸਲਾਮੀ ਦਰਸ਼ਨ ਅਨੁਸਾਰ ਅੱਲਾਹ ਦੀ ਜ਼ਾਤ ਸੰਸਾਰ ਵਿਚ ਵੀ ਹੈ ਅਤੇ ਸੰਸਾਰ ਤੋਂ ਅਤੀਤ ਵੀ ਹੈ। ਉਹ ਸਭ ਵਿਚ ਹੈ ਅਤੇ ਸਭ ਤੋਂ ਪਰੇ ਵੀ ਹੈ। ਅਸਲ ਸੱਤਾ ਉਸੇ ਪ੍ਰਭੂ ਦੀ ਹੈ। ਜੀਵ ਅਤੇ ਜਗਤ ਅਰਥਾਤ ਇਨਸਾਨ ਅਤੇ ਕਾਇਨਾਤ ਦੀ ਹੋਂਦ ਸਥਿਰ ਨਹੀਂ। ਪਰਿਵਰਤਨਸ਼ੀਲ ਪ੍ਰਕਿਰਤੀ ਅਤੇ ਮਾਨਵ ਦਾ ਅੰਤਿਮ ਅਤੇ ਅਸਲੀ ਆਧਾਰ ਇਲਾਹੀ ਜ਼ਾਤ ਹੈ ਜੋ ਵਾਹਿਦ ਹਕੀਕਤ ਹੈ ਹੋਰ ਸਾਰੀਆਂ ਚੀਜ਼ਾ ਤੋਂ ਨਿਆਰੀ ਅਤੇ ਉਚੇਰੀ ਹੈ'।[22]

'ਮੱਕੇ ਮਦੀਨੇ ਦੀ ਗੋਸ਼ਟਿ' ਵਿਚ ਗੁਰੂ ਸਾਹਿਬ ਦੀ ਕਾਜ਼ੀ ਰੁਕਨਦੀਨ ਨਾਲ ਵਿਚਾਰ ਚਰਚਾ ਵਿਚ ਰੁਕਨਦੀਨ ਗੁਰੂ ਸਾਹਿਬ ਨੂੰ ਖੁਦਾਇ ਨੂੰ ਹਾਸਿਲ ਕਰਨ ਬਾਰੇ ਸਵਾਲ ਕਰਦਾ ਹੈ ਕਿ :

> ਜੋ ਨਾਨਕ ਦਰਵੇਸ! ਇਹ ਜੋ ਹਿੰਦੂ ਮੁਸਲਮਾਨ ਬੇਦ ਕਤੇਬ ਪੜਦੇ ਹੈਨਿ, ਸੋ ਖੁਦਾਇ ਪਾਇਨਗੇ ਕਿ ਨਾ ਪਾਨਿਗੇ?[23]

ਇਥੇ ਖੁਦਾ ਦੀ ਪ੍ਰਾਪਤੀ ਦੀ ਗੱਲ ਕਰਦਿਆਂ ਪਤਾ ਲੱਗਦਾ ਹੈ ਕਿ ਇਸਲਾਮੀ ਚਿੰਤਨ ਖੁਦਾ ਦੀ ਰਹਿਮਤ ਨੂੰ ਮੰਨਦਾ ਹੈ। 'ਮੱਕੇ ਮਦੀਨੇ' ਦੀ ਗੋਸ਼ਟਿ ਦਾ ਵਿਵਰਣ ਸਾਨੂੰ ਲਗਪਗ ਚਾਰੋਂ ਜਨਮਸਾਖੀਆਂ ਵਿਚ ਹੀ ਪ੍ਰਾਪਤ ਹੋ ਜਾਂਦਾ ਹੈ ਅਸਲ ਵਿਚ ਗੋਸ਼ਟਿ ਦਾ ਸੰਰਚਨਾਤਮਕ ਪੈਟਰਨ ਜਨਮਸਾਖੀਆਂ ਵਿਚੋਂ ਹੀ ਉਗਮਦਾ ਤੇ ਵਿਕਸਿਤ ਹੁੰਦਾ ਪ੍ਰਤੀਤ ਹੁੰਦਾ ਹੈ। ਡਾ. ਰਤਨ ਸਿੰਘ ਜੱਗੀ ਇਸ ਗੋਸ਼ਟਿ ਦਾ ਸੰਬੰਧ ਪੁਰਾਤਨ ਜਨਮਸਾਖੀ ਨਾਲ ਜੋੜਦਿਆਂ ਦੱਸਦੇ ਹਨ :

> 'ਗੁਰੂ ਨਾਨਕ ਦੇਵ ਜੀ ਦੀ ਮੱਕੇ ਜਾਣ ਦੀ ਘਟਨਾ ਦਾ ਸਭ ਤੋਂ ਪੁਰਾਤਨ ਵਿਵਰਣ ਪੁਰਾਤਨ ਜਨਮਸਾਖੀ ਵਿਚ ਮਿਲਦਾ ਹੈ ਅਤੇ ਗੁਰੂ ਸਾਹਿਬ ਦੀਆਂ ਗੋਸ਼ਟਾਂ ਵੀ ਸਭ ਤੋਂ ਪਹਿਲੀ ਵਾਰ ਉਸੇ ਜਨਮਸਾਖੀ ਵਿਚ ਵੇਖਣ ਨੂੰ ਮਿਲਦੀਆਂ ਹਨ ਜਿਨ੍ਹਾਂ ਨਾਲ ਤੁਲਨਾ ਕੀਤਿਆਂ ਇਹ ਗੋਸ਼ਟ ਉਸ

> ਜਨਮਸਾਖੀ ਦੀ ਕੇਵਲ ਪਰਵਰਤੀ ਹੀ ਸਿੱਧ ਨਹੀਂ ਹੁੰਦੀ ਸਗੋਂ ਪੁਰਾਤਨ ਜਨਮਸਾਖੀ ਦੀਆਂ ਇਸ ਪਰਥਾਇ ਲਿਖੀਆਂ ਗੋਸ਼ਟਾਂ ਹੀ ਵਿਕਸਿਤ ਹੋ ਕੇ ਵਿਚਾਰਧੀਨ ਗੋਸ਼ਟਿ ਦੇ ਰੂਪ ਵਿਚ ਪੇਸ਼ ਹੋਈਆਂ ਹਨ'।[24]

ਉਪਰੋਕਤ ਕਥਨ ਦੇ ਆਧਾਰ 'ਤੇ ਮੱਕੇ ਜਾਣ ਦੀ ਘਟਨਾ ਦਾ ਵਿਵਰਣ ਵਿਚਾਰ ਅਧੀਨ ਚਹੁੰਆਂ ਜਨਮਸਾਖੀਆਂ ਵਿਚ ਉਪਲਬਧ ਹੈ। ਭਾਈ ਬਾਲੇ ਵਾਲੀ ਜਨਮਸਾਖੀ ਵਿਚ ਇਸ ਗੋਸ਼ਟਿ ਦਾ ਆਰੰਭ ਸ਼ੇਖ ਸ਼ਰਫ ਨਾਲ ਵਾਰਤਾਲਾਪ ਨਾਲ ਹੁੰਦਾ ਹੈ। ਮਰਦਾਨੇ ਦੀ ਸਿਫਾਰਸ਼ ਕਰਨ ਤੇ ਗੁਰੂ ਸਾਹਿਬ ਦਾ ਮੱਕੇ ਦੀ ਯਾਤਰਾ ਕਰਨਾ, ਮਦੀਨੇ ਵਿਖੇ ਕਾਰੂੰ ਹਮੀਦ ਨਾਲ ਗੋਸ਼ਟਿ ਅਤੇ ਕਾਬੇ ਵਿਖੇ ਰੱਖੇ ਹੋਏ ਪੂਜਯ ਪੱਥਰ ਨੂੰ ਮਹਾਂ ਦੇਵ ਦਾ ਲਿੰਗ ਦੱਸਣਾ ਕੇਵਲ ਭਾਈ ਬਾਲੇ ਵਾਲੀ ਜਨਮਸਾਖੀ ਵਿਚ ਹੀ ਦਰਸਾਇਆ ਹੈ।

ਪੁਰਾਤਨ ਜਨਮਸਾਖੀ ਵਿਚ (ਭਾਈ ਵੀਰ ਸਿੰਘ) ਵਿਚ ਇਹ ਗੋਸ਼ਟਿ 51 ਨੰ. ਤੇ ਅੰਕਿਤ ਹੈ। ਇਸ ਗੋਸ਼ਟਿ ਵਿਚ, ਰੁਕਨਦੀਨ ਨਾਲ ਚਰਚਾ ਸਮੇਂ, ਸੀਹਰਫੀ ਉਚਾਰੇ ਜਾਣ ਸਮੇਂ ਜਿਹੜੇ ਪ੍ਰਸ਼ਨ ਉੱਤਰ ਕੀਤੇ ਗਏ ਹਨ, ਉਨ੍ਹਾਂ ਦਾ ਮੂਲ ਭਾਵ ਇਸ ਕਾਵਿ ਗੋਸ਼ਟਿ ਦਾ ਵਿਸ਼ਾ ਹੈ। ਜਿਵੇਂ ਜੋ ਲੋਕ ਵੇਦ ਕਤੇਬ ਨਹੀਂ ਪੜ੍ਹਦੇ, ਰੋਜ਼ਾ ਨਿਮਾਜ਼ ਨਹੀਂ ਰੱਖਦੇ, ਬੋਜਾ, ਭੰਗ, ਸ਼ਰਾਬ ਆਦਿ ਪੀਂਦੇ ਹਨ, ਉਨ੍ਹਾਂ ਦੀ ਕੀ ਦਸ਼ਾ ਹੋਵੇਗੀ :

> 'ਤਬ ਕਾਜੀ ਰੁਕਨਦੀਨ ਆਖਿਆ ਜੋ 'ਜੀ ਏਹੁ ਭੀ ਨਾਹੀ ਪੜਦੇ, ਅਤੇ ਬਦਅਮਲ ਕਮਾਂਵਦੇ ਹੈਨਿ। ਕਦੇ ਰੋਜਾ ਨਿਮਾਜ ਭੀ ਨਾਹੀਂ ਕਰਦੇ; ਅਤੇ ਸਰਾਬ ਪੀਂਦੇ ਹੈਨਿ, ਇਨ੍ਹਾਂ ਦਾ ਰੋਜ ਕਿਆਮਤ ਕਉ ਕਿਆ ਹਵਾਲੁ ਹੋਵੈਗਾ?[25]

ਭਾਈ ਮਨੀ ਸਿੰਘ ਜਨਮਸਾਖੀ ਵਿਚ ਇਸ ਗੋਸ਼ਟਿ ਦਾ ਆਰੰਭ ਗੁਰੂ ਸਾਹਿਬ ਦੇ ਹਾਜੀਆ ਨਾਲ ਅਧਿਆਤਮਕ ਸੰਵਾਦ ਤੋਂ ਸ਼ੁਰੂ ਹੁੰਦਾ ਹੈ। ਜਦੋਂ ਗੁਰੂ ਸਾਹਿਬ ਹਾਜੀਆਂ ਨੂੰ ਅਧਿਆਤਮਕ ਰਹੱਸ ਤੋਂ ਜਾਣੂ ਕਰਵਾਉਂਦੇ ਹਨ ਕਿ ਜਿਵੇਂ ਗੁਲਾਮ ਦੇ ਗਲ ਵਿਚ ਪਟਾ ਪਾਈਦਾ ਹੈ, ਉਸੇ ਤਰ੍ਹਾਂ ਆਪਣੇ ਆਪ ਸਭ ਕੁਛ ਪੀਰ ਪੈਗੰਬਰ ਉਤੇ ਨਿਛਾਵਰ ਕਰ ਕੇ ਉਸ ਦਾ ਗੁਲਾਮ ਬਣ ਜਾਣਾ ਚਾਹੀਦਾ ਹੈ।

> ਸ਼ੰਭੂ ਨਾਥ ਵਾਲੀ ਜਨਮਸਾਖੀ ਵਿਚ ਗੁਰੂ ਸਾਹਿਬ ਸੁਮੇਰ ਪਰਬਤ ਤੋਂ ਬਾਅਦ ਮੱਕੇ ਗਏ। 'ਬਾਬਾ ਜੀਉ ਜਦ ਸੁਮੇਰ ਚੜਿਆ ਤਾ ਏਹੁ ਧਰਤੀ/ਪਾਣੀ ਵਿਚਿ ਇਉ ਨਦਰਿ ਆਵੈ ਜੈਸੇ ਸਾਵਣ ਕੇ ਮਹੀਨੇ ਦਰਿਆਉ ਉਛਲਤਾ ਹੈ ਅਰੁ ਉਰਵਾਰੁ ਪਾਰ ਨਦਰਿ ਨਾਹੀ ਪੜਤਾ॥ ਅਰੁ ਦਰੀਆਉ ਵਿਚਿ ਬੇੜੀ ਫਿਰਤੀ ਹੈ ਤਿਉ ਧਰਤੀ ਨਦਰਿ ਆਵੈ॥ ਤਬ ਬਾਬਾ ਜੀ ਮਕੇ ਕੀ ਉਜਾੜਿ ਜਾਇ ਨਿਕਲੇ'।[26]

ਇਸ ਤਰ੍ਹਾਂ ਇਹ ਗੋਸ਼ਟਿ ਵਿਚਾਰ ਅਧੀਨ ਚਹੁੰਆਂ ਜਨਮਸਾਖੀਆਂ ਵਿਚ ਉਪਲਬਧ ਹੈ, ਪਰੰਤੂ ਸ਼ੰਭੂ ਨਾਥ ਵਾਲੀ ਜਨਮਸਾਖੀ ਵਿਚ ਕਈ ਥਾਵਾਂ ਤੇ ਵਖਰੇਵਾ ਰੱਖਦੀ ਹੈ।

**ਸ਼ਾਹ ਸ਼ਰਫ ਨਾਲ ਗੋਸ਼ਟਿ ਵਿਚ ਇਸਲਾਮੀ ਦਾਰਸ਼ਨਿਕਤਾ** : ਇਹ ਗੋਸ਼ਟਿ ਮੁਸਲਮਾਨ ਫਕੀਰ ਸ਼ਾਹ ਸ਼ਰਫ ਨਾਲ ਉਦੋਂ ਹੁੰਦੀ ਹੈ ਜਦੋਂ ਗੁਰੂ ਸਾਹਿਬ ਮਰਦਾਨੇ ਦੇ ਕਹਿਣ ਤੇ ਮੱਕੇ ਦੀ ਯਾਤਰਾ ਵਲ ਚਲ ਪੈਂਦੇ ਹਨ ਅਤੇ ਰਸਤੇ ਵਿਚ ਉਨ੍ਹਾਂ ਦੀ ਮੁਲਾਕਾਤ ਸ਼ਾਹ ਸ਼ਰਫ ਨਾਲ ਹੁੰਦੀ ਹੈ। ਸ਼ਾਹ ਸ਼ਰਫ ਗੁਰੂ ਸਾਹਿਬ ਦੇ ਫਕੀਰੀ ਲਿਬਾਸ ਨੂੰ ਵੇਖ ਕੇ ਸੋਚਣ ਲੱਗਦਾ ਹੈ ਕਿ ਇਸ ਫਕੀਰ ਕੋਲੋਂ ਫਕੀਰੀ ਦੇ ਸਵਾਲ ਪੁਛਦੇ ਹਾਂ। ਜੇਕਰ ਇਸ ਨੇ ਸਾਡੇ ਸਵਾਲਾਂ ਦੇ ਜਵਾਬ ਦਰੁਸਤ ਦਿੱਤੇ ਤਾਂ ਇਹ ਸੱਚਾ ਫਕੀਰ ਹੋਵੇਗਾ ਨਹੀਂ ਤਾਂ ਇਸ ਦਾ ਫਕੀਰੀ ਲਿਬਾਸ ਖੋਹ ਲਵਾਂਗੇ :

> 'ਸ਼ਾਹ ਸ਼ਰਫ ਬਾਬੇ ਨਾਨਕ ਪਾਸ ਆਇਆ ਆਇ ਕਰ ਕਹਿਣੇ ਲਗਾ ਅਰੇ ਭਾਈ ਤੁਮ ਕੌਣ ਹੋਤੇ ਹੋ ਤਾਂ ਬਾਬਾ ਬੋਲਿਆ ਸੁਣ ਅਹਿਲ ਦਰਵੇਸ਼ ਅਵਾਰ ਪੁਛਣਾ ਫਕੀਰੀ ਤਕਸੀਰ ਹੈ ਕਿਸ ਵਾਸਤੇ ਜੋ ਫਕੀਰ ਦੁਨੀਆਂ ਕੋਲੋਂ ਨਾ ਉਮੈਦ ਹੈ ਤਾਂ ਸ਼ਾਹ ਸ਼ਰਫ ਹੈਰਾਨ ਹੋ ਕੇ ਚੁਪ ਕਰ ਰਿਹਾ ਤਾਂ ਸ਼ਾਹ ਸ਼ਰਫ ਮਨ ਵਿਚ ਕਿਹਾ ਹੇ ਫਕੀਰੀ ਕੇ ਫਿਰਕੇ ਵਿਚ ਕਾਮਲ ਹੈ ਜਿਸਨੇ ਐਸਾ ਜਵਾਬ ਫਕੀਰੀ ਦਾ ਦਿਤਾ ਹੈ'।[27]

ਇਸਲਾਮੀ, ਸੂਫੀ ਚਿੰਤਨ ਪੀਰ, ਫਕੀਰ, ਅਤੇ ਮੁਰਸ਼ਦ ਨੂੰ ਅਹਿਮ ਸਥਾਨ ਦਿੰਦਾ ਹੈ। ਇਸਲਾਮੀ ਦ੍ਰਿਸ਼ਟੀਕੋਣ ਅਨੁਸਾਰ ਆਮ ਤੌਰ 'ਤੇ ਇਲਾਹੀ ਵਿਧਾਨ ਇਹੋ ਹੈ ਕਿ ਅੱਲਾਹ ਦੀ ਪ੍ਰਾਪਤੀ ਮਨੁੱਖ ਨੂੰ ਕਿਸੇ ਦੂਸਰੇ ਵਿਅਕਤੀ ਦੇ ਮਾਧਿਅਮ ਦੁਆਰਾ ਹੁੰਦੀ ਹੈ। ਇਹ ਦੂਸਰਾ ਵਿਅਕਤੀ ਮੁਰਸ਼ਿਦ ਵੀ ਹੋ ਸਕਦਾ ਹੈ ਅਤੇ ਮਹਿਬੂਬ ਵੀ। ਜ਼ਾਹਿਰ ਹੈ ਕਿ ਤਸੱਵੁਫ ਦੀ ਹੋਂਦ-ਵਿਧੀ ਅੱਖਰ-ਗਿਆਨ ਨਾਲ ਨਹੀਂ ਬਲਕਿ ਨਿਜੀ ਅਨੁਭਵ 'ਤੇ ਆਧਾਰਿਤ ਇਲਾਹਮੀ ਗਿਆਨ ਨਾਲ ਸੰਬੰਧ ਰੱਖਦੀ ਹੈ।[28]

ਸ਼ਾਹ ਸ਼ਰਫ ਸੰਵਾਦ ਚਰਚਾ ਅਧੀਨ ਪਹਿਰਾਵੇ ਸੰਬੰਧੀ ਗੱਲ ਕਰਦਾ ਹੈ। ਉਹ ਗੁਰੂ ਸਾਹਿਬ ਤੋਂ ਖਫਨੀ ਅਤੇ ਲੰਗੋਟੀ ਦੇ ਮੱਹਤਵ ਨੂੰ ਜਾਣਨਾ ਚਾਹੁੰਦਾ ਹੈ। ਗੁਰੂ ਸਾਹਿਬ ਵਲੋਂ ਪਹਿਰਾਵੇ ਦੇ ਪ੍ਰਤੀਕਾਤਮਕ ਅਰਥ ਉਨ੍ਹਾਂ ਦੀ ਉੱਚੀ ਸੁੱਚੀ ਸੋਚ ਨੂੰ ਪੇਸ਼ ਕਰਦੇ ਹਨ। ਗੁਰੂ ਸਾਹਿਬ ਪਰੰਪਰਾਗਤ ਫਕੀਰੀ ਪਹਿਰਾਵੇ ਨੂੰ ਨਹੀਂ ਨਿੰਦਦੇ ਸਗੋਂ ਉਹ ਤਾਂ ਬਾਹਰੀ ਭੇਖ ਨੂੰ ਨਿੰਦਦੇ ਹਨ ਜੋ ਮਨੁੱਖੀ ਮਨ ਨੂੰ ਭਰਮਾਉਣ ਦਾ ਇਕ ਸਾਧਨ ਸੀ। ਗੁਰੂ ਸਾਹਿਬ ਨੇ ਬਾਹਰੀ ਪਹਿਰਾਵੇ ਨਾਲੋਂ ਅੰਦਰਲੇ ਮਨ ਨਾਲ ਫਕੀਰੀ ਧਾਰਨ ਕਰਨ ਦੀ ਲੋਚਾ ਕੀਤੀ ਹੈ ਅਤੇ ਕਿਹਾ ਕਿ ਝੂਠੀ ਫਕੀਰੀ ਨਾਲ ਪੈਗੰਬਰ ਨੂੰ ਹਾਸਿਲ ਨਹੀਂ ਕੀਤਾ ਜਾ ਸਕਦਾ :

> 'ਜੇ ਖੁਦਾਇ ਦੇ ਰਾਹ ਚਲੇਂ ਤੇ ਦੁਨੀਆਂ ਨਾਲੋਂ ਸੁਰਖਰੂ ਹੋਵੇਂ ਜਦ ਕਦ ਖੁਦਾਇ ਦੇ ਫਕੀਰ ਆਖ ਗਏ ਹੈਨ ਜਿਸ ਅੰਦਰ ਫਕੀਰੀ ਕੀਤੀ ਸੋ ਫਕੀਰ ਹੋਇਆ ਖੁਦਾਇ ਨੂੰ ਪਹੁਤਾ ਅਤੇ ਜਿਸ ਨਹੀ ਕੀਤੀ ਸੋ ਸ੍ਵਾਂਗੀ ਹੋਇਆ ਜੈਸੇ ਭਗਤੀਆ ਜੋਗੀ ਕਾ ਸਾਂਗਕਰ ਆਂਵਦਾ ਹੈ ਓਹ ਜਾਨੀਤਾ ਹੈ ਜੋ ਜੋਗੀ ਹੈ, ਪਰ ਉਸਦੇ ਲੱਛਣ ਜ਼ਾਹਰ ਹੋਂਦੇ ਹੈਨ ਤਾਂ ਸਭ ਕੋਈ ਆਖਦਾ ਹੈ ਜੋ ਭੰਡਭਗਤੀਆ ਸੰਗੀ ਹੈ ਤੇ ਭੇਖ ਜੋਗੀ ਦਾ ਕੀਤਾ ਹੈ ਤਿਉਂ ਹੀ ਸਿੱਧ ਹੋਵੇ ਪੀਰ ਹੋਵੇ ਸੰਤ ਹੋਵੇ ਮਹਾਂਪੁਰਖ ਭਗਤ ਹੋਵੇ ਜੇ ਫਕੀਰੀ ਦਾਵੈ ਹੋਇ ਰਹੇ ਤਾਂ ਸੱਚੀ ਫਕੀਰੀ ਨਹੀਂ ਝੂਠੀ ਫਕੀਰੀ ਦੀਨ ਦੁਨੀਆਂ ਵਲੋਂ ਗਿਆ ਪਰ ਗੱਲ ਹੈ ਜੋ ਬੰਦੇ ਹਥ ਕੁਝ ਨਾਹੀਂ ਜਿਸਹਿ ਦੇਹ ਤਿਸਹਿ ਮਉਲਾ'।[29]

ਇਸਲਾਮੀ ਦਾਰਸ਼ਨਿਕਤਾ ਸ਼ਰੀਅਤ ਦਾ ਕੇਵਲ ਬਾਹਰੀ ਹੀ ਨਹੀਂ ਸਗੋਂ ਇਸਦਾ ਅੰਤਰੀਵੀ ਸਰੂਪ ਗ੍ਰਹਿਣ ਕਰਦੀ ਹੈ। ਇਹ ਧਾਰਮਿਕ ਕਰਮਕਾਂਡ ਦੀ ਥਾਂ ਮਨੁੱਖ ਨੂੰ ਸਮੁੱਚੇ ਰੂਪ ਵਿਚ ਇਕ ਉੱਚਤਮ ਅਤੇ ਆਦਰਸ਼ਕ ਜੀਵਨ ਜਿਉਣ ਦੀ ਪ੍ਰੇਰਨਾ ਦਿੰਦੀ ਹੈ। ਬਾਬਾ ਫਰੀਦ ਜੀ ਦੀ ਬਾਣੀ ਵਿਚ ਵੀ ਸਹਿਣਸ਼ੀਲਤਾ, ਦਿਆਲਤਾ, ਨਿਮਰਤਾ, ਸਦਭਾਵਨਾ ਆਦਿ ਗੁਣ ਪ੍ਰਾਪਤ ਹੁੰਦੇ ਹਨ:

'ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਾ ਨ ਮਾਰੇ ਘੁੰਮਿ।।

ਆਪਨੜੈ ਘਰਿ ਜਾਈਐ ਪੈਰ ਤਿਨ੍ਾ ਦੇ ਚੁੰਮਿ।।[30]

ਸ਼ਾਹ ਸ਼ਰਫ ਨਾਲ ਗੁਰੂ ਸਾਹਿਬ ਦੀ ਪਹਿਰਾਵੇ ਸੰਬੰਧੀ ਹੋਈ ਵਿਚਾਰ ਚਰਚਾ ਤੋਂ ਸਿਧ ਹੁੰਦਾ ਹੈ ਕਿ ਗੁਰੂ ਸਾਹਿਬ ਜਿਸ ਤਰ੍ਹਾਂ ਦੇ ਲੋਕਾਂ ਵਿਚ ਵਿਚਰੇ ਵਿਹਾਰਕ ਪੱਧਰ ਤੇ ਉਸੇ ਤਰ੍ਹਾਂ ਦਾ ਪਹਿਰਾਵਾ ਧਾਰਣ ਕਰ ਲਿਆ। ਧਾਰਮਿਕ ਅਤੇ ਦਾਰਸ਼ਨਿਕ ਵਰਗੇ ਸੰਵੇਦਨਸ਼ੀਲ ਮੁੱਦੇ ਤੇ ਵਿਵੇਕ-ਯੁਕਤ ਸੰਤੁਲਨ ਬਣਾ ਕੇ ਰੱਖਣਾ ਸਚਮੁਚ ਵੱਡੀ ਗੱਲ ਹੈ। ਸ਼ਾਹ ਸ਼ਰਫ ਗੁਰੂ ਸਾਹਿਬ ਦੁਆਰਾ ਦਿੱਤੇ ਦਾਰਸ਼ਨਿਕ ਗਿਆਨ ਤੋਂ ਬਹੁਤ ਪ੍ਰਭਾਵਿਤ ਹੁੰਦਾ ਹੈ ਅਤੇ ਉਨ੍ਹਾਂ ਅੱਗੇ ਝੁਕਦਾ ਹੈ।

**ਸ਼ੇਖ ਬ੍ਰਹਮ ਨਾਲ ਗੋਸ਼ਟਿ ਵਿਚ ਇਸਲਾਮੀ ਦਾਰਸ਼ਨਿਕਤਾ** : ਸ਼ੇਖ ਬ੍ਰਹਮ ਨਾਲ ਵਿਚਾਰ ਚਰਚਾ ਤੋਂ ਵੀ ਗੁਰੂ ਸਾਹਿਬ ਦੀ ਸੰਵੇਦਨਸ਼ੀਲ ਅਤੇ ਤੀਖਣ ਬੁੱਧੀ ਦਾ ਪ੍ਰਭਾਵ ਦਿਖਾਈ ਦਿੰਦਾ ਹੈ। ਸ਼ੇਖ ਬ੍ਰਹਮ ਗੁਰੂ ਸਾਹਿਬ ਦਾ ਬੈਂਤ ਸੁਣ ਕੇ ਉਨ੍ਹਾਂ ਨੂੰ 'ਖੁਦਾਇ ਦਾ ਫਕੀਰ' ਸਮਝਣ ਲੱਗਦਾ ਹੈ ਅਤੇ ਮਿਲਣ ਲਈ ਤਿਆਰ ਹੋ ਜਾਂਦਾ ਹੈ। ਸ਼ੇਖ ਬ੍ਰਹਮ ਜਦੋਂ ਆਪਣੇ ਮੁਰੀਦ ਕਾਮਲ ਨੂੰ ਨਾਲ ਲੈ ਗੁਰੂ ਸਾਹਿਬ ਜੀ ਕੋਲ ਆਉਂਦਾ ਹੈ ਤੇ ਆ ਕੇ ਇਸਲਾਮੀ ਮਜ਼੍ਹਬ ਦੇ ਅਨੁਸਾਰ 'ਸਲਾਮਾ ਅਲੇਕਮ' ਕਰਦਾ ਹੈ ਤੇ ਗੁਰੂ ਸਾਹਿਬ ਵੀ ਉਸ ਨੂੰ ਉਸੇ ਤਰ੍ਹਾਂ ਦੀ ਬੋਲੀ ਵਿਚ ਹੀ ਉੱਤਰ ਦਿੰਦੇ ਦਿਖਾਈ ਦਿੰਦੇ ਹਨ :

'ਆਖਿਓਸੁ: 'ਨਾਨਕ ! ਸਲਾਮਾ ਅਲੇਕਮ'।

ਤਬ ਗੁਰੂ ਬਾਬੇ ਕਹਿਆ, 'ਅਲੇਖਮ ਅਸਲਾਮ'[31]

ਗੁਰੂ ਨਾਨਕ ਸਾਹਿਬ ਦਾ ਸ਼ੇਖ ਬ੍ਰਹਮ ਨੂੰ ਦਿੱਤਾ ਉੱਤਰ ਉਨ੍ਹਾਂ ਨੂੰ ਸਭ ਧਰਮਾਂ ਦਾ ਸਤਿਕਾਰ ਕਰਨ ਵਾਲਾ, ਅਤੇ ਜਿਸ ਤਰ੍ਹਾਂ ਦਾ ਉਨ੍ਹਾਂ ਦੇ ਸਾਹਮਣੇ ਸਖਸ਼ ਹੁੰਦਾ, ਉਸੇ ਤਰ੍ਹਾਂ ਦਾ ਹੀ ਆਪਣੇ ਆਪ ਨੂੰ ਢਾਲ ਲੈਣ ਵਾਲਾ, ਦਿਖਾਈ ਦਿੰਦਾ ਹੈ। ਗੁਰੂ ਸਾਹਿਬ ਦਾ ਆਸ਼ਾ ਕਿਸੇ ਦੇ ਪਹਿਰਾਵੇ ਬੋਲੀ ਜਾਂ

ਧਰਮ ਦੀ ਨਿੰਦਿਆਂ ਕਰਨ ਦਾ ਨਹੀਂ ਸੀ ਸਗੋਂ ਇਸ ਸਾਰੀ ਲੋਕਾਈ ਨੂੰ ਚੰਗੀ ਸੇਧ ਦੇ ਕੇ, ਉਨ੍ਹਾਂ ਦੇ ਮਨਾਂ ਵਿਚ ਪਏ ਸੰਸਾਰ ਸੰਬੰਧੀ ਸ਼ੰਕਿਆਂ ਨੂੰ ਕੱਢ ਕੇ, ਸਰਬਤ ਦਾ ਭਲਾ ਮੰਗਣ ਦੀ ਜਾਂਚ ਸਿਖਾਉਣ ਦਾ ਸੀ। ਸ਼ੇਖ ਬ੍ਰਹਮ ਨਾਲ ਵਿਚਾਰ ਚਰਚਾ ਅਧੀਨ ਵੀ ਗੁਰੂ ਸਾਹਿਬ ਨੇ ਇਸਲਾਮੀ ਦਰਸ਼ਨ ਨੂੰ ਨਕਾਰਿਆ ਨਹੀਂ ਸਗੋਂ ਇਕ ਰੱਬੀ ਹੋਂਦ ਨੂੰ ਹੀ ਸਵੀਕਾਰਿਆ ਹੈ :

> 'ਐ ਰਸੂਲ! ਕਹੋ ਕਿ ਐ ਲੋਕੋ ਮੈਂ ਤੁਹਾਡੇ ਸਭ ਦੇ ਵਲ ਉਸ ਖ਼ੁਦਾ ਦਾ ਭੇਜਿਆ ਹੋਇਆ ਆਇਆ ਹਾਂ ਜੋ ਅਸਮਾਨਾਂ ਅਤੇ ਜ਼ਮੀਨ ਦੀ ਬਾਦਸ਼ਾਹਤ ਦਾ ਮਾਲਿਕ ਹੈ। ਉਸ ਤੋਂ ਇਲਾਵਾ ਕੋਈ ਰੱਬ ਨਹੀਂ ਹੈ। ਉਹੀ ਜ਼ਿੰਦਗੀ ਬਖਸ਼ਦਾ ਹੈ ਅਤੇ ਉਹੀ ਮੌਤ ਦਿੰਦਾ ਹੈ'।[32]

ਸ਼ੇਖ ਬ੍ਰਹਮ ਦਾ ਵਿਚਾਰਧਾਰਕ ਪ੍ਰਵਚਨ ਵੀ ਇਕ 'ਖ਼ੁਦਾ' ਦੀ ਹੋਂਦ ਨੂੰ ਸਵੀਕਾਰਦਾ ਹੈ। ਗੋਸ਼ਟਿ ਵਿਚਲਾ ਸੰਵਾਦ ਇਸਲਾਮ ਦਰਸ਼ਨ ਦੇ ਪ੍ਰਭਾਵ ਨੂੰ ਸਿਰਜਦਾ ਦਿਖਾਈ ਦਿੰਦਾ ਹੈ :

> ਸਾਨੂੰ ਮੁਰਸਦ ਕਹਾ ਹੈ ਕਿ ਏਕ ਖੁਦਾ ਹੈ ਅਰ ਦੂਸਰਾ ਪੈਕੰਬਰ ਖੁਦਾ ਕਾ ਦੋਸਤ ਹੈ ਸੋ ਖੁਦਾਇ ਪੈਦਾਇਸ ਕਰਤਾ ਹੈ ਅਰ ਪੈਕੰਬਰ ਸਫਾਇਤ ਕਰਦਾ ਹੈ[33]

ਗੁਰੂ ਨਾਨਕ ਦੇਵ ਜੀ ਦੀ ਮੁਲਾਕਾਤ ਪੁਰਾਤਨ ਜਨਮਸਾਖੀ ਵਿਚ ਸ਼ੇਖ ਬ੍ਰਹਮ ਤੋਂ ਪਹਿਲਾਂ ਸ਼ੇਖ ਫਰੀਦ ਨਾਲ ਵੀ ਹੋਈ ਦੱਸੀ ਹੈ ਪਰੰਤੂ ਇਹ ਸਪਸ਼ਟ ਕਰਨਾ ਜ਼ਰੂਰੀ ਹੈ ਕਿ ਸ਼ੇਖ ਫਰੀਦ ਜੀ ਦਾ ਸਮਾਂ 1173 ਤੋਂ 1266 ਤੱਕ ਹੋਣ ਕਰਕੇ ਇਹ ਸੰਭਵ ਨਹੀਂ ਜਾਪਦਾ ਕਿ ਉਨ੍ਹਾਂ ਦੀ ਮੁਲਾਕਾਤ ਗੁਰੂ ਸਾਹਿਬ ਨਾਲ ਹੋਈ ਹੋਵੇ। ਇਸ ਲਈ ਭਾਈ ਵੀਰ ਸਿੰਘ ਵੀ ਇਥੇ ਜੋ ਸ਼ੇਖ ਫਰੀਦ ਦਾ ਨਾਂ ਆਇਆ ਹੈ ਉਸ ਬਾਰੇ ਟਿੱਪਣੀ ਕਰਦੇ ਹੋਏ ਆਖਦੇ ਹਨ ਕਿ :

'ਇਹ ਸੱਜਣ ਸ਼ੇਖ ਫਰੀਦ ਸਾਨੀ ਹੀ ਜਾਪਦਾ ਹੈ, ਜਿਸ ਦਾ ਨਾਮ ਸ਼ੇਖ ਬ੍ਰਹਮ ਕਰਕੇ ਸਾਖੀਆਂ ਵਿਚ ਆਉਂਦਾ ਹੈ। ਸਾਖੀ 32 ਵੀ ਇਸੇ ਸ਼ੇਖ ਬ੍ਰਹਮ ਨਾਲ ਹੋਈ ਹੈ। ਜੇ ਦੋਵੇਂ ਸਾਖੀਆਂ ਇਕੋ ਫਕੀਰ ਨਾਲ ਹੋਈਆਂ ਹਨ ਤਾਂ ਲੇਖਕ ਨੇ ਸਾਖੀਆਂ ਵਿਚ ਵਿੱਥ ਭੁੱਲ ਕੇ ਪਾਈ ਹੈ, ਦੋਇ ਇਕ ਠੋਰ ਚਾਹੀਦੀਆਂ ਸਨ'।[34]

**ਮੀਆਂ ਮਿੱਠਾ ਨਾਲ ਗੋਸ਼ਟਿ ਵਿਚ ਇਸਲਾਮੀ ਦਾਰਸ਼ਨਿਕਤਾ** : ਗੁਰੂ ਨਾਨਕ ਆਪਣੇ ਆਲੇ ਦੁਆਲੇ ਦੀ ਤੱਤਕਾਲੀ ਸਮਾਜਿਕ ਘਟਨਾਵਾਂ ਦੇ ਯਥਾਰਥ ਨੂੰ ਪਾਰਦਸ਼ਤਾ ਨਾਲ ਸਮਝਣ ਤੇ ਸਮਝਾਉਣ ਦਾ ਸਫ਼ਲ ਉਪਰਾਲਾ ਕਰਦੇ ਹਨ। ਗੁਰੂ ਨਾਨਕ ਦੇਵ ਜੀ ਪੰਜਾਬ ਦੇ ਦੱਖਣ ਵਲ ਜਾਂਦੇ ਜਾਂਦੇ ਮਿਠਨਕੋਟ ਪਹੁੰਚੇ ਮਿਠਨਕੋਟ ਡੇਰਾ ਗਾਜ਼ੀਖਾਨ ਦੇ ਜ਼ਿਲ੍ਹੇ ਵਿਚ ਸਥਿਤ ਹੈ। ਮੁਸਲਮਾਨੀ ਪੀਰ ਮੀਆਂ ਮਿੱਠਾ ਇਥੇ ਹੀ ਰਹਿੰਦਾ ਸੀ। ਮੀਆਂ ਮਿੱਠਾ ਜਦੋਂ ਗੁਰੂ ਸਾਹਿਬ ਦੇ ਦਰਸ਼ਨ ਕਰਨ ਆਇਆ ਤਾਂ ਅਦਬ ਤੇ ਸਤਿਕਾਰ ਵਜੋਂ ਸਲਾਮ ਕਰਕੇ ਬੈਠ ਗਿਆ ਤੇ ਗੁਰੂ ਸਾਹਿਬ ਨੂੰ ਖ਼ੁਦਾ ਦਾ ਪੀਰ ਮੰਨ ਕੇ ਉਨ੍ਹਾਂ ਨਾਲ ਇਸਲਾਮੀ ਦਾਰਸ਼ਨਿਕਤਾ ਤੇ ਚਾਨਣਾ ਪਾਉਂਦਿਆਂ ਅਰਜ਼ ਕਰਨ ਲੱਗਾ :

ਅਵਲ ਨਾਉ ਖੁਦਾਇ ਕਾ ਦੂਜਾ ਨਬੀ ਰਸੂਲੁ
ਨਾਨਕ ਕਲਮਾ ਜੇ ਪੜਹਿ ਤਾਂ ਦਰਗਹ ਪਵਹਿ ਕਬੂਲ॥[35]

ਮੀਆਂ ਮਿੱਠਾ ਇਸਲਾਮੀ ਦਾਰਸ਼ਨਿਕਤਾ ਅਨੁਸਾਰ ਇਕ ਅੱਲਾਹ ਦੀ ਹੋਂਦ ਅਤੇ ਖ਼ੁਦਾ ਦਾ ਥਾਪਿਆ ਹੋਇਆ ਬੰਦਾ ਜੋ ਮਨੁੱਖ ਨੂੰ ਅੱਲਾਹ ਦੀ ਜ਼ਾਤ ਤੋਂ ਜਾਣੂ ਕਰਵਾਏ, ਨਬੀ ਰਸੂਲ ਵਰਗੇ ਉਚਤਮ ਪੈਰੋਕਾਰਾ ਦੀ ਹੋਂਦ ਨੂੰ ਸਵੀਕਾਰਦਾ ਹੈ। 'ਕਲਮਾ' ਜੋ ਕਿ ਇਸਲਾਮੀ ਚਿੰਤਨ ਵਿਚ ਵਿਸ਼ੇਸ਼ ਮੰਤਰ ਹੈ ਇਹ 'ਕਲਮਾ' ਇਕ ਵਾਕ ਮਾਤਰ ਹੀ ਨਹੀਂ ਸਗੋਂ ਇਸ ਤੋਂ ਇਲਾਹੀ ਏਕਤਾ ਦਾ ਸਾਰਾ ਵਿਧੀ -ਵਿਧਾਨ ਪ੍ਰਗਟ ਹੁੰਦਾ ਹੈ। ਇਸਲਾਮੀ ਦਾਰਸ਼ਨਿਕਤਾ ਮੌਤ ਤੋਂ ਬਾਅਦ ਰੱਬੀ ਦਰਗਾਹ ਵਿਚ ਚੰਗੇ ਮੰਦੇ ਕਰਮਾਂ ਦੇ ਨਿਬੇੜੇ ਦੀ ਹੋਂਦ ਨੂੰ ਵੀ ਸਵੀਕਾਰਦੀ ਹੈ ਤਾਂ ਹੀ ਇਸ ਦੁਨੀਆਂ ਵਿਚ ਰਹਿੰਦਿਆਂ ਇਸਲਾਮੀ ਚਿੰਤਨ 'ਕਲਮਾ' ਪੜ੍ਹਨ ਤੇ ਵਧੇਰੇ ਜ਼ੋਰ ਦਿੰਦਾ ਹੈ। ਇਹ ਸਾਰਾ ਕੁਝ ਇਸ ਗੋਸ਼ਟਿ ਵਿਚਲੇ ਪ੍ਰਵਚਨ ਤੋਂ ਭਲੀ-ਭਾਂਤ ਸਪਸ਼ਟ ਹੁੰਦਾ ਹੈ।

**ਕਾਜ਼ੀ ਨਾਲ ਗੋਸ਼ਟਿ ਵਿਚ ਇਸਲਾਮੀ ਦਾਰਸ਼ਨਿਕਤਾ** : ਗੁਰ ਨਾਨਕ ਦੇਵ ਜੀ ਦੀ ਨਵਾਬ ਦੌਲਤ ਖਾਨ ਅਤੇ ਕਾਜ਼ੀ ਨਾਲ ਵਾਰਤਾਲਾਪ ਉਦੋਂ ਆਰੰਭ ਹੁੰਦੀ ਹੈ ਜਦੋਂ ਗੁਰੂ ਸਾਹਿਬ ਤਿੰਨ ਦਿਨ ਵੇਈ ਨਦੀਂ ਵਿਚ ਰਹਿਣ ਤੋਂ ਪਿਛੋਂ ਬਾਹਰ ਆਏ ਤੇ ਉਨ੍ਹਾਂ ਨੇ 'ਨਾ ਕੋ ਹਿੰਦੂ ਹੈ, ਨਾ ਕੋ ਮੁਸਲਮਾਨ ਹੈ' ਦਾ ਨਾਅਰਾ ਲਾਇਆ ਸੀ। ਇਸ ਗੋਸ਼ਟਿ ਵਿਚ ਵੀ ਇਸਲਾਮਿਕ ਪਰੰਪਰਾ ਦੀਆਂ ਸ਼ਾਖਾਵਾਂ ਦੇਖਣ ਨੂੰ

ਮਿਲਦੀਆਂ ਹਨ। ਨਮਾਜ਼ ਜਿਸਦਾ ਕਿ ਪਹਿਲਾਂ ਵੀ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਇਸਲਾਮੀ ਪਰੰਪਰਾ ਵਿਚ ਇਸ ਨੂੰ ਬਹੁਤ ਪ੍ਰਮੁੱਖਤਾ ਦਿੱਤੀ ਗਈ ਹੈ। ਜਦੋਂ ਕਾਜ਼ੀ ਦੇ ਕਹਿਣ 'ਤੇ ਗੁਰੂ ਜੀ ਵੀ ਉਨ੍ਹਾਂ ਦੀ ਨਮਾਜ਼ ਵਿਚ ਸ਼ਾਮਿਲ ਹੋਣ ਲਈ ਤਿਆਰ ਹੋ ਜਾਂਦੇ ਹਨ ਤੇ ਨਮਾਜ਼ ਅਦਾ ਹੋਣ ਤੇ ਗੁਰੂ ਸਾਹਿਬ ਹੱਸਦੇ ਹਨ। ਖਾਨ, ਗੁਰੂ ਸਾਹਿਬ ਕੋਲੋਂ, ਇਸ ਹੱਸੀ ਦਾ ਕਾਰਣ ਪੁੱਛਦਾ ਹੈ ਤਾਂ ਗੁਰੂ ਸਾਹਿਬ ਇਸ ਦਾ ਕਾਰਣ ਰੱਬ ਦੀ ਦਰਗਾਹ ਵਿਚ ਉਸ ਦੀ ਅਦਾ ਕੀਤੀ ਨਮਾਜ਼ ਦਾ ਨਾ ਪਰਵਾਨ ਹੋਣਾ ਦੱਸਦੇ ਹਨ :

> 'ਤਬਿ ਬਾਬੇ ਕਹਿਆ: 'ਖਾਨ ਜੀ! ਜਬ ਏਹੁ ਨਿਵਾਜ ਉਪਰਿ ਖੜਾ ਥਾ ਤਬਿ ਇਨ ਕਾ ਮਨ ਠਉੜ ਨਾ ਥਾ। ਅਰੁ ਵੇੜ੍ਹੇ ਵਿਚਿ ਖੂਹੀ ਥੀ। ਅਰ ਇਨਿ ਕਹਿਆ, ਮਤੁ ਵਛੇਰੀ ਖੂਹੀ ਵਿਚ ਪਉਂਦੀ ਹੋਵੇ। ਇਨਕਾ ਮਨੁ ਉਹਾਂ ਗਇਆ ਆਹਾ, ਇਸਕੀ ਨਿਮਾਜ ਕਬੂਲ ਨਹੀਂ ਪੜੀ'।।[36]

ਇਸ ਗੋਸ਼ਟਿ ਪ੍ਰਵਚਨ ਤੋਂ ਗੁਰੂ ਸਾਹਿਬ ਦੀ ਅੰਤਰਜਾਮੀ ਸੂਝ ਦ੍ਰਿਸ਼ਟੀਗੋਚਰ ਹੁੰਦੀ ਹੈ। ਪਰੰਤੂ ਗੋਸ਼ਟਿ ਪੜ੍ਹਦਿਆਂ ਪਾਠਕ ਦਾ ਧਿਆਨ ਮੁਸਲਮਾਨੀ ਸਭਿਅਤਾ ਵਿਚ ਨਮਾਜ਼ ਪੜ੍ਹਨ ਦੇ ਧਾਰਮਿਕ ਕਰਮ ਕਾਂਡ ਵਲ ਖਿਚਿਆ ਜਾਂਦਾ ਹੈ। ਇਸਲਾਮੀ ਧਰਮ ਵਿਚ ਜਿਥੇ ਨਮਾਜ਼ ਪੜ੍ਹਨਾ ਜ਼ਰੂਰੀ ਮੰਨਿਆਂ ਗਿਆ ਹੈ ਉਥੇ ਰੱਬੀ ਦਰਗਾਹ ਵਿਚ ਕਬੂਲੇ ਜਾਣ ਨੂੰ ਵੀ ਮੱਹਤਤਾ ਦਿੱਤੀ ਗਈ ਹੈ। ਕੁਰਾਨ ਵਿਚ ਦੱਸਿਆ ਹੈ ਕਿ ਨਮਾਜ਼ ਮਨੁੱਖ ਨੂੰ ਸਭ ਬੁਰਾਈਆਂ ਤੋਂ ਦੂਰ ਰੱਖ ਕੇ ਪਾਕ ਪੱਵਿਤਰ ਕਰਦੀ ਹੈ।[37] ਪੰਜ ਨਮਾਜ਼ਾਂ ਇਕੱਲਿਆਂ ਬੈਠ ਕੇ ਵੀ ਪੜ੍ਹੀਆਂ ਜਾਂਦੀਆਂ ਹਨ ਤੇ ਇੱਕਠਿਆਂ ਬੈਠ ਕੇ ਵੀ। ਲੋਧੀ ਬੰਸ ਦਾ ਸੁਲਤਾਨ ਬਹਿਬੋਲ ਲੋਧੀ ਰੋਜ਼ ਦੀਆਂ ਪੰਜ ਨਿਮਾਜ਼ਾ ਲੋਕਾਂ ਵਿਚ ਬੈਠ ਕੇ ਹੀ ਪੜ੍ਹਿਆਂ ਕਰਦਾ ਸੀ।[38] ਗੁਰੂ ਸਾਹਿਬ ਨੇ ਜਦੋਂ ਦੇਖਿਆ ਕਿ ਨਮਾਜ਼ ਆਦਿ ਪੜ੍ਹਨਾ ਕੇਵਲ ਰਸਮੀ ਕਿਰਿਆਵਾਂ ਹੀ ਰਹਿ ਗਈਆਂ ਹਨ ਤਾਂ ਉਨ੍ਹਾਂ ਨੇ ਤੀਖਣ ਬੁੱਧੀ ਸਦਕਾ ਸ਼ਰੀਅਤ ਦੇ ਆਗੂਆ ਨੂੰ ਸਮਝਾਇਆ ਕਿ ਮਨ ਦੀ ਸ਼ੁਧਤਾ ਤੋਂ ਬਿਨਾਂ ਨਮਾਜ ਪੜ੍ਹਨ ਦਾ ਕੋਈ ਲਾਭ ਨਹੀਂ। ਇਸ ਤਰ੍ਹਾਂ ਕਾਜ਼ੀ ਨਾਲ ਵਿਚਾਰ ਚਰਚਾ ਵਿਚ ਉਨ੍ਹਾਂ ਨੇ ਬਾਹਰੀ ਕਿਰਿਆਵਾਂ ਦੀ ਥਾਂ ਅੰਦਰਲੇ ਮਨ ਦੀ ਸ਼ੁਧਤਾ ਤੇ ਜ਼ੋਰ ਦਿੱਤਾ ਹੈ।

ਗੁਰੂ ਸਾਹਿਬ ਦੀ ਕਾਜ਼ੀ ਨਾਲ ਗੋਸ਼ਟਿ ਤੋਂ ਇਸਲਾਮੀ ਪਰੰਪਰਾ ਦਾ 'ਸੁੰਨਤ' ਦਾ ਸੰਕਲਪ ਵੀ ਉਘੜ ਕੇ ਸਾਹਮਣੇ ਆਉਂਦਾ ਹੈ। ਹਿੰਦੂਆਂ ਵਿਚ ਜਦੋਂ ਬੱਚਾ ਨੌਂ ਵਰ੍ਹਿਆਂ ਦਾ ਹੋ ਜਾਂਦਾ ਹੈ ਤਾਂ ਉਸ ਦੇ ਗੱਲ ਵਿਚ ਪਵਿਤ੍ਰਤਾ ਦੀ ਨਿਸ਼ਾਨੀ ਵਜੋਂ ਜਨੇਊ ਗਲ ਵਿਚ ਪਾਇਆ ਜਾਂਦਾ ਹੈ। ਇਸੇ ਤਰ੍ਹਾਂ ਇਸਲਾਮੀ ਚਿੰਤਨ 'ਸੁਨੰਤ' ਦੀ ਰਸਮ ਨੂੰ ਮੰਨਦਾ ਹੈ। ਮੁਸਲਮਾਨਾਂ ਵਿਚ ਲੜਕੇ ਦੀ ਉਮਰ ਸਤ ਸਾਲ ਹੋਣ ਉਪਰੰਤ ਸੁਨੰਤ ਦੀ ਰਸਮ ਕੀਤੀ ਜਾਂਦੀ ਹੈ। ਗੁਰੂ ਨਾਨਕ ਨੇ ਜਿਥੇ ਕਾਜ਼ੀ ਨੂੰ ਸੱਚੇ ਮੁਸਲਮਾਨ ਬਣਨ ਦੀ ਸੋਝੀ ਕਰਵਾਈ ਹੈ ਉਥੇ ਉਨ੍ਹਾਂ ਨੇ ਵਿਖਾਵੇ ਭਰੀ ਸੁਨੰਤ ਦੀ ਰਸਮ ਦੀ ਥਾਂ ਆਤਮਾ ਨੂੰ ਸ਼ੁਧ ਕਰਨ ਵਾਲਾ ਵਿਵੇਕਮਈ ਪ੍ਰਵਚਨ ਕੀਤਾ ਹੈ :

ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥[39]

ਨਵਾਬ ਤੇ ਕਾਜ਼ੀ ਇਸ ਤਰ੍ਹਾਂ ਦੇ ਦਾਰਸ਼ਨਿਕ ਤੇ ਸੱਚੇ ਨਿਮਰਤਾ ਭਰੇ ਦ੍ਰਿਸ਼ਟੀਕੋਣ ਤੋਂ ਪ੍ਰਭਾਵਤ ਹੋ ਕੇ ਗੁਰੂ ਸਾਹਿਬ ਦੇ ਚਰਨੀ ਲੱਗੇ ਤੇ ਗੁਰੂ ਸਾਹਿਬ ਨੂੰ ਨਮਸਕਾਰਾਂ ਕੀਤੀਆਂ।

ਉਪਰੋਕਤ ਵਿਸ਼ਲੇਸ਼ਣ ਉਪਰੰਤ ਸਮੁੱਚੇ ਤੌਰ ਤੇ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਦੀ ਸੰਵਾਦ ਚਰਚਾ; ਹਿੰਦੂ ਪੰਡਿਤਾਂ, ਸਿਧਾਂ, ਜੋਗੀਆਂ ਤੋਂ ਇਲਾਵਾਂ ਕਾਜ਼ੀਆਂ ਮੁਲਾਂ ਅਤੇ ਸ਼ੇਖਾ ਨਾਲ ਵੀ ਹੋਈ ਹੈ। ਗੁਰੂ ਸਾਹਿਬ ਦੀ ਦਾਰਸ਼ਨਿਕ ਤੇ ਵਿਵੇਕਮਈ ਸੋਚ ਤੱਤਕਾਲੀ ਸਮਾਜ ਵਿਚ ਸਥਾਪਿਤ ਪਰੰਪਰਾਵਾਂ, ਕਰਮ-ਕਾਂਡਾਂ, ਕੁਰੀਤਾਂ ਅਤੇ ਅਵਗੁਣਾਂ ਨੂੰ ਤਿਆਗਣ ਦੇ ਮਾਰਗ-ਦਰਸ਼ਨ ਨੂੰ ਸਥਾਪਿਤ ਕਰਦੇ ਹਨ। ਗੁਰੂ ਸਾਹਿਬ ਦੀ ਮੁਸਲਮਾਨਾਂ ਨਾਲ ਸੰਵਾਦ ਚਰਚਾ ਤੋਂ ਜਿਥੇ ਇਸਲਾਮਿਕ ਪਰੰਪਰਾਵਾਂ ਦੀ ਸਮੁੱਚੀ ਤਸਵੀਰ ਉੱਘੜ ਕੇ ਸਾਹਮਣੇ ਆਉਂਦੀ ਹੈ, ਉਥੇ ਗੁਰੂ ਸਾਹਿਬ ਨੇ ਇਸਲਾਮਿਕ ਅਕੀਦਿਆਂ ਦੀ ਬਾਹਰੀ ਭੇਖਾਂ ਵਿਰੁੱਧ ਕਰੜੇ ਸ਼ਬਦਾਂ ਵਿਚ ਆਲੋਚਨਾ ਵੀ ਕੀਤੀ ਹੈ। ਇਸਲਾਮ ਧਰਮ ਦੇ ਵੱਖ ਵੱਖ ਮੱਤ ਅਤੇ ਉਨ੍ਹਾਂ ਦੇ ਪ੍ਰਤੀਨਿਧ ਗੁਰੂ ਸਾਹਿਬ ਦੀ ਆਲੋਚਨਾ ਦਾ ਵਿਸ਼ਾ ਬਣੇ ਰਹੇ ਪਰੰਤੂ ਗੁਰੂ ਸਾਹਿਬ ਨੇ ਹਮੇਸ਼ਾ ਹਰ ਧਰਮ ਦੇ ਅਨੁਆਈਆਂ ਨੂੰ ਸਦਾਚਰਣ ਤੇ ਸ਼ੁਭ ਅਮਲਾਂ ਨੂੰ ਧਾਰਨ ਕਰਨ ਦਾ ਮਹਾਨ ਸੰਦੇਸ਼ ਦਿੱਤਾ।

**ਗੋਸ਼ਟਾਂ ਵਿਚ ਗੁਰਮਤਿ ਦਾਰਸ਼ਨਿਕ ਪਰੰਪਰਾ :**

ਗੁਰਮਤਿ ਇਕ ਮੌਲਿਕ ਵਿਚਾਰਧਾਰਾ ਹੈ ਜੋ ਸਮੂਹ ਲੋਕਾਈ ਦੀ ਪ੍ਰਤੀਨਿਧਤਾ ਕਰਦੀ ਹੈ। ਗੁਰੂ ਦੇ ਮੱਤ ਤੋਂ ਉਭਰੀ ਹੋਣ ਕਰਕੇ ਇਸ ਨੂੰ ਗੁਰਮਤਿ ਸਿਧਾਂਤ ਦਾ ਨਾਂ ਦਿੱਤਾ ਗਿਆ ਹੈ। ਇਹ ਕਾਵਿ ਧਾਰਾ ਅਜਿਹੀਆਂ ਸਮਕਾਲੀ ਹਾਲਤਾਂ ਦੇ ਪ੍ਰਤੀਕਰਮ ਵਜੋਂ ਉਤਪੰਨ ਹੋਈ ਜਿਸ ਨੂੰ ਆਪਣੇ ਉਦੇਸ਼ ਦੀ ਪੂਰਤੀ ਲਈ ਦ੍ਰਿੜ ਨਿਸ਼ਚਾ ਹੈ। ਇਸ ਵਿਚਾਰਧਾਰਾ ਦੇ ਮੁੱਖ ਪ੍ਰਵਰਤਕ ਗੁਰੂ ਨਾਨਕ ਦੇਵ ਜੀ ਹਨ। ਇਸ ਮੱਤ ਅਨੁਸਾਰ ਪਰਮਾਤਮਾ ਇੱਕ ਹੈ। ਉਹ ਹੀ ਸਾਰੀ ਸ੍ਰਿਸ਼ਟੀ ਦਾ ਪ੍ਰਤਿਪਾਲਕ ਹੈ, ਉਹ ਸਾਰੀਆਂ ਸ਼ਕਤੀਆਂ ਦਾ ਮਾਲਕ ਹੈ। ਉਸ ਸਿਰਜਨਹਾਰ ਪ੍ਰਭੂ ਨੇ ਹੀ ਇਸ ਸੰਸਾਰ ਉਤੇ ਵੱਸਦੇ ਜੀਵਾਂ ਦੇ ਅੰਦਰ ਨਿੱਕੀ ਜਿਹੀ ਜੋਤ ਜਗਾਈ ਹੈ ਜਿਸ ਸਦਕਾ ਹੀ ਜੀਵ ਇਸ ਸੰਸਾਰ ਦੇ ਰੰਗ ਤਮਾਸ਼ਿਆਂ ਨੂੰ ਭੋਗਦਾ ਹੈ। ਡਾ.ਗੁਰਦੀਪ ਸਿੰਘ ਭੰਡਾਰੀ ਗੁਰਮਤਿ ਕਾਵਿ ਨੂੰ ਇਸ ਤਰ੍ਹਾਂ ਪਰਿਭਾਸ਼ਤ ਕਰਨ ਦਾ ਯਤਨ ਕਰਦੇ ਹਨ:

> 'ਗੁਰਮਿਤ ਕਾਵਿ, ਤੱਤ-ਚਿੰਤਨ ਦੀ ਅਭਿਵਿਅੰਜਨਾ ਹੈ। ਇਸ ਦਾ ਵਸਤੂ ਤੱਥ ਵਖਰਾ ਅਤਿਅੰਤ ਸੂਖਮ ਅਤੇ ਜਟਿਲ ਹੈ।[40]

ਗੁਰਮਤਿ ਵਿਚਾਰਧਾਰਾ ਮਨੁੱਖਾ ਜੀਵਨ ਦਾ ਵਿਵਹਾਰਕ ਅਮਲ ਹੈ। ਗੁਰਮਤਿ ਦਾ ਸੰਦੇਸ਼ ਸਰਬ-ਵਿਸਮਾਦੀ, ਸਰਬਕਾਲੀ ਤੇ ਵਿਸ਼ਵਮਈ ਹੈ। ਸਕਾਰਾਤਮਕ ਜੀਵਨ ਜਾਂਚ ਦਾ ਮਾਰਗ ਹੈ ਜਿਸ 'ਤੇ ਚਲਦਿਆਂ ਇਨਸਾਨ ਆਪਣੇ ਸਮਾਜਿਕ ਜੀਵਨ ਵਿਚ ਨੇਕੀ ਕਰਦਾ ਹੋਇਆ ਲੋਕਾਈ ਦਾ ਭਲਾ ਕਰਦਾ ਹੈ ਅਤੇ ਸ਼ਬਦ-ਸੁਰਤਿ ਦੇ ਅਭਿਆਸ ਰਾਹੀਂ ਪਰਮਾਤਮਾ ਜਾਂ ਪ੍ਰਭੂ ਪ੍ਰੀਤਮ ਵਿਚ ਆਪਣੇ ਆਪ ਨੂੰ ਅਭੇਦ ਕਰਕੇ ਮਾਨਸ ਜੀਵਨ ਦਾ ਲਾਹਾ ਖਟਦਾ ਹੈ, ਜਿਥੇ ਇਸ ਵਿਚਾਰਧਾਰਾ ਦਾ ਇਕ ਸਿਰਾ ਸੰਗਤ ਰਾਹੀਂ ਸਮਾਜਿਕਤਾ ਨਾਲ ਜੁੜਦਾ ਹੈ ਉਥੇ ਇਸ ਦਾ ਦੂਸਰਾ ਸਿਰਾ ਵਿਅਕਤੀਗਤ ਪਰਮਾਤਮਾ ਦੇ ਸਿਮਰਨ ਅਭਿਆਸ ਦੁਆਰਾ ਆਪਣੇ ਮੂਲ ਦੀ ਸੋਝੀ ਅਤੇ ਮਨੁੱਖਾਂ ਜੀਵਨ ਦੇ ਉਦੇਸ਼, ਪਰਮਾਰਥ/ ਮੁਕਤੀ ਜਾਂ ਪਰਮਾਤਮਾ ਨਾਲ ਅਭੇਦਤਾ ਨਾਲ ਜੁੜਦਾ ਹੈ।

ਗੁਰਮਤਿ ਵਿਚਾਰਧਾਰਾ ਨੇ ਆਪਣੇ ਤੋਂ ਪਹਿਲਾਂ ਅਤੇ ਆਪਣੇ ਸਮਕਾਲੀ ਦੌਰ ਵਿਚ ਲੋਕਾਈ ਨੂੰ ਪੀੜਤ ਕਰ ਰਹੀਆਂ ਫੋਕੀਆਂ ਰਸਮਾ, ਥੋਥੇ ਕਰਮ ਕਾਂਡਾਂ ਅਤੇ ਨਾਕਾਰਾਤਮਕ ਵਰਤਾਰਿਆ ਤੋਂ

ਮਨੁੱਖਤਾ ਨੂੰ ਨਿਜ਼ਾਤ ਦਿਵਾਈ ਹੈ। ਇਸ ਨੇ ਜ਼ਾਤ ਪਾਤ, ਭਾਸ਼ਾ, ਕਿੱਤਿਆਂ, ਇਲਾਕਿਆਂ, ਖਿਤਿਆਂ ਆਦਿ ਵਿਚ ਵੰਡੀ, ਭਾਰਤ ਦੀ ਲੋਕਾਈ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਇਕ ਸੂਤਰ ਵਿਚ ਪਰੋ ਕੇ ਸਮੁੱਚੀ ਮਨੁੱਖਤਾ ਨੂੰ ਬਰਾਬਰ ਸਮਝਣ ਦਾ ਸਾਕਾਰਾਤਮਕ ਸੰਕਲਪ ਮਨੁੱਖਤਾ ਸਾਹਮਣੇ ਪੇਸ਼ ਕੀਤਾ ਹੈ। ਗੁਰੂ ਗੰਥ ਸਾਹਿਬ ਵਿਚ ਭਾਰਤ ਦੀਆਂ ਵੱਖ-ਵੱਖ ਜਾਤਾਂ ਜਿਵੇਂ ਕਿ ਜੱਟ, ਛੀਂਬੇ, ਜੁਲਾਹੇ ਨਾਈਂ, ਕਸਾਈ, ਝਿਉਰ ਆਦਿ ਅਤੇ ਵੱਖ-ਵੱਖ ਇਲਾਕਿਆਂ ਜਿਵੇਂ ਕਿ-ਪੰਜਾਬ, ਰਾਜਸਥਾਨ, ਬਿਹਾਰ, ਬੰਗਾਲ, ਮਹਾਂਰਾਸ਼ਟਰ, ਯੂ. ਪੀ. ਆਦਿ ਅਤੇ ਵੱਖ-ਵੱਖ ਭਾਸ਼ਾਵਾਂ, ਪੰਜਾਬੀ, ਹਿੰਦੀ, ਮਰਾਠੀ, ਬੰਗਾਲੀ, ਅਵਧੀ, ਸੰਦੂਕੜੀ, ਆਦਿ ਪਿਛੋਕੜ ਵਾਲੇ ਭਗਤ ਜਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਕੋ ਜਿਹੀ ਸਤਿਕਾਰਤਾ ਨਾਲ ਹਮ-ਆਸਣ ਹਨ। ਜਦੋਂ ਕਿਸੇ ਗੁਰਸਿਖ ਦਾ ਸੀਸ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਝੁਕਦਾ ਹੈ ਤਾਂ ਇਹ ਕਿਸੇ ਜ਼ਾਤ, ਭਾਸ਼ਾ, ਇਲਾਕੇ, ਕਿੱਤੇ ਨਾਲ ਸੰਬੰਧਿਤ ਕਿਸੇ ਖਾਸ ਇਕ ਲਈ ਨਹੀਂ, ਸਗੋਂ ਸਮੂਹ ਬਾਣੀਕਾਰਾਂ ਦੇ ਸਤਿਕਾਰ ਵਿਚ ਝੁਕਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਗਪਗ ਸੱਤ ਸਦੀਆਂ ਦੇ ਮਹਾਨ ਰਹਿਬਰਾਂ ਅਤੇ ਅਧਿਆਤਮਕ ਸ਼ਖਸ਼ੀਅਤਾਂ ਦੇ ਮਹਾਨ ਅਨੁਭਵ ਸਮਾਏ ਹੋਏ ਹਨ। ਇਸ ਤੋਂ ਪਹਿਲਾਂ ਕਿਸੇ ਵੀ ਅਜਿਹੇ ਲਾਸਾਨੀ ਗ੍ਰੰਥ ਦੀ ਮਿਸਾਲ ਨਹੀਂ ਮਿਲਦੀ। ਇਸ ਲਾਸਾਨੀ ਗ੍ਰੰਥ ਵਿਚ ਮਹਾਨ ਰਹਿਬਰਾਂ ਦੀ ਆਤਮਾ ਵਿਚੋਂ, ਪ੍ਰਭੂ ਭਗਤੀ ਦੇ ਆਵੇਸ਼ ਵਿਚ ਵਿਚਰਦਿਆਂ ਜੋ ਆਵਾਜ਼ ਨਿਕਲੀ, ਉਹੀ ਉਨ੍ਹਾਂ ਦੇ ਜੀਵਨ ਦਰਸ਼ਨ ਦੀ ਨੀਂਹ ਬਣ ਗਈ। ਇਹ ਹੀ ਉਨ੍ਹਾਂ ਦੇ ਜੀਵਨ ਦਰਸ਼ਨ ਦਾ ਸੰਦੇਸ਼ ਸੀ।

ਭਾਰਤੀ ਦਾਰਸ਼ਨਿਕ ਪਰੰਪਰਾ ਵਿਚ ਹਰ ਦਾਰਸ਼ਨਿਕ ਆਗੂ ਪੁਰਾਣੀਆਂ ਪਰੰਪਰਾਵਾਂ ਤਿਆਗ ਕੇ ਨਵੇਂ ਨਰੋਏ ਪੱਖਾਂ ਨੂੰ ਆਪਣੇ ਜੀਵਨ ਦਾ ਦ੍ਰਿਸ਼ਟੀਕੋਣ ਬਣਾਉਂਦਾ ਹੈ। ਉਹ ਆਪਣੇ ਅਨੁਭਵ ਅਤੇ ਚੌਗਿਰਦੇ ਦੇ ਪ੍ਰਭਾਵਾਂ ਤੋਂ ਬਹੁਤ ਪ੍ਰਭਾਵਿਤ ਹੁੰਦਾ ਹੈ। ਡਾ.ਜੀਤ ਸਿੰਘ ਸੀਤਲ ਇਸ ਪੱਖ ਤੇ ਇਸ ਤਰ੍ਹਾਂ ਝਾਤ ਪਾਉਂਦੇ ਹਨ :

> 'ਇਸ ਨੂੰ ਵਿਸ਼ਵ ਸਾਹਿਤ ਦਾ ਅਦੁੱਤੀ ਤੇ ਆਧੁਨਿਕ ਸਰਮਾਇਆ ਆਖਦੇ ਹਨ। ਗੁਰਮਤਿ ਦਾ ਸ਼੍ਰੋਮਣੀ ਗ੍ਰੰਥ, ਭਾਰਤੀ ਕਾਵਿ ਦਾ ਸਰਵ-ਪ੍ਰਤੀਨਿਧ

> ਲੋਕ-ਭਾਖਾਈ ਰੂਪ, ਸਿੱਖ ਮੱਤ ਦਾ ਸਤਿਕਾਰਯੋਗ ਸ਼ਬਦ ਗੁਰੂ, ਪੰਜਾਬੀ ਦਾ ਅਥਾਹ ਸਾਗਰ ਹੈ।[41]

ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਹੀ ਗੁਰਮਤਿ ਫਲਸਫ਼ਾ ਹੋਂਦ ਵਿਚ ਆਇਆ। ਗੁਰੂ ਨਾਨਕ ਦੇਵ ਜੀ ਨੇ ਸਮਾਜ ਵਿਚ ਪੈਦਾ ਹੋਈਆਂ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਅਧਿਆਤਮਕ ਖੇਤਰ ਵਿਚ ਆ ਚੁਕੀਆਂ ਗਿਰਾਵਟਾਂ ਨੂੰ ਉਪਰ ਚੁਕਣ ਲਈ ਹੀ ਇਸ ਫਲਸਫ਼ੇ ਦੀ ਨੀਂਹ ਰੱਖੀ। ਉਨ੍ਹਾਂ ਨੇ ਸੰਸਾਰ ਦਾ ਭ੍ਰਮਣ ਕਰਕੇ ਦੇਹ ਧਾਰੀ ਗੁਰੂ ਨਾਲੋਂ 'ਸ਼ਬਦ' ਗੁਰੂ ਦਾ ਆਸਰਾ ਲਿਆ, ਸੁੰਨ ਜੋਗ ਦੀ ਥਾਂ ਸ਼ਬਦ-ਸੁਰਤਿ ਦੇ ਜੋਗ ਦੀ ਲਹਿਰ ਦਾ ਡੰਕਾ ਵਜਾਇਆ। ਉਨ੍ਹਾਂ ਨੇ ਸਿਧਾਂ ਨਾਥਾਂ ਜੋਗੀਆਂ ਦੇ ਹੱਠ-ਮਾਰਗ ਨੂੰ ਨਕਾਰ ਕੇ ਸਹਿਜ ਮਾਰਗ ਦਾ ਅਮੋਲਕ ਗਿਆਨ ਬਖਸ਼ ਕੇ ਅਸਲ ਜੀਵਨ ਦੀ ਸੋਝੀ ਕਰਵਾਈ। ਗੁਰਮਤਿ ਵਿਚ ਸੁਖ-ਸਹਿਜ ਜਾਂ ਸਹਿਜ ਅਵਸਥਾ ਦੇ ਕਈ ਸਮਾਨਾਰਥੀ ਨਾਂ ਹੋਰ ਹਨ ਡਾ. ਜੈ ਰਾਮ ਮਿਸ਼੍ਰ ਅਨੁਸਾਰ :

> 'ਸਿਖ ਗੁਰੂਆਂ ਅਨੁਸਾਰ ਸਹਿਜ ਅਵਸਥਾ ਮੋਖ ਪਦ, ਜੀਵਨ ਮੁਕਤਿ ਅਵਸਥਾ, ਚਉਥਾ ਪਦ, ਤਤਵ ਗਿਆਨ, ਬ੍ਰਹਮ ਗਿਆਨ, ਰਾਜ ਯੋਗ ਲਗਭਗ ਇਕ ਹੀ ਹਨ'।[42]

ਗੁਰੂ ਨਾਨਕ ਦੇਵ ਜੀ ਨੇ ਸੰਸਾਰ ਭ੍ਰਮਣ ਸਮੇਂ ਅਨੇਕਾਂ ਮੁਲਾਂ, ਮੁਲਾਣਿਆਂ, ਜੋਗੀਆਂ, ਪੰਡਿਤਾਂ ਅਤੇ ਕਾਜ਼ੀਆਂ ਨਾਲ ਸੰਵਾਦ ਰਚਾ ਕੇ ਉਸ ਰਚਨਹਾਰੇ ਪ੍ਰਤਿਪਾਲਕ, ਪ੍ਰਭੂ ਦੇ ਸਰੋਤ ਤੋਂ ਜਾਣੂ ਕਰਵਾਇਆ ਤੇ ਉਨ੍ਹਾਂ ਦੇ ਮਨਾਂ ਵਿਚ ਵਸਿਆ ਝੂਠ, ਪਾਖੰਡ, ਲੋਭ, ਲਾਲਚ, ਬਾਹਰੀ ਅਡੰਬਰ ਅਤੇ ਕਰਾਮਾਤਾਂ ਦੇ ਕੁਕਰਮ ਨੂੰ ਆਪਣੀ ਦਾਰਸ਼ਨਿਕ ਦ੍ਰਿਸ਼ਟੀ ਰਾਹੀਂ ਸਾਹਮਣੇ ਲਿਆ ਕੇ ਸੱਚ ਦਾ ਰਸਤਾ ਦਿਖਾਇਆ। ਗੁਰੂ ਸਾਹਿਬ ਨੇ ਜਿਹੜੀ ਦਾਰਸ਼ਨਿਕ ਦ੍ਰਿਸ਼ਟੀ ਰਾਹੀਂ ਇਕ ਨਵਾਂ ਰਾਹ ਚੁਣਿਆ ਉਸ ਨੂੰ ਅਸੀਂ ਗੁਰਮਤਿ ਦਾਰਸ਼ਨਿਕਤਾ ਆਖਦੇ ਹਾਂ। ਗੁਰੂ ਸਾਹਿਬ ਨਾਲ ਸੰਵਾਦ ਚਰਚਾ ਦੌਰਾਨ ਹੀ ਇਨ੍ਹਾਂ ਅਨੇਕਾਂ ਪੈਰੋਕਾਰਾਂ ਨੂੰ ਗੁਰੂ ਨਾਨਕ ਦੇਵ ਜੀ ਦਾ ਮੌਲਿਕ ਸਿਧਾਂਤ ਪ੍ਰਾਪਤ ਹੋਇਆ। ਇਸ ਮੌਲਿਕ ਸਿਧਾਂਤ ਨੂੰ ਉਜਾਗਰ ਕਰਨ ਲਈ ਸਾਨੂੰ ਗੁਰੂ ਸਾਹਿਬ ਨਾਲ ਇਨ੍ਹਾਂ ਪੈਰੋਕਾਰਾਂ ਦੀ ਹੋਈ ਸੰਵਾਦ ਚਰਚਾ ਨੂੰ ਗੁਰਮਤਿ ਦਾਰਸ਼ਨਿਕਤਾ ਤੋਂ ਪਰਖਣ ਦਾ ਯਤਨ ਕਰਾਂਗੇ।

**ਸ਼ੇਖ ਬ੍ਰਹਮ ਨਾਲ ਗੋਸ਼ਟਿ ਅਤੇ ਗੁਰਮਤਿ ਦਾਰਸ਼ਨਿਕਤਾ** : ਗੁਰੂ ਨਾਨਕ ਦੇਵ ਜੀ ਤੇ ਭਾਈ ਮਰਦਾਨਾ ਪਾਕਪਟਨ ਵਿਚ ਸ਼ੇਖ ਫਰੀਦ ਜੀ ਨੂੰ ਮਿਲਣ ਗਏ ਤਾਂ ਉਨ੍ਹਾਂ ਦੀ ਗੱਦੀ ਤੇ ਸ਼ੇਖ ਬ੍ਰਹਮ ਸੀ। ਸ਼ੇਖ ਬ੍ਰਹਮ ਦਾ ਮੁਰੀਦ ਸ਼ੇਖ ਕਾਮਲ ਜੰਗਲਾਂ 'ਚੋ ਲਕੜੀਆਂ ਲੈਣ ਗਿਆ ਤਾਂ ਗੁਰੂ ਸਾਹਿਬ ਕੋਲੋਂ ਇਹ ਬੈਂਤ ਸੁਣ ਕੇ ਨਿਹਾਲ ਹੋ ਗਿਆ :

ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ।[43]

ਸ਼ੇਖ ਕਾਮਲ ਨੇ ਇਹ ਬੈਂਤ ਜਦੋਂ ਆਪਣੇ ਮੁਰਸ਼ਦ ਸ਼ੇਖ ਬ੍ਰਹਮ ਨੂੰ ਸੁਣਾਇਆ ਤਾਂ ਉਹ ਬਹੁਤ ਖੁਸ਼ ਹੋਇਆ ਅਤੇ ਗੁਰੂ ਸਾਹਿਬ ਨੂੰ ਮਿਲਣ ਲਈ ਤਿਆਰ ਹੋ ਗਿਆ। ਸ਼ੇਖ ਬ੍ਰਹਮ ਨੇ ਗੁਰੂ ਸਾਹਿਬ ਨੂੰ ਕਿਹਾ ਕਿ ਤੁਸੀਂ ਕਹਿੰਦੇ ਹੋ ਇਸ ਦੁਨੀਆਂ ਵਿਚ ਇਕੋ ਹੀ ਪਰਮਾਤਮਾ ਹੈ ਤੇ ਦੂਸਰਾ ਕੋਈ ਹੋਇਆ ਹੀ ਨਹੀਂ ਪਰ ਸ਼ੇਖ ਬ੍ਰਹਮ ਦਾ ਇਸ ਪ੍ਰਤੀ ਦ੍ਰਿਸ਼ਟੀਕੋਣ ਹੋਰ ਹੈ ਉਹ ਗੁਰੂ ਸਾਹਿਬ ਨੂੰ ਕਹਿੰਦਾ ਹੈ ਕਿ :

> 'ਪਰ ਏਕੁ ਸਾਹਿਬ ਤੈ ਦੁਇ ਹਦੀ। ਕੇਹੜਾ ਸੇਵੀ ਤੇ ਕੇਹੜਾ ਰਦੀ? ਤੂ ਆਖਦਾ ਹੈ ਹਿਕ ਜੋ ਇਕੁ ਹਿਕ ਹੈ, ਪਰ ਹਿੰਦੂ ਆਖਦੇ ਹਨਃ ਜੋ ਅਸਾਂ ਵਿਚ ਸਹੀ ਹੈ, ਅਤੇ ਮੁਸਲਮਾਨ ਆਖਦੇ ਹਨ ਜੋ ਅਸਾਂ ਹੀ ਵਿਚਿ ਸਹੀ ਹੈ। ਆਖੁ ਵੇਖਾਂ ਕਿਸੁ ਵਿਚਿ ਸਹੀ ਕਰੇਹਾਂ? ਅਰੁ ਕਿਸ ਵਿਚਿ ਅਣਸਹੀ ਕਰੇਹਾਂ?'[44]

ਗੁਰੂ ਸਾਹਿਬ ਨੇ ਸ਼ੇਖ ਬ੍ਰਹਮ ਨੂੰ ਇਸ ਦੇ ਵਿਰੋਧ ਵਜੋਂ ਇਕੋ ਸਰਬ ਸ਼ਕਤੀ ਮਾਨ ਪਰਮਾਤਮਾ ਦੇ ਬਾਰੇ ਦੱਸਿਆ ਤੇ ਕਿਹਾ ਕਿ ਉਸ ਪਰਮਾਤਮਾ/ਅਕਾਲ ਪੁਰਖ ਨੂੰ ਹੀ ਆਪਣੇ ਮਨ ਵਿਚ ਵਸਾਉਣਾ ਚਾਹੀਦਾ ਹੈ ਜੋ ਹਰ ਹਿਰਦੇ ਵਿਚ ਵਸਦਾ ਹੈ ਜੋ ਇਸ ਸੰਸਾਰ ਦੇ ਜ਼ਰੇ-ਜ਼ਰੇ ਵਿਚ ਸਮਾਇਆ ਹੋਇਆ ਹੈ ਤੇ ਇਸ ਕਰਕੇ ਕਿਸੇ ਦੂਸਰੇ ਦੀ ਕਲਪਨਾ ਹੀ ਨਹੀਂ ਕਰਨੀ ਚਾਹੀਦੀ:-

ਸਦਾ ਸਦਾ ਸੋ ਸੇਵੀਐ ਜੋ ਸਭ ਮਹਿ ਰਹੈ ਸਮਾਇ॥
ਅਵਰੁ ਦੂਜਾ ਕਿਉ ਸੇਵੀਐ ਜੰਮੈ ਤੈ ਮਰਿ ਜਾਇ॥[45]

ਸ਼ੇਖ ਬ੍ਰਹਮ ਨੇ ਗੁਰੂ ਸਾਹਿਬ ਤੋਂ ਕੰਤ ਨੂੰ (ਪਰਮਾਤਮਾ) ਪਾਉਣ ਸੰਬੰਧੀ ਦਾਰਸ਼ਨਿਕ ਮਸਲਿਆਂ ਨੂੰ ਵਿਚਾਰਿਆ :

ਫਰੀਦਾ ਨੰਢੀ ਕੰਤ ਨ ਰਾਵਿਓ ਵਡੀ ਥੀ ਮੁਈਆਸੁ॥

ਧਨ ਕੂਕੇਂਦੀ ਗੋਰ ਮੇਂ ਤੈ ਸਹ ਨਾ ਮਿਲੀਆਸੁ॥[46]

ਗੁਰੂ ਸਾਹਿਬ ਦਾ ਸ਼ੇਖ ਬ੍ਰਹਮ ਨੂੰ ਇਸ ਪ੍ਰਤਿ ਦਿੱਤਾ ਉੱਤਰ ਚੰਗੇ ਅਮਲ, ਸਵਛ ਮਨ ਦੇ ਇਰਦ-ਗਿਰਦ ਘੁੰਮਦਾ ਹੈ ਗੁਰੂ ਨਾਨਕ ਚਿੰਤਨ ਅਹੰਕਾਰ ਤੋਂ ਪਰੇ ਦਾ ਹੈ। ਗੁਰਮਤਿ ਦਾਰਸ਼ਨਿਕਤਾ ਨੇ ਚੰਗੇ ਕਰਮਾਂ, ਸ਼ੁਭ ਅਮਲਾਂ, ਦੁਆਰਾ ਹੀ ਕੰਤ ਪ੍ਰਾਪਤੀ ਦਾ ਰਸਤਾ ਦਰਸਾਇਆ ਹੈ :

ਮਹਲ ਕੁਚਜੀ ਮਤਵੜੀ ਕਾਲੀ ਮਨਹੁ ਕਸੁਧ॥

ਜੇ ਗੁਣ ਹੋਵਨਿ ਤਾ ਪਿਰੁ ਰਵੈ ਨਾਨਕ ਅਵਗੁਣ ਮੁੰਧ॥[47]

ਸ਼ੇਖ ਬ੍ਰਹਮ ਤੇ ਗੁਰੂ ਸਾਹਿਬ ਦੀ ਸੰਵਾਦਕੀ ਚਰਚਾ ਅਧੀਨ ਗੁਰ ਸਾਹਿਬ ਦਾ ਦਾਰਸ਼ਨਿਕ ਮਤ ਨਿਰਮਾਣਤਾ ਦੇ ਸੰਕਲਪ ਨੂੰ ਸਪਸ਼ਟ ਕਰਦਾ ਹੈ। ਗੁਰੂ ਸਾਹਿਬ ਸਮਾਜਿਕ ਪਤੀ-ਪਤਨੀ ਦੇ ਪ੍ਰਤੀਕ ਰਾਹੀਂ ਸ਼ੇਖ ਬ੍ਰਹਮ ਨੂੰ ਨਿਮਰਤਾ ਦੇ ਧਾਰਨੀ ਹੋਣ ਦਾ ਤਰਕਸ਼ੀਲਤਾ ਨਾਲ ਸੰਕਲਪ ਸਪਸ਼ਟ ਕਰਦੇ ਹਨ:-

> 'ਸ੍ਰੀ ਗੁਰੂ ਜੀ ਕਿਹਾ ਸ਼ੇਖ ਜੀ ਨਿਵਣਾ ਸਭ ਕਿਸੇ ਨੂੰ ਭਲਾ ਹੈ ਸੋ ਇਹ ਅੱਖਰ ਹੈ ਅਤੇ ਕੋਈ ਬੁਰਾ ਕਹੇ ਅਗੋਂ ਉਤਰ ਨਾ ਦੇਵਣਾ ਇਹ ਖਿਵਣਾ ਹੈ ਅਤੇ ਸ਼ੇਖ ਜੀ ਸਾਹਿਬ ਸੁਖ ਦੇਵੇ ਭਾਵੇਂ ਦੁਖ ਦੇਵੇ ਤਿਸ ਕੋ ਅੱਛਾ ਜਾਣੇ ਤੇ ਜ਼ਬਾਨ ਥੀਂ ਜਦ ਬੋਲੇ ਤਦ ਚੰਗਾ ਬੋਲੇ ਇਹ ਮਣੀਆਂ ਹੈ ਜਦ ਅਜਿਹੀ ਸੇਵਾ ਕਰੇ ਤਾਂ ਉਸ ਖਸਮ ਕਉ ਰਾਵੇ ਤੇ ਸਭੇ ਜਣੀਆਂ ਛਡ ਕੇ ਕੰਤ ਤਿਸਕਾ ਹੁੰਦਾ ਹੈ।'[48]

ਉਪਰੋਕਤ ਗੋਸ਼ਟਿ ਦੀ ਸੰਵਾਦੀ ਦ੍ਰਿਸ਼ਟੀ ਤੋਂ ਗੁਰੂ ਸਾਹਿਬ, ਸ਼ੇਖ ਬ੍ਰਹਮ ਨੂੰ ਤਿੰਨ ਵਸਤਾਂ ਨਿਮਰਤਾ, ਸਹਿਣਸ਼ੀਲਤਾ, ਤੇ ਮਿੱਠਾ ਬੋਲਣ ਦਾ ਗੁਣ ਦਸਦੇ ਨਜ਼ਰ ਆਉਂਦੇ ਹਨ :

ਸ਼ੇਖ ਬ੍ਰਹਮ ਨੇ ਗੁਰੂ ਸਾਹਿਬ ਤੋਂ ਅਜਿਹੀ ਛੁਰੀ ਜਾਂ ਕਾਤੀ ਦੀ ਮੰਗ ਕੀਤੀ ਜੋ ਕੂਠੇ ਹੋਏ ਰੱਬ ਦੇ ਦਰ ਤੇ ਕਬੂਲ ਪਵੇ ਕਿਉਂਕਿ ਸ਼ੇਖ ਬ੍ਰਹਮ ਅਨੁਸਾਰ ਹਰ ਰੋਜ਼ ਮਾਮੂਲੀ ਛੁਰੀ ਵਰਤਣ ਨਾਲ ਜਾਨਵਰਾਂ ਨੂੰ ਮਾਰੀਦਾ ਹੈ ਅਤੇ ਮਨੁੱਖਾ ਜੀਵਨ ਨੂੰ ਘਾਤ ਕੀਤਾ ਜਾਂਦਾ ਹੈ ਤਾਂ ਇਹ ਹਰਾਮ ਹੋ ਜਾਂਦੀ ਹੈ। 'ਤਾਂ

ਪੀਰ ਆਖਿਆ: 'ਨਾਨਕ! ਮੈਨੂੰ ਏਕੁ ਕਾਤੀ ਲੋੜੀਂਦੀ ਹੈ, ਓਹੁ ਕਾਤੀ ਮੈਨੂੰ ਦੇਹਿ, ਜਿਸ ਦਾ ਕੁਠਾ ਆਦਮੀ, ਹਲਾਲ ਹੋਵੈ।। ਇਹ ਜੋ ਕਾਤੀ ਹੈ, ਤਿਸ ਦੇ ਨਾਲਿ ਜਾਨਵਰੁ ਕੁਸਦੇ ਹੈਂ ਅਤੇ ਆਦਮੀ ਦੇ ਗਲਿ ਵਹੈ ਤਾਂ ਹਲਾਲੁ ਹੋਵੈ ਮੈਨੂੰ ਓਹੁ ਕਾਤੀ ਦੇਇ, ਜਿਸਦਾ ਕੁਠਾ ਮਾਣੂ ਹਲਾਲੁ ਹੋਵੈ'। ਗੁਰੂ ਸਾਹਿਬ ਨੇ ਸੱਚ ਦੇ ਸਦੀਵੀ ਸਰੋਕਾਰਾਂ ਨੂੰ ਦਾਰਸ਼ਨਿਕ ਨੁਕਤੇ ਤੋਂ ਪੇਸ਼ ਕਰਕੇ ਸ਼ੇਖ ਬ੍ਰਹਮ ਨੂੰ, ਸੰਵਾਦੀ ਪ੍ਰਵਚਨ ਰਾਹੀਂ ਸਮਝਾਉਣ ਦਾ ਯਤਨ ਕੀਤਾ ਹੈ :-

ਸਚ ਕੀ ਕਾਤੀ ਸਚੁ ਸਭੁ ਸਾਰੁ।।
ਘਾੜਤ ਤਿਸ ਕੀ ਅਪਰ ਅਪਾਰ।। ਸਬਦੇ ਸਾਣ ਰਖਾਈ ਲਾਇ।।
ਗੁਣ ਕੀ ਥੇਕੈ ਵਿਚਿ ਸਮਾਇ।। ਤਿਸ ਕਾ ਕੁਠਾ ਹੋਵੈ ਸੇਖੁ।।
ਲੋਹੂ ਲਬੁ ਨਿਕਥਾ ਵੇਖੁ।। ਹੋਇ ਹਲਾਲੁ ਲਗੈ ਹਕਿ ਜਾਇ।।
ਨਾਨਕ ਦਰਿ ਦੀਦਾਰਿ ਸਮਾਇ।।[49]

ਗੁਰੂ ਨਾਨਕ ਕੋਲੋਂ ਸ਼ੇਖ ਬ੍ਰਹਮ ਨੇ ਰੱਬ ਨੂੰ ਪਾਉਣ ਲਈ ਕੋਈ ਵਿਚੋਲੇ ਬਾਰੇ ਇੱਛਾ ਪ੍ਰਗਟ ਕੀਤੀ ਤਾਂ ਗੁਰੂ ਨਾਨਕ ਚਿੰਤਨ ਅਨੁਸਾਰ ਰੱਬ ਤੱਕ ਪੁਹੰਚਾਉਣ ਲਈ ਕੋਈ ਵਿਚੋਲਾ ਨਹੀਂ ਹੈ ਉਨ੍ਹਾਂ ਨੇ ਉਸ ਮਨੁੱਖ ਨੂੰ ਹੀ ਦੇਵਤਾ ਕਿਹਾ ਜਿਸ ਵਿਚ ਮਨੁੱਖਤਾ ਦੇ ਚੰਗੇਰੇ ਗੁਣ ਸਮਾਏ ਹੁੰਦੇ ਹਨ ਅਤੇ ਅਜਿਹਾ ਮਨੁੱਖ ਹੀ ਸਮਾਜ ਦੀ ਯੋਗ ਅਗਵਾਈ ਕਰਨ ਦੇ ਸਮਰੱਥ ਹੁੰਦਾ ਹੈ :

'ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ।।
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ।।[50]

ਗੁਰੂ ਨਾਨਕ ਚਿੰਤਨ ਮਾਨਵਤਾ ਲਈ ਅਧਿਆਤਮਕ ਖਜ਼ਾਨਾ ਹੈ, ਗੁਰੂ ਨਾਨਕ ਚਿੰਤਨ ਨੇ ਜਿਸ ਤਰ੍ਹਾਂ ਦੇ ਮਾਨਵ ਦੀ ਕਲਪਨਾ ਕੀਤੀ ਅਤੇ ਉਸ ਕਲਪਨਾ ਨੂੰ ਸਾਕਾਰ ਕਰਨ ਲਈ ਜਿਹੜੀਆਂ ਕਾਰਜਸ਼ੀਲ ਮਾਨਵ-ਹਿੱਤੀ ਕਦਰਾਂ-ਕੀਮਤਾਂ ਸਿਰਜੀਆਂ ਹਨ, ਉਨ੍ਹਾਂ ਨੂੰ ਵਿਸ਼ਵਾਰਥੀ-ਸਰੋਕਾਰ ਹੀ ਕਿਹਾ ਜਾ ਸਕਦਾ ਹੈ।

**ਕੁਲ ਦੇ ਪਰੋਹਤ ਨਾਲ ਗੋਸ਼ਟਿ ਅਤੇ ਗੁਰਮਤਿ ਦਾਰਸ਼ਨਿਕਤਾ** : ਨੌ ਵਰ੍ਹਿਆਂ ਦੀ ਉਮਰ ਵਿਚ ਗੁਰੂ ਸਾਹਿਬ ਦੇ ਘਰਦਿਆਂ ਨੇ ਗੁਰੂ ਸਾਹਿਬ ਨੂੰ ਜਨੇਊ ਪਾਉਣ ਲਈ ਸੋਚਿਆ ਅਤੇ ਕੁਲ ਦੇ ਪਰੋਹਿਤ ਪੰਡਿਤ ਹਰਦਿਆਲ ਨੂੰ ਬੁਲਾਇਆ ਗਿਆ। ਇਸ ਗੋਸ਼ਟਿ ਵਿਚ ਵੀ ਸੰਵਾਦ ਚਰਚਾ ਦਾ ਕਾਰਣ ਪੰਡਿਤ ਦੁਆਰਾ ਪਾਏ ਜਾਣ ਵਾਲੇ ਧਾਗੇ ਤੋਂ ਹੀ ਹੁੰਦਾ ਹੈ। ਗੁਰੂ ਸਾਹਿਬ ਪਰੋਹਤ ਹਰਦਿਆਲ ਨੂੰ ਪ੍ਰਸ਼ਨ ਕਰਦੇ ਹਨ ਕਿ : 'ਹੇ ਮਿਸਰ ਜੀ ਏਸ ਜਨੇਊ ਦੇ ਪਾਏ ਤੇ ਕਿਆ ਅਧਿਕਤਾ ਹੁੰਦੀ ਹੈ ਇਸ ਜਨੇਊ ਪਾਏ ਦਾ ਕਿਆ ਧਰਮ ਹੈ ਅਤੇ ਕੌਣ ਪਦਵੀ ਮਿਲਦੀ ਹੈ ਅਰ ਇਸਦੇ ਨਾ ਪਹਿਰਨੇ ਕਰ ਕੇਹੜੀ ਊਨਤਾ ਹੁੰਦੀ ਹੈ?

ਪਰੋਹਤ ਹਰਦਿਆਲ ਇਸ ਦੇ ਉੱਤਰ ਵਜੋਂ ਆਖਦੇ ਹਨ ਕਿ 'ਇਸ ਜਨੇਊ ਦੇ ਪਹਿਰਨੇ ਬਿਨਾਂ ਅਪਵਿੱਤ੍ਰ ਹੁੰਦਾ ਹੈ ਚੌਂਕੇ ਦਾ ਅਧਿਕਾਰੀ ਨਹੀਂ ਹੁੰਦਾ ਅਪਵਿਤ੍ਰ ਰਹਿੰਦਾ ਹੈ ਜਬ ਬੇਦ ਕੀ ਬਿਧ ਪੂਰਬਕ ਖੱਤ੍ਰੀ ਬ੍ਰਾਹਮਣ ਇਸ ਜਨੇਊ ਕੋ ਪਹਿਰਤੇ ਹੈ ਤਬ ਸਭ ਕਰਮ ਧਰਮ ਕੇ ਅਧਿਕਾਰੀ ਹੁੰਦੇ ਹੈਨ'[51]

ਜਨੇਊ ਦੀ ਰੀਤ ਸਮੇਂ ਹਿੰਦੂ ਧਰਮ ਵਲੋਂ ਪਕਾਏ ਜਾਂਦੇ ਪਕਵਾਨ (ਬਕਰਾ) ਰਿੰਨਣ ਦਾ ਵੀ ਖਾਸ ਮਹੱਤਵ ਹੈ ਤੇ ਬ੍ਰਾਹਮਣ ਹੀ ਸੂਤ ਦੇ ਧਾਗੇ ਦਾ ਇਹ 'ਜਨੇਊ' ਬਣਾਉਂਦਾ ਹੈ :

ਤਗ ਕਪਾਹਹੁ ਕਤੀਐ ਬਾਮ੍ਹਣੁ ਵਟੇ ਆਇ॥
ਕੁਹਿ ਬਕਰਾ ਰਿੰਨ੍ਹਿ ਖਾਇਆ ਸਭੁ ਕੋ ਆਖੈ ਪਾਇ॥[52]

ਗੁਰੂ ਸਾਹਿਬ ਦਾ ਜਨੇਊ ਦੀ ਰੀਤ ਸੰਬੰਧੀ ਦ੍ਰਿਸ਼ਟੀਕੋਣ ਪਰੋਹਤ ਹਰਦਿਆਲ ਤੋਂ ਵੱਖਰੀ ਕਿਸਮ ਦਾ ਹੈ। ਉਨ੍ਹਾਂ ਅਨੁਸਾਰ 'ਇਸ ਦੇਹੀ ਦਾ ਧਰਮ ਜਨੇਊ ਪਾਏ ਤੇ ਤਉ ਰਹਿੰਦਾ ਹੈ ਜੋ ਦਇਆ ਕੀ ਕਪਾਹ ਕਰੇ ਅਰ ਸੰਤੋਖ ਕਾ ਸੂਤ ਕਰੇ ਅਰ ਸਤ ਕਾ ਵੱਟ ਚੜ੍ਹਾਵੇ ਅਰ ਜਤ ਦੀਆਂ ਗੰਢੀਂ ਦੇਵੇਂ ਤਾਂ ਇਸਦੇ ਅੰਦਰ ਦਇਆ ਸੰਤੋਖ ਦਾ ਜਨੇਊ ਪਵੇ'

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥
ਨਾ ਏਹੁ ਤੁਟੈ ਨ ਮਲ ਲਗੈ ਨ ਏਹੁ ਜਲੈ ਨ ਜਾਇ॥
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥[53]

ਗੁਰੂ ਨਾਨਕ (ਗੁਰੂ ਸਾਹਿਬ) ਪਰੋਹਤ ਹਰਦਿਆਲ ਨੂੰ ਗੁਰਮਤਿ ਦਾਰਸ਼ਨਿਕਤਾ ਤੋਂ ਜਨੇਊ ਸੰਬੰਧੀ ਆਪਣਾ ਮਤ ਦਿੰਦੇ ਦਸਦੇ ਹਨ ਕਿ ਪ੍ਰਭੂ ਪਰਮਾਤਮਾ ਦਾ ਨਾਮ ਜਪਣਾ, ਸਚੀ ਸਿਫਤਿ ਸਲਾਹ ਦਾ ਸੂਤ ਕਤਣਾ, ਅਜਿਹਾ ਸੂਤ ਪਰਮਾਤਮਾ ਦੇ ਸੱਚੇ ਦਰਬਾਰ ਵਿਚ ਪ੍ਰਵਾਨਿਆ ਜਾਂਦਾ ਹੈ। ਇਸ ਤਰ੍ਹਾਂ ਦਾ ਸੂਤ ਨਾ ਤਾਂ ਕਦੇ ਟੁਟਦਾ ਹੈ, ਨਾ ਜਲਦਾ ਅਤੇ ਨਾ ਹੀ ਇਸ ਨੂੰ ਮੈਲ ਲੱਗਦੀ ਹੈ। ਇਸ ਤਰ੍ਹਾਂ ਦਾ ਜਨੇਊ ਸਾਰੇ ਅਸਥਾਨਾਂ ਤੇ ਨਾਲ ਹੀ ਵਿਚਰਦਾ ਹੈ।

ਗੁਰੂ ਨਾਨਕ ਚਿੰਤਨ ਦਾ ਸੂਤਕ ਸੰਬੰਧੀ ਵਿਚਾਰ ਬਾਹਰਲੀ ਮੈਲ ਲਾਹੁਣ ਤੋਂ ਨਹੀਂ ਸਗੋਂ ਆਤਮਕ ਸ਼ੁਧੀ ਤੋਂ ਹੈ। ਗੁਰੂ ਨਾਨਕ ਚਿੰਤਨ ਆਤਮਕ ਸ਼ੁਧੀ ਉਪਰ ਵਧੇਰੇ ਜ਼ੋਰ ਦਿੰਦਾ ਹੈ। ਆਤਮਕ ਸ਼ੁਧੀ ਨਾਮ ਜਪਣ ਨਾਲ ਹੀ ਸ਼ੁਧ ਹੋ ਸਕਦੀ ਹੈ।

ਪਾਂਧੇ ਨੇ ਗੁਰੂ ਸਾਹਿਬ ਨੂੰ ਪ੍ਰਸ਼ਨ ਕੀਤਾ ਕਿ 'ਹੇ ਨਾਨਕ ਜੀ ਇਹ ਜਨੇਊ ਤਾਂ ਪਿਛੇ ਭੀ ਸਨਕਾਦਿਕਾਂ ਤੇ ਆਦਿ ਲੇਕਰ ਪਹਿਨਦੇ ਆਏ ਹੈਨ ਅਤੇ ਤੂੰ ਕਿਉਂ ਮਨਹਿ ਕਰਤਾ ਹੈ? ਗੁਰੂ ਸਾਹਿਬ ਦਾ ਇਸ ਪ੍ਰਸ਼ਨ ਵਜੋਂ ਦਿੱਤਾ ਉੱਤਰ ਸੰਸਾਰ ਦੀਆਂ ਨਾਸ਼ਵਾਨ ਵਸਤੂਆਂ ਵਲ ਇਸ਼ਾਰਾ ਕਰਦਾ ਹੈ ਕਿ ਜਿਹੜੀਆਂ ਵਸਤੂਆਂ ਸੰਸਾਰ ਵਿਚ ਪੈਦਾ ਹੋਈਆਂ ਹਨ ਉਹ ਰੱਬ ਦੀ ਦਰਗਾਹ ਵਿਚ ਨਾਲ ਨਹੀਂ ਨਿਭਣਗੀਆਂ :-

ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ॥
ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ॥
ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ॥੧॥[54]

ਉਪਰੋਕਤ ਗੋਸ਼ਟਿ ਤੋਂ ਪਤਾ ਚਲਦਾ ਹੈ ਕਿ ਗੁਰੂ ਸਾਹਿਬ ਦੇ ਸਮੇਂ ਆਮ ਜਨਤਾ ਦਾ ਭੌਤਿਕ ਜੀਵਨ ਸੁਖਾਂ ਭਰਿਆ ਨਹੀਂ ਸੀ। ਉਨ੍ਹਾਂ ਸਾਹਮਣੇ ਕੋਈ ਖਾਸ ਆਦਰਸ਼ ਨਹੀਂ ਸੀ। ਭੁਲੀ ਭਟਕੀ ਲੋਕਾਈ ਵੇਦਾ ਸ਼ਾਸਤਰਾਂ ਦੇ ਨਾਂ ਤੇ ਲੁਟੀ ਦੀ ਜਾ ਰਹੀ ਸੀ। ਸੂਤਕ, ਜੰਞੂ ਆਦਿ ਦੇ ਕਰਮਾਂ ਨੇ ਭੋਲੀ ਭਾਲੀ ਜਨਤਾ ਨੂੰ ਕੁਰਾਹੇ ਪਾਇਆ ਹੋਇਆ ਸੀ। ਗੁਰਮਤਿ ਦਾਰਸ਼ਨਿਕਤਾ ਅਜਿਹੇ ਦੰਭੀ ਸਰੋਕਾਰਾਂ ਨੂੰ ਸਵੀਕਾਰ ਨਹੀਂ ਕਰਦੀ।

**ਪਾਂਧੇ ਨਾਲ ਗੋਸ਼ਟਿ ਵਿਚ ਗੁਰਮਤਿ ਦਾਰਸ਼ਨਿਕਤਾ** : 'ਪਾਂਧੇ ਨਾਲ ਗੋਸ਼ਟਿ' ਵਿਚ ਵੀ ਗੁਰੂ ਸਾਹਿਬ ਦਾ ਚਿੰਤਨ ਨਿਵੇਕਲੀ ਕਿਸਮ ਦਾ ਹੈ। 'ਬਾਬੇ ਨਾਨਕ ਜੀ ਆਖਿਆ ਪਾਂਧਾ ਜੀ ਹੋਰ ਪੜ੍ਹਨਾ ਸੁਣਨਾ ਸਭ ਬਾਦ ਹੈ ਪੜ੍ਹਨਾ ਇਹ ਸਾਰ ਹੈ ਇਹ ਜੋ ਸੰਸਾਰ ਕਾ ਪੜ੍ਹਨਾ ਹੈ ਸੋ ਐਸਾ ਹੈ ਜੋ ਮਾਇਆ ਮੋਹ ਜਾਲ ਕਰ ਮੱਸਕਰੀਏ ਇਸਕੇ ਅੰਤ੍ਰ ਜੋ ਭਾਉ ਪ੍ਰੀਤ ਹੈ ਸੋ ਕਲਮ ਕਰੀਏ ਨਿਰਮਲ ਜੋ ਮਤ ਹੈ ਸ਼ੁਭ ਵਿਚਾਰ ਵਾਲੀ ਸੋ ਕਾਗਤ ਕਰੀਏ ਸੰਤਾਂ ਗੁਰਾਂ ਨੂੰ ਪੁਛ ਕੇ ਵਿਚਾਰ ਕਰ ਲਿਖੀਏ ਕਿਆ ਲਿਖੀਏ ਪ੍ਰਮੇਸ਼ਰ ਕਾ ਨਾਮ ਲਿਖੀਏ ਭਗਵੰਤ ਕੀ ਉਪਮਾ ਲਿਖੀਏ ਜਿਸ ਲਿਖਣੇ ਕਰ ਸਭ ਵਿਕਾਰ ਮਿਟ ਜਾਣ'[55]

ਇਸ ਗੋਸ਼ਟਿ ਰਾਹੀਂ ਗੁਰੂ ਸਾਹਿਬ ਪਾਂਧੇ ਦੀ ਬੁੱਧੀ ਅਤੇ ਹਿਰਦੇ ਦਾ ਵਿਸ਼ਲੇਸ਼ਣ ਕਰਦੇ ਪ੍ਰਤੀਤ ਹੁੰਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਵੀ ਇਸ ਤਰ੍ਹਾਂ ਫੁਰਮਾਇਆ ਹੈ ਜਿਵੇਂ :

ਸੁਣਿ ਪਾਡੇ ਕਿਆ ਲਿਖਹੁ ਜੰਜਾਲਾ॥
ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ॥[56]

ਪਾਂਧਾ ਗੁਰੂ ਸਾਹਿਬ ਦੀ ਤੀਖਣ ਸੂਝ ਬੂਝ ਤੋਂ ਪ੍ਰਭਾਵਿਤ ਹੁੰਦਾ ਗੁਰੂ ਸਾਹਿਬ ਨੂੰ ਪ੍ਰਸ਼ਨ ਕਰਦਾ ਹੈ ਕਿ 'ਐ ਨਾਨਕ ਜੀ ਜੋ ਪਰਮੇਸ਼ਰ ਕਾ ਨਾਮ ਜਪਦੇ ਹਨ ਉਨਕੋ ਕਿਆ ਫਲ ਪ੍ਰਾਪਤ ਹੋਤਾ ਹੈ' ਗੁਰੂ ਸਾਹਿਬ ਹੇਠਲੀ ਪਉੜੀ ਉਚਾਰ ਕੇ ਪਾਂਧੇ ਨੂੰ ਸੰਤੁਸ਼ਟ ਕਰਦੇ ਹਨ :

ਜਿਥੈ ਮਿਲਹਿ ਵਡਿਆਈਆ ਸਦ ਖੁਸੀਆ ਸਦ ਚਾਉ॥
ਤਿਨ ਮੁਖਿ ਟਿਕੇ ਨਿਕਲਹਿ ਜਿਨ ਮਨਿ ਸਚਾ ਨਾਉ॥
ਕਰਮਿ ਮਿਲੈ ਤਾ ਪਾਈਐ ਨਾਹੀ ਗਲੀ ਵਾਉ ਦੁਆਉ॥੨॥[57]

ਗੁਰੂ ਨਾਨਕ ਚਿੰਤਨ ਪਰਮੇਸ਼ਰ ਦੇ ਨਾਮ ਨੂੰ ਹੀ ਸਭ ਤੋਂ ਉੱਤਮ ਮੰਨਦਾ ਹੈ ਜਿਸ ਨੂੰ ਪ੍ਰਾਪਤ ਕਰਨ ਨਾਲ ਸਾਰੀਆਂ ਖੁਸ਼ੀਆਂ, ਸਾਰੇ ਆਨੰਦਾਂ ਦੀ ਪ੍ਰਾਪਤੀ ਹੋ ਜਾਂਦੀ ਹੈ ਅਤੇ ਰੱਬ ਦੀ ਦਰਗਾਹ ਵਿਚ ਵੀ ਉਨ੍ਹਾਂ ਦਾ ਵੱਡਾ ਪ੍ਰਤਾਪ ਹੁੰਦਾ ਹੈ।

ਉਪਰੋਕਤ ਗੋਸ਼ਟਿ ਦੇ ਸੰਵਾਦੀ ਚਿੰਤਨ ਵਿਚ ਭਾਸ਼ਾਈ ਅਰਥ-ਉਤਪਾਦਕਤਾ ਦੀ ਵਿਚਾਰਧਾਰਕ ਪ੍ਰਕ੍ਰਿਆ ਗੁਰਮਤਿ ਦਾਰਸ਼ਨਿਕਤਾ ਨੂੰ ਪ੍ਰਗਟਾਉਣ ਲਈ ਇਕ ਸਾਰਥਿਕ-ਭੂਮਿਕਾ

ਨਿਭਾਉਂਦੀ ਹੈ ਜਿਵੇਂ- ਬ੍ਰਾਹਮਣ ਦੇ ਘਰ ਜਨਮ ਲੈ ਕੇ ਬ੍ਰਾਹਮਣ ਨਹੀਂ ਬਣ ਸਕਦਾ ਸਗੋਂ ਬ੍ਰਾਹਮਣ ਤਾਂ ਉਹ ਹੈ ਜੋ ਸੱਚੇ ਬ੍ਰਹਮ ਦੀ ਪਛਾਣ ਕਰਦਾ ਹੈ। ਉਹ ਪੰਡਤ ਜਾਂ ਬ੍ਰਾਹਮਣ ਧੰਨ-ਧੰਨ ਦੇ ਯੋਗ ਹੈ ਜੋ ਜਤ ਸਤ ਸੀਨ ਸੰਤੋਖ ਆਦਿ ਗੁਣਾਂ ਨੂੰ ਧਾਰਨ ਕਰ ਲੈਂਦਾ ਹੈ।

**ਕਾਜ਼ੀ ਨਾਲ ਗੋਸ਼ਟਿ ਵਿਚ ਗੁਰਮਤਿ ਦਾਰਸ਼ਨਿਕਤਾ:** ਗੁਰੂ ਨਾਨਕ ਦੇਵ ਜੀ ਨੇ ਮਾਨਵਤਾ ਪ੍ਰਤਿ ਉਦਾਰਵਾਦੀ ਪ੍ਰਵਚਨ ਜੋ 1499 ਈ. ਵਿਚ 'ਵੇਈ ਨਦੀਂ ਵਿਚ ਪਰਵੇਸ਼' ਕਰਨ ਤੋਂ ਬਾਅਦ ਬਾਹਰ ਆ ਕੇ ਕੀਤਾ। ਉਹ ਹੀ ਪ੍ਰਵਚਨ ਇਸ ਗੋਸ਼ਟਿ ਦਾ ਸੰਵਾਦੀ ਪੱਖ ਦ੍ਰਿਸ਼ਟੀਗੋਚਰ ਕਰਦਾ ਹੈ। ਜਦੋਂ ਗੁਰੂ ਸਾਹਿਬ 'ਨਾ ਕੋ ਹਿੰਦੂ ਨਾ ਮੁਸਲਮਾਨ' ਦਾ ਚਿੰਤਨਮਈ ਪ੍ਰਵਚਨ ਉਚਾਰਦੇ ਹਨ; 'ਤਬਿ ਲੋਕਾਂ ਜਾਇ ਕਰ ਖਾਨ ਜੋਗੁ ਕਹਿਆ, 'ਜੋ ਬਾਬਾ ਨਾਨਕੁ ਆਖਦਾ ਹੈ, ਜੋ ਨਾ ਕੋ ਹਿੰਦੂ ਹੈ, ਨਾ ਕੋ ਮੁਸਲਮਾਨ ਹੈ'। ਤਬਿ ਖਾਨ ਕਹਿਆ, 'ਇਸਕੇ ਖਿਆਲ ਨਾਹੀ ਪਉਣਾ, ਇਹੁ ਫਕੀਰੁ ਹੈ'। ਤਬ ਇਕੁ ਨੇੜੈ ਕਾਜੀ ਬੈਠਾ ਥਾ; ਉਨਿ ਕਾਜੀ ਕਹਿਆ, 'ਖਾਨ ਜੀ ! ਅਜਬ ਹੈ, ਕਿਉਂ ਜੋ ਆਖਿਆ ਹੈ?-ਨਾਂ ਕੋ ਹਿੰਦੂ ਹੈ, ਨਾਂ ਕੋ ਮੁਸਲਮਾਨ ਹੈ'-। ਤਬਿ ਖਾਨਿ ਕਹਿਆ ਆਦਮੀ ਤਾਈ, ਜੋ 'ਬੁਲਾਇ ਆਨਿ'।[58]

ਕਾਜ਼ੀ ਗੁਰੂ ਸਾਹਿਬ ਨੂੰ ਇਸ ਦਾ ਅੰਤਰੀਵੀ ਭਾਵ ਪੁੱਛਣ ਦਾ ਯਤਨ ਕਰਦਾ ਹੈ ਗੁਰੂ ਨਾਨਕ ਚਿੰਤਨ ਨੇ ਹਮੇਸ਼ਾ ਹੀ ਸਾਂਝੀਵਾਲਤਾ ਦਾ ਸੁਨੇਹਾ ਦਿੱਤਾ ਅਤੇ ਸਭ ਧਰਮਾਂ ਨੂੰ ਸਤਿਕਾਰ ਦਿੱਤਾ। ਗੁਰੂ ਸਾਹਿਬ ਅਨੁਸਾਰ ਕੋਈ ਵੀ ਧਰਮ ਚੰਗਾ ਜਾਂ ਮਾੜਾ ਨਹੀਂ ਹੈ ਪਰੰਤੂ ਧਰਮ ਦੇ ਪੈਰੋਕਾਰਾਂ ਨੇ ਧਰਮਾਂ ਵਿਚ ਜਿਹੜੀਆਂ ਵੰਡੀਆਂ ਪਾ ਦਿੱਤੀਆਂ ਹਨ, ਵਿਹਾਰਕ ਪੱਧਰ ਤੇ, ਉਹ ਗਲਤ ਹਨ। ਗੁਰੂ ਸਾਹਿਬ ਨੇ ਆਪਣੇ ਪ੍ਰਵਚਨਾਂ ਰਾਹੀਂ ਹਮੇਸ਼ਾ ਹੀ ਹਿੰਦੂ ਨੂੰ ਸੱਚਾ ਹਿੰਦੂ ਅਤੇ ਮੁਸਲਮਾਨ ਨੂੰ ਸੱਚਾ ਮੁਸਲਮਾਨ ਬਣਨ ਦੀ ਪ੍ਰੇਰਨਾ ਦਿੱਤੀ ਹੈ। ਗੁਰੂ ਸਾਹਿਬ ਸੱਚੇ ਮੁਸਲਮਾਨ ਦੀ ਹੋਂਦ ਨੂੰ ਇਸ ਤਰ੍ਹਾਂ ਸਵੀਕਾਰਦੇ ਹਨ :

> 'ਨਵਾਬ ਜੀ ਤੂੰ ਕੰਧਾਰ ਘੋੜੇ ਖਰੀਦ ਕਰਨ ਗਿਆ ਸੀ ਨਮਾਜ ਕਿਸ ਨਾਲ ਕਰਨੀ ਆਹੀ ਤਾਂ ਕਾਜੀ ਕਿਹਾ ਦੇਖੋ ਖਾਨ ਜੀ ਹਿੰਦੂ ਕਿਤਨਾ ਝੂਠ ਬੋਲਦਾ ਹੈ ਤਾਂ ਖਾਨ ਕਿਹਾ ਕਾਜੀ ਜੀ ਹਿੰਦੂ ਸੱਚਾ ਹੈ ਜਿਸ ਵਕਤ ਸਜਦੇ ਕੋ ਗਏ ਥੇ ਉਸ ਵਕਤ ਹਮਾਰਾ ਦਿਲ ਘੋੜਿਆਂ ਕੋ ਕੰਧਾਰ ਗਿਆ ਥਾ ਤਾਂ ਕਾਜੀ ਕਿਹਾ

ਤੁਮ ਘੋੜਿਆ ਕੋ ਕੰਧਾਰ ਗਏ ਥੇ ਹਮ ਕੋ ਕਹੀਂ ਨ ਗਏ ਥੇ ਹਮਾਰੇ ਸਾਥ ਨਮਾਜ ਕਰਤਾ ਤਾਂ ਅਸਾਂ ਫੇਰ ਕਾਜੀ ਨੂੰ ਕਿਹਾ ਸੁਣ ਕਾਜੀ ਜਾਂ ਤੂੰ ਮਸੀਤ ਆਇਆ ਹੈ ਤਾਂ ਤੇਰਾ ਦਿਲ ਘਰ ਸੀ ਕਿਉਂ ਜੋ ਤੇਰੇ ਅੰਛਣ ਇਕ ਖਾਤਾ ਪੁਟਿਆ ਖੜਾ ਸੀ ਜਾਂ ਤੈਨੇ ਜ਼ਿਮੀ ਤੇ ਸਜਦਾ ਕੀਤਾ ਤਾਂ ਤੇਰਾ ਰੂਹ ਵਛੇਰੇ ਕੇ ਸਾਥ ਗਿਆ ਤਾਂ ਨਵਾਬ ਕਿਹਾ ਤੁਮ ਇਹ ਕਿਆ ਕਿਹਾ ਤਾਂ ਅਸਾਂ ਨਵਾਬ ਨੂੰ ਕਿਹਾ ਕਿ ਖਾਨ ਜੀ ਕਾਜੀ ਦੀ ਘੋੜੀ ਅਜ ਸੂਈ ਹੈਸੁ ਅਤੇ ਰੂਹ ਕਾਜੀ ਦਾ ਵਛੇਰੇ ਵਿੱਚ ਜਾਇ ਰਿਹਾ ਹੈ ਜੋ ਮਤ ਵਛੇਰਾ ਖਾਤੇ ਵਿਚ ਪੈਂਦਾ ਹੋਵੇ ਹਮੇਂ ਇਹ ਕਿਹਾ ਹੇ ਖਾਨ ਜੀ! ਤਾਂ ਦੌਲਤਖਾਨ ਹੱਸਿਆ ਅਰ ਕਹਿਣੇ ਲਗਾ ਕਹੁ ਕਾਜੀ ਨਾਨਕ ਕਿਹਾ ਕਹਿੰਦਾ ਹੈ ਸਚ ਕਹਿਓ? ਤਾਂ ਕਾਜੀ ਕਿਹਾ ਖਾਨ ਜੀ ਐਸੀ ਹੀ ਬਾਤ ਹੈ'।[59]

ਉਪਰੋਕਤ ਗੋਸ਼ਿਟ ਤੋਂ ਸਪਸ਼ਟ ਹੈ ਕਿ ਗੁਰੂ ਨਾਨਕ ਚਿੰਤਨ ਸੱਚੇ ਅਤੇ ਪੱਵਿਤਰ ਮਨ ਨਾਲ ਕੀਤੀ ਪਰਮਾਤਮਾ ਦੀ ਪੂਜਾ ਬੰਦਗੀ ਨੂੰ ਹੀ ਸਵੀਕਾਰ ਕਰਦਾ ਹੈ।

ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ॥
ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥
ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ॥
ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ॥੧॥[60]

ਇਸਲਾਮੀ ਧਰਮ ਦੇ ਚਿੰਤਕ ਵੀ ਬ੍ਰਾਹਮਣਾਂ ਦੀ ਤਰ੍ਹਾਂ ਰੋਜ਼ਾ, ਤਸਬੀ, ਕਲਮਾ ਆਦਿ ਬਾਹਰੀ ਭੇਖਾਂ ਤੇ ਜ਼ੋਰ ਦਿੰਦਾ ਹੈ, ਪਰੰਤੂ ਗੁਰੂ ਨਾਨਕ ਚਿੰਤਨ ਬਾਹਰੀ ਭੇਖਾਂ ਦੀ ਵਿਰੋਧਤਾ ਕਰਦਾ ਹੈ ਅਤੇ ਬਾਹਰੀ ਚਿੰਨ੍ਹਾਂ ਦੀ ਥਾਂ ਆਦਰਸ਼ਕ ਗੁਣਾਂ ਨੂੰ ਗ੍ਰਹਿਣ ਕਰਨ ਦਾ ਉਪਦੇਸ਼ ਦਿੰਦਾ ਹੈ, ਉਪਰੋਕਤ ਬਾਣੀ-ਤੁਕਾਂ ਵਿਚ ਉਹ ਪ੍ਰਵਚਨ ਕਰਦੇ ਹਨ ਕਿ ਦਇਆ ਨੂੰ ਮਸੀਤ, ਸਹਿਣਸ਼ੀਲਤਾ ਨੂੰ ਮੁਸੱਲਾ ਅਤੇ ਨੇਕ ਕਮਾਈ ਨੂੰ ਕੁਰਾਨ ਬਣਾਉ। ਕਰਨੀ ਨੂੰ ਕਾਬਾ ਮੰਨ ਕੇ ਤੇ ਸੱਚ ਦੇ ਪੀਰ ਨੂੰ ਹੀ ਪੂਜੋ। ਇਨ੍ਹਾਂ

ਗੁਣਾਂ ਦੇ ਧਾਰਨੀ ਮੁਸਲਮਾਨ ਦੀ ਹੀ ਅੱਲਾਹ ਲਾਜ ਰੱਖਦਾ ਹੈ ਤੇ ਦਰਗਾਹ ਵਿਚ ਸਤਿਕਾਰਯੋਗ ਸਥਾਨ ਪ੍ਰਾਪਤ ਹੁੰਦਾ ਹੈ-

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥
ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ॥
ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ॥[61]

ਗੁਰੂ ਸਾਹਿਬ ਦੀ ਸੰਵਾਦੀ-ਸੁਰ ਤੱਤਕਾਲੀ ਸਮਾਜ ਦੀ ਗਿਰਾਵਟ ਜਾਂ ਮਿਆਰ ਦਾ ਬਹੁ-ਪਰਿਪੇਖੀ ਵਰਣਨ ਕਰਦੀ ਹੈ। ਜਿਸ ਸਮਾਜ ਵਿਚ ਅਨਿਆਂ, ਜਾਂ ਜ਼ੋਰ-ਜ਼ਬਰ ਦਾ ਬੋਲਬਾਲਾ ਹੋਵੇ, ਉਸ ਸਮਾਜ ਦੀ ਦਸ਼ਾ ਨੂੰ ਸਮਝਣਾ ਕਠਿਨ ਹੀ ਨਹੀਂ ਨਾ ਮੁਮਕਿਨ ਹੈ। ਤੱਤਕਾਲੀ ਰਾਜਨੀਤਿਕਾਂ ਦੀ ਦਮਨਕਾਰੀ ਨੀਤੀ ਕਾਰਨ ਆਮ ਜਨਤਾ ਦਾ ਖ਼ੂਨ ਨਚੋੜਿਆ ਜਾ ਰਿਹਾ ਸੀ। ਅਜਿਹੇ ਸਮਾਜ ਦੇ ਧਾਰਮਿਕ-ਠੇਕੇਦਾਰਾਂ ਵਲੋਂ ਕੀਤੇ ਜਾਂਦੇ ਦੰਭ ਅਤੇ ਰਾਜਨੀਤਿਕਾਂ ਵਲੋਂ ਆਮ ਜਨਤਾ ਤੇ ਜ਼ੋਰ-ਜ਼ਬਰ ਕਰਨਾ-ਇਸ ਦਸ਼ਾ ਨੂੰ ਗੁਰੂ ਨਾਨਕ ਦੀ ਸੰਵਾਦੀ-ਸੁਰ 'ਚੋ ਵਿਦਰੋਹ ਦੀਆਂ ਚੰਗਿਆਈਆਂ ਨਿਕਲਦੀਆਂ ਨਜ਼ਰ ਆਉਂਦੀਆਂ ਹਨ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਇਸਲਾਮੀ ਕੱਟੜ ਧਾਰਮਿਕ ਪਰੰਪਰਾ ਦੀ ਹਮਾਇਤ ਨਹੀਂ ਕਰਦੀ। ਉਨ੍ਹਾਂ ਅਨੁਸਾਰ ਜੇਕਰ ਕਪੜੇ ਨੂੰ ਲਹੂ ਲਗ ਜਾਵੇ ਤਾਂ ਉਹ ਕੱਪੜਾ ਨਮਾਜ਼ ਪੜ੍ਹਨ ਦੇ ਯੋਗ ਨਹੀਂ ਹੁੰਦਾ ਲੇਕਿਨ ਜਿਹੜੇ ਮਨੁੱਖ ਆਪ ਲੋਕਾਂ ਦਾ ਖ਼ੂਨ ਪੀਂਦੇ ਹਨ ਭਾਵ ਹਰਾਮ ਦੀ ਕਮਾਈ ਖਾਂਦੇ ਹਨ ਤਾਂ ਉਨ੍ਹਾਂ ਦੀ ਨਮਾਜ਼ ਕਿਵੇਂ ਪ੍ਰਵਾਨ ਹੋ ਸਕਦੀ ਹੈ, ਹੇ ਭਾਈ ਪਵਿੱਤਰ ਹਿਰਦੇ ਨਾਲ ਖ਼ੁਦਾ ਦਾ ਨਾਮ ਯਾਦ ਕਰ ਇਸ ਵਿਖਾਵੇ ਵਾਲੀ ਨਮਾਜ਼ ਨਾਲ ਖ਼ੁਦਾ ਦੀ ਕੀਤੀ ਬੰਦਗੀ ਪ੍ਰਵਾਨ ਨਹੀਂ ਹੁੰਦੀ।

'ਕਾਜ਼ੀ ਨਾਲ ਗੋਸ਼ਟਿ' ਵਿਚੋਂ ਗੁਰੂ ਸਾਹਿਬ ਦਾ 'ਇਕ ਈਸ਼ਵਰਵਾਦ' ਦਾ ਸਿਧਾਂਤ ਵੀ ਉਜਾਗਰ ਹੁੰਦਾ ਹੈ। ਕਾਜ਼ੀ ਵਲੋਂ ਗੁਰੂ ਸਾਹਿਬ ਨੂੰ ਪੁਛਿਆ ਪ੍ਰਸ਼ਨ 'ਕਿ ਤੂੰ ਹਿੰਦੂ ਹੈ ਕਿ ਮੁਸਲਮਾਨ' ਇਸ ਪ੍ਰਸ਼ਨ ਸੰਬੰਧੀ ਗੁਰੂ ਸਾਹਿਬ ਆਪਣਾ ਮਤ ਦੱਸਦੇ ਹਨ ਕਿ :

'ਬਾਬਾ ਬੋਲਿਆ ਕਿ ਜੋ ਗਿਆਨੀ ਪੁਰਸ਼ ਹੈਨ ਸੋ ਸਭਨਾ ਮੈ ਪਰਮੇਸਰ ਦੀ ਜੋਤ ਹੀ ਜਾਣਦੇ ਹੈਨ ਅਰ ਜੋ ਅਗਯਾਨੀ ਹੈਨ ਸੋ ਇਨ੍ਹਾਂ ਪੰਜ ਤਤਾਂ ਦੇ ਪੁਤਲੇ ਨੂੰ ਕੋਈ ਭੂਤਨਾ ਕਹਿੰਦਾ ਹੈ ਅਰ ਕੋਈ ਬੈਤਾਲ ਕਹਿੰਦਾ ਹੈ ਅਰ ਕੋਈ ਆਦਮੀ ਕਹਿੰਦਾ ਹੈ। ਸੋ ਮੈ ਪਰਮੇਸਰ ਤੋਂ ਬਿਨਾ ਹੋਰ ਨਹੀਂ ਜਾਣਤਾ'।

ਕੋਈ ਆਖੈ ਭੂਤਨਾ ਕੋਈ ਬੇਤਾਲਾ॥
ਕੋਈ ਆਖੈ ਆਦਮੀ ਨਾਨਕ ਵੇਚਾਰਾ॥
ਭਇਆ ਦਿਵਾਨਾ ਸਾਹੁ ਕਾ ਨਾਨਕ ਬਉਰਾਨਾ॥
ਮੈ ਹਰਿ ਬਿਨ ਅਵਰ ਨ ਜਾਨਾ॥
ਤਾ ਦਿਵਾਨਾ ਜਾਣੀਐ ਜਾ ਭੈ ਦੀਵਾਨਾ ਹੋਇ॥
ਏਕੀ ਸਾਹਿਬ ਬਾਹਰਾ ਦੂਜਾ ਅਵਰ ਨ ਜਾਣੈ ਕੋਇ॥[62]

ਗੋਸ਼ਟਿਕਾਰ ਇਸ ਗੋਸ਼ਟਿ ਵਿਚਲੇ ਪ੍ਰਵਚਨਾਂ ਰਾਹੀਂ ਰਾਜਨੀਤਿਕਾਂ ਜਾਂ ਸ਼ਾਸਕਾਂ, ਦਮਨ ਦੇ ਵਿਰੋਧ ਵਿਚ ਨੈਤਿਕਤਾ ਦੇ ਗਿਆਨ ਦਾ ਪ੍ਰਵਚਨ ਕਰਦਾ ਹੈ। ਪਰਾਇਆ ਹੱਕ ਮੁਸਲਮਾਨਾਂ ਲਈ ਸੂਰ ਅਤੇ ਹਿੰਦੂਆਂ ਲਈ ਗਊ ਦੇ ਸਮਾਨ ਹੈ। ਹਿੰਦੂ ਹੋਵੇ ਜਾਂ ਮੁਸਲਮਾਨ ਉਹ ਰੱਬ ਦੀ ਪਵਿੱਤਰ ਦਰਗਾਹ ਵਿਚ ਤਾਂ ਹੀ ਸਵੀਕਾਰੇ ਜਾਂਦੇ ਹਨ ਜੇਕਰ ਉਹ ਸੱਚ ਦਾ ਖਾਣ ਅਤੇ ਪਰਾਏ ਹੱਕ ਤੋਂ ਤੋਬਾ ਕਰਨ ਜਿਵੇਂ:

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥
ਗਲੀ ਭਿਸਤਿ ਨ ਜਾਈਐ ਛੁਟੇ ਸਚੁ ਕਮਾਇ॥[63]

ਗੁਰੂ ਨਾਨਕ ਚਿੰਤਨ ਦੀ ਉਭਰਦੀ ਸੁਰ ਤਰਕ ਅਧਾਰਿਤ ਹੈ ਕਿ ਮੁਸਲਮਾਨ ਮੁਰਦੇ ਨੂੰ ਦਫਨਾਉਂਦੇ ਹਨ ਅਤੇ ਹਿੰਦੂ ਕਬਰਾਂ ਵਿਚ ਸਾੜ ਦਿੰਦੇ ਹਨ। ਗੁਰੂ ਸਾਹਿਬ ਦੀ ਦਾਰਸ਼ਨਿਕਤਾ ਸਾੜਨ ਜਾਂ ਦੱਬਣ ਦੀ ਹਮਾਇਤ ਨਹੀਂ ਕਰਦੀ ਸਗੋਂ ਉਨ੍ਹਾਂ ਅਨੁਸਾਰ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿਉਂਕਿ ਉਸ ਮਾਲਿਕ ਪ੍ਰਭੂ ਨੂੰ ਪਤਾ ਹੈ ਕਿ ਰੂਹਾਂ ਦਾ ਕੀ ਬਣਨਾ ਹੈ। ਨਰਕ ਸੁਰਗ ਤਾਂ ਪ੍ਰਭੂ ਦੇ ਹੱਥ

ਹੈ। ਚੰਗੇ ਕਰਮਾਂ ਨਾਲ ਹੀ ਰੱਬ ਦੀ ਦਰਗਾਹ ਵਿਚ ਨਿਬੇੜਾ ਹੋਣਾ ਹੈ। ਇਸ ਲਈ ਮੁਰਦੇ ਨੂੰ ਦਫਨਾਉਣ ਜਾਂ ਸਾੜਨ ਲਈ ਆਪਸੀ ਝਗੜੇ ਦਾ ਕੋਈ ਲਾਭ ਨਹੀਂ।

ਗੁਰੂ ਸਾਹਿਬ ਨੇ ਮੁਲਾਂ ਤੇ ਕਾਜ਼ੀ ਨਾਲ ਵਾਰਤਾਲਾਪ ਵਿਚ ਮਰਨ ਦੇ ਸੰਕਲਪ ਨੂੰ ਦ੍ਰਿੜ ਕਰਦਿਆਂ ਪ੍ਰਵਚਨ ਕੀਤਾ ਹੈ ਕਿ ਹੇ ਮੁਲਾਂ ਹਰ ਇਕ ਨੇ ਇਕ ਨਾ ਇਕ ਦਿਨ ਇਸ ਫਾਨੀ ਦੁਨੀਆਂ ਨੂੰ ਛਡ ਜਾਣਾ ਹੈ। ਇਸ ਲਈ ਖੁਦਾ ਦਾ ਖੌਫ਼ ਖਾਣਾ ਚਾਹੀਦਾ ਹੈ। ਤੈਨੂੰ ਮੁਲਾਂ ਜਾਂ ਕਾਜ਼ੀ ਅਖਵਾਉਣ ਦਾ ਅਸਲੀ ਹੱਕਦਾਰ ਤਾਂ ਹੀ ਹੋਵੇਗਾ ਜੇਕਰ ਖੁਦਾ ਦੇ ਨਾਮ ਨੂੰ ਸਮਝੇਗਾ। ਅਸਲ ਕਾਜ਼ੀ ਉਹ ਹੀ ਪ੍ਰਵਾਨ ਹੋਵੇਗਾ ਜੋ ਆਪਣਾ ਆਪ ਤਿਆਗ ਕੇ ਹਰੀ ਦੇ ਨਾਮ ਨੂੰ ਆਪਣੀ ਜ਼ਿੰਦਗੀ ਦਾ ਅਧਾਰ ਬਣਾ ਲਵੇ :

ਮਰਣਾ ਮੁਲਾ ਮਰਣਾ॥
ਭੀ ਕਰਤਾਰਹੁ ਡਰਣਾ॥ ਰਹਾਉ
ਤਾ ਤੂ ਮੁਲਾ ਤਾ ਤੂ ਕਾਜੀ ਜਾਣਹਿ ਨਾਮੁ ਖੁਦਾਈ॥
ਜੇ ਬਹੁਤੇਰਾ ਪੜਿਆ ਹੋਵਹਿ ਕੋ ਰਹੈ ਨ ਭਰੀਐ ਪਾਈ॥
ਸੋਈ ਕਾਜੀ ਜਿਨਿ ਆਪੁ ਤਜਿਆ ਇਕੁ ਨਾਮੁ ਕੀਆ ਆਧਾਰੋ॥[64]

ਗੁਰੂ ਸਾਹਿਬ ਨੇ ਸਪਸ਼ਟ ਕੀਤਾ ਹੈ ਕਿ ਮਰਨ ਉਪਰੰਤ ਕਿਤੇ ਮੁਰਦੇ ਨੂੰ ਸਾੜਿਆ ਜਾਂਦਾ ਹੈ ਕਿਤੇ ਦੱਬਿਆ ਜਾਂਦਾ ਹੈ। ਇਕ ਪਾਣੀ ਵਿਚ ਸੁੱਟੇ ਜਾਂਦੇ ਹਨ। ਪਰ ਇਹ ਸਭ ਕਰਮਾਂ ਦਾ ਨਿਬੇੜਾ ਹੈ। ਇਸ ਲਈ ਇਸ ਦੁਨੀਆਂ ਵਿਚ ਚੰਗੇ ਕਰਮ ਹੀ ਕਰ ਤਾਂ ਜੋ ਰੱਬੀ ਬਹਿਸ਼ਤ ਪ੍ਰਾਪਤ ਹੋ ਸਕੇ। ਵਿਚਾਰਧਾਰਕ ਤੌਰ ਤੇ ਜੋ ਉਗਮਿਆ ਹੈ ਉਸ ਨੇ ਵਿਗਸਣਾ ਵੀ ਜ਼ਰੂਰ ਹੈ ਭਾਵ ਜੰਮਣਾ-ਮਰਨਾ ਕੁਦਰਤੀ ਹੈ। ਗੁਰੂ ਨਾਨਕ ਵਿਚਾਰਧਾਰਾ ਮਾਨਵੀ ਹਿੱਤਾਂ ਵਲ ਅਗ੍ਰਸਰ ਹੈ। ਜਦੋਂ ਕੋਈ ਪ੍ਰਾਣੀ ਮਰ ਜਾਂਦਾ ਹੈ ਤਾਂ ਬੁਨਿਆਦੀ ਮਸਲਾ ਧਾਰਮਿਕ-ਰਸਮਾਂ ਨਿਭਾਉਣ ਨਾਲ ਹੱਲ ਨਹੀਂ ਹੁੰਦਾ ਸਗੋਂ ਉਹ ਤਾਂ ਉਸ ਪ੍ਰਾਣੀ ਦੇ ਕਰਮਾਂ ਤੇ, ਉਸ ਪ੍ਰਾਣੀ ਦੁਆਰਾ ਇਕ ਪਰਮਾਤਮਾ ਦੇ ਨਾਂ ਦੀ ਓਟ ਦੇ ਅਧਾਰ ਤੇ ਖੜਿਆ ਹੈ।

ਇਕ ਦਝਹਿ ਇਕ ਦਬੀਅਹਿ ਇਕਨਾ ਕੁਤੇ ਖਾਹਿ॥

ਇਕਿ ਪਾਣੀ ਵਿਚ ਉਸਟੀਅਹਿ ਇਕਿ ਭੀ ਫਿਰਿ ਹਸਣਿ ਪਾਹਿ॥

ਨਾਨਕ ਏਵ ਨ ਜਾਪਈ ਕਿਥੈ ਜਾਇ ਸਮਾਹਿ॥[65]

ਗੁਰੂ ਨਾਨਕ ਦੇ ਤਾਰਕਿਕ ਅਤੇ ਵਿਵੇਕਮਈ ਦ੍ਰਿਸ਼ਟੀਕੋਣ ਤੋਂ ਪ੍ਰਭਾਵਿਤ ਹੋ ਕੇ ਖਾਨ, ਗੁਰੂ ਸਾਹਿਬ ਦੇ ਪੈਰ ਚੁੰਮਣ ਲੱਗਾ : 'ਤਬਿ ਫਕੀਰਾਂ ਆਇ ਪੈਰ ਚੁਮੈ, ਦਸਤ ਪੰਜਾ ਲੀਆ। ਬਾਬੇ ਦੀ ਬਹੁਤੁ ਖੁਸੀ ਹੋਈ ਫਕੀਰਾਂ ਉਪਰਿ, ਬਹੁਤੁ ਮਿਹਰਵਾਨੁ ਹੋਇਆ। ਖਾਨੁ ਭੀ ਆਇ ਗਇਆ। ਲੋਕ ਹਿੰਦੂ ਮੁਸਲਮਾਨ ਜੁ ਕੋਈ ਸਾ ਸਭ ਸਲਾਮ ਕਰਿ ਖੜਾ ਹੋਆ। ਤਬਿ ਗੁਰੂ ਪਾਸੋਂ ਵਿਦਾ ਹੋਏ'।[66]

ਉਪਰੋਕਤ ਗੋਸ਼ਟਿ ਤੋਂ ਸਪਸ਼ਟ ਹੈ ਕਿ ਗੁਰੂ ਸਾਹਿਬ ਜਗਤ ਜਲੰਦੇ ਦਾ ਉਧਾਰ ਕਰਦੇ ਹੋਏ ਆਪਣੀ ਤੀਖਣ ਅਤੇ ਤਰਕਸ਼ੀਲ ਬੁੱਧੀ ਸਦਕਾ ਉਨ੍ਹਾਂ ਦੇ ਮਨਾਂ ਵਿਚਲੇ ਸ਼ੰਕਿਆਂ ਨੂੰ ਸੰਤੁਸ਼ਟ ਕਰਦੇ ਹਨ। ਹਰ ਥਾਂ ਤੇ ਵਿਚਾਰ-ਚਰਚਾ ਦੌਰਾਨ ਗੁਰੂ ਸਾਹਿਬ ਦਾ ਹੀ ਪਲੜਾ ਭਾਰੀ ਹੁੰਦਾ ਹੈ।

**ਬੀਕਾਨੇਰ ਦੇ ਸਰੇਵੜਿਆਂ ਨਾਲ ਗੋਸ਼ਟ** : ਇਸ ਗੋਸ਼ਟਿ ਵਿਚ ਵੀ ਸਰੇਵੜਿਆਂ ਨਾਲ ਸੰਵਾਦੀ ਸੁਰ ਉਦੋਂ ਉਭਰਦੀ ਹੈ ਜਦੋਂ ਗੁਰੂ ਸਾਹਿਬ ਬੀਕਾਨੇਰ ਸਰੇਵੜਿਆਂ ਦੇ ਮੰਦਰ 'ਚ ਜਾ ਪਹੁੰਚੇ। ਅਨਭੀ ਸਰੇਵੜਾ ਗੁਰੂ ਜੀ ਨੂੰ ਮਿਲਣ ਆਇਆ। ਜੈਨੀ ਲੋਕ ਇਸ਼ਨਾਨ ਕਰਨ, ਅਗਨੀ ਬਾਲਣ, ਜੀਵ ਹੱਤਿਆ ਹੋਣ ਤੋਂ ਡਰਦੇ ਹਨ ਤੇ ਹਰ ਜੀਵਾਂ ਦੀ ਜਾਨ ਦਾ ਬਹੁਤ ਜ਼ਿਆਦਾ ਖਿਆਲ ਰੱਖਦੇ ਹਨ। ਅਨਭੀ ਸਰੇਵੜਾ ਨੇ ਗੁਰੂ ਸਾਹਿਬ ਦੇ ਉੱਚੇ-ਸੁੱਚੇ ਵਿਚਾਰਾਂ ਬਾਰੇ ਸੁਣਿਆਂ ਹੋਇਆ ਸੀ ਇਸ ਲਈ ਉਹ ਗੁਰੂ ਸਾਹਿਬ ਕੋਲ ਆ ਕੇ ਕੁਝ ਸਵਾਲ ਜਵਾਬ ਕਰਨ ਲੱਗਾ:

'ਜੋ ਤੂੰ ਅੰਨ ਨਵਾਂ ਪੁਰਾਣਾ ਖਾਵਤਾ ਹੈ, ਅਤੈ ਚੰਣਿ ਭੁਨੇ ਖਾਵਤਾ ਹੈ, ਅਤੇ ਪਾਣੀ ਠੰਡਾ ਪੀਵਤਾ ਹੈ ਬਿਨੁ ਛਣਿਆ ਬਨਿ ਝੂਣਿ ਝੂਣਿ ਖਾਂਦਾ ਹੈ, ਅਤੈ ਗੁਰੂ ਕਹਾਂਵਦਾ ਹੈ, ਸੋ ਤੈ ਕਿਆ ਗੁਣੁ ਪਾਇਆ ਹੈ ਜੋ ਨਿਤਾਪ੍ਰਤਿ ਜੀਆਂ ਮਾਰਦਾ ਹੈ?

ਗੁਰੂ ਸਾਹਿਬ ਦਾ ਦਾਰਸ਼ਨਿਕ ਮਤ ਇਨ੍ਹਾਂ ਵਿਚਾਰਾਂ ਦਾ ਵਿਰੋਧੀ ਹੈ। ਉਨ੍ਹਾਂ ਨੇ ਸਰੇਵੜਿਆਂ ਦੇ ਇਸ ਸ਼ੰਕੇ ਨੂੰ ਇਸ ਤਰ੍ਹਾਂ ਸੁਲਝਾਇਆਂ ਅਤੇ ਸਹਿਜ-ਸੁਭਾਵੀ ਸੰਤ ਰੂਪ ਵਿਚ ਪ੍ਰਵਚਨ ਕੀਤਾ :

ਸਤਿਗੁਰੁ ਹੋਇ ਦਇਆਲੁ ਤ ਸਰਧਾ ਪੂਰੀਐ॥

ਸਤਿਗੁਰੁ ਹੋਇ ਦਇਆਲੁ ਨ ਕਬਹੂੰ ਝੂਰੀਐ॥

ਸਤਿਗੁਰੁ ਹੋਇ ਦਇਆਲੁ ਤ ਦੁਖੁ ਨ ਜਾਣੀਐ॥

ਸਤਿਗੁਰੁ ਹੋਇ ਦਇਆਲੁ ਤਾ ਹਰਿ ਰੰਗੁ ਮਾਣੀਐ॥

ਸਤਿਗੁਰੁ ਹੋਇ ਦਇਆਲੁ ਤਾ ਜਮ ਕਾ ਡਰੁ ਕੇਹਾ॥

ਸਤਿਗੁਰੁ ਹੋਇ ਦਇਆਲੁ ਤਾ ਸਦ ਹੀ ਸੁਖੁ ਦੇਹਾ॥[67]

ਗੁਰੂ ਸਾਹਿਬ ਦਾ ਦਾਰਸ਼ਨਿਕ ਚਿੰਤਨ ਇਕ ਪ੍ਰਭੂ ਪਰਮਾਤਮਾ ਦੀ ਹੋਂਦ ਨੂੰ ਹੀ ਸਵੀਕਾਰ ਕਰਦਾ ਹੈ ਅਤੇ ਉਸ ਪਰਮਾਤਮਾ ਦੀ ਮਿਹਰ, ਬਖਸ਼ਿਸ, ਅਤੇ ਦਇਆ ਦੇ ਗੁਣਾਂ ਦਾ ਧਾਰਨੀ ਹੈ। ਪਰਮਾਤਮਾ ਦੀ ਮਿਹਰ ਸਦਕਾ ਮਨੁੱਖ ਨੂੰ ਕਿਸੇ ਦੁਖ ਸੁਖ ਜਾਂ ਕਿਸੇ ਜਮ ਦਾ ਡਰ ਨਹੀਂ ਰਹਿ ਜਾਂਦਾ ਅਤੇ ਮਨੁੱਖ ਹਰ ਹਾਲ ਵਿਚ ਪ੍ਰਭੂ ਦੇ ਭਾਣੇ ਵਿਚ ਰਹਿੰਦਿਆਂ ਮੌਜਾਂ ਮਾਣਦਾ ਹੈ। ਗੁਰੂ ਸਾਹਿਬ ਨੇ ਜੈਨੀਆਂ ਨੂੰ ਇਸ ਵਿਚਾਰ ਪ੍ਰਤੀ ਵੀ ਜਾਣੂ ਕਰਵਾਇਆ ਕਿ ਸੰਸਾਰ ਵਿਚ ਪੈਦਾ ਹੋਇਆ ਹਰ ਜੀਵ ਅਤੇ ਇਸ ਸੰਸਾਰ ਤੋਂ ਫਾਨੀ ਹੋਇਆ ਹਰ ਪ੍ਰਾਣੀ, ਉਸ ਮਾਲਿਕ ਦੇ ਹੁਕਮ ਅਨੁਸਾਰ ਹੀ ਹੈ। ਮਾਰਨ ਅਤੇ ਜੀਵਾਲਨ ਵਾਲਾ ਪਰਮਾਤਮਾ ਹੀ ਹੈ। ਗੁਰੂ ਨਾਨਕ ਚਿੰਤਨ ਜੈਨੀਆਂ ਦੁਆਰਾ ਕੀਤੇ ਜਾਂਦੇ ਕਰਮ ਕਾਂਡਾ ਦੀ ਨਿਖੇਧੀ ਵੀ ਕਰਦਾ ਹੈ ਕਿ ਜੈਨੀ ਜੋ ਗੰਦਾ ਪਾਣੀ ਪੀਂਦੇ ਹਨ ਜੂਠਾ ਮੰਗ ਮੰਗ ਖਾਂਦੇ ਹਨ ਅਤੇ ਵਿਸਟਾ ਨੂੰ ਫੋਲ ਕੇ ਭੜਾਸਾ ਲੈਂਦੇ ਹਨ ਅਤੇ ਭੇਡਾਂ ਵਾਂਗ ਸਿਰ ਖੁਹਾਂਦੇ ਹਨ। ਗੁਰੂ ਸਾਹਿਬ ਨੇ ਜੈਨੀਆਂ ਦੁਆਰਾ ਕੀਤੇ ਜਾਂਦੇ ਅਜਿਹੇ ਵਿਵਹਾਰ ਦਾ ਮਾਝ ਦੀ ਵਾਰ ਵਿਚ ਖੰਡਨ ਕੀਤਾ ਹੈ :

ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ॥

ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ॥

ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ॥

ਮਾਊ ਪੀਊ ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ॥[68]

ਜੈਨੀਆਂ ਨੇ ਗੁਰੂ ਸਾਹਿਬ ਨੂੰ ਸਵਾਲ ਕੀਤਾ ਕਿ ਤੁਸੀਂ ਬਰਸਾਤ ਦੀ ਰੁਤ 'ਚ ਕਿਉਂ ਤੁਰਦੇ ਹੋ ਜਦੋਂ ਕਿ ਬਾਹਰ ਕੀੜੇ-ਮਕੌੜੇ ਹਨ ਅਤੇ ਪੈਰਾਂ ਥੱਲੇ ਆ ਕੇ ਉਨ੍ਹਾਂ ਦੇ ਮਰ ਜਾਣ ਦਾ ਡਰ ਹੈ। ਗੁਰੂ

ਨਾਨਕ ਚਿੰਤਨ ਇਸ ਮਤ ਦੀ ਪੁਸ਼ਟੀ ਇਸ ਤਰ੍ਹਾਂ ਕਰਦਾ ਹੈ ਕਿ ਸਾਰੇ ਜੀਵਾਂ ਨੂੰ ਪਾਲਣਹਾਰ ਪਰਮਾਤਮਾ ਹੀ ਹੈ ਉਸਨੇ ਪਾਣੀ ਵਿਚ ਵੀ ਜੀਵ ਪੈਦਾ ਕੀਤੇ ਹਨ ਉਨ੍ਹਾਂ ਨੂੰ ਵੀ ਰੋਜ਼ੀ ਰੋਟੀ ਦਿੰਦਾ ਹੈ ਹਰ ਜੀਵਾਂ ਦੀ ਸੰਭਾਲ ਪ੍ਰਭੂ ਆਪ ਕਰ ਰਿਹਾ ਹੈ ਇਸ ਲਈ ਗੁਰੂ ਸਾਹਿਬ ਦੂਰ-ਦ੍ਰਿਸ਼ਟੀ ਦੇ ਮਾਲਿਕ ਪ੍ਰਵਚਨ ਕਰਦੇ ਹਨ :

ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ॥

ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ॥

ਓਥੈ ਹਟੁ ਨ ਚਲਈ ਨਾ ਕੋ ਕਿਰਸ ਕਰੇਇ॥

ਸਉਦਾ ਮੂਲਿ ਨ ਹੋਵਈ ਨਾ ਕੋ ਲਏ ਨ ਦੇਇ॥[69]

ਗੁਰੂ ਸਾਹਿਬ ਜੈਨੀਆਂ ਦੇ ਇਸ ਮਤ ਨੂੰ ਹੋਰ ਸੰਤੁਸ਼ਟ ਕਰਨ ਲਈ ਕੁਦਰਤ ਦੀ ਆਨੰਦਿਤ ਖ਼ੂਬੀ ਅਤੇ ਵਿਸ਼ਾਲਤਾ ਰਾਹੀਂ ਆਪਣਾ ਮੌਲਿਕ ਸਿਧਾਂਤ ਪੇਸ਼ ਕਰਦੇ :-

ਨਾਨਕ ਸਾਵਣਿ ਜੇ ਵਸੈ ਚਹੁ ਓਮਾਹਾ ਹੋਇ॥

ਨਾਗਾਂ ਮਿਰਗਾਂ ਮਛੀਆਂ ਰਸੀਆਂ ਘਰਿ ਧਨੁ ਹੋਇ॥[70]

ਗੁਰੂ ਸਾਹਿਬ ਦੇ ਇਨ੍ਹਾਂ ਪ੍ਰਵਚਨਾਂ ਤੋਂ ਜੈਨੀ ਪੁਜਾਰੀ ਬਹੁਤ ਪ੍ਰਭਾਵਿਤ ਹੋਇਆ ਅਤੇ ਗੁਰੂ ਸਾਹਿਬ ਦੇ ਚਰਨਾਂ ਤੇ ਡਿਗ ਪਿਆ ਤੇ ਉਸ ਨੇ ਗੁਰੂ ਸਾਹਿਬ ਤੋਂ ਉਨ੍ਹਾਂ ਦਾ ਸ਼ਿਸ਼ ਬਣਨ ਦੀ ਦਾਤ ਪ੍ਰਾਪਤ ਕੀਤੀ।

**ਕਲਜੁਗ ਨਾਲ ਗੋਸ਼ਟਿ ਅਤੇ ਗੁਰਮਤਿ ਦਾਰਸ਼ਨਿਕਤਾ :** ਗੁਰਮਤਿ ਚਿੰਤਨ ਵਿਚ ਇਕ ਰੱਬੀ-ਭੈ ਤੋਂ ਇਲਾਵਾ ਬਾਕੀ ਸਮਾਜਿਕ-ਡਰਾਂ ਨੂੰ ਤੁਛ ਸਮਝਿਆ ਗਿਆ ਹੈ। ਮੂਲ ਧਾਰਨਾ ਇਕ 'ਈਸ਼ਵਰਵਾਦ' ਬਾਰੇ ਹੈ। ਅਧਿਆਤਮਕ ਚਿੰਤਨ ਦੇ ਮਿਆਰ ਦੀ ਸੁਰ ਬਾਹਰਲੇ-ਜਗਤ ਦੇ ਚਿੰਤਨ ਦੇ ਮਿਆਰ ਤੋਂ ਉਚੇਰੀ ਹੈ। ਇਹ ਸੁਰ ਗੁਰੂ ਨਾਨਕ ਦੇ ਯਥਾਰਥ ਅਤੇ ਅਧਿਆਤਮਕਤਾ ਦੇ ਨਿਆਂਇਸ਼ੀਲ ਪ੍ਰਬੰਧ ਨੂੰ ਸੰਚਾਰਨ ਵਿਚ ਸਰਗਰਮ ਹੁੰਦੇ ਹਨ। ਕਲਜੁਗ ਨਾਲ ਗੋਸ਼ਟਿ ਵਿਚ ਗੁਰੂ ਨਾਨਕ-ਚਿੰਤਨ ਦੀ ਇਹ ਸੁਰ ਉਭਰਦੀ ਹੈ :-

ਡਰਿ ਘਰੁ ਘਰਿ ਡਰੁ ਡਰਿ ਡਰੁ ਜਾਇ॥

ਸੋ ਡਰੁ ਕੇਹਾ ਜਿਤੁ ਡਰਿ ਡਰੁ ਪਾਇ॥

ਤੁਧੁ ਬਿਨੁ ਦੂਜੀ ਨਾਹੀ ਜਾਇ॥

ਜੋ ਕਿਛੁ ਵਰਤੈ ਸਭ ਤੇਰੀ ਰਜਾਇ॥੧॥[71]

ਇਸ ਗੋਸ਼ਟਿ ਤੋਂ ਤੱਤਕਾਲੀਨ ਸਮਾਜ ਵਿਚ ਸ਼ਾਸਕ ਵਰਗ ਜਾਂ ਧਾਰਮਿਕ ਆਗੂਆਂ ਦੀ ਧਨ, ਦੌਲਤ ਇਕੱਠੇ ਕਰਨ ਦੀ ਰੁਚੀ ਦ੍ਰਿਸ਼ਟੀਗੋਚਰ ਹੁੰਦੀ ਹੈ। ਸਿਧਾਂ ਨਾਥਾਂ ਜੋਗੀਆਂ ਵਿਚ ਵੀ ਮਾਇਆ ਇਕੱਠੀ ਕਰਨ ਦੀ ਪ੍ਰਬਲ ਇੱਛਾ ਸੀ। ਇਸ ਗੋਸ਼ਟਿ ਵਿਚ ਗੋਸ਼ਟਿਕਾਰ 'ਕਲਜੁਗ' ਦਾ ਮਾਨਵੀਕਰਨ ਕਰਦਾ ਹੈ। ਸਮਾਜ ਵਿਰੋਧੀ ਸ਼ਕਤੀਆਂ ਆਪਣੇ ਸਵਰਗੀ ਹਿੱਤਾਂ ਕਾਰਨ ਹਮੇਸ਼ਾਂ ਹੀ ਸਮਾਜ ਨੂੰ ਕੁਰਾਹੇ ਪਾਉਂਦੀਆਂ ਰਹਿੰਦੀਆਂ ਹਨ। ਕਲਜੁਗ ਵੀ ਗੁਰੂ ਸਾਹਿਬ ਨੂੰ ਕਹਿੰਦਾ ਹੈ ਕਿ ਤੁਸੀਂ ਧਰਮ ਦਾ ਪ੍ਰਚਾਰ ਛਡ ਦੇਵੋ, ਇਸ ਬਦਲੇ ਮੈਂ ਤੁਹਾਨੂੰ ਮੋਤੀ ਮਹਿਲ ਜੋ ਕਿ ਰਤਨਾਂ ਨਾਲ ਜੜੇ ਹੋਏ ਹੋਣ, ਦੇਣ ਦਾ ਵਾਹਦਾ ਕਰਦਾ ਹਾਂ।

'ਤਬਿ ਦੈਤ ਕਾ ਰੂਪੁ ਧਾਰਿ ਆਇਆ। ਚੋਟੀ ਆਸਮਾਨ ਨਾਲਿ ਕੀਤੀਆਸੁ॥ ਜਿਉ ਜਿਉ ਨੇੜੈ ਆਵੈ, ਤਿਉ ਤਿਉ ਘਟਦਾ ਜਾਵੈ। ਤਬਿ ਮਨੁਖ ਕਾ ਸਰੂਪ ਕਰਕੇ ਆਇਆ। ਹਥਿ ਜੋੜ ਕਰ ਖੜਾ ਹੋਆ। ਤਬਿ ਬਾਬੇ ਪੁਛਿਆ : 'ਭਾਈ ਤੂੰ ਕੌਣ ਹੈ ? ' ਤਬਿ ਉਨ ਆਖਿਆ : 'ਜੀ ! ਮੈਨੂੰ ਤੂੰ ਨਾਹੀ ਜਾਣਦਾ ? ਮੈਂ ਕਲਿਜੁਗ ਹਾਂ, ਅਰ ਤੇਰੇ ਮਿਲਨੇ ਨੂੰ ਆਇਆ ਹਾਂ, ਤੂੰ ਕਰਤੇ ਪੁਰਖ ਕਾ ਵਜੀਰ ਹੈ'। ਤਬਿ ਬਾਬੇ ਨੂੰ ਨਿਮਸਕਾਰ ਕੀਤੀ ਆਖਿਓਸੁ : 'ਜੀ ਕਿਛੁ ਮੈ ਤੇ ਲੇਹੁ, ਮੇਰੈ ਵਰਨਿ ਚਲ'। ਤਬਿ ਗੁਰੂ ਬਾਬੇ ਪੁਛਿਆ : 'ਤੈਂ ਪਾਸਿ ਕਿਆ ਹੈ? ਤਾਂ ਕਲਿਜੁਗ ਆਖਿਆ : 'ਮੇਰੈ ਪਾਸ ਸਭੁ ਕਿਛੁ ਹੈ, ਜੇ ਆਖਹੁ ਤਾਂ ਮੋਤੀਆਂ ਦੇ ਮੰਦਰ ਉਸਾਰਹੁ ਅਤੇ ਰਤਨਾਂ ਕਾ ਲਾਲਾਂ ਦਾ ਜੜਾਉ ਕਰਾਵਾਂ, ਅਗਰ ਚੰਦਨ ਕਾ ਲੇਪੁ ਦੇਵਾਂ'।[72]

ਕਲਿਜੁਗ ਗੁਰੂ ਸਾਹਿਬ ਅੱਗੇ ਭਾਂਤ, ਭਾਂਤ ਦੇ ਦੁਨਿਆਵੀ ਪਦਾਰਥ ਰੱਖਦਾ ਹੈ ਪਰੰਤੂ ਗੁਰੂ ਸਾਹਿਬ ਦਾ ਮੱਤ ਇਸ ਦਾ ਵਿਰੋਧੀ ਹੈ। ਉਹ ਮਨੁੱਖੀ ਆਦਰਸ਼ਾ ਦਾ ਉਸ ਤੋਂ ਵਡੇਰਾ ਅਤੇ ਨਿਵੇਕਲਾ ਘੇਰਾ ਅਖਤਿਆਰ ਕਰ ਲੈਂਦੇ ਹਨ। ਗੁਰੂ ਸਾਹਿਬ ਨੇ ਅਮੀਰ ਵਰਗ ਵਿਚ ਕੇਂਦਰੀਕ੍ਰਿਤ ਆਰਥਿਕ ਪੱਖ ਦੀ ਸਚਾਈ ਨੂੰ ਲੌਕਿਕ ਸੰਦਰਭਾਂ ਰਾਹੀਂ ਪੇਸ਼ ਕਰਕੇ ਅਲੌਕਿਕ ਸੰਦਰਭਾਂ ਦੇ ਪ੍ਰਸੰਗ ਨੂੰ ਉਜਾਗਰ ਕੀਤਾ ਹੈ।

ਉਪਰੋਕਤ ਗੋਸ਼ਟਿ ਵਿਚ ਵੀ ਗੁਰੂ ਸਾਹਿਬ ਲਈ ਸਭ ਤੋਂ ਕੀਮਤੀ ਅਤੇ ਅਨਮੋਲ ਦਾਤ ਪ੍ਰਭੂ ਦਾ ਨਾਮ ਸਿਮਰਨ ਹੀ ਹੈ। ਸੰਸਾਰ ਦੀਆਂ ਪਦਾਰਥਕ ਵਸਤਾਂ ਗੁਰੂ ਦੇ ਨਾਮ ਸਿਮਰਨ ਅੱਗੇ ਬਹੁਤ ਫਿਕੀਆਂ ਪੈ ਜਾਂਦੀਆਂ ਹਨ।

**ਮੀਆਂ ਮਿੱਠਾ ਨਾਲ ਗੋਸ਼ਟਿ ਅਤੇ ਗੁਰਮਤਿ ਦਾਰਸ਼ਨਿਕਤਾ** : ਮੀਆਂ ਮਿੱਠਾ ਗੋਸ਼ਟਿ ਵਿਚ ਗੁਰੂ ਸਾਹਿਬ ਨੇ ਮੀਆਂ ਮਿੱਠਾ ਨੂੰ 'ਸੇਵਾ' ਦੇ ਮਹੱਤਵ ਬਾਰੇ ਗੁਰਮਤਿ ਦਾਰਸ਼ਨਿਕਤਾ ਦੇ ਨੁਕਤੇ ਤੋਂ ਸਮਝਾਇਆ। ਗੁਰਮਤਿ ਅਨੁਸਾਰ 'ਮਨੁੱਖਤਾ ਦੀ ਸੇਵਾ ਪਰਮਾਤਮਾ ਦੀ ਸੇਵਾ ਹੈ। ਇਹ ਸੇਵਾ ਮੁਕਤੀ ਦਾ ਸਾਧਨ ਹੈ'।[73] ਮੀਆਂ ਮਿੱਠਾ ਗੁਰੂ ਸਾਹਿਬ ਤੋਂ ਗੁਰਮਤਿ ਦਾਰਸ਼ਨਿਕਤਾ ਦੇ ਪੱਖ ਨੂੰ ਸਮਝਦਾ ਹੋਇਆ ਆਪਣੀ ਸ਼ੰਕਾਂ ਦੀ ਨਵਿਰਤੀ ਲਈ ਵਿਚਾਰ ਦ੍ਰਿਸ਼ਟੀਗੋਚਰ ਕਰਦਾ ਹੈ ਕਿ ਜੋ ਨਾਨਕ! ਬਿਨੁ ਤੇਲੁ ਦੀਵਾ ਜਲਦਾ ਹੈ? ਤਾਂ ਗੁਰੂ ਸਾਹਿਬ, ਇਹਨਾਂ ਪ੍ਰਤਿ ਸੰਦਰਭਾਂ ਨੂੰ ਸਪਸ਼ਟ ਕਰਨ ਲਈ ਅਧਿਆਤਮਕ ਅਤੇ ਦਾਰਸ਼ਨਿਕ ਪੱਖ ਤੋਂ ਇਉਂ ਆਪਣਾ ਮੱਤ ਪੇਸ਼ ਕਰਦੇ ਹਨ :-

ਪੋਥੀ ਪੁਰਾਣ ਕਮਾਈਐ॥ ਭਉ ਵਟੀ ਇਤੁ ਤਨਿ ਪਾਈਐ॥
ਸਚੁ ਬੂਝਣੁ ਆਣਿ ਜਲਾਈਐ॥੨॥ ਇਹੁ ਤੇਲੁ ਦੀਵਾ ਇਉ ਜਲੈ॥
ਕਰਿ ਚਾਨਣੁ ਸਾਹਿਬ ਤਉ ਮਿਲੈ॥੧॥ ਰਹਾਉ॥
ਇਤੁ ਤਨਿ ਲਾਗੈ ਬਾਣੀਆ॥ ਸੁਖੁ ਹੋਵੈ ਸੇਵ ਕਮਾਣੀਆ॥
ਸਭ ਦੁਨੀਆ ਆਵਣ ਜਾਣੀਆ॥੩॥ ਵਿਚਿ ਦੁਨੀਆ ਸੇਵ ਕਮਾਈਐ॥
ਤਾ ਦਰਗਹ ਬੈਸਣੁ ਪਾਈਐ॥ ਕਹੁ ਨਾਨਕ ਬਾਹ ਲੁਡਾਈਐ॥੪॥੩੩॥[74]

ਗੁਰੂ ਨਾਨਕ ਚਿੰਤਨ ਅਨੁਸਾਰ ਰੱਬ ਦੀ ਦਰਗਾਹ ਵਿਚ ਉਨ੍ਹਾਂ ਲੋਕਾਂ ਨੂੰ ਹੀ ਸਥਾਨ ਪ੍ਰਾਪਤ ਹਵੇਗਾ ਜੋ ਮਾਨਵਤਾ ਦੀ ਸੇਵਾ ਕਰਨਗੇ, ਪਰੰਤੂ ਇਹ ਸੇਵਾ ਕਿਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ? ਗੁਰਮਤਿ ਦਾਰਸ਼ਨਿਕਤਾ ਵਿਚ ਪਰਮਾਤਮਾ ਦੀ ਸੇਵਾ ਰਾਹੀਂ ਮਾਨਵਤਾ ਦੀ ਸੇਵਾ ਪ੍ਰਤਿ ਸੰਪੂਰਨਤਾ ਦੇ ਸੰਕਲਪ ਨੂੰ ਉਘਾੜਿਆ ਹੈ। ਪਰਮਾਤਮਾ ਗੁਰਮਤਿ ਦਾਰਸ਼ਨਿਕਤਾ ਦਾ ਕੇਂਦਰ ਬਿੰਦੂ ਹੈ ਅਤੇ ਸਾਰਾ ਦਰਸ਼ਨ ਉਸ ਦੇ ਦੁਆਲੇ ਹੀ ਘੁੰਮਦਾ ਹੈ। ਸਾਧਨਾ ਦੁਆਰਾ ਪ੍ਰਾਪਤ ਕਰਨ ਵਾਲਿਆਂ ਦਾ ਪਰਮ ਲਕਸ਼ ਪਰਮਾਤਮਾ ਦੀ ਪ੍ਰਾਪਤੀ ਹੈ। ਇਸ ਲਈ ਉਸ ਸਰਬ ਸ਼ਕਤੀਮਾਨ, ਪਾਰਬ੍ਰਹਮ ਦੀ ਸੇਵਾ ਕਰਨਾ ਮਨੁੱਖ ਦਾ ਪਰਮ ਪਵਿੱਤਰ ਫਰਜ਼ ਹੈ। ਇਸ ਸੇਵਾ ਦੇ ਸੰਦਰਭ ਦੇ ਪਿਛੋਕੜ ਵਿਚ ਸਮਾਜਿਕ ਸੰਦਰਭ ਨੂੰ ਪ੍ਰੋਖ ਰੂਪ ਵਿਚ ਪਰਿਭਾਸ਼ਤ ਕੀਤਾ ਗਿਆ ਹੈ। ਅਜਿਹੇ ਧਾਰਮਿਕ ਪ੍ਰਵਚਨਾਂ ਦਾ ਅਸਰ ਕਾਮਨਾ-ਮਰਿਆਦਾ ਦੇ ਤਣਾਅ ਨੂੰ ਵੀ ਪਾਰ ਕਰ ਜਾਂਦਾ ਹੈ :

ਹਰਿ ਕੀ ਸੇਵਾ ਸਫਲ ਹੈ ਗੁਰਮੁਖਿ ਪਾਵੈ ਥਾਇ॥
ਹਰਿ ਕੀ ਸੇਵਾ ਸੋ ਕਰੇ ਜਿਸੁ ਲਏ ਹਰਿ ਲਾਏ॥[75]

ਜਾਂ

ਸਫਲ ਸੇਵਾ ਗੋਪਾਲ ਰਾਇ॥
ਕਰਨ ਕਰਾਵਨਹਾਰ ਸੁਆਮੀ ਤਾ ਤੇ ਬਿਰਥਾ ਕੋਇ ਨ ਜਾਇ॥[76]

ਜਾਂ

ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ॥
ਮਨ ਚਿੰਦਿਆ ਫਲੁ ਪਾਵਣਾ ਹਉਮੈ ਵਿਚਹੁ ਜਾਇ॥[77]

ਜਾਂ

ਏਹਾ ਸੇਵਾ ਚਾਕਰੀ ਨਾਮੁ ਵਸੈ ਮਨਿ ਆਇ॥
ਨਾਮੈ ਹੀ ਤੇ ਸੁਖ ਪਾਈਐ ਸਚੈ ਸਬਦਿ ਸੁਹਾਇ॥[78]

ਉਪਰੋਕਤ ਵਿਚਾਰ ਤੋਂ ਸਪਸ਼ਟ ਹੈ ਕਿ ਗੁਰੂ ਨਾਨਕ ਦੇਵ ਜੀ ਜੀਵਨ ਨੂੰ ਆਦਿ/ਅੰਤ ਦੀ ਸੀਮਾ ਤੋਂ ਪਾਰ ਇਸ ਦੀ ਨਿਰੰਤਰਤਾ ਵਿਚ ਵੇਖਦੇ ਹਨ। ਇਸ ਸੰਸਾਰ ਵਿਚ ਆ ਕੇ ਜਿਹੜੇ ਪਰਮਾਤਮਾ ਦੀ ਭਗਤੀ ਬੰਦਗੀ ਕਰਦੇ ਹਨ। ਉਨ੍ਹਾਂ ਨੂੰ ਹੀ ਰੱਬ ਦੀ ਦਰਗਾਹ ਵਿਚ ਯੋਗ ਸਥਾਨ ਦੀ ਪ੍ਰਾਪਤੀ ਹੁੰਦੀ ਹੈ, ਗੁਰੂ ਨਾਨਕ ਦੇ ਇਹਨਾਂ ਦਾਰਸ਼ਨਿਕ ਪ੍ਰਵਚਨਾਂ ਦੇ ਪ੍ਰੋਖ ਵਿਚ ਜੀਵਨ-ਵਿਚਲੀ ਸਹਿਜਤਾ ਦੇ ਸੰਦਰਭ ਉਘੜਦੇ ਹਨ ਅਤੇ ਇਸ ਤਰ੍ਹਾਂ ਦੀ ਅਧਿਆਤਮਕ ਸੋਝੀ ਤੋਂ ਪ੍ਰਭਾਵਿਤ ਹੋ ਕੇ ਮੀਆਂ ਮਿੱਠਾ ਗੁਰੂ ਸਾਹਿਬ ਦਾ ਦਿਲੋਂ ਪ੍ਰੰਸ਼ਸਕ ਬਣਦਾ ਹੈ।

**ਅਚਲ ਵਟਾਲੇ ਸਿਧਾਂ ਨਾਲ ਗੋਸ਼ਟਿ ਵਿਚ ਗੁਰਮਤਿ ਦਾਰਸ਼ਨਿਕਤਾ :**

ਅੱਚਲ ਸਾਹਿਬ ਦੇ ਸਥਾਨ 'ਤੇ ਹਰ ਸਾਲ ਨਵੰਬਰ ਮਹੀਨੇ ਵਿਚ ਸ਼ਿਵਰਾਤਰੀ ਦਾ ਭਾਰੀ ਮੇਲਾ ਲੱਗਦਾ ਸੀ। ਸਿੱਧ, ਨਾਥ, ਜੋਗੀ ਵੀ ਉਨੀਂ ਦਿਨੀ ਬੜੀ ਸ਼ਿਦਤ ਨਾਲ ਇਸ ਮੇਲੇ ਵਿਚ ਪਹੁੰਚਦੇ ਸਨ ਅਤੇ ਆਪਣੀਆਂ ਕਰਾਮਾਤਾਂ ਦਾ ਜਲਵਾ ਦਿਖਾ ਕੇ ਲੋਕਾਂ ਨੂੰ ਭਰਮਾਉਣ ਦਾ ਯਤਨ ਕਰਕੇ ਮਾਇਆ ਇਕੱਤਰ ਕਰਦੇ ਸਨ।

ਸੁਮੇਰ ਪਰਬਤ ਦੀ ਗੋਸ਼ਟਿ ਸਮੇਂ ਸਿਧਾਂ ਨੇ ਗੁਰੂ ਨਾਨਕ ਨੂੰ ਅਚਲ ਵਟਾਲੇ ਚਲਣ ਦੀ ਬੇਨਤੀ ਕੀਤੀ: 'ਤਦਹੁੰ ਸਿਧ ਬੋਲੇ ਨਾਨਕ! ਤੂ ਅਚਲ ਚਲੁ ਮੇਲਾ ਹੈ ਦਰਸਨੁ ਸਿਧਾਂ ਕਾ ਮੇਲਾ ਹੈ। ਤਬ ਬਾਬੇ ਆਖਿਆ : ਅਚਲੁ ਕਿਤਨਿਆਂ ਦਿਨਾਂ ਕੀ ਵਾਟ ਹੈ?' ਤਬ ਸਿਧ ਬੋਲੇ: ਨਾਨਕ! ਅਚਲੁ ਤਿਹੁ ਦਿਨਾਂ ਕਾ ਪੈਂਡਾ ਹੈ, ਅਸਾਡਾ ਹੈ ਜੋ ਪਉਣ ਕੀ ਚਾਲ ਚਲਤੇ ਹਾਂ। ਤਬ ਬਾਬੇ ਆਖਿਆ: 'ਤੁਸੀ ਚਲਹੁ, ਅਸੀਂ ਧੀਰੇ ਬਾਇ ਆਵਹਿੰਗੇ'। ਤਬ ਸਿਧ ਉਥਹੁੰ ਚਲੇ। ਤਬ ਪਿਛਹੁੰ ਬਾਬਾ ਭੀ ਚਲਿਆ ਮਨਸਾ ਕੀ ਚਾਲੁ, ਇਕ ਪਲ ਮਹਿਂ ਗਇਆ। ਆਇ ਬੋੜ ਤਲੈ ਬੈਠਾ। ਪਿਛਹੁੰ ਸਿਧ ਆਏ। ਜਾਂ ਦੇਖਨਿ ਤਾਂ ਅਗੈ ਬੈਠਾ ਹੈ! ਤਬ ਸਿਧਾਂ ਪੁਛਿਆ : ਏਹ ਕਦਿ ਕਾ ਆਇਆ ਹੈ?

ਗੋਸ਼ਟਿਕਾਰ ਨੇ ਇਥੇ ਗੁਰੂ ਸਾਹਿਬ ਨੂੰ ਕਰਾਮਾਤੀ ਪੁਰਸ਼ ਦਿਖਾਇਆ ਹੈ ਅਤੇ ਗੁਰੂ ਸਾਹਿਬ ਦਾ, ਰਾਸਧਾਰੀਆਂ ਦੇ ਲੋਟੇ ਨੂੰ ਲੱਭਣਾ ਵੀ ਕਰਾਮਾਤੀ ਅੰਸ਼ ਨੂੰ ਦ੍ਰਿਸ਼ਟਮਾਨ ਕਰਦਾ ਹੈ। ਸ਼ਾਮ ਨੂੰ ਸਿਧਾਂ ਦਾ ਸੁਰਾਹੀ ਵਿਚੋਂ ਪਿਆਲਾ ਵਰਤਾਉਣ ਦਾ ਸਮਾਂ ਆਉਂਦਾ ਹੈ। ਉਦੋਂ ਗੁਰੂ ਸਾਹਿਬ ਨੇ ਸਿਧਾਂ ਨੂੰ ਸੁਰਾਹੀ

ਬਾਰੇ ਪੁਛਿਆ : 'ਏਹੁ ਕਿਆ ਹੈ?' ਤਬ ਸਿਧਾਂ ਆਖਿਆ 'ਏਹੁ ਸਿਧਾਂ ਕਾ ਪਿਆਲਾ ਹੈ? 'ਇਸ ਵਿਚਿ ਗੁੜ ਅਤੈ ਧਾਵੈ ਕੈ ਫੁਲ ਪਾਏ ਹੈਨਿ। ਗੁਰੂ ਨਾਨਕ ਚਿੰਤਨ ਇਸ ਕਰਾਮਾਤੀ ਲੋਟੇ ਨੂੰ ਨਕਾਰਦਾ ਹੈ ਅਤੇ ਇਸ ਦੀ ਥਾਂ ਉਸ ਪ੍ਰਭੂ ਪ੍ਰੀਤਮ ਦੇ ਨਾਮ ਗਿਆਨ ਧਿਆਨ ਨੂੰ ਹੀ ਧਿਆਉਂਦਾ ਹੈ :

ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰਿ ਕਰਣੀ ਕਸੁ ਪਾਈਐ॥
ਭਾਠੀ ਭਵਨੁ ਪ੍ਰੇਮ ਕਾ ਪੋਚਾ ਇਤੁ ਰਸਿ ਅਮਿਉ ਚੁਆਈਐ॥੧॥
ਬਾਬਾ ਮਨੁ ਮਤਵਾਰੋ ਨਾਮ ਰਸ ਪੀਵੈ ਸਹਜ ਰੰਗਿ ਰਚਿ ਰਹਿਆ॥
ਅਹਿਨਿਸਿ ਬਨੀ ਪ੍ਰੇਮ ਲਿਵਲਾਗੀ ਸਬਦੁ ਅਨਾਹਦੁ ਗਹਿਆ॥੧॥ ਰਹਾਉ[79]

ਗੁਰੂ ਸਾਹਿਬ ਦਾ ਉਦੇਸ਼ ਇਨ੍ਹਾਂ ਇੱਕਠਾ ਵਿਚ ਆ ਕੇ ਕੋਈ ਕੌਤਕ ਦਿਖਾਉਣ ਦਾ ਨਹੀਂ ਸੀ ਸਗੋਂ ਸਿਧਾਂ ਨਾਥਾਂ ਦੁਆਰਾ ਲੋਕਾਂ ਨੂੰ ਕੌਤਕਾਂ ਨਾਲ ਭਰਮਾ ਕੇ ਉਨ੍ਹਾਂ ਦਾ ਸੋਸ਼ਣ ਕੀਤਾ ਜਾਂਦਾ ਸੀ। ਗੁਰੂ ਸਾਹਿਬ ਦਾ ਇਥੇ ਆਉਣ ਦਾ ਮਕਸਦ ਲੋਕਾਂ ਨੂੰ ਸੇਧਤ ਕਰਵਾਉਣ ਦਾ ਸੀ। ਜੋਗੀ ਆਪਣੇ ਕੌਤਕਾਂ ਨੂੰ ਨਾ ਚਲਦਾ ਦੇਖ ਕੇ ਮਨ ਵਿਚ ਗੁੱਸਾ ਕਰਨ ਲੱਗੇ। ਉਹ ਸੋਚਣ ਲੱਗੇ ਕਿ ਗੁਰੂ ਸਾਹਿਬ ਨੂੰ ਵਿਚਾਰਾਂ ਨਾਲ ਹਰਾਇਆ ਜਾ ਸਕਦਾ ਹੈ ਤੇ ਉਹ ਸਾਰੇ ਗੁਰੂ ਸਾਹਿਬ ਨਾਲ ਗੋਸ਼ਟਾਂ ਕਰਨ ਲਈ ਇੱਕਠੇ ਹੋ ਗਏ। ਜੋਗੀ ਭੰਗਰ ਨਾਥ ਨੇ ਪੁੱਛਿਆ, 'ਹੇ ਨਾਨਕ, ਤੂੰ ਦੁੱਧ ਵਿਚ ਕਾਂਜੀ ਪਾ ਕੇ ਦੁੱਧ ਨੂੰ ਕਿਉਂ ਖਰਾਬ ਕਰ ਦਿੱਤਾ ਹੈ? ਭਾਵ ਉਦਾਸੀ ਦਾ ਭੇਖ ਉਤਾਰ ਕੇ, ਤੂੰ ਫਿਰ ਸੰਸਾਰੀਆਂ ਵਾਲੀ ਰੀਤ ਕਿਉਂ ਚਲਾ ਦਿੱਤੀ ਹੈ? 'ਗੁਰੂ ਸਾਹਿਬ ਦਾ ਇਸ ਪ੍ਰਤੀ ਦ੍ਰਿਸ਼ਟੀਕੋਣ ਇਸ ਤਰ੍ਹਾਂ ਹੈ ਕਿ 'ਹੇ ਜੋਗੀ ਭੰਗਰ ਨਾਥ! ਤੇਰੀ ਮਾਂ (ਬੁੱਧੀ) ਕੁਚੱਜੀ ਹੈ, ਜਿਸ ਨੇ ਤੇਰੇ ਹਿਰਦੇ ਰੂਪੀ ਭਾਂਡੇ ਨੂੰ ਚੰਗੀ ਤਰ੍ਹਾਂ ਸਾਫ ਨਹੀਂ ਕੀਤਾ। ਇਸ ਕੁਚੱਜੇ ਪਣ ਕਰਕੇ ਹੀ ਤੇਰਾ ਗਿਆਨ ਰੂਪੀ ਫੁਲ ਅਤੇ ਫਲ ਸੜ ਗਿਆ ਹੈ। ਤੁਸੀਂ ਗ੍ਰਹਿਸਤ ਨੂੰ ਤਿਆਗ ਕੇ, ਜੰਗਲਾਂ ਵਿਚ ਭਟਕਦੇ ਫਿਰਦੇ ਹੋ ਅਤੇ ਫਿਰ ਪੇਟ ਦੀ ਖਾਤਰ ਮੰਗਣ ਦੁਬਾਰਾ ਗ੍ਰਿਹਸਤੀਆਂ ਦੇ ਘਰੀਂ ਹੀ ਜਾਂਦੇ ਹੋ। ਗ੍ਰਹਿਸਤੀਆਂ ਤੋਂ ਬਗੈਰ ਤੁਹਾਨੂੰ ਕੋਈ ਵੀ ਭਿਖਿਆ ਨਹੀਂ ਪਾਉਂਦਾ। ਇਸ ਮੱਤ ਨੂੰ ਵੀ ਭਾਈ ਗੁਰਦਾਸ ਜੀ ਇਉਂ ਸਪਸ਼ਟ ਕਰਦੇ ਹਨ :

ਖਾਧੀ ਖੁਣਸਿ ਜੋਗੀਸਰਾਂ ਗੋਸਟਿ ਕਰਨਿ ਸਭੇ ਉਠਿ ਆਈ।

ਪੁਛੇ ਜੋਗੀ ਭੰਗਰਨਾਥੁ, 'ਤੁਹਿ ਦੁਧ ਵਿਚਿ ਕਿਉ ਕਾਂਜੀ ਪਾਈ?
ਫਿਟਿਆ ਚਾਟਾ ਦੁਧ ਦਾ ਰਿੜਕਿਆ ਮਖਣੁ ਹਥਿ ਨ ਆਈ।
ਭੇਖ ਉਤਾਰਿ ਉਦਾਸਿ ਦਾ, ਵਤਿ ਕਿਉ ਸੰਸਾਰੀ ਰੀਤਿ ਚਲਾਈ?
ਨਾਨਕ ਆਖੇ, 'ਭੰਗਰਿ ਨਾਥ! ਤੇਰੀ ਮਾਉ ਕੁਚਜੀ ਆਹੀ।[80]

ਸਿਧਾਂ/ਨਾਥਾਂ/ਜੋਗੀਆਂ ਦੁਆਰਾ ਦਾਰਸ਼ਨਿਕ ਅਤੇ ਧਾਰਮਿਕ ਸੰਕਲਪਾਂ ਵਾਲੇ ਪ੍ਰਸ਼ਨ ਉਠਾਏ ਗਏ ਹਨ ਅਤੇ ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਵਜੋਂ ਗੁਰੂ ਸਾਹਿਬ ਨੇ ਵਿਸ਼ਵ-ਵਿਆਪੀ ਦਾਰਸ਼ਨਿਕਤਾ ਤਹਿਤ, ਇਨ੍ਹਾਂ ਸ਼ੰਕਿਆਂ ਭਰਪੂਰ ਮਸਲਿਆਂ ਨੂੰ ਸੁਲਝਾਇਆ ਹੈ। ਜੋਗੀਆਂ ਵਲੋਂ ਗੁਰੂ ਸਾਹਿਬ ਨਾਲ ਅਵਧੂਤੀ, ਉਦਾਸੀ, ਪਾਖੰਡੀ, ਬੈਰਾਗੀ, ਆਦਿ ਬਾਰੇ ਸ਼ੰਕੇ ਸਾਂਝੇ ਕੀਤੇ ਗਏ ਅਤੇ ਗੁਰਮਤਿ ਦਾਰਸ਼ਨਿਕਤਾ ਵਿਚ ਇਨ੍ਹਾਂ ਮਸਲਿਆਂ ਨੂੰ ਸੁਲਝਾਉਣ ਲਈ ਇਕਸੁਰਤਾ, ਇਕਸਾਰਤਾ ਅਤੇ ਵਿਚਾਰਧਾਰਕ ਗਹਿਰਾਈ ਹੈ। ਗੁਰਬਾਣੀ ਦੀ ਯਾਤਰਾ ਬ੍ਰਹਿਮੰਡ ਤੋਂ ਲੈ ਕੇ ਧਰਤੀ ਤੱਕ ਦੀ ਹੈ। ਇਹ ਲੌਕਿਕ ਵੀ ਹੈ ਅਤੇ ਪਾਰਲੌਕਿਕ ਵੀ। ਲੌਕਿਕ ਤੋਂ ਭਾਵ ਹੈ ਕਿ ਇਸ ਬਾਣੀ ਵਿਚ ਧਰਤੀ (ਮਾਨਵ) ਨਾਲ ਜੁੜੇ ਹਰ ਮਸਲੇ ਦਾ ਚਿੰਤਨ ਤਰਕਵਾਦੀ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਲੌਕਿਕਤਾ ਵਿਚੋਂ ਹੀ ਪਾਰਲੌਕਿਕਤਾ ਨੂੰ ਅਰਥ ਦਿੱਤੇ ਗਏ ਹਨ ਅਤੇ ਪਾਰਲੌਕਿਕਤਾ ਵਿਚੋਂ ਲੌਕਿਕਤਾ ਦਾ ਮਾਰਗ ਦਰਸ਼ਨ ਕੀਤਾ ਗਿਆ ਹੈ।

ਗੁਰੂ ਸਾਹਿਬ ਨੇ ਸਿਧਾਂ ਨੂੰ ਗ੍ਰਹਿਸਤ ਜੀਵਨ ਵਿਚ ਰਹਿੰਦਿਆਂ ਹੀ ਪ੍ਰਭੂ ਭਗਤੀ ਕਰਨ ਦੀ ਪ੍ਰੇਰਨਾ ਦਿੱਤੀ ਹੈ ਤੇ ਅਸਲ ਗ੍ਰਹਿਸਤੀ ਦਾ ਗੁਣ ਦੱਸਿਆ ਹੈ ਕਿ ਜੋ ਇੰਦਰੀਆਂ ਨੂੰ ਵਿਕਾਰਾਂ ਵਲੋਂ ਰੋਕੇ ਅਤੇ ਪਰਮਾਤਮਾ ਕੋਲੋਂ ਸਹਿਜ, ਸੰਜਮ ਰੂਪੀ ਖੈਰ ਮੰਗੇ ਅਤੇ ਆਪਣਾ ਸਰੀਰ ਪੁੰਨ-ਦਾਨ ਵਾਲਾ ਹੀ ਬਣਾ ਲਵੇ ਉਹ ਗ੍ਰਹਿਸਤੀ ਹੀ ਗੰਗਾ ਜਲ ਦੀ ਤਰ੍ਹਾਂ ਪਵਿੱਤਰ ਹੋ ਜਾਂਦਾ ਹੈ।[81]

ਸਿਧਾਂ ਨਾਲ ਸੰਵਾਦ ਚਰਚਾ ਦੌਰਾਨ ਹੀ ਗੁਰੂ ਸਾਹਿਬ ਨੇ ਅਵਧੂਤੀ, ਉਦਾਸੀ, ਪਾਖੰਡੀ, ਬੈਰਾਗੀ ਬਾਰੇ ਵੀ ਸਪਸ਼ਟ ਕੀਤਾ ਅਤੇ ਸਿਧਾਂ ਦੁਆਰਾ ਕੀਤੇ ਜਾਂਦੇ ਕ੍ਰਿਆ-ਕਰਮ ਤੋਂ ਉਲਟ ਉਨ੍ਹਾਂ ਨੂੰ ਅਸਲੀ ਧਰਮ ਬਾਰੇ ਵੀ ਜਾਣੂ ਕਰਵਾਇਆ :

**ਅਵਧੂਤੀ**

ਅਉਧੂ ਜਾਂ ਅਵਧੂਤ ਤੋਂ ਭਾਵ ਅਵਧੂਨਨ ਕਰਨ ਵਾਲਾ ਮੰਨਿਆਂ ਜਾਂਦਾ ਹੈ। ਸੰਸਕ੍ਰਿਤੀ ਵਿਚ ਵੀ ਇਸ ਦੇ ਅਰਥ ਝਾੜਨਾ, ਪਛਾੜਨਾ ਤੋਂ ਲਏ ਗਏ ਹਨ। ਜੋ ਵਿਕਾਰਾਂ ਨੂੰ ਝਾੜ ਕੇ ਪਰੇ ਸਿੱਟੇ, ਉਹ ਅਵਧੂਤ ਹੈ। ਇਸ ਤਰ੍ਹਾਂ ਅਵਧੂਤੀ ਨੂੰ ਤਯਾਗੀ ਜਾਂ ਵਿਰਤਕ ਵੀ ਕਿਹਾ ਗਿਆ ਹੈ।[82] ਗੁਰੂ ਸਾਹਿਬ ਦੀ ਸਿਧਾਂ ਨਾਲ ਵਿਚਾਰ-ਚਰਚਾ ਦੌਰਾਨ ਸਿਧ ਗੁਰੂ ਸਾਹਿਬ ਤੋਂ ਅਵਧੂਤ ਦੇ ਅਸਲ ਗਿਆਨ ਨੂੰ ਜਾਣਨਾ ਚਾਹੁੰਦੇ ਹਨ। ਗੁਰੂ ਸਾਹਿਬ ਦਾ ਦ੍ਰਿਸ਼ਟੀਕੋਣ ਇਸ ਤਰ੍ਹਾਂ ਹੈ : ਅਵਧੂਤੀ ਭਾਵ ਜੋ ਮਾਇਆ ਦੇ ਬੰਧਨਾਂ ਤੋਂ ਮੁਕਤ ਹੈ। ਉਹ ਜੋਗੀ ਹੀ ਅਸਲੀ ਅਵਧੂਤ ਬਣ ਸਕਦਾ ਹੈ ਜੋ ਆਪ-ਭਾਵ ਸਾੜ ਦੇਵੇ, ਆਪਣੇ ਅੰਦਰੋਂ ਹਉਮੈ ਨੂੰ ਖਤਮ ਕਰ ਦੇਵੇ ਅਤੇ ਹਿਰਦੇ ਰੂਪ ਸ਼ਹਿਰ ਵਿਚ ਟਿਕ ਕੇ ਪਰਮਾਤਮਾ ਤੋਂ ਖੈਰ ਮੰਗੇ ਉਹ ਹੀ ਅਵਧੂਤੀ ਪਾਰਬ੍ਰਹਮ ਵਿਚ ਲੀਨ ਹੁੰਦਾ ਹੈ। ਗੁਰੂ ਸਾਹਿਬ ਨੇ ਗੋਰਖ ਨਾਥ ਨੂੰ ਵੀ ਇਸ ਤਰ੍ਹਾਂ ਦਾ ਅਵਧੂਤੀ ਬਣਨ ਦੀ ਪ੍ਰੇਰਨਾ ਦਿੱਤੀ ਕਿ ਜੇਕਰ ਉਹ ਇਸ ਤਰ੍ਹਾਂ ਦਾ ਅਵਧੂਤੀ ਬਣ ਜਾਵੇਗਾ ਤਾਂ ਉਸ ਦਾ ਪਾਰਬ੍ਰਹਮ ਤੋਂ ਵੱਖਰਾ ਰੂਪ ਨਹੀਂ ਹੋਵੇਗਾ।[83]

**ਉਦਾਸੀ**

ਮਹਾਨ ਕੋਸ਼ ਅਨੁਸਾਰ ਉਦਾਸੀ ਦਾ ਅਰਥ ਉਪਰਾਮ, ਵਿਰਕਤ ਹੈ। ਉਦਾਸੀਆਂ ਦਾ ਲਿਬਾਸ ਮੰਜੀਠੀ ਚੋਲਾ ਗਲ ਕਾਲੀ ਸੇਲ੍ਹੀ, ਹੱਥ ਤੂੰਬਾ ਅਤੇ ਸਿਰ ਉੱਚੀ ਟੋਪੀ ਹੈ। ਪਹਿਲਾਂ ਇਸ ਮਤ ਦੇ ਸਾਧੂ ਕੇਸ ਦਾੜੀ ਨਹੀਂ ਮਨਾਉਂਦੇ ਸਨ।[84] ਗੁਰੂ ਸਾਹਿਬ ਸਿਧਾਂ ਨੂੰ ਉਦਾਸੀ ਦੇ ਮਹੱਤਵ ਤੋਂ ਜਾਣੂ ਕਰਵਾਉਂਦੇ ਪ੍ਰਵਚਨ ਕਰਦੇ ਹਨ ਕਿ:

ਉਦਾਸੀ ਵਿਰਕਤ ਹੈ, ਜੋ ਮਾਇਆ ਤੋਂ ਉਪਰਾਮ ਹੋਵੇ, ਉਦਾਸੀ ਹਰ ਥਾਂ ਮਾਇਆ-ਰਹਿਤ ਪ੍ਰਭੂ ਦਾ ਨਿਵਾਸ ਜਾਣਦਾ ਹੈ, ਆਪਣੇ ਹਿਰਦੇ ਵਿਚ ਸ਼ਾਤੀ ਤੇ ਗਿਆਨ ਦੋਹਾਂ ਨੂੰ ਇਕੱਠਾ ਕਰਦਾ ਹੈ; ਉਸ ਵਿਰਕਤ ਮਨੁੱਖ ਦਾ ਸਰੀਰ ਵਿਕਾਰਾਂ ਵਿਚ ਨਹੀਂ ਡਿੱਗਦਾ।[85]

**ਪਾਖੰਡੀ**

ਦਿਖਾਵੇ ਦੇ ਧਰਮੀ ਨੂੰ ਪਾਖੰਡੀ ਕਿਹਾ ਜਾਂਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ : ਜੋ ਝੂਠਾ ਆਡੰਬਰ ਰਚੇ, ਜੋ ਝੂਠਾ ਮਤ ਮੰਨੇ ਅਤੇ ਜੋ ਰਖਯਾ ਕਰਨ ਵਾਲੇ ਦਾ ਖੰਡਨ ਕਰੇ ਉਹ ਪਾਖੰਡੀ

ਹੈ।[86] ਗੁਰੂ ਸਾਹਿਬ ਸਿਧਾਂ ਦੁਆਰਾ ਕੀਤੇ ਜਾਂਦੇ ਪਾਖੰਡਾਂ ਦੀ ਨਿਖੇਧੀ ਕਰਦੇ ਹਨ ਅਤੇ ਚਰਪਟ ਨਾਥ ਨੂੰ ਵਿਚਾਰ ਚਰਚਾ ਦੌਰਾਨ ਪਾਖੰਡ ਦੇ ਮੱਤ ਤੋਂ ਜਾਣੂ ਕਰਵਾਉਂਦੇ ਹਨ ਕਿ ਜੋ ਮਨੁੱਖ ਇਕ ਪਰਮਾਤਮਾ ਦੀ ਹਸਤੀ ਨੂੰ ਹੀ ਮੰਨਦਾ ਹੈ ਅਤੇ ਸੁਪਨੇ ਵਿਚ ਵੀ ਆਪਣੇ ਆਪ ਨੂੰ ਕਾਮ-ਵੱਸ ਨਹੀਂ ਹੋਣ ਦਿੰਦਾ, ਹਰ ਵੇਲੇ ਆਪਣੇ ਹਿਰਦੇ ਵਿਚ ਰੱਬੀ ਜੋਤ ਜਗਾਈ ਰੱਖਦਾ ਹੈ, ਉਹ ਪਾਖੰਡੀ ਜੋਗੀ ਨਹੀਂ। ਜੇਕਰ ਚਰਪਟ ਨਾਥ ਇਸ ਤਰ੍ਹਾਂ ਦੇ ਸਤਿ ਸਰੂਪ ਪ੍ਰਭੂ ਦੀ ਮਹਿਮਾ ਗਾਵੇ ਤਾਂ ਉਹ ਪਾਰਬ੍ਰਹਮ ਵਿਚ ਅਭੇਦ ਹੋ ਜਾਵੇਗਾ।[87]

**ਬੈਰਾਗੀ**

ਬੈਰਾਗ ਅਤੇ ਬੈਰਾਗੀ ਦੋਹਾਂ ਸ਼ਬਦਾਂ ਵਿਚ ਬਹੁਤ ਅੰਤਰ ਹੈ। ਬੈਰਾਗ ਤੋਂ ਭਾਵ ਉਦਾਸੀਨਤਾ, ਨਿਰਾਸਤਾ ਹੈ ਪੰਜਵੇ ਪਾਤਸ਼ਾਹ ਦਾ ਫੁਰਮਾਣ ਹੈ :

ਮਨ ਕਿਉ ਬੈਰਾਗੁ ਕਰਹਿਗਾ ਸਤਿਗੁਰੁ ਮੇਰਾ ਪੂਰਾ॥ [88]

'ਬੈਰਾਗੀ' ਨੂੰ ਭਾਈ ਕਾਨ੍ਹ ਸਿੰਘ ਨਾਭਾ ਇਸ ਤਰ੍ਹਾਂ ਪਰਭਾਸ਼ਿਤ ਕਰਦੇ ਹਨ ਕਿ ਜਗਤ ਦੇ ਪਦਾਰਥਾਂ ਨਾਲ ਜਿਸ ਦਾ ਪ੍ਰੇਮ ਨਹੀਂ ਉਹ ਬੈਰਾਗੀ ਹੈ। [89] ਜੋਗੀਆਂ ਨੂੰ ਅਸਲ ਬੈਰਾਗ ਦੀ ਹੋਂਦ ਤੋਂ ਜਾਣੂ ਕਰਵਾਉਂਦਿਆ ਗੁਰੂ ਸਾਹਿਬ ਚਾਨਣਾ ਪਾਉਂਦੇ ਹਨ ਕਿ ਉਹ ਮਨੁੱਖ ਹੀ ਅਸਲ ਬੈਰਾਗੀ ਹੈ ਜੋ ਪਰਮਾਤਮਾ ਨੂੰ ਹਮੇਸ਼ਾ ਆਪਣੇ ਹਿਰਦੇ ਵਿਚ ਵਸਾਈ ਰੱਖਦਾ ਹੈ। ਉਸ ਦੀ ਸੁਰਤਿ ਮਾਇਆ ਵਿਚ ਟਿਕੀ ਰਹਿਣ ਦੀ ਥਾਂ ਪ੍ਰਭੂ ਚਰਨਾਂ ਵਿਚ ਟਿਕੀ ਰਹਿੰਦੀ ਹੈ। ਉਹ ਦਿਨ ਰਾਤ ਪ੍ਰਭੂ ਭਗਤੀ ਵਿਚ ਵਲੀਨ ਰਹਿੰਦਾ ਹੋਇਆ ਉਸ ਦੀ ਯਾਦ ਵਿਚ ਜੁੜਿਆ ਰਹਿੰਦਾ ਹੈ। ਗੁਰੂ ਸਾਹਿਬ ਭਰਥਰੀ ਨਾਥ ਨੂੰ ਅਸਲ ਬੈਰਾਗ ਦੀ ਜੁਗਤਿ ਤੋਂ ਜਾਣੂ ਕਰਵਾਉਂਦੇ ਹਨ ਕਿ ਜੇਕਰ ਉਹ ਇਨ੍ਹਾਂ ਲੱਛਣਾਂ ਦਾ ਧਾਰਨੀ ਬਣ ਜਾਵੇਗਾ ਤਾਂ ਉਸ ਅਤੇ ਪਰਮਾਤਮਾ ਵਿਚ ਕੋਈ ਭੇਦ ਨਹੀਂ ਰਹਿ ਜਾਵੇਗਾ।[90]

ਜੋਗੀਆਂ ਦੀ ਦਾਰਸ਼ਨਿਕਤਾ ਅਨੁਸਾਰ ਕੰਨ ਪੜਵਾ ਕੇ, ਬਿਭੂਤ ਮਲ ਕੇ, ਸੰਨਿਆਸੀ ਜੀਵਨ ਧਾਰ ਕੇ, ਧੂਣੀਆਂ ਲਗਾ ਕੇ ਤਪ ਕਰਨ ਨਾਲ ਪ੍ਰਭੂ ਨੂੰ ਪਾਇਆ ਜਾ ਸਕਦਾ ਹੈ ਪਰੰਤੂ ਗੁਰੂ ਸਾਹਿਬ ਦਾ ਚਿੰਤਨ ਜੋਗੀਆਂ ਤੋਂ ਵੱਖਰੀ ਕਿਸਮ ਦਾ ਹੈ। ਗੁਰੂ ਸਾਹਿਬ ਅਨੁਸਾਰ ਕੰਨ ਪੜਵਾ ਕੇ ਚੂਰਮਾ ਖਾਣ ਨਾਲ ਆਤਮਿਕ ਲਾਭ ਨਹੀਂ ਪ੍ਰਾਪਤ ਹੁੰਦਾ ਅਤੇ ਨਾ ਹੀ ਇਸ ਨਾਲ ਮਨ ਸ਼ੁਧ ਅਤੇ ਵਿਕਾਰਾਂ ਤੋਂ

ਰਹਿਤ ਹੋ ਸਕਦਾ ਹੈ, ਕੇਵਲ ਇਕ ਨਿਰੰਕਾਰ ਪ੍ਰਭੂ ਰੂਪੀ ਨਾਮ ਨਾਲ ਜੁੜਨ ਨਾਲ ਹੀ ਮਨੁੱਖ ਦਾ ਹਿਰਦਾ ਸਵੱਛ ਹੋ ਸਕਦਾ ਹੈ।[91]

ਉਪਰੋਕਤ ਗੋਸ਼ਟਿ ਦਾ ਵਿਸ਼ਲੇਸ਼ਣ ਕਰਦਿਆਂ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਸਾਹਿਬ ਦੀ ਤਰਕਵਾਦੀ ਦ੍ਰਿਸ਼ਟੀ ਤੱਤਕਾਲੀਨ, ਸਮਾਜਿਕ ਇਤਿਹਾਸਕਤਾ ਨਾਲ ਦਾਰਸ਼ਨਿਕਤਾ ਭਰਪੂਰ ਸੰਵਾਦ ਸਿਰਜਦੀ ਹੋਈ ਉਸ ਸਮੇਂ ਦੇ ਪਰਮਾਰਥੀ ਸਰੋਕਾਰਾਂ ਅਤੇ ਸੰਦਰਭਾਂ ਦੇ ਰੂ-ਬ-ਰੂ ਹੁੰਦੀ ਹੈ। ਸਿਧਾਂ/ਨਾਥਾਂ/ਜੋਗੀਆਂ/ਦੁਆਰਾ ਉਠਾਏ ਸ਼ੰਕਿਆਂ ਦਾ ਨਿਵਾਰਣ ਗੁਰੂ ਨਾਨਕ ਚਿੰਤਨ ਨੇ ਕਾਵਿਕ ਸੰਰਚਨਾਤਮਕ ਜੁਗਤਾਂ ਨਾਲ ਸੁਝਾਇਆ ਹੈ। ਇਸ ਦਾ ਥੀਮਿਕ ਸੰਗਠਨ ਅਧਿਆਤਮਕਤਾ ਅਤੇ ਧਾਰਮਿਕ ਚੇਤਨਾ ਨੂੰ ਦ੍ਰਿਸ਼ਟੀਗੋਚਰ ਕਰਦਾ ਹੋਇਆ, ਮਨੁੱਖੀ ਜੀਵਨ ਦੇ ਯਥਾਰਥ ਨੂੰ ਪਰਮਾਰਥ ਦੇ ਮਾਧਿਅਮ ਰਾਹੀਂ ਪਰਿਭਾਸ਼ਤ ਕਰਦਾ ਪ੍ਰਤੀਤ ਹੁੰਦਾ ਹੈ।

**ਨਾਨਕ ਮਤੇ ਸਿਧਾਂ ਨਾਲ ਗੋਸ਼ਟਿ ਅਤੇ ਗੁਰਮਤਿ ਦਾਰਸ਼ਨਿਕਤਾ :**

ਗੁਰੂ ਨਾਨਕ ਦੇਵ ਜੀ ਦੀ ਸਿਧਾਂ ਨਾਲ ਮੁਲਾਕਾਤ ਕੇਵਲ ਇਕ ਵੇਲੇ ਨਹੀਂ ਹੋਈ ਸਗੋਂ ਬਹੁਤ ਥਾਵਾਂ ਤੇ ਗੁਰੂ ਸਾਹਿਬ ਸਿਧਾਂ ਨੂੰ ਮਿਲੇ ਹਨ ਤੇ ਉਨ੍ਹਾਂ ਦੇ ਮਨਾਂ ਵਿਚ ਵਸੇ ਸੰਸਾਰ, ਰੱਬ, ਸ੍ਰਿਸ਼ਟੀ ਆਦਿ ਬਾਰੇ ਸ਼ੰਕਿਆਂ ਨੂੰ ਗੁਰੂ ਸਾਹਿਬ ਨੇ ਵਿਚਾਰ ਵਟਾਂਦਰੇ ਰਾਹੀਂ ਨਵਿਰਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਨਾਨਕ ਮਤੇ ਸਿਧਾਂ ਨਾਲ ਸੰਵਾਦ ਚਰਚਾ ਦਾ ਆਰੰਭ ਉਦੋਂ ਸ਼ੁਰੂ ਹੁੰਦਾ ਹੈ ਜਦੋਂ ਗੁਰੂ ਸਾਹਿਬ ਨਾਨਕ ਮਤੇ ਦੀ ਧਰਤੀ ਤੇ ਜਾ ਕੇ ਇਕ ਬੋਹੜ ਥੱਲੇ ਆਪਣਾ ਡੇਰਾ ਲਗਾ ਲੈਂਦੇ ਹਨ ਤੇ ਉਹ ਬੋਹੜ ਬਹੁਤ ਚਿਰਾਂ ਤੋਂ ਸੁੱਕਾ ਹੋਇਆਂ ਸੀ। ਗੁਰੂ ਸਾਹਿਬ ਦੀ ਛਤਰ ਛਾਇਆ ਨਾਲ ਬੋਹੜ ਹਰਾ ਹੋ ਜਾਂਦਾ ਹੈ ਅਤੇ ਇਸ ਤਰ੍ਹਾਂ ਦੀ ਕਰਾਮਾਤ ਦੇਖ ਕੇ ਸਿੱਧ ਗੁਰੂ ਸਾਹਿਬ ਨੂੰ ਪੱਛਦੇ ਹਨ ਕਿ 'ਹੇ ਬਾਲਕੇ ! ਤੂ ਕਿਸਕਾ ਸਿਖ ਹੈ? ਦੀਖਿਆ ਤੈਂ ਕਿਸਤੇ ਲਈ ਹੈ?'[92] ਤਾਂ ਗੁਰੂ ਸਾਹਿਬ ਨੇ ਰਾਗ ਸੂਹੀ ਵਿਚ ਉਸ ਅਪਰ ਅਪਾਰ ਪ੍ਰਭੂ ਦੀ ਸਿਫਤ ਸਲਾਹ ਕਰਦਿਆਂ ਉਤੱਰ ਦਿੱਤਾ ਕਿ ਮੈਂ ਉਸ ਸੋਹਣੇ ਪ੍ਰਭੂ ਤੋਂ ਦੀਖਿਆ ਲਈ ਹੈ ਜਿਸ ਦਾ ਅੰਤ ਨਹੀਂ ਪਾਇਆ ਜਾ ਸਕਦਾ ਜੋ ਘਟ-ਘਟ ਦਿਲਾਂ ਵਿਚ ਵਸੱਦਾ ਹੈ ਤੇ ਉਹ ਸੋਹਣਾ ਪ੍ਰਭੂ ਪਾਣੀ ਵਿਚ ਵੀ ਮੌਜੂਦ ਹੈ, ਧਰਤੀ 'ਤੇ ਵੀ ਵਿਆਪਕ ਹੈ, ਅਤੇ ਆਕਾਸ਼ ਵਿਚ ਵੀ ਹਰ ਥਾਂ ਉਸ ਦਾ

ਵਾਸਾ ਹੈ। ਮੇਰੇ ਕੋਲ ਕੋਈ ਐਸੀ ਤੱਕੜੀ, ਕੋਈ ਐਸਾ ਵੱਟਾ ਨਹੀਂ ਜਿਸ ਨਾਲ ਮੈਂ ਉਸ ਦੇ ਗੁਣਾਂ ਦਾ ਅੰਦਾਜ਼ਾ ਲਗਾ ਸਕਾ ਤੇ ਨਾ ਹੀ ਕੋਈ ਐਸਾ ਸਰਾਫ਼ ਮੈਨੂੰ ਮਿਲਿਆਂ ਹੈ ਜਿਸ ਤੋਂ ਮੈਂ ਉਸ ਦੀ ਕੀਮਤ ਪਤਾ ਕਰ ਸਕਾਂ। ਉਹ ਅਪੰਰਪਾਰ ਪ੍ਰਭੂ ਆਪ ਹੀ ਸਭ ਦਿਲਾਂ ਨੂੰ ਜਾਣਨ ਵਾਲਾ ਹੈ, ਸਾਰਿਆਂ ਦੀ ਸਾਰ ਲੈਣ ਵਾਲਾ ਹੈ ਤੇ ਹਰੇਕ ਥਾਂ ਮੋਜੂਦ ਹੈ :

'ਕਉਣ ਤਰਾਜੀ ਕਵਣੁ ਤੁਲਾ ਤੇਰਾ ਕਵਣੁ ਸਰਾਫੁ ਬੁਲਾਵਾ॥
ਕਉਣੁ ਗੁਰੂ ਕੈ ਪਹਿ ਦੀਖਿਆ ਲੇਵਾ ਕੈ ਪਹਿ ਮੁਲੁ ਕਰਾਵਾ॥੧॥
ਮੇਰੇ ਲਾਲ ਜੀਉ ਤੇਰਾ ਅੰਤੁ ਨ ਜਾਣਾ॥
ਤੂੰ ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਤੂੰ ਆਪੇ ਸਰਬ ਸਮਾਣਾ॥੧॥ ਰਹਾਉ
ਮਨੁ ਤਾਰਾਜੀ ਚਿਤੁ ਤੁਲਾ ਤੇਰੀ ਸੇਵ ਸਰਾਫੁ ਕਮਾਵਾ॥
ਘਟ ਹੀ ਭੀਤਰਿ ਸੋ ਸਹੁ ਤੋਲੀ ਇਨ ਬਿਧਿ ਚਿਤੁ ਰਹਾਵਾ॥੨॥'[93]

ਸਨਾਤਨੀ ਭਾਰਤੀ ਧਾਰਮਿਕ ਅਤੇ ਦਾਰਸ਼ਨਿਕ ਪਰੰਪਰਾ ਵਿਚ ਸ਼ਕਤੀ ਪ੍ਰਾਪਤ ਕਰਨ ਲਈ ਤੱਪਸਿਆ, ਸੰਨਿਆਸ, ਮੱਠਵਾਦ ਅਤੇ ਭਿਕਸ਼ੂਪੁਣਾ ਆਦਿ ਸਾਧਨਾਂ ਉਤੇ ਵਿਸ਼ੇਸ਼ ਬੱਲ ਦਿੱਤਾ ਜਾਂਦਾ ਸੀ। ਪਰੰਤੂ ਗੁਰਮਤਿ ਦਾਰਸ਼ਨਿਕਤਾ ਵਿਚ ਜੋਗੀਆਂ ਦੇ ਇਸ ਵਿਵਹਾਰ ਨੂੰ ਪੂਰੀ ਤਰ੍ਹਾਂ ਅਸਵੀਕਾਰ ਕੀਤਾ ਜਾਂਦਾ ਹੈ ਕਿ ਗੋਦੜੀ ਪਹਿਨਣ ਨਾਲ, ਹੱਥ ਵਿਚ ਡੰਡਾ ਫੜਨ ਨਾਲ, ਸਰੀਰ ਉਤੇ ਸੁਆਹ ਮੱਲਣ ਨਾਲ, ਸਿੰਙੀ ਵਜਾਇਆ ਅਸਲ ਜੋਗੀ ਨਹੀਂ ਬਣਿਆ ਜਾ ਸਕਦਾ ਅਤੇ ਨਾ ਹੀ ਬਾਹਰ ਮੜ੍ਹੀਆਂ ਮਸਾਣਾਂ ਵਿਚ ਰੱਬ ਦੀ ਪ੍ਰਾਪਤੀ ਹੋ ਸਕਦੀ ਹੈ। ਅਲਾਹੀ ਰੱਬ ਨੂੰ ਪਾਉਣ ਦਾ ਰਸਤਾ ਮਾਇਆ ਤੋਂ ਨਿਰਲੇਪ ਰਹਿ ਕੇ ਪਰਮਾਤਮਾ ਨਾਲ ਜੁੜੇ ਰਹਿਣਾ ਚਾਹੀਦਾ ਹੈ। ਰੱਬੀ ਹੁਕਮ ਪ੍ਰਾਪਤ ਹੋ ਜਾਣ ਤੇ ਮਨ ਦਾ ਸਹਿਮ ਮੁੱਕ ਜਾਂਦਾ ਹੈ ਅਤੇ ਮਨ ਝੂਠੇ ਵਿਕਾਰਾਂ ਵਲ ਨਹੀਂ ਦੌੜਦਾ ਗੁਰੂ ਸਾਹਿਬ ਨੇ ਇਸ ਪ੍ਰਤੀ ਆਪਣਾ ਦ੍ਰਿਸ਼ਟੀਕੋਣ ਦਿੰਦਿਆਂ ਪ੍ਰਵਚਨ ਕੀਤਾ ਹੈ ਕਿ :

ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ॥
ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ॥

ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥੧॥

ਗਲੀ ਜੋਗੁ ਨ ਹੋਈ॥ ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ॥੧॥ ਰਹਾਉ

ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ॥

ਜੋਗ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ॥

ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥੨॥[94]

ਉਪਰੋਕਤ ਗੋਸ਼ਟਿ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਸਿਧ/ਨਾਥ/ਜੋਗੀ ਸਮਾਜ ਨੂੰ ਤਿਆਗ ਕੇ ਸੰਤ-ਭਾਵੀ ਜੀਵਨ ਜਿਉਣ ਦੀ ਥਾਂ ਨਿੱਜਵਾਦੀ ਅਸਮਾਜਿਕ ਜੀਵਨ ਬਤੀਤ ਕਰਦੇ ਹੋਏ, ਕੇਵਲ ਸਵੈ- ਮੁਕਤੀ ਦੀ ਹੀ ਗੱਲ ਕਰਦੇ ਸਨ ਅਤੇ ਸਮਾਜਿਕ ਜਾਂ ਸਮੂਹਿਕ ਹਿੱਤਾਂ ਲਈ ਕੋਈ ਵੀ ਕਾਰਜਸ਼ੀਲ ਸਾਰਥਿਕ ਭੂਮਿਕਾ ਨਹੀਂ ਨਿਭਾਉਂਦੇ ਸਨ।

**ਗੋਰਖ ਹੱਟੜੀ ਸਿਧਾਂ ਨਾਲ ਗੋਸ਼ਟਿ ਅਤੇ ਗੁਰਮਤਿ ਦਾਰਸ਼ਨਿਕਤਾ :**

ਗੁਰੂ ਸਾਹਿਬ ਨੇ ਸਿਧਾਂ ਨਾਲ ਚਾਰ ਥਾਂਵਾਂ ਤੇ ਸੰਵਾਦ ਚਰਚਾ ਕੀਤੀ ਹੈ ਜਿਨ੍ਹਾਂ ਵਿਚੋਂ ਨਾਨਕ ਮੱਤੇ, ਸੁਮੇਰ ਪਰਬਤ ਤੇ, ਗੋਰਖ ਹੱਟੜੀ ਅਤੇ ਅਚਲ ਵਟਾਲੇ। ਗੁਰੂ ਸਾਹਿਬ ਦੀ ਸਿਧਾਂ ਨਾਲ ਹੋਈ ਬਹਿਸ ਅਤੇ ਇਸ ਦੇ ਵਿਰੋਧ ਵਿਚ ਗੁਰੂ ਸਾਹਿਬ ਦੁਆਰਾ ਸਿਧਾਂ ਨੂੰ ਆਪਣੇ ਮੌਲਿਕ ਚਿੰਤਨ ਅਤੇ ਪ੍ਰਪੱਕ ਸੋਚ ਦੁਆਰਾ ਦਿੱਤੇ ਦਾਰਸ਼ਨਿਕ ਸਿਧਾਂਤ ਨੂੰ ਹੀ ਸਿਧ ਗੋਸ਼ਟਿ ਵਿਚ ਕਲਮਬੰਦ ਕੀਤਾ ਗਿਆ ਹੈ। ਸਿਧ ਗੋਸ਼ਟਿ ਗੁਰੂ ਸਾਹਿਬ ਜੀ ਦੀਆਂ ਲੰਮੇਰੀਆਂ ਬਾਣੀਆਂ ਵਿਚੋਂ ਇਕ ਬਾਣੀ ਹੈ। ਇਸ ਬਾਣੀ ਨੂੰ 73 ਪੰਨਿਆਂ ਉਤੇ ਉਤਾਰਿਆ ਗਿਆ ਹੈ। ਸਿਧ ਗੋਸ਼ਟਿ ਕਾਵਿ ਰੂਪ ਵਿਚ ਹੋਣ ਕਰਕੇ ਇਸ ਵਿਚਲਾ ਸੰਵਾਦ ਅਨੰਦਮਈ ਹੋ ਨਿਬੜਦਾ ਹੈ। ਇਹ ਸੰਵਾਦ ਜਾਂ ਵਾਰਤਾਲਾਪ ਗੁਰੂ ਨਾਨਕ ਦੇਵ ਜੀ ਅਤੇ ਸਿਧਾਂ ਵਿਚਕਾਰ ਹੁੰਦੀ ਹੈ। ਇਸ ਬਹਿਸ ਦੌਰਾਨ ਜੋਗੀ ਆਪਣੀਆਂ ਧਰਮ ਵਿਧੀਆਂ ਦੁਆਰਾ ਰੱਬ ਨੂੰ ਪ੍ਰਾਪਤ ਕਰਨ ਦਾ ਰਸਤਾ ਦੱਸਦੇ ਹਨ ਅਤੇ ਇਸ ਦੇ ਵਿਰੋਧ ਵਿਚ ਗੁਰੂ ਸਾਹਿਬ ਨੇ ਜੋਗੀਆਂ ਨੂੰ ਚਿੰਤਨ ਤੇ ਵਿਵੇਕਸ਼ੀਲ ਬੁੱਧੀ ਸਦਕਾ ਆਪਣਾ ਦਾਰਸ਼ਨਿਕ ਮੱਤ ਦੱਸ ਕੇ ਜੋਗੀਆਂ ਦੁਆਰਾ ਕੀਤੇ ਜਾਂਦੇ ਕਈ ਪਾਖੰਡਾਂ ਦਾ ਖੰਡਨ ਕੀਤਾ ਹੈ।

'ਤਬ ਸਿਧਾਂ ਪਿਆਲਾ ਦਿਤਾ ਪੰਜਾਂ ਸੇਰਾਂ ਕਾ, ਤਾ ਬਾਬੈ ਧਰਤੀ ਵਿਚਿ ਪਾਇਆ, ਤਬਿ ਸਿਧਿ ਆਫਰਿ ਗਇ। ਤਬ ਸਿਧੀ ਆਖਿਆ: ਤੂ ਕੁਛ ਦੇਖੁ, ਕੈ ਦਿਖਾਲੁ। ਤਦਹੁੰ ਬਾਬੈ ਆਖਿਆ 'ਭਲਾ ਹੋਵੈ ਜੀ, ਜੋ ਕਛੁ ਕਰਹੁਗੇ ਤਾਂ ਦੇਖਹਗੇ'। ਤਬ ਸਿਧ ਆਪਣਾ ਬਲੁ ਲਗੇ ਦਿਖਾਵਣਿ। ਕਿਸੈ ਮਿਰਗਛਾਲਾ ਉਡਾਈ, ਕਿਸਿ ਸਿਲਾ ਚਲਾਈ, ਕਿਸਿ ਅਗਨਿ ਹਕੀ, ਕਿਸਿ ਕੰਧਿ ਦਉੜਾਈ'[95]

ਉਪਰੋਕਤ ਗੋਸ਼ਟਿ ਤੋਂ ਸਪਸ਼ਟ ਹੈ ਕਿ ਸਿਧ ਕਰਾਮਾਤਾਂ ਵਿਚ ਵਿਸ਼ਵਾਸ ਰੱਖਦੇ ਸਨ। ਗੋਰਖ ਹਟੜੀ ਸਿਧਾਂ ਨਾਲ ਗੋਸ਼ਟਿ ਵਿਚ ਵੀ ਗੁਰੂ ਸਾਹਿਬ ਦਾ ਚਿੰਤਨ ਜੋਗੀਆਂ ਤੋਂ ਬਿਲਕੁਲ ਵੱਖਰੀ ਕਿਸਮ ਦਾ ਹੈ। ਜੋਗ ਦਾ ਤਾਂ ਪੂਰਨ ਭਾਵ ਹੀ ਇਹ ਹੈ ਕਿ ਪੂਰਨ ਬ੍ਰਹਮ ਨਾਲ ਜੁੜਿਆ ਜਾਵੇ। ਸਾਰੇ ਧਰਮਾਂ ਦਾ ਉਦੇਸ਼ ਉਸ ਪਾਰਬ੍ਰਹਮ ਨਾਲ ਅਭੇਦ ਹੋਣਾ ਦੱਸਿਆ ਹੈ ਲੇਕਿਨ ਹਰ ਧਰਮ ਵਿਚ ਉਸ ਪ੍ਰਭੂ ਨਾਲ ਅਭੇਦਤਾ ਦੇ ਰਸਤੇ ਵੱਖਰੇ-ਵੱਖਰੇ ਦਰਸਾਏ ਹਨ।

ਗੁਰਮਤਿ ਦਾਰਸ਼ਨਿਕਤਾ ਅਨੁਸਾਰ ਕੇਵਲ 'ਸ਼ਬਦ ਨਾਮ' ਹੀ ਮਨੁੱਖ ਨੂੰ ਉਸ ਪਰਮ ਸਤਿ ਦੀ ਸੋਝੀ ਕਰਵਾ ਸਕਦਾ ਹੈ ਤੇ ਮਨੁੱਖ ਨੂੰ ਇਸ ਨਾਲ ਹੀ ਦਿੱਬ ਦ੍ਰਿਸ਼ਟੀ ਦਾ ਪ੍ਰਕਾਸ਼ ਅਤੇ ਤ੍ਰਿਲੋਕੀ ਦਾ ਗਿਆਨ ਹੁੰਦਾ ਹੈ। ਇਸ ਤਰ੍ਹਾਂ ਬ੍ਰਹਮ ਵਸਲ ਕੇਵਲ ਪ੍ਰਭੂ ਸਿਮਰਨ ਦੁਆਰਾ ਹੀ ਸਹਾਈ ਹੋ ਨਿਬੜਦਾ ਹੈ:

ਨਾਮਿ ਰਤੇ ਜੋਗ ਜੁਗਤਿ ਬੀਚਾਰੁ।। ਨਾਮਿ ਰਤੇ ਪਾਵਹਿ ਮੋਖ ਦੁਆਰੁ।।
ਨਾਮਿ ਰਤੇ ਤ੍ਰਿਭਵਣ ਸੋਝੀ ਹੋਇ।। ਨਾਨਕ ਨਾਮਿ ਰਤੇ ਸਦਾ ਸੁਖੁ ਹੋਇ।।[96]

ਸੱਚੇ ਨਾਮ ਦੀ ਕਮਾਈ ਹੀ ਸੱਚਾ ਅਤੇ ਅਸਲ ਜੋਗ ਹੈ। ਇਹ ਸੱਚਾ ਨਾਮ ਮਨਾਂ ਵਿਚ ਪਈ ਹਉਮੈ, ਕੂੜ ਦੀ ਝੂਠੀ ਕੰਧ ਨੂੰ ਢਾਹ ਕੇ, ਤ੍ਰਿਸ਼ਨਾਵਾਂ ਨੂੰ ਮਾਰ ਕੇ ਪ੍ਰਾਪਤ ਕੀਤਾ ਜਾ ਸਕਦਾ ਹੈ। ਗੁਰੂ ਸਾਹਿਬ ਅਨੁਸਾਰ :

ਸਾਚੌ ਉਪਜੈ ਸਾਚਿ ਸਮਾਵੈ ਸਾਚੇ ਸੂਚੇ ਏਕ ਮਇਆ।।
ਝੂਠੇ ਆਵਹਿ ਠਵਰ ਨ ਪਾਵਹਿ ਦੂਜੇ ਆਵਾ ਗਉਣੁ ਭਇਆ।।[97]

ਗੁਰੂ ਸਾਹਿਬ ਨੇ ਜੋਗਮੱਤ ਦੇ ਸਿਧਾਂਤਾਂ ਨਾਲ ਦਰਸ਼ਨ ਦੀ ਪੱਧਰ ਤੇ ਸੰਵਾਦ ਰਚਾਏ ਹਨ। ਗੁਰੂ ਸਾਹਿਬ ਨੇ ਜੋਗ-ਮੱਤ ਦਾ ਖੰਡਨ ਕਰਦਿਆਂ ਇਸ ਮੱਤ ਦੇ ਆਗੂਆਂ ਨੂੰ ਪ੍ਰੇਰਨਾ ਦਿੱਤੀ ਹੈ ਕਿ

ਨਿਰਮੂਲ ਚਿੰਨ੍ਹਾਂ ਭੇਖਾਂ ਅਤੇ ਵਿਖਾਵੇ ਦੇ ਪ੍ਰਾਣਾਯਾਮ ਤੋਂ ਉਪਰ ਉਠ ਕੇ ਸਹੀ ਜੋਗ ਭਾਵ ਉਸ ਹਰੀ ਦਾ ਨਾਮ ਸਿਮਰਨ ਕਰਨ ਤਾਂ ਹੀ ਅਸਲੀ ਜੋਗ ਦੀ ਪ੍ਰਾਪਤੀ ਹੋ ਸਕੇਗੀ :

ਜੋਗੀ ਜੁਗਤਿ ਸਹਜ ਘਰਿ ਵਾਸੈ।।
ਏਕ ਦ੍ਰਿਸਟਿ ਏਕੋ ਕਰਿ ਦੇਖਿਆ ਭੀਖਿਆ ਭਾਇ ਸਬਦਿ ਤ੍ਰਿਪਤਾਸੈ।। ਰਹਾਉ
ਪੰਚ ਬੈਲ ਗਡੀਆ ਦੇਹ ਧਾਰੀ।।
ਰਾਮ ਕਲਾ ਨਿਬਹੈ ਪਤਿ ਸਾਰੀ।।[੧੪]

ਜੋਗੀਆਂ ਨੂੰ ਚਿਤਾਵਨੀ ਦਿੰਦੇ ਗੁਰੂ ਸਾਹਿਬ ਦਾ ਮੱਤ ਹੈ ਕਿ ਹੇ ਜੋਗੀ ਤੂੰ ਹੀ ਇਕ ਧਾਰਮਿਕ ਆਗੂ ਬਣ ਕੇ ਦੁਨੀਆਂ ਨੂੰ ਸੇਧ ਦੇ ਰਿਹਾ ਹੈ। ਹੱਠ ਜੋਗ ਰਾਹੀਂ ਸੁਆਸ ਚੜ੍ਹਾਉਣ ਨਾਲ ਅਤੇ ਇੰਦਰੀਆਂ ਨੂੰ ਗੈਰ ਕੁਦਰਤੀ ਢੰਗ ਨਾਲ ਰੋਕਣ ਨਾਲ ਸਰੀਰ ਕਮਜ਼ੋਰ ਹੁੰਦਾ ਹੈ। ਵਰਤ ਰੱਖਣ ਨਾਲ ਅਤੇ ਤੱਪ ਸਾਧਨਾ ਕਰਨ ਨਾਲ ਵੀ ਮਨ ਨੂੰ ਸੰਤੁਸ਼ਟੀ ਨਹੀਂ ਮਿਲਦੀ। ਜੇਕਰ ਤੂੰ ਇਸ ਤਰ੍ਹਾਂ ਕਰਕੇ ਆਪ ਹੀ ਡੋਲਦਾ ਹੈ ਤਾਂ ਸੱਚ ਨੂੰ ਕਿਵੇਂ ਪਾ ਸਕੇਗਾ। ਜੇ ਜੋਗੀ ਰਾਮ ਨਾਮ ਨੂੰ ਪਾਉਣ ਲਈ ਅਤੇ ਮਨ ਨੂੰ ਕਾਬੂ ਕਰਨ ਲਈ ਇਕੋ ਇਕ ਸਹਾਰਾ ਪ੍ਰਭੂ ਦੇ ਨਾਮ ਦਾ ਹੀ ਹੈ :

ਹਠੁ ਨਿਗ੍ਰਹੁ ਕਰਿ ਕਾਇਆ ਛੀਜੈ।।
ਵਰਤੁ ਤਪਨੁ ਕਰਿ ਮਨੁ ਨਹੀ ਭੀਜੈ।।
ਰਾਮ ਨਾਮ ਸਰਿ ਅਵਰੁ ਨ ਪੂਜੈ।।[੧੫]

ਜੋਗੀਆਂ ਦੀ ਦਾਰਸ਼ਨਿਕਤਾ ਪਾਰਬ੍ਰਹਮ ਨੂੰ ਪਾਉਣ ਸੰਬੰਧੀ ਉਲਟ ਹੈ। ਉਨ੍ਹਾਂ ਦੀ ਧਾਰਨਾ ਹੈ ਕਿ ਸਰੀਰ ਨੂੰ ਵੱਧ ਤੋਂ ਵੱਧ ਕਸ਼ਟ ਦੇਣੇ ਚਾਹੀਦੇ ਹਨ ਤੇ ਤਰ੍ਹਾਂ-ਤਰ੍ਹਾਂ ਦੇ ਕਸ਼ਟ ਦੇ ਕੇ ਸਰੀਰ ਨੂੰ ਨਿਰਬਲ ਬਣਾਉਣ ਦੇ ਨਾਲ ਹੀ ਪਰਮਾਤਮਾ ਨਾਲ ਸੰਯੋਗ ਹੁੰਦਾ ਹੈ ਪਰੰਤੂ ਜੋਗੀਆਂ ਦੇ ਇਸ ਤਰ੍ਹਾਂ ਦੇ ਦ੍ਰਿਸ਼ਟੀਕੋਣ ਨੂੰ ਗੁਰੂ ਸਾਹਿਬ ਨੇ ਬਿਲਕੁਲ ਵੀ ਪ੍ਰਵਾਨ ਨਹੀਂ ਕੀਤਾ ਸਗੋਂ ਇਸ ਦਾ ਖੰਡਨ ਕੀਤਾ ਹੈ ਕਿ ਪ੍ਰਾਣਾਯਾਮ ਦਾ ਅਭਿਆਸ ਜਾਂ ਮਨ ਨੂੰ ਕਾਬੂ ਪਾਉਣ ਲਈ ਸਰੀਰਕ ਸਾਧਨਾ ਸਰੀਰ ਦੀ ਆਰੋਗਤਾ ਲਈ ਤਾਂ ਸਹਾਈ ਹੋ ਸਕਦੀ ਹੈ ਲੇਕਿਨ ਪਰਮਾਤਮਾ ਵਿਚ ਅਭੇਦਤਾ ਦਾ ਰਸਤਾ ਨਹੀਂ ਬਣ

ਸਕਦੀ। ਗੁਰੂ ਸਾਹਿਬ ਦਾ ਦ੍ਰਿਸ਼ਟੀਕੋਣ ਸੰਸਾਰਿਕ ਜੀਵਨ ਬਸਰ ਕਰਦਿਆਂ, ਮਨ ਨੂੰ ਪ੍ਰਭੂ ਚਰਨਾਂ ਨਾਲ ਜੋੜਿਆ ਜਾ ਸਕਦਾ ਹੈ ਇਸ ਤਰ੍ਹਾਂ ਸਹਿਜ ਸੁਭਾ ਹੀ ਪਰਮਾਤਮਾ ਨਾਲ ਮੇਲ ਹੋ ਜਾਂਦਾ ਹੈ :

ਸਹਜ ਜਗੋਟਾ ਬੰਧਨ ਤੇ ਛੂਟਾ॥ ਕਾਮੁ ਕ੍ਰੋਧੁ ਗੁਰ ਸਬਦੀ ਲੂਟਾ॥

ਮਨ ਮਹਿ ਮੁੰਦ੍ਰਾ ਹਰਿ ਗੁਰ ਸਰਣਾ॥ ਨਾਨਕ ਰਾਮ ਭਗਤਿ ਜਨ ਤਰਣਾ॥[100]

ਜੋਗਮਤਿ ਘਰ ਬਾਰ੍ਹ, ਗ੍ਰਹਿਸਤ ਨੂੰ ਤਿਆਗਨ ਦਾ ਸਿਧਾਂਤ ਦਿੰਦਾ ਹੈ ਜਦਕਿ ਗੁਰਮਤਿ ਦਾਰਸ਼ਨਿਕਤਾ ਅਨੁਸਾਰ ਜੇਕਰ ਮਨੁੱਖ ਨੇ ਤਿਆਗਣਾ ਹੀ ਹੈ ਤਾਂ ਆਪਣੇ ਅੰਦਰ ਵਸੀ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੂੰ ਤਿਆਗਣਾ ਚਾਹੀਦਾ ਹੈ ਜੋ ਕਿ ਰੱਬੀ ਵਸਲ ਵਿਚ ਰੁਕਾਵਟ ਦੇ ਸਾਧਨ ਹਨ:

ਤਿਆਗਨਾ ਤਿਆਗਨੁ ਨੀਕਾ ਕਾਮੁ ਕ੍ਰੋਧੁ ਲੋਭੁ ਤਿਆਗਨਾ॥[101]

ਜੋਗਮਤਿ ਦੇ ਭੇਖਾਂ ਦਾ ਖੰਡਨ :ਗੁਰੂ ਸਾਹਿਬ ਨੇ ਤੱਤਕਾਲੀ, ਧਾਰਮਿਕ, ਸਮਾਜਿਕ ਸਥਾਪਿਤ ਕਦਰਾਂ ਕੀਮਤਾਂ ਵਿਚੋਂ ਬਹੁਤ ਸਾਰਿਆਂ ਨੂੰ ਤਰਕਸ਼ੀਲ ਕੱਸਵਟੀ ਤੇ ਪਰਖਦਿਆਂ ਹੋਇਆ, ਰੱਦ ਕੀਤਾ। ਜੋਗੀਆਂ ਦੁਆਰਾ ਕੀਤੇ ਜਾਂਦੇ ਕਰਮ-ਕਾਂਡਾਂ ਨੂੰ ਗੁਰੂ ਨਾਨਕ ਚਿੰਤਨ, ਕਾਵਿਕ ਪ੍ਰਵਚਨਾਂ ਰਾਹੀਂ ਦ੍ਰਿਸ਼ਟੀਗੋਚਰ ਕਰਦਾ ਹੈ ਕਿ ਜੋਗਮਤਿ ਬਾਹਰੀ ਵਿਖਾਵੇ ਦੇ ਭੇਖਾਂ ਤੇ ਜ਼ੋਰ ਦਿੰਦਾ ਹੈ ਜਦਕਿ ਗੁਰਮਤਿ ਦਾਰਸ਼ਨਿਕਤਾ ਅੰਤਰੀਵੀ ਭਾਵਾਂ ਨੂੰ ਸਮਝਣ ਤੇ ਜ਼ੋਰ ਦਿੰਦੀ ਹੈ ਗੁਰੂ ਨਾਨਕ ਦੇਵ ਜੀ ਨੇ 'ਜਪ ਗੋਸ਼ਟਿ' ਵਿਚ ਵੀ ਸਿਧਾਂ ਦੇ ਭੇਖਾਂ ਦੀ ਨਿਖੇਧੀ ਕੀਤੀ ਹੈ ਕਿ :

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ॥

ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ॥[102]

**ਰਿਧੀਆਂ ਸਿਧੀਆਂ ਦਾ ਖੰਡਨ** : ਜੋਗੀਆਂ ਦੁਆਰਾ ਕੀਤੀਆਂ ਜਾਂਦੀਆਂ ਤਰ੍ਹਾਂ-ਤਰ੍ਹਾਂ ਦੀਆਂ ਕਰਾਮਾਤਾਂ, ਰਿਧੀਆਂ ਸਿਧੀਆਂ ਦੀ ਵੀ ਗੁਰਮਤਿ ਦਾਰਸ਼ਨਿਕਤਾ ਵਿਚ ਨਿਖੇਧੀ ਕੀਤੀ ਹੋਈ ਮਿਲਦੀ ਹੈ। ਜੋਗੀ ਕਰਾਮਾਤਾਂ ਦਾ ਵਿਖਾਵਾ ਕਰਨ ਵਿਚ ਬਹੁਤ ਮਾਣ ਮਹਿਸੂਸ ਕਰਦੇ ਸਨ ਅਤੇ ਇਨ੍ਹਾਂ ਕਰਾਮਾਤਾਂ ਦੇ ਭਰਮਾਂ ਨਾਲ ਭੋਲੇ ਭਾਲੇ ਲੋਕਾਂ ਨੂੰ ਠੱਗਦੇ ਸਨ। ਗੁਰੂ ਸਾਹਿਬ ਨੇ 'ਕਰਾਮਾਤ' ਨੂੰ ਰੱਬੀ ਅਭੇਦਤਾ ਵਿਚ ਸਭ ਤੋਂ ਵੱਡੀ ਰੁਕਾਵਟ ਮੰਨਿਆਂ ਹੈ ਜੋ ਕਿ ਹਉਮੈਂ ਨੂੰ ਜਨਮ ਦਿੰਦੀ ਹੈ ਤੇ ਮਨੁੱਖ

ਆਵਾਗਉਣ ਦੇ ਚੱਕਰਾਂ ਵਿਚ ਫਸਿਆ ਰਹਿੰਦਾ ਹੈ। ਗੁਰੂ ਸਾਹਿਬ ਰਿਧੀਆਂ ਸਿਧੀਆਂ ਨੂੰ ਅਧਿਆਤਮਕ ਰਸਤੇ ਨੂੰ ਖੁੰਝਾਉਣ ਦਾ ਸਭ ਤੋਂ ਵੱਡਾ ਸਾਧਨ ਮੰਨਦੇ ਹਨ :

ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ॥[103]

ਗੁਰੂ ਸਾਹਿਬ ਅਨੁਸਾਰ ਉਹ ਹੀ ਅਸਲੀ ਕਰਾਮਾਤ ਹੈ ਜੋ ਪਰਮਾਤਮਾ ਦੀ ਬਖਸ਼ਿਸ਼ ਅਤੇ ਰਹਿਮਤ ਸਦਕਾ ਪ੍ਰਾਪਤ ਹੋਵੇ :

ਨਾਨਕ ਸਾ ਕਰਮਾਤਿ ਸਾਹਿਬ ਤੁਠੈ ਜੋ ਮਿਲੈ॥[104]

ਜੋਗਮਤਿ ਮੁਕਤੀ ਦਾ ਸਾਧਨ ਕਰਮ ਕਾਂਡਾਂ ਅਤੇ ਰਿਧੀਆਂ ਸਿਧੀਆਂ ਨੂੰ ਹੀ ਮੰਨਦੇ ਹਨ। ਗੁਰੂ ਸਾਹਿਬ ਨੇ 'ਸੱਚਾ ਸ਼ਬਦ' ਦਾ ਨਾਮ ਦਿੱਤਾ ਹੈ ਜੋ ਮਨੁੱਖ ਨੂੰ ਇਸ ਸੰਸਾਰ ਸਾਗਰ ਤੋਂ ਪਾਰ ਉਤਾਰ ਸਕਦਾ ਹੈ ਗੁਰੂ ਸਾਹਿਬ ਸਿਧਾਂ ਨੂੰ ਇਸ ਪ੍ਰਸ਼ਨ ਦਾ ਹੱਲ ਨਵਿਰਤ ਕਰਦੇ ਹੋਏ ਪ੍ਰਵਚਨ ਕਰਦੇ ਹਨ :

ਕਿਆ ਭਵੀਐ ਸਚਿ ਸੂਚਾ ਹੋਇ॥ ਸਾਚ ਸਬਦ ਬਿਨੁ ਮੁਕਤਿ ਨ ਕੋਇ॥[105]

ਉਪਰੋਕਤ ਤੋਂ ਸਪਸ਼ਟ ਹੈ ਕਿ ਗੁਰਮਤਿ ਦਰਾਸ਼ਨਿਕਤਾ ਇਕ ਕੇਂਦਰੀ ਸੱਚ ਨੂੰ ਸਥਾਪਿਤ ਕਰਨ ਦੇ ਨਾਲ-ਨਾਲ ਜੋਗੀਆਂ ਦੇ ਅਵਚੇਤਨ ਨੂੰ ਚੇਤੰਨ ਕਰਨ ਵਲ ਵੀ ਅਗਰਸਰ ਹੈ। ਜੋਗਮਤਿ ਦੀ ਦਾਰਸ਼ਨਿਕਤਾ ਗੁਰਮਤਿ ਦਾਰਸ਼ਨਿਕਤਾ ਨਾਲ ਮੇਲ ਨਹੀਂ ਖਾਂਦੀ। ਜੋਗਮਤਿ ਬਾਹਰੀ ਸੀਮਾਵਾਂ ਤੱਕ ਸੀਮਤ ਹੈ ਜਦਕਿ ਗੁਰਮਤਿ ਦਾਰਸ਼ਨਿਕਤਾ ਅੰਤਰੀਵੀ ਸੀਮਾਵਾਂ ਦੀ ਗੱਲ ਕਰਦਾ ਹੈ। ਜੋਗਮਤਿ ਪ੍ਰਭੂ ਵਸਲ ਲਈ ਕਠਿਨ ਮਾਰਗ ਅਖ਼ਤਿਆਰ ਕਰਦਾ ਹੈ ਲੇਕਿਨ ਗੁਰਮਤਿ ਦਾਰਸ਼ਨਿਕਤਾ ਅਨੁਸਾਰ ਸਹਿਜ ਅਵਸਥਾ ਵਿਚ ਹੀ ਪ੍ਰਭੂ ਪ੍ਰਾਪਤੀ ਹੋ ਜਾਂਦੀ ਹੈ।

**ਮੱਕੇ ਦੀ ਗੋਸ਼ਟਿ ਅਤੇ ਗੁਰਮਤਿ ਦਾਰਸ਼ਨਿਕਤਾ :** ਗੁਰੂ ਸਾਹਿਬ ਨੇ ਜੋਗੀਆਂ ਨਾਲ ਸਫ਼ਲ ਸੰਵਾਦ ਰਚਾਉਣ ਤੋਂ ਬਾਅਦ ਮੱਕੇ ਜਾਣ ਦਾ ਮਨ ਬਣਾਇਆ। 'ਮੱਕਾ' ਜਿਹੜਾ ਕਿ ਪਹਿਲਾਂ ਵੀ ਸਪਸ਼ਟ ਕੀਤਾ ਜਾ ਚੁੱਕਾ ਹੈ ਕਿ ਮੁਸਲਮਾਨਾਂ ਦੀ ਬੰਦਗੀ ਦਾ ਕੇਂਦਰ ਹੈ। ਗੁਰੂ ਸਾਹਿਬ ਨੇ ਮੱਕੇ ਜਾਣ ਲਈ ਨੀਲੇ ਰੰਗ ਦੇ ਬਸਤਰ ਪਹਿਨ ਕੇ ਹਾਜੀਆ ਵਾਲਾ ਰੂਪ ਹੀ ਧਾਰ ਲਿਆ। ਹੱਥ 'ਚ ਆਸਾ ਫੜ ਲਈ ਅਤੇ ਕੱਛ 'ਚ ਆਪਣੇ ਸ਼ਬਦਾਂ ਦੀ ਕਿਤਾਬ ਟੰਗ ਲਈ। ਮੁਸਲਮਾਨੀ ਰੀਤਾਂ ਵਾਂਗ ਹੀ ਉਨ੍ਹਾਂ ਨੇ ਵੀ

ਇਸ਼ਨਾਨ ਕਰਨ ਲਈ ਪਾਣੀ ਵਾਸਤੇ ਕੂਜਾ ਅਤੇ ਬੈਠ ਕੇ ਪੂਜਾ ਕਰਨ ਲਈ ਮੁਸੱਲਾ ਲੈ ਲਿਆ। ਹਜ਼ਰਤ ਮੁਹੰਮਦ ਸਾਹਿਬ ਦੇ ਪੈਰੋਕਾਰਾ ਵਾਂਗ ਗੁਰੂ ਸਾਹਿਬ ਨੇ ਬਾਂਗ ਵੀ ਦਿੱਤੀ ਹੋਰ ਸਫਰਾਂ ਵਾਗ ਇਸ ਦਿਸ਼ਾ ਵਿਚ ਵੀ ਗੁਰੂ ਸਾਹਿਬ ਦਾ ਸੇਵਕ ਭਾਈ ਮਰਦਾਨਾ ਉਨ੍ਹਾਂ ਦੇ ਨਾਲ ਸੀ। ਮੱਕੇ ਵਲ ਜਾਂਦਿਆਂ ਗੁਰੂ ਸਾਹਿਬ ਨੂੰ ਇੱਕ ਮੁਸਲਮਾਨ ਫਕੀਰ ਮਿਲਿਆ ਜੋ ਮੱਕੇ ਦਾ ਹੱਜ ਕਰਨ ਜਾ ਰਿਹਾ ਸੀ ਗੁਰੂ ਸਾਹਿਬ ਨੇ ਉਸ ਨਾਲ ਵੀ ਫਕੀਰੀ ਸੰਵਾਦ ਰਚਾਉਂਦਿਆਂ ਰਾਤ ਗੁਜ਼ਾਰ ਦਿੱਤੀ। ਉਸ ਹਾਜੀ ਨੇ ਗੁਰੂ ਸਾਹਿਬ ਅੱਗੇ ਭੰਗ ਦੀ ਪੋਟਲੀ ਰੱਖੀ ਅਤੇ ਪੁਛਿਆ ਕਿ ਤੁਸੀ ਹਿੰਦੂ ਹੋ ਕਿ ਮੁਸਲਮਾਨ ਤਾਂ ਗੁਰੂ ਸਾਹਿਬ ਜੀ ਦੀ ਅਗੰਮੀ ਸੋਚ ਇਸ ਜਵਾਬ ਪ੍ਰਤੀ ਇਸ ਤਰ੍ਹਾ ਹੈ ਕਿ ਮੈ ਤਾਂ ਪਰਮਾਤਮਾ ਦੇ ਦਰ ਦਾ ਮੰਗਤਾ ਹਾਂ ਤੇ ਉਸ ਦਾ ਡਰ ਅਦਬ ਮੇਰੇ ਵਾਸਤੇ ਭੰਗ ਹੈ ਮੇਰੇ ਮਨ ਵਿਚ ਹਮੇਸ਼ਾ ਹੀ ਉਸ ਦੇ ਦਰਸ਼ਨਾਂ ਦੀ ਤਾਂਘ ਰਹਿੰਦੀ ਹੈ। ਮੈ ਹਮੇਸ਼ਾ ਹੀ ਤੇਰੇ ਦਰ ਤੋਂ ਦਰਸ਼ਨਾਂ ਦੀ ਭੀਖ ਮੰਗਦਾ ਰਹਿੰਦਾ ਹਾਂ। ਤੇਰੇ ਭਗਤਾਂ ਦਾ ਸੁਭਾਉ ਵੀ ਚੰਦਨ ਕਸਤੂਰੀ ਵਰਗਾ ਹੈ ਜੋ ਸਾਰਿਆ ਨੂੰ ਸੁਗੰਧੀਆਂ ਵੰਡਦੇ ਹਨ। ਜੋ ਮਨੁੱਖ ਉਸ ਪਰਮਾਤਮਾ ਵਿਚ ਲਿਵ ਲਾਈ ਰੱਖਦੇ ਹਨ ਉਨ੍ਹਾਂ ਨੂੰ ਹੀ ਪਰਮਾਤਮਾ ਦੀ ਬਖਸ਼ਿਸ਼ ਪ੍ਰਾਪਤ ਹੁੰਦੀ ਹੈ ਅਤੇ ਉਨ੍ਹਾਂ ਦੇ ਭਾਗ ਵੱਡੇ ਹੁੰਦੇ ਹਨ ਜੋ ਗੁਰੂ ਦੇ ਦਰ ਤੋਂ ਦਰਸ਼ਨਾਂ ਦੀ ਪਿਆਸ ਬੁਝਾ ਲੈਂਦੇ ਹਨ। ਗੁਰੂ ਸਾਹਿਬ ਰਾਗ ਤਿਲੰਗ ਵਿਚ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ :

ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ॥
ਮੈ ਦੇਵਾਨਾ ਭਇਆ ਅਤੀਤੁ॥ ਕਰ ਕਾਸਾ ਦਰਸਨ ਕੀ ਭੂਖ॥
ਮੈ ਦਰਿ ਮਾਗਉ ਨੀਤਾ ਨੀਤ॥੧॥
ਤਉ ਦਰਸਨ ਕੀ ਕਰਉ ਸਮਾਇ॥
ਮੈ ਦਰਿ ਮਾਗਤੁ ਭੀਖਿਆ ਪਾਇ॥੧॥ ਰਹਾਉ॥
ਕੇਸਰਿ ਕੁਸਮ ਮਿਰਗਮੈ ਹਰਣਾ ਸਰਬ ਸਰੀਰੀ ਚੜ੍ਹਣਾ॥
ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲੁ ਕਰਣਾ॥੨॥

ਘਿਅ ਪਟ ਭਾਂਡਾ ਕਹੈ ਨ ਕੋਇ॥ ਐਸਾ ਭਗਤੁ ਵਰਨ ਮਹਿ ਹੋਇ॥

ਤੇਰੈ ਨਾਮਿ ਨਿਵੇ ਰਹੇ ਲਿਵ ਲਾਇ॥

ਨਾਨਕ ਤਿਨ ਦਰਿ ਭੀਖਿਆ ਪਾਇ॥੩॥[106]

ਹਾਜੀ ਨੇ ਗੁਰੂ ਸਾਹਿਬ ਨੂੰ ਪ੍ਰਸ਼ਨ ਕੀਤਾ ਕਿ ਅਸੀਂ ਇਸ ਦੁਨੀਆਂ ਵਿਚ ਰਹਿੰਦੇ ਹਾਂ, ਅਸਾਡੇ ਕਿਆ ਹਾਲ ਹੋਵੇਗਾ? ਤਾਂ ਇਸ ਸ਼ੰਕੇ ਦੀ ਨਵਿਰਤੀ ਕਰਦਿਆਂ ਗੁਰੂ ਸਾਹਿਬ ਨੇ ਹਾਜੀਆਂ ਨੂੰ ਝੂਠੀ ਦੁਨੀਆਂ ਦੇ ਲਾਲਚ ਤੋਂ ਦੂਰ ਰਹਿਣ ਦੀ ਲੋਚਾ ਕੀਤੀ ਹੈ ਕਿ ਹੇ ਮਨੁੱਖ! ਇਹ ਦੁਨੀਆਂ ਨਾਸ਼ਵਾਨ ਹੈ ਪਰ ਫਿਰ ਵੀ ਅਸੀਂ ਪਰਮਾਤਮਾ ਦੀ ਹੋਂਦ ਨੂੰ ਭੁਲਕੇ ਇਨ੍ਹਾਂ ਝੂਠੇ ਲਾਲਚਾ ਦੇ ਮਗਰ ਲਗ ਜਾਂਦੇ ਹਾਂ ਅਤੇ ਪਰਾਇਆ ਹੱਕ ਖਾਂਦੇ ਹਾਂ। ਅਪੰਰਪਾਰ ਪ੍ਰਭੂ ਨੇ ਸਾਰੇ ਜਗਤ ਦੀ ਰਚਨਾ ਕੀਤੀ ਹੈ ਉਸ ਨੇ ਹੀ ਚੇਤਨ ਜੋਤ ਅਤੇ ਅਚੇਤਨ ਮਿੱਟੀ ਮਿਲਾ ਕੇ ਇਹ ਜਹਾਨ ਬਣਾ ਦਿੱਤਾ। ਆਸਮਾਨ, ਧਰਤੀ, ਰੁੱਖ, ਪਾਣੀ ਆਦਿ ਸਭ ਗੁਰੂ ਦੀ ਬਖਸ਼ਿਸ਼ ਸਦਕਾ ਹੀ ਹੈ। ਗੁਰੂ ਸਾਹਿਬ ਹਾਜੀਆਂ ਨੂੰ ਪ੍ਰਵਚਨ ਕਰਦੇ ਹਨ ਕਿ ਹੇ ਮਨੁੱਖ ਜਦੋਂ ਮੌਤ ਦਾ ਫਰਿਸ਼ਤਾ ਆ ਕੇ ਘੇਰਾ ਪਾ ਲੈਂਦਾ ਹੈ ਤਾਂ ਉਸ ਵੇਲੇ ਪਿਤਾ, ਭਰਾ-ਭੈਣ, ਘਰ ਜਾਇਦਾਦ ਕਿਸੇ ਕੰਮ ਨਹੀਂ ਆਉਂਦੇ। ਪਰਮਾਤਮਾ ਸਭ ਦੇ ਦਿਲਾਂ ਨੂੰ ਜਾਨਣ ਵਾਲਾ ਹੈ, ਉਸ ਦਾ ਵਾਸਾ ਹਰ ਹਿਰਦੇ ਵਿਚ ਹੈ। ਇਸ ਲਈ ਉਸ ਪਰਮਾਤਮਾ ਦੇ ਦਰ ਤੇ ਅਰਦਾਸ ਕਰਿਆ ਕਰ ਕਿ ਇਸ ਮੋਹ ਮਾਇਆ ਤੋਂ ਬਚਾਈ ਰੱਖੇ ਤਾਂ ਜੋ ਸਾਡਾ ਜਨਮ ਸਫਲਾ ਹੋ ਸਕੇ। ਗੁਰੂ ਸਾਹਿਬ ਨੇ ਰਾਗ ਤਿਲੰਗ ਵਿਚ ਸ਼ਬਦ ਉਚਾਰਣ ਕੀਤਾ ਹੈ :

ਖਾਕ ਨੂਰ ਕਰਦੰ ਆਲਮ ਦੁਨੀਆਇ॥

ਅਸਮਾਨ ਜਿਮੀ ਦਰਖਤ ਆਬ ਪੈਦਾਇਸਿ ਖੁਦਾਇ॥੧॥

ਬੰਦੇ ਚਸਮ ਦੀਦੰ ਫਨਾਇ॥ ਦੁਨੀਆ ਮੁਰਦਾਰ ਖੁਰਦਨੀ ਗਾਫਲ ਹਵਾਇ॥ ਰਹਾਉ॥

ਗੈਬਾਨ ਹੈਵਾਨ ਹਰਾਮ ਕੁਸਤਨੀ ਮੁਰਦਾਰ ਬਖੋਰਾਇ॥

ਦਿਲ ਕਬਜ ਕਬਜਾ ਕਾਦਰੋ ਦੋਜਕ ਸਜਾਇ॥੨॥

ਵਲੀ ਨਿਆਮਤਿ ਬਿਰਾਦਰਾ ਦਰਬਾਰ ਮਿਲਕ ਖਾਨਾਇ॥[107]

ਮੱਕੇ ਦੀ ਯਾਤਰਾ ਸਮੇਂ ਇਕ ਬੱਦਲੀ ਵੀ ਗੁਰੂ ਸਾਹਿਬ ਦੇ ਨਾਲ-ਨਾਲ ਜਾ ਰਹੀ ਸੀ ਜਿਸ ਨੂੰ ਦੇਖ ਕੇ ਹਾਜੀ ਬਹੁਤ ਹੈਰਾਨ ਹੋਇਆ ਅਤੇ ਗੁਰੂ ਸਾਹਿਬ ਨੂੰ ਆਖਣ ਲੱਗਾ ਕਿ ਇਸ ਤੋਂ ਪਹਿਲਾਂ ਕੋਈ ਵੀ ਹਿੰਦੂ ਮੱਕੇ ਦਾ ਹੱਜ ਕਰਨ ਲਈ ਨਹੀਂ ਗਿਆ। ਤੁਸੀ ਮੇਰੇ ਨਾਲ ਨਾ ਤੁਰੋ ਜਾਂ ਅੱਗੇ ਹੋ ਜਾਵੋ ਜਾਂ ਪਿੱਛੇ। ਗੁਰੂ ਸਾਹਿਬ ਨੇ ਹਾਜੀ ਨੂੰ ਅੱਗੇ ਅੱਗੇ ਚਲਣ ਲਈ ਆਖਿਆ। ਜਦੋਂ ਹਾਜੀ ਨੇ ਪਿੱਛੇ ਮੁੜ ਕੇ ਵੇਖਿਆ ਕਿ ਨਾ ਤਾਂ ਗੁਰੂ ਜੀ ਹਨ ਤੇ ਨਾ ਹੀ ਬਦਲੀ ਕਿਧਰੇ ਦਿਖਾਈ ਦਿੰਦੀ ਸੀ। ਹਾਜੀ ਇਸ ਕਰਾਮਾਤ ਨੂੰ ਦੇਖ ਕੇ ਅਫਸੋਸ ਕਰਨ ਲੱਗਾ ਕਿ 'ਉਹ ਤਾਂ ਮੇਰੇ ਨਾਲ ਰੱਬ ਸੀ, ਪਰ ਮੈ ਉਸ ਦੇ ਦੀਦਾਰ ਨੂੰ ਨਾ ਮਾਣ ਸਕਿਆ'।

ਉਪਰੋਕਤ ਵਿਸ਼ਲੇਸ਼ਣ ਤੋਂ ਭਲੀ-ਭਾਂਤ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਨਾਨਕ ਦੀ ਚਿੰਤਨ ਮਈ ਅਤੇ ਵਿਵੇਕਮਈ ਪਹੁੰਚ, ਫਿਰਕਾਪ੍ਰਸਤੀ ਇਲਾਕਾਪ੍ਰਸਤੀ ਅਤੇ ਪਦਾਰਥ-ਪ੍ਰਸਤੀ ਦਾ ਵਿਰੋਧ ਕਰਦੀ ਹੋਈ ਸਮੁੱਚੇ ਵਿਸ਼ਵ ਨੂੰ ਸਰਬਤ ਦੇ ਭਲੇ ਦੀ ਇਨਕਲਾਬੀ ਸਿਖਿਆ ਉਪਰ ਕੇਂਦਰਿਤ ਹੈ। ਗੁਰੂ ਸਾਹਿਬ ਨੇ ਗ੍ਰਹਿਸਤ ਜੀਵਨ ਬਤੀਤ ਕਰਦਿਆਂ, ਪ੍ਰਭੂ-ਭਗਤੀ ਦਾ ਮਾਰਗ ਮੱਧਕਾਲੀ ਲੋਕਾਈ ਨੂੰ ਦਰਸਾਇਆ ਹੈ ਉਨ੍ਹਾਂ ਨੇ ਉਸ ਸਮੇਂ ਦੀ ਵਾਂਗ ਡੋਰ ਸੰਭਾਲੀ ਜਿਸ ਸਮੇਂ ਸਰੀਰਕ ਤਪ ਸਾਧਣ ਵਾਲਿਆਂ, ਜੰਗਲਾਂ ਵਿਚ ਵਾਸ ਕਰਨ ਵਾਲਿਆਂ, ਤੀਰਥਾਂ 'ਤੇ ਭ੍ਰਮਣ ਕਰਨ ਵਾਲਿਆਂ ਅਤੇ ਅਟੰਕ ਸਮਾਧੀਆਂ ਲਾਉਣ ਵਾਲਿਆਂ ਦਾ ਬੋਲਬਾਲਾ ਸੀ। ਇਕ ਪਾਸੇ ਮੱਧਕਾਲੀ ਭੋਲੀ-ਭਾਲੀ ਲੋਕਾਈ, ਇਨ੍ਹਾਂ ਜੋਗੀਆਂ ਦੀਆਂ ਸਰੀਰਕ ਅਥਵਾ ਭੌਤਿਕ ਜ਼ਰੂਰਤਾਂ ਪੂਰੀਆਂ ਕਰਦੀ ਅਤੇ ਦੂਜੇ ਪਾਸੇ ਉਨ੍ਹਾਂ ਦੀਆਂ ਕ੍ਰੋਪੀਆਂ ਅਥਵਾ ਸਰਾਪਾਂ ਦਾ ਸੰਤਾਪ ਵੀ ਭੋਗਦੀ। ਗੁਰਮਤਿ ਦਾਰਸ਼ਨਿਕਤਾ ਨੇ ਅਜਿਹੇ ਵਿਚਾਰਾਂ ਅਤੇ ਆਦਰਸ਼ਾਂ ਨੂੰ ਪ੍ਰਚਲਤ ਕੀਤਾ ਜੋ ਮਾਨਵ-ਸਮਾਜ ਦੇ ਵਿਕਾਸ ਲਈ ਸਹਾਈ ਹੋ ਨਿਬੜੇ ਹਨ। ਸੰਸਾਰੀ-ਕਾਰਜਾਂ ਵਲ ਪਿੱਠ ਕਰਨ ਵਾਲੇ ਨਿਰਵਰਤੀ ਮਾਰਗ ਦੇ ਉਲਟ ਪਰਵਿਰਤੀ ਮਾਰਗ ਨੂੰ ਅਪਨਾਉਣ ਦੀ ਪ੍ਰੇਰਨਾ ਦਿੱਤੀ ਅਤੇ ਧਰਮ-ਵੰਡ, ਵਰਣ-ਵੰਡ, ਸ਼੍ਰੇਣੀ ਵੰਡ ਆਦਿ ਨੂੰ ਤਰਕਮਈ ਦ੍ਰਿਸ਼ਟੀ ਤੋਂ ਨਕਾਰਦਿਆਂ ਗੁਰਮਤਿ ਦਰਸ਼ਨ ਅਨੁਸਾਰ ਮਾਨਵ-ਸਾਂਝ ਦੀ ਵਕਾਲਤ ਕੀਤੀ ਹੈ ਜਿਸਦੇ ਸਿਧਾਂਤਾਂ ਦੀ ਪ੍ਰਧਾਨ ਸੁਰ ਲੋਕ ਮੁਖੀ ਹੈ।

# ਹਵਾਲੇ ਅਤੇ ਟਿੱਪਣੀਆਂ

1. ਡਾ. ਉਮੇਸ਼ ਮਿਸ਼ਰ, ***ਭਾਰਤੀ ਦਰਸ਼ਨ*** (ਹਿੰਦੀ), ਪੰਨਾ 5
2. ਗਿਆਨੀ ਪ੍ਰਤਾਪ ਸਿੰਘ, ***ਗੁਰਮਤਿ ਫਿਲਾਸਫੀ***, ਪੰਨਾ 456
3. ਡਾ. ਵਜ਼ੀਰ ਸਿੰਘ, ***ਫ਼ਲਸਫਾ ਤੇ ਸਿੱਖ ਫ਼ਲਸਫਾ***, ਪੰਨਾ 10
4. Jenny Teichmann and Kaheriane, ***Evans Philosy.*** P. 1
5. ਡਾ. ਐਸ. ਐਨ. ਦਾਸ ਗੁਪਤਾ, ***ਦਰਸ਼ਨ-ਸ਼ਾਸਤਰ ਦੀ ਰੂਪ-ਰੇਖਾ ਵੈਸਟਰਨ ਅਤੇ ਇੰਡੀਅਨ***, ਪੰਨਾ 7-8
6. ***Indian Philosophy***, vol-1, p. 44
7. ਡਾ.ਬਲਦੇਵ ਉਪਾਧਿਆਏ, ***ਧਰਮ ਔਰ ਦਰਸ਼ਨ,*** ਪੰਨਾ 309
8. ***ਸ੍ਰੀ ਗੁਰੂ ਗ੍ਰੰਥ ਸਾਹਿਬ***, ਪੰਨਾ 266
9. ਡਾ. ਵਜ਼ੀਰ ਸਿੰਘ, ***ਫ਼ਲਸਫਾ ਤੇ ਸਿੱਖ ਫ਼ਲਸਫਾ***, ਪੰਨਾ 14
10. ***ਵਾਰਾਂ ਭਾਈ ਗੁਰਦਾਸ,*** ਵਾਰ 1, ਪਉੜੀ, 24
11. ਡਾ. ਅਨਵਰ ਚਿਰਾਗ, ***ਇਸਲਾਮੀ ਚਿੰਤਨ ਅਤੇ ਪੰਜਾਬੀ ਸੂਫੀ ਕਵਿਤਾ***, ਪੰਨਾ 53
12. ***ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਮਨੀ ਸਿੰਘ, ਪੰਨਾ 337
13. ਉਹੀ, ਪੰਨਾ 336
14. ਡਾ. ਅਨਵਰ ਚਿਰਾਗ, ***ਇਸਲਾਮੀ ਚਿੰਤਨ ਅਤੇ ਪੰਜਾਬੀ ਸੂਫੀ ਕਵਿਤਾ***, ਪੰਨਾ 35
15. ਉਹੀ, ਪੰਨਾ 35-36
16. ***ਪੁਰਾਤਨ ਜਨਮਸਾਖੀ, ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਮਨੀ ਸਿੰਘ, ਪੰਨਾ 335

17 ***ਪੁਰਾਤਨ ਜਨਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਵੀਰ ਸਿੰਘ (ਸੰਪਾ.), ਪੰਨਾ 182

18 ***ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਮਨੀ ਸਿੰਘ, ਪੰਨਾ 339

19 ਡਾ. ਅਨਵਰ ਚਿਰਾਗ, ***ਇਸਲਾਮੀ ਚਿੰਤਨ ਅਤੇ ਪੰਜਾਬੀ ਸੂਫੀ ਕਵਿਤਾ***, ਪੰਨਾ 36

20 ਉਹੀ, ਪੰਨਾ 36

21 ***ਵਾਰਾਂ ਭਾਈ ਗੁਰਦਾਸ,*** ਵਾਰ 1, ਪਉੜੀ, 33

22 ਉਧਰਿਤ, ਡਾ. ਅਨਵਰ ਚਿਰਾਗ, ***ਇਸਲਾਮੀ ਚਿੰਤਨ ਅਤੇ ਪੰਜਾਬੀ ਸੂਫੀ ਕਵਿਤਾ***, ਪੰਨਾ 56

23 ***ਪੁਰਾਤਨ ਜਨਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਵੀਰ ਸਿੰਘ (ਸੰਪਾ.), ਪੰਨਾ 189

24 ਡਾ. ਰਤਨ ਸਿੰਘ ਜੱਗੀ, ***ਪੁਰਾਤਨ ਪੰਜਾਬੀ ਵਾਰਤਕ***, ਪੰਨਾ 299

25 ***ਪੁਰਾਤਨ ਜਨਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ,*** ਭਾਈ ਵੀਰ ਸਿੰਘ (ਸੰਪਾ.), ਪੰਨਾ 190

26 ਆਦਿ ਸਾਖੀਆਂ, ***ਜਨਮ ਪਤ੍ਰੀ ਬਾਬੇ ਨਾਨਕ ਜੀ ਕੀ,*** ਪਿਆਰ ਸਿੰਘ (ਸੰਪਾ.), ਪੰਨਾ 184

27 ਸੌ ਸਾਲ ਪੁਰਾਤਨ ਲਿਖਤੀ ਭਾਈ ਬਾਲੇ ਵਾਲੀ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਨਮਸਾਖੀ, ਪੰਨਾ 98

28 ਉਧਰਿਤ, ਡਾ. ਅਨਵਰ ਚਿਰਾਗ, ***ਇਸਲਾਮੀ ਚਿੰਤਨ ਅਤੇ ਪੰਜਾਬੀ ਸੂਫੀ ਕਵਿਤਾ***, ਪੰਨਾ 183

29 ***ਸੌ ਸਾਲ ਪੁਰਾਤਨ ਲਿਖਤੀ ਭਾਈ ਬਾਲੇ ਵਾਲੀ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਨਮਸਾਖੀ***, ਪੰਨਾ 101

30 ***ਸ੍ਰੀ ਗੁਰੂ ਗ੍ਰੰਥ ਸਾਹਿਬ***, ਪੰਨਾ 1378

31 ***ਪੁਰਾਤਨ ਜਨਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ,*** ਭਾਈ ਵੀਰ ਸਿੰਘ (ਸੰਪਾ.), ਪੰਨਾ 107-8

32 ਉਧਰਿਤ, ਡਾ. ਅਨਵਰ ਚਿਰਾਗ, ***ਇਸਲਾਮੀ ਚਿੰਤਨ ਅਤੇ ਪੰਜਾਬੀ ਸੂਫੀ ਕਵਿਤਾ***, ਪੰਨਾ 60

33 ***ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਮਨੀ ਸਿੰਘ, ਪੰਨਾ 65

34 ***ਪੁਰਾਤਨ ਜਨਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਵੀਰ ਸਿੰਘ (ਸੰਪਾ.), ਪੰਨਾ 86

35 ਉਹੀ, ਪੰਨਾ 130

36 ਉਹੀ, ਪੰਨਾ 46

37 Quran, ***Muhammad Zafrulla khan***, p 392.

38 Abdulla TarikhFiFDaudi, ***History of india***, vol. 4, p.436.

39 ***ਪੁਰਾਤਨ ਜਨਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਵੀਰ ਸਿੰਘ (ਸੰਪਾ.), ਪੰਨਾ 45

40 ਡਾ.ਗੁਰਦੀਪ ਸਿੰਘ ਭੰਡਾਰੀ, ਗੁਰਮਤਿ ਕਾਵਿ ਵਿਚ ਧੁਰਿ ਕਰਮ ਦਾ ਸੰਕਲਪ, ਗੁਰਮਤਿ ਕਾਵਿ ਅੰਕ, ***ਖੋਜ ਪਤ੍ਰਿਕਾ***, ਸਤੰਬਰ 1985, ਪੰਨਾ 137

41 ਡਾ. ਜੀਤ ਸਿੰਘ ਸੀਤਲ, ***ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ,*** ਪੰਨਾ 18

42 ਡਾ. ਸੁਰਜੀਤ ਸਿੰਘ, ਗੁਰਮਤਿ ਕਾਵਿ ਵਿਚ ਸੁਖ-ਸਹਿਜ ਦਾ ਸੰਕਲਪ, ਗੁਰਮਤਿ ਕਾਵਿ ਅੰਕ, ***ਖੋਜ ਪਤ੍ਰਿਕਾ***, ਸਤੰਬਰ 1985, ਪੰਨਾ 127

43 ***ਪੁਰਾਤਨ ਜਨਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਵੀਰ ਸਿੰਘ (ਸੰਪਾ.), ਪੰਨਾ 106

44 ਉਹੀ, ਪੰਨਾ 108

45 ਉਹੀ, ਪੰਨਾ 108

46 ਉਹੀ, ਪੰਨਾ 109

47 ***ਸੌ ਸਾਲ ਪੁਰਾਤਨ ਲਿਖਤੀ ਭਾਈ ਬਾਲੇ ਵਾਲੀ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਨਮਸਾਖੀ***, ਪੰਨਾ 322

48 ਉਹੀ, ਪੰਨਾ 322

49 ***ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਵੀਰ ਸਿੰਘ (ਸੰਪਾ.), ਪੰਨਾ 110

50 ***ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਮਨੀ ਸਿੰਘ, ਪੰਨਾ 63

51 ***ਸੌ ਸਾਲ ਪੁਰਾਤਨ ਲਿਖਤੀ ਭਾਈ ਬਾਲੇ ਵਾਲੀ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਨਮਸਾਖੀ***, ਪੰਨਾ 16

52 ***ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਮਨੀ ਸਿੰਘ, ਪੰਨਾ 93

53 ***ਸੌ ਸਾਲ ਪੁਰਾਤਨ ਲਿਖਤੀ ਭਾਈ ਬਾਲੇ ਵਾਲੀ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਨਮਸਾਖੀ***, ਪੰਨਾ 16

54 ਉਹੀ, ਪੰਨਾ 17

55. ਉਹੀ, ਪੰਨਾ 6

56. ***ਸ੍ਰੀ ਗੁਰੂ ਗ੍ਰੰਥ ਸਾਹਿਬ,*** ਪੰਨਾ 930

57. ***ਸੌ ਸਾਲ ਪੁਰਾਤਨ ਲਿਖਤੀ ਭਾਈ ਬਾਲੇ ਵਾਲੀ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਨਮਸਾਖੀ***, ਪੰਨਾ 6–7

58 ***ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਵੀਰ ਸਿੰਘ (ਸੰਪਾ.), ਪੰਨਾ 43

59 ***ਸੌ ਸਾਲ ਪੁਰਾਤਨ ਲਿਖਤੀ ਭਾਈ ਬਾਲੇ ਵਾਲੀ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਨਮਸਾਖੀ,*** ਪੰਨਾ 53

60 ***ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਵੀਰ ਸਿੰਘ (ਸੰਪਾ.), ਪੰਨਾ 45

61 ***ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਮਨੀ ਸਿੰਘ, ਪੰਨਾ 337

62 ਉਹੀ, ਪੰਨਾ 115–16

63 ***ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਵੀਰ ਸਿੰਘ (ਸੰਪਾ.), ਪੰਨਾ 45

64 ***ਸ੍ਰੀ ਗੁਰੂ ਗ੍ਰੰਥ ਸਾਹਿਬ***, ਪੰਨਾ 24

65 ਉਹੀ, ਪੰਨਾ 648

66 ***ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਵੀਰ ਸਿੰਘ (ਸੰਪਾ.), ਪੰਨਾ 49

67 ਉਹੀ, ਪੰਨਾ 152

68 ਉਹੀ, ਪੰਨਾ 153

69 ***ਸ੍ਰੀ ਗੁਰੂ ਗ੍ਰੰਥ ਸਾਹਿਬ***, ਪੰਨਾ 955

70 ਉਹੀ, ਪੰਨਾ 1279

71 ***ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਮਨੀ ਸਿੰਘ, ਪੰਨਾ 189

72 ***ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਵੀਰ ਸਿੰਘ (ਸੰਪਾ.), ਪੰਨਾ 81

73 ਪ੍ਰੀਤਮ ਸਿੰਘ, ***ਸਿਖ ਵਿਚਾਰਧਾਰਾ***, ਪੰਨਾ 132

74 ***ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਵੀਰ ਸਿੰਘ (ਸੰਪਾ.), ਪੰਨਾ 131

75 ***ਸ੍ਰੀ ਗੁਰੂ ਗ੍ਰੰਥ ਸਾਹਿਬ,*** ਪੰਨਾ 86

76 ਉਹੀ, ਪੰਨਾ 1146

77 ਉਹੀ, ਪੰਨਾ 644

78 ਉਹੀ, ਪੰਨਾ 34

79 ***ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਵੀਰ ਸਿੰਘ (ਸੰਪਾ.), ਪੰਨਾ 180-81

80 ***ਵਾਰਾਂ ਭਾਈ ਗੁਰਦਾਸ,*** ਵਾਰ 1, ਪਉੜੀ 40, ਪੰਨਾ 20.

81 ਸੋ ਗਿਰਹੀ ਜੋ ਨਿਗ੍ਰਹੁ ਕਰੈ॥ ਜਪੁ ਤਪੁ ਸੰਜਮੁ ਭੀਖਿਆ ਕਰੈ॥
ਪੁੰਨ ਦਾਨ ਕਾ ਕਰੇ ਸਰੀਰੁ॥ ਸੋ ਗਿਰਹੀ ਗੰਗਾ ਕਾ ਨੀਰੁ॥
***ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਮਨੀ ਸਿੰਘ, ਪੰਨਾ 275

82 ***ਮਹਾਨ ਕੋਸ਼***, ਭਾਈ ਕਾਨ੍ਹ ਸਿੰਘ ਨਾਭਾ, ਪੰਨਾ 115

83 ਸੋ ਅਉਧੂਤੀ ਜੋ ਧੂਪੈ ਆਪੁ॥ ਭਿਖਿਆ ਭੋਜਨੁ ਕਰੈ ਸੰਤਾਪੁ॥
ਅਉਹਠ ਪਟਣ ਮਹਿ ਭੀਖਿਆ ਕਰੈ॥ ਸੋ ਅਉਧੂਤੀ ਸਿਵ ਪੁਰਿ ਚੜੈ॥
***ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਮਨੀ ਸਿੰਘ, ਪੰਨਾ 276

84 ***ਮਹਾਨ ਕੋਸ਼***, ਭਾਈ ਕਾਨ੍ਹ ਸਿੰਘ ਨਾਭਾ, ਪੰਨਾ 33-34

85 ਸੋ ਉਦਾਸੀ ਜਿ ਪਾਲੇ ਉਦਾਸੁ॥ ਅਰਧ ਉਰਧ ਕਰੇ ਨਿਰੰਜਨ ਵਾਸੁ॥

ਚੰਦ ਸੂਰਜ ਕੀ ਪਾਏ ਗੰਢਿ॥ ਤਿਸੁ ਉਦਾਸੀ ਕਾ ਪੜੈ ਨ ਕੰਧੁ॥

***ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਮਨੀ ਸਿੰਘ, ਪੰਨਾ 276

86. ***ਮਹਾਨ ਕੋਸ਼,*** ਭਾਈ ਕਾਨ੍ਹ ਸਿੰਘ ਨਾਭਾ, ਪੰਨਾ 2731

87. ਸੋ ਪਾਖੰਡੀ ਜਿ ਕਾਇਆ ਪਖਾਲੇ॥ ਕਾਇਆ ਕੀ ਅਗਨਿ ਬ੍ਰਹਮੁ ਪਰਜਾਲੇ॥

ਸੁਪਨੈ ਬਿੰਦੁ ਨ ਦੇਈ ਝਰਣਾ॥ ਤਿਸੁ ਪਾਖੰਡੀ ਜਰਾ ਨ ਮਰਣਾ॥

***ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਮਨੀ ਸਿੰਘ, ਪੰਨਾ 276

88. ***ਸ੍ਰੀ ਗੁਰੂ ਗ੍ਰੰਥ ਸਾਹਿਬ***, ਪੰਨਾ 375

89. ***ਮਹਾਨ ਕੋਸ਼***, ਭਾਈ ਕਾਨ੍ਹ ਸਿੰਘ ਨਾਭਾ, ਪੰਨਾ 3200

90. ਸੋ ਬੈਰਾਗੀ ਜਿ ਉਲਟੇ ਬ੍ਰਹਮੁ॥ ਗਿਨ ਮੰਡਲ ਮਹਿ ਰੋਪੇ ਥੰਮੁ॥

ਅਹਿਨਿਸਿ ਅੰਤਰਿ ਰਹੈ ਧਿਆਨਿ॥ ਤੇ ਬੈਰਾਗੀ ਸਤ ਸਮਾਨਿ॥

***ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਮਨੀ ਸਿੰਘ, ਪੰਨਾ 277

91. ਕਿਉ ਮਰੈ ਮੰਦਾ ਕਿਉ ਜੀਵੈ ਜੁਗਤਿ॥ ਕੰਨ ਪੜਾਇ ਕਿਆ ਖਾਜੈ ਭੁਗਤਿ॥

ਆਸਤਿ ਨਾਸਤਿ ਏਕੋ ਨਾਉ॥ ਕਉਣੁ ਸੁ ਅਖਰੁ ਜਿਤੁ ਰਹੈ ਹਿਆਉ॥

ਧੁਪ ਛਾਵ ਜੇ ਸਮ ਕਰਿ ਸਹੈ॥ ਤਾ ਨਾਨਕੁ ਆਖੈ ਗੁਰੁ ਕੋ ਕਹੈ॥

***ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਮਨੀ ਸਿੰਘ ਜੀ, ਪੰਨਾ 277

92. ***ਪੁਰਾਤਨ ਜਨਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਵੀਰ ਸਿੰਘ (ਸੰਪਾ.),ਪੰਨਾ 63

93. ਉਹੀ, ਪੰਨਾ 63

94. ਉਹੀ, ਪੰਨਾ 64

95. ਉਹੀ, ਪੰਨਾ 193

96. ***ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਮਨੀ ਸਿੰਘ, ਪੰਨਾ 398

97. ਉਹੀ, ਪੰਨਾ 395

98. ***ਸ੍ਰੀ ਗੁਰੂ ਗ੍ਰੰਥ ਸਾਹਿਬ***, ਪੰਨਾ 879

99. ਉਹੀ, ਪੰਨਾ 905

100. ਉਹੀ, ਪੰਨਾ 879

101. ਉਹੀ, ਪੰਨਾ 1018

102. ***ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਮਨੀ ਸਿੰਘ, ਪੰਨਾ 311

103. ਉਹੀ, ਪੰਨਾ 312

104. ***ਸ੍ਰੀ ਗੁਰੂ ਗ੍ਰੰਥ ਸਾਹਿਬ***, ਪੰਨਾ 475

105. ***ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਮਨੀ ਸਿੰਘ, ਪੰਨਾ 386

106. ***ਪੁਰਾਤਨ ਜਨਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ***, ਭਾਈ ਵੀਰ ਸਿੰਘ (ਸੰਪਾ.), ਪੰਨਾ 182

107. ਉਹੀ, ਪੰਨਾ 183

# ਸਾਰ ਤੇ ਸਥਾਪਨਾਵਾਂ

ਹਰੇਕ ਰਚਨਾ ਰਚਨਾਕਾਰ ਦੁਆਰਾ ਵੇਖੇ ਸੁਣੇ ਜਾਂ ਹੰਢਾਏ ਅਨੁਭਵ ਦੀ ਸੁਹਜਮਈ ਪੇਸ਼ਕਾਰੀ ਹੁੰਦੀ ਹੈ ਅਤੇ ਇਹ ਉਸ ਸਮੇਂ ਦੇ ਰਾਜਨੀਤਿਕ, ਸਮਾਜਿਕ, ਧਾਰਮਿਕ ਅਤੇ ਸਭਿਆਚਾਰਕ ਹਾਲਾਤਾਂ ਨਾਲ ਜੁੜੀ ਹੁੰਦੀ ਹੈ। ਤੱਤਕਾਲੀਨ ਸਮੇਂ ਦੀਆਂ ਸਮਾਜਿਕ ਬੁਰਾਈਆਂ, ਪ੍ਰਚਲਿਤ ਧਾਰਮਿਕਤਾ ਅਤੇ ਸਭਿਆਚਾਰ ਦਾ ਅਕਸ਼ ਇਸ ਵਿਚੋਂ ਪ੍ਰਤੀਬਿੰਬਤ ਹੋ ਰਿਹਾ ਹੁੰਦਾ ਹੈ। ਜਿਸ ਸਮੇਂ ਵਿਸ਼ੇਸ਼ ਵਿਚ, ਗੁਰੂ ਨਾਨਕ ਦੇਵ ਜੀ ਕਾਵਿ-ਰਚਨਾ ਵਿਚ ਪ੍ਰਵੇਸ਼ ਕਰਦੇ ਹਨ, ਉਹ ਸਮਾਂ ਵੀ ਸਮਾਜਿਕ, ਧਾਰਮਿਕ, ਊਚ-ਨੀਚ, ਜਾਤ-ਪਾਤ ਅਤੇ ਲੁੱਟ-ਖਸੁੱਟ ਵਾਲਾ ਸੀ। ਲੋਕ ਵਹਿਮਾਂ ਭਰਮਾਂ ਵਿਚ ਫਸੇ ਹੋਏ ਸਨ। ਉਸ ਸਮੇਂ ਦੇ ਕਾਜ਼ੀਆਂ/ਬ੍ਰਾਹਮਣਾਂ/ ਸਿਧਾਂ/ਨਾਥਾਂ/ਜੋਗੀਆਂ ਵਿਚ ਦੰਭ, ਪਾਖੰਡ ਅਤੇ ਆਧਰਮ ਦਾ ਬੋਲਬਾਲਾ ਸੀ। ਇਹ ਲੋਕ ਆਪੋ ਆਪਣੇ ਢੰਗ ਨਾਲ ਧਰਮ ਦਾ ਪ੍ਰਚਾਰ ਕਰਦੇ ਤੇ ਆਪਣੇ ਵਿਚਾਰਾਂ ਨੂੰ ਤਰਜੀਹ ਦਿੰਦੇ ਸਨ।

ਇਸ ਤਰ੍ਹਾਂ ਇਹ ਸਮਾਂ ਭਾਰਤੀ ਸਮਾਜ ਅਤੇ ਸੰਸਕ੍ਰਿਤੀ ਦੇ ਪਤਨ ਦਾ ਸਮਾਂ ਰਿਹਾ ਹੈ। ਭਾਰਤੀ ਸੰਸਕ੍ਰਿਤੀ ਦਾ ਆਦਰਸ਼ਕ ਰੂਪ ਅਲੋਪ ਹੋ ਚੁੱਕਾ ਸੀ। ਜੀਵਨ ਦੇ ਹਰ ਖੇਤਰ ਵਿਚ ਖਲਾਅ ਅਤੇ ਭਟਕਣ ਸੀ। ਦੰਭ ਅਤੇ ਪਾਸਾਰ ਦਾ ਮਾਹੌਲ ਚਾਰੇ ਪਾਸੇ ਪਸਰਿਆ ਹੋਇਆ ਸੀ। ਆਦਰਸ਼ਕ ਸਮਾਜਿਕ ਜੀਵਨ ਵਿਚ ਅਜਿਹੀਆਂ ਤ੍ਰੇੜਾਂ ਆ ਚੁੱਕੀਆਂ ਸਨ, ਜਿਨ੍ਹਾਂ ਕਰਕੇ ਸਮਾਜ ਦੀਆਂ ਬੁਨਿਆਦੀ ਕਦਰਾਂ ਕੀਮਤਾਂ ਨਾ ਸਿਰਫ ਆਪਣੀ ਹੋਂਦ ਗਵਾ ਚੁੱਕੀਆਂ ਸਨ ਸਗੋਂ ਉਨ੍ਹਾਂ ਦੀ ਜਗ੍ਹਾਂ ਅਨੈਤਿਕ ਕਦਰਾਂ-ਕੀਮਤਾਂ ਨੇ ਲੈ ਲਈ ਸੀ। ਗੁਰੂ ਨਾਨਕ ਦੇਵ ਜੀ ਨੇ ਤੱਤਕਾਲੀਨ, ਸਮਾਜਿਕ, ਧਾਰਮਿਕ, ਰਾਜਨੀਤਿਕ ਸਥਾਪਿਤ ਕਦਰਾਂ ਕੀਮਤਾਂ ਵਿਚੋਂ ਬਹੁਤ ਸਾਰਿਆਂ ਨੂੰ ਰੱਦ ਕੀਤਾ ਅਤੇ ਇਹਨਾਂ ਦੇ ਮੁਕਾਬਲੇ ਇਕ ਨਵੀਂ 'ਜੀਵਨ ਜਾਂਚ' ਦਾ ਪ੍ਰਚਾਰ ਕੀਤਾ। ਜਦੋਂ ਵੀ ਕੋਈ ਨਵਾਂ ਮੱਤ ਉਭਰਦਾ ਹੈ ਚਾਹੇ ਉਹ ਸਮਾਜਿਕ ਹੋਵੇ, ਅਧਿਆਤਮਕ ਹੋਵੇ ਜਾਂ ਰਾਜਸੀ, ਵਿਚਾਰਾਂ ਦੀ ਜੁਗ-ਗਰਦੀ ਪੈਦਾ ਹੋ ਜਾਂਦੀ ਹੈ

ਕਿਉਂਕਿ ਪਰੰਪਰਾਵਾਦੀ ਪੁਰਾਣੀ ਪਰੰਪਰਾ ਜਾਂ ਮੱਤ ਨੂੰ ਸਹੀ ਦੱਸ ਕੇ ਉਸ ਦੇ ਬਚਾਉ ਦੇ ਤਰੀਕੇ ਸੋਚਣ ਲੱਗ ਪੈਂਦੇ ਹਨ ਅਤੇ ਨਵਾਂ ਮੱਤ ਪੁਰਾਣੇ ਸਿਧਾਂਤਾਂ ਦੀਆਂ ਕਮਜ਼ੋਰੀਆਂ ਤੇ ਸੱਟ ਮਾਰਦਾ ਹੈ ਤੇ ਆਪਣੀਆਂ ਉਸਾਰੂ ਨੀਤੀ ਵਾਲੀਆਂ ਵਿਸ਼ੇਸ਼ਤਾਵਾਂ ਦੱਸ ਕੇ ਜਗਿਆਸੂਆਂ ਨੂੰ ਆਪਣੇ ਵੱਲ ਆਕਰਸ਼ਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਸੇ ਵਾਦ-ਵਿਵਾਦ ਵਿਚੋਂ ਹੀ ਗੋਸ਼ਟਿ ਪੰਰਪਰਾ ਦਾ ਜਨਮ ਹੋਇਆ। 'ਗੋਸ਼ਟਿ ਸਾਹਿਤ' ਮੱਧਕਾਲੀ ਪੰਜਾਬ ਦੀਆਂ ਵਿਸ਼ੇਸ਼ ਇਤਿਹਾਸਕ, ਧਾਰਮਿਕ, ਸਮਾਜਿਕ ਪਰਸਥਿਤੀਆਂ ਦੀ ਉਪਜ ਹੈ ਅਤੇ ਪੰਜਾਬੀ ਦਾ ਅਮੀਰ ਸਾਹਿਤਕ ਵਿਰਸਾ ਹੈ।

ਪੁਰਾਤਨ ਪੰਜਾਬੀ ਵਾਰਤਕ ਵਿਚ ਗੋਸ਼ਟਾਂ 'ਜਨਮਸਾਖੀ' ਸਾਹਿਤ ਦਾ ਅੰਗ ਹਨ ਅਤੇ 'ਗੋਸ਼ਟਿ ਸਾਹਿਤ' 'ਜਨਮਸਾਖੀ ਸਾਹਿਤ' ਨਾਲ ਹੀ ਵਧਿਆ ਫੁਲਿਆ ਹੈ। ਇਹ ਜਨਮਸਾਖੀ ਸਾਹਿਤ ਦਾ ਅੰਗ ਬਣ ਕੇ ਹੀ ਆਪਣਾ ਸਰੂਪ ਅਖਤਿਆਰ ਕਰਦੀਆਂ ਹਨ। ਇਹ ਵੀ ਸੱਚ ਹੈ ਕਿ ਗੋਸ਼ਟਿ ਪੰਰਪਰਾ ਕੋਈ ਅੱਜ ਦਾ ਰੂਪ ਨਹੀਂ ਸਗੋਂ ਇਹ ਸੰਸਕ੍ਰਿਤੀ ਕਾਲ ਤੋਂ ਹੀ ਹੋਂਦ ਵਿਚ ਆ ਚੁੱਕੀ ਸੀ। ਭਾਰਤੀ ਸਾਹਿਤ ਵਿਚ ਗੋਸ਼ਟਾਂ ਦਾ ਆਪਣਾ ਮਹੱਤਵ ਹੈ। ਇਨ੍ਹਾਂ ਵਿਚ ਧਾਰਮਿਕ ਅਤੇ ਹੋਰ ਵਿਸ਼ਿਆਂ ਬਾਰੇ ਚਰਚਾ ਕੀਤੀ ਹੋਈ ਮਿਲਦੀ ਹੈ। ਮੱਧਕਾਲੀ ਯੁਗ ਵਿਚ ਗੋਸ਼ਟਾਂ, ਯੁਗ ਪੁਰਸ਼ ਗੁਰੂ ਨਾਨਕ ਉਤੇ ਕੇਂਦਰਿਤ ਹਨ। ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ 'ਸਿਧ ਗੋਸ਼ਟਿ' ਪ੍ਰਮਾਣਿਕ ਮੰਨੀ ਗਈ ਹੈ। ਗੁਰੂ ਸਾਹਿਬ ਨੇ ਇਸੇ ਪੰਰਪਰਾ ਦੇ ਅੰਤਰਗਤ ਜੋਗ ਮੱਤ ਵਿਚ ਆ ਚੁੱਕੀਆਂ ਦੰਭੀ ਨੀਤੀਆਂ ਪ੍ਰਤਿ ਖੰਡਨਾਤਮਕ ਦ੍ਰਿਸ਼ਟੀ ਅਪਣਾਉਂਦੇ ਹੋਏ, ਜੋਗ ਮੱਤ ਨੂੰ ਨਵੀਂ ਤੇ ਉਸਾਰੂ ਸੇਧ ਦੇ ਕੇ ਪੰਜਾਬੀ ਤੇ ਭਾਰਤੀ ਸੰਸਕ੍ਰਿਤੀ ਨੂੰ ਵਿਸ਼ੇਸ਼ ਲੀਹਾਂ 'ਤੇ ਤੋਰਨ ਦਾ ਯਤਨ ਕੀਤਾ।

ਪੰਜਾਬੀ ਗੋਸ਼ਟਿ ਪੰਰਪਰਾ ਵਿਚ ਗੁਰੂ ਨਾਨਕ ਦੇਵ ਜੀ ਦਾ ਸਿਧਾਂ, ਨਾਥਾਂ ਅਤੇ ਜੋਗੀਆਂ ਨਾਲ ਹੋਇਆ ਵਿਚਾਰ ਵਟਾਂਦਰਾ ਅਭਿਵਿਅਕਤ ਕੀਤਾ ਹੋਇਆ ਮਿਲਦਾ ਹੈ। ਇਨ੍ਹਾਂ ਗੋਸ਼ਟਾਂ ਵਿਚਲੀ ਸੰਵਾਦੀ-ਸੁਰ, ਗੁਰਮਤਿ ਅਤੇ ਬਾਣੀ ਕਾਵਿ ਪੰਰਪਰਾ 'ਤੇ ਹੀ ਅਧਾਰਿਤ ਹੈ ਜੋ ਅਧਿਆਤਮੀ ਮਾਰਗ ਦਾ ਉਤਕ੍ਰਿਸ਼ਟ ਨਮੂਨਾ ਹੈ। ਗੁਰੂ ਨਾਨਕ ਦੇਵ ਜੀ ਦਾ ਅਧਿਆਤਮਕ ਚਿੰਤਨ, ਅਲੱਗ-ਅਲੱਗ ਧਾਰਮਿਕ ਫਿਰਕਿਆਂ ਨਾਲ ਸੰਵਾਦ ਰਚਾ ਕੇ ਇਸ ਜਗਤ ਦੀ ਹਕੀਕਤ ਤੋਂ ਜਾਣੂ ਕਰਵਾਉਣ ਵਾਲਾ ਹੈ।

ਜਨਮਸਾਖੀਆਂ 'ਚ ਪ੍ਰਾਪਤ ਗੋਸ਼ਟਾਂ ਵਿਚੋਂ ਦੋ ਪ੍ਰਕਾਰ ਦਾ ਅਧਿਆਤਮਕ ਚਿੰਤਨ ਉਭਰ ਕੇ ਸਾਹਮਣੇ ਆਉਂਦਾ ਹੈ। ਇਹ ਕਈ ਨੁਕਤਿਆਂ ਤੇ ਇਕ ਦੂਸਰੇ ਦਾ ਵੀ ਵਿਰੋਧੀ ਹੈ। ਇਸ ਵਿਰੋਧ ਕਰਕੇ ਹੀ ਸਿਧਾਂ ਅਤੇ ਗੁਰੂ ਸਾਹਿਬ ਦਰਮਿਆਨ ਸੰਵਾਦ ਉਤਪੰਨ ਹੁੰਦਾ ਹੈ। ਸਿਧਾਂ ਦਾ ਅਧਿਆਤਮਕ ਚਿੰਤਨ ਹਠ ਮਾਰਗੀ ਹੈ ਭਾਵ ਉਹ ਘਰ-ਬ੍ਰਾਰ ਤਿਆਗ ਕੇ ਜੰਗਲਾਂ ਪਹਾੜਾਂ ਵਿਚ ਜਾ ਕੇ ਪਰਮਾਤਮਾ ਦੀ ਭਗਤੀ ਤੇ ਪ੍ਰਾਪਤੀ ਵਿਚ ਯਕੀਨ ਰੱਖਦੇ ਸਨ। ਮਨ ਆਤਮਾ ਤੇ ਸਰੀਰ ਦੀ ਸ਼ੁਧੀ ਲਈ ਉਹ ਪ੍ਰਾਣਾਯਾਮ, ਧੋਤੀ ਨੇਤੀ ਅਤੇ ਬ੍ਰਹਮ ਚਰਜ ਨੂੰ ਪਾਲਣ ਉੱਪਰ ਬਹੁਤਾ ਜ਼ੋਰ ਦਿੰਦੇ ਸਨ। ਉਨ੍ਹਾਂ ਦਾ ਵਿਚਾਰ ਸੀ ਕਿ ਮਨ ਉੱਪਰ ਕਾਬੂ ਪਾਉਣ ਲਈ ਸਰੀਰ ਨੂੰ ਕਸ਼ਟ ਦੇਣੇ ਜ਼ਰੂਰੀ ਹਨ। ਗੁਰੂ ਸਾਹਿਬ ਦਾ ਅਧਿਆਤਮਕ ਚਿੰਤਨ ਇਸ ਤੋਂ ਨਿਵੇਕਲੀ ਕਿਸਮ ਦਾ ਹੈ। ਗੁਰਮਤਿ ਦਾਰਸ਼ਨਿਕਤਾ ਨੇ ਅਜਿਹੇ ਵਿਚਾਰਾਂ ਅਤੇ ਆਦਰਸ਼ਾਂ ਨੂੰ ਪ੍ਰਚਲਿਤ ਕੀਤਾ ਜੋ ਮਾਨਵ-ਸਮਾਜ ਦੇ ਵਿਕਾਸ ਲਈ ਸਹਾਈ ਹੋ ਨਿਬੜੇ ਹਨ। ਉਨ੍ਹਾਂ ਨੇ ਆਪਣੀ ਬਾਣੀ ਵਿਚ ਹੱਠ-ਮਾਰਗ ਨੂੰ ਰੱਦ ਕਰਕੇ ਸਹਿਜ ਮਾਰਗ ਉੱਪਰ ਚਲ ਕੇ ਪਰਮਾਤਮਾ ਦੀ ਪ੍ਰਾਪਤੀ ਉੱਪਰ ਬਲ ਦਿੱਤਾ ਹੈ। ਸਿਧਾਂ ਦੇ ਵਿਚਾਰ ਦੇ ਟਾਕਰੇ, ਗੁਰੂ ਨਾਨਕ ਆਪਣੀ ਵਿਵੇਕਮਈ ਬੌਧਿਕਤਾ ਅਤੇ ਅਧਿਆਤਮਕ ਅਨੁਭਵ ਦੇ ਆਧਾਰ 'ਤੇ ਆਪਣੀ ਵਿਚਾਰਧਾਰਾ ਨੂੰ ਸਥਾਪਿਤ ਕਰਦੇ ਹਨ। ਸਿਧਾਂ/ਨਾਥਾਂ/ਜੋਗੀਆਂ ਦੁਆਰਾ ਉਠਾਏ ਗਏ ਮੂਲ ਤੇ ਬੁਨਿਆਦੀ ਦਾਰਸ਼ਨਿਕ ਪ੍ਰਸ਼ਨਾਂ ਦਾ ਉੱਤਰ ਗੁਰੂ ਸਾਹਿਬ ਆਪਣੇ ਬਲ ਉੱਤੇ ਇਕ ਅਜਿਹੀ ਦਾਰਸ਼ਨਿਕ ਵਿਚਾਰਧਾਰਾ ਰਾਹੀਂ ਦਿੰਦੇ ਹਨ ਜਿਸ ਵਿਚ ਗੁਰੂ ਨਾਨਕ ਦੀ ਚੇਤੰਨਤਾ ਦਾ ਬਿਰਤਾਂਤ, ਗੁਰਮਤਿ ਵਿਚਾਰਧਾਰਾ ਵਿਚ ਸ਼ਬਦ ਮਾਰਗ ਦਾ ਇਕ ਸਥਾਈ ਹਿੱਸਾ, ਜੋ ਨਾਥਾਂ ਜੋਗੀਆਂ ਦੇ ਸਮਾਜ ਤੋਂ ਭਾਂਜਵਾਦੀ ਰੁਚੀ ਅਤੇ ਉਨ੍ਹਾਂ ਦੀ ਸਮਾਜਿਕ ਦ੍ਰਿਸ਼ਟੀ ਨੂੰ ਹੀ ਨਹੀਂ ਸਗੋਂ ਉਨ੍ਹਾਂ ਦੀ ਪੂਰਣ ਸੋਚ ਪ੍ਰਕ੍ਰਿਆ ਨੂੰ ਬਦਲਣ ਵਿਚ ਸਹਾਈ ਹੁੰਦਾ ਹੈ। ਇਸ ਪਹੁੰਚ ਵਿਧੀ ਅਨੁਸਾਰ ਜੇ ਕੋਈ ਮੁਸਲਮਾਨ ਹੈ ਤਾਂ ਸੱਚਾ ਮੁਸਲਮਾਨ ਬਣੇ ਜੇ ਹਿੰਦੂ ਹੈ ਤਾਂ ਸੱਚਾ ਹਿੰਦੂ ਬਣੇ ਅਤੇ ਜੇ ਜੋਗੀ ਹੈ ਤਾਂ ਜੋਗ ਤੱਤ ਸਾਰ ਨੂੰ ਸਮਝ ਕੇ ਸੱਚਾ ਜੋਗੀ ਬਣੇ। ਹਰ ਪ੍ਰਕਾਰ ਦੇ ਆਡੰਬਰ, ਵਿਖਾਵੇ ਅਤੇ ਪਾਖੰਡ ਨੂੰ ਤਿਆਗ ਕੇ ਹੀ ਵਿਅਕਤੀ ਸੱਚੇ ਧਰਮ ਅਤੇ ਸੱਚੀ ਧਾਰਮਿਕਤਾ ਦੀ ਪਛਾਣ ਕਰ ਸਕਦਾ ਹੈ। ਗੁਰੂ ਸਾਹਿਬ ਦੇ ਸੰਤ ਸੁਭਾਵੀ ਪ੍ਰਵਚਨਾਂ ਨੇ ਇਸ ਸਮਾਜ ਨੂੰ ਇਕ

ਸਰਬਕਾਲੀ, ਸਦੀਵੀ ਤੇ ਸਰਬ ਪ੍ਰਵਾਨਿਤ ਦਿਸ਼ਾ ਪ੍ਰਦਾਨ ਕੀਤੀ। ਇਸ ਨਵੀਂ ਦਿਸ਼ਾ ਦੇ ਸੰਦਰਭ ਵਿਚ ਹੀ ਅਸੀਂ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਤ ਗੋਸ਼ਟਾਂ ਦਾ ਅਧਿਐਨ ਕੀਤਾ ਹੈ।

ਸਮੇਂ ਦੇ ਪੈਰੋਕਾਰਾਂ ਨੇ ਗੁਰੂ ਸਾਹਿਬ ਨਾਲ ਕਿਸੇ ਨਾ ਕਿਸੇ ਮਸਲੇ 'ਤੇ ਸੰਵਾਦ ਰਚਾ ਕੇ ਗੁਰੂ ਸਾਹਿਬ ਦੇ ਸੰਤ ਸੁਭਾਵੀ ਪ੍ਰਵਚਨਾਂ ਦੁਆਰਾ ਜੀਵਨ ਦੇ ਰਹੱਸ ਨੂੰ ਜਾਨਣ, ਧਰਮ ਦੇ ਮਾਰਗ ਉਤੇ ਚਲਣ ਤੇ ਅਧਿਆਤਮਕਤਾ ਦੇ ਮਰਮ ਦੀ ਪ੍ਰਾਪਤੀ ਦਾ ਅਭਿਆਸ ਕੀਤਾ ਅਤੇ ਗੁਰਮਤਿ ਦੇ ਅਧਿਆਤਮਕ ਪੱਖਾਂ (ਰੱਬ, ਸ੍ਰਿਸ਼ਟੀ, ਜੀਵ-ਆਤਮਾ, ਮਾਇਆ, ਮੁਕਤੀ) ਬਾਰੇ ਗਿਆਨ ਪ੍ਰਾਪਤ ਕੀਤਾ ਹੈ। ਇਹ ਗਿਆਨ ਉਨ੍ਹਾਂ ਲਈ ਗੁਰਮੁਖ ਦੀ ਪਦਵੀ ਧਾਰਨ ਕਰਦਾ ਹੋਇਆ ਸਮਾਜਿਕ ਵਿਕਾਸ ਲਈ ਇਕ ਮਾਡਲ ਦਾ ਰੋਲ ਅਦਾ ਕਰਦਾ ਹੈ। ਗੁਰੂ ਨਾਨਕ ਚਿੰਤਨ ਵਿਚਲੀ ਸੰਵਾਦੀ-ਸੁਰ ਤੱਤਕਾਲੀਨ, ਧਾਰਮਿਕ, ਸਮਾਜਿਕ ਸਥਾਪਿਤ ਕਦਰਾਂ ਕੀਮਤਾਂ ਵਿਚੋਂ ਬਹੁਤ ਸਾਰਿਆਂ ਨੂੰ ਰੱਦ ਕਰਦੀ ਹੈ ਅਤੇ ਤੱਤਕਾਲੀ ਪੁਜਾਰੀ ਵਰਗ ਅਤੇ ਉਹਨਾਂ ਦੀਆਂ ਦਮਨਕਾਰੀ ਨੀਤੀਆਂ, ਦੰਭਾਂ, ਅੰਧ ਵਿਸ਼ਵਾਸਾਂ ਅਤੇ ਫੋਕਟ ਕਰਮ-ਕਾਂਡਾਂ ਦੀ ਪੁਰਜ਼ੋਰ ਆਲੋਚਨਾ ਕਰਕੇ ਇਸਦੇ ਸਮਾਨਾਂਤਰ ਉਸਾਰੂ ਪ੍ਰਬੰਧ ਨੂੰ ਉਸਾਰਦੀ ਹੈ। ਨਾਨਕ-ਬਾਣੀ ਵਿਚਲੇ ਪ੍ਰਵਚਨਾਂ ਤੋਂ ਧਾਰਮਿਕ ਕਰਮ-ਕਾਂਡਾਂ ਦੀ ਨਿਖੇਧੀ ਕੀਤੀ ਤਾਂ ਮਿਲਦੀ ਹੈ ਪਰੰਤੂ ਕਿਸੇ ਵੀ ਧਰਮ ਦੀ ਨਿਖੇਧੀ ਕੀਤੀ ਨਹੀਂ ਮਿਲਦੀ। ਸਭ ਧਰਮਾਂ ਨੂੰ ਸਤਿਕਾਰਤ ਸਥਾਨ ਪ੍ਰਾਪਤ ਹੈ। ਨਾਨਕ-ਬਾਣੀ ਵਿਚਲਾ ਚਿੰਤਨ ਅਮਲਾਂ ਅਤੇ ਤਰਕ ਅਧਾਰਿਤ ਹੋਣ ਸਦਕਾ ਮਨੁੱਖ ਨੂੰ ਇਕ ਨਵਾਂ ਸਾਹਸ ਤੇ ਸਵੈ ਵਿਸ਼ਵਾਸ ਦਿਵਾਉਂਦਾ ਹੈ।

ਸਮੀਖਿਅਕ-ਸੰਵਾਦ, ਸਮਾਜਿਕ ਬੇ-ਤਰਤੀਬੀਆਂ ਨੂੰ, ਨਿਆਂਤਮਕ ਸਮਾਜਿਕ ਪ੍ਰਸਥਿਤੀਆਂ ਵਿਚ ਬਦਲਣਾ ਚਾਹੁੰਦਾ ਹੈ ਅਤੇ ਇਸ ਵਿਚਾਰਧਾਰਾ ਵਿਚੋਂ ਵਿਚਾਰਧਾਰਕ ਅਰਥਾਂ ਦੀ ਸੋਝੀ ਦਾ ਗਿਆਨ ਹੋਣ ਲੱਗਦਾ ਹੈ। ਗੁਰੂ ਨਾਨਕ ਦੇਵ ਜੀ ਦੀ ਦੂਰ ਅੰਦੇਸ਼ੀ ਦ੍ਰਿਸ਼ਟੀ ਜੋ ਸੱਚੇ ਗਿਆਨ ਦਾ ਰਸਤਾ ਵਿਖਾਉਂਦੀ ਅਤੇ ਉਨ੍ਹਾਂ ਦੇ ਤਾਰਕਿਕ ਬੁੱਧੀ-ਜੀਵੀ ਹੋਣ ਸਦਕਾ ਸਿਧ/ਨਾਥ/ਜੋਗੀ ਗੁਰੂ ਜੀ ਨੂੰ ਆਪਣੇ ਪੰਥ ਭਾਵ ਸਮੂਹ ਵਿਚ ਸ਼ਾਮਿਲ ਕਰਨ ਦੀ ਲੋਚਾ ਰੱਖਦੇ ਸਨ ਤਾਂ ਜੋ ਉਹ ਆਪਣੇ ਪੰਥ ਦੀ ਸ਼ੋਭਾ ਨੂੰ ਵਧਾ ਸਕਣ।

ਪੰਜਾਬੀ ਵਾਰਤਕ ਵਿਚ ਤਰਕਵਾਦੀ ਸ਼ੈਲੀ ਗੋਸ਼ਟਾਂ ਦੇ ਮਾਧਿਅਮ ਰਾਹੀਂ ਹੀ ਆਈ ਹੈ। ਵਿਚਾਰਾਂ ਦਾ ਖੰਡਨ -ਮੰਡਨ ਗੋਸ਼ਟਾਂ ਵਿਚ ਵਿਆਖਿਆਤਮਕ ਸ਼ੈਲੀ ਨੂੰ ਤਿਆਗ ਕੇ ਤਰਕਸ਼ੀਲ ਅਤੇ ਬੌਧਿਕ ਸ਼ੈਲੀ ਨੂੰ ਜਨਮ ਦਿੰਦਾ ਹੈ। ਜਨਮਸਾਖੀ ਅਤੇ ਗੋਸ਼ਟਿ ਸਾਹਿਤ ਵਿਚ ਵੀ ਇਸ ਕਰਕੇ ਅੰਤਰ ਹੈ ਕਿ ਜਨਮਸਾਖੀਆਂ ਵਿਆਖਿਆਤਮਕ ਸ਼ੈਲੀ ਨੂੰ ਪ੍ਰਗਟਾਉਂਦੀਆਂ ਹਨ ਜਦਕਿ ਗੋਸ਼ਟਾਂ ਦੀ ਸ਼ੈਲੀ ਬੌਧਿਕ, ਤਰਕਮਈ ਤੇ ਪ੍ਰਸ਼ਨਮਈ ਹੁੰਦੀ ਹੈ। ਇਸ ਸ਼ੋਧ ਪ੍ਰਬੰਧ ਵਿਚ ਵੀ ਵਿਸ਼ੇ ਅਤੇ ਸ਼ੈਲੀ ਦੇ ਪੱਖ ਤੋਂ ਇਹਨਾਂ ਵਾਰਤਕ ਗੋਸ਼ਟਾਂ ਦੇ ਮਹੱਤਵ ਨੂੰ ਨਿਰਖਿਆ-ਪਰਖਿਆ ਗਿਆ ਹੈ। ਪੰਜਾਬੀ ਵਾਰਤਕ ਗੋਸ਼ਟਾਂ ਦਾ ਅਧਿਐਨ ਕਰਦੇ ਸਮੇਂ ਇਕੋ ਗੋਸ਼ਟਿ ਦੀਆਂ ਕਈ ਪ੍ਰਤਿਲਿਪੀਆਂ ਮਿਲਦੀਆਂ ਹਨ ਭਾਵ ਇਕ ਗੋਸ਼ਟਿ ਇਕ ਜਨਮਸਾਖੀ ਤੋਂ ਦੂਜੀ ਜਨਮਸਾਖੀ ਵਿਚ ਫ਼ਰਕ ਪਾਉਂਦੀ ਨਜ਼ਰ ਆਉਂਦੀ ਹੈ। ਇਸ ਦਾ ਕਾਰਣ ਹੋ ਸਕਦਾ ਹੈ ਕਿ ਕਿਸੇ ਉਤਾਰਾ ਕਰਨ ਵਾਲੇ ਨੇ ਕਿਸੇ ਹੋਰ ਲਿਖਤ ਤੋਂ ਉਤਾਰਾ ਕੀਤਾ ਹੋਵੇ ਅਤੇ ਦੂਜੇ ਨੇ ਹੋਰ ਤੋਂ ਪਰੰਤੂ ਭਾਸ਼ਾ ਯੋਗਤਾ, ਸਾਹਿਤ ਯੋਗਤਾ, ਸ਼ਖਸ਼ੀਅਤ ਪ੍ਰਤਿਭਾ ਅਤੇ ਪਿਛੋਕੜ ਦੇ ਵਖਰੇਵੇ ਦੇ ਬਾਵਜੂਦ ਸਾਰੇ ਗੋਸ਼ਟਿਕਾਰਾਂ ਨੇ ਗੁਰੂ ਨਾਨਕ ਦੇ ਗੌਰਵ ਨੂੰ ਪੇਸ਼ ਕਰਨ ਵਿਚ ਸਮਾਨ ਰੁਚੀ ਦਿਖਾਈ ਹੈ। ਹਰੇਕ ਗੋਸ਼ਟਿ/ਜਨਮਸਾਖੀ ਵਿਚ ਗੋਸ਼ਟਿਕਾਰਾਂ/ਸਾਖੀਕਾਰ ਨੇ ਗੁਰੂ ਨਾਨਕ ਪ੍ਰਤਿ ਸ਼ਰਧਾ ਦਿਖਾਈ ਹੈ ਅਤੇ ਤਰਕ ਅਤੇ ਚਿੰਤਨ ਸਮੇਂ ਗੁਰੂ ਨਾਨਕ ਦੇਵ ਜੀ ਨੂੰ ਹਰ ਇਕ ਸਮੱਸਿਆ ਦਾ ਨਿਵਾਰਣ ਕਰਦਿਆਂ ਵਿਖਾਇਆ ਹੈ ਅਤੇ ਹਰੇਕ ਗੋਸ਼ਟਿਕਾਰ ਨੇ ਗੁਰੂ ਸਾਹਿਬ ਨੂੰ ਕਰਾਮਾਤ ਦੀ ਵਿਰੋਧਤਾ ਕਰਦੇ ਵਿਖਾਇਆ ਹੈ। ਤੱਤਕਾਲੀਨ ਸਮੇਂ ਦੇ ਪੈਰੋਕਾਰ ਗੁਰੂ ਸਾਹਿਬ ਦੇ ਤਰਕ ਅੱਗੇ ਝੁਕਦੇ ਨਜ਼ਰ ਆਉਂਦੇ ਹਨ ਤੇ ਗੁਰੂ ਨਾਨਕ ਦਾ ਨਾਇਕਤਤਵ ਸਥਾਪਿਤ ਕਰਦੇ ਹਨ।

ਇਨ੍ਹਾਂ ਗੋਸ਼ਟਾਂ ਦੇ ਸੰਵਾਦ ਵਿਚ ਸੰਜਮਤਾ ਹੈ ਪਰੰਤੂ ਸਮੱਗਰੀ ਭਾਵ-ਪੂਰਤ ਅਤੇ ਪ੍ਰਭਾਵਸ਼ਾਲੀ ਹੈ। ਗੋਸ਼ਟਿ ਦਾ ਆਰੰਭ ਝਟਪਟ ਹੁੰਦਾ ਹੈ ਕੋਈ ਭੂਮਿਕਾ ਜਾਂ ਲਟਕਾਅ ਨਹੀਂ ਹੈ। ਇਨ੍ਹਾਂ ਗੋਸ਼ਟਾਂ ਦਾ ਸਭ ਤੋਂ ਵੱਡਾ ਗੁਣ ਇਨ੍ਹਾਂ ਦੀ ਮੌਲਿਕਤਾ ਹੈ। ਗੋਸ਼ਟਾਂ ਵਿਚਲੇ ਇਹ ਤੱਤ ਇਹਨਾਂ ਗੋਸ਼ਟਾਂ ਨੂੰ ਸੁੰਦਰ, ਸੁਖੈਨ, ਆਨੰਦਮਈ ਅਤੇ ਗਿਆਨਮਈ ਬਣਾਉਂਦੇ ਹਨ। ਇਹਨਾਂ ਤੱਤਾਂ ਨੂੰ ਜੋੜਨ ਵਾਲੇ ਦੋ ਤੱਤ-ਸੁਮੇਲ, ਭਾਵ ਸ਼ੈਲੀ ਤੇ ਬੋਲੀ ਮੁੱਖ ਹਨ। ਇਹਨਾਂ ਵਿਚਲਾ ਸੰਵਾਦ ਅਟਕ-ਅਟਕ ਕੇ ਨਹੀਂ

ਤੁਰਦਾ, ਸਗੋਂ ਝਟਪਟ ਆਰੰਭ ਹੁੰਦਾ ਹੋਇਆ ਤੇਜੀ ਨਾਲ ਤੁਰਦਾ ਆਪਣੇ ਪ੍ਰਭਾਵਸ਼ਾਲੀ ਅੰਤ 'ਤੇ ਪਹੁੰਚ ਜਾਂਦਾ ਹੈ। ਇਹਨਾਂ ਗੋਸ਼ਟਾਂ ਵਿਚ ਸਮਾਂ ਸਥਾਨ ਅਤੇ ਕਾਰਜ ਦੀ ਏਕਤਾ ਵੀ ਮਿਲਦੀ ਹੈ ਅਤੇ ਇਹ ਪ੍ਰਭਾਵ ਦੀ ਇਕਾਗਰਤਾ ਨੂੰ ਵੀ ਕਾਇਮ ਕਰਨ ਵਿਚ ਸਫ਼ਲ ਹਨ। ਇਹ ਗੋਸ਼ਟਾਂ ਸਕਰਮਕ ਕਾਰਜਨੀਤੀ ਅਤੇ ਸਦਾਚਾਰਕ ਦਿਸ਼ਾ ਵਲ ਸੇਧਤ ਹਨ ਅਤੇ ਇਹਨਾਂ ਵਿਚਲੇ ਰਚਨਾਤਮਕ ਅਤੇ ਸਕਰਮਕ ਸੰਵਾਦ ਦਾ ਠੋਸ ਧਰਾਤਲ ਗਿਆਨਮਈ ਹੈ। ਇਹ ਗੋਸ਼ਟਾਂ ਪਰਚਾਰ ਅਤੇ ਸਿਖਿਆ ਲਈ ਇਕ ਸਾਧਨ ਵਜੋਂ ਵਰਤੀਆਂ ਜਾਂਦੀਆਂ ਰਹੀਆਂ ਹਨ। ਇਹਨਾਂ ਗੋਸ਼ਟਾਂ ਵਿਚ ਇਕ ਜਾਂ ਦੂਜੇ ਮਤ ਦੀ ਪ੍ਰੋੜਤਾ ਕਰਨਾ ਇਕੋ ਹੀ ਮੂਲ ਪ੍ਰੇਰਨਾਂ ਵਿਚੋਂ ਉਪਜਦਾ ਹੈ।

ਗੁਰੂ ਨਾਨਕ ਦੇਵ ਜੀ ਦੇ ਭਿੰਨ-ਭਿੰਨ ਸ਼੍ਰੇਣੀਆਂ ਨਾਲ ਕੀਤੇ ਗਏ ਅਧਿਆਤਮਕ ਸੰਵਾਦ ਦਾ ਮੁੱਖ ਮੰਤਵ, ਕਿਸੇ ਵਿਸ਼ਵ ਵਿਆਪੀ ਸੰਕਲਪ ਦੀ ਖੋਜ ਸੀ। ਉਨ੍ਹਾਂ ਨੇ ਪਰਮਤੱਤ ਬਾਰੇ ਅਧਿਆਤਮਵਾਦੀ ਤੇ ਯਥਾਰਥਵਾਦੀ ਨਜ਼ਰੀਆ ਅਪਣਾ ਕੇ 'ਅਧਿਆਤਮਵਾਦੀ-ਪਦਾਰਥਵਾਦੀ ਧਾਰਾ' ਦਾ ਇਕ ਨਵਾਂ ਰੂਪ ਦ੍ਰਿਸ਼ਟੀਗੋਚਰ ਕੀਤਾ ਹੈ। ਗੁਰੂ ਨਾਨਕ ਦੇਵ ਜੀ ਦਾ ਕਾਜ਼ੀਆਂ, ਮੁੱਲਾਂ, ਮੁਲਾਣਿਆਂ, ਸਿਧਾਂ, ਨਾਥਾਂ, ਜੋਗੀਆਂ ਅਤੇ ਹਾਜੀਆਂ ਨਾਲ ਰਚਾਏ ਅਧਿਆਤਮਕ ਸੰਵਾਦ ਤੋਂ ਉਨ੍ਹਾਂ ਦੀ ਸ਼ਖਸ਼ੀਅਤ ਦਾ ਮਹਾਨ ਤੇ ਉਸਾਰੂ ਪੱਖ ਹੋਰ ਵੀ ਪੂਰੀ ਤਰ੍ਹਾਂ ਉਘੜਦਾ ਹੈ। ਗੁਰੂ ਸਾਹਿਬ ਨੇ ਪੰਰਪਰਾਗਤ ਆਦਰਸ਼ਕ ਸੋਚ-ਪ੍ਰਣਾਲੀ ਨੂੰ ਤਿਆਗ ਕੇ ਨਵੇਂ ਸਿਰਿਓਂ ਮਾਨਵਵਾਦੀ ਰੁਚੀ ਤਹਿਤ ਵਿਚਾਰਧੀਨ ਸੱਮਸਿਆ ਨੂੰ ਸੁਲਝਾਉਣ ਦਾ ਯਤਨ ਕੀਤਾ ਹੈ। ਉਨ੍ਹਾਂ ਦਾ ਦ੍ਰਿਸ਼ਟੀਕੋਣ ਸਾਰਿਆਂ ਲਈ ਇਕਸਾਰ ਸੀ। ਉਨ੍ਹਾਂ ਨੇ ਰੂੜ੍ਹ ਹੋ ਚੁੱਕੇ ਵਿਧੀ-ਵਿਧਾਨਾਂ ਦੀ ਤਰਕ ਅਧਾਰਿਤ ਵਿਰੋਧਤਾ ਕੀਤੀ ਹੈ।

ਅਧਿਆਤਮਕ ਸੰਵਾਦ ਸਮੇਂ ਵੱਡੀ ਤੋਂ ਵੱਡੀ ਅੜਚਨ ਨੂੰ ਗੁਰਬਾਣੀ ਉਦਾਹਰਣਾਂ ਰਾਹੀਂ ਦੂਰ ਕੀਤਾ ਗਿਆ ਹੈ। ਗੁਰੂ ਸਾਹਿਬ ਦੇ ਮੁਖਾਰਬਿੰਦ ਤੋਂ ਉਚਰਿਤ ਬਾਣੀ ਜਾਦੂਈ ਅਸਰ ਦਿਖਾਉਂਦੀ ਹੈ। ਇਸ ਪ੍ਰਤਿਭਾਵਾਨ ਸੰਵੇਦਨਸ਼ੀਲ ਵਿਅਕਤੀ ਦੀ ਜ਼ਿੰਦਗੀ ਤੋਂ ਪ੍ਰਾਪਤ ਸਹਿਜ ਗਿਆਨ ਨੂੰ ਗੋਸ਼ਟਾਂ ਵਿਚ ਅਭਿਵਿਅਕਤ ਕੀਤਾ ਗਿਆ ਹੈ। ਪ੍ਰਤੀਬੱਧ ਸਿਧਾਂਤ ਅਤੇ ਵਿਚਾਰਧਾਰਕ ਪ੍ਰਚਾਰ ਨਾਲੋਂ ਵਧੇਰੇ ਮਨੁੱਖੀ ਅਧਿਆਤਮਕ ਅਨੁਭਵ ਦੀ ਪ੍ਰਮਾਣਿਕ ਤੇ ਕਲਾਤਮਿਕ ਪੇਸ਼ਕਾਰੀ ਕੀਤੀ ਗਈ ਹੈ।

ਗੁਰਮਤਿ ਦਾਰਸ਼ਨਿਕਤਾ ਨੇ ਅਜਿਹੇ ਵਿਚਾਰਾਂ ਅਤੇ ਆਦਰਸ਼ਾਂ ਨੂੰ ਪ੍ਰਚਲਤ ਕੀਤਾ ਜੋ ਮਾਨਵ-ਸਮਾਜ ਦੇ ਵਿਕਾਸ ਲਈ ਸਹਾਈ ਹੋ ਨਿਬੜੇ ਹਨ। ਸੰਸਾਰੀ ਕਾਰਜਾਂ ਵਲ ਪਿੱਠ ਕਰਨ ਵਾਲੇ ਨਿਰਵਰਤੀ ਮਾਰਗ ਦੇ ਉਲਟ ਪਰਵਿਰਤੀ ਮਾਰਗ ਨੂੰ ਅਪਨਾਉਣ ਦੀ ਪ੍ਰੇਰਨਾ ਦਿੱਤੀ ਅਤੇ ਧਰਮ ਵੰਡ, ਵਰਣ ਵੰਡ, ਸ਼੍ਰੇਣੀ ਵੰਡ ਆਦਿ ਨੂੰ ਤਰਕਮਈ ਦ੍ਰਿਸ਼ਟੀ ਭੌਂ ਨਕਾਰਦਿਆਂ ਮਾਨਵ-ਸਾਂਝ ਦੀ ਵਕਾਲਤ ਕੀਤੀ ਹੈ। ਗੁਰੂ ਨਾਨਕ ਦੀ ਚਿੰਤਨਮਈ ਅਤੇ ਵਿਵੇਕਮਈ ਪਹੁੰਚ, ਫਿਰਕਾਪ੍ਰਸਤੀ ਇਲਾਕਾਪ੍ਰਸਤੀ ਅਤੇ ਪਦਾਰਥ-ਪ੍ਰਸਤੀ ਦਾ ਵਿਰੋਧ ਕਰਦੀ ਹੋਈ, ਸਰਬਤ ਦੇ ਭਲੇ ਦੀ ਇਨਕਲਾਬੀ ਸਿਖਿਆ ਉਪਰ ਕੇਂਦਰਿਤ ਹੈ।

# ਪੁਸਤਕ ਸੂਚੀ

**ਪੰਜਾਬੀ ਪੁਸਤਕਾਂ:**


ਅਮੋਲ ਸ. ਸ., *ਪੁਰਾਤਨ ਪੰਜਾਬੀ ਕਾਵਿ ਦਾ ਵਿਕਾਸ,* ਲਾਹੌਰ ਬੁਕ ਸ਼ਾਪ, ਲੁਧਿਆਣਾ, 1955.

ਅਸ਼ੋਕ, ਸ਼ਮਸ਼ੇਰ ਸਿੰਘ (ਸੰਪਾ.), *ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1969.

ਸਾਗਰ, ਸਬਿੰਦਰਜੀਤ ਸਿੰਘ, *ਜਨਮਸਾਖੀ ਸੰਵਾਦ ਤੇ ਮੁਲੰਕਣ*, ਵਾਰਿਸ ਸ਼ਾਹ ਫਾਉਂਡੇਸ਼ਨ ਅੰਮ੍ਰਿਤਸਰ, 2001.

ਸਾਬਰ, ਜਸਬੀਰ ਸਿੰਘ, *ਗਿਆਨ ਰਤਨਾਵਲੀ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਸੰਪਾਦਨ ਅਤੇ ਪਾਠ-ਅਲੋਚਨ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1993.

ਸਾਹਿਬ ਸਿੰਘ (ਪ੍ਰੋ.), *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, (1 ਤੋਂ 10 ਪੋਥੀਆਂ),* ਰਾਜ ਪਬਲਿਸ਼ਰਜ਼, ਜਲੰਧਰ, ਮਿਤੀਹੀਣ

ਸੀਤਲ, ਜੀਤ ਸਿੰਘ(ਡਾ.), *ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ,* ਪੈਪਸੂ ਬੁੱਕ ਡਿਪੂ, ਪਟਿਆਲਾ, 1973.

ਸੂਬਾ ਸਿੰਘ (ਸ੍ਰੀ), *ਗੋਸ਼ਟੀਆਂ*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1970.

ਸੇਵਕ, ਸੇਵਾ ਸਿੰਘ (ਸੰਪਾ.), *ਪ੍ਰਾਚੀਨ ਜਨਮਸਾਖੀ ਗੁਰੂ ਨਾਨਕ ਦੇਵ ਜੀ,* ਨਿਊ ਬੁਕ ਕੰਪਨੀ ਜਲੰਧਰ, 1969.

ਸੋਢੀ, ਟੀ. ਐਸ., *ਗੁਰੂ ਨਾਨਕ ਦਾ ਵਿਦਿਅਕ ਫਲਸਫ਼ਾ,* ਬਾਵਾ ਪਬਲੀਕੇਸ਼ਨਜ਼, ਪਟਿਆਲਾ, 1997.

ਸੰਧੂ, ਗੁਰਪਾਲ ਸਿੰਘ, *ਸਮਕਾਲੀ ਸਾਹਿਤ ਅਤੇ ਮੱਧਕਾਲੀ ਪ੍ਰਵਚਨ*, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2006.

ਹਰਬੰਸ ਸਿੰਘ, *ਗੁਰੂ ਨਾਨਕ ਦੀ ਕਾਵਿ ਕਲਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1984.

ਹਰਿਭਜਨ ਸਿੰਘ (ਡਾ.), *ਮੁੱਲ ਤੇ ਮੁਲਾਂਕਣ*, ਨਵਚੇਤਨ ਪੱਬਲਿਸ਼ਰਜ਼, ਅੰਮ੍ਰਿਤਸਰ, 1972.

ਹਰਿਭਜਨ ਸਿੰਘ, ਮਨਜੀਤ ਸਿੰਘ (ਸੰਪਾ.), *ਸਾਖੀ ਸੁਰਤਿ*, ਫਕੀਰ ਸਿੰਘ ਐਂਡ ਸੰਨਜ਼, ਅੰਮ੍ਰਿਤਸਰ, 1982.

ਹਿਸਟੋਰੀਅਨ, ਕਰਮ ਸਿੰਘ, *ਕੱਤਕ ਕਿ ਵਿਸਾਖ*, ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ, 1969.

ਕਿਰਪਾਲ ਸਿੰਘ (ਸੰਪਾ.), *ਜਨਮਸਾਖੀ ਪਰੰਪਰਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969.

ਕੁਲਵੰਤ ਸਿੰਘ (ਸੰਪਾ.), *ਮੱਕੇ ਮਦੀਨੇ ਦੀ ਗੋਸ਼ਟਿ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988.

ਕੇਸਰ, ਮਨਮੋਹਨ (ਡਾ.), *ਅਠਾਰਵੀਂ ਸਦੀ ਦੇ ਵਾਰਤਕ ਸਾਖੀ-ਸਾਹਿਤ ਦਾ ਆਲੋਚਨਾਤਮਕ ਅਧਿਐਨ,* ਭਾਸ਼ਾ ਵਿਭਾਗ, ਪੰਜਾਬ, 1985.

ਕੋਹਲੀ, ਸੁਰਿੰਦਰ ਸਿੰਘ (ਡਾ.), *ਪੁਰਾਤਨ ਪੰਜਾਬੀ ਵਾਰਤਕ, ਸਰੂਪ ਸਿਧਾਂਤ ਤੇ ਵਿਕਾਸ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995.

ਕੋਹਲੀ, ਸੁਰਿੰਦਰ ਸਿੰਘ (ਸੰਪਾ.), *ਪੁਰਾਤਨ ਪੰਜਾਬੀ ਵਾਰਤਕ*, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1973.

ਕੋਹਲੀ, ਸੁਰਿੰਦਰ ਸਿੰਘ ਅਤੇ ਜਗਜੀਤ ਸਿੰਘ (ਸੰਪਾ.), *ਜਨਮਸਾਖੀ ਭਾਈ ਬਾਲਾ*, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, 1974

ਕੋਮਲ, ਕਿਰਪਾਲ ਸਿੰਘ (ਸੰਪਾ.), *ਨਿਮਸਾਖੀ ਅਧਿਐਨ,* ਪ੍ਰਿੰਸੀਪਲ ਬ੍ਰਿਜਿੰਦਰ ਕਾਲਿਜ ਫਰੀਦਕੋਟ, 1970.

ਗਰੋਵਰ, ਕੰਵਲਜੀਤ, *ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚ ਕਥਾਨਕ ਰੂੜ੍ਹੀਆਂ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਮਿਤੀਹੀਣ.

ਗੁਪਤਾ, ਐਸ ਐਨ (ਡਾ.), *ਦਰਸ਼ਨ-ਸ਼ਾਸਤਰ ਦੀ ਰੂਪ-ਰੇਖਾ*, ਵੈਸਟਰਨ ਅਤੇ ਇੰਡੀਅਨ, ਡੀਲਕਸ ਪਬਲੀਕੇਸ਼ਨ, ਜਲੰਧਰ

ਗੁਪਤਾ, ਸ਼ਾਤੀ ਨਾਥ (ਡਾ.), *ਭਾਰਤੀ ਦਰਸ਼ਨ*, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁਕ ਬੋਰਡ, ਚੰਡੀਗੜ੍ਹ, 1974.

ਗੁਰਦੀਪ ਕੌਰ (ਡਾ.), *ਪੁਰਾਤਨ/ਮਧਕਾਲੀਨ ਪੰਜਾਬੀ ਵਾਰਤਕ ਦਾ ਅਲੋਚਨਾਤਮਕ ਅਧਿਅਨ,* ਮਨਦੀਪ ਪ੍ਰਕਾਸ਼ਨ, ਮੋਤੀਨਗਰ, ਨਵੀਂ ਦਿੱਲੀ, 1988.

--------, *ਪੁਰਾਤਨ ਪੰਜਾਬੀ ਵਾਰਤਕ ਰੂਪ-ਵਿਵੇਚਨ, ਵਿਸ਼ਾ ਤੇ ਕਲਾ ਪੱਖ,* ਮਨਦੀਪ ਪ੍ਰਕਾਸ਼ਨ, ਮੋਤੀ ਨਗਰ, ਨਵੀਂ ਦਿੱਲੀ, 2002.

ਗੁਲਵੰਤ ਸਿੰਘ, *ਇਸਲਾਮ ਅਤੇ ਸੂਫੀਵਾਦ,* ਪੰਜਾਬੀ ਯੂਨੀਵਰਸਿਟੀਪਟਿਆਲਾ, 1986.

ਚਾਕਰ, ਅਮਰ ਸਿੰਘ (ਸੰਪਾ.), *ਵਾਰਾਂ ਭਾਈ ਗੁਰਦਾਸ ਜੀ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਜੂਨ 2008.

ਚਿਰਾਗ, ਅਨਵਰ (ਡਾ.), *ਇਸਲਾਮੀ ਚਿੰਤਨ ਅਤੇ ਪੰਜਾਬੀ ਸੂਫੀ ਕਵਿਤਾ*, ਨੈਸ਼ਨਲ ਬੁਕ ਸ਼ਾਪ, ਚਾਂਦਨੀ ਚੌਂਕ, ਦਿੱਲੀ, 2006.

ਚੌਪੜਾ, ਇਕਬਾਲ ਨਾਰਾਇਣ, *ਭਾਰਤੀ ਦਰਸ਼ਨ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989.

ਚੰਦ, ਰਣਧੀਰ ਸਿੰਘ (ਡਾ.), *ਗੁਰੂ ਨਾਨਕ ਅਤੇ ਯੋਗ ਦਰਸ਼ਨ*, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ, ਲੁਧਿਆਣਾ, 1990.

ਜਸਵਿੰਦਰ ਕੌਰ (ਡਾ.), *ਜਨਮਸਾਖੀ ਸਾਹਿਤ ਚਰਿਤਰ ਨਿਰਮਾਣ ਜੁਗਤਾਂ*, ਅਮਰਜੀਤ ਸਾਹਿਤ ਪ੍ਰਕਾਸ਼ਨ, ਪਟਿਆਲਾ, 2006.

ਜਗਜੀਤ ਸਿੰਘ, (ਡਾ.), *ਪੁਰਾਤਨ ਜਨਮਸਾਖੀ ਆਲੋਚਨਾਤਮਕ ਅਧਿਐਨ*, ਲਾਹੌਰ ਬੁਕ ਸ਼ਾਪ, ਲੁਧਿਆਣਾ.

--------, *ਜਨਮਸਾਖੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਤਾਰਕਿਕ ਅਧਿਐਨ*, ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, 1970.

ਜਗਬੀਰ ਸਿੰਘ (ਡਾ.), *ਬਾਣੀ-ਸੰਸਾਰ*, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1992.

ਜੋਗਿੰਦਰ ਸਿੰਘ (ਡਾ.), *ਸੁਖਮਨੀ ਦਾ ਦਾਰਸ਼ਨਿਕ ਆਧਾਰ*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1986.

ਜੋਧ ਸਿੰਘ, (ਭਾਈ), *ਸਿੱਧ ਗੋਸਟਿ ਇਕ ਅਧਿਐਨ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1973.

--------, *ਗੁਰੂ ਨਾਨਕ ਤੇ ਭਾਰਤੀ ਧਰਮ ਦਰਸ਼ਨ,* ਪੰਜਾਬੀ ਯੂਨੀਵਰਸਿਟੀ ਪਟਿਆਲਾ,1982.

--------, *ਸਿੱਖ ਸਿਧਾਂਤ ਸਰੂਪ ਤੇ ਸਮਰੱਥਾ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1991.

ਜੱਗੀ, ਰਤਨ ਸਿੰਘ (ਡਾ.), *ਵਿਚਾਰਧਾਰਾ*, ਮਦਾਨ ਪਬਲਿਸ਼ਰਜ਼,ਪਟਿਆਲਾ, 1966.

---------, *ਗੁਰੂ ਨਾਨਕ ਦੀ ਵਿਚਾਰਧਾਰਾ,* ਨਵਯੁਗ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ, 1969.

---------, *ਜਨਮਸਾਖੀ ਭਾਈ ਬਾਲਾ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1974.

---------, *ਪੁਰਾਤਨ ਪੰਜਾਬੀ ਵਾਰਤਕ, ਵਿਕਾਸ ਅਤੇ ਵਿਸ਼ਲੇਸ਼ਣ*, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ-ਬੁਕ ਬੋਰਡ, ਚੰਡੀਗੜ੍ਹ, 1984.

--------, *ਪੁਰਾਤਨ ਪੰਜਾਬੀ ਵਾਰਤਕ ਸਰੂਪ ਅਤੇ ਸਮੀਖਿਆ*, ਆਰਸੀ ਪਬਲਿਸ਼ਰਜ਼, ਦਿੱਲੀ, 2008.

ਜੱਗੀ, ਰਤਨ ਸਿੰਘ, ਗੁਰਸ਼ਰਨ ਕੌਰ (ਡਾ.), *ਪੁਰਾਤਨ ਜਨਮਸਾਖੀ ਅਧਿਐਨ ਅਤੇ ਸੰਪਾਦਨ*, ਗੁਰਮਤਿ ਪ੍ਰਕਾਸ਼ਨ, ਪਟਿਆਲਾ, 2010.

ਢਿਲੋਂ, ਜਸਵਿੰਦਰ ਕੌਰ (ਡਾ.), *ਗੁਰੂ ਨਾਨਕ ਦੇਵ ਜੀ ਦੀਆਂ ਬਾਣੀਆਂ ਦਾ ਦਾਰਸ਼ਨਿਕ ਅਧਿਐਨ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1991.

ਤਾਰਨ ਸਿੰਘ, (ਡਾ.), *ਗੁਰਬਾਣੀ ਦੀਆਂ ਵਿਆਖਿਆਂ ਪ੍ਰਣਾਲੀਆਂ,* ਪੰਜਾਬੀ ਯੂਨੀਵਰਸਿਟੀ, ਪਟਿਆਲਾ,1980.

ਥਿੰਦ, ਕਰਨੈਲ ਸਿੰਘ (ਡਾ.), *ਲੋਕਯਾਨ ਅਤੇ ਮਧਕਾਲੀਨ ਪੰਜਾਬੀ ਸਾਹਿਤ*, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1973.

ਦਰਸ਼ਨ ਸਿੰਘ ਡਾ. (ਸੰਪਾ.), *ਗੁਰੂ ਨਾਨਕ ਬਾਣੀ : ਸੰਚਾਰ ਜੁਗਤਾ*, ਪੰਜਾਬੀ ਅਕਾਦਮੀ, ਦਿੱਲੀ, 1992.

ਦੀਪ, ਦਲੀਪ ਸਿੰਘ (ਡਾ.), *ਗੁਰਮਤਿ ਸਾਹਿਤ ਪ੍ਰਵੇਸ਼ਕਾ*, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁਕ ਬੋਰਡ, ਚੰਡੀਗੜ੍ਹ, 1983.

-------, *ਗੁਰਬਾਣੀ ਚਿੰਤਨ (ਸਿਧਾਂਤ ਤੇ ਸਾਧਨਾ),* ਪ੍ਰਕਾਸ਼ਕ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਸ੍ਰੀ ਅੰਮ੍ਰਿਤਸਰ, ਅਗਸਤ 2001.

ਦੀਵਾਨ ਸਿੰਘ (ਪ੍ਰੋ.), *ਗੁਰੂ ਨਾਨਕ ਦੀ ਸਾਹਿਤਿਕ ਪ੍ਰੱਤਿਭਾ ਤੇ ਹੋਰ ਲੇਖ,* ਫਕੀਰ ਸਿੰਘ ਐਂਡ ਸੰਨਜ਼,ਚੌਂਕ ਘੰਟਾ ਘਰ, ਅੰਮ੍ਰਿਤਸਰ, 1966.

---------, *ਗੁਰਮਤਿ ਸਿਧਾਂਤ*, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ, ਲੁਧਿਆਣਾ, 1988.

---------, *ਗੁਰੂ ਨਾਨਕ ਦਰਸ਼ਨ,* ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 1996.

ਨਾਭਾ, ਕਾਨ੍ਹ ਸਿੰਘ, *ਗੁਰਮਤਿ ਮਾਰਤੰਡ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਮਿਤੀਹੀਣ.

ਨਿਰਾਕਾਰੀ, ਆਰ ਡੀ, *ਭਾਰਤੀ ਦਰਸ਼ਨ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994.

ਨੇਕੀ, ਜਸਵੰਤ ਸਿੰਘ, *ਅਰਦਾਸ, ਦਰਸ਼ਨ ਰੂਪ ਤੇ ਅਭਿਆਸ,* ਸਿੰਘ ਬ੍ਰਦਰਜ਼ ਮਾਈ ਸੇਵਾ, ਅੰਮ੍ਰਿਤਸਰ, 1990.

ਪ੍ਰੀਤਮ ਸਿੰਘ (ਪ੍ਰੋ.), *ਸਿਖ ਵਿਚਾਰਧਾਰਾ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1968.

--------, *ਸ੍ਰੇਸ਼ਟ ਗੋਸ਼ਟਾਂ* (ਅਨੁ.), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1974

ਪ੍ਰੇਮ ਪ੍ਰਕਾਸ਼ ਸਿੰਘ, (ਸੰਪਾ.), *ਕਾਫ਼ੀਆਂ ਸ਼ਾਹ ਹੁਸੈਨ,* ਕਸਤੂਰੀ ਲਾਲ ਐਂਡ ਸੰਨਜ਼, ਅੰਮ੍ਰਿਤਸਰ,1952.

ਪਿਆਰ ਸਿੰਘ (ਡਾ.) (ਸੰਪਾ.), *ਸ਼ੰਭੂ ਨਾਥ ਵਾਲੀ ਜਨਮਪੱਤ੍ਰੀ ਬਾਬੇ ਨਾਨਕ ਜੀ ਕੀ ਪ੍ਰਸਿੱਧ ਨਾਂ ਆਦਿ ਸਾਖੀਆਂ,* ਨਿਊ ਬੁਕ ਕੰਪਨੀ, ਜਲੰਧਰ, 1969.

--------, *ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ - Panj BF40*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1974.

--------, *BF40 ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ* (ਸੰਪਾ.), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1989.

ਬ੍ਰਹਮ ਜਗਦੀਸ਼ ਸਿੰਘ, *ਗੁਰੂ ਨਾਨਕ ਬਾਣੀ ਸਾਹਿਤਿਕ ਪਰਿਪੇਖ*, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ,1995.

ਬਾਜਵਾ, ਸੁਖਵਿੰਦਰ ਕੌਰ (ਡਾ.), *ਉੱਤਰ ਆਧੁਨਿਕਤਾਵਾਦ ਅਤੇ ਗੁਰਬਾਣੀ,* ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2008.

ਬਾਜਵਾ, ਮਲਕੀਤ ਸਿੰਘ (ਡਾ.), *ਗੁਰੂ ਅਰਜਨ ਬਾਣੀ ਤੇ ਸਰੋਦਿਕਤਾ*, ਸੁਰਤਾਲ ਪ੍ਰਕਾਸ਼ਨ,ਜਲੰਧਰ, 1990

-------, *ਮੱਧਕਾਲੀ ਪੰਜਾਬੀ ਕਾਵਿ*, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2005.

ਬਾਲਾ (ਭਾਈ), *ਸੌ ਸਾਲ ਪੁਰਾਤਨ ਲਿਖਤੀ ਭਾਈ ਬਾਲੇ ਵਾਲੀ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਨਮਸਾਖੀ,* ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ

ਬੇਦੀ, ਤਰਲੋਚਨ ਸਿੰਘ, *ਪੰਜਾਬੀ ਵਾਰਤਕ ਦਾ ਆਲੋਚਨਾਤਮਕ ਅਧਿਐਨ*, ਮਿਸਜ ਅਰਮਜੀਤ ਕੌਰ, ਨਵੀਂ ਦਿੱਲੀ, 1972.

ਬੱਦਨ, ਬਲਦੇਵ ਸਿੰਘ ਅਤੇ ਰਾਜਿੰਦਰ ਸਿੰਘ (ਸੰਪਾ.), *ਗੁਰਮਤਿ ਕਾਵਿ ਇਕ ਅਧਿਐਨ*, ਨੈਸ਼ਨਲ ਬੁਕ ਸ਼ਾਪ, ਚਾਂਦਨੀ ਚੌਕ, ਦਿੱਲੀ,1989.

ਭੋਗਲ, ਪਿਆਰ ਸਿੰਘ, *ਸਿਧ ਗੋਸ਼ਟਿ ਦਾ ਸਾਹਿਤਕ ਅਧਿਅਨ*, ਹਿਰਦੇਜੀਤ ਪ੍ਰਕਾਸ਼ਨ, ਜਲੰਧਰ, 1975.

ਮਨਜੀਤ ਸਿੰਘ, *ਜਨਮਸਾਖੀ ਮਿਥ ਵਿਗਿਆਨ*, ਪ੍ਰਿੰਸ ਸਾਹਿਤ ਪ੍ਰਕਾਸ਼ਨ, ਨਵੀਂ ਦਿੱਲੀ, 1982.

ਮਨਮੋਹਨ ਸਿੰਘ, (ਡਾ.), *ਗੁਰਮਤਿ ਕਾਵਿ ਦੀ ਵਿਸ਼ੇਸ਼ਤਾ*, ਮਨਦੀਪ ਪ੍ਰਕਾਸ਼ਨ, ਨਵੀਂ ਦਿੱਲੀ, 1981.

---------, *ਗੁਰਮਤਿ ਕਾਵਿ ਅਤੇ ਭਗਤੀ ਧਾਰਾ*, ਮਨਦੀਪ ਪ੍ਰਕਾਸ਼ਨ, ਨਵੀਂ ਦਿੱਲੀ, 1981.

ਮਲਕੀਅਤ ਸਿੰਘ, *ਮੱਧਕਾਲ ਦੀ ਪੰਜਾਬੀ ਵਾਰਤਕ ਸਰੂਪ ਵਿਕਾਸ ਤੇ ਭਾਸ਼ਾ,* ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2004.

ਮਨੀ ਸਿੰਘ (ਭਾਈ), *ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ,* ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ

ਮੈਕਾਲਿਫ, ਮੈਕਸ ਆਰਥਰ, *ਸਿਖ ਇਤਿਹਾਸ,* ਲਾਹੌਰ ਬੁੱਕ ਸ਼ਾਪ, ਲੁਧਿਆਣਾ, 2005.

ਰਤਨ, ਮੋਹਨ ਸਿੰਘ (ਪ੍ਰੋ.), *ਸਿੱਧ ਗੋਸ਼ਟਿ ਇਕ ਸਰਬ ਪੱਖੀ ਅਧਿਐਨ,* ਲਾਹੌਰ ਬੁੱਕ ਸ਼ਾਪ, ਲੁਧਿਆਣਾ, 1970.

ਰਾਏ, ਜਸਬੀਰ ਸਿੰਘ, *ਗੁਰੂ ਨਾਨਕ ਬਾਣੀ ਤੇ ਵਿਚਾਰਧਾਰਾ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1999.

ਲਾਂਬਾ, ਗੋਬਿੰਦ ਸਿੰਘ (ਡਾ.) — ***ਮਸਲੇ ਸ਼ੇਖ ਫਰੀਦ (ਇਕ ਆਲੋਚਨਾਤਮਕ ਵਿਵੇਚਨ),*** ਲਾਹੌਰ ਬੁੱਕ ਸ਼ਾਪ, ਘੰਟਾ ਘਰ, ਲੁਧਿਆਣਾ, ਮਿਤੀਹੀਣ.

ਵਜ਼ੀਰ ਸਿੰਘ, — ***ਨਾਨਕ ਬਾਣੀ ਚਿੰਤਨ***, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1969.

--------, — ***ਗੁਰੂ ਨਾਨਕ ਸਿਧਾਂਤ,*** ਪੰਜਾਬੀ ਸਾਹਿਤ ਅਕਾਡਮੀ, ਪੰਜਾਬੀ ਭਵਨ, ਲੁਧਿਆਣਾ, 1969.

ਵਣਜਾਰਾ ਬੇਦੀ, ਸੋਹਿੰਦਰ ਸਿੰਘ (ਡਾ.), — ***ਮੱਧਕਾਲੀ ਕਥਾ ਰੂਪ ਤੇ ਪਰੰਪਰਾ,*** ਪੰਰਪਰਾ ਪ੍ਰਕਾਸ਼ਨ, ਨਵੀਂ ਦਿੱਲੀ, 1977.

ਵੀਰ ਸਿੰਘ, ਭਾਈ (ਸੰਪਾ.), — ***ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ,*** ਖਾਲਸਾ ਸਮਾਚਾਰ, ਅੰਮ੍ਰਿਤਸਰ, 1971.

ਸ਼ਸ਼ੀ ਬਾਲਾ (ਡਾ.) (ਸੰਪਾ.), — ***ਸਿੱਧ ਗੋਸਟਿ ਬਹੁਪੱਖੀ ਅਧਿਐਨ***, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, 2006

ਸ਼ੇਰ ਸਿੰਘ (ਪ੍ਰੋ.), — ***ਗੁਰਮਤਿ ਦਰਸ਼ਨ,*** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 1989


**ਹਿੰਦੀ ਪੁਸਤਕਾਂ**


ਉਪਾਧਿਆਏ ਬਲਦੇਵ (ਡਾ.), — ***ਧਰਮ ਔਰ ਦਰਸ਼ਨ***, ਸ਼ਾਰਦਾ ਮੰਦਿਰ, ਵਾਰਾਨਾਸੀ, 1961

----------, — ***ਭਾਰਤੀਯ ਦਰਸ਼ਨ***, ਦਿੱਲੀ ਸ਼ਾਰਦਾ ਮੰਦਿਰ, 1966

ਉਮੇਸ਼ ਮਿਸ਼ਰ (ਡਾ.), — ***ਭਾਰਤੀ ਦਰਸ਼ਨ***, ਲਖਨਊ, ਹਿੰਦੀ ਸੰਮਤੀ, 1958

ਸਹਿਗਲ ਮਨਮੋਹਨ (ਡਾ.), — ***ਸੰਤ ਕਾਵਯ ਕਾ ਦਾਰਸ਼ਨਿਕ ਵਿਸ਼ਲੇਸ਼ਣ,*** ਭਾਰਤੇਂਦੂ ਭਵਨ, ਚੰਡੀਗੜ੍ਹ, 1965

--------, — ***ਪੰਜਾਬ ਕਿ ਨਿਰਗੁਣ ਕਾਵਿ ਕਾ ਦਾਰਸ਼ਨਿਕ ਅਧਿਐਨ***, ਸੂਰਯਾ ਪ੍ਰਕਾਸ਼ਨ, ਦਿੱਲੀ, 1973

ਹਰਬੰਸ ਲਾਲ ਸ਼ਰਮਾ (ਡਾ.), — ***ਭਾਰਤੀਯ ਦਰਸ਼ਨ ਪੰਰਪਰਾ ਔਰ ਆਦਿ ਗ੍ਰੰਥ,*** ਨੈਸ਼ਨਲ ਪਬਲੀਸ਼ਿੰਗ ਹਾਊਸ, ਦਿੱਲੀ, 1972

ਜੱਗੀ, ਰਤਨ ਸਿੰਘ (ਡਾ.), ***ਗੁਰੂ ਨਾਨਕ ਕ੍ਰਿਤੱਤਵ, ਵਿਅਕਤੀਤਵ ਔਰ ਚਿੰਤਨ***, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1975

ਰਾਧਾ ਕ੍ਰਿਸ਼ਨਣ (ਡਾ.), ***ਭਾਰਤੀ ਦਰਸ਼ਨ*** (ਹਿੰਦੀ ਅਨੁਵਾਦ), ਰਾਜਪਾਲ ਐਂਡ ਸੰਨਜ਼, ਦਿੱਲੀ

--------, ***ਉਪਨਿਸ਼ਦੋਂ ਕੀ ਭੂਮਿਕਾ***, ਰਾਜਪਾਲ ਐਂਡ ਸੰਨਜ਼, ਕਸ਼ਮੀਰੀ ਗੇਟ, ਦਿੱਲੀ, 1968

**English Books**

Aurobindu Ghose, ***The life Divine***, Calutta Arya Publishing Co. 1939

Dass, Gupta, S. N, ***A History of Indian Philosophy***, Cambridge, London,1922

Duncan Greenless, ***The Gospal of Islam***, ***The Theorophical society***, Madras,1968

Earnest Trump, ***The Adi granth***, Munshi Ram Manohar Lal, New Delhi,1970.

Irving, T.B. et al, ***The Quran :Basic Teachings;*** Markazi Maktaba Islami,Delhi, 1992

Jagjit singh,(Dr.), ***A Critical and Comparative study of janam sakhis of guru Nanak***, The Middle of Eighteenth Century, Panjab University, Chandigarh, 1968.

Jenny Teichmann and Kaheriane, ***Evans Philosy a Beginers Guide,*** Black Well Publishing,1999

Khazan Singh (Dr.), ***Philosophy of Sikh Religion***, Department of Languages, Punjab, Patiala, 1970

Khushwant Singh, ***A History of the Sikhs,*** 2 Vols, Princeton,1963& 1966.

Kohli, S. S. (Dr.), ***A Critical Study of Adi Granth***, Punjabi Writers Co., Delhi, 1961

Krishanan, Radha, *Indian Philosophy*,vol.1, London, Macmillon co. George Allen & Unwin Ltd. 1929

Macauliffe, M.A., *The Sikh Religion*, Vol.1,4, S.Chand & Co. Delhi,1966.

Mcleod, W.H., *Guru Nanak and the Sikh Religion*, Oxford, London,1968.

_________, *The Evolution of the Khalsa*, Oxford, London, 1975.

_________, *Early sikh Tradition*, Oxford, London,1980.

Mohan Singh Diwana, *A History of Panjabi Literature,* Kasturi Lal & sons, 1956

Piar Singh (Dr.), *A Critical Survey of Panjabi Prose in the Seventeenth Century*, Panjab University, Chandigarh, 1968.

Sartre Jean Paul, *What is Literature,* Mathuen and co.Ltd., London,1952

Sharma, Chandradhar (Dr.), *A Critical Survey of Indian Philosophy,* Moti Lal Banarsi Dass, Delhi, 1964

Sher Singh (Dr.), *Philosophy of Sikhism,* Sikh University, Lahore, 1944

Walter Truett Anderson (Eds.), *The Fontana Postmdoernism Reader, Fontana Press*,An Inprint of Harper Collins Publishers,77-85 Tulham Palace road, Hammersmith, London,1996

Wazir Singh (Dr.), *Aspect of Guru Nanak Philosophy*, Lahore Book Shop, Ludhiana, 1969

## ਪੰਜਾਬੀ ਕੋਸ਼/ਮੈਗਜ਼ੀਨ/ਪਤ੍ਰਕਾਵਾਂ


**ਉਰਦੂ ਦਾਇਰਾ-ਏ-ਮੁਆਰਿਫ਼-ਏ- ਇਸਲਾਮੀਆ** (ਮੁੱਖ ਸੰਪਾ ਡਾ. ਸਈਅਦ ਮਹੁੰਮਦ ਅਬਦੁੱਲਾ) ਪੰਜਾਬ ਯੂਨੀਵਰਸਿਟੀ ਲਾਹੌਰ, 1980.

**ਇਨਸਾਈਕਲੋਪੀਡੀਆ ਆਫ਼ ਇਸਲਾਮ** (ਸੰਪਾ. ਮੁਹੰਮਦ ਯਾਮੀਨ ਕੁਰੈਸ਼ੀ) ਤਾਜ ਕੰਪਨੀ ਦੇਹਲੀ, 1988

**ਖੋਜ ਦਰਪਣ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਜੁਲਾਈ 1976

**ਖੋਜ ਪਤ੍ਰਿਕਾ**, ਗੁਰੂ ਨਾਨਕ ਦੇਵ ਵਿਸ਼ੇਸ਼ ਅੰਕ, ਨਵੰਬਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969

**ਖੋਜ ਪਤ੍ਰਿਕਾ**, ਜੱਗੀ, ਡਾ. ਰਤਨ ਸਿੰਘ (ਮੁੱਖ ਸੰਪਾ.) ਭਾਈ ਜੋਧ ਸਿੰਘ ਸਮ੍ਰਿਤੀ ਅੰਕ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਸਤੰਬਰ 1982

**ਖੋਜ ਪਤ੍ਰਿਕਾ**, ਜੱਗੀ, ਡਾ. ਰਤਨ ਸਿੰਘ (ਮੁੱਖ ਸੰਪਾ.) ਗੁਰਮਤਿ ਕਾਵਿ ਅੰਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਅੰਕ 26 ਸਤੰਬਰ 1985

**ਗੁਰਮਤਿ ਪ੍ਰਭਾਕਰ**, ਕਾਨ੍ਹ ਸਿੰਘ ਨਾਭਾ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1988

**ਗੁਰੂ ਨਾਨਕ ਬਾਣੀ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਗ ਪਹਿਲਾਂ ਤੇ ਦੂਜਾ, 1969.

**ਗੋਰਖਬਾਣੀ**, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1963

**ਪੰਜਾਬੀ ਸੂਫੀ- ਸਾਹਿਤ ਸੰਦਰਭ ਗ੍ਰੰਥ**, ਡਾ. ਗੁਰਦੇਵ ਸਿੰਘ (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989.


**ਪੰਜਾਬੀ ਦੁਨੀਆਂ**, ਵਾਰਤਕ ਅੰਕ ਭਾਗ ਪਹਿਲਾਂ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਮਈ-ਜੂਨ, 1985

**ਪੰਜਾਬੀ ਦੁਨੀਆਂ**, ਗੁਰੂ ਨਾਨਕ ਅੰਕ, ਭਾਗ ਪਹਿਲਾਂ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਮਿਤੀਹੀਣ.

**ਪੰਜਾਬੀ ਦੁਨੀਆਂ**, ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ੇਸ਼ ਅੰਕ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਫਰਵਰੀ-ਮਾਰਚ, 1988

**ਨਾਨਕ ਪ੍ਰਕਾਸ਼ ਪਤ੍ਰਿਕਾ**, ਡਾ. ਤਾਰਨ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਜੂਨ 1978.

**ਮਹਾਨ ਕੋਸ਼**, ਕਾਨ੍ਹ ਸਿੰਘ ਨਾਭਾ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1984


ISSN : 2320-0413
ਜੁਲਾਈ-ਦਸੰਬਰ 2013
ਜ਼ਿੰਦਗੀ ਜਾਵੇ ਦੌੜ
ਮੌਤ ਉਥੋਂ ਡੇਰਾ ਮੱਲਦੀ ਏ
ਰੁੱਖ ਦੀ ਜੜ੍ਹ 'ਤੇ ਜਿੱਥੇ ਵੀ
ਕੁਲਹਾੜੀ ਚੱਲਦੀ ਏ
ਮੁੱਲ - 25/-

ਤ੍ਰੈ ਮਾਸਿਕ

ਸਲਾਨਾ ਚੰਦਾ - 100 ਰੁ.

# ਅਲਖ

ISSN : 2320-0413

ਅੰਕ- 26-27, ਜੁਲਾਈ-ਦਸੰਬਰ 2013

ਮੁੱਲ - 25 ਰੁ.

**ਸਰਪ੍ਰਸਤ**
ਇੰਜ. ਸੀਤਲ ਸਿੰਘ ਸੰਘਾ, ਜਰਨੈਲ ਸਿੰਘ ਨਿੱਝਰ,
ਡਾ. ਆਰ. ਐੱਸ. ਚੌਹਾਨ, ਧਰਮਪਾਲ ਉੱਗੀ (ਅਮਰੀਕਾ)
001-410-9825573, 410 2883152
ਜਸ ਫ਼ਿਜ਼ਾ (ਅਮਰੀਕਾ) 408-2607689, 6441268
ਮੱਖਣ ਮਾਨ (94172 07627)

**ਬਾਨੀ ਸੰਪਾਦਕ**
ਕਰਨੈਲ ਸਿੰਘ ਨਿੱਝਰ (ਮਰਹੂਮ)

**ਮੁੱਖ ਸੰਪਾਦਕ**
ਡਾ. ਰਾਮ ਮੂਰਤੀ (94174 49665)
email: rammurti21@rediffmail.com

**ਸੰਪਾਦਕ**
ਕਮਲਜੀਤ ਕੌਰ ਨਿੱਝਰ (98144 50103)
ਸੁਰਿੰਦਰ ਖੀਵਾ, ਡਾ. ਹਰਨੇਕ ਹੇਅਰ, ਰਣਵੀਰ ਬੱਲ
ਸੋਹਣ ਸਿੰਘ ਕਲਿਆਣ (98784 60536)

**ਸਲਾਹਕਾਰ ਬੋਰਡ**
ਮੋਤਾ ਸਿੰਘ ਸਰਾਏ, ਨਿਰਮਲ ਸਿੰਘ ਸੰਘਾ,
ਪ੍ਰਿ. ਕੁਲਵਿੰਦਰ ਸਿੰਘ ਸਰਾਏ, ਅਮਰਜੀਤ ਸੂਫ਼ੀ,
ਮਨੋਹਰ ਸਿੰਘ ਖਹਿਰਾ, ਅਮਰਜੀਤ ਸਿੰਘ ਨਿੱਝਰ

**ਸਾਡੇ ਪ੍ਰਤੀਨਿਧ**
ਮਨਜੀਤ ਕੌਰ (ਜਰਮਨ), ਕੁਲਤਾਰ ਸਿੰਘ ਨਿੱਝਰ
ਸੰਤੋਖ ਸਿੰਘ ਸੰਤੋਖ (ਯੂ. ਕੇ.), ਗੁਰਮੀਤ ਹਯਾਤਪੁਰੀ (ਅਮਰੀਕਾ)
ਨਰਿੰਦਰ ਫੁੱਲ, ਬੂਟਾ ਖਹਿਰਾ

**ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :**
ਕਮਲਜੀਤ ਕੌਰ ਨਿੱਝਰ (ਸੰਪਾਦਕ ਅਲਖ)
ਪਿੰਡ ਤੇ ਡਾਕਖਾਨਾ ਨਿੱਝਰਾਂ, ਜ਼ਿਲ੍ਹਾ ਜਲੰਧਰ -144623

---

ਨੋਟ- ਇਸ ਪਰਚੇ ਦੇ ਸਾਰੇ ਕਾਮੇ ਆਨਰੇਰੀ ਹਨ, ਸੰਪਾਦਕ ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ, ਰੀਵਿਊ ਲਈ ਦੋ ਪੁਸਤਕਾਂ ਭੇਜੀਆਂ ਜਾਣ, ਕਿਸੇ ਵੀ ਵਾਦ-ਵਿਵਾਦ ਹੋਣ ਦੀ ਸੂਰਤ ਵਿੱਚ ਮਾਮਲੇ ਕੇਵਲ ਜਲੰਧਰ ਦੀ ਅਦਾਲਤ ਵਿੱਚ ਹੀ ਨਿਪਟਾਏ ਜਾਣਗੇ, ਕਿਸੇ ਵੀ ਰਚਨਾ ਨੂੰ ਕੱਟ ਕੇ ਛਾਪਣ ਦਾ ਜਾਂ ਨਾ ਛਾਪਣ ਦਾ ਅਧਿਕਾਰ ਸੰਪਾਦਕ ਨੂੰ ਹੋਵੇਗਾ।

# ਗੋਸ਼ਟਿ ਪਰੰਪਰਾ ਅਤੇ ਇਸਲਾਮੀ ਦਾਰਸ਼ਨਿਕਤਾ



*ਪ੍ਰੋ. ਪ੍ਰਿਤਪਾਲ ਕੌਰ*

ਪੁਰਾਤਨ ਪੰਜਾਬੀ ਸਾਹਿਤ ਦੀ ਵੰਨਗੀ ‘ਗੋਸ਼ਟਿ’ ਦਾ ਸਾਹਿਤਕ ਵਿਧਾਵਾਂ ਦੇ ਇਤਿਹਾਸ ਵਿਚ ਇਕ ਮਹੱਤਵਪੂਰਣ ਸਥਾਨ ਹੈ। ਤਰਕਮਈ ਢੰਗ ਨਾਲ ਦਾਰਸ਼ਨਿਕ ਅਤੇ ਅਧਿਆਤਮਕ ਵਿਚਾਰਾਂ ਨੂੰ ਪੇਸ਼ ਕਰਨ ਲਈ ‘ਗੋਸ਼ਟਿ’ ਬਾਕੀ ਵਿਧਾਵਾਂ ਦੇ ਮੁਕਾਬਲੇ ਇੱਕ ਉਪਯੁਕਤ ਵਿਧਾ ਹੈ। ‘ਗੋਸ਼ਟਿ’ ਇੱਕ ਤਰ੍ਹਾਂ ਦੀ ਸੰਵਾਦੀ ਵਿਧਾ ਹੈ। ਗੋਸ਼ਟਿ ਸ਼ਬਦ ਦੇ ਅਰਥ ਬਹਿਸ, ਚਰਚਾ ਸੰਵਾਦ ਜਾਂ ਵਾਰਤਾਲਾਪ ਆਦਿ ਹੁੰਦੇ ਹਨ। ਨਾਟਕੀ ਦ੍ਰਿਸ਼ਟੀ ਤੋਂ ਇਨ੍ਹਾਂ ਵਿਚਲੇ ਸੰਵਾਦਾਂ ਰਾਹੀ, ਬੋਲਣ ਵਾਲੇ ਦੇ ਵਿਅਕਤੀਤਵ ਦਾ ਪਰਿਚਯ ਮਿਲਦਾ ਹੈ ਅਤੇ ਮਨੋਵਿਗਆਨਿਕ ਢੰਗ ਨਾਲ ਪ੍ਰਸਤੁਤ ਕੀਤੇ ਗਏ ਇਹ ਸੰਵਾਦ ਧਾਰਮਿਕ ਹੁੰਦੇ ਹਨ। ਗੋਸ਼ਟਿ ਦਾ ਸ਼ਬਦੀ ਅਰਥ ਸਭਾ ਵਿਚਲੀ ਵਾਰਤਾਲਾਪ ਹੈ ਜੋ ਦੋ ਜਾਂ ਦੋ ਤੋਂ ਵੱਧ ਵਿਅਕਤੀਆਂ ਵਿਚਕਾਰ ਪ੍ਰਸ਼ਨ ਉੱਤਰ ਦੇ ਰੂਪ ਵਿੱਚ ਹੁੰਦੀ ਹੈ ਅਤੇ ਇਹ ਧਾਰਮਿਕ ਵਿਚਾਰਧਾਰਾ ਨਾਲ ਸਿੱਧੀ ਜੁੜੀ ਹੁੰਦੀ ਹੈ। ਗੋਸ਼ਟਿ ਵਿਚ ਦੋਵੇਂ ਧਿਰਾਂ ਬਹਿਸ ਵਿਚ ਬਰਾਬਰ ਦਾ ਹਿੱਸਾ ਨਹੀਂ ਲੈਂਦੀਆਂ, ਸਗੋ ਇਕ ਧਿਰ ਦੀ ਸ਼ਮੂਲੀਅਤ ਕੇਵਲ ਕੁੱਝ ਪ੍ਰਸ਼ਨ ਪੁੱਛਣ ਤੱਕ ਹੀ ਮਹਿਦੂਦ ਰਹਿੰਦੀ ਹੈ ਤੇ ਦੂਜੀ ਧਿਰ ਜੋ ਆਮ ਕਰਕੇ ਇੱਕ ਮਹਾਂ ਪੁਰਸ਼ ਦੀ ਹੁੰਦੀ ਹੈ, ਉਹ ਇਨ੍ਹਾਂ ਉਠਾਏ ਗਏ ਸ਼ੰਕਿਆਂ ਦੀ ਨਵਿਰਤੀ ਕਰਨ ਲਈ ਆਪਣੇ ਵਿਚਾਰ ਵਿਸਥਾਰ ਵਿਚ ਪੇਸ਼ ਕਰ ਦਿੰਦੀ ਹੈ ।

ਡਾ. ਰਤਨ ਸਿੰਘ ਜੱਗੀ ਅਨੁਸਾਰ “ਗੋਸ਼ਟਿ ਸ਼ਬਦ ਦਾ ਮੂਲ ਧਾਤੂ ਸੰਸਕ੍ਰਿਤ ਦਾ ਸ਼ਬਦ ‘ਗੋਸ਼ਠ’ ਤੋਂ ਹੈ, ਜਿਸ ਦਾ ਅਰਥ “ਇਕਠਾ ਕਰਨਾ ਹੈ”[1]

ਗੋਸ਼ਟਿ ਦਾ ਮਾਧਿਅਮ ਵਾਰਤਕ ਅਤੇ ਕਵਿਤਾ ਦੋਵੇ ਹੀ ਹੋ ਸਕਦੇ ਹਨ। ਪਰੰਤੂ ਕਵਿਤਾ ਵਿੱਚ ਗੋਸ਼ਟਿ ਦਾ ਪ੍ਰਭਾਵ ਵਧੇਰੇ ਪੈਂਦਾ ਹੈ । ਸਾਧਾਰਣ ਬਾਤ ਚੀਤ ਨੂੰ ਗੋਸ਼ਟਿ ਨਹੀਂ ਕਿਹਾ ਜਾ ਸਕਦਾ, ਕਿਉਂਕਿ ਗੋਸ਼ਟਿ ਵਿਚਲਾ ਪ੍ਰਵਚਨ ਤਾਂ ਕਿਸੇ ਵੱਡੇ ਜਾਂ ਮਹਾਨ ਪ੍ਰਮਾਰਥ ਨੂੰ ਦ੍ਰਿਸ਼ਟੀਗੋਚਰ ਕਰਵਾਉਂਦਾ ਹੈ।

ਅੰਗਰੇਜ਼ੀ ਵਿੱਚ ਸਾਧਾਰਣ ਗੱਲਬਾਤ ਲਈ conversation, ਗੋਸ਼ਟਿ ਲਈ Discussion ਜਾਂ Debate ਸ਼ਬਦ ਵਰਤੇ ਜਾ ਸਕਦੇ ਹਨ। ਗੋਸ਼ਟਿ ਦਾ ਉਦੇਸ਼ ਰਹੱਸਮਈ ਅਤੇ ਦਾਰਸ਼ਨਿਕ ਵਿਚਾਰਾਂ ਨੂੰ ਤਰਕ ਅਤੇ ਦਲੀਲ ਦੀ ਕਸੱਵਟੀ ਉਪਰ ਵਿਚਾਰਨਾ ਅਤੇ ਜੀਵਨ ਦੇ ਅਸਲ ਮਰਮ ਨੂੰ ਸਮਝਣਾ ਹੁੰਦਾ ਹੈ। ਡਾ. ਗੋਬਿੰਦ ਨਾਥ ਰਾਜ ਗੁਰੂ ਨੇ ਆਪਣੀ ਪੁਸਤਕ ‘ਗੋਸ਼ਟਿ ਗੁਰੂ ਮਿਹਰਵਾਨ’ ਵਿੱਚ ਪੁਰਾਣੇ ਗ੍ਰੰਥਾਂ ਦੇ ਹਵਾਲੇ ਦੇ ਕੇ

ਗੋਸ਼ਟਿ ਸ਼ਬਦ ਦੇ ਨਿਕਾਸ ਸੰਬੰਧੀ ਹੇਠ ਲਿਖਿਆ ਵਿਚਾਰ ਪੇਸ਼ ਕੀਤਾ ਹੈ :

'ਗੋਸ਼ਠ' ਪ੍ਰਾਕ੍ਰਿਤ 'ਗੋਠੇ' "ਮੁੱਢ ਵਿਚ ਗਊਆਂ ਬੰਨਣ ਦੇ ਵਾੜੇ ਨੂੰ ਕਹਿੰਦੇ ਸਨ, ਪਿੰਡਾ ਵਿਚ ਅੱਜ ਵੀ ਪਸ਼ੂਆਂ ਨੂੰ ਬੰਨਣ ਦੇ ਵਾੜੇ ਘਰਾਂ ਤੋਂ ਵੱਖਰੇ ਹਨ। ਸਮਾਂ ਪਾ ਕੇ ਇਹ ਵਾੜੇ ਨਵੇਕਲੇ ਮਿਲ ਬੈਠਣ, ਪ੍ਰੇਮ ਪਿਆਰ ਦੀਆਂ ਗੱਲਾਂ ਕਰਨ, ਚਰਚਾ ਕਰਨ ਅਤੇ ਸਹਿਜੇ- ਸਹਿਜੇ ਸਧਾਰਣ ਬੈਠਕ ਦਾ ਟਿਕਾਣਾ ਬਣਦੇ ਗਏ"[2]।

ਡਾ. ਦੀਵਾਨ ਸਿੰਘ ਗੋਸ਼ਟਿ ਨੂੰ 'ਸੰਵਾਦ, ਮੰਨਦੇ ਹੋਏ ਆਖਦੇ ਹਨ, "ਇਸ ਸ਼ਬਦ ਵਿੱਚੋ ਕਿਸੇ ਅਧਿਆਤਮਕ ਰਮਜ਼ ਜਾਂ ਪਰਮਾਰਥ ਦਾ ਆਸ਼ਾ ਪੂਰੇ ਨਾਟਕੀ ਜ਼ੋਰ ਨਾਲ ਉਘੜਦਾ ਹੈ"[3]। ਡਾ. ਮੋਹਨ ਸਿੰਘ ਦੀਵਾਨਾ ਅਨੁਸਾਰ, 'ਗੋਸ਼ਟਾਂ ਕਲਪਿਤ ਤੇ ਮਨੋਵਿਗਿਆਨਕ ਸੰਵਾਦਾਂ ਦਾ ਵਿਸਥਾਰ ਹਨ ਜੋ ਸੰਤਾਂ, ਮਹਾਂਪੁਰਖਾ ਅਤੇ ਉਨ੍ਹਾਂ ਦੇ ਅਨੁਯਾਈਆਂ ਜਾਂ ਉਨ੍ਹਾਂ ਦੇ ਵਿਰੋਧੀਆਂ ਵਿਚਕਾਰ ਹੋਈਆ ਜੋ ਪੁਰਾਤਨ ਹੋਣ ਕਰਕੇ ਸੰਦੇਹਜਨਕ ਵੀ ਹਨ'[4]।

ਗੋਸ਼ਟਿ ਵਿੱਚ ਭਾਗ ਲੈਣ ਵਾਲੀਆਂ ਧਿਰਾਂ ਦੀ ਸਥਿਤੀ ਨਾਟਕੀ ਪਾਤਰਾਂ ਵਾਲੀ ਹੁੰਦੀ ਹੈ। ਇਹਨਾਂ ਪਾਤਰਾਂ ਵਿਚ ਇੱਕ ਨਾਇਕ ਜਾਂ ਮੁਖ ਪਾਤਰ, ਗੁਰੂ ਜਾਂ ਸਾਧ -ਸੰਤ ਵਿਅਕਤੀ ਹੁੰਦਾ ਹੈ ਜਿਸ ਦੇ ਵਿਚਾਰਾਂ ਦੀ ਜਿੱਤ ਕਰਵਾਉਣੀ ਗੋਸ਼ਟਿ-ਲੇਖਕ ਦਾ ਮੁੱਖ ਮੰਤਵ ਹੁੰਦਾ ਹੈ। ਦੂਸਰੇ ਪਾਤਰ ਸਾਧਾਰਣ ਲੋਕ, ਜਗਿਆਸੂ ਜਾਂ ਸ਼ਿਸ਼ ਹੁੰਦੇ ਹਨ ਜਿਹਨਾਂ ਦੇ ਸ਼ੰਕਿਆਂ ਦੀ ਨਵਿਰਤੀ ਗੁਰੂ ਜਾਂ ਮੁੱਖ ਪਾਤਰ ਨੇ ਕਰਨੀ ਹੁੰਦੀ ਹੈ। ਅਜਿਹੀਆਂ ਗੋਸ਼ਟਾਂ ਵਿੱਚ ਵਿਚਾਰਾਂ ਦਾ ਟਕਰਾ ਹੁੰਦਾ ਹੈ ਪਰੰਤੂ ਅੰਤ ਵਿਚ ਵਿਸ਼ੇ ਦਾ ਸਪਸ਼ਟੀਕਰਣ ਹੋਣਾ ਜਰੂਰੀ ਹੁੰਦਾ ਹੈ। ਪੰਜਾਬੀ ਸਾਹਿਤ ਵਿੱਚ ਗੁਰੂ ਨਾਨਕ ਅਤੇ ਹੋਰ ਬਹੁਤ ਸਾਰੇ ਮਹਾਂਪੁਰਸ਼ਾਂ ਜਾਂ ਭਗਤਾਂ ਦੀਆਂ ਗੋਸ਼ਟਾਂ ਉਪਰੋਕਤ ਵਿਚਾਰਾਂ ਵਜੋਂ ਚੰਗੀਆਂ ਉਦਾਹਰਣਾ ਹਨ। ਇਹਨਾਂ ਗੋਸ਼ਟਾਂ ਵਿਚ ਸੰਬੰਧਿਤ ਧਿਰਾਂ ਵਿਚਕਾਰ ਗੂੜ੍ਹ ਦਾਰਸ਼ਨਿਕ ਵਾਦ-ਵਿਵਾਦ ਚਲਦਾ ਹੈ ਅਤੇ ਵਿਚਾਰਾਂ ਦੇ ਪਰਸਪਰ ਟਕਰਾ ਵਿਚੋਂ ਵਿਰੋਧੀ ਸੁਰ ਉੱਚੀ ਉੱਠਦੀ ਹੋਈ ਅਖ਼ੀਰ ਵਿੱਚ ਜਿੱਤ ਪ੍ਰਾਪਤ ਕਰਦੀ ਹੈ। ਫਲਸਰੂਪ ਇਨ੍ਹਾਂ ਗੋਸ਼ਟਾਂ ਵਿੱਚ ਨਾਟਕੀਅਤਾ, ਤਿੱਖਾਪਨ, ਨੋਕ-ਝੋਕ, ਟੁੰਬਵਾਂ ਅਤੇ ਕਾਟਵਾਂ ਵਿਚਾਰ ਵਟਾਂਦਰਾ ਚਲਦਾ ਹੈ।

ਵਾਦ-ਵਿਵਾਦ ਵਿਚ ਭਾਗ ਲੈਣ ਵਾਲੇ ਵਿਅਕਤੀ ਜ਼ਰੂਰੀ ਨਹੀਂ ਕਿ ਇਤਹਾਸਿਕ ਹੀ ਹੋਣ, ਸਗੋ ਇਹ ਧਿਰਾਂ ਮਿਥਿਹਾਸਕ ਵੀ ਹੋ ਸਕਦੀਆਂ ਹਨ। ਇਸ ਗੱਲ ਦੀ ਉੱਤਮ ਉਦਾਹਰਣ ਗੁਰੂ ਨਾਨਕ ਦੀ ਨਿਰੰਕਾਰ ਅਤੇ ਕਲਯੁਗ ਨਾਲ ਗੋਸ਼ਟਾਂ ਦੀ ਦਿੱਤੀ ਜਾ ਸਕਦੀ ਹੈ।

ਗੋਸ਼ਟਿ ਲਿਖਣ ਦੀ ਪਰੰਪਰਾਂ ਬਹੁਤ ਪੁਰਾਤਨ ਹੈ ਜਿਸ ਵਿੱਚ ਸੰਵਾਦ ਰੂਪ ਨੂੰ ਪ੍ਰਸ਼ਨ-ਉੱਤਰ ਦੀ ਸ਼ੈਲੀ ਵਿੱਚ ਪ੍ਰਸਤੁਤ ਕੀਤਾ ਜਾਂਦਾ ਹੈ ਇਨ੍ਹਾਂ ਵਿਚਲੇ ਪ੍ਰਸ਼ਨ ਅਤੇ ਮਹਾਂ-ਪੁਰਸ਼ਾ ਵਲੋਂ ਸੁਝਾਏ ਹੋਏ ਉੱਤਰ ਜਨ-ਸਧਾਰਣ ਲੋਕਾਂ ਨੂੰ ਸਹਿਜੇ ਹੀ ਸਮਝ ਆ

ਜਾਇਆ ਕਰਦੇ ਸਨ ਅਤੇ ਇਨ੍ਹਾਂ ਦੀ ਸੁਰ ਸੰਵਾਦੀ ਹੋਣ ਕਰਕੇ, ਉਨਾਂ ਦੀ ਸਮਿਰਤੀ (ਯਾਦ) ਦਾ ਹਿੱਸਾ ਵੀ ਹੋ ਜਾਇਆ ਕਰਦੇ ਸਨ।

ਗੋਸ਼ਟਿ ਦਾ ਆਰੰਭ ਸਾਧਾਰਨ ਗੱਲਬਾਤ ਜਾਂ ਸੰਵਾਦ ਤੋਂ ਮੰਨਿਆਂ ਜਾ ਸਕਦਾ ਹੈ, ਸ਼ੁਰੂ ਤੋਂ ਹੀ ਮਨੁੱਖ ਇਹ ਸੋਚਦਾ ਆਇਆ ਹੈ ਕਿ ਇਹ ਜੀਵਨ ਕੀ ਹੈ ? ਸੰਸਾਰ ਵਿੱਚ ਆਉਣ ਦਾ ਉਦੇਸ਼ ਕੀ ਹੈ ? ਆਤਮਾ ਕੀ ਹੈ ? ਪ੍ਰਮਾਤਮਾ ਕੀ ਹੈ ਜਾਂ ਜੀਵ ਆਤਮਾ ਅਤੇ ਪ੍ਰਮਾਤਮਾ ਦਾ ਕੀ ਸੰਬੰਧ ਹੈ, ਆਦਿ ਕੁਝ ਅਜਿਹੇ ਪ੍ਰਸ਼ਨ ਹਨ ਜਿਹਨਾਂ ਬਾਰੇ ਮਨੁੱਖ ਆਦਿ ਕਾਲ ਤੋਂ ਸੋਚਦਾ ਰਿਹਾ ਹੈ। ਇੱਕ ਪਾਸੇ ਦਰਸ਼ਨ ਅਤੇ ਵਿਗਿਆਨ ਅਜਿਹੇ ਪ੍ਰਸ਼ਨਾਂ ਨੂੰ ਜਾਣਨ ਦਾ ਯਤਨ ਕਰਦਾ ਰਿਹਾ ਹੈ ਅਤੇ ਦੂਸਰੇ ਪਾਸੇ ਮਨੁੱਖ ਅਨੁਭਵੀ ਰੂਪ ਵਿੱਚ ਇਸ ਨੂੰ ਮਹਿਸੂਸ ਕਰਨ ਦਾ ਉਪਰਾਲਾ ਕਰਦਾ ਰਿਹਾ ਹੈ। ਦਰਸ਼ਨ ਸ਼ਾਸਤਰ ਵਿੱਚ ਤਰਕ ਰਾਹੀ ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਦੇਣ ਦਾ ਯਤਨ ਕੀਤਾ ਗਿਆ ਹੈ ਪਰੰਤੂ ਸੰਤ ਪੁਰਸ਼ਾ ਨੇ ਆਪਣੇ ਅਨੁਭਵੀ ਆਧਾਰ ਤੇ ਸਾਹਿਤ ਰਾਹੀ ਇਨ੍ਹਾਂ ਗੁੱਝੇ ਅਤੇ ਗੰਭੀਰ ਪ੍ਰਸ਼ਨਾਂ ਨੂੰ ਸੁਲਝਾਉਣ ਦਾ ਯਤਨ ਕੀਤਾ ਹੈ। ਸੰਸਾਰ ਭਰ ਦੇ ਸਾਹਿਤ ਦਾ ਪ੍ਰਾਰੰਭ ਅਜਿਹੀ ਵਿਚਾਰ-ਪ੍ਰਧਾਨ ਪੁਸਤਕਾਂ ਤੋਂ ਹੋਇਆ ਮੰਨਿਆਂ ਜਾ ਸਕਦਾ ਹੈ। ਇਨ੍ਹਾਂ ਪੁਸਤਕਾਂ ਵਿੱਚ ਜਨ ਸਾਧਾਰਨ ਦੇ ਸ਼ੰਕਿਆਂ ਦੀ ਨਵਿਰਤੀ ਕੀਤੀ ਜਾਂਦੀ ਸੀ ਸੁਆਲ, ਜੁਆਬ ਦੇ ਰੂਪ ਵਿੱਚ ਵਿਰੋਧੀ ਮਤ ਦੇ ਨੁਕਤੇ ਨੂੰ ਵਿਚਾਰਿਆ ਜਾਂਦਾ ਸੀ। ਸਿਧਾਂਤ-ਵਿਵੇਚਨ ਅਤੇ ਸ਼ਿਸ਼ ਸਮਝਾਉਣੀ ਦਾ ਇਹ ਉਤਮ ਢੰਗ ਪੁਰਾਤਨ ਸਾਹਿਤ ਵਿਚ ਆਮ ਵਰਤਿਆ ਗਿਆ ਹੈ। ਇਸੇ ਕਰਕੇ ਗੋਸ਼ਟਾਂ ਦੀ ਪਰੰਪਰਾ ਪ੍ਰਾਚੀਨ ਮੰਨੀ ਗਈ ਹੈ।

ਗੁਰੂ ਨਾਨਕ ਦੇਵ ਜੀ ਨੇ ਸੰਸਾਰਿਕ ਭ੍ਰਮਣ ਸਮੇਂ ਬਹੁਤ ਸਾਰੇ ਮੁੱਲਾਂ ਮੁਲਾਣਿਆਂ, ਸਿੱਧਾਂ, ਜੋਗੀਆ, ਨਾਥਾਂ, ਹਾਜੀਆਂ ਨਾਲ ਸੰਵਾਦ ਰਚਾ ਕੇ ਉਨ੍ਹਾਂ ਨੂੰ ਸੰਸਾਰਕ ਹਕੀਕਤ ਤੋਂ ਜਾਣੂ ਕਰਵਾਇਆ। ਇੱਥੇ ਅਸੀਂ ਕੇਵਲ ਇਸਲਾਮੀ ਦਾਰਸ਼ਨਿਕਤਾ ਅਤੇ ਉਨ੍ਹਾਂ ਦੀ ਗੁਰੂ ਸਾਹਿਬ ਨਾਲ ਹੋਈ ਵਿਚਾਰ-ਚਰਚਾ ਤੇ ਹੀ ਧਿਆਨ ਕੇਂਦਰਿਤ ਕਰਾਂਗੇ।

ਇਸਲਾਮ ਅਰਬੀ ਭਾਸ਼ਾ ਦਾ ਸ਼ਬਦ ਹੈ। "ਸਲਮ ਤੋਂ ਵਿਉਂਤਪਤ ਇਸ ਸ਼ਬਦ ਦਾ ਅਰਥ ਹੈ ਸਿਰ ਝੁਕਾਉਣਾ, ਖੁਦਾ ਦੀ ਰਜ਼ਾ ਨੂੰ ਅੰਗੀਕਾਰ ਕਰਨਾ"[5]। ਉਰਦੂ ਦਾਇਰਾ-ਏ -ਮਆਰਿਫ-ਏ-ਇਸਲਾਮੀਆ ਅਨੁਸਾਰ ਇਸਲਾਮ ਦੇ ਕੋਸ਼ਗਤ ਅਰਥ "ਰੱਬ ਦੀ ਆਗਿਆਕਾਰੀ, ਉਸਦੀ ਰਜ਼ਾ ਵਿਚ ਰਾਜ਼ੀ ਰਹਿਣਾ, ਹੁਕਮ ਮੰਨਣਾ ਅਤੇ ਅਮਨ ਸ਼ਾਤੀ ਹਨ"[6]। ਇਨਸਾਈਕਲੋਪੀਡੀਆ ਆਫ ਇਸਲਾਮ ਅਨੁਸਾਰ "ਇਸਲਾਮ ਕੁਝ ਵਿਸ਼ਵਾਸਾਂ ਅਤੇ ਸਰੀਰਕ ਉਪਾਸਨਾਵਾਂ ਤੱਕ ਹੀ ਸੀਮਤ ਨਹੀਂ ਹੈ ਬਲਕਿ ਇੱਕ ਮੁਕੰਮਲ ਜੀਵਨ ਜਾਂਚ ਹੈ ਜੋ ਜੀਵਨ ਦੇ ਹਰ ਪੜਾਅ ਤੇ ਇਨਸਾਨ ਨੂੰ ਨੇਕੀ ਦਾ ਰਾਹ ਵਿਖਾਉਂਦਾ ਹੈ। ਇਸਲਾਮ ਰੱਬ ਦੁਆਰਾ ਨਿਰਧਾਰਿਤ ਮਨੁੱਖੀ ਜੀਵਨ-ਜਾਂਚ ਹੈ ਜੋ ਮਨੁੱਖ ਤੋਂ ਆਪਣੇ ਸਿਰਜਣਹਾਰ ਅੱਗੇ ਸੰਪੂਰਨ ਸਪੁਰਦਗੀ ਦੀ ਮੰਗ ਕਰਦਾ ਹੈ।[7]

ਗੁਰੂ ਨਾਨਕ ਦੇਵ ਜੀ ਦੇ ਸਮੇਂ ਲੋਧੀ ਪਠਾਣਾਂ ਦਾ ਰਾਜ ਕਾਇਮ ਹੋਣ ਕਰਕੇ ਸਮਾਜਿਕ ਵਾਤਾਵਰਣ ਵਿਚ ਇਸਲਾਮੀ ਵਿਚਾਰਧਾਰਾ ਉਤਪ੍ਰੋਤ ਸੀ ਇਸ ਤਰ੍ਹਾਂ ਗੁਰੂ ਸਾਹਿਬ ਦੇ ਸਮੇਂ ਤੋਂ ਪਹਿਲਾਂ ਹੀ ਇਸਲਾਮੀ ਰਾਜ ਕਾਇਮ ਸੀ। ਗੁਰੂ ਨਾਨਕ ਦੇਵ ਜੀ ਦਾ ਜਿੱਥੇ ਜਨਮ ਹੋਇਆ (ਰਾਇ ਭੋਇ ਦੀ ਤਲਵੰਡੀ ਜ਼ਿਲਾ ਸ਼ੇਖੂਪੁਰਾ) ਉਹ ਵੀ ਇਸਲਾਮੀ ਗੜ੍ਹ ਸੀ। ਆਪ ਨੇ ਸੁਲਤਾਨਪੁਰ ਲੋਧੀ ਜਿੱਥੇ ਨੌਕਰੀ ਕੀਤੀ ਉਹ ਵੀ ਇਸਲਾਮਿਕ ਵਿਚਾਰਧਾਰਾ ਨਾਲ ਉਤਪ੍ਰੋਤ ਇਲਾਕਾ ਸੀ ਤੇ ਆਪ ਨੇ ਚਾਰ ਉਦਾਸੀਆਂ ਦੌਰਾਨ ਵੀ ਇਸਲਾਮੀ ਦੇਸ਼ਾਂ ਦਾ ਦੌਰਾ ਕੀਤਾ। ਇਸ ਕਰਕੇ ਇਸਲਾਮੀ ਵਿਚਾਰਧਾਰਾ ਦਾ ਸੋਧਿਆ ਹੋਇਆ ਸਰੂਪ ਗੁਰਬਾਣੀ ਵਿੱਚ ਪ੍ਰਤਿਬਿੰਬਤ ਹੋਣਾ ਸੁਭਾਵਕ ਹੀ ਸੀ। ਗੁਰੂ ਸਾਹਿਬ ਨੇ ਮੁਸਲਿਮ ਸਰੋਤਿਆਂ ਨਾਲ ਸੰਵਾਦ ਰਚਾ ਕੇ ਉਨ੍ਹਾਂ ਨੂੰ ਆਪਣੀਆਂ ਪਰੰਪਰਾਵਾਂ ਰਾਹੀਂ ਸੰਬੋਧਨ ਕੀਤਾ।

ਗੁਰੂ ਨਾਨਕ ਦੇਵ ਜੀ ਨੇ ਲੌਕਾਈ ਉੱਤੇ ਵਰਤ ਰਹੇ ਵਰਤਾਰਿਆ ਨੂੰ ਦੇਖਦਿਆਂ ਕਾਜ਼ੀਆਂ, ਸ਼ੇਖਾਂ, ਮੁੱਲਾਂ, ਹਾਜੀਆਂ ਅਤੇ ਸਿੱਧਾਂ ਜੋਗੀਆਂ ਦੀ ਸ਼ਖਸ਼ੀਅਤ ਨੂੰ ਉਘਾੜਿਆਂ ਹੈ ਤੇ ਮੁਸਲਮਾਨਾਂ ਨੂੰ ਸੇਧ ਦਿੰਦਿਆਂ ਦੱਸਿਆਂ ਹੈ ਕਿ ਅਸਲ ਮੁਸਲਮਾਣ ਦਾ ਹੱਕਦਾਰ ਉਹ ਹੈ ਜੋ ਸ਼ੁਭ ਕਰਮ ਕਰੇ। ਰਸਮੀ ਕਲਮਾ ਪੜ੍ਹ ਕੇ ਆਪਣੇ ਆਪ ਨੂੰ ਮੁਸਲਮਾਨ ਸਮਝੀ ਜਾਣਾ ਭੁੱਲ ਹੈ। ਚੰਗੇ ਕਰਮ ਕਰਨ ਨੂੰ ਹੀ ਕਲਮਾ ਸਮਝਣਾ ਚਾਹੀਦਾ ਹੈ ਮਾੜੇ ਕਰਮ ਰੱਬ ਦੀ ਦਰਗਾਹ ਵਿਚ ਪਰਵਾਨ ਨਹੀਂ ਹੁੰਦੇ:

ਕਰਣੀ ਕਲਮਾ ਆਖਿ ਕੈ ਤਾਂ ਮੁਸਲਮਾਣੁ ਸਦਾਇ।
ਨਾਨਕ ਜੇਤੇ ਕੂੜਿਆਰ ਕੂੜੇ ਕੂੜੀ ਪਾਇ॥[8]

ਗੁਰੂ ਸਾਹਿਬ ਹਮੇਸ਼ਾ ਹੀ ਰਸਮੀ ਨਿਮਾਜ਼ਾ ਨਾਲੋਂ ਚੰਗੇ ਆਦਰਸ਼ਕ ਗੁਣਾਂ ਨੂੰ ਤਰਜੀਹ ਦਿੰਦੇ ਹਨ ਕਿ ਪਹਿਲੀ ਨਿਮਾਜ਼ ਸੱਚ ਦੀ ਹੋਣੀ ਚਾਹੀਦੀ ਹੈ ਤੇ ਦੂਸਰੀ ਨਿਮਾਜ਼ ਆਪਣਾ ਹੱਕ ਖਾਣ ਲਈ ਹੀ ਪ੍ਰਣ ਹੋਣਾ ਚਾਹੀਦਾ ਹੈ ਤੇ ਦੂਸਰੇ ਦਾ ਹੱਕ ਲੈਣ ਤੋਂ ਤੋਬਾ ਕਰਨੀ ਚਾਹੀਦੀ ਹੈ। ਤੀਸਰੀ ਤਰ੍ਹਾਂ ਦੀ ਨਿਮਾਜ਼ ਸਾਰਿਆਂ ਦਾ ਭਲਾ ਮੰਗਣ ਵਾਲੀ ਹੋਵੇ, ਚੌਥੀ ਤਰ੍ਹਾਂ ਦੀ ਨਿਮਾਜ਼ ਨੀਅਤ ਸਾਫ ਤੇ ਚੰਗੀ ਹੋਣੀ ਚਾਹੀਦੀ ਹੈ ਅਤੇ ਪੰਜਵੀ ਨਿਮਾਜ਼ ਪ੍ਰਮਾਤਮਾ ਦੇ ਗੁਣ ਗਾਉਣ ਭਾਵ ਸਿਫ਼ਤ ਸਲਾਹ ਦੀ ਹੋਣੀ ਚਾਹੀਦੀ ਹੈ। ਗੁਰੂ ਸਾਹਿਬ ਨੇ ਇਨ੍ਹਾਂ ਪੰਜਾਂ ਨਿਵਾਜ਼ਾ ਦਾ ਪ੍ਰਸੰਗ ਇਸ ਤਰ੍ਹਾਂ ਦਿੱਤਾ ਹੈ:

ਪੰਜ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ।
ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ।
ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ।[9]

ਗੁਰੂ ਸਾਹਿਬ ਦੇ ਸਮੇਂ ਇਸਲਾਮ ਧਰਮ ਵਿੱਚ ਬਹੁਤ ਸਾਰੇ ਚਿੰਨ੍ਹਾਂ ਤੇ ਭੇਖਾਂ ਉੱਤੇ ਜ਼ੋਰ ਦਿੱਤਾ ਜਾ ਰਿਹਾ ਸੀ। ਹਿੰਦੂਆਂ ਵਿੱਚ ਜਨੇਊ ਦੀ ਰਸਮ ਦਾ ਆਮ ਰਿਵਾਜ਼ ਸੀ ਤੇ ਇਸਲਾਮ ਧਰਮ ਵਿੱਚ ਸਤਵੇ ਸਾਲ ਦੀ ਉਮਰ ਵਿਚ ਸੁੰਨਤ ਕਰਨਾ ਜ਼ਰੂਰੀ ਧਾਰਮਿਕ

ਕਰਮ ਸੀ। ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਅਕੀਦਿਆ ਨੂੰ ਭੇਖਾਂ ਅਤੇ ਚਿੰਨ੍ਹਾਂ ਨੂੰ ਮੰਨਣ ਦੀ ਥਾਂ ਆਦਰਸ਼ਕ ਗੁਣਾਂ ਨੂੰ ਗ੍ਰਹਿਣ ਕਰਨ ਦਾ ਉਪਦੇਸ਼ ਦਿੱਤਾ ਅਤੇ 'ਕਾਜ਼ੀ ਨਾਲ ਗੋਸ਼ਟਿ' ਵਿੱਚ ਆਦਰਸ਼ਕ ਮੁਸਲਮਾਣ ਦੇ ਗੁਣ ਦੱਸਦਿਆਂ ਸਦਾਚਾਰਕ ਪੱਖਾਂ ਤੇ ਵੀ ਚਾਨਣਾ ਪਾਇਆ :

(1) ਮੁਸਲਮਾਣ ਕਹਾਵਣੁ ਮੁਸਕਲੁ, ਜਾ ਹੋਇ ਤਾ ਮੁਸਲਮਾਣੁ ਕਹਾਵੈ।
ਅਵਲਿ ਅਉਲਿ ਦੀਨ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ।
ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ।
ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ।
ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ।[10]

ਇਸਲਾਮੀ ਅਧਿਆਤਮਵਾਦ ਦੇ ਚਾਰ ਪੜਾਵਾਂ ਬਾਰੇ ਗੁਰੂ ਅਰਜਨ ਸਾਹਿਬ ਦਾ ਫੁਰਮਾਨ ਹੈ:

ਸਰਾ ਸਰੀਅਤਿ ਲੇ ਕੰਮਾਵਹੁ॥
ਤਰੀਕਤਿ ਤਰਕ ਖੋਜਿ ਟੋਲਾਵਹੁ॥
ਮਾਰਫਤਿ ਮਨੁ ਮਾਰਹੁ ਅਬਦਾਲਾ ਮਿਲਹੁ ਹਕੀਕਤਿ ਜਿਤੁ ਫਿਰਿ ਨ ਮਰਾ॥3॥[11]

ਇਸਲਾਮੀ ਦਾਰਸ਼ਨਿਕਤਾ ਅਨੁਸਾਰ 'ਈਮਾਨ' ਸ਼ਬਦ ਦਾ ਵੀ ਬਹੁਤ ਮੱਹਤਵ ਹੈ ਇਸ ਅਨੁਸਾਰ ਅੱਲਾਹ ਵਿਚ ਪੂਰਨ ਭਰੋਸਾ ਕਾਇਮ ਕੀਤਾ ਜਾਣਾ ਜ਼ਰੂਰੀ ਹੈ। ਗੁਰੂ ਨਾਨਕ ਦੇਵ ਜੀ ਨੇ ਅੱਲਾਹ 'ਤੇ ਪੂਰਨ ਭਰੋਸੇ ਲਈ ਅਤੇ ਨਾਮ ਦੇ ਜਪਣ ਲਈ ਮਨ ਦੀ ਪਵਿਤਰਤਾ ਨੂੰ ਬਹੁਤ ਜ਼ਰੂਰੀ ਮੰਨਿਆਂ ਹੈ। ਉਨ੍ਹਾਂ ਅਨੁਸਾਰ ਜੇਕਰ ਮਨ ਵਿੱਚ ਬੁਰੇ ਵਿਚਾਰ ਹੋਣ ਅਤੇ ਝੂਠੇ ਅਮਲਾਂ ਨਾਲ ਮਨ ਨੂੰ ਸ਼ੁਧ ਨਹੀਂ ਕੀਤਾ ਜਾ ਸਕਦਾ, ਇਸ ਤਰ੍ਹਾਂ ਦੀ ਨਿਮਾਜ਼ ਅੱਲਾਹ ਦੀ ਦਰਗਾਹ ਵਿਚ ਸਵੀਕਾਰ ਨਹੀਂ ਹੁੰਦੀ :

ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ।
ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ।[12]

ਮੁਸਲਮਾਨੀ ਪਰੰਪਰਾ ਵਿਚ ਮੁਸਲਮਾਨਾਂ ਦੇ ਪਵਿਤਰ ਅਸਥਾਨ ਮੱਕੇ ਵਿੱਚ ਸਥਿਤ ਕਾਅਬਾ ਦਾ ਹੱਜ ਕਰਨ ਦਾ ਵੀ ਆਦੇਸ਼ ਹੈ। ਮੁਸਲਮਾਨੀ ਯਾਤਰੀ ਕਾਅਬੇ ਦੀ ਪਰਕਰਮਾ ਵੀ ਕਰਦੇ ਹਨ ਅਤੇ ਉਥੇ ਰੱਖੇ ਗਏ ਕਾਲੇ ਪੱਥਰ ਨੂੰ ਚੁਮੰਦੇ ਵੀ ਹਨ ਇਸ ਪਿੱਛੇ ਇਹ ਧਾਰਨਾ ਮੰਨੀ ਗਈ ਹੈ ਕਿ ਅਜਿਹਾ ਕਰਨ ਨਾਲ ਸਾਰੇ ਪਾਪ ਦੂਰ ਹੋ ਜਾਂਦੇ ਹਨ। ਗੁਰਬਾਣੀ ਵਿਚ ਹਾਜੀ ਬਾਰੇ ਫੁਰਮਾਣ ਇਸ ਤਰ੍ਹਾਂ ਪ੍ਰਾਪਤ ਹੈ:

ਜੋ ਦਿਲੁ ਸੋਧੈ ਸੋਈ ਹਾਜੀ।[13]

ਇਸਲਾਮਿਕ ਪਰੰਪਰਾ ਵਿਚ ਕਾਜੀ ਨੂੰ ਨਿਆਂ ਕਰਨ ਵਾਲਾ ਜਿਸ ਦਾ ਆਚਰਣ ਸੱਚਾ ਤੇ ਸੁਚਾ ਹੁੰਦਾ ਹੈ, ਸਮਝਿਆ ਜਾਂਦਾ ਹੈ । ਗੁਰੂ ਸਾਹਿਬ ਨੇ ਇਸਲਾਮਿਕ ਦੌਰੇ ਸਮੇਂ

ਕਾਜ਼ੀਆਂ ਦੇ ਜਾਇਜ਼ ਅਤੇ ਨਜ਼ਾਇਜ਼ ਢੰਗਾਂ ਨੂੰ ਦੇਖਿਆ ਅਤੇ ਉਨ੍ਹਾਂ ਦੇ ਦੰਭ ਦਾ ਪਾਜ ਉਘਾੜਦਿਆਂ ਗੁਰੂ ਸਾਹਿਬ ਪ੍ਰਵਚਨ ਕਰਦੇ ਹਨ :

ਕਾਦੀ ਕੂੜ ਬੋਲਿ ਮਲੁ ਖਾਇ ।[14]

ਉਪਰੋਕਤ ਤੋਂ ਸਪਸ਼ਟ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਜਦੋਂ ਸਾਮੀ ਅਤੇ ਭਾਰਤੀ ਚਿੰਤਨ ਨਾਲ ਸੰਵਾਦ ਰਚਾਇਆ ਤਾਂ ਉਸ ਸੰਵਾਦ ਵਿਚੋਂ ਪਰੰਪਰਾ ਨੂੰ ਨਵੇ ਅਰਥ ਅਤੇ ਵਿਸਤਾਰ ਪ੍ਰਾਪਤ ਹੋਏ। ਇਹ ਵਿਚਾਰਧਾਰਕ ਚਿੰਤਨ ਹੀ ਗੁਰਮਤਿ ਦੀ ਮੂਲ ਸ਼ਕਤੀ ਬਣਿਆ। ਨਾਨਕ ਬਾਣੀ (ਭਾਵ ਸਮੱਚੀ ਬਾਣੀ) ਵਿੱਚ ਸੰਵਾਦ ਦਾ ਇਹ ਸੁਰ ਇਤਨਾ ਵਿਆਪਕ ਹੈ ਕਿ ਪਾਠਕ ਨੂੰ ਇਹ ਆਭਾਸ ਹੋਣ ਲੱਗਦਾ ਹੈ ਕਿ ਬਾਣੀ ਦੀ ਮੂਲ ਜੁਗਤ ਹੀ ਸੰਵਾਦ ਭਾਵਨਾ ਹੈ। ਬਾਣੀ ਵਿਚਲਾ ਇਹ ਸੰਵਾਦ ਭਾਰਤੀ, ਬ੍ਰਾਹਮਣ, ਪਾਂਧਾ, ਪਾਂਡਾ, ਸਿੱਧ, ਨਾਥ, ਜੋਗੀ, ਜੈਨੀ, ਬੋਧੀ ਅਤੇ ਸਾਮੀ ਜਗਤ ਦੇ ਮੁਲਾਂ, ਕਾਜ਼ੀ ਅਤੇ ਮੁਸਲਮਾਨ ਰਾਜਨੀਤਿਕ ਨਾਲ ਰਚਾਇਆ ਗਿਆ। ਇਸ ਸੰਵਾਦ ਦੀ ਇੱਕ ਵੱਡੀ ਖੂਬੀ ਅਤੇ ਪ੍ਰਮਾਣਿਕਤਾ ਇਸ ਗੱਲ ਵਿੱਚ ਵੀ ਹੈ ਕਿ ਜਿਹੜੀਆਂ ਅਨੈਤਿਕ ਕਦਰਾਂ-ਕੀਮਤਾਂ ਜਾਂ ਬੇਤਰਤੀਬੀਆਂ ਨੂੰ ਰੱਦ ਕੀਤਾ ਗਿਆ ਉਸ ਦੇ ਬਰਾਬਰ ਰੱਦ ਕੀਤੇ ਦਾ ਬਦਲ ਵੀ ਪੁਰਜ਼ੋਰ ਆਵਾਜ਼ ਨਾਲ ਸਜਾਇਆ ਗਿਆ। ਇਸੇ ਕਾਰਨ ਕਰਕੇ ਨਾਨਕ ਬਾਣੀ ਦੀ ਵਿਦਰੋਹੀ ਸੁਰ ਇਸ ਸੰਵਾਦ ਦੀ ਮੁੱਖ ਸੁਰ ਸੁਣਾਈ ਦਿੰਦੀ ਹੈ। ਇਸ ਸੁਰ ਰਾਹੀਂ ਸਮਾਜਿਕ ਕਾਰਜਾ ਵਿਚ ਨਿਆਂਸ਼ੀਲਤਾਂ ਦਾ ਸੰਚਾਲਨ ਪ੍ਰਤੀਤ ਹੁੰਦਾ ਹੈ। ਭਾਰਤੀ ਅਤੇ ਸਾਮੀ ਚਿੰਤਨ ਦਾ ਬਾਣੀਕਾਰਾਂ ਨਾਲ ਸੰਵਾਦ ਵਿਚੋਂ ਜਿਹੜੀ ਮੁੱਖ ਸੁਰ ਉੱਭਰ ਕੇ ਸਾਹਮਣੇ ਆਉਂਦੀ ਹੈ ਉਹ ਮਨੁੱਖ ਨੂੰ ਸਮਾਜਿਕਤਾ, ਆਲੌਕਿਕਤਾ, ਭੌਤਿਕਤਤਾ ਜਾਂ ਪਰਾ-ਭੌਤਿਕਤਤਾ ਦੇ ਮਾਰਗ ਤੇ ਚਲਣ ਦਾ ਠੀਕ ਰਸਤਾ ਦਿਖਾਉਂਦੀ ਹੈ।

### ਹਵਾਲੇ ਟਿੱਪਣੀਆਂ

1 ਡਾ.ਰਤਨ ਸਿੰਘ ਜੱਗੀ, ਵਿਚਾਰਧਾਰਾ, ਪੰਨਾਂ 28.

2 ਡਾ. ਗੋਵਿੰਦ ਨਾਥ ਰਾਜ ਗੁਰੂ, ਗੋਸ਼ਟਿ ਗੁਰੂ ਮਿਹਰਵਾਨ, ਪੰਨਾ 126-27.

3 ਡਾ.ਦੀਵਾਨ ਸਿੰਘ,ਪੂਰਬੋਕਤ,ਪੰਨਾਂ 57.

4 Dr. Mohan Singh Diwana Says- Ghoshts are elaborate imaginary,psychological dialogues, between the saints and their followers or opponents, mostly anachronical and apocryphal."

History and Punjabi literature,second edition, p,50

5 ਡਾ. ਗੁਰਦੇਵ ਸਿੰਘ, ਪੰਜਾਬੀ ਸੂਫੀ- ਸਾਹਿਤ ਸੰਦਰਭ ਗ੍ਰੰਥ;1989, ਪੰਨਾ, 48.

6 ਡਾ. ਸੱਈਅਦ ਮੁਹੰਮਦ ਅਬੱਦੁਲਾ (ਮੁੱਖ ਸੰਪਾ.) : ਉਰਦੂ ਦਾਇਰਾ-ਏ- ਮੁਆਰਫ-

ਏ-ਇਸਲਾਮੀਆ; 1966, ਪੰਨਾ 667,(ਜਿਲਦ ਦੂਜੀ)

7 Islam is the way of life for mankind granted by god.It consist in totally committing on self to god and bringing one's will not complete harmony with god's will. Literally the word means both peaca and submission-submission not in any passive sense but as a positive act of committing oneself to live in peace with god and bringing one's god and dislikes and attitudes into harmony with the Divine Will" (T.B. Irving et al. : The Quran,Basic Teaching, 1992, p,250

8 ਗੁਰੂ ਗ੍ਰੰਥ ਸਾਹਿਬ, ਪੰਨਾ 141.

9 ਉਹੀ, ਪੰਨਾ, 141.

10 ਉਹੀ, ਪੰਨਾ, 141.

11 ਉਹੀ, ਪੰਨਾ, 1083.

12 ਉਹੀ, ਪੰਨਾ, 140.

13 ਉਹੀ, ਪੰਨਾ,1084.

14 ਉਹੀ, ਪੰਨਾ, 662

ਅਸਿਸਟੈਂਟ ਪ੍ਰੋਫੈਸਰ

ਅਰਜਨ ਦਾਸ ਕਾਲਜ , ਧਰਮਕੋਟ (ਮੋਗਾ)

ਮੋਬਾ. 99140 16242

69342